सत्यार्थप्रकाश दा पञ्जाबी अनुवाद।

ओमपरमात्मनेनमः।

ਸਤ੍ਯਾਰਥਪ੍ਰਕਾਸ਼

ਵੇਦਾਦੀ ਵਿਵਿਧ ਸਤ ਸ਼ਾਸਤ੍ਰਾਂ ਦੇ ਪ੍ਰਮਾਣਯੁਕਤ

ਕ੍ਰਿਤ

ਸ਼੍ਰੀਮਤਪਰਮਹੰਸ ਪਰਿਵ੍ਰਾਜਕਾਚਾਰਯ ਸ਼੍ਰੀ
ਸ੍ਵਾਮੀ ਦਯਾਨੰਦ ਸਰਸ੍ਵਤੀ ਜੀ ਮਹਾਰਾਜ।

ਜਿਸਦਾ

ਸ਼੍ਰੀਮਾਨ ਲਾਲਾ ਆਤਮਾਰਾਮ ਜੀ ਪੂਰਵ ਮੰਤ੍ਰੀ
ਜ਼ਥਾ ਉਪਦੇਸ਼ਕ ਸ੍ਰੀਮਤੀ ਆਰਯ ਪ੍ਰਤੀਨਿਧੀਸਭਾ ਪੰਜਾਬ ਨੇ
ਪੰਜਾਬੀ ਅਨੁਵਾਦ ਕੀਤਾ

ਅਰ

ਵੈਦਰਾਜ ਧਰਮਦੇਵ ਕਵਿਭੂਸ਼ਣ ਵੈਦਰਤਨ
ਮਾਲਿਕ ਆਯੁਰਵੈਦਿਕ ਰਾਜਿੰਦ੍ਰ ਔਸ਼ਧਾਲਯ ਗੁਮਟੀਬਾਜ਼ਾਰ
ਲਾਹੌਰ ਨੇ ਸ਼ੁੱਧ ਕੀਤਾ

ਅਤੇ

ਲਾਲਾ ਬੋਸਾਰਾਮ ਪੁਸਤਕਾਧਜ਼ਖਛ ਆਰਯ
ਸਮਾਜ ਲਾਹੌਰ ਵੱਛੋਵਾਲੀ ਨੇ

ਸੇਵਕ ਸਟੀਮ ਪ੍ਰੈਸ ਲਾਹੌਰ ਵਿਚ ਮਾਸ੍ਟਰ ਆਤਮਾਰਾਮ ਦੇ ਅਧਿਕਾਰ
ਵਿਚ ਛਪਵਾਕੇ ਪ੍ਰਕਾਸ਼ਿਤ ਕੀਤਾ।

ਦਯਾਨੰਦ ਸੰਵਤ ੩੦।

ਜੀਵਾਰ ੨੫੦੦] ਸੰਨ ੧੯੧੨ ਈਃ ਮੁੱਲ ੧॥)

ਨਿਵੇਦਨ।

ਏਹ ਪੁਸਤਕ ਪਹਿਲੇ ਸ਼੍ਰੀਮਾਨ ਮਾਸਟਰ ਆਤਮਾਰਾਮ ਜੀ ਪੂਰਵ ਮੰਤ੍ਰੀ ਆਰਯ ਪ੍ਰਤੀ ਨਿਧੀ ਸਭਾ ਪੰਜਾਬ ਲਾਹੌਰ ਵਰਤਮਾਨ ਇੰਨਸਪੈਕਟਰ ਆਫ਼ ਸਕੂਲਜ਼ ਬਰੋਦਾ ਸਟੇਟ ਨੇ ਆਰਯਭਾਸ਼ਾ ਤੋਂ ਗੁਰੁਮੁਖੀ ਵਿਚ ਉਲਥਾ ਕੀਤਾ ਸੀ ਅਰ ਉਸਨੂੰ ਛਪੇ ਹੋਏ ੧੪ ਬਰਸ ਬੀਤਚੁੱਕੇ ਹਨ। ਹੁਨ ਏਹ ਦੋ ਸਾਲਾਂ ਤੋਂ ਬਿਲਕੁਲ ਸਮਾਪਤ ਹੋ ਚੁਕਾ ਸੀ ਅਰ ਇਸਦੀ ਇਕ ਕਾਪੀ ਭੀ ਨਹੀਂ ਰਹੀ ਸੀ ਤਦ ਮੈਂ ਨੇ ਬੜੇ ਪਰਿਸ਼੍ਰਮ ਨਾਲ ਅਨੁਵਾਦਕ ਤਥਾ ਪ੍ਰਕਾਸ਼ਕ ਤੋਂ ਏਸਦਾ ਕਾਪੀਰਾਈਟ (ਛਪਾਉਨ ਦਾ ਅਧਿਕਾਰ) ਲੀਤਾ ਤਾਂ ਪੰਡਿਤਾਂ ਦੇ ਦਿਖਾਉਨ ਤੇ ਪਤਾ ਲੱਗਾ ਕਿ ਇਸ ਵਿੱਚ ਬਹੁਤ ਸਾਰੀਆਂ ਗ਼ਲਤੀਆਂ ਹਨ ਏਥੋਂ ਤਕ ਕਿ ਕਈ ਜਗਹ ਪੰਗਤੀਆਂ ਭੀ ਰਹ ਗਈਆਂ ਹਨ ਅਰ ਹੋਰ ਇਹ ਕਿ ਸ਼ਲੋਕ ਭੀ ਸਾਰੇ ਦੇਵਨਾਗਰੀ ਅਖਛਰਾਂ ਵਿਚ ਛਪੇ ਹਨ ਜਿਸਦਾ ਕਿ ਗੁਰੁਮੁਖੀ ਜਾਨਨ ਵਾਲੇਆਂ ਨੂੰ ਕੁਝ ਭੀ ਲਾਭ ਨਹੀਂ। ਤਦ ਮੈਂ ਨੇ ਇਹ ਨਿਸ਼ਚਾ ਕੀਤਾ ਕਿ ਇਸ ਪੁਸਤਕ ਨੂੰ ਆਰੰਭ ਤੋਂ ਅੱਤ ਤਕ ਸ਼ੁੱਧ ਕਰਾਯਾ ਜਾਵੇ ਫੇਰ ਪੰਡਿਤ ਦੀ ਖ਼ੋਜ ਕਰਨ ਲੱਗਾ। ਅੰਤ ਵਿਚ ਇਹ ਖਿਆਲ ਆਇਆ ਕਿ ਵੈਦਰਾਜ ਪੰਡਿਤ ਧਰਮਦੇਵ ਕਵਿਭੂਸ਼ਣ ਵੈਦਰਤਨ ਲਾਹੌਰ ਤੋਂ ਉੱਤਮ ਪੰਡਿਤ ਕਿਹੜਾ ਮਿਲ ਸਕਦਾ ਹੈ ਕਿਉਂਕਿ ਪੰਡਿਤ ਜੀ ਆਰਯ ਸਿੱਧਾਂਤਾਂ ਦੇ ਭੀ ਜਾਨਕਾਰ ਹਨ ਹੀ ਕਿਉਂ ਜੋ ਆਰਯ ਪ੍ਰਤੀਨਿਧੀ ਸਭਾ ਦੇ ਕਈ ਬਰਸ ਤਕ ਉਪਦੇਸ਼ਕ ਰਹ ਚੁਕੇ ਹਨ ਬਲਕਿ ਉਨਹਾਂ ਦੀ ਪੰਜਾਬੀ ਜ਼ਬਾਨ ਅਰ ਗੁਰੁਮੁਖੀ ਦੀ ਯੋਗਜਤਾ ਭੀ ਸਲਾਹਨ ਯੋਗ ਹੈ ਏਹ ਵਿਚਾਰਕੇ ਉਨਹਾਂ ਅਗੇ ਪ੍ਰਾਰਥਨਾ ਕਰਨ ਨਾਲ ਉਨਹਾਂ ਨੇ ਸ੍ਵੀਕਾਰ ਕੀਤਾ ਅਰ ਬੜੇ ਪਰਿਸ਼੍ਰਮ ਅਰ ਕੋਸ਼ਸ਼ ਨਾਲ ਬਰਾਬਰ ਇੱਕ ਸਾਲ ਤਕ ਪੁਸਤਕ ਨੂੰ ਮੁੜਕੇ ਅਸਲ ਨਾਲ ਮਿਲਾਕੇ ਸ਼ੋਧਨੇ ਅਰ ਛਪਾਨੇ ਦਾ ਯਤਨ ਕੀਤਾਹੈ ਅਰ ਸਭਨਾਂ ਸ਼ਲੋਕਾਂ ਨੂੰ ਗੁਰੁਮੁਖੀ ਵਿਚ ਕਰਦਿਤਾਹੈ ਤਾਕਿ ਪਾਠਕਾਂ ਨੂੰ ਪੜ੍ਹਨ ਦਾ ਕਸ਼ਟ ਨਾ ਹੋਵੇ। ਉਨਹਾਂ ਦੀ ਇਸ ਕੜੀ ਮੇਹਨਤ ਦਾ ਫਲ ਅੱਜ ਤੁਹਾਡੇ ਸਾਮਨੇ ਭੇਟ ਕੀਤਾ ਜਾਂਦਾ ਹੈ। ਇਸ ਦੇ ਲਈ ਪੰਡਿਤ ਧਰਮਦੇਵ ਜੀ ਦਾ ਜਿੰਨਾ ਧੰਨਵਾਦ ਕੀਤਾ ਜਾਵੇ ਉੱਨਾ ਹੀ ਥੋੜਾ ਹੈ। ਜੇਕਰ ਆਪ ਲੋਗਾਂ ਨੇ ਇਸ ਕੰਮ ਦੀ ਕਦਰ ਕੀਤੀ ਅਰ ਕਿਤਾਬ ਬਿਕ੍ਰੀ ਕਰਾਉਨ ਵਿਚ ਸਹਾਇਤਾ ਦਿੱਤੀ ਤਾਂ ਮੈਂ ਸਮਝਾਂ ਗਾ ਸਾਡਾ ਪਰਿਸ਼੍ਰਮ ਸਫ਼ਲ ਹੋਇਆ। ਓਮ ਸ਼ਮ।

ਵੈਦਿਕ ਧਰਮ ਦਾ ਸੇਵਕ

ਬੋਸਾਰਾਮ

ਪੁਸਤਕਾਧਯਖ਼ਛ ਆਰਯਸਮਾਜ
ਲਾਹੌਰ (ਵੱਛੋਵਾਲੀ)

ਲਾਹੌਰ
੨੩ ਨਵੰਬਰ ੧੯੧੨

दयानन्द सरस्वती
(जिला उदयपुर)

ओ३म्

सत्यमेव जयते नानृतम् ।



आर्य्यसमाजस्य प्रवर्त्तको दयानन्दर्षिः

The I. A. School, Calcutta.

ਓਮ ਪਰਮਾਤਮਨੇ ਨਮਃ।

ਸਤ੍ਯਾਰਥਪ੍ਰਕਾਸ਼ ਦਾ ਸੂਚੀਪਤ੍ਰ।

ਵਿਸ਼ਯ	ਸਫਾ
ਭੂਮਿਕਾ	੧
ਪਹਿਲਾ ਸਮੁੱਲਾਸ।	
ਈਸ਼੍ਵਰ ਦੇ ਨਾਮ ਦੀ ਵਿਆਖਿਆ	੧
ਮੰਗਲਾਚਰਣ ਸਮੀਖਛਾ	੨੨
ਦੂਸਰਾ ਸਮੁੱਲਾਸ।	
ਬਾਲਕਾਂ ਦੀ ਸ਼ਿਖਛਾ	੨੫
ਭੂਤ ਪ੍ਰੇਤਾਦਿ ਨਿਸ਼ੇਧ	੨੯
ਜਨਮਪਤ੍ਰ ਸੂਰਯਾਦਿਗ੍ਰਹਸਮੀਖਛਾ	੨੯
ਤੀਜਾ ਸਮੁੱਲਾਸ।	
ਪੜ੍ਹਨਪੜ੍ਹਾਨ ਦਾ ਵਿਸ਼ਯ	੩੯
ਗੁਰੁਮੰਤ੍ਰ ਵਿਆਖਿਆ	੩੯
ਪ੍ਰਾਣਾਯਾਮ ਸਿਖਛਾ	੩੯
ਸੰਧਿਆਅਗਨੀਹੋਤ੍ਰ ਉਪ੍ਦੇਸ਼	੪੦
ਯੱਗਪਾਤ੍ਰਾਂ ਦੀ ਸ਼ਕਲ	੪੧
ਹੋਮਫਲ ਦਾ ਨਿਰਣਯ	੪੨
ਜਨੇਊ ਸਮੀਖਛਾ	੪੩
ਬ੍ਰਹਮਚਰਯ ਉਪਦੇਸ਼	੪੪
ਬ੍ਰਹਮਚਰਯ ਕ੍ਰਿਤਜ੍ਞਵਰਣਨ	੪੫
ਪੰਜਪ੍ਰਕਾਰ ਦੀ ਪਰੀਖਛਾ ਕਰਕੇ ਪੜ੍ਹਾਨਾ	੫੪
ਪੜ੍ਹਨੇ ਪੜ੍ਹਾਨੇ ਦੀ ਵਿਸ਼ੇਸ਼ਵਿਧੀ	੬੭
ਗ੍ਰੀਬਪ੍ਰਮਾਣ ਅਪ੍ਰਮਾਣ ਵਿਸ਼ਯ	੭੨

ਵਿਸ਼ਯ	ਸਫਾ
ਇਸਤ੍ਰੀ ਸ਼ੂਦ੍ ਪੜ੍ਹਾਨ ਦੀ ਵਿਧੀ	੭੬
ਚੌਥਾ ਸਮੁੱਲਾਸ।	
ਸਮਾਵਰਤਨ ਵਿਸ਼ਯ	੮੧
ਦੂਰਦੇਸ਼ ਵਿਚ ਵਿਆਹ ਕਰਨਾ	੮੨
ਵਿਆਹ ਇਸਤ੍ਰੀ ਪੁਰੁਸ਼ ਪਰੀਖਛਾ	੮੩
ਛੋਟੀ ਉਮਰ ਦਾ ਵਿਆਹਨਿਸ਼ੇਧ	੮੫
ਗੁਣਕਰਮਾਨੁਸਾਰਵਰਣਵਿਵਸਥਾ	੯੧
ਵਿਆਹ ਦੇ ਲਖਛਣ	੯੯
ਇਸਤ੍ਰੀ ਪੁਰੁਸ਼ ਦਾ ਵ੍ਯਵਹਾਰ	੧੦੧
ਪੰਜਮਹਾਯੱਗ	੧੦੭
ਪਾਖੰਡੀਆਂ ਦਾ ਅਨਾਦਰ	੧੧੪
ਸਵੇਰੇ ਉਠਨਾ ਧਰਮ ਕਰਮ	੧੧੬
ਪਾਖੰਡੀਆਂ ਦੇ ਲਖਛਣ	੧੧੮
ਗ੍ਰਿਹਸਥਧਰਮ	੧੧੯
ਪੰਡਿਤ ਲਖਛਣ	੧੨੨
ਮੂਰਖਲਖਛਣ	੧੨੩
ਵਿਦਿਆਰਥੀ ਕਰਮ ਵਰਣਨ	੧੨੪
ਪੁਨਰਵਿਵਾਹ ਨਿਯੋਗ ਵਿਸ਼ਯ	੧੨੬
ਗ੍ਰਿਹਸਥ ਦੀ ਉੱਤਮਤਾ	੧੪੦
ਪੰਜਵਾਂ ਸਮੁੱਲਾਸ।	
ਬਾਨਪ੍ਰਸਥਾਸ਼੍ਰਮ ਵਿਧੀ	੧੪੨
ਸੰਨ੍ਯਾਸਾਸ਼੍ਰਮ ਵਿਧੀ	੧੪੪

ਵਿਸ਼ਯ　　ਸਫਾ

ਛਠਾ ਸਮੁੱਲਾਸ।

ਰਾਜਧਰਮ ਵਿਸ਼ਯ ੧੬੦
ਤਿੰਨਾਂ ਸਭਾ ਦਾ ਵਰਣਨ ੧੬੦
ਰਾਜ ਦੇ ਲਖਛਣ ੧੬੩
ਦੰਡ ਦੀ ਵਿਆਖਿਆ ੧੬੪
ਰਾਜਕਰਤਵ੍ਯ ੧੬੫
ਅਠਾਰਾਂ ਠਰਕ ਨਿਸ਼ੇਧ ੧੬੭
ਮੰਤ੍ਰੀਦੂਤਾਦਿਰਾਜਪੁਰੁਸ਼ਾਂਦੇ ਲ੦ ੧੬੯
ਮੰਤ੍ਰੀਆਦੀਦਾ ਚੰਗੇ ਕੰਮ ਲਾਨਾ ੧੭੦
ਕਿਲੇ ਥਨਾਨ ਦੀ ਵਿਆਖਿਆ ੧੭੧
ਯੱਧ ਕਰਨੇ ਦਾ ਢੰਗ ੧੭੩
ਰਾਜ ਪ੍ਰਜਾਰਖਛਣ ਵਿਧੀ ੧੭੫
ਗਾਉਂਦੇ ਅਧਿਪਤਿ ਆਦਿਵਰਣ ੧੭੭
ਕਰ ਗ੍ਰਹਣ ਪ੍ਰਕਾਰ ੧੭੯
ਸਲਾਹ ਕਰਨ ਦਾ ਪ੍ਰਕਾਰ ੧੮੦
ਆਸਨ ਆਦੀ ਛ: ਗੁਣਾਂ ਦੀ ਵਿਆਖਿਆ ੧੮੧
ਰਾਜਾ ਦੇ ਮਿਤ੍ਰ ਉਦਾਸੀਨ ਸ਼ਤ੍ਰੁਆਂ ਵਿਚ ਵਰਤਾਵ, ਦੁਸ਼ਮੰਨ ਨਾਲ ਲੜਾਈ ਕਰਨ ਦਾ ਪ੍ਰਕਾਰ ੧੮੪
ਵ੍ਯਾਪਾਰਾਦੀ ਰਾਜਭਾਗ ਕਥਨ ੧੮੮
ਅਠਾਰਾਂ ਵਿਵਾਦ ਦੇ ਰਸਤੇ ਵਿਚ ਧਰਮਸੇ ਨਿਆਯਕਰਨਾ ੧੮੦
ਗੁਆਹ ਕਰਤਵ੍ਯ ਉਪਦੇਸ਼ ੧੮੨
ਝੂਠੀ ਗੁਆਹੀ ਦਾ ਦੰਡ ੧੮੩
ਚੋਰਆਦੀ ਨੂੰ ਦੰਡਾਦੀ ਵਿਆ੦ ੧੮੪

ਸਤਵਾਂ ਸਮੁੱਲਾਸ।

ਈਸ਼੍ਵਰ ਵਿਸ਼ਯ ੨੦੧
ਈਸ਼੍ਵਰ ਵਿਸ਼ਯਤੇ ਪ੍ਰਸ਼ਨਉੱਤਰ ੨੦੬
ਈਸ਼੍ਵਰ ਉਸਤਤੀ ਪ੍ਰਾਰਥਨਾ ਉਪਾਸਨਾ ੨੦੮
ਈਸ਼੍ਵਰ ਦੇ ਗਿਆਨ ਦੀ ਵਿਧੀ ੨੧੫
ਈਸ਼੍ਵਰ ਦੀ ਹਸਤੀ ੨੧੭
ਈਸ਼੍ਵਰ ਦੇ ਅਵਤਾਰ ਨਿਸ਼ੇਧ ੨੧੮
ਜੀਵ ਦੀ ਸ੍ਵਤੰਤ੍ਰਤਾ ਗੁਣ ਕਰਮ ਸ੍ਵਭਾਵ ੨੨੦
ਜੀਵ ਅਰਈਸ਼੍ਵਰ ਦਾ ਭੇਦ ਵਰ: ੨੨੪
ਈਸ਼੍ਵਰਦਾ ਸਗੁਣ ਨਿਰਗੁਣ ਕ: ੨੩੨
ਵੇਦਵਿਸ਼ਯ ਵਿਚਾਰ ੨੩੩

ਅੱਠਵਾਂ ਸਮੁੱਲਾਸ।

ਸ੍ਰਿਸ਼ਟੀ ਉਤਪੱਤੀ ਆਦਿਵਿਸ਼ਯ ੨੪੧
ਈਸ਼੍ਵਰ ਤੋਂ ਭਿੰਨ ਪ੍ਰਕ੍ਰਿਤੀ ਦਾ ਉਪਾਦਾਨ ਕਾਰਣ ੨੪੧
ਸ੍ਰਿਸ਼ਟੀ ਦੇ ਨਾਸਤਿਕ ਦਾਖੰਡਨ ੨੫੨
ਮਨੁੱਸ਼ਾਂ ਦਾ ਆਦਿ ਸ੍ਰਿਸ਼ਟੀ ਵਿਚ ਸਥਾਨਆਦਿਦਾਨਿਰਣਯ ੨੬੨
ਆਰਯ, ਮਲੇਛ ਆਦਿ ਵਿਆ: ੨੬੫
ਈਸ਼੍ਵਰ ਦਾ ਜਗਦਾਧਾਰ ਹੋਨਾ ੨੬੭

ਨਵਾਂ ਸਮੁੱਲਾਸ।

ਵਿਦਿਆ ਅਵਿਦਿਆ ਵਿਸ਼ਯ ੨੭੪
ਬੰਧਮੋਖਛ ਵਿਸ਼ਯ ੨੭੯

ਦਸਵਾਂ ਸਮੁੱਲਾਸ।

ਆਚਾਰ ਅਨਾਚਾਰ ਵਿਸ਼ਯ ੩੦੫
ਭਖਛਅਭਖਛਨ ਵਿਸ਼ਯ ੩੧੬

ਪੂਰਵਾਰਧ ਸਮਾਪਤ ਹੋਇਆ

ਉੱਤਰਾਰਧः।

ਵਿਸ਼ਯ	ਸਫਾ

ਯਾਰਵਾਂ ਸਮੁੱਲਾਸ ।

ਅਨੁਭੂਮਿਕਾ	੩੨੪
ਆਰਯਾਵਰਤਦੇਸ਼ਦੇ ਮਤਪਤਾਤਰਾਂ ਦਾ ਖੰਡਨ ਵਿਸ਼ਯ	੩੨੬
ਮੰਤ੍ਰਾਂ ਦੀ ਸਿੱਧੀ ਖੰਡਨ	੩੨੯
ਵਾਮਮਾਰਗ ਖੰਡਨ	੩੩੫
ਅਦ੍ਵੈਤਵਾਦ ਸਮੀਖਛਾ	੩੪੨
ਭਸਮਰੁਦ੍ਰਾਖਛਤਿਲਕਾਦਿਖੰਡਨ	੩੫੬
ਵੈਸ਼ਨਵਮਤ ਸਮੀਖਛਾ	੩੬੧
ਮਰੜੀਪੂਜਾ ਸਮੀਖਛਾ	੩੬੬
ਪੰਚਾਯਤਨਪੂਜਾ ਸਮੀਖਛਾ	੩੭੭
ਗਯਾਸ੍ਰਾੱਧ ਸਮੀਖਛਾ	੩੮੦
ਜਗੱਨਾਥ ਤੀਰਥ ਸਮੀਖਛਾ	੩੮੧
ਰਾਮੇਸ਼੍ਵਰ ਸਮੀਖਛਾ	੩੮੨
ਕਾਲਿਯਾਕੰਤ ਸੋਮਨਾਥਾਦਿ ਸਃ	੩੮੪
ਦ੍ਵਾਰਕਾ ਜ੍ਵਾਲਾਮਖੀਸਮੀਖਛਾ	੩੮੬
ਹਰਦ੍ਵਾਰ ਬਦ੍ਰੀਨਾਰਾਯਣਾਦਿ ਸਮੀਖਛਾ	੩੮੭
ਗੀਗਾ ਸਨਾਨ ਸਮੀਖਛਾ	੩੮੭
ਨਾਮਸਮਰਣ ਤੀਰਥ ਸ਼ਬਦ ਦੀ ਵਿਆਖਿਆ	੩੯੧
ਗੁਰੂਮਹਾਤਮ ਸਮੀਖਛਾ	੩੯੩
ਅਠਾਰਾਂ ਪੁਰਾਣ ਸਮੀਖਛਾ	੩੯੪
ਸ਼ਿਵ ਪੁਰਾਣ ਸਮੀਖਛਾ	੩੯੬

ਵਿਸ਼ਯ	ਸਫਾ
ਭਾਗਵਤ ਸਮੀਖਛਾ	੩੯੮
ਸੂਰਯਾਦੀ ਗ੍ਰਹਪੂਜਾ ਸਮੀਖਛਾ	੪੦੬
ਊਰਧ੍ਵਦੇਹ ਦੇ ਦਾਨਾਦੀਸਮੀਖਛਾ	੪੦੯
ਏਕਾਦਸ਼ੀਬ੍ਰਤਦਾਨਾਦੀਸਮੀਖਛਾ	੪੧੫
ਮਾਰਨ ਮੋਹਨੋਚਾਟਨ ਵਾਮਮਾਰਗ ਸਮੀਖਛਾ	੪੨੧
ਸ਼ੈਵਮਤ ਸਮੀਖਛਾ	੪੨੩
ਸ਼ਾਕਤ ਵੈਸ਼ਨਵਮਤ ਸਮੀਖਛਾ	੪੨੩
ਕਬੀਰਪੰਥ ਸਮੀਖਛਾ	੪੨੯
ਨਾਨਕਪੰਥ ਸਮੀਖਛਾ	੪੩੦
ਦਾਦੂ ਰਾਮਸਨੇਹੀ ਆਦੀ ਪੰਥ ਸਮੀਖਛਾ	੪੩੪
ਗੋਕਲੀਯਗੋਸ੍ਵਾਮੀਮਤ ਸਮੀਖਛਾ	੪੩੮
ਸ੍ਵਾਮੀਨਾਰਾਯਣ ਮਤ ਸਮੀਖਛਾ	੪੪੭
ਮਾਧਵ, ਲਿੰਗਾਂਕਿਤ, ਬ੍ਰਾਹਮ, ਸਮਾਜਾਦੀ ਸਮੀਖਛਾ	੪੫੩
ਤੰਤ੍ਰਾਦੀ ਵਿਸ਼ਯਦੇ ਪ੍ਰਸ਼ਨਉੱਤਰ	੪੬੨
ਬ੍ਰਹਮਚਾਰੀ ਸੰਨਜਾਸੀ ਸਮੀਖਛਾ	੪੬੯
ਆਰਯਾਵਰਤੀਯ ਰਾਜਵੰਸ਼ਾਵਲੀ	੪੭੫

ਬਾਰਵਾਂ ਸਮੁੱਲਾਸ ।

ਅਨੁਭੂਮਿਕਾ	੪੮੦
ਨਾਸਤਿਕਮਤਸਮੀਖਛਾ	੪੮੨
ਚਾਰਵਾਕਮਤਸਮੀਖਛਾ	੪੮੨
ਚਾਰਵਾਕਆਦੀ ਨਾਸਤਿਕ ਭੇਦ	੪੮੦

ਵਿਸ਼ਯ	ਸਫ਼ਾ
ਬੌੱਧ ਸੌਗਤਮਤ ਸਮੀਖਛਾ	੪੯੫
ਸਪਤਭੰਗੀ ਸਯਾਦਵਾਦੀ	੪੯੯
ਜੈਨ ਬੌੱਧ ਦਾ ਇੱਕ ਹੋਨਾ	੫੦੧
ਆਸਤਿਕ ਨਾਸਤਿਕ ਸੰਵਾਦ	੫੦੬
ਜਗਤਦੇ ਅਨਾਦੀਪਨਦੀ ਸਃ	੫੧੦
ਜੈਨ ਮਤ ਵਿਚ ਪ੍ਰਿਥਿਵੀ ਦਾ ਪਰਿਮਾਣ	੫੧੧
ਜੀਵ ਤੋਂ ਭਿੰਨ ਜੜ੍ਹ ਪੁਦਗਲਾਂ ਦਾ ਪਾਪ ਵਿਚ ਪ੍ਰਯੋਜਨ	੫੧੨
ਜੈਨਧਰਮ ਪ੍ਰਸ਼ੰਸਾਦੀ ਸਮੀਖਛਾ	੫੧੬
ਜੈਨਮਤ ਮੁਕਤੀ ਸਮੀਖਛਾ	੫੪੧
ਜੈਨਸਾਧੂਲਖਛਣ ਸਮੀਖਛਾ	੫੪੪
ਜੈਨ ਤੀਰਥੰਕਰ(੨੪)ਵਰ੍ਯਾਖ੍ਯਾ	੫੫੨
ਜੈਨਮਤ ਵਿਚ ਜੰਬੂਦੀਪ ਆਦਿ ਵਰ੍ਯਾਖ੍ਯਾ	੫੫੫

ਤੇਰਵਾਂ ਸਮੁੱਲਾਸ।

ਅਨੁਭੂਮਿਕਾ	੫੬੩
ਈਸਾਈ ਮਤ ਸਮੀਖਛਾ	੫੬੫
ਤੌਰੇਤ ਯਾਤ੍ਰਾਦੀ ਪੁਸਤਕ	੫੮੫
ਲਯ ਵਿਵਸਥਾ ਪੁਸਤਕ	੫੮੦
ਗਣਨਾ ਪੁਸਤਕ	੫੮੩
ਸਮੁਏਲ ਦੂਜੀ ਪੁਸਤਕ	੫੮੩
ਰਾਜਾ ਦੀ ਪੁਸਤਕ	੫੮੪
ਕਾਲਬ੍ਰਿੱਤ ਦੀ ਪਹਲੀ ਪੁਸਤਕ	੫੮੪
ਏਯੂਬ ਦੀ ਪੁਸਤਕ	੫੮੫
ਉਪਦੇਸ਼ ਦੀ ਪੁਸਤਕ	੫੮੬
ਮੱਤੀ ਰਚਿਤ ਇੰਜੀਲ	੫੮੬
ਮਾਰਕ ਰਚਿਤ ਇੰਜੀਲ	੬੧੪
ਲੂਕ ਰਚਿਤ ਇੰਜੀਲ	੬੧੪
ਯੋਹਨ ਰਚਿਤ ਸੁਸਮਾਚਾਰ	੬੧੫
ਯੋਹਨ ਪ੍ਰਕਾਸ਼ਿਤ ਵਾਕਯ	੬੧੭

ਚੌਦਵਾਂ ਸਮੁੱਲਾਸ।

ਅਨੁਭੂਮਿਕਾ	੬੩੧
ਮੁਸਲਮਾਨਾਂ ਦੇ ਕੁਰਾਨ ਦੀ ਸਮੀਖਛਾ	੬੩੩
ਸ੍ਵਮੰਤਵ੍ਯਾਮੰਤਵ੍ਯ ਵਿਸ਼ਯ	੭੧੧

ਚੱਤਰਾਧ ਸਮਾਪਤ ਹੋਇਆ।

——:o:——

ओ३म्
दयानन्द मठ, दीनानगर
(ज़िला गुरदासपुर)

ओ३म् सच्चिदानंदेश्वराय नमो नमः।

भूमिका

जिस वेले मैने एह ग्रंथ "सत्यार्थ प्रकाश" बणाइआ सी ओस वेले अर ओस तों पहिले संसक्रित विच गॱल बात करने, पठन पाठन विच संसक्रित ही बोलणे अर जनम भूमी दी भाशा गुजराती होण दे कारण मैनूं एस भाशा दा चंगी तरां नाल गिआन ना सी, एस कारण भाशा अशुध बन गई सी। हुण भाशा बोलण अते लिखण दा अभिआस हो गिआ है। एस लई एस ग्रंथ दी भाशा विआकरण दे अनुसार शुध करके दूजी वार छपवाइआ है। किते किते शबद वाक रचना दा भेद होइआ है, सो करना उचित सी, किउंकि एसदे भेद कीते बिना भाशा दी परिपाटी सुधरनी औखी सी, परंतु अरथ दा भेद नहीं कीता गिआ, प्रतज्ञत विशेश तां लिखिआ गिआ है, हां जो पहिले छापे विच किते किते भुल रही सी उह कढके शुध कर ठीक कर दिॱती गई है॥

इह ग्रंथ चौदां (१४) समॱलास अरथात चौदां भागां विच रचिआ गिआ है, एस विच दस समॱलास पूरवारध अर चार उॱतरारध विॱच बणे हन, परंतु अंत दे दो समॱलास अर पशचात अपने सिॱधांत किसे कारण करके पूथम नहीं छप सके सन, हुण ओह भी छपवा दिते हन॥

(१) पहिले समॱलास विच ईशूर दे ओंकार आदीनामां दी विआखिआ॥

(२) दूजे समुॱलास विॱच मैंताानां दी सिखिआ ॥
(३) तीजे समुॱलास विॱच ब्रूहमचरय, पठन पाठन विवसथा, सत असत ग्रीथां दे नाउुं अर पड़न दी रीती ॥
(४) चौथे समुॱलास विॱच विआह अर ग्रिहसथ आशूम दा विवहार॥
(५) पंजवें समुॱलास विॱच बानप्रसथ अर सैंनिआस आशूमदी विधी।
(६) छीवें समुॱलास विॱच राज धरम ॥
(७) सतवें समुॱलास विॱच वेद अर ईशूर दा विशय ॥
(८) अॱठवें समुॱलास विॱच जगत दी उुतपॱती, सथिती अर प्रलय ।
(९) नौवें समुॱलास विॱच विदिआ, अविदिआ बंध, अर मुकती दी विआखिआ ॥
(१०) दसवें समुॱलास विॱच आचार,अनाचार,अर भखछ,अभखछ विशय॥
(११) यारवें समुॱलास विॱच आरयावरत दे मत मतांतरां दा खंडन मंडन विशय ॥
(१२) बाहरवें समुॱलास विच चारवाक, बौध, अर जैन मतदा विशय ॥
(१३) तेरवें समुॱलास विॱच ईसाई मत दा विशय ॥
(१४) चौदवें समुॱलास विॱच मुसलमानां दे मत दा विशय ॥

अर चौदां समुॱलासां दे अंत विॱच आरयां दे सनातन वेद विॱच कथन कीते होऐ मत दी विशेश विआखिआ लिखी है जिसनूं मैं बी यथावत मंनदा हां ॥

मेरा ऐस ग्रीथ दे बणाउुन दा मुख प्रयोजन सत सत अरथ दा प्रकाश करना है अरथात जो सत है उुसनूं सत अर जो मिथिआ है उुसनूं मिथिआ ही प्रतीपादन करना सत अरथ दा प्रकाश समझिआ है, ओह सत नहीं कहाउुंदा जो सत दी थां असत, अर असत दी थां सत दा प्रकाश कीता जावे, किंतू जो पदारथ जेहा है ओसनूं तेहा ही कहिना लिखना अर मंनणा सत कहांउुदा है, जो मनुॱश पखछपाती हुंदा है ओह अपणे असत नूं भी सत, अर दूजे विरोधी मत वाले दे सत नूं बी असॱत सिॱध करन विच प्रविरत हुंदा है, ऐस लई ओह सत मत नूं प्रापत नहीं होसकदा, ऐसलई विदवान आपत पुरशां दा ऐही मुख कंम है, कि उुपदेश वा लेख दुआरा सभ मनुशां दे सामणे सत असत दा सरूप समरपत कर देन, पिछों ओह आपे आपणा हित अहित समझके सतआरथ दा गरहण, अर मिथिआ अरथ दा तिआग करके सदा आनंद विॱच रहन ॥

ਮਨੁਸ਼ ਦਾ ਆਤਮਾ ਸਤ ਅਸਤ ਦਾ ਜਾਨਣ ਵਾਲਾ ਹੈ, ਤਥਾਪੀ ਅਪਨੇ ਪ੍ਰਯੋਜਨ ਦੀ ਸਿੱਧੀ,ਹਠ ਦੁਰਾਗ੍ਰਹ, ਅਰ ਅਵਿਦਿਆ ਆਦੀ ਦੋਸ਼ਾਂ ਕਰਕੇ ਸਤ ਨੂੰ ਛਡ ਅਸਤ ਵਿਚ ਝੁਕ ਜਾਂਦਾ ਹੈ, ਪ੍ਰੰਤੂ ਏਸ ਗ੍ਰੰਥ ਵਿਚ ਅਜੇਹੀ ਬਾਤ ਨਹੀਂ ਰਖੀ ਅਰ ਨਾ ਕਿਸੇ ਦਾ ਮਨ ਦੁਖਾਣਾ ਵਾ ਕਿਸੇ ਦੀ ਹਾਨੀ ਕਰਨਾ ਤਾਤਪਰਯ ਹੈ, ਕਿੰਤੂ ਜਿਸ ਕਰਕੇ ਮਨੁਸ਼ ਜਾਤੀ ਦੀ ਉੱਨਤੀ ਅਰ ਉਪਕਾਰ ਹੋਵੇ, ਸਤ ਅਸਤ ਨੂੰ ਸਬ ਲੋਕ ਜਾਣਕੇ ਸਤ ਦਾ ਗ੍ਰਹਣ ਅਰ ਅਸਤ ਦਾ ਤਿਆਗ ਕਰਨ, ਕਿਉਂਕਿ ਸਤ ਉਪਦੇਸ਼ ਦੇ ਬਿਨਾ ਹੋਰ ਕੋਈ ਬੀ ਮਨੁਸ਼ਜਾਤੀ ਦੀ ਉਨਤੀ ਦਾ ਕਾਰਣ ਨਹੀਂ ਹੈ॥

ਏਸ ਗ੍ਰੰਥ ਵਿੱਚ ਜੋ ਕਿਦੇ ਕਿਦੇ ਭੁਲ ਚੁਕ ਨਾਲ ਅਥਵਾ ਸੋਧਨ ਤਥਾ ਛਾਪਣ ਵਿਚ ਭੁਲ ਚੁਕ ਰਹ ਜਾਏ ਉਸਨੂੰ ਜਾਣਨੇ ਜਨਾਨੇ ਤੇ ਜਿਸ ਤਰਾਂ ਓਹ ਸਤ ਹੋਵੇਗਾ ਉਸੇ ਤਰ੍ਹਾਂ ਹੀ ਕਰ ਦਿੱਤਾ ਜਾਵੇਗਾ,ਅਰ ਜੋ ਕੋਈ ਪਖਛਪਾਤ ਨਾਲ ਉਲ਼ਟੀ ਸ਼ੰਕਾ ਵਾ ਖੰਡਨ ਮੰਡਨ ਕਰੇਗਾ ਉਸ ਉਤੇ ਧਿਆਨ ਨਾ ਦਿੱਤਾ ਜਾਵੇਗਾ, ਹਾਂ ਜੋ ਓਹ ਮਨੁਸ਼ਮਾਤ੍ਰ ਦਾ ਹਿਤੈਸ਼ੀ ਹੋਕੇ ਕੁਝ ਜਣਾਵੇਗਾ ਉਸਨੂੰ ਸਤ ਸਤ ਸਮਝਨੇ ਪਰ ਉਸਦਾ ਮਤ ਗ੍ਰਹਣ ਕੀਤਾ ਜਾਵੇਗਾ, ਯਦਪੀ ਅਜ ਕਲ ਬਹੁਤ ਸਾਰੇ ਵਿਦਵਾਨ ਹਰਇਕ ਮਤ ਵਿਚ ਹਨ ਓਹ ਪਖਛਪਾਤ ਛਡ ਸਰਵਤੰਤ੍ਰ ਸਿੱਧਾਂਤ ਅਰਥਾਤ ਜੋ ਜੋ ਬਾਤਾਂ ਸਬ ਦੇ ਅਨੁਕੂਲ ਸਭ ਵਿਚ ਸਤ ਹਨ ਉਨਾਂ ਦਾ ਗ੍ਰਹਣ, ਅਰ ਜੋ ਇਕ ਦੂਜੇ ਥੀਂ ਵਿਰੁਧ ਬਾਤਾਂ ਹਨ,ਉਨ੍ਹਾਂ ਦਾ ਤਿਆਗ ਕਰ ਇਕ ਦੂਜੇ ਨਾਲ ਪ੍ਰੀਤ ਨਾਲ ਵਰਤਨ ਵਰਤਾਨ ਤਾਂ ਜਗਤ ਦਾ ਪੂਰਣ ਹਿਤ ਹੋਵੇ, ਕਿਉਂਕਿ ਵਿਦਵਾਨਾਂ ਦੇ ਵਿਰੋਧ ਥੀਂ ਅਵਿਦਵਾਨਾਂ ਵਿਚ ਵਿਰੋਧ ਵਧਕੇ ਅਨੇਕ ਪ੍ਰਕਾਰ ਦੁੱਖਦੀ ਬ੍ਰਿਧੀ ਅਰ ਸੁਖ ਦੀ ਹਾਨੀ ਹੁੰਦੀ ਹੈ, ਏਸ ਹਾਨੀ ਨੇ ਜੋ ਕਿ ਸ੍ਵਾਰਥੀ ਮਨੁਸ਼ਾਂ ਨੂੰ ਪਿਆਰੀ ਹੈ ਸਭ ਮਨੁਸ਼ਾਂ ਨੂੰ ਦੁੱਖ ਸਾਗਰ ਵਿਚ ਡੁਬਾ ਦਿੱਤਾ ਹੈ, ਇਨਾਂ ਵਿਚੋਂ ਜੇਹੜਾ ਸਰਵ ਜਨਕ ਹਿਤ ਸਾਮਨੇ ਰਖਕੇ ਪ੍ਰਵਿਰਤ ਹੁੰਦਾ ਹੈ ਉਸ ਨਾਲ ਸ੍ਵਾਰਥੀ ਲੋਗ ਵਿਰੋਧ ਕਰਨ ਵਿਚ ਤਤਪਰ ਹੋਕੇ ਅਨੇਕ ਪ੍ਰਕਾਰ ਵਿਘਨ ਕਰਦੇ ਹਨ, ਪਰੰਤੂ

ਸਤਯਮੇਵਜਯਤਿਨਾਨ੍ਰੁਤੰਸਤਯੇਨਪੰਥਾਵਿਤਤੋਦੇਵ ਯਾਨਃ

ਅਰਥਾਤ ਸਦਾ ਸਤ ਦੀ ਜਿਤ ਅਸਤ ਦੀ ਹਾਰ ਹੁੰਦੀ ਅਰ ਸਤ ਕਰਕੇ ਹੀ ਵਿਦਵਾਨਾਂ ਦਾ ਮਾਰਗ ਵਿਸਤਾਰ ਨੂੰ ਪ੍ਰਾਪਤ ਹੁੰਦਾ ਹੈ,ਏਸ ਦ੍ਰਿੜ ਨਿਸ਼ਚੇ ਨੂੰ ਪਕੜ ਕੇ ਆਪਤ ਲੋਗ ਪਰਉਪਕਾਰ ਕਰਨ ਤੋਂ ਉਦਾਸੀਨ ਹੋਕੇ ਕਦੀ ਸਤ ਦੇ ਅਰਥ ਦਾ ਪ੍ਰਕਾਸ਼ ਕਰਨ ਥੀਂ ਨਹੀਂ ਹਟਦੇ, ਏਹ ਪੂਰਾ ਦ੍ਰਿੜ ਨਿਸਚਾ ਹੈ ਕਿ–

ਯੱਤਦਗ੍ਰੇ ਵਿਸ਼ਮਿਵ ਪਰਿਣਾਮੇ ਅਮ੍ਰਿਤੋਪਮਮ ॥

ਏਹ ਗੀਤਾ ਦਾ ਵਚਨ ਹੈ, ਏਸਦਾ ਮਤਲਬ ਏਹ ਹੈ,ਕਿ ਜੋ ਜੋ ਵਿਦਿਆ ਅਰ ਧਰਮਪ੍ਰਾਪਤੀ ਦੇ ਕਰਮ ਹਨ ਓਹ ਪਹਿਲੇ ਕਰਨ ਵਿਚ ਵਿਸ਼ਦੇ ਤੁਲਅਰ ਪਿਛੋਂ ਅੰਮ੍ਰਿਤ ਵਰਗੇ ਹੁੰਦੇ ਹਨ, ਅਜੇਹੀਆਂ ਬਾਤਾਂ ਨੂੰ ਚਿਤ ਵਿਚ ਰਖਕੇ ਮੈਂਨੇ ਏਸ ਗ੍ਰੰਥ ਨੂੰ ਰਚਿਆ ਹੈ, ਸੁਣਨ ਵਾ ਪੜਨ ਵਾਲੇ ਬੀ ਪਹਿਲੋਂ ਪ੍ਰੀਤ ਨਾਲ ਦੇਖਕੇ ਏਸ ਗ੍ਰੰਥ ਦਾ ਸਤ ਸਤ ਤਾਤਪਰਯ ਜਾਣਕੇ ਜੋ ਉਚਿਤ ਹੋਵੇ ਕਰਨ, ਏਸ ਵਿਚ ਏਹ ਅਭਿਪ੍ਰਾਯ ਰਖਿਆ ਗਿਆ ਹੈ ਕਿ ਜੋ ਜੋ ਸਭ ਮਤਾਂ ਵਿਚ ਸਤ ਸਤ ਬਾਤਾਂ ਹਨ ਓਹ ਓਹ ਸਭ ਵਿਚ ਅਵਿਰੁੱਧ ਹੋਣ ਕਰਕੇ ਉਨ੍ਹਾਂ ਦਾ ਸ੍ਵੀਕਾਰ ਕਰਕੇ ਜੋ ਜੋ ਮਤ ਮਤਾਂਤ੍ਰਾਂ ਵਿਚ ਮਿਥਿਆ ਬਾਤਾਂ ਹਨ ਉਨ੍ਹਾਂ ਉਨ੍ਹਾਂ ਦਾ ਖੰਡਨ ਕੀਤਾ ਹੈ, ਏਸ ਵਿਚ ਏਹ ਭੀ ਅਭਿਪ੍ਰਾਯ ਰਖਿਆ ਹੈ ਕਿ ਜਦ ਮਤ ਮਤਾਂਤ੍ਰਾਂ ਦੀਆਂ ਗੁਪਤ ਵਾ ਪ੍ਰਗਟ ਬੁਰੀਆਂ ਬਾਤਾਂ ਦਾ ਪ੍ਰਕਾਸ਼ ਕਰ ਵਿਦਵਾਨ ਅਵਿਦਵਾਨ ਸਭ ਸਾਧਾਰਣ ਮਨੁਸ਼ਾਂ ਦੇ ਸਾਮਨੇ ਰਖਿਆ ਹੈ, ਜਿਸ ਕਰਕੇ ਸਭ ਨਾਲ ਸਭ ਦਾ ਵਿਚਾਰ ਹੋਕੇ ਪਰਸਪਰ ਪ੍ਰੇਮੀ ਹੋਕੇ ਇਕ ਸਤ ਮਤ ਵਿਚ ਹੋਨ। ਯਦਪੀ ਮੈਂ ਆਰਯਾਵਰਤ ਦੇਸ ਵਿਚ ਜੰਮਿਆਂ ਅਰ ਰਹਨਾਂ ਹਾਂ ਤਥਾਪੀ ਜਿਹਾ ਏਸ ਦੇਸ ਦੇ ਮਤਮਤਾਂਤ੍ਰਾਂ ਦੀ ਝੂਠੀ ਬਾਤਾਂ ਦਾ ਪਖਛਪਾਤ ਨਾ ਕਰਕੇਠੀਕ ਠੀਕ ਪ੍ਰਕਾਸ਼ ਕਰਦਾ ਹਾਂ, ਤਿਹਾ ਹੀ ਦੂਜੇ ਦੇਸ ਵਾਲੇ ਵਾ ਮਤ ਉੱਨਤੀ ਕਰਨ ਵਾਲਿਆਂ ਦੇ ਨਾਲ ਭੀ ਵਰਤਨਾਂ ਹਾਂ, ਜੇਹਾ ਸ੍ਵਦੇਸ ਵਾਲਿਆਂ ਦੇ ਨਾਲ ਮਨੁਸ਼ ਉੱਨਤੀ ਦੇ ਵਿਸ਼ੇ ਵਿਚ ਵਰਤਨਾਂ ਹਾਂ ਤੇਹਾ ਵਿਦੇਸ਼ੀਆਂ ਦੇ ਨਾਲ ਭੀ ਤਥਾ ਸਭ ਸਜਨਾਂ ਨੂੰ ਭੀ ਵਰਤਣਾਂ ਜੋਗ ਹੈ। ਕਿਉਂਕਿ ਮੈਂ ਭੀ ਜੇ ਕਿਸੇ ਇਕ ਦਾ ਪਖਛਪਾਤੀ ਹੁੰਦਾ ਤਾਂ ਜਿਸਤਰਾਂ ਅਜ ਕਲ ਅਪਣੇ ਮਤ ਦੀ ਉਸਤਤ ਮੰਡਨ ਅਰ ਪ੍ਰਚਾਰ ਕਰਦੇ ਅਰ ਦੂਜੇਮਤ ਦੀ ਨਿੰਦਿਆ, ਹਾਨੀ ਅਰ ਬੰਦ ਕਰਨ ਵਿਚ ਤਤਪਰ ਹੁੰਦੇ ਹਨ, ਉਸੇ ਤਰਾਂ ਮੈਂ ਭੀ ਹੁੰਦਾ,ਪਰੰਤੂ ਅਜੇਹੀਆਂ ਬਾਤਾਂ ਮਨੁਸ਼ਪਨ ਤੋਂ ਬਾਹਰ ਹਨ ਕਿਉਂ ਕਿ ਜਿਸ ਤਰਾਂ ਪਸੂ ਬਲਵਾਂਨ ਹੋਕੇ ਨਿਰਬਲਾਂ ਨੂੰ ਦੁਖ ਦੇਂਦੇ ਅਰ ਮਾਰ ਭੀ ਸੁਟਦੇ ਹਨ, ਜਦ ਮਨੁਸ਼ ਸਰੀਰ ਪਾਕੇ ਓਹੋ ਜਿਹੇ ਹੀ ਕਰਮ ਕਰਦੇ ਹਨ, ਤਾਂ ਓਹ ਮਨੁਸ਼ ਸੁਭਾਵ ਵਾਲੇ ਨਹੀਂ ਕਿੰਤੂ ਪਸ਼ੂਆਂ ਦੀ ਨਿਆਈਂ ਹਨ,ਅਰ ਜੋ ਬਲਵਾਨ ਹੋਕੇ ਨਿਰਬਲਾਂ ਦੀ ਰਖਿਆ ਕਰਦਾ ਹੈ ਓਹੋ ਮਨੁਸ਼ ਕਹਾਉਂਦਾ ਹੈ, ਅਰ ਜੋ ਸ੍ਵਾਰਥਵਸ਼ ਹੋਕੇ ਪਰਾਈ ਹਾਨੀ ਹੀ ਕਰਦਾ ਰਹਿੰਦਾ ਹੈ ਓਹ ਜਾਣੋਂ ਪਸ਼ੂਆਂ ਦਾ ਭੀ ਵਡਾ ਭਰਾ ਹੈ। ਹੁਨ ਆਰਯਾਵਰਤੀਆਂ ਦੇ ਵਿਸ਼ੇ ਵਿਚ ਵਿਸ਼ੇਸ਼ਕਰ ਯਾਰਾਂ ੧੧ ਸਮੁੱਲਾਸਾਂਤਕ ਲਿਖਿਆ ਹੈ, ਇਨਾਂ ਸਮੁੱਲਾਸਾਂ ਵਿਚ ਸਤ ਮਤ ਪ੍ਰਕਾਸ਼ਿਤ ਕੀਤਾ ਹੈ ਓਹ ਵੇਦ ਦੇ ਅਨੁਕੂਲ ਹੋਣ ਕਰਕੇ ਮੈਨੂੰ ਭੀ ਸਰਵਥਾ ਮੰਤਵਯ ਹੈ, ਅਰ ਜੋ ਨਵੀਨ ਪੁਰਾਣ ਤੰਤ੍ਰ ਆਦੀ ਗ੍ਰੰਥਾਂ ਦੀਆਂ ਆਖੀਆਂ

ਹੋਈਆਂ ਬਾਤਾਂ ਦਾ ਖੰਡਨ ਕੀਤਾ ਹੈ ਓਹ ਤਿਆਗਨ ਦੇ ਯੋਗ ਹੈ, ਜੋ ਬਾਹਰਵੇਂ ਸਮੁੱਲਾਸ ਵਿਚ ਚਾਰਵਾਕ ਦਾ ਦਿਖਾਯਾ ਹੋਇਆ ਮਤ ਯਦਪੀ ਇਸ ਸਮੇਂ ਮੁਰਦਾ ਜਿਹਾ ਹੈ, ਅਰ ਏਹ ਚਾਰਵਾਕ ਬੁਧ ਜੈਨ ਨਾਲ ਬਹੁਤ ਸੰਬੰਧ ਅਨੀਸ਼ੁਰਵਾਦ ਆਦੀ ਵਿਚ ਰਖਦਾ ਹੈ, ਏਹ ਚਾਰਵਾਕ ਸਭ ਥੀਂ ਵਡਾ ਨਾਸਤਕ ਹੈ, ਉਸਦੀ ਚੇਸ਼ਟਾ ਦਾ ਰੋਕਨਾ ਆਵਸ਼ਕ ਹੈ, ਕਿਉਂਕਿ ਜੋ ਝੂਠੀ ਬਾਤ ਨਾਂ ਰੋਕੀ ਜਾਵੇ ਤਾਂ ਸੰਸਾਰ ਵਿਚ ਬਹੁਤ ਸਾਰੇ ਅਨਰਥ ਚਲਜਾਨ, ਚਾਰ ਵਾਕ ਦਾ ਜੋ ਮਤ ਹੈ ਤਥਾ ਬੁਧ ਅਰ ਜੈਨ ਦਾ ਮਤ ਹੈ, ਓਹ ਥੀ ਬਾਹਰਵੇਂ ਸਮੁੱਲਾਸ ਵਿਚ ਸੰਖੇਪ ਨਾਲ ਲਿਖਿਆ ਗਿਆ ਹੈ, ਅਰ ਬੌਧਾਂ ਤਥਾ ਜੈਨੀਆਂ ਦਾ ਭੀ ਚਾਰਵਾਕ ਦੇ ਮਤ ਨਾਲ ਮੇਲ ਹੈ, ਅਰ ਕੁਝ ਥੋੜਾ ਜੇਹਾ ਵਿਰੋਧ ਭੀ ਹੈ, ਅਰ ਜੈਨ ਭੀ ਬਹੁਤ ਸਾਰੇ ਅੰਸ਼ਾਂ ਵਿਚ ਚਾਰਵਾਕ ਅਰ ਬੌਧਾਂ ਦੇ ਨਾਲ ਮੇਲ ਰਖਦਾ ਹੈ, ਅਰ ਥੋੜੀਆਂ ਜਹੀਆਂ ਬਾਤਾਂ ਵਿਚ ਭੇਦ ਹੈ, ਏਸ ਲਈ ਜੈਨੀਆਂ ਦੀ ਭਿਨਸ਼ਾਖਾ ਗਿਣੀ ਜਾਂਦੀ ਹੈ, ਓਹ ਭੇਦ ਬਾਹਰਵੇਂ ਸਮੁੱਲਾਸ ਵਿਚ ਲਿਖ ਦਿੱਤਾ ਹੈ ਯਥਾਯੋਗ ਓਥੇ ਹੀ ਸਮਝ ਲੈਣਾਂ, ਜੋ ਏਸਦਾ ਭੇਦ ਹੈ, ਸੋ ਸੋ ਬਾਹਰਵੇਂ ਸਮੁੱਲਾਸ ਵਿਚ ਦਿਖਾਇਆ ਹੈ, ਬੋਧ ਅਰ ਜੈਨਮਤ ਦਾ ਵਿਸ਼ਯ ਥੀ ਲਿਖਿਆ ਹੈ। ਇਨ੍ਹਾਂ ਵਿਚੋਂ ਬੌਧਾਂ ਦੇ ਦੀਪ ਵੈਸ ਆਦੀ ਪ੍ਰਾਚੀਨ ਗ੍ਰੰਥਾਂ ਵਿਚ ਬੌਧ-ਮਤ ਸੰਗ੍ਰਹ, ਸਰਵ ਦਰਸ਼ਨ ਸੰਗ੍ਰਹ ਵਿਚ ਦਿਖਾਇਆ ਹੈ, ਉਸ ਵਿਚੋਂ ਏਥੇ ਲਿਖਿਆ ਹੈ, ਅਰ ਜੈਨੀਆਂ ਦੇ ਨਿਮਨ ਲਿਖਿਤ ਸਿੱਧਾਤਾਂ ਦੇ ਗ੍ਰੰਥ ਹਨ, ਉਨ੍ਹਾਂ ਵਿਚੋਂ ੪ ਚਾਰ ਮੂਲ ਸੂਤ੍ਰ ਜਿਸਤਰ੍ਹਾਂ (੧) ਆਵਸ਼ਕਸੂਤ੍ਰ (੨) ਵਿਸ਼ੇਸ਼ ਆਵਸ਼ਕਸੂਤ੍ਰ (੩) ਦਸਵੈਕਾਲਿਕਸੂਤ੍ਰ ਅਰ (੪) ਪਾਖਛਿਕਸੂਤ੍ਰ ॥ ੧੧ ਯਾਰਾਂ ਅੰਗ। ਜਿਸਤਰ੍ਹਾਂ (੧) ਆਚਾਰਾਂਗਸੂਤ੍ਰ (੨) ਸੁਗਡਾਂਗਸੂਤ੍ਰ (੩) ਥਾਣਾਂਗਸੂਤ੍ਰ (੪) ਸਮਵਾਯਾਂਗਸੂਤ੍ਰ (੫) ਭਗਵਤੀਸੂਤ੍ਰ (੬) ਗਿਆਤਾ ਧਰਮਕਥਾਸੂਤ੍ਰ (੭) ਉਪਾਸਕਦਸ਼ਾਸੂਤ੍ਰ (੮) ਅੰਤਗੜਦਸ਼ਾਸੂਤ੍ਰ (੯) ਅਨੁ-ਤੱਰੋਵਵਾਈਸੂਤ੍ਰ (੧੦) ਵਿਪਾਕਸੂਤ੍ਰ ਅਰ (੧੧) ਪ੍ਰਸ਼੍ਨਵਿਆਕਰਣਸੂਤ੍ਰ ॥

੧੨ ਬਾਰਹ ਉਪਾਂਗ ਹਨ, ਜਿਸਤਰਾਂ (੧) ਉਪਵਾਈ ਸੂਤ੍ਰ (੨) ਰਾਯਪਸੇਨੀਸੂਤ੍ਰ (੩) ਜੀਵਾਭਿਗਮਸੂਤ੍ਰ (੪) ਪੱਨਵਣਾਂਸੂਤ੍ਰ (੫) ਜੰਬੂਦ੍ਵੀਪ ਪੱਨਤੀਸੂਤ੍ਰ (੬) ਚੰਦਪੱਨਤੀਸੂਤ੍ਰ (੭) ਸੂਰਪੱਨਤੀਸੂਤ੍ਰ (੮) ਨਿਰੀਯਾਵਲੀ ਸੂਤ੍ਰ (੯) ਕਪਜਯਾਸੂਤ੍ਰ (੧੦) ਕਪਬੜੀਸਯਾਸੂਤ੍ਰ (੧੧) ਪੁੱਪੀਯਾਸੂਤ੍ਰ ਅਰ (੧੨) ਪੁਪਚੂਲੀਆਸੂਤ੍ਰ।

ਪੰਜ ਕਲਪ ਸੂਤ੍ਰ ਹਨ, ਜਿਸ ਤਰਾਂ (੧) ਉੱਤਰਾਧੈਨਸੂਤ੍ਰ (੨) ਨਿਸ਼ੀਥ ਸੂਤ੍ਰ (੩) ਕਲਪਸੂਤ੍ਰ (੪) ਵਿਵਹਾਰਸੂਤ੍ਰ (੫) ਜਤੀਕਲਸੂਤ੍ਰ ॥

੬ ਛੀ ਛੇਦ ਹਨ, ਜਿਸਤਰਾਂ (੧) ਮਹਾਨਿਸ਼ੀਥਬ੍ਰਿਹਦਵਾਚਨਾਸੂਤ੍ਰ

(੨) ਮਹਾਨਿਸ਼ੀਥ ਲਘੁਵਾਚਨਾਂ ਸੂਤ੍ਰ (੩) ਮਧਜਮਵਾਚਨਾਂ ਸੂਤ੍ਰ (੪) ਪਿੰਡ-ਨਿਰੁਕਤੀਸੂਤ੍ਰ (੫) ਓਘਨਿਰੁਕਤੀਸੂਤ੍ਰ (੬) ਪਰਯੁਸ਼ਣਾਸੂਤ੍ਰ ॥

੧੦ ਦਸ ਪਯਨਾਸੂਤ੍ਰ ਹਨ,ਜਿਸਤਰਾਂ (੧) ਚਤੁੱਸਰਣਸੂਤ੍ਰ (੨) ਪੱਚਖਾਂਣ ਸੂਤ੍ਰ (੩) ਤਦੁਲਵੈਯਾਲਿਕਸੂਤ੍ਰ (੪) ਭਗਤੀਪਰੀਗਿਆਨਸੂਤ੍ਰ (੫) ਮਹਾ ਪ੍ਰਤਜਾਖਿਆਨਸੂਤ੍ਰ (੬) ਚੰਦਾਵਿਜਯਸੂਤ੍ਰ (੭) ਗਣੀਵਿਜੈਸੂਤ੍ਰ (੮) ਮਰਣ ਸਮਾਧੀਸੂਤ੍ਰ (੯) ਦੇਵੇਂਦ੍ਰਸ੍ਤਵਨਸੂਤ੍ਰ (੧੦) ਸੰਸਾਰਸੂਤ੍ਰ ਤਥਾਨੰਦੀਸੂਤ੍ਰ, ਯੋਗੋਧੱਾਰਸੂਤ੍ਰ ਭੀ ਪ੍ਰਮਾਣਿਕ ਮੰਨਦੇ ਹਨ ॥

ਪੰਜਅੰਗ ਹਨ (੧) ਪੂਰਵ ਸਭ ਗ੍ਰੰਥਾਂ ਦੀ ਟੀਕਾ (੨) ਨਿਰੁਕਤੀ [੩] ਚਰਣੀ [੪] ਭਾਸ਼ ਏਹ ਚਾਰ ਅਵੈਵ ਅਰ ਸਭ ਮੂਲ ਮਿਲਕੇ ਪੰਜਅੰਗ ਕਹਾਉਂਦੇ ਹਨ ॥

ਇਨਾਂ ਵਿਚੋਂ ਢੂੰਢੀਏ ਅਵੈਵਾਂ ਨੂੰ ਨਹੀਂ ਮੰਨਦੇ, ਅਰ ਇਨਾਂ ਤੋਂ ਭਿੰਨ ਭੀ ਅਨੇਕ ਗ੍ਰੰਥ ਹਨ ਕਿ ਜਿਨਾਂ ਨੂੰ ਜੈਨੀ ਲੋਗ ਮੰਨਦੇ ਹਨ, ਇਨਾਂ ਦੇ ਮਤ ਦਾ ਵਿਸ਼ੇਸ਼ ਵਿਚਾਰ ਬਾਹਰਵੇਂ ਸਮੁੱਲਾਸ ਵਿਚ ਦੇਖ ਲੌ, ਜੈਨੀਆਂ ਦੇ ਗ੍ਰੰਥਾਂ ਵਿਚ ਲੱਖਾਂ ਪੁਨਰੁਕਤੀ ਦੋਸ਼ ਹਨ, ਅਰ ਇਨਾਂ ਦਾ ਏਹ ਭੀ ਸੁਭਾਵ ਹੈ ਕਿ ਜੋ ਅਪਣਾ ਗ੍ਰੰਥ ਦੂਜੇ ਮਤ ਵਾਲੇ ਦੇ ਹਥ ਵਿਚ ਹੋਵੇ ਵਾ ਛਾਪੇ ਵਿਚ ਛਪਿਆ ਹੋਵੇ ਤਾਂ ਕੋਈ ਕੋਈ ਉਸ ਗ੍ਰੰਥ ਨੂੰ ਅਪ੍ਰਮਾਣ ਕਹਿੰਦੇ ਹਨ, ਏਹ ਬਾਤ ਉਨਾਂ ਦੀ ਮਿਥਿਆ ਹੈ, ਕਿਉਂਕਿ ਜਿਸਨੂੰ ਕੋਈ ਮੰਨੇ ਕੋਈ ਨਾਂ ਮੰਨੇ ਏਸ ਕਰਕੇ ਓਹ ਗ੍ਰੰਥ ਜੈਨਮਤ ਤੋਂ ਬਾਹਿਰ ਨਹੀਂ ਹੋਸਕਦਾ, ਹਾਂ ਜਿਸਨੂੰ ਕੋਈ ਨਾਂ ਮੰਨੇ ਅਰ ਨਾਂ ਕਦੀ ਕਿਸੇ ਜੈਨੀ ਨੇ ਮੰਨਿਆ ਹੋਵੇ ਤਦ ਤਾਂ ਗ੍ਰਹਣ ਕਰਨ ਦੇ ਅਯੋਗ ਹੋਸਕਦਾ ਹੈ, ਪ੍ਰੰਤੂ ਅਜੇਹਾ ਕੋਈ ਗ੍ਰੰਥ ਨਹੀਂ ਹੈ ਕਿ ਜਿਸ ਨੂੰ ਕੋਈ ਭੀ ਜੈਨੀ ਨਾਂ ਮੰਨਦਾ ਹੋਵੇ,ਏਸ ਲਈ ਜੋ ਜਿਸ ਗ੍ਰੰਥ ਨੂੰ ਮੰਨਦਾ ਹੋਵੇਗਾ ਉਸ ਗ੍ਰੰਥ ਸੰਬੰਧੀ ਖੰਡਨ ਮੰਡਨ ਭੀ ਉਸੇਦੇ ਵਾਸਤੇ ਸਮਝਿਆ ਜਾਂਦਾ ਹੈ, ਪ੍ਰੰਤੂ ਕਿਨੇ ਅਜੇਹੇ ਭੀ ਹਨ ਕਿ ਉਸ ਗ੍ਰੰਥ ਨੂੰ ਮੰਨਦੇ ਜਾਂਣਦੇ ਹੋਨ ਤਾਂ ਭੀ ਸਭਾ ਵਾ ਸੰਵਾਦ ਵਿਚ ਮੁੱਕਰ ਜਾਂਦੇ ਹਨ, ਏਸ ਕਰਕੇ ਜੈਨ ਲੋਗ ਅਪਨੇ ਗ੍ਰੰਥਾਂ ਨੂੰ ਛਪਾ ਰਖਦੇ ਹਨ, ਦੂਜੇ ਮਤ ਵਾਲਿਆਂ ਨੂੰ ਨਾ ਦੇਂਦੇ ਨਾਂ ਸੁਣਾਂਦੇ ਅਰ ਨਾਂ ਪੜ੍ਹਾਂਦੇ, ਏਸ ਵਾਸਤੇ ਕਿ ਉਹਨਾਂ ਵਿਚ ਅਜੇਹੀਆਂ ਅਜੇਹੀਆਂ ਅਨਹੋਨ ਵਾਲੀਆਂ ਗੱਲਾਂ ਭਰੀਆਂ ਪਈਆਂ ਹਨ, ਜਿਨ੍ਹਾਂ ਦਾ ਕੋਈ ਭੀ ਉਤ੍ਰ ਜੈਨੀਆਂ ਵਿਚੋਂ ਨਹੀਂ ਦੇ ਸਕਦਾ, ਝੂਠ ਬਾਤ ਨੂੰ ਛਡ ਦੇਨਾਂ ਹੀ ਉਤ੍ਰ ਹੈ ॥

ਤੇਹਰਵੇਂ ਸਮੁੱਲਾਸ ਵਿਚ ਈਸਾਈਆਂ ਦਾ ਮਤ ਲਿਖਿਆ ਹੈ, ਏਹ ਲੋਗ ਬਾਇਬਲ ਨੂੰ ਅਪਣਾ ਧਰਮਪੁਸਤਕ ਮੰਨਦੇ ਹਨ, ਇਨ੍ਹਾਂ ਦੀ ਵਿਸ਼ੇਸ਼ ਗਲ ਬਾਤ ਉੱਸੇਤੇਹਰਵੇਂ ਸਮੁੱਲਾਸ ਵਿਚ ਦੇਖੋ ॥

ਚੌਦਵੇਂ ਸਮੁੱਲਾਸ ਵਿਚ ਮੁਸਲਮਾਨਾਂ ਦੇ ਮਤ ਵਿਸ਼ੇ ਵਿਚ ਲਿਖਿਆ ਹੈ, ਏਹ ਲੋਗ ਕੁਰਾਨ ਨੂੰ ਅਪਨੇ ਮਤ ਦਾ ਮੂਲ ਪੁਸਤਕ ਮੰਨਦੇ ਹਨ, ਇਨ੍ਹਾਂ ਦੀ ਭੀ ਵਿਸ਼ੇਸ਼ ਗਲ ਬਾਤ ਚੌਦਵੇਂ ਸਮੁੱਲਾਸ ਵਿਚ ਦੇਖੋ ॥

ਏਸਤੋਂ ਅਗੇ ਵੈਦਕ ਮਤ ਦੇ ਵਿਸ਼ੇ ਵਿਚ ਲਿਖਿਆ ਹੈ, ਜੋ ਕੋਈ ਏਸ ਗ੍ਰੰਥਕਰਤਾ ਦੇ ਤਾਤਪਰਯ ਥੀਂ ਵਿਰੁੱਧ ਮਨਸ਼ਾ ਨਾਲ ਦੇਖੇਗਾ, ਉਸਨੂੰ ਕੁਝ ਭੀ ਅਭਿਪ੍ਰਾਯ ਮਲੂਮ ਨਾਂ ਹੋਵੇਗਾ, ਕਿਉਂਕਿ ਵਾਕ੍ਯ ਦੇਅਰਥਨੂੰ ਜਾਣਨ ਵਿਚ ਚਾਰ ਕਾਰਣ ਹੁੰਦੇ ਹਨ ॥

(੧) ਆਕਾਂਖਛਾ (੨) ਯੋਗ੍ਯਤਾ (੩)ਆਸੱਤੀ (੪) ਤਾਤਪਰਯ, ਸਦ ਇਨ੍ਹਾਂ ਚਹੂੰ ਬਾਤਾਂ ਉਤੇ ਧਿਆਨ ਦੇਕੇ ਜੋ ਪੁਰਸ਼ ਗ੍ਰੰਥ ਨੂੰ ਦੇਖਦਾ ਹੈ, ਤਦ ਉਸਨੂੰ ਗ੍ਰੰਥ ਦਾ ਅਭਿਪ੍ਰਾਯ ਯਥਾਯੋਗ੍ਯ ਮਲੂਮ ਹੁੰਦਾ ਹੈ,"ਆਕਾਂਖਛਾ" ਕਿਸੇ ਵਿਸ਼ੇ ਉੱਤੇ ਵਕਤਾ ਦੀ, ਅਰ ਵਾਕ ਦੇ ਪਦਾਂ ਦੀ ਆਕਾਂਖਛਾ ਪਰਸਪਰ ਹੁੰਦੀ ਹੈ, "ਯੋਗ੍ਯਤਾ"ਉਹ ਕਹਾਉਂਦੀ ਹੈ ਕਿ ਜਿਸ ਕਰਕੇ ਜੋ ਹੋ ਸਕੇ ਜਿਸਤਰ੍ਹਾਂ ਪਾਨੀ ਨਾਲ ਸਿੰਚਣਾ, "ਆਸੱਤੀ" ਜਿਸ ਪਦ ਦੇ ਨਾਲ ਜਿਸਦਾ ਸੰਬੰਧ ਹੋਵੇ ਉਸੇ ਦੇ ਸਮੀਪ ਪਦ ਨੂੰ ਬੋਲਣਾਂ ਵਾ ਲਿਖਣਾਂ "ਤਾਤਪਰਯ" ਜਿਸਦੇ ਵਾਸਤੇ ਵਕਤਾ ਨੇ ਸ਼ਬਦ ਉੱਚਾਰਣ ਵਾ ਲੇਖਕੀਤਾ ਹੋਵੇ ਉਸੇ ਦੇ ਨਾਲ ਉਸ ਵਚਨ ਵਾ ਲੇਖ ਨੂੰ ਯੁਕਤਕਰਨਾ, ਬਹੁਤ ਸਾਰੇ ਹਠੀ ਜਿੱਦੀ ਮਨੁਸ਼ ਹੁੰਦੇ ਹਨ ਕਿ ਜੋ ਵਕਤਾ ਦੇ ਅਭਿਪ੍ਰਾਯ ਤੋਂ ਵਿਰੁਧ ਕਲਪਨਾ ਕੀਤਾ ਕਰਦੇ ਹਨ, ਵਿਸ਼ੇਸ਼ ਕਰ ਮਤਾਂਵਾਲੇ ਲੋਗ, ਕਿਉਂਕਿ ਮਤ ਦੇ ਆਗ੍ਰਹ (ਜਿਦ) ਨਾਲ ਉਨ੍ਹਾਂ ਦੀ ਬੁੱਧੀ ਅੰਧਕਾਰ ਵਿਚ ਫਸਕੇ ਨਸ਼ਟ ਹੋ ਜਾਂਦੀ ਹੈ, ਏਸ ਲਈ ਜਿਸਤਰ੍ਹਾਂ ਮੈਂ ਪੁਰਾਣ, ਜੈਨੀਆਂ ਦੇ ਗ੍ਰੰਥ, ਬਾਇਬਲ, ਅਰ ਕੁਰਾਨ ਨੂੰ ਪਹਲੋਂ ਹੀ ਬੁਰੀ ਦ੍ਰਿਸ਼ਟੀ ਨਾਲ ਨਾਂ ਦੇਖਕੇ ਉਨ੍ਹਾਂ ਵਿਚੋਂ ਗੁਣਾਂ ਦਾ ਗ੍ਰਹਣ ਅਰ ਦੋਸ਼ਾਂ ਦਾ ਤਿਆਗ ਤਥਾ ਹੋਰ ਸਭ ਮਨੁਸ਼ ਜਾਤੀ ਦੀ ਉੱਨਤੀ ਦੇ ਵਾਸਤੇ ਪ੍ਰਯਤਨ ਕਰਦਾ ਹਾਂ, ਉਸੇ ਤਰ੍ਹਾਂ ਸਥ ਨੂੰ ਕਰਨਾਂ ਯੋਗ ਹੈ ॥

ਇਨ੍ਹਾਂ ਮੱਤਾਂ ਦੇ ਥੋੜੇ ਥੋੜੇ ਹੀ ਦੋਸ਼ ਪ੍ਰਕਾਸ਼ਿਤ ਕੀਤੇ ਹਨ, ਜਿਨ੍ਹਾਂ ਨੂੰ ਦੇਖਕੇ ਮਨੁਸ਼ ਲੋਗ ਸਤ ਅਸਤ ਮਤ ਦਾ ਨਿਰਣਯ ਕਰ ਸਕਨ, ਅਰ ਸਤ ਦਾ ਗ੍ਰਹਣ ਤਥਾ ਅਸਤ ਦਾ ਤਿਆਗ ਕਰਨ ਕਰਾਉਨ ਵਿਚ ਸਮਰਥ ਹੋਨ, ਕਿਉਂਕਿ ਇਕ ਮਨੁਸ਼ ਜਾਤੀ ਵਿਚ ਬਹਕਾਕੇ ਵਿਰੋਧ ਬੁੱਧੀ ਕਰਾਕੇ ਇਕ ਦੂਜੇ ਨੂੰ ਵੈਰੀ ਬਨਾ ਲੜਾ ਮਾਰਨਾ ਵਿਦਵਾਨਾਂ ਦੇ ਸੁਭਾਵ ਤੋਂ ਬਾਹਿਰ ਹੈ ॥

ਯੱਦਪਿ ਏਸ ਗ੍ਰੰਥ ਨੂੰ ਦੇਖਕੇ ਅਵਿਦਵਾਨ ਲੋਗ ਉਲਟਾ ਹੀ ਵਿਚਾਰ ਕਰਨਗੇ, ਤਥਾਪੀ ਬੁਧਵਾਨ ਲੋਗ ਯਥਾਯੋਗ ਏਸਦਾ ਅਭਿਪ੍ਰਾਯ ਸਮਝਨਗੇ, ਏਸ ਲਈ ਮੈਂ ਅਪਨੇ ਪਰੀਸ਼੍ਰਮ ਨੂੰ ਸਫਲ ਸਮਝਦਾ ਅਰ ਅਪਨਾ ਅਭਿਪ੍ਰਾਯ

ਚੌਦਵੇਂ ਸਮੁੱਲਾਸ ਵਿਚ ਮੁਸਲਮਾਨਾਂ ਦੇ ਮਤ ਵਿਸ਼ੇ ਵਿਚ ਲਿਖਿਆ ਹੈ, ਏਹ ਲੋਗ ਕੁਰਾਨ ਨੂੰ ਅਪਨੇ ਮਤ ਦਾ ਮੂਲ ਪੁਸਤਕ ਮੰਨਦੇ ਹਨ, ਇਨ੍ਹਾਂ ਦੀ ਭੀ ਵਿਸ਼ੇਸ਼ ਗਲ ਬਾਤ ਚੌਦਵੇਂ ਸਮੁੱਲਾਸ ਵਿਚ ਦੇਖੋ॥

ਏਸਤੋਂ ਅਗੇ ਵੈਦਕ ਮਤ ਦੇ ਵਿਸ਼ੇ ਵਿਚ ਲਿਖਿਆ ਹੈ, ਜੋ ਕੋਈ ਏਸ ਗ੍ਰੰਥਕਰਤਾ ਦੇ ਤਾਤਪਰਯ ਥੀਂ ਵਿਰੁੱਧ ਮਨਸ਼ਾ ਨਾਲ ਦੇਖੇਗਾ, ਉਸਨੂੰ ਕੁਝ ਭੀ ਅਭਿਪ੍ਰਾਯ ਮਲੂਮ ਨਾਂ ਹੋਵੇਗਾ, ਕਿਉਂਕਿ ਵਾਕ੍ਯ ਦੇ ਅਰਥ ਨੂੰ ਜਾਣਨ ਵਿਚ ਚਾਰ ਕਾਰਣ ਹੁੰਦੇ ਹਨ॥

(੧) ਆਕਾਂਖਛਾ (੨) ਯੋਗ੍ਯਤਾ (੩)ਆਸੱਤੀ (੪) ਤਾਤਪਰਯ, ਜਦ ਇਨ੍ਹਾਂ ਚਹੁੰ ਬਾਤਾਂ ਉਤੇ ਧਿਆਨ ਦੇਕੇ ਜੋ ਪੁਰਸ਼ ਗ੍ਰੰਥ ਨੂੰ ਦੇਖਦਾ ਹੈ, ਤਦ ਉਸਨੂੰ ਗ੍ਰੰਥ ਦਾ ਅਭਿਪ੍ਰਾਯ ਯਥਾਯੋਗ੍ਯ ਮਲੂਮ ਹੁੰਦਾ ਹੈ,"ਅਕਾਂਖਛਾ" ਕਿਸੇ ਵਿਸ਼ੇ ਉੱਤੇ ਵਕਤਾ ਦੀ, ਅਰ ਵਾਕ ਦੇ ਪਦਾਂ ਦੀ ਆਕਾਂਖਛਾ ਪਰਸਪਰ ਹੁੰਦੀ ਹੈ, "ਯੋਗ੍ਯਤਾ"ਉਹ ਕਹਾਉਂਦੀ ਹੈ ਕਿ ਜਿਸ ਕਰਕੇ ਜੋ ਹੋ ਸਕੇ ਜਿਸਤਰ੍ਹਾਂ ਪਾਨੀ ਨਾਲ ਸਿੰਚਣਾ,"ਆਸੱਤੀ" ਜਿਸ ਪਦ ਦੇ ਨਾਲ ਜਿਸਦਾ ਸੰਬੰਧ ਹੋਵੇ ਉਸੇ ਦੇ ਸਮੀਪ ਪਦ ਨੂੰ ਬੋਲਣਾਂ ਵਾ ਲਿਖਣਾਂ "ਤਾਤਪਰਯ" ਜਿਸਦੇ ਵਾਸਤੇ ਵਕਤਾ ਨੇ ਸ਼ਬਦ ਉੱਚਾਰਣ ਵਾ ਲੇਖਕੀਤਾ ਹੋਵੇ ਉਸੇ ਦੇ ਨਾਲ ਉਸ ਵਚਨ ਵਾ ਲੇਖ ਨੂੰ ਯੁਕਤਕਰਨਾ, ਬਹੁਤ ਸਾਰੇ ਹਠੀ ਜਿੱਦੀ ਮਨੁਸ਼ ਹੁੰਦੇ ਹਨ ਕਿ ਜੋ ਵਕਤਾ ਦੇ ਅਭਿਪ੍ਰਾਯ ਤੋਂ ਵਿਰੁਧ ਕਲਪਨਾ ਕੀਤਾ ਕਰਦੇ ਹਨ, ਵਿਸ਼ੇਸ਼ ਕਰ ਮਤਾਂਵਾਲੇ ਲੋਗ, ਕਿਉਂਕਿ ਮਤ ਦੇ ਆਗ੍ਰਹ (ਜਿਦ) ਨਾਲ ਉਨ੍ਹਾਂ ਦੀ ਬੁੱਧੀ ਅੰਧਕਾਰ ਵਿਚ ਫਸਕੇ ਨਸ਼ਟ ਹੋ ਜਾਂਦੀ ਹੈ, ਏਸ ਲਈ ਜਿਸਤਰ੍ਹਾਂ ਮੈਂ ਪੁਰਾਣ, ਜੈਨੀਆਂ ਦੇ ਗ੍ਰੰਥ, ਬਾਇਬਲ, ਅਰ ਕੁਰਾਨ ਨੂੰ ਪਹਲੋਂ ਹੀ ਬੁਰੀ ਦ੍ਰਿਸ਼ਟੀ ਨਾਲ ਨਾਂ ਦੇਖਕੇ ਉਨ੍ਹਾਂ ਵਿਚੋਂ ਗੁਣਾਂ ਦਾ ਗ੍ਰਹਣ ਅਰ ਦੋਸ਼ਾਂ ਦਾ ਤ੍ਯਾਗ ਤਥਾ ਹੋਰ ਸਭ ਮਨੁਸ਼ ਜਾਤੀ ਦੀ ਉੱਨਤੀ ਦੇ ਵਾਸਤੇ ਪ੍ਰਯਤਨ ਕਰਦਾ ਹਾਂ, ਉਸੇ ਤਰ੍ਹਾਂ ਸਥ ਨੂੰ ਕਰਨਾਂ ਯੋਗ ਹੈ॥

ਇਨ੍ਹਾਂ ਮੱਤਾਂ ਦੇ ਥੋੜੇ ਥੋੜੇ ਹੀ ਦੋਸ਼ ਪ੍ਰਕਾਸ਼ਿਤ ਕੀਤੇ ਹਨ, ਜਿਨ੍ਹਾਂ ਨੂੰ ਦੇਖਕੇ ਮਨੁਸ਼ ਲੋਗ ਸਤ ਅਸਤ ਮਤ ਦਾ ਨਿਰਣਯ ਕਰ ਸਕਨ, ਅਰ ਸਤ ਦਾ ਗ੍ਰਹਣ ਤਥਾ ਅਸਤ ਦਾ ਤ੍ਯਾਗ ਕਰਨ ਕਰਾਉਨ ਵਿਚ ਸਮਰਥ ਹੋਨ, ਕਿਉਂਕਿ ਇਕ ਮਨੁਸ਼ ਜਾਤੀ ਵਿਚ ਬਹਕਾਕੇ ਵਿਰੋਧ ਬੁੱਧੀ ਕਰਾਕੇ ਇਕ ਦੂਜੇ ਨੂੰ ਵੈਰੀ ਬਨਾ ਲੜਾ ਮਾਰਨਾ ਵਿਦਵਾਨਾਂ ਦੇ ਸੁਭਾਵ ਤੋਂ ਬਾਹਿਰ ਹੈ॥

ਯੱਦਪਿ ਏਸ ਗ੍ਰੰਥ ਨੂੰ ਦੇਖਕੇ ਅਵਿਦਵਾਨ ਲੋਗ ਉਲਟਾ ਹੀ ਵਿਚਾਰ ਕਰਨਗੇ, ਤਥਾਪੀ ਬੁਧਵਾਨ ਲੋਗ ਯਥਾਯੋਗ ਏਸਦਾ ਅਭਿਪ੍ਰਾਯ ਸਮਝਨਗੇ, ਏਸ ਲਈ ਮੈਂ ਅਪਨੇ ਪਰੀਸ਼੍ਰਮ ਨੂੰ ਸਫਲ ਸਮਝਦਾ ਅਰ ਅਪਨਾ ਅਭਿਪ੍ਰਾਯ

ਸਭ ਸਜਨਾਂ ਦੇ ਸਾਮਨੇ ਧਰਦਾ ਹਾਂ ਏਸਨੂੰ ਦੇਖ ਦਿਖਾਕੇ ਮੇਰੀ ਮੇਹਨਤ ਨੂੰ ਸਫਲ ਕਰਨ, ਅਰ ਇਸੇ ਪ੍ਰਕਾਰ ਪਖਛਪਾਤ ਨ ਕਰਕੇ ਸਤ ਅਰਥ ਦਾ ਪ੍ਰਕਾਸ਼ ਕਰਨਾ ਮੇਰਾ ਵਾ ਸਭ ਮਹਾਸ਼ਿਆਂ ਦਾ ਮੁਖ ਕਰਤੱਵਕਰਮ ਹੈ,ਸਰਵਾਤਮਾ, ਸਰਵ ਅੰਤ੍ਰਯਾਮੀ, ਸਚਿਦਾਨੰਦ ਪਰਮਾਤਮਾ ਅਪਨੀ ਕ੍ਰਿਪਾ ਨਾਲ ਏਸ ਆਸ਼ਾ ਨੂੰ ਫਲਾਵੇ ਅਰ ਚਿਰਸਥਾਈ ਕਰੇ ॥

ਅਲਮਿਤਿ ਵਿਸਤਰੇਣ ਬੁੱਧਿਮਦਵਰਸ਼ਿਰੋ ਮਣਿਸ਼ੁ

॥ ਇਤਿ ਭੂਮਿਕਾ ॥

ਸਵਾਨ ਮਹਾਰਾਜਾ ਜੀ ਦਾ ਉਦੇ
ਪੁਰ,ਭਾਦ੍ਰਪਦ ਸ਼ੁਕਲਪਖਛ
ਸੰਵਤ ੧੯੩੯

(ਸ੍ਵਾਮੀ) ਦਯਾਨੰਦ ਸਰਸ੍ਵਤੀ

ਓਮ ਸੱਚਿਦਾਨੰਦੇਸ਼ੂਰਾਯ ਨਮੋ ਨਮਃ।

ਸਤ੍ਯਾਰਥ ਪ੍ਰਕਾਸ਼

ਪ੍ਰਥਮ ਸਮੁੱਲਾਸ।

ਓਮ ਸ਼ੱਨੋ ਮਿੱਤ੍ਰਃ ਸ਼ੰ ਵਰੁਣਃ ਸ਼ੱਨੋ ਭਵਤ੍ਵਰਯਮਾ। ਸ਼ੱਨ ਇੰਦ੍ਰੋ ਬ੍ਰਿਹਸਪਤਿਃ ਸ਼ੱਨੋ ਵਿਸ਼ਣੁਰੁਰੁਕ੍ਰਮਃ॥ ਨਮੋ ਬ੍ਰਹਮਣੇ ਨਮਸ੍ਤੇ ਵਾਯੋ ਤ੍ਵਮੇਵ ਪ੍ਰਤਜ਼ਖੰ ਬ੍ਰਹਮਾਸਿ। ਤ੍ਵਮੇਵ ਪ੍ਰਤਜ਼ਖੰ ਬ੍ਰਹਮ ਬਦਿਸ਼ਜ਼ਾਮਿ ਰਿਤੰ ਬਦਿਸ਼ਜ਼ਾਮਿ ਸਤੰ ਬਦਿਸ਼ਜ਼ਾਮਿ ਤਨਮਾਮਵਤੁ ਤਦ੍ਵਕ੍ਤਾਰਮਵਤੁ। ਅਵਤੁ ਮਾਮਵਤੁ ਵਕ੍ਤਾਰਮ। ਓਂ ਸ਼ਾਂਤਿਃਸ਼ਾਂਤਿਃਸ਼ਾਂਤਿਃ।੧।

ਅਰਥ (ਓਮ) ਏਹ ਓਂਕਾਰ ਸ਼ਬਦ ਪਰਮੇਸ਼ੂਰ ਦਾ ਸਬਥੀਂ ਉਤਮ ਨਾਮ ਹੈ, ਕਿਉਂ ਜੋ ਏਸ ਵਿਚ ਅ (ਅ) ਉ (ਉ) ਅਰ ਮ (ਮ) ਤਿੰਨ ਅੱਖਰ ਮਿਲਕੇ ਇਕ ਓਮ ਸਮੁਦਾਯ ਹੋਇਆ ਹੈ, ਏਸ ਇਕ ਨਾਮ ਥੀਂ ਪਰਮੇਸ਼ੂਰ ਦੇ ਬਹੁਤ ਨਾਮ ਆਉਂਦੇ ਹਨ, ਜਿਸ ਤਰਾਂ ਅਕਾਰਥੀਂ ਵਿਰਾਟ, ਅਗਨੀ, ਅਰ ਵਿਸ਼ੂ ਆਦੀ, ਉਕਾਰ ਥੀਂ ਹਿਰਨਯਗਰਭ, ਵਾਯੁ ਅਰ ਤੈਜਸ ਆਦੀ, ਮਕਾਰ ਥੀਂ ਈਸ਼ੂਰ, ਆਦਿਤਯ ਅਰ ਪ੍ਰਾਗਯ ਆਦੀ ਨਾਮਾਂ ਦਾ ਵਾਚਕ ਅਰ ਗ੍ਰਾਹਕ ਹੈ, ਉਸਦਾ ਅਜੇਹਾ ਹੀ ਵੇਦ ਆਦੀ ਸਤ ਸ਼ਾਸਤ੍ਰਾਂ ਵਿੱਚ ਸਪਸ਼ਟ ਵਿਆਖਿਆਨ ਕੀਤਾ ਹੈ, ਕਿ ਪ੍ਰਕਰਣ ਦੇ ਅਨੁਸਾਰ ਏਹ ਸਭ ਨਾਮ ਪਰਮੇਸ਼ੂਰ ਹੀ ਦੇ ਹਨ। (ਪ੍ਰਸ਼ਨ) ਪਰਮੇਸ਼ੂਰ ਥੀਂ ਭਿੰਨ ਅਰਥਾਂ ਦੇ ਵਾਚਕ ਵਿਰਾਟ ਆਦੀ ਨਾਮ ਕਿਉਂ ਨਹੀਂ ? ਬ੍ਰਹਮਾਂਡ, ਪ੍ਰਿਥਵੀ ਆਦੀ ਭੂਤ, ਇੰਦ੍ਰ ਆਦੀ ਦੇਵਤਾ, ਅਰ ਵੈਦਕ ਸ਼ਾਸਤ੍ਰ ਵਿੱਚ ਸੁੰਢ ਆਦੀ ਦਵਾਈਆਂ ਦੇ ਭੀ ਏਹ ਨਾਮ ਹਨ ਵਾ ਨਹੀਂ ? (ਉੱਤਰ) ਹਨ, ਪਰੰਤੂ ਪਰਮਾਤਮਾ ਦੇ ਭੀ ਹਨ। (ਪ੍ਰਸ਼ਨ) ਕੇਵਲ ਦੇਵਾਂ

ਦਾ ਗ੍ਰਹਣ ਇਨ੍ਹਾਂ ਨਾਮਾਂ ਕਰਕੇ ਕਰਦੇ ਹੋ ਵਾ ਨਹੀਂ ? (ਉੱਤਰ) ਤੁਹਾਡੇ ਗ੍ਰਹਣ ਕਰਨ ਵਿੱਚ ਕੀ ਪ੍ਰਮਾਣ ਹੈ ? (ਪ੍ਰਸ਼ਨ) ਦੇਵ ਸਭ ਪ੍ਰਸਿੱਧ ਅਰ ਓਹ ਉੱਤਮ ਭੀ ਹਨ, ਏਸ ਲਈ ਮੈਂ ਉਨਾਂ ਦਾ ਗ੍ਰਹਣ ਕਰਦਾ ਹਾਂ। (ਉੱਤਰ) ਕੀ ਪਰਮੇਸ਼੍ਵਰ ਅਪ੍ਰਸਿੱਧ ਅਰ ਉਸਥੀਂ ਕੋਈ ਉੱਤਮਭੀ ਹੈ,ਫੇਰ ਏਹ ਨਾਮ ਪਰਮੇਸ਼੍ਵਰ ਦੇ ਭੀ ਕਿਉਂ ਨਹੀਂ ਮੰਨਦੇ ਜਦ ਪਰਮੇਸ਼੍ਵਰ ਅਪ੍ਰਸਿੱਧ ਅਰ ਉਸਦੇ ਤੁੱਲ ਭੀ ਕੋਈ ਨਹੀਂ ਤਾਂ ਉਸਥੀਂ ਉੱਤਮ ਕੋਈ ਕਿਉਂ ਕਰ ਹੋ ਸਕੇਗਾ, ਏਸ ਲਈ ਤੁਹਾਡਾ ਏਹ ਕਹਣਾ ਸੱਤ ਨਹੀਂ। ਕਿਉਂ ਜੋ ਤੁਹਾਡੇ ਏਸ ਕਹਣ ਵਿਚ ਬਹੁਤ ਸਾਰੇ ਦੋਸ਼ ਭੀ ਆਉਂਦੇਹਨ ਜਿਸਤਰਾਂ "ਉਪਸਥਿਤੰ ਪਰਿਤਜਜਜਾ-ਨੁਪਸਥਿਤੰ ਯਾਚਤ ਇਤਿ ਵਾਧਿਤਨਜਾਯ:"। ਕਿਸੇ ਨੇ ਕਿਸੇ ਦੇ ਵਾਸਤੇ ਭੋਜਨ ਦਾ ਪਦਾਰਥ ਰਖਕੇ ਕਿਹਾ ਕਿ ਤੁਸੀਂ ਭੋਜਨ ਕਰੋ ਅਰ ਓਹ ਜੋ ਉਸ ਨੂੰ ਛਡਕੇ ਅਪ੍ਰਾਪਤ ਭੋਜਨ ਦੇ ਵਾਸਤੇ ਏਧਰ ਓਧਰ ਭੌਂਦਾ ਫਿਰੇ ਉਸ ਨੂੰ ਬੁਧੀਮਾਨ ਨਹੀਂ ਜਾਣਨਾ ਚਾਹੀਦਾ ਕਿਉਂ ਜੋ ਉਪਸਥਿਤ ਨਾਮ ਕੋਲ ਪ੍ਰਾਪਤ ਹੋਏ ਪਦਾਰਥ ਨੂੰ ਛਡਕੇ ਅਨੁਪਸਥਿਤ ਅਰਥਾਤ ਅਪ੍ਰਾਪਤ ਪਦਾਰਥ ਦੀ ਪ੍ਰਾਪਤੀ ਦੇ ਵਾਸਤੇ ਮੇਹਨਤ ਕਰਦਾ ਹੈ, ਏਸ ਲਈ ਜਿਸ ਤਰਾਂ ਓਹ ਪੁਰਸ਼ ਬੁੱਧੀਮਾਨ ਨਹੀਂ ਉਸੇ ਤਰਾਂ ਤੁਹਾਡਾ ਕਥਨ ਹੋਇਆ, ਕਿਉਂ ਜੋ ਤੁਸੀਂ ਉਨ੍ਹਾਂ ਵਿਰਾਟ ਆਦੀ ਨਾਮਾਂ ਦੇ ਜੋ ਪ੍ਰਸਿੱਧ ਪ੍ਰਮਾਣ ਸਿੱਧ ਪਰਮੇਸ਼੍ਵਰ ਅਰ ਬ੍ਰਹਮਾਂਡ ਆਦੀ ਉਪਸਥਿਤ ਅਰਥਾਂ ਦਾ ਤਿਆਗਨ ਕਰਕੇ ਅਨਹੋਣੇ ਅਰ ਅਨੁਪਸਥਿਤ ਦੇਵ ਆਦੀ ਦੇ ਗ੍ਰਹਣ ਵਿੱਚ ਮੇਹਨਤ ਕਰਦੇ ਹੋ, ਏਸ ਵਿੱਚ ਕੋਈ ਭੀ ਪ੍ਰਮਾਣ ਵਾ ਯੁਕਤੀ ਨਹੀਂ ਜੇ ਤੁਸੀਂ ਏਹ ਕਹੋ ਕਿ ਜਿੱਥੇ ਜਿਸਦਾ ਪ੍ਰਕਰਣ ਹੈ ਉੱਥੇ ਉਸੇ ਦਾ ਗ੍ਰਹਣ ਕਰਨਾ ਯੋਗਜ ਹੈ, ਜਿਸਤਰਾਂ ਕਿਸੇ ਨੇ ਆਖਿਆ ਕਿ "ਹੇ ਭ੍ਰਿਤਜ ਤ੍ਵੰ ਸੈਂਧਵਮਾਨਯ"। ਅਰਥਾਤ ਹੇ ਨੌਕਰ ਤੂੰ ਸੇਂਧਵਨੂੰ ਲੈਆ। ਤਦ ਉਸਨੂੰ ਸਮਯ ਅਰਥਾਤ ਪ੍ਰਕਰਣ ਦਾ ਵਿਚਾਰ ਕਰਨਾ ਜਰੂਰੀ ਹੈ, ਕਿਉਂ ਜੋ ਸੈਂਧਵ ਨਾਮ ਦੋਹਾਂ ਪਦਾਰਥਾਂ ਦਾ ਹੈ, ਇਕ ਘੋੜੇ ਦਾ ਦੂਜਾ ਲੂਣ ਦਾ, ਜੇ ਅਪਣੇ ਮਾਲਕ ਦਾ ਜਾਨਦਾ ਵੇਲਾ ਹੋਵੇ ਤਾਂ ਘੋੜੇ ਅਰ ਭੋਜਨ ਦਾ ਵੇਲਾ ਹੋਵੇ ਤਾਂ ਲੂਣ ਨੂੰ ਲਿਆਉਨਾ ਉਚਿਤ ਹੈ, ਅਰ ਜੋ ਚੱਲਨ ਦੇ ਸਮਯ ਲੂਣ ਅਰ ਭੋਜਨ ਦੇ ਸਮਯ ਘੋੜੇ ਨੂੰ ਲੈ ਆਵੇ ਤਾਂ ਉਸ ਦਾ ਮਾਲਕ ਉਸ ਉੱਤੇ ਗੁੱਸਾ ਕਰਕੇ ਕਹੇਗਾ, ਕਿ ਤੂੰ ਨਿਰਬੁੱਧੀ ਪੁਰਸ਼ ਹੈ, ਚੱਲਣ ਦੇ ਸਮਯ ਲੂਣ ਅਰ ਭੋਜਨ ਦੇ ਸਮਯ ਘੋੜੇ ਦੇ ਲਿਆਵਣ ਦਾ ਕੀ ਪ੍ਰਯੋਜਨ ਸੀ ? ਤੂੰ ਪ੍ਰਕਰਣ ਦੇ ਜਾਨਨ ਵਾਲਾ ਨਹੀਂ ਹੈ। ਨਹੀਂ ਤਾਂ ਜਿਸ ਸਮਯ ਜਿਸ ਨੂੰ ਲਿਆਵਣਾ ਚਾਹੀਦਾ ਸੀ ਉਸੇ ਨੂੰ ਲਿਆਉਂਦਾ, ਜੋ ਤੈਨੂੰ ਪ੍ਰਕਰਣ ਦਾ ਵਿਚਾਰ ਕਰਨਾ ਜਰੂਰੀ ਸੀ, ਓਹ ਤੂੰਨੇ ਨਹੀਂ ਕੀਤਾ, ਏਸ ਲਈ ਤੂੰ ਮੂਰਖ ਹੈ, ਮੇਰੇ ਕੋਲੋਂ ਚਲਿਆ ਜਾ ਏਸ ਥੀਂ ਕੀ ਸਿੱਧ ਹੋਇਆ ਕਿ ਜਿੱਥੇ ਜਿਸਦਾ ਗ੍ਰਹਣ ਕਰਨਾ ਉਚਿਤ ਹੋਵੇ ਉੱਥੇ ਉਸੇ ਅਰਥ ਦਾ ਗ੍ਰਹਣ ਕਰਨਾ ਚਾਹੀਏ। ਇਸੇ ਤਰਾਂ

ਨਾਲ ਸਾਨੂੰ ਅਰ ਤੁਹਾਨੂੰ ਸਭ ਲੋਕਾਂ ਨੂੰ ਮੰਨਨਾ ਅਰ ਕਰਨਾ ਭੀ ਚਾਹੀਏ ॥

ਮੰਤ੍ਰ ਦਾ ਅਰਥ।

ਓਮ ਖਮਬ੍ਰਹ੍ਮ ॥ ੧ ॥ ਯਜੁਰਵੇਦ ਅ੦ ੪੦ ਮੰਤ੍ਰ ੧੭ ॥

ਵੇਖੋ ਵੇਦਾਂ ਵਿਚ ਅਜੇਹੇ ੨ ਪ੍ਰਕਰਣਾਂ ਵਿਚ ਓਮ ਆਦੀ ਪਰਮੇਸ੍ਵਰ ਦੇ ਨਾਮ ਹਨ ॥

ਓਮਿਤਜੇਤਦਖਛਰਮੁਦਗੀਥਮੁਪਾਸੀਤ ॥੨॥

ਛਾਂਦੋਗ੍ਯ ਉਪਨਿਸ਼ਦ। ਮੰਤ੍ਰ ੧ ॥

ਓਮਿਤਜੇ ਤਦਖਛਰਮਿਦਗੁਅੰ ਸਰਵੰਤਸਯੋਪਵ੍ਯਾਖ੍ਯਾ-ਨਮ ॥ ੩ ॥ ਮਾਂਡੂਕ੍ਯ ਉਪਨਿਸ਼ਦ ਮੰ ਤ੍ਰ ੧ ॥

ਸਰਵੇ ਵੇਦਾ ਯਤਪਦਮਾਮਨੰਤਿ ਤਪਾਗੁਅੰਸਿ ਸਰਵਾਣਿ ਚ ਯਦਵਦੰਤਿ ॥ ਯਦਿੱਛੰਤੋ ਬ੍ਰਹ੍ਮਚਰਯੰ ਚਰੰਤਿ ਤੱਤੇ ਪਦੰ ਸੰਗ੍ਰਹੇਣਬ੍ਰਵੀਮਯੋਮਿਤਜੇਤਤ।੪। ਕਠੋਪਨਿਸ਼ਦਥਲ੍ਲੀ ੨ਮੰਤ੍ਰ ੧੫

ਪ੍ਰਸ਼ਾਸਿਤਾਰੰ ਸਰਵੇਸ਼ਾਮਣੀਯਾਂਸਮਣੋਰਪਿ।
ਰੁਕ੍ਮਾਭੰ ਸ੍ਵਪ੍ਨਧੀਗਮਯੰ ਵਿਦ੍ਯਾੱਤੰ ਪੁਰੁਸ਼ੰ ਪਰਮ ॥੫॥
ਏਤਮੇਕੇ ਵਦੰਤਜਗ੍ਨਿੰ ਮਨੁਮਨਯੇ ਪ੍ਰਜਾਪਤਿਮ।
ਇੰਦ੍ਰਮੇਕੇ ਪਰੇ ਪ੍ਰਾਣਮਪਰੇ ਬ੍ਰਹ੍ਮ ਸ਼ਾਸ਼੍ਵਤਮ ॥ ੬ ॥

ਮਨੁਸਿਮ੍ਰਤੀ ਅਧ੍ਯਾਯ ੧੨। ਸ਼ਲੋਕ ੧੨੨। ੧੨੩।

ਸ ਬ੍ਰਹ੍ਮਾ ਸ ਵਿਸ਼ਨੁਃ ਸ ਰੁਦ੍ਰਸ੍ਤ ਸ਼ਿਵਸ੍ਤੋਅਖਛ ਪ੍ਪ੍ਰ ਸ੍ਤ
ਪਰਮਃ ਸ੍ਵਰਾਟ। ਸ ਇੰਦ੍ਰਸ੍ਤਕਾਲਾਗ੍ਨਿਸ੍ਤਚੰਦ੍ਰਮਾਃ ॥੭॥

ਕੈਵਲ੍ਯ ਉਪਨਿਸ਼ਦ। ਮੰਤ੍ਰ ੮॥

ਇੰਦ੍ਰ ਮਿਤ੍ਰ ਵਰੁਣਮਗ੍ਨਿਮਾਹੁਰਥੋ ਦਿਵ੍ਯਸ੍ਤ ਸੁਪਰਣੋ

ਗਰੁਤ੍ਮਾਨ। ਏਕੰ ਸਦਵਿਪ੍ਰਾ ਬਹੁਧਾ ਵਦੰਤਯਗ੍ਨਿੰ ਯਮੰ ਮਾਤਰਿਸ਼੍ਵਾਨਮਾਹੁੰਃ ॥ ੮ ॥

ਰਿਗਵੇਦ ਮੰਡਲ ੧। ਅਨੁਵਾਕ ੨੨। ਸੂਕਤ ੧੬੪। ਮੰਤ੍ਰ ੪੬ ॥

ਭੂਰਸਿ ਭੂਮਿਰਸਜਦਿਤਿਰਸਿ ਵਿਸ਼੍ਵਧਾਯਾ ਵਿਸ਼੍ਵਸਜ ਭੁਵਨਸਜ ਧਰਤ੍ਰੀ। ਪ੍ਰਿਥਵੀਂ ਯੱਛ ਪ੍ਰਿਥਵੀਂ ਦ੍ਰਿਗੁਅੰਹ ਪ੍ਰਿਥਿਵੀਂ ਮਾਹਿਗੁਅੰਸੀਃ ॥ ੯ ॥ ਯਜੁਃ ਅਃ ੧੩। ਮੰਤ੍ਰ ੧੮॥

ਇੰਦ੍ਰੋਮਹ੍ਨਾ ਰੋਦਸੀ ਪਪ੍ਰਥੱਛਵ ਇੰਦ੍ਰਃ ਸੂਰਯਮਰੋਚਯਤ। ਇੰਦ੍ਰੇਹ ਵਿਸ਼੍ਵਾਭੁਵਨਾਨਿ ਯੇਮਿਰਇੰਦ੍ਰੇਹਸ਼੍ਵਾਨਾਸਇੰਦ੍ਰਃ ।੧੦। ਸਾਮਵੇਦਪ੍ਰਪਾਃ੭ ਅਨੁਃ ੩ ਸੂਕਤ ੮ ਅਸ਼ਟਕ ੧੬ ਖੰਡ ੨। ਸੂਕਤ ੩ ਮੰਤ੍ਰ ੨।

ਪ੍ਰਾਂਣਾਯ ਨਮੋ ਯਸਜ ਸਰਵਮਿਦੰ ਵਸ਼ੇ।
ਯੋ ਭੂਤਃ ਸਰਵਸਜੇਸ਼੍ਵਰੋ ਯਸਮਿੰਤਸਰਵੰ ਪ੍ਰਤਿਸ਼੍ਠਿਤਮ ॥

੧੧ ॥ ਅਥਰਵਵੇਦ ਕਾਂਡ ੧੧। ਅਃ ੨। ਸੂਃ ੪। ਮੰਤ੍ਰ ੧ ॥

ਅਰਥ–ਏਥੇ ਇਨਾਂ ਪ੍ਰਮਾਣਾਂ ਦੇ ਲਿਖਣ ਦਾ ਤਾਤਪਰਯ ਇਹ ਹੈ ਕਿ ਜੋ ਅਜੇਹੇ ਅਜੇਹੇ ਪ੍ਰਮਾਣਾਂਵਿੱਚ ਓਂਕਾਰ ਆਦੀ ਨਾਮਾਂਥੀਂ ਪਰਮੇਸ਼੍ਵਰਦਾ ਗ੍ਰਹਣ ਹੁੰਦਾ ਹੈ ਇਹ ਲਿਖ ਆਏ ਤਥਾ ਪਰਮੇਸ਼੍ਵਰ ਦਾ ਕੋਈ ਭੀ ਨਾਮ ਅਨਰਥਕ ਨਹੀਂ ਜਿਸਤਰਾਂ ਲੋਕ ਵਿੱਚ ਗਰੀਬ ਆਦੀ ਦੇ ਧਨਪਤੀ ਆਦੀ ਨਾਮ ਹੁੰਦੇ ਹਨ। ਏਸਤੋਂ ਏਹ ਸਿੱਧ ਹੋਇਆ ਕਿ ਕਿਦੇ ਗੁਣ ਵਾਲੇ, ਕਿਦੇ ਕਰਮ ਵਾਲੇ, ਅਰ ਕਿਦੇ ਸੁਭਾਵਵਾਲੇ ਅਰਥਾਂ ਦੇ ਵਾਚਕ ਹਨ ॥

ਓਮ ਆਦੀ ਨਾਮ ਸਾਰਥਕ ਹਨ, ਜਿਸਤਰਾਂ (ਓਮਖੰ ੦) 'ਅਵਤੀਤਯੋਮ, ਆਕਾਸ਼ਮਿਵ ਵਯਾਪਕਤ੍ਵਾਤ ਖਮ ਸਰਵੇਭਯੋ ਬ੍ਰਿਹਤ੍ਵਾਦ ਬ੍ਰਹਮ' । ਰਖਿਆ ਕਰਨ ਕਰਕੇ (ਓਮ)ਅਕਾਸ਼ ਦੀ ਨਿਆਈਂ ਵਿਆਪਕ ਹੋਨ ਕਰਕੇ (ਖੰ) ਅਰ ਸਭ ਥੀਂ ਵਡਾ ਹੋਨ ਕਰਕੇ (ਬ੍ਰਹਮ) ਈਸ਼੍ਵਰ ਦਾ ਨਾਮ ਹੈ ॥ ੧ ॥ (ਓਮ) ਜਿਸਦਾ ਨਾਮ ਹੈ ਅਰ ਜੋ ਕਦੇ ਨਸ਼ਟ ਨਹੀਂ ਹੁੰਦਾ, ਉਸੇ ਦੀ ਉਪਾਸਨਾ ਕਰਨੀ ਯੋਗ ਹੈ ਅਰ ਹੋਰ ਦੀ ਨਹੀਂ ॥ ੨ ॥ (ਓਮਿਤਯੇਤ੦) ਸਭ ਵੇਦ ਆਦੀ ਸ਼ਾਸਤ੍ਰਾਂ ਵਿੱਚ ਪਰਮੇਸ਼੍ਵਰ ਦਾ ਪ੍ਰਧਾਨ ਅਰ ਨਿਜ ਨਾਮ ਓਮ ਨੂੰ ਕਿਹਾ ਹੈ, ਹੋਰ ਸਭ

ਗੌਣਿਕ ਨਾਮ ਹਨ॥੩॥ ਸਰਵੇਵੇਦਾ०) ਕਿਉਂ ਜੋ ਸਭ ਵੇਦ ਸਭ ਧਰਮ ਅਨੁਸ਼ਠਾਨ ਰੂਪੀ ਤਪਸਿਆ ਜਿਸਦਾ ਕਥਨ ਅਰ ਮਾਨ ਕਰਦੇ ਅਰ ਜਿਸਦੀਪ੍ਰਾਪਤੀ ਦੀ ਇਛਿਆ ਕਰਕੇ ਬ੍ਰਹਮਚਰਯ ਆਸ਼੍ਰਮ ਕਰਦੇ ਹਨ ਉਸਦਾ ਨਾਮ" ਓਮ" ਹੈ ॥ ੪ ॥ (ਪ੍ਰਸ਼ਾਸਿਤਾ०) ਜੋ ਸਭ ਨੂੰ ਸ਼ਿਖਛਾ ਦੇਨੇਹਾਰਾ ਸੂਖਛਮ ਥੀਂ ਸੂਖਛਮ ਸ੍ਵਪ੍ਰਕਾਸ਼ਸਰੂਪ ਸਮਾਧੀ ਵਿੱਚ ਲਗੀ ਹੋਈ ਬੁੱਧੀ ਨਾਲ ਜਾਨਨ ਦੇ ਯੋਗ ਹੈ ਉਸ ਨੂੰ ਪਰਮਪੁਰਖ਼ ਜਾਨਨਾ ਚਹੀਏ ॥ ੫॥ ਅਰ ਸ੍ਵਪ੍ਰਕਾਸ਼ ਹੋਨ ਕਰਕੇ "ਅਗਨੀ" ਵਿਗਿਆਨ ਸ੍ਵਰੂਪ ਹੋਨ ਕਰਕੇ "ਮਨੂ"ਸਭ ਦਾ ਪਾਲਨ ਕਰਨੇ ਅਰ ਪਰਮ ਐਸ਼੍ਵਰਯਵਾਨ ਹੋਨ ਕਰਕੇ "ਇੰਦ੍ਰ" ਸਭਦਾ ਜੀਵਨ ਪ੍ਰਾਣ ਹੋਨ ਕਰਕੇ 'ਪ੍ਰਾਣ' ਅਰ ਨਿਰੰਤਰ ਵਿਆਪਕ ਹੋਨ ਕਰਕੇ ਪਰਮੇਸ਼੍ਵਰ ਦਾ ਨਾਮ "ਬ੍ਰਹਮ" ॥ ੬ ॥ (ਸਬ੍ਰਹ੍ਮਾਸਵਿਸ਼ਣੁਃ ०) ਸਬ ਜਗਤ ਦੇ ਬਣਾਨ ਕਰਕੇ "ਬ੍ਰਹਮਾ" ਸਭ ਥਾਂ ਵਿਆਪਕ ਹੋਨੇ ਕਰਕੇ "ਵਿਸ਼ਨੁ" ਦੁਸ਼ਟਾਂ ਨੂੰ ਦੰਡ ਦੈਕੇ ਰੁਲਾਨ ਕਰਕੇ "ਰੁਦ੍ਰ" ਮੰਗਲਮਯ ਅਰ ਸਭਦਾ ਕਲਿਆਣਕਰਤਾ ਹੋਣ ਕਰਕੇ "ਸ਼ਿਵ" "ਯਃ ਸਰਵਮਸ਼ੁਤੇ ਨਖਛਰਤਿ ਨ ਵਿਨਸ਼ਯਤਿ ਤਦਖਛਰਮ" "ਯਃ ਸ੍ਵਯੰ ਰਾਜਤੇ ਸ ਸ੍ਵਰਾਟ, ਯੱ ਅਗ੍ਨਿਰਿਵਕਾਲਃ ਕਲਯਿਤਾ ਪ੍ਰਲਯਕਰਤਾ ਸਕਾਲਾਗ੍ਨਿਰੀਸ਼੍ਵਰਃ" (ਅਖਛਰ) ਜੋ ਸਭ ਥਾਂ ਵਿਆਪਕ ਅਵਿਨਾਸ਼ੀ (ਸ੍ਵਰਾਟ) ਸ੍ਵਯੰਪ੍ਰਕਾਸ਼ਸ੍ਵਰੂਪ ਅਰ (ਕਾਲਾਗ੍ਨਿ०) ਪ੍ਰਲਯ ਵਿੱਚ ਸਭਦਾ ਕਾਲ ਅਰ ਕਾਲਦਾ ਭੀ ਕਾਲ ਹੈ, ਏਸ ਲਈ ਪਰਮੇਸ਼੍ਵਰ ਦਾ ਨਾਮ ਕਾਲਾਗਨੀਹੈ ॥ ੭ ॥ (ਇੰਦ੍ਰੋਮਿਤ੍ਰੈਃ) ਜੋ ਇਕ ਅਦ੍ਵਤੀਯ ਸਤ ਬ੍ਰਹਮ ਵਸਤੁ ਹੈ ਉਸ ਦੇ ਇੰਦ੍ਰ ਆਦੀ ਸਭ ਨਾਮਹਨ। "ਦਜੁਸ਼ੁ ਸ਼ੁੱਧੇਸ਼ੁ ਪਦਾਰਥੇਸ਼ੁ ਭਵੋਦਿਵਜਃ" "ਸ਼ੋਭਨਾਨਿ ਪਰਣਾਨਿ ਪਾਲਨਾਨਿ ਪੂਰਣਾਨਿ ਕਰਮਾਣਿ ਵਾ ਯਸਜ ਸਃ" "ਯੋ ਗੁਰਵਾਤ੍ਮਾ ਸ ਗਰੁਤ੍ਮਾਨ" "ਯੋ ਮਾਤਰਿਸ਼੍ਵਾ ਵਾਯੁਰਿਵ ਬਲਵਾਨ ਸ ਮਾਤਰਿਸ਼੍ਵਾ" (ਦਿਵਜ) ਜੋ ਪ੍ਰਕ੍ਰਿਤੀ ਆਦੀ ਦਿੱਵ ਪਦਾਰਥਾਂ ਵਿੱਚ ਵਿਆਪਕ (ਸੁਪਰਣ) ਜਿਸਦੇ ਉਤੱਮ ਪਾਲਣ ਅਰ ਪੂਰਣ ਕਰਮ ਹਨ (ਗਰੁਤਮਾਨ) ਜਿਸਦਾ ਆਤਮਾ ਅਰਥਾਤ ਸਰੂਪ ਮਹਾਨ ਹੈ, ਜੋ ਹਵਾ ਦੀ ਨਿਆਈਂ ਅਨੰਤ ਬਲਵਾਨ ਹੈ, ਏਸ ਲਈ ਪਰਮਾਤਮਾ ਦੇ ਦਿੱਵ ਸੁਪਰਣ, ਗਰੁਤਮਾਨ ਅਰਮਾਤਰਿਸ਼੍ਵਾ ਏਹ ਨਾਮ ਹਨ। ਬਾਕੀ ਨਾਮਾਂ ਦੇ ਅਰਥ ਅੱਗੇ ਲਿਖਾਂਗੇ ॥ ੮ ॥ (ਭੂਮਿਰਸਿ०) "ਭਵੰਤਿ ਭੂਤਾਨਿ ਯਸਜਾਂ ਸਾ ਭੂਮਿਃ" ਜਿਸ ਵਿੱਚ ਸਭ ਭੂਤ ਪ੍ਰਾਣੀ ਹੁੰਦੇ ਹਨ ਏਸ ਲਈ ਈਸ਼੍ਵਰ ਦਾ ਨਾਮ 'ਭੂਮੀ' ਹੈ। ਬਾਕੀ ਨਾਮਾਂ ਦਾ ਅਰਥ ਅੱਗੇ ਲਿਖਾਂਗੇ ॥ ੯ ॥ (ਇੰਦ੍ਰੋਮਹ੍ਨਾ०) ਏਸ ਮੰਤ੍ਰ ਵਿੱਚ ਇੰਦ੍ਰ ਪਰਮੇਸ਼੍ਵਰ ਹੀ ਦਾ ਨਾਮ ਹੈ ਏਸ ਲਈ ਏਹ ਪ੍ਰਮਾਣਲਿਖਿਆ ਹੈ ॥ ੧੦ ॥ (ਪ੍ਰਾਣਾਯ०) ਜਿਸ ਤਰਾਂ ਪ੍ਰਾਣ ਦੇ ਵਸ਼ ਸਭ ਸ਼ਰੀਰ ਇੰਦ੍ਰੀਆਂਹੁੰਦੀਆਂ ਹਨ ਉਸੇ ਤਰਾਂ ਪਰਮੇਸ਼੍ਵਰ ਦੇ ਵਸ਼ ਵਿੱਚ ਸਭ ਜਗਤ ਰਹਿੰਦਾ ਹੈ ॥ ੧੧ ॥ ਇਤਿਆਦੀ ਪ੍ਰਮਾਣਾਂ ਦੇ ਠੀਕ ਠੀਕ ਅਰਥਾਂਦੇ ਜਾਨਨ ਥੀਂ ਇੱਨਾਂ ਨਾਮਾਂ ਕਰਕੇ ਪਰਮੇਸ਼੍ਵਰਹੀ ਦਾ ਗ੍ਰਹਣ

ਹੁੰਦਾ ਹੈ ਕਿਉਂ ਜੋ ਓਮ ਅਰ ਅਗਨੀ ਆਦੀਨਾਮਾਂ ਦੇ ਮੁਖ ਅਰਥ ਥੀਂ ਪਰਮੇਸ਼ੁਰ ਹੀ ਦਾ ਗ੍ਰਹਣ ਹੁੰਦਾ ਹੈ ਜਿਸਤਰਾਂ ਕਿ ਵਿਆਕਰਣ, ਨਿਰੁਕਤ, ਬ੍ਰਾਹਮਣ ਸੂਤ੍ਰ ਆਦੀ ਰਿਸ਼ੀਆਂ ਮੁਨੀਆਂ ਦੇ ਵਿਆਖਿਆਨਾਂ ਥੀਂ ਪਰਮੇਸ਼ੁਰ ਦਾ ਗ੍ਰਹਣ ਵੇਖਣ ਵਿੱਚ ਆਉਂਦਾ ਹੈ ਉਸੇ ਤਰਾਂ ਨਾਲ ਗ੍ਰਹਣ ਕਰਨਾ ਸਭਨੂੰ ਯੋਗਜ ਹੈ, ਪਰਤੂ "ਓਮ" ਏਹ ਤਾਂ ਨਿਰਾਪਰਮਾਤਮਾ ਹੀ ਦਾ ਨਾਮ ਹੈ ਅਰ ਅਗਨੀ ਆਦੀ ਨਾਮਾਂ ਥੀਂ ਪਰਮੇਸ਼ੁਰ ਦੇ ਗ੍ਰਹਣ ਵਿੱਚ ਪ੍ਰਕਰਣ ਅਰਵਿਸ਼ੇਸ਼ ਨਿਯਮ ਕਾਰਕ ਹੈ। ਏਸ ਤੋਂ ਕੀ ਸਿੱਧ ਹੋਇਆ ਕਿ ਜਿੱਥੇ ਜਿੱਥੇ ਸਤੁੱਤੀ, ਪ੍ਰਾਰਥਨਾ, ਉਪਾਸਨਾ, ਸਰਵੱਗ, ਵਿਆਪਕ, ਸ਼ੁਧ, ਸਨਾਤਨ ਅਰਸ੍ਰਿਸ਼ਟੀ ਕਰਤਾ ਆਦੀ ਵਿਸ਼ੇਸ਼ਣ ਲਿਖੇ ਹਨ ਉਥੇ ਉਨ੍ਹਾਂ ਨਾਮਾਂ ਥੀਂ ਪਰਮੇਸ਼ੁਰਦਾ ਗ੍ਰਹਣ ਹੁੰਦਾ ਹੈ। ਅਰ ਜਿੱਥੇ ਜਿਥੇ ਅਜੇਹੇ ਪ੍ਰਕਰਣਹਨ ਕਿਃ—

ਤਤੋ ਵਿਰਾਡਜਾਯਤ ਵਿਰਾਜੋ ਅਧਿਪੂਰੁਸ਼ਃ।
ਸ਼੍ਰੋਤ੍ਰਾਦ੍ਵਾਯੁਸ਼੍ਚ ਪ੍ਰਾਣਸ਼੍ਚ ਮੁਖਾਦਗ੍ਨਿਰਜਾਯਤ।
ਤੇਨ ਦੇਵਾ ਅਯਜੰਤ। ਪਸ਼੍ਚਾਦਭੂਮਿਮਥੋਪੁਰਃ। ਯਜੁ ਅਃ ੩੧।

ਤਸਮਾਦ੍ਵਾ ਏਤਸਮਾਦਾਤਮਨ ਆਕਾਸ਼ਃ ਸੰਭੂਤਃ। ਆਕਾਸ਼ਾਦ੍ਵਾਯੁਃ। ਵਾਯੋਰਗ੍ਨਿਃ। ਅਗ੍ਨੇਰਾਪਃ। ਪਦਭਜਃ ਪ੍ਰਿਥਿਵੀ। ਪ੍ਰਿਥਿਵਜਾ ਓਸ਼ਧਯਃ ਓਸ਼ਧਿਭਜੋਅੰਨਮਅੰਨਾ ਦ੍ਰੇਤਃ। ਰੇਤਸਃ ਪੁਰੁਸ਼ਃ। ਸ ਵਾ ਏਸ਼ ਪੁਰੁਸ਼ੋਅੰਨਰਸਮਯਃ।

ਏਹ ਤੈਤ੍ਰੀਯ ਉਪਨਿਸ਼ਦ ਦਾ ਵਚਨ ਹੈ ਅਜੇਹੇ ਪ੍ਰਮਾਣਾਂ ਵਿੱਚ ਵਿਰਾਟ, ਪੁਰਸ਼, ਦੇਵ, ਆਕਾਸ਼, ਵਾਯੂ, ਅਗਨੀ, ਜਲ, ਭੂਮੀ ਆਦੀ ਨਾਮ ਲੌਕਿਕ ਪਦਾਰਥਾਂ ਦੇ ਹੁੰਦੇ ਹਨ। ਕਿਉਂ ਕਿ ਜਿੱਥੇ ਜਿੱਥੇ ਉਤਪੱਤੀ, ਸਥਿਤੀ, ਪ੍ਰਲਯ, ਅਲਪੱਗ, ਜੜ, ਦ੍ਰਿਸ਼ ਆਦੀ ਵਿਸ਼ੇਸ਼ਣ ਭੀ ਲਿਖੇ ਹੋਨ ਉੱਥੇ ਉੱਥੇ ਪਰਮੇਸ਼ੁਰ ਦਾ ਗ੍ਰਹਣ ਨਹੀਂ ਹੁੰਦਾ ਉਹ ਉਤਪਤੀ ਆਦੀ ਵਿਹਾਰਾਂਥੀਂ ਪ੍ਰਿਥਕ ਹੈ ਅਰ ਉਪਰ ਲਿਖੇ ਹੋਏ ਮੰਤ੍ਰਾਂ ਵਿੱਚ ਉਤਪੱਤੀ ਆਦੀ ਵਿਹਾਰਹਨ ਏਸ ਲਈ ਏਥੇ ਵਿਰਾਟ ਆਦੀ ਨਾਮਾਂ ਥੀਂ ਪਰਮਾਤਮਾਂ ਦਾ ਗ੍ਰਹਣ ਨਾ ਹੋਕੇ ਸੰਸਾਰ ਦੇ ਪਦਾਰਥਾਂ ਦਾ ਗ੍ਰਹਣ ਹੁੰਦਾ ਹੈ ਕਿੰਤੂ ਜਿਥੇ ੨ ਸਰਵਗ ਆਦੀ ਵਿਸ਼ੇਸ਼ਣ ਹੋਨ ਉੱਥੇ ਉੱਥੇ ਪਰਮਾਤਮਾ ਅਰ ਜਿਥੇ ੨ ਇਛਿਆ, ਦ੍ਵੇਸ਼, ਪ੍ਰਯਤਨ, ਸੁਖ, ਦੁਖ, ਅਰ ਅਲਪੱਗ ਆਦੀ ਵਿਸ਼ੇਸ਼ਣ ਹੋਨ ਉਥੇ ੨ ਜੀਵ ਦਾ ਗ੍ਰਹਣ ਹੁੰਦਾ ਹੈ ਏਸ ਤਰਾਂ

ਸਭ ਥਾਂ ਸਮਝਨਾ ਚਾਹੀਏ ਕਿਉਂ ਜੋ ਪਰਮੇਸ਼ੁਰ ਦਾ ਜਨਮ ਮਰਨ ਕਦੀ ਨਹੀਂ ਹੁੰਦਾ ਏਸ ਲਈ ਵਿਰਾਟ ਆਦੀ ਨਾਮ ਅਰ ਜਨਮ ਆਦੀ ਵਿਸ਼ੇਸ਼ਣਾਂ ਥੀ ਜਗਤ ਦੇ ਜੜ ਅਰ ਜੀਵ ਆਦੀ ਪਦਾਰਥਾਂ ਦਾ ਗ੍ਰਹਣ ਕਰਨਾ ਉਚਿਤ ਹੈਂ ਪਰਮੇਸ਼ੁਰ ਦਾ ਨਹੀਂ। ਹੁਣ ਜਿਸ ਪ੍ਰਕਾਰ ਵਿਰਾਟ ਆਦੀ ਨਾਮਾਂ ਥੀਂ ਪਰਮੇਸ਼ੁਰ ਦਾ ਗ੍ਰਹਣ ਹੁੰਦਾ ਹੈ ਓਹ ਪ੍ਰਕਾਰ ਹੇਠਾਂ ਲਿਖੇ ਪ੍ਰਮਾਣ ਜਾਨੋ।

ਓਮ ਦਾ ਅਰਥ।

(ਵਿ) ਉਪਸਰਗ ਪੂਰਵਕ (ਰਾਜ੍ਦੀਪਤੌ) ਏਸ ਧਾਂਤੁਥੀਂ ਕ੍ਵਿਪ ਪ੍ਰਤੈ ਕਰ ਨ ਨਾਲ ਵਿਰਾਟ ਸ਼ਬਦ ਸਿੱਧ ਹੁੰਦਾ ਹੈ। "ਯੋ ਵਿਵਧੈ ਨਾਮ' ਚਰਾਚਰੰ ਜਗਦ੍ਰਾਜਯਤਿ ਪ੍ਰਕਾਸ਼ਯਤਿ ਸ ਵਿਰਾਟ" ਵਿਵਿਧ ਅਰਥਾਤ ਜੋ ਬਹੁਤ ਪ੍ਰਕਾਰ ਦੇ ਜਗਤਨੂੰ ਪ੍ਰਕਾਸ਼ਿਤ ਕਰੇ ਏਸ ਲਈ ਵਿਰਾਟ ਨਾਮ ਥੀਂ ਪਰਮੇਸ਼ੁਰ ਦਾ ਗ੍ਰਹਣ ਹੁੰਦਾ ਹੈ। (ਅੰਚੁ ਗਤਿ ਪੂਜਨਯੋਃ) 'ਅਗ' 'ਅ ਗਿ' 'ਇਣ' ਗਤੀ ਅਰਥ ਵਾਲੇ ਧਾਤੂ ਹਨ ਇਨ੍ਹਾਂ ਥੀਂ 'ਅਗਨੀ') ਸ਼ਬਦ ਸਿੱਧ ਹੁੰਦਾ ਹੈ। "ਗਤੇਸਤ੍ਰਯੋਰਥਾਃ" ਗਯਾਨੰ ਗਮਨੰ ਪ੍ਰਾਪਤਿਸ਼੍ਚੇਤਿ, ਪੂਜਨੰ ਨਾਮ ਸਤਕਾਰਃ "ਯੋ ਅੰਚਤਿ ਅਚਯਤ ਅਗਤਯੈਗਤਯੈਤਿ ਸੋਅਯਮਗ੍ਨਿਃ" ਜੋ ਗਿਆਨ ਸ੍ਵਰੂਪ, ਸਰਵੱਗ, ਜਾਨਨੇ, ਪ੍ਰਾਪਤ ਹੋਨੇ ਅਰ ਪੂਜਾ ਕਰਨੇ ਯੋਗ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ 'ਅਗਨੀ' ਹੈ (ਵਿਸ਼ਪ੍ਰਵੇਸ਼ਨੇ) ਏਸ ਧਾਤੂ ਥੀਂ 'ਵਿਸ਼੍' ਸ਼ਬਦ ਸਿੱਧ ਹੁੰਦਾ ਹੈ। "ਵਿਸ਼ੰਤਿ ਪ੍ਰਵਿਸ਼੍ਯਨਿ ਸਰਵਾਣ੍ਯਾਕਾਸ਼ਾਦੀਨਿ ਭੂਤਾਨਿ ਯਸਿ੍ਮਨ ਯੋ ਵਾ ਅਕਾਸ਼ਾਦਿਸ਼ੁ ਸਰਵੇਸ਼ੁ ਭੂਤੇਸ਼ੁ ਪ੍ਰਵਿਸ਼੍ਟਃ ਸ ਵਿਸ਼੍ਣੁ ਈਸ਼੍ਵਰਃ" ਜਿਸ ਵਿੱਚ ਆਕਾਸ਼ ਆ ਦੀ ਸਬ ਭੂਤ ਪ੍ਰਵੇਸ਼ ਕਰ ਰਹੇ ਹਨ ਅਥਵਾ ਜੋ ਇਨ੍ਹਾਂ ਵਿੱਚ ਵਿਆਪਕ ਹੋਕੇ ਪ੍ਰਵਿਸ਼ ਹੋ ਰਹਿਆ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ ਵਿਸ਼੍ਣੁ ਹੈ ਇਤਿਆਦੀ ਨਾਮਾਂ ਦਾ ਗ੍ਰਹਣ ਆਕਾਰ ਮਾਤ੍ਰ ਥੀਂ ਹੁੰਦਾ ਹੈ। "ਜਜੋਤਿਰ ਵੈ ਹਿਰਣ੍ਯੰ ਤੇਜੋ ਵੈ ਹਿਰਣ੍ਯਮਿਤਯੈ ਤਰੇਯੇ ਸ਼ਤਪਥੇ ਚ ਬ੍ਰਾਹ੍ਮਣੇ" "ਯੋ ਹਿਰਣ੍ਯਾਨਾਂ ਸੂਰਯਾਦੀਨਾਂ ਤੇਜਸਾਂ ਗਰਭ ਉਤ੍ਪੱਤਿਨਿਮਿੱਤਮਧਿਕਰੰਣੰ ਸ ਹਿਰਣ੍ਯਗਰਭਃ" ਜਿਸ ਵਿੱਚ ਸੂਰਯ ਆਦੀ ਤੇਜ ਵਾਲੇ ਲੋਕ ਉਤਪੰਨ ਹੋਕੇ ਜਿਸਦੇਆਧਾਰ ਰਹਿੰਦੇ ਹਨ ਅਥਵਾ ਜੋ ਸੂਰਯ ਆਦੀ ਤੇਜ ਸ੍ਵਰੂਪ ਪਦਾਰਥਾਂ ਦਾ ਗਰਭ ਨਾਮ ਉਤਪੱਤੀ ਅਰ ਠਹਰਨ ਦੀ ਥਾਂ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ 'ਹਿਰਨ੍ਯਗਰਭ' ਹੈ। ਇਸ ਵਿਚ ਯਜੁਰਵੇਦ ਦੇ ਮੰਤ੍ਰ ਦਾ ਪ੍ਰਮਾਣ ਹੈਃ—

ਹਿਰਣ੍ਯਸਰਭਃ ਸਮਵਰਤਤਾਗ੍ਰੇ ਭੂਤਸਯ ਜਾਤਃ ਪਤਿਰੇ ਕ ਆਸੀਤ। ਸ ਦਾਧਾਰ ਪ੍ਰਿਥਿਵੀਂ ਦ੍ਯਾਮੁਤੇਮਾਂ ਕ ਸਮੈ

ਸਭ ਥਾਂ ਸਮਝਨਾ ਚਾਹੀਏ ਕ੍ਯੋਂ ਜੋ ਪਰਮੇਸ਼੍ਵਰ ਦਾ ਜਨਮ ਮਰਨ ਕਦੀ ਨਹੀਂ ਹੁੰਦਾ ਏਸ ਲ਼ਈ ਵਿਰਾਟ ਆਦੀ ਨਾਮ ਅਰ ਜਨਮ ਆਦੀ ਵਿਸ਼ੇਸ਼ਣਾਂ ਥੀ ਜਗਤ ਦੇ ਜੜ ਅਰ ਜੀਵ ਆਦੀ ਪਦਾਰਥਾਂ ਦਾ ਗ੍ਰਹਣ ਕ੍ਰਨਾ ਉਚਿਤ ਹੈਂ ਪਰਮੇਸ਼੍ਵਰ ਦਾ ਨਹੀਂ। ਹੁਣ ਜਿਸ ਪ੍ਰਕ੍ਰਾਰ ਵਿਰਾਟ ਆਦੀ ਨਾਮਾਂ ਥੀਂ ਪਰਮੇਸ਼੍ਵਰ ਦਾ ਗ੍ਰਹਣ ਹੁੰਦਾ ਹੈ ਓਹ ਪ੍ਰਕਾਰ ਹੇਠਾਂ ਲਿਖੇ ਪ੍ਰਮਾਣ ਜਾਨੋ।

ਓਮ ਦਾ ਅਰਥ।

(ਵਿ) ਉਪਸਰਗ ਪੁਰਵਕ (ਰਾਜ੍ਦੀਪਤੌ) ਏਸ ਧਾਂਤੁਥੀਂ ਕ੍ਵਿਪ ਪ੍ਰਤੈ ਕਰ ਨ ਨਾਲ ਵਿਰਾਟ ਸ਼ਬਦ ਸਿੱਧ ਹੁੰਦਾ ਹੈ। "ਯੋ ਵਿਵਧੈ ਨਾਮ ਚਰਾਚਰੰ ਜਗਦ੍ਰਾਜਯਤਿ ਪ੍ਰਕਾਸ਼ਯਤਿ ਸ ਵਿਰਾਟ" ਵਿਵਿਧ ਅਰਥਾਤ ਜੋ ਬਹੁਤ ਪ੍ਰਕਾਰ ਦੇ ਜਗਤਨੂੰ ਪ੍ਰਕਾਸ਼ਿਤ ਕਰੇ ਏਸ ਲਈ ਵਿਰਾਟ ਨਾਮ ਥੀਂ ਪਰਮੇਸ਼੍ਵਰ ਦਾ ਗ੍ਰਹਣ ਹੁੰਦਾ ਹੈ। (ਅੰਚੁ ਗਤਿ ਪੂਜਨਯੋਃ) 'ਅਗ' 'ਅ ਗਿ' 'ਇਣ' ਗਤੀ ਅਰਥ ਵਾਲੇ ਧਾਤੂ ਹਨ ਇਨ੍ਹਾਂ ਥੀਂ 'ਅਗਨੀ') ਸ਼ਬਦ ਸਿੱਧ ਹੁੰਦਾ ਹੈ। "ਗਤੇਸਤ੍ਰਯੋਰਥਾਃ" ਗਯਾਨੰ ਗਮਨੰ ਪ੍ਰਾਪਤਿਸ਼੍ਚੇਤਿ, ਪੂਜਨੰ ਨਾਮ ਸਤਕਾਰਃ "ਯੋ ਅੰਚਤਿ ਅਚਯਤ ਅਗਤਯੰਗਤਯੇਤਿ ਸੋਅਯਮਗ੍ਨਿਃ" ਜੋ ਗਿਆਨ ਸ੍ਵਰੂਪ, ਸਰਵੱਗ, ਜਾਨਨੇ, ਪ੍ਰਾਪਤ ਹੋਨੇ ਅਰ ਪੂਜਾ ਕਰਨੇ ਯੋਗ ਹੈ ਏਸ ਲਈ ਉਸ ਪਰਮੇਸ਼੍ਵਰ ਦਾ ਨਾਮ 'ਅਗਨੀ' ਹੈ (ਵਿਸ਼ਪ੍ਵੇਸ਼ਨੇ) ਏਸ ਧਾਤੁ ਥੀਂ 'ਵਿਸ਼੍ਣੁ' ਸ਼ਬਦ ਸਿੱਧ ਹੁੰਦਾ ਹੈ। "ਵਿਸ਼ੰਤਿ ਪ੍ਰਵਿਸ਼੍ਯਨਿ ਸਰਵਾਣ੍ਯਾਕਾਸ਼ਾਦੀਨਿ ਭੂਤਾਨਿ ਯਸਿਨ ਯੋ ਵਾ ਅਕਾਸ਼ਾਦਿਸੁ ਸਰਵੇਸੁ ਭੂਤੇਸੁ ਪ੍ਰਵਿਸ਼੍ਟਃ ਸ ਵਿਸ਼੍ਣੁ ਈਸ਼੍ਵਰਃ" ਜਿਸ ਵਿੱਚ ਆਕਾਸ਼ ਆ ਦੀ ਸਬ ਭੂਤ ਪ੍ਰਵੇਸ਼ ਕਰ ਰਹੇ ਹਨ ਅਥਵਾ ਜੋ ਇਨ੍ਹਾਂ ਵਿੱਚ ਵਿਆਪਕ ਹੋਕੇ ਪ੍ਰਵਿਸ਼ ਹੋ ਰਹਿਆ ਹੈ ਏਸ ਲਈ ਉਸ ਪਰਮੇਸ਼੍ਵਰ ਦਾ ਨਾਮ ਵਿਸ਼੍ਣੁ ਹੈ ਇਤ੍ਯਾਦੀ ਨਾਮਾਂ ਦਾ ਗ੍ਰਹਣ ਆਕਾਰ ਮਾਤ੍ਰ ਥੀਂ ਹੁੰਦਾ ਹੈ। "ਸਜੋਤਿਰ ਵੈ ਹਿਰਣ੍ਯੰ ਤੇਜੋ ਵੈ ਹਿਰਣ੍ਯਮਿਤਯੈ ਤਰੇਯੇ ਸ਼ਤਪਥੇ ਚ ਬ੍ਰਾਹ੍ਮਣੇ" "ਯੋ ਹਿਰਣ੍ਯਾਨਾਂ ਸੂਰਯਾਦੀਨਾਂ ਤੇਜਸਾਂ ਗਰਭ ਉਤਪੱਤਿਨਿਮਿੱਤਮਧਿਕਰਣੰ ਸ ਹਿਰਣ੍ਯਗਰਭਃ" ਜਿਸ ਵਿੱਚ ਸੂਰਯ ਆਦੀ ਤੇਜ ਵਾਲੇ ਲੋਕ ਉਤਪੰਨ ਹੋਕੇ ਜਿਸਦੇਆਧਾਰ ਰਹਿੰਦੇ ਹਨ ਅਥਵਾ ਜੋ ਸੂਰਯ ਆਦੀ ਤੇਜ ਸ੍ਵਰੂਪ ਪਦਾਰਥਾਂ ਦਾ ਗਰਭ ਨਾਮ ਉਤਪੱਤੀ ਅਰ ਠਹਰਨ ਦੀ ਥਾਂ ਹੈ ਏਸ ਲਈ ਉਸ ਪਰਮੇਸ਼੍ਵਰ ਦਾ ਨਾਮ 'ਹਿਰਨ੍ਯਗਰਭ' ਹੈ। ਇਸ ਵਿਚ ਯਜੁਰਵੇਦ ਦੇ ਮੰਤ੍ਰ ਦਾ ਪ੍ਰਮਾਣ ਹੈਃ—

ਹਿਰਣ੍ਯਸਰਭਃ ਸਮਵਰਤਤਾਗ੍ਰੇ ਭੂਤਸਯ ਜਾਤਃ ਪਤਿਰੇਕ ਆਸੀਤ। ਸ ਦਾਧਾਰ ਪ੍ਰਿਥਿਵੀਂ ਦ੍ਯਾਮੁਤੇਮਾਂ ਕਸ੍ਮੈ

ਹਨ ਉਸ ਤਰਾਂ ਹੋਰ ਕਿਸੇ ਜੜ ਪਦਾਰਥ ਵਾ ਜੀਵ ਦੇ ਨਹੀਂ ਜੋ ਪਦਾਰਥ ਸਤ ਹੈ ਉਸਦੇ ਗੁਣ, ਕਰਮ, ਸੁਭਾਵ ਭੀ ਸਤ ਹੁੰਦੇ ਹਨ ਏਸ ਲਈ ਮਨੁਸ਼ਾਂ ਨੂੰ ਯੋਗਜ ਹੈ ਕਿ ਪਰਮੇਸ਼ੁਰ ਹੀ ਦੀ ਉਸਤੁਤੀ, ਪ੍ਰਾਰਥਨਾ ਅਰ ਉਪਾਸਨਾ ਕਰਨ। ਉਸ ਥੀਂ ਭਿੰਨ ਕਦੀ ਨਾ ਕਰਨ ਕਿਉਂ ਜੋ ਬ੍ਰਹਮਾ, ਵਿਸ਼ਨੂ, ਮਹਾਦੇਵ ਨਾਮ ਵਾਲੇ ਪਹਿ ਲੇ ਮਹਾਸ਼ੇ ਵਿਦ੍ਵਾਨ, ਦੈਤ, ਦਾਨਵ ਆਦੀ ਨਿਕ੍ਰਿਸ਼ਟ ਮਨੁਸ਼ ਅਰ ਅਨਜ ਸਾਧਾਰਣ ਮਨੁਸ਼ਾਂ ਨੇ ਭੀ ਪਰਮੇਸ਼ੁਰ ਵਿਚ ਹੀ ਵਿਸ਼੍ਵਾਸ ਕਰਕੇ ਉਸੇਦੀ ਉਸਤੁਤੀ, ਪ੍ਰਾਰਥਨਾ ਅਰ ਉਪਾਸਨਾ ਕੀਤੀ ਉਸ ਥੀਂ ਭਿੰਨ ਦੀ ਨਹੀਂ ਕੀਤੀ ਉਸੇ ਤਰਾਂ ਸਾਨੂੰ ਸਭਨਾਂ ਨੂੰ ਕਰਨੀ ਯੋਗ ਹੈ ਏਸਦਾ ਵਿਸ਼ੇਸ਼ ਵਿਚਾਰ ਮੁਕਤੀ ਅਰ ਉਪਾਸਨਾ ਵਿਸ਼ੇ ਵਿਚ ਕੀਤਾ ਜਾਵੇਗਾ।

(ਪ੍ਰਸ਼ਨ) ਮਿਤ੍ਰ ਆਦੀ ਨਾਮਾਂ ਥੀਂ ਸਖਾ, ਅਰ ਇੰਦ੍ ਆਦੀ ਦੇਵਾਂ ਦੇ ਪ੍ਰਸਿੱਧ ਵਿਹਾਰ ਵੇਖਣ ਥੀਂ ਉਨਾਂ ਦਾ ਹੀ ਗ੍ਰਹਣ ਕਰਨਾ ਚਾਹੀਏ (ਉਤਰ)ਏਥੇ ਉਨਾਂ ਦਾ ਗ੍ਰਹਣ ਕਰਨਾ ਯੋਗ ਨਹੀਂ ਕਿਉਂ ਜੋ ਮਨੁਸ਼ ਕਿਸੇ ਦਾ ਮਿਤ੍ਰ ਹੈ ਉਹੋ ਹੋਰਦਾ ਵੈਰੀ ਅਰ ਕਿਸੇ ਨਾਲ ਉਦਾਸੀਨ ਭੀ ਵੇਖਣ ਵਿਚ ਆਉਂਦਾ ਹੈ ਏਸ ਲਈ ਮੁਖ ਅਰਥ ਵਿਚ ਸਖਾ ਆਦੀ ਦਾ ਗ੍ਰਹਣ ਨਹੀਂ ਹੋਸਕਦਾ ਕਿੰਤੂ ਜਿਸ ਤਰਾਂ ਪਰਮੇਸ਼ੁਰ ਸਭ ਜਗਤ ਦਾ ਨਿਸ਼ਚਿਤ ਮਿਤ੍ਰ ਨਾ ਕਿਸੇ ਦਾ ਸ਼ਤ੍ਰੂ ਅਰ ਨਾ ਕਿਸੇ ਤੋਂ ਉਦਾਸੀਨਹੈ ਏਸ ਤੋਂ ਭਿੰਨ ਕੋਈਭੀ ਜੀਵ ਏਸ ਪ੍ਰਕਾਰਦਾ ਕਦੀ ਨਹੀਂ ਹੋਸਕਦਾ ਏਸ ਲਈ ਪਰਮਾਤਮਾ ਦਾ ਹੀ ਗ੍ਰਹਣ ਏਥੇ ਹੁੰਦਾ ਹੈ ਹਾਂ ਗੌਣ ਅਰਥ ਵਿਚ ਮਿਤ੍ਰ ਆਦੀ ਸ਼ਬਦਾਂ ਥੀਂ ਚੰਗੇ ਮਨੁਸ਼ਾਂ ਦਾ ਗ੍ਰਹਣ ਹੁੰਦਾ ਹੈ। (ਵਿਮਿਦਾ ਸਨੇਹਨੇ) ਏਸ ਧਾਤੂ ਥੀਂ ਔਣਾਦਿਕ 'ਕ੍ਰ' ਪ੍ਰਤੈ ਦੇ ਹੋਣ ਥੀਂ "ਮਿਤ੍ਰ" ਸ਼ਬਦ ਸਿੱਧ ਹੁੰਦਾ ਹੈ "ਮੇਦ੍ਯਤਿਸ੍ਨੇਹਯਤਿ ਸ੍ਨੇਹਯਤੇ ਵਾ ਸ ਮਿਤ੍ਰ:" ਜੋ ਸਭ ਨੂੰ ਸਨੇਹ ਕਰਕੇ ਅਰ ਸਭ ਨੂੰ ਪ੍ਰੀਤੀ ਕਰਨੇ ਯੋਗ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ ਮਿਤ੍ਰ ਹੈ (ਵ੍ਰਿਵ ਦਰਣੇ ਵਰਈਪਸਾਯਾਮ) ਇਨਾਂ ਧਾਤੂਆਂ ਥੀਂ ਉਨਾਦੀ 'ਉਨਨ' ਪ੍ਰਤੈ ਹੋਣ ਥੀਂ 'ਵਰੁਣ' ਸ਼ਬਦ ਸਿੱਧ ਹੁੰਦਾ ਹੈ। 'ਯ: ਸਰਵਾਨ ਸ਼ਿਸ਼੍ਟਾਨ ਮੁਮੁਖਛੁਨਧਰਮਾਤਮਨੋ ਵ੍ਰਿਣੋਤਯਥਵਾ ਯ: ਸ਼ਿਸ਼੍ਟੈਰਮੁਮੁਖਛੁ ਭਿਰਧਰਮਾਤਮਭਿਰ-ਦ੍ਰਿਯਤੇ ਵਾਰਯਤੇ ਵਾ ਸ ਵਰੁਣ: ਪਰਮੇਸ਼੍ਵਰ:' ਜੋ ਆਤਮਯੋਗੀ, ਵਿਦਵਾਨ, ਮੁਕਤੀ ਦੀ ਇੱਛਾ ਕਰਨ ਵਾਲੇ ਅਰ ਧਰਮਾਤਮਾਓਂ ਕਾ ਸ੍ਵੀਕਾਰ ਕਰਤਾ ਅਥਵਾ ਜੋ ਚੰਗੇ, ਮੁਮੁਖਛੁ ਅਰ ਧਰਮਾਤਮਾ ਥੀਂ ਗ੍ਰਹਣ ਕੀਤਾ ਜਾਂਦਾ ਹੈ ਓਹ ਈਸ਼੍ਵਰ 'ਵਰੁਣ' ਨਾਮ ਵਾਲਾ ਹੈ। ਅਥਵਾ 'ਵਰੁਣੋ ਨਾਮ ਵਰ: ਸ਼੍ਰੇਸ਼੍ਠ:' ਜਿਸ ਲਈ ਪਰਮੇਸ਼ੁਰ ਸਭ ਥੀਂ ਸ੍ਰੇਸ਼ਟ ਹੈ ਏਸ ਲਈ ਉਸਦਾ ਨਾਮ 'ਵਰੁਣ' ਹੈ (ਰਿ ਗਤਿਪ੍ਰਾਪਣਯੋ:) ਏਸ ਧਾਤੂ ਥੀਂ 'ਯਤ' ਪ੍ਰਤੈ ਕਰਨੇ ਥੀਂ 'ਅਰਯ' ਸ਼ਬਦ ਸਿੱਧ ਹੁੰਦਾ ਹੈ ਅਰ 'ਅਰਯ' ਪੂਰਵਕ (ਮਾਛ ਮਾਨੇ) ਏਸ ਧਾਤੂ ਥੀਂ ਕਨਨ ਪ੍ਰਤੈ ਹੋਣ ਥੀਂ 'ਅਰਯਮਾ' ਸ਼ਬਦ ਸਿੱਧ ਹੁੰਦਾ ਹੈ। 'ਯੋ ਅਰਯਾਨ ਸ੍ਵਾਮਿਨੋ ਨਜਾਯਾ-

ਧੀਸ਼ਾਨ ਮਿਮੀਤੇ ਮਾਨਜਾਨ ਕਰੋਤਿ ਸੋ ਅਰਯਮਾ' ਜੋ ਸਤ ਨਿਆਯ ਦੇ ਕਰਨ ਵਾਲੇ ਮਨੁਸ਼ਾਂ ਦਾ ਮਾਨ,ਅਰ ਪਾਪ ਤਥਾ ਪੁੰਨ ਕਰਨਵਾਲਿਆਂ ਨੂੰ ਪਾਪ ਅਰਪੁੰਨ ਦੇ ਫਲਾਂ ਨੂੰ ਯਥਾਵਤ ਸੱਤ ਸੱਤ ਨਿਯਮ ਕਰਤਾ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ "ਅਰਯਮਾ'ਹੈ। (ਇਦਿ ਪਰਮੈਸ਼ੁਰਯੇ) ਏਸ ਧਾਤੂ ਥੀਂ 'ਰਨ' ਪ੍ਰਤੈ ਕਰਨ ਨਾਲ 'ਇੰਦ੍ਰ' ਸ਼ਬਦ ਸਿੱਧ ਹੁੰਦਾ ਹੈ।'ਯਇੰਦਤਿ ਪਰਮੈਸ਼ੁਰਯਵਾਨਭਵਤਿ ਸ ਇੰਦ੍ਰਃ ਪਰਮੇਸ਼ੁਰਃ' ਜੋ ਸੰਪੂਰਣ ਐਸ਼ੁਰਯ ਯੁਕਤ ਹੈ ਏਸ ਲਈ ਉਸ ਪਰਮਾਤਮਾ ਦਾ ਨਾਮ ' ਇੰਦ੍ਰ ' ਹੈ । ' ਬ੍ਰਿਹਤ ' ਸ਼ਬਦ ਪੂਰਵਕ (ਪਾ ਰਖਛਣੇ) ਏਸ ਧਾਤੂ ਥੀਂ 'ਛਤੀ' ਪ੍ਰਤੈ 'ਬ੍ਰਿਹਤ' ਦੇ ਤਕਾਰ ਦਾ ਲੋਪ ਅਰ ਸੁਡਾਗਮ ਹੋਨ ਕਰਕੇ 'ਬ੍ਰਿਹਸਪਤੀ' ਸ਼ਬਦ ਸਿੱਧ ਹੁੰਦਾ ਹੈ । 'ਯ ਬਿਹਤਾ-ਮਾਕਾਸ਼ਾਦੀਨਾਂ ਪਤਿਃ ਸ੍ਵਾਮੀ ਪਾਲਯਿਤਾ ਸ ਬ੍ਰਿਹਸਪਤਿਃ' ਜੋ ਵੱਡੇਆਂ ਤੋਂ ਭੀ ਵੱਡਾ ਅਰ ਵੱਡੇ ਆਕਾਸ਼ਾਦੀ ਬ੍ਰਹਮਾਂਡਾਂ ਦਾ ਸ੍ਵਾਮੀ ਹੈ ਏਸ ਲਈ ਓਸ ਪਰਮਾਤਮਾ ਦਾ ਨਾਮ 'ਬ੍ਰਿਹਸਪਤੀ' ਹੈ। (ਵਿਸ਼ਲ੍ਰੂ ਵਜਾਪ੍ਰੋ) ਏਸ ਧਾਤੂ ਥੀਂ 'ਨੂ' ਪ੍ਰਤੈ ਹੋਕੇ 'ਵਿਸ਼ਨੂ' ਸ਼ਬਦ ਸਿੱਧ ਹੋਇਆ ਹੈ। 'ਵੇਵੇਸ਼ਟਿ ਵਜਾਪ੍ਰੋਤਿ ਚਰਾਚਰੰ ਜਗਤ ਸ ਵਿਸ਼ਨੁਃ' ਚਰ ਅਰ ਅਚਰ ਰੂਪ ਜਗਤ ਵਿਚ ਵਿਆਪਕ ਹੋਣ ਕਰਕੇ ਪਰਮਾਤਮਾਦਾ ਨਾਮ 'ਵਿਸ਼ਨੂ' ਹੈ। 'ਉਰੁਰਮਹਾਨ ਕ੍ਰਮਃ ਪਰਾਕ੍ਰਮੋ ਯਸਯ ਸ ਉਰੁਕ੍ਰਮਃ' ਅਨੰਤ ਪਰਾਕ੍ਰਮ ਯੁਕਤ ਹੋਨ ਕਰਕੇ ਪਰਮਾਤਮਾ ਦਾ ਨਾਉਂ 'ਉਰੁਕ੍ਰਮ' ਹੈ ਜੋ ਪਰਮਾਤਮਾ (ਉਰੁਕ੍ਰਮਃ) ਮਹਾ ਪਰਾਕ੍ਰਮ ਯੁਕਤ(ਮਿਤ੍ਰ) ਸਭਦਾ ਸੁਹ੍ਰਿਦ ਅਵਿਰੋਧੀ ਹੈ (ਸ਼ਮ) ਸੁਖ ਕਾਰਕ ਓਹ [ਵਰੁਣਃ] ਸਰਵ ਉਤਮ ਓਹ [ਸ਼ਮ]ਸੁਖ ਸਰੂਪ ਓਹ (ਅਰਯਮਾ) ਨਿਆਯਾਧੀਸ਼ (ਸ਼ਮ) ਸੁਖ ਪ੍ਰਚਾਰਕ ਓਹ(ਇੰਦ੍ਰਃ)ਜੋ ਸਕਲ ਐਸ਼ੁਰਯਵਾਨ ਅਰ (ਸ਼ਮ) ਸਕਲ ਐਸ਼ੁ-ਰਯਦਾਯਕ ਓਹ (ਬ੍ਰਿਹਸਪਤਿਃ) ਸਭ ਦਾ ਅਧਿਸ਼ਠਾਤਾ ਓਹ (ਸ਼ਮ) ਵਿਦਿਆ ਦਾਤਾ ਅਰ (ਵਿਸ਼ਨੁ) ਜੋ ਸਭ ਵਿੱਚ ਵਿਆਪਕ ਪਰਮੇਸ਼ੁਰ ਹੈ ਓਹ (ਨਃ) ਸਾਡਾ ਕਲਿਆਣ ਕਰਨ ਵਾਲਾ (ਭਵਤੁ) ਹੋਵੇ। (ਵਾਯੋਤੇ ਬ੍ਰਹਮਣੇ ਨਮੋ ਅਸਤੁ) (ਬ੍ਰਿਹ ਬ੍ਰਿਹਿ ਬ੍ਰਿਧੌ) ਇਨ੍ਹਾਂ ਧਾਤੂਆਂ ਥੀਂ "ਬ੍ਰਹਮ" ਸ਼ਬਦ ਸਿੱਧ ਹੁੰਦਾ ਹੈ । ਜੋ ਸਭਦੇ ਉਪਰ ਵਿਰਾਜਮਾਨ ਸਭ ਥੀਂ ਵੱਡਾ ਅਨੰਤਬਲਯੁਕਤ ਪਰਮਾਤਮਾ ਹੈ ਓਸ ਬ੍ਰਹਮ ਨੂੰ ਅਸੀਂ ਨਮਸਕਾਰ ਕਰਦੇ ਹਾਂ। ਹੇ ਪਰਮੇਸ਼ੁਰ(ਤ੍ਵਮੇਵ ਪ੍ਰਤਯਖਛ-ਮਬ੍ਰਹਮਾਸਿ)ਤੁਸੀਂ ਹੀ ਅੰਤ੍ਰਯਾਮੀ ਰੂਪ ਥੀਂ ਪ੍ਰਤਖਛ ਬ੍ਰਹਮ ਹੋ(ਤ੍ਵਾਮੇਵ ਪ੍ਰਤਯਖਛੰ-ਬ੍ਰਹਮ ਵਦਿਸ਼ਯਾਮਿ) ਮੈਂ ਤੁਹਾਨੂੰ ਹੀ ਪ੍ਰਤਯਖਛ ਬ੍ਰਹਮ ਕਹਾਂਗਾ ਕਿਉਂਕਿ ਤੁਸੀਂ ਸਭ ਥਾਂ ਵਿੱਚ ਵਿਆਪਕ ਹੋਕੇ ਸਭ ਨੂੰ ਨਿੱਤ ਹੀ ਪ੍ਰਾਪਤ ਹੋ (ਰਿਤੰਵਦਿਸ਼ਯਾਮਿ) ਜੋ ਤੁਹਾਡੀ ਵੇਦ ਵਿੱਚ ਕਹੀ ਯਥਾਰਥ ਆਗਿਆ ਹੈ ਉੱਸੇ ਦਾ ਮੈਂ ਸਭ ਦੇ ਲਈ ਉਪਦੇਸ਼ ਅਰ ਆਚਰਣ ਭੀ ਕਰਾਂਗਾ (ਸਤੰਵਦਿਸ਼ਯਾਮਿ) ਸਚ ਬੋਲਾਂ, ਸਚ ਮੱਨਾਂ, ਅਰ ਸਚ ਹੀ ਕਰਾਂਗਾ (ਤਨਮਾਮਵਤੁ) ਸੋ ਤੁਸੀਂ ਮੇਰੀ ਰਖਿਆ ਕਰੋ

(ਤਦ੍ਕ੍ਰਾਰਮਵਤ੍ਤੁ) ਸੋ ਤੁਸੀਂ ਮੇਰੀ ਆਪਤ ਸਤਵਕਤਾ ਦੀ ਰਖਿਆ ਕਰੋ ਕਿ ਜਿਸ ਥੀਂ ਤੁਹਾਡੀ ਆਗਿਆ ਵਿੱਚ ਮੇਰੀ ਬੁੱਧੀ ਸਥਿਰ ਹੋਕੇ ਵਿਰੁੱਧ ਕਦੀ ਨਾ ਹੋਵੇ ਕਿਉਂਕਿ ਜੋ ਤੁਹਾਡੀ ਆਗਿਆ ਹੈ ਓਹੀ ਧਰਮ ਅਰ ਜੋ ਉਸ ਥੀਂ ਵਿਰੁੱਧ ਓਹੀ ਅਧਰਮ ਹੈ। 'ਅਵਤ੍ਤੁ ਮਾਮਵਤ੍ਤੁ ਵਕ੍ਤਾਰਮ' ਏਹ ਦੂਜੀ ਵਾਰ ਪਾਠ ਵਧੀਕ ਅਰਥ ਦੇ ਲਈਹੈ ਜਿਸ ਤਰਾਂ'ਕਸ਼ਿਤ ਕੰਚਿਤ ਪ੍ਰਤਿ ਵਦਤਿ ਤ੍ਵੰ ਗ੍ਰਾਮੰ ਗੱਛ ਗੱਛ' ਏਸ ਵਿਚ ਦੋ ਵਾਰੀ ਕ੍ਰਿਆ ਦੇ ਉੱਚਾਰਣ ਕਰਨ ਨਾਲ ਤੂੰ ਝਬਦੇ ਹੀ ਪਿੰਡ ਨੂੰ ਜਾ ਅਜੇਹਾ ਸਿੱਧ ਹੁੰਦਾ ਹੈ ਇਸੇ ਤਰਾਂ ਏਥੇ ਕਿ ਤੁਸੀਂ ਮੇਰੀ ਜਰੂਰ ਰਖਿਆ ਕਰੋ ਅਰਥਾਤ ਧਰਮ ਥੀਂ ਸੁਨਿਸ਼ਚਿਤ ਅਰ ਅਧਰਮ ਥੀਂ ਘ੍ਰਿਣਾ ਸਦਾ ਕਰਾਂ ਅਜੇਹੀ ਕ੍ਰਿਪਾ ਮੇਰੇ ਉੱਤੇ ਕਰੋ ਮੈਂ ਤੁਹਾਡਾ ਬਹੁਤ ਉਪਕਾਰ ਮੰਨਾਂਗਾ "ਓਮ ਸ਼ਾਂਤਿਃ ਸ਼ਾਂਤਿਃ ਸ਼ਾਂਤਿਃ" ਏਸ ਵਿਚ ਤਿੰਨ ਵਾਰ ਸ਼ਾਂਤੀ ਪਾਠ ਦਾ ਏਹ ਪ੍ਰਯੋਜਨ ਹੈ, ਕਿ ਤਿੰਨ ਪ੍ਰਕਾਰ ਦੇ ਤਾਪ ਅਰਥਾਤ ਏਸ ਸੰਸਾਰ ਵਿਚ ਤਿੰਨ ਪ੍ਰਕਾਰ ਦੇ ਦੁਖ ਹਨ, ਇਕ 'ਅਧਿਆਤਮਿਕ'ਜੋ ਆਤਮਾਸ਼ਰੀਰ ਵਿੱਚ ਅਵਿਦਿਆ, ਰਾਗ, ਦ੍ਵੇਸ਼, ਮੂਰਖਤਾ ਅਰ ਬੁਖਾਰ, ਪੀੜਾ ਆਦੀ ਹੁੰਦੇ ਹਨ। ਦੂਜਾ 'ਅਧਿਭੌਤਿਕ' ਜੋ ਵੈਰੀ, ਬਘਿਆੜ ਅਰ ਸਪ ਆਦੀ ਥੀਂ ਪ੍ਰਾਪਤ ਹੁੰਦਾ ਹੈ। ਤੀਜਾ 'ਅਧਿਦੈਵਿਕ' ਅਰਥਾਤ ਜੋ ਅਤੀਵਰਸ਼ਾ, ਅਤੀਸਰਦੀ, ਅਤੀਗਰਮੀ, ਮਨ ਅਰ ਇੰਦ੍ਰਿਆਂ ਦੀ ਅਸ਼ਾਂਤੀ ਕਰਕੇ ਹੁੰਦਾ ਹੈ। ਇਨਾਂ ਤਿੰਨਾਂ ਪ੍ਰਕਾਰਾਂ ਦੇ ਕਲੇਸ਼ਾਂ ਥੀਂ ਤੁਸੀਂ ਸਾਨੂੰ ਦੂਰ ਕਰਕੇ ਕਲਿਆਣ ਕਾਰਕ ਕਰਮਾਂ ਵਿੱਚ ਸਦਾ ਪ੍ਰਵਿਰਤ ਰਖੋ ਕਿਉਂ ਜੋ ਤੁਸੀਂ ਹੀ ਕਲਿਆਣ ਸਰੂਪ, ਸਭ ਸੰਸਾਰ ਦੇ ਕਲਿਆਣ ਕਰਤਾ, ਅਰ ਧਰਮ ਉੱਤੇ ਚੱਲਨ ਵਾਲੇ ਮੁਕਤੀ ਦੀ ਇਛਿਆ ਕਰਨ ਵਾਲਿਆਂ ਸਭ ਜੀਵਾਂ ਨੂੰ ਕਲਿਆਣਦੇ ਦਾਤਾ ਹੋ।ਏਸ ਲਈ ਤੁਸੀਂਆਪ ਅਪਨੀ ਕ੍ਰਿਪਾ ਨਾਲ ਸਭਜੀਵਾਂ ਦੇ ਹਿਰਦੇ ਵਿਚ ਪ੍ਰਕਾਸ਼ਮਾਨ ਹੋਵੋ ਕਿ ਜਿਸਥੀਂ ਸਭ ਜੀਵ ਧਰਮ ਦਾ ਆਚਰਣ ਅਰ ਅਧਰਮ ਨੂੰ ਛਡਕੇ ਪਰਮਾਨੰਦ ਨੂੰ ਪ੍ਰਾਪਤ ਹੋਨ ਅਰ ਦੁੱਖਾਂ ਥੀਂ ਪਰੇ ਰਹਨ। "ਸੂਰਯ ਆਤ੍ਮਾ ਜਗਤ੍ਤਸ੍ਥੁਸ਼ਸ੍ਚ" ਏਸ ਯਜੁਰਵੇਦ ਦੇ ਵਚਨੰ ਥੀਂ ਜੋ ਜਗਤ ਨਾਮ ਪ੍ਰਾਣੀ ਚੇਤਨ ਅਰ ਜੰਗਮ ਅਰਥਾਤ ਜੋ ਚਲਦੇ ਫਿਰਦੇ ਹਨ 'ਤਸ੍ਥੁਸ਼ਃ' ਅਪ੍ਰਾਣੀ ਅਰਥਾਤ ਸਥਾਵਰ ਜੜ ਪਦਾਰਥ ਪ੍ਰਿਥ੍ਵੀ ਆਦੀ ਹਨ, ਉਨ੍ਹਾਂ ਸਭਨਾਂ ਦੇ ਆਤਮਾ ਹੋਨ ਕਰਕੇ ਅਰ ਸੁਪ੍ਰਕਾਸ਼ ਰੂਪ ਸਭਦੇ ਪ੍ਰਕਾਸ਼ ਕਰਨ ਥੀਂ ਪਰਮੇਸ਼੍ਵਰ ਦਾ ਨਾਉਂ ਸੂਰਯ ਹੈ। (ਅਤਸਾਤਤ੍ਯਗਮਨੇ) ਏਸ ਧਾਤੂ ਥੀਂ 'ਆਤ੍ਮਾ' ਸ਼ਬਦ ਸਿੱਧ ਹੁੰਦਾ ਹੈ।'ਯੋ ਅਤਤਿ ਵ੍ਯਾਪ੍ਨੋਤਿ ਸ ਆਤ੍ਮਾ' ਜੋ ਸਭ ਜੀਵ ਆਦੀ ਜਗਤ ਵਿੱਚ ਨਿਰੰਤਰ ਵ੍ਯਾਪਕ ਹੋਰਿਹਾ ਹੈ। 'ਪਰਸ਼੍ਵਾਸਾਦ੍ਵਾਤ੍ਮਾਚ ਯ ਆਤ੍ਮਭ੍ਯੋ ਜੀਵੇਭ੍ਯਃ ਸੂਖਛ੍ਮੇ ਭ੍ਯਃਪਰੋਅਤਿ ਸੂਖਛ੍ਮਃ ਸ ਪਰਮਾਤ੍ਮਾ' ਜੋ ਸਭ ਜੀਵ ਆਦੀ ਥੀਂ ਉੱਤਮ ਅਰ ਜੀਵ ਪ੍ਰਕ੍ਰਿਤੀ ਤਥਾ ਆਕਾਸ਼ਥੀਂ ਭੀ ਅਤੀਸੂਖਛਮ ਅਰ ਸਭ ਜੀਵਾਂਦਾ ਅੰਤਰ-

यामी आत्मा है इस लिए ईश्वर का नाम 'परमात्मा' है। सामर्थ वाले का नाम ईश्वर है। 'य ईश्वरेशु समर्थेशु परमः श्रेश्रूःस परमेश्वरः' जो ईश्वरां अर्थात् समर्थां विँच समर्थ जिसदे तुँल कोई भी ना होवे उसदा नाउं 'परमेश्वर' है। (शुङ अभिशवे, शूङ प्राणिगर्भविमोचने) इनां धातुआं थीं 'सविता' शब्द सिँध हुंदा है। 'अभिशवः प्राणिगर्भ विमोचनं चोत्पादनं यश्वराचरं जगत सुनोति सूते वोत्पादयति स सविता परमेश्वरः' जो सभ जगत दी उत्पत्ती करदा है इस लिए परमेश्वर दा नाम 'सविता' है। 'दिवु क्रीड़ा विजिगीशा व्यवहारद्युतिस्तुतिमोदमद स्वपनकांतिगतिशु' इस धातु थीं 'देव' शब्द सिँध हुंदा है (क्रीड़ा) जो सभ जगत नुं क्रीड़ा कराणे (विजिगीशा) धरम उँते चँलण वालिआं नुं जिताउन दी इँछिआ युक्त (व्यवहार) सारिआं नुं चेशटा दे साधन उपसाधनां दा देन वाला (द्युति) आप प्रकाश सरूप सारिआं दा प्रकाश करनवाला (स्तुति) प्रशंशा दे योग(मोद)आप आनँद सरूप अर दूजिआं नुं आनँद देन वाला (मद) मद दे मतवालिआं दा मद तोड़न वाला (स्वपन) सभ दे सौण दे वासते रात अर परलै दा करन वाला (कांति) कामना दे योग अर (गति) गिआन सरूप है इस लिए उस परमेश्वर दा नाम 'देव' है अथवा 'यो दीव्यति क्रीड़ति सदेवः' जो अपने सरूप विच आनँद नाल आप ही क्रीड़ा करे अथवा किसे दी सहाइता दे बगैर क्रीड़ा दी निआईं सहज सुभाउ नाल सभ जगत नुं बनाउंदा वा सभ क्रीड़ा दा आधार है। 'विजिगीशते स देवः' जो सभ दा जिँतन वाला आप अजेय अर्थात जिसनुं कोई वी ना जिँत सके। व्यवहारयति सदेवः जो न्याय, अरन्याय रूप विहारां दा जाणन वाला अर उपदेश करनवाला। 'यश्वराचरं जगद्दयो तयति' जो सारिआं दा प्रकाशक। 'यः सतुयते सदेवः' जो सब मनुशां नुं उस तती दे योग अर निंदिआ दे योग ना होवे। 'यो मोदयति सादेवः' जो आप आनँद सरूप अर दूजिआं नुं आनँद कराउंदा जिसनुं दुख दा लेश वी ना होवे। 'यो मादयति स देवः' जो सदा प्रसँन शोक तों रहित अर दूजिआं नुं प्रसँन करने अर दुँखां थीं पृथक रखन वाला 'य स्वापयति स देवः' जो प्रलै दे समे प्रकृती विच सारिआं जीवां नुं सुआंदा। 'यः कामयते कामयतेवा स देवः' जिसदे सभ सत कँम अर जिसदी प्रापती दी कामना चँगे मनुश करदे हन तथा—'यो गच्छति गमयति वा स देवः' जो सभ विच विआपक अर जानण दे योग है इस लई उस परमेश्वर

ਦਾ ਨਾਮ 'ਦੇਵ' ਹੈ [ਕੁਵਿਅੱਛਾਦਨੇ] ਏਸ ਧਾਤੂ ਥੀਂ 'ਕੁਵੇਰ' ਸ਼ਬਦ ਸਿੱਧ ਹੁੰਦਾ ਹੈ। 'ਯਃਸਰਵੰ ਕੁਵਤਿਸ੍ਵਜਾਪਤਜਾਛਾਦਯਤਿ ਸ ਕੁਵੇਰੋ ਜਗਦੀਸ਼੍ਵਰਃ' ਜੋ ਅਪਨੀ ਵਿਆਪਤੀ ਨਾਲ ਸਭ ਨੂੰ ਢੱਕੇ, ਏਸ ਲਈ ਉਸ ਪਰਮੇਸ਼੍ਵਰ ਦਾ ਨਾਮ 'ਕੁਵੇਰ' ਹੈ [ਪ੍ਰਥ ਵਿਸ੍ਤਾਰੇ]ਏਸ ਧਾਤੂ ਥੀਂ ਪ੍ਰਿਥਿਵੀ ਸ਼ਬਦ ਸਿੱਧ ਹੁੰਦਾ ਹੈ। 'ਯਃ ਪ੍ਰਥਤੇ ਸਰਵਜਗਦ੍ਵਿਸਤ੍ਰਿਣਾਤਿ ਸ ਪ੍ਰਿਥਿਵੀ' ਜੋ ਸਭ ਫੈਲੇ ਹੋਏ ਜਗਤ ਨੂੰ ਵਿਸਤਾਰ ਕਰਨ ਵਾਲਾ ਹੈ ਏਸ ਲਈ ਉਸ ਪਰਮੇਸ਼੍ਵਰ ਦਾ ਨਾਮ 'ਪ੍ਰਿਥਿਵੀ' ਹੈ। [ਜਲ ਘਾਤਨੇ] ਏਸ ਧਾਤੂ ਥੀਂ 'ਜਲ' ਸ਼ਬਦ ਸਿੱਧ ਹੁੰਦਾ ਹੈ। 'ਜਲਤਿ ਘਾਤਯਤਿਦੁਸ਼੍ਟਾਂਨ ਮੰਘਾਤਯਤਿ ਅਵਜ੍ਰਕੁਪਰਮਾਣਵਾਦੀਨ ਤਦ ਬ੍ਰਹ੍ਮ ਜਲਮ' ਜੋ ਦੁਸ਼ਟਾਂ ਦਾ ਤਾੜਨ ਅਰ ਅਵਯਕਤ ਤਥਾ ਪਰਮਾਣੂਆਂ ਦਾ ਇਕ ਦੂਜੇ ਨਾਲ ਸੰਯੋਗ ਵਾ ਵਿਯੋਗ ਕਰਦਾ ਹੈ ਉਹ ਪਰਮਾਤਮਾ ਜਲ ਨਾਮ ਵਾਲਾ ਕਹਾਉਂਦਾ ਹੈ। [ਕਾਸ਼੍ਰੀਦੀਪਤੌ] ਏਸ ਧਾਤੂ ਥੀਂ 'ਆਕਾਸ਼'ਸ਼ਬਦ ਸਿੱਧ ਹੁੰਦਾ ਹੈ। 'ਯਃ ਸਰਵਤਃ ਸਰਵੰਜਗਤ ਪ੍ਰਕਾਸ਼ਯਤਿ ਸ ਆਕਾਸ਼ਃ' ਜੋ ਸਾਰਿਆਂ ਪਾਸਿਆਂ ਵਲੋਂ ਜਗਤ ਦਾ ਪ੍ਰਕਾਸ਼ਕ ਹੈ ਏਸ ਲਈ ਉਸ ਪਰਮਾਤਮਾ ਦਾ ਨਾਮ 'ਆਕਾਸ਼' ਹੈ। [ਅਦ ਭਖਛਣੇ] ਏਸ ਧਾਤੂ ਥੀਂ 'ਅੱਨ' ਸ਼ਬਦ ਸਿੱਧ ਹੁੰਦਾ ਹੈ।

ਅਦਜਤੇ ਅੱਤਿ ਚ ਭੂਤਾਨਿ ਤਸਮਾਦੈਨੰ ਤਦੁਚਜਤੇ ॥੧॥ ਅਹਮਨਮਹ-ਮਨਮਹਮਨਮ । ਅਹਮਨਾਦੋਹਮਨਾਦੋਹਮਨਾਦਃ ॥ ੨ ॥ ਤੈਤਰੀਯ ਉਪਨਿਸ਼ਦ। ਅਨੁਵਾਕ ੨ । ੧੦ ॥ ਅੱਤਾ ਚਰਾਚਰਗ੍ਰਹਣਾਤ ॥ ਵੇਦਾਂਤਦਰਸ਼ਨੇ। ਅਧਜਾਯ ੧ । ਪਾ੦ ੨ । ਸੂਤ੍ਰ ੯ ॥

ਜੋ ਸਭ ਨੂੰ ਅੰਦਰ ਰਖਨੇ ਸਭ ਨੂੰ ਗ੍ਰਹਣ ਕਰਨੇ ਯੋਗ ਚਰਾਚਰ ਜਗਤ ਦਾ ਗ੍ਰਹਣ ਕਰਨੇ ਵਾਲਾ ਹੈ ਏਸ ਲਈ ਉਸ ਈਸ਼੍ਵਰ ਦੇ 'ਅੱਨ' 'ਅੱਨਾਦ' ਅਰ 'ਅੱਤਾ' ਨਾਮ ਹਨ। ਅਰ ਜੋ ਏਸ ਵਿੱਚ ਤਿੰਨ ਵਾਰ ਪਾਠ ਹੈ ਸੋ ਆਦਰ ਦੇ ਵਾਸਤੇ ਹੈ। ਜੀਕਨ ਗੁੱਲਰ ਦੇ ਫਲ ਵਿੱਚ ਕੀੜੇ ਉਤਪੰਨ ਹੋਕੇ ਉਸੇ ਵਿੱਚ ਰਹਿੰਦੇ ਅਰ ਨਸ਼ਟ ਹੋ ਜਾਂਦੇ ਹਨ ਉਕਨ ਪਰਮੇਸ਼੍ਵਰ ਦੇ ਵਿੱਚ ਸਭ ਜਗਤ ਦੀ ਅਵਸਥਾ ਹੈ। [ਵਸ ਨਿਵਾਸੇ] ਏਸ ਧਾਤੂ ਥੀਂ 'ਵਸੁ' ਸ਼ਬਦ ਸਿੱਧ ਹੋਇਆ ਹੈ। 'ਵਸੰਤਿ ਭੂਤਾਨਿ ਯਸਿ-ਨੱਥਵਾ ਯਃ ਸਰਵੇਸ਼ੁ ਵਸਤਿ ਸ ਵਸੁਰੀਸ਼੍ਵਰ' ਜਿਸ ਵਿੱਚ ਸਭ ਆਕਾਸ਼ ਆਦੀ ਭੂਤ ਵਸਦੇ ਹਨ ਅਰ ਜੋ ਸਭ ਵਿੱਚ ਵਾਸ ਕਰ ਰਹਿਆ ਹੈ ਏਸ ਲਈ ਉਸ ਪਰਮੇਸ਼੍ਵਰ ਦਾ ਨਾਮ 'ਵਸੁ' ਹੈ (ਰੁਦਿਰ ਅਸ਼੍ਰੁਵਿਮੋਚਨੇ) ਏਸ ਧਾਤੂ ਥੀਂ 'ਣਿਚ' ਪ੍ਰਤੈ ਹੋਣ ਥੀਂ 'ਰੁਦ੍' ਸ਼ਬਦ ਸਿੱਧ ਹੁੰਦਾ ਹੈ। 'ਯੋ ਰੋਦਯਤਜ-ਨਜਾਯਕਾਰਿਣੋ ਜਨਾਨ ਸ ਰੁਦ੍ਰਃ'ਜੋ ਦੁਸ਼ਟ ਕਰਮ ਕਰਨ ਹਾਰਿਆਂ ਨੂੰ ਰੁਆਂ ਦਾ ਹੈ ਏਸ ਲਈ ਉਸ ਪਰਮੇਸ਼੍ਵਰ ਦਾ ਨਾਮ 'ਰੁਦ੍' ਹੈ। 'ਯਨਮਨਸਾ ਧਜਾਯਤਿ ਤਦ੍ਵਾਚਾਵਦਤਿ ਯਦ੍ਵਾਚਾ ਵਦਤਿ ਤਤ ਕਰਮਣਾ ਕਰੋਤਿ ਤਦਭਿਸੰਪਦਜਤੇ ॥

ਏਹ ਯਜੁਰਵੇਦ ਦੇ ਬ੍ਰਾਹਮਣ ਦਾ ਵਚਨ ਹੈ। ਜੀਵ ਜਿਸਦਾ ਮਨ ਨਾਲ

ਧਿਆਨ ਕਰਦਾ, ਉਸਨੂੰ ਬਾਣੀ ਨਾਲ ਬੋਲਦਾ, ਜਿਸਨੂੰ ਬਾਣੀ ਨਾਲ ਬੋਲਦਾ ਓਸਨੂੰ ਕਰਮ ਨਾਲ ਕਰਦਾ,ਜਿਸਨੂੰ ਕਰਮ ਨਾਲ ਕਰਦਾ ਉਸੇ ਨੂੰ ਪ੍ਰਾਪਤ ਹੁੰਦਾ ਹੈ। ਏਸ ਥੀਂ ਕੀ ਸਿੱਧ ਹੋਇਆ ਕਿ ਜੋ ਜੀਵ ਜਿਹਾ ਕਰਮ ਕਰਦਾ ਹੈ ਤਿਹਾ ਹੀ ਫਲ ਪਾਉਂਦਾ ਹੈ, ਜਦ ਦੁਸ਼ਟ ਕਰਮ ਕਰਨ ਵਾਲੇ ਜੀਵ ਈਸ਼ੁਰ ਦੀ ਨਜਾਯ ਰੂਪ ਵਿਵਸਥਾ ਥੀਂ ਦੁਖ ਰੂਪ ਫਲ ਪਾਂਦੇ ਤਦ ਰੋਂਦੇ ਹਨ ਅਰ ਇਸੇ ਪ੍ਰਕਾਰ ਈਸ਼ੁਰ ਉਨ੍ਹਾਂ ਨੂੰ ਰੁਆਂਦਾ ਹੈ। ਏਸ ਲਈ ਪਰਮੇਸ਼ੁਰ ਦਾ ਨਾਮ 'ਰੁਦ੍' ਹੈ ॥

ਆਪੋ ਨਾਰਾਇਤਿਪ੍ਰੋਕ੍ਤਾਆਪੋ ਵੈ ਨਰਸੂਨਵਃ।ਤਾਂ ਯਦਸਯਾਯਨੰ ਪੂਰਵੰ ਤੇਨ ਨਾਰਾਯਣਃ ਸਮ੍ਰਿਤਃ ॥ ਮਨੁਸਿਮ੍ਰਿਤੀ ਅਧਯਾਯ ੧। ਸ਼ਲੋਕ ੧੦।

ਜਲ ਅਰ ਜੀਵਾਂ ਦਾ ਨਾਮ ਨਾਰਾ ਹੈ ਉਹਐਨ ਅਰਥਾਤ ਨਿਵਾਸ ਸਥਾਨ ਹਨ ਜਿਸਦੇ ਏਸ ਲਈ ਸਭ ਜੀਵਾਂ ਵਿਚ ਵਿਆਪਕ ਪਰਮੇਸ਼ੁਰ ਦਾ ਨਾਮ 'ਨਾਰਾਯਣ' ਹੈ। (ਚਦਿ ਆਹਲਾਦੇ) ਏਸ ਧਾਤੂ ਥੀਂ 'ਚੰਦ੍' ਸ਼ਬਦ ਸਿੱਧ ਹੁੰਦਾ ਹੈ। 'ਯਸ਼ਚੰਦਤਿ ਚੰਦਯਤਿ ਵਾ ਸ ਚੰਦ੍ਰਃ' ਜੋ ਆਨੰਦ ਸਰੂਪ ਅਰ ਸਭਨੂੰ ਆਨੰਦ ਦੇਨ ਵਾਲਾ ਹੈ ਏਸ ਲਈ ਈਸ਼ੁਰ ਦਾ ਨਾਮ 'ਚੰਦ੍' ਹੈ (ਮਗਿ) ਗਤਜਰਥਕ ਧਾਤੂ ਥੀਂ 'ਮੰਗਲੇਰਲਚ' ਇਸ ਸੂਤ੍ਰ ਨਾਲ 'ਮੰਗਲ' ਸ਼ਬਦ ਸਿੱਧ ਹੁੰਦਾ ਹੈ। 'ਯੋ ਮੰਗਤਿ ਮੰਗਯਤਿ ਵਾ ਸ ਮੰਗਲਃ' ਜੋ ਆਪ ਮੰਗਲ ਸਰੂਪ ਅਰ ਸਭ ਜੀਵਾਂ ਦੇ ਮੰਗਲ ਦਾ ਕਾਰਣ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ 'ਮੰਗਲ' ਹੈ। [ਬੁਧ ਅਵਗਮਨੇ] ਏਸ ਧਾਤੂ ਥੀਂ 'ਬੁਧ' ਸ਼ਬਦ ਸਿੱਧ ਹੁੰਦਾ ਹੈ। 'ਯੋ ਬੁਧਯਤੇ ਬੋਧਯਤਿ ਵਾ ਸ ਬੁਧਃ'ਜੋ ਆਪ ਬੋਧਸਰੂਪ ਅਰ ਸਭ ਜੀਵਾਂ ਦੇ ਬੋਧ ਦਾ ਕਾਰਣ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ 'ਬੁਧ' ਹੈ । 'ਬ੍ਰਿਹਸਪਤੀ' ਸ਼ਬਦ ਦਾ ਅਰਥ ਕਹਿ ਦਿੱਤਾ। (ਈਸ਼ੁਚਿਰ ਪੂਤੀਭਾਵੇ) ਏਸ ਧਾਤੂ ਥੀਂ 'ਸ਼ੁਕ੍ਰ' ਸ਼ਬਦ ਸਿੱਧ ਹੋਇਆ ਹੈ 'ਯਃ ਸ਼ੁਚਯਤਿ ਸ਼ੋਚਯਤਿ ਵਾ ਸ ਸ਼ੁਕ੍ਰਃ' ਜੋ ਅਤਯੰਤ ਪਵਿਤ੍ਰ ਅਰ ਜਿਸਦੇ ਸੰਗ ਨਾਲ ਜੀਵ ਭੀ ਪਵਿਤ੍ਰ ਹੋ ਜਾਂਦਾ ਹੈ ਏਸ ਲਈ ਈਸ਼ੁਰ ਦਾ ਨਾਮ 'ਸ਼ੁਕ੍ਰ' ਹੈ। (ਚਰ ਗਤਿਭਖਛਣਯੋਃ) ਏਸ ਧਾਤੂ ਥੀਂ 'ਸ਼ਨੈਸ' ਅੱਵੈ ਉਪਪਦ ਹੋਨ ਥੀਂ 'ਸ਼ਨੈਸਚਰ' ਸ਼ਬਦ ਸਿੱਧ ਹੋਇਆ ਹੈ।'ਯਃ ਸ਼ਨੈਸ਼ਚਰਤਿ ਸ ਸ਼ਨੈਸ਼ਚਰਃ' ਜੋ ਸਭ ਵਿੱਚ ਸਹਜ ਨਾਲ ਪ੍ਰਾਪਤ ਧੀਰਯਵਾਨ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ 'ਸ਼ਨੈਸ਼ਚਰ' ਹੈ। (ਰਹਤਆਗੇ) ਏਸ ਧਾਤੂ ਥੀਂ 'ਰਾਹੁ' ਸ਼ਬਦ ਸਿੱਧ ਹੁੰਦਾ ਹੈ। 'ਯੋ ਰਹਤਿ ਪਰਿਤਜਜਤਿ ਦੁਸ਼ਟਾਨ ਰਾਹਯਤਿ ਭਜਾਜਯਤਿ ਵਾ ਸਰਾਹੁਰੀਸ਼ੁਰਃ' ਜੋ ਏਕਾਂਤ ਸਰੂਪ ਜਿਸਦੇ ਸਰੂਪਵਿੱਚ ਦੂਜਾਪਦਾਰਥਸੰਯੁਕਤ ਨਹੀਂ, ਜੋ ਦੁਸ਼ਟਾਂ ਨੂੰ ਛੱਡਨ ਅਰ ਹੋਰਨਾਂ ਨੂੰ ਛੁਡਾਉਨ ਹਾਰਾ ਹੈ ਏਸ ਲਈ ਪਰਮੇਸ਼ੁਰ ਦਾ ਨਾਮ'ਰਾਹੁ'ਹੈ।(ਕਿਤਨਿਵਾਸੇ ਰੋਗਾਪਨਯਨੇਚ) ਏਸ ਧਾਤੂ ਥੀਂ 'ਕੇਤੁ'ਸ਼ਬਦ ਸਿੱਧ ਹੁੰਦਾ ਹੈ। 'ਯਃ ਕੇਤਯਤਿ ਚਿਕਿਤਸਤਿ ਵਾ ਸਕੇਤੁਰੀਸ਼ੁਰਃ' ਜੋ ਸਭ ਜਗਤ ਦਾ ਨਿਵਾਸ ਸਥਾਨ ਸਭ ਰੋਗਾਂ ਥੀਂ ਰਹਿਤ ਅਰ ਮੁਕਤੀ ਦੀ ਇਛਿਆ ਕਰਨ

ਵਾਲਿਆਂ ਨੂੰ ਮੁਕਤੀ ਸਮੇਂ ਵਿੱਚ ਸਭ ਰੋਗਾਂ ਥੀਂ ਛੁਡਾਂਦਾ ਹੈ ਏਸ ਲਈ ਉਸ ਪਰਮਾਤਮਾ ਦਾ ਨਾਮ 'ਕੇਤੁ' ਹੈ।(ਯਜ ਦੇਵਪੂਜਾਸੰਗਤਿਕਰਣਦਾਨੇਸ਼ੁ)ਏਸਧਾਤੂ ਥੀਂ 'ਯਜਞ' ਸ਼ਬਦ ਸਿੱਧ ਹੁੰਦਾ ਹੈ। 'ਯਜਞੋ ਵੈ ਵਿਸ਼ਨੁਃ' ਏਹ ਬ੍ਰਾਹਮਣ ਗ੍ਰੰਥ ਦਾ ਵਚਨ ਹੈ। 'ਯੋ ਯਜਤਿ ਵਿਦ੍ਵਦਭਿਰਿਜਯਤੇ ਵਾ ਸ ਯਜਞਃ' ਜੋ ਸਭ ਜਗਤ ਦੇ ਪਦਾਰਥਾਂ ਨੂੰ ਸੰਯੁਕਤ ਕਰਦਾ ਅਰ ਸਭ ਵਿਦਵਾਨਾਂ ਦਾ ਪੂਜਯ ਹੈ ਅਰ ਬ੍ਰਹਮਾਂ ਥੀਂ ਲੈਕੇ ਸਭਰਿਸ਼ੀ ਮੁਨੀਆਂ ਦਾ ਪੂਜਨੀਯ ਸੀ ਅਰ ਹੋਵੇਗਾ, ਏਸ ਲਈ ਉਸ ਪਰਮੇਸ਼ੁਰ ਦਾ ਨਾਮ 'ਯਜਞ' ਹੈ ਕਿਉਂ ਜੋ ਓਹ ਸਭ ਥਾਂ ਵਿਆਪਕ ਹੈ। (ਹੁ ਦਾਨਾਦਨਯੋਃ ਆਦਾਨੇ ਚੇਤਸੇਕੇ) ਏਸ ਧਾਤੂ ਥੀਂ 'ਹੋਤਾ' ਸ਼ਬਦ ਸਿੱਧ ਹੋਇਆ ਹੈ। 'ਯੋਜੁਹੋਤਿ ਸ ਹੋਤਾ' ਜੋ ਜੀਵਾਂ ਨੂੰ ਦੇਨੇ ਯੋਗ ਪਦਾਰਥਾਂ ਦਾ ਦੇਨ ਵਾਲਾ ਅਰ ਗ੍ਰਹਣ ਕਰਨੇ ਯੋਗਾਂ ਦਾ ਗ੍ਰਹਣ ਕਰਨ ਵਾਲਾ ਹੈ ਏਸ ਥੀਂ ਉਸ ਪਰਮੇਸ਼ੁਰ ਦਾ ਨਾਮ 'ਹੋਤਾ' ਹੈ। (ਬੰਧ ਬੰਧਨੇ) ਏਸ ਥੀਂ 'ਬੰਧੁ' ਸ਼ਬਦ ਸਿੱਧ ਹੁੰਦਾ ਹੈ। 'ਯਃ ਸ੍ਮਸਮਿਨ ਚਰਾਚਰੰ ਜਗਦ ਬਧਨਾਤਿ ਬੰਧੁਵਦ ਧਰਮਾਤਮਾਨੰ ਸੁਖਾਯਸਹਾਯੋਵਾਵਰਤਤੇ ਸ ਬੰਧੁਃ' ਜਿਸ ਨੇ ਅਪਣੇ ਵਿੱਚ ਸਭ ਲੋਕ ਲੋਕਾਂਤ੍ ਨਿਯੱਮਾਂ ਨਾਲ ਬੱਨ੍ਹ ਰਖੇ ਅਰ ਸੱਕੇ ਭਰਾਦੀ ਨਿਆਈਂ ਸਹਾਇਕ ਹੈ ਇੱਸੇ ਕਰਕੇ ਅਪਣੀ ਅਪਣੀ ਪਰਿਧੀ ਵਾ ਨਿਯਮ ਦਾ ਉਲੰਘਨ ਨਹੀਂ ਕਰ ਸਕਦੇ ਜੀਕਨ ਭਰਾਭਰਾਵਾਂਦਾ ਸਹਯਕਾਰੀ ਹੁੰਦਾ ਹੈ ਉਕਨਪਰਮੇਸ਼ੁਰਭੀ ਪ੍ਰਿਥਿਵੀ ਆਦੀ ਲੋਕਾਂ ਦੇ ਧਾਰਣ, ਰਖਛਣ, ਅਰ ਸੁਖ ਦੇਨ ਕਰਕੇ 'ਬੰਧੁ' ਨਾਮ ਵਾਲਾ ਹੈ। (ਪਾ ਰਖਛਣੇ) ਏਸ ਧਾਤੁ ਥੀਂ 'ਪਿਤਾ' ਸ਼ਬਦ ਸਿੱਧ ਹੋਇਆ ਹੈ। 'ਯਃ ਪਾਤਿ ਸਰਵਾਨ ਸਪਿਤਾ' ਜੋ ਸਭ ਦੀ ਰਖਿਆ ਕਰਨ ਵਾਲਾ, ਜੀਕਨ ਪਿਉ ਅਪਨੀ ਉਲਾਦ ਉੱਤੇ ਸਦਾ ਕ੍ਰਿਪਾਲੂ ਹੋਕੇ ਉਨਾਂ ਦੀ ਉੱਨਤੀ ਚਾਂਹਦਾ ਹੈ ਉਕਨ ਹੀ ਪਰਮੇਸ਼ੁਰ ਸਭ ਜੀਵਾਂ ਦੀ ਉੱਨਤੀ ਚਾਂਹਦਾ ਹੈ ਏਸ ਲਈ ਉਸ ਦਾ ਨਾਮ 'ਪਿਤਾ' ਹੈ 'ਯਃ ਪਿਤ੍ਰਣਾਂ ਪਿਤਾ ਸ ਪਿਤਾਮਹਃ' ਜੋ ਪਿਤਾ ਦਾ ਭੀ ਪਿਤਾ ਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਮ 'ਪਿਤਾਮਹ' ਹੈ 'ਯਃ ਪਿਤਾਮਹਾਨਾਂ ਪਿਤਾ ਸ ਪ੍ਰਪਿਤਾਮਹਃ' ਜੋ ਪਿਉਆਂ ਦੇ ਵਡਿਆਂ ਦਾ ਪਿਉ ਹੈ ਏਸ ਲਈ ਪਰਮੇਸ਼ੁਰ ਦਾ ਨਾਮ 'ਪ੍ਰਪਿਤਾਮਹ' ਹੈ। 'ਯੋ ਮਿਮੀਤੇ ਮਾਨਯਤਿ ਸਰਵਾਂਜੀਵਾਨ ਸ ਮਾਤਾ' ਜੀਕਣ ਪੂਰਣ ਕ੍ਰਿਪਾ ਵਾਲੀ ਜਨਨੀ ਅਪਣੀ ਉਲਾਦ ਦਾ ਸੁਖ ਅਰ ਉੱਨਤੀ ਚਾਹੁੰਦੀ ਹੈ ਉਕਣ ਪਰਮੇਸ਼ੁਰ ਭੀ ਸਭ ਜੀਵਾਂ ਦਾ ਵਾਧਾ ਚਾਹੁੰਦਾ ਹੈ ਏਸ ਲਈ ਪਰਮੇਸ਼ੁਰ ਦਾ ਨਾਮ 'ਮਾਤਾ'ਹੈ। (ਚਰ ਗਤਿਭਖਛਣਯੋਃ) ਆਙ ਪੂਰਵਕ ਏਸ ਧਾਤੂ ਥੀਂ 'ਆਚਾਰਯ' ਸ਼ਬਦ ਸਿੱਧ ਹੁੰਦਾ ਹੈ। 'ਯ ਆਚਾਰੰ ਗ੍ਰਾਹਯਤਿ ਸਰਵਾ ਵਿਦਜਾ ਵਾ ਬੋਧਯਤਿ ਸ ਆਚਾਰਯ ਈਸ਼੍ਵਰਃ' ਜੋ ਸਤ ਆਚਾਰ ਦਾ ਗ੍ਰਹਣ ਕਰਾਣੇ ਹਾਰਾ, ਅਰ ਸਭ ਵਿਦਜਾ ਦੀ ਪ੍ਰਾਪਤੀ ਦਾ ਹੇਤੂ ਹੋਕੇ ਸਭ ਵਿਦਿਆ ਪ੍ਰਾਪਤ ਕਰਾਂਦਾ ਹੈ ਏਸ ਲਈ ਪਰਮੇਸ਼ੁਰ ਦਾ ਨਾਮ 'ਆਚਾਰਯ' ਹੈ (ਗ੍ਰਿ ਸ਼ਬਦੇ)

ਏਸ ਧਾਤੂ ਥੀਂ 'ਗੁਰੂ' ਸ਼ਬਦ ਬਣਿਆ ਹੈ। 'ਯੋ ਧਰਮਜਾਨ ਸ਼ਬਦਾਨ ਗ੍ਰਿਣਾਤਜੁ-ਪਦਿਸ਼ਤਿ ਸ ਗੁਰੁ:' ॥

ਸ ਪੂਰਵੇਸ਼ਾਮਪਿ ਗੁਰੁ: ਕਾਲੇਨਾਨਵੱਛੇਦਾਤ।

ਯੋਗਸੂਤ੍ਰ ਸਮਾਧਿਪਾਦੇ ਸੂਤ੍ਰ ੨੬ ॥

ਜੋ ਸਤ ਧਰਮ ਪ੍ਰਤੀਪਾਦਕ, ਸਕਲ ਵਿਦਿਆ ਯੁਕਤ, ਵੇਦਾਂ ਦਾ ਉਪਦੇਸ਼ ਕਰਨੇ ਵਾਲਾ ਸ੍ਰਿਸ਼ਟੀ ਦੇ ਆਦਿ ਵਿਚ ਅਗਨੀ, ਵਾਯੁ, ਆਦਿਤ, ਅੰਗਿਰਾ ਅਰ ਬ੍ਰਹਮਾ ਆਦੀ ਗੁਰੂਆਂ ਦਾ ਭੀ ਗੁਰੂ ਜਿਸਦਾ ਨਾਸ਼ ਕਦੀ ਨਹੀਂ ਹੁੰਦਾ ਇਸ ਲਈ ਉਸ ਪਰਮੇਸ਼ੁਰ ਦਾ ਨਾਮ 'ਗੁਰੂ' ਹੈ (ਅਜ ਗਤਿਖਛੇਪਣਯੋ:, ਜਨੀਪ੍ਰਾਦੁਰਭਾਵੇ) ਇਨਾਂ ਧਾਤੂਆਂ ਥੀਂ 'ਅਜ' ਸ਼ਬਦ ਬਣਦਾ ਹੈ। 'ਯੋ ਅਜਤਿ ਸ੍ਰਿਸ਼੍ਟਿੰਪ੍ਰਤਿ ਸਰਵਾਨ ਪ੍ਰਕ੍ਰਿਤਜਾਦੀਨ ਪਦਾਰਥਾਨ ਪ੍ਰਖਿਛਪਤਿ ਜਾਨਾਤਿ ਵਾ ਕਦਾਚਿਤ ਨ ਜਾਯਤੇ ਸੋ ਅਜ:' ਜੋ ਸਭ ਪ੍ਰਕ੍ਰਿਤਿ ਦੇ ਅਵੈਵ ਆਕਾਸ਼ ਆਦੀ ਭੂਤ ਪਰਮਾਣੂਆਂ ਨੂੰ ਯਥਾਯੋਗ ਮਿਲਾਂਦਾ ਸ਼ਰੀਰ ਦੇ ਨਾਲ ਜੀਵਾਂ ਦਾ ਮੇਲ ਕਰਕੇ ਜਨਮ ਦੇਂਦਾ ਅਰ ਆਪ ਕਦੀ ਜਨਮ ਨਹੀਂ ਲੈਂਦਾ ਏਸ ਲਈ ਉਸ ਈਸ਼ੁਰ ਦਾ ਨਾਮ 'ਅਜ' ਹੈ। (ਵ੍ਰਿਹਿਵ੍ਰਿਧੌ) ਏਸ ਧਾਤੂ ਥੀਂ 'ਬ੍ਰਹਮਾ' ਸ਼ਬਦ ਸਿੱਧ ਹੁੰਦਾ ਹੈ। 'ਯੋ ਅਖਿਲੰ ਜਗੱਨਿਰਮਾਣੇਨ ਵ੍ਰਿਹਤਿ ਵਰਧਯਤਿ ਸਬ੍ਰਹਮਾ' ਜੋ ਸੰਪੂਰਣ ਜਗਤ ਨੂੰ ਰਚਕੇ ਉਸਦਾ ਵਾਧਾ ਕਰਦਾ ਹੈ ਏਸ ਲਈ ਪਰਮੇਸ਼ੁਰ ਦਾ ਨਾਮ ਬ੍ਰਹਮਾ ਹੈ। 'ਸਤਜੰ ਗਜਾਨਮਨੰਤੰ ਬ੍ਰਹਮ' ਏਹ ਤੈਤਰੀਯ ਉਪਨਿਸ਼ਦ ਦਾ ਵਚਨ ਹੈ। 'ਸੰਤਿਤਿ ਸੰਤਸ੍ਵੇਸ਼ੁ ਸਤਸੁ ਸਾਧੂ ਤਤਸਤਜੰ ਯੰਜਾਨਾਤਿ ਚਰਾਚਰੰਜਗ-ਤੱਜਵਾਨਮ। ਨ ਵਿਦਜਤੇ ਅੰਤੋ ਅਵਧਿਮਰਯਾਦਾ ਯਸਜ ਤਦਨੰਤਮ।ਸਰਵੇਭਜੋ ਬ੍ਰਿਹਤਤ੍ਵਾਦ ਬ੍ਰਹਮ' ਜੋ ਪਦਾਰਥ ਹੋਨ ਉਨਾਂ ਨੂੰ ਤਤ ਕਹਿੰਦੇ ਹਨ ਉਨਾਂ ਵਿਚ ਸਾਧੂ ਹੋਨ ਕਰਕੇ ਪਰਮੇਸ਼ੁਰ ਦਾ ਨਾਮ ਸਤਜ ਹੈ। ਜੋ ਚਰਾਚਰ ਜਗਤਦਾ ਜਾਨਨ ਵਾਲਾ ਹੈ ਏਸ ਲਈ ਪਰਮੇਸ਼ੁਰ ਦਾ ਨਾਮ 'ਜਵਾਨ' ਹੈ ਜਿਸਦਾ ਅੰਤ ਅਵਧੀ ਮਰਯਾਦਾ ਅਰਥਾਤ ਇਨਾਂ ਲੰਬਾ, ਚੌੜਾ, ਛੋਟਾ ਵਡਾ ਹੈ ਅਜੇਹਾ ਮਾਪ ਨਹੀਂ ਹੈ ਏਸ ਲਈ ਪਰਮੇਸ਼ੁਰ ਦਾ ਨਾਮ 'ਅਨੰਤ' ਹੈ। (ਡੁਦਾਵਦਾਨੇ)ਆਙ ਪੂਰਵਕ ਏਸ ਧਾਤੂ ਥੀਂ 'ਆਦੀ' ਸ਼ਬਦ ਅਰ ਨਵ ਪੂਰਵਕ ਅਨਾਦੀ ਸ਼ਬਦ ਸਿੱਧ ਹੁੰਦਾ ਹੈ। 'ਯਸਮਾਤ ਪੂਰਵੰ ਨਾਸ੍ਵਿ ਪਰੰ ਚਾਸ੍ਵਿ ਸ ਆਦਿ-ਰਿਤਜੁਚਜਤੇ, ਨ ਵਿਦਜਤੇ ਆਦਿ: ਕਾਰਣੰ ਯਸਜ ਸੋ ਅਨਾਦਿਰੀਸ਼ੁਰ:' ਜਿਸ ਦੇ ਪਰਵ ਕੁਝ ਨਹੀਂ ਅਰ ਪਰੇ ਹੋਣ ਓਸਨੂੰ ਆਦਿ ਕਹਿੰਦੇ ਹਨ ਜਿਸਦਾ ਆਦੀ ਕਾਰਣ ਕੋਈ ਭੀ ਨਹੀਂ ਹੈ ਏਸ ਲਈ ਪਰਮੇਸ਼ੁਰ ਦਾ ਨਾਮ ਅਨਾਦੀ ਹੈ। (ਟੁਨਦਿ ਸਮ੍ਰਿੱਧੌ) ਆਙ ਪੂਰਵਕ ਏਸ ਧਾਤੂ ਥੀਂ 'ਆਨੰਦ' ਸ਼ਬਦ ਬਨਦਾ ਹੈ। 'ਆਨੰਦੰਤਿ ਸਰਵੇ ਮੁਕ੍ਰਾ ਯਸਮਿਨ ਯਦ੍ਵਾ ਯ: ਸਰਵਾਂਜੀਵਾ-

ਨਾਨੰਦਯਤਿ ਸ ਆਨੰਦਃ' ਜੋ ਆਨੰਦਸਰੂਪ ਜਿਸ ਵਿਚ ਸਭ ਮੁਕਤ ਜੀਵ ਆਨੰਦ ਨੂੰ ਪ੍ਰਾਪਤ ਹੁੰਦੇ ਅਰ ਜੋ ਸਭ ਧਰਮਾਤਮਾ ਜੀਵਾਂ ਨੂੰ ਆਨੰਦ ਯੁਕਤ ਕਰਦਾ ਹੈ ਏਸ ਲਈ ਈਸ਼ੁਰ ਦਾ ਨਾਮ 'ਆਨੰਦ' ਹੈ (ਅਸਭੂਵਿ) ਏਸ ਧਾਤੂ ਥੀਂ 'ਸਤ' ਸ਼ਬਦ ਸਿੱਧ ਹੁੰਦਾ ਹੈ। 'ਯਦਸ੍ਮਿ ਤ੍ਰਿਸ਼ੁ ਕਾਲੇਸ਼ੁ ਨ ਵਧਯਤੇ ਤਤਸਦ ਬ੍ਰਹ੍ਮ' ਜੋ ਸਦਾ ਵਰਤਮਾਨ ਅਰਥਾਤ ਭੂਤ, ਭਵਿਸ਼ੱਤ, ਵਰਤਮਾਨ ਅਰਥਾਤ ਇਨਾਂ ਕਾਲਾਂ ਵਿਚ ਜਿਸਦਾ ਬਾਧ ਨਾ ਹੋਵੇ ਉਸ ਪਰਮੇਸ਼ੁਰ ਨੂੰ 'ਸਤ' ਕਹਿੰਦੇ ਹਨ। (ਚਿਤੀ ਸੰਜਵਾਨੇ) ਏਸ ਧਾਤੂ ਥੀਂ 'ਚਿਤ' ਸ਼ਬਦ ਸਿੱਧ ਹੁੰਦਾ ਹੈ। ਯਸ਼ਚੇਤਯਤਿ ਚੇਤਯਤਿ ਸੰਜਵਾਯਤਿ ਸਰਵਾਨ ਸੱਜਨਾਨ ਯੋਗਿਨਸ੍ਚਿਤਪਰੰ ਬ੍ਰਹ੍ਮ' ਜੋ ਚੇਤਨ ਸਰੂਪ ਸਭ ਜੀਵਾਂ ਨੂੰ ਚਿਤਾਨੇ, ਅਰ ਸੱਤ ਅਸੱਤ ਦਾ ਜਾਣਨ ਹਾਰਾ ਹੈ ਏਸ ਲਈ ਓਸ ਪਰਮੇਸ਼ੁਰ ਦਾ ਨਾਮ 'ਚਿਤ' ਹੈ। ਇਨਾਂ ਤਿੰਨਾਂ ਸ਼ਬਦਾਂ ਦੇ ਵਿਸ਼ੇਸ਼ਣ ਹੋਣ ਕਰਕੇ ਪਰਮੇਸ਼ੁਰ ਨੂੰ'ਸੱਚਿਦਾਨੰਦ ਸਰੂਪ ਕਹਿੰਦੇਹਨ 'ਯੋ ਨਿਤਜ ਧ੍ਰੁਵ ਅਚਲੋ ਅਵਿਨਾਸ਼ੀ ਸ ਨਿਤਜਃ' ਜੋ ਨਿਸ਼ਚਲ ਅਵਿਨਾਸ਼ੀ ਹੈ ਸੋ ਨਿੱਤ ਸ਼ੋਬਦਵਾਚੀ ਈਸ਼ੁਰ ਹੈ। (ਸ਼ੁਧ ਸ਼ੁਧੌ) ਏਸ ਥੀਂ 'ਸ਼ੁਧ' ਸ਼ਬਦ ਸਿੱਧ ਹੁੰਦਾਹੈ।'ਯਃਸ਼ੁੱਧਤਿਸਰਵਾਨਸ਼ੋਧਯਤਿਵਾ ਸ ਸ਼ੁਧ ਈਸ਼ੁਰਃ'ਜੋ ਆਪ ਪਵਿਤ੍ਰਸਭ ਅਸ਼ੁੱਧੀਆਂ ਥੀਂ ਰਹਿਤ ਅਰ ਸਭ ਨੂੰ ਸ਼ੁੱਧ ਕਰਨ ਵਾਲਾ ਹੈ ਏਸ ਲਈ ਉਸ ਈਸ਼ੁਰ ਦਾ ਨਾਮ 'ਸ਼ੁੱਧ' ਹੈ। (ਬੁਧ ਅਵਗਮਨੇ) ਏਸ ਧਾਤੂ ਥੀਂ 'ਕ੍ਰ' ਪ੍ਰਤੈ ਹੋਣੇ ਕਰਕੇ 'ਬੁਧ' ਸ਼ਬਦ ਸਿੱਧ ਹੁੰਦਾ ਹੈ। 'ਯੋ ਬੁੱਧਵਾਨ ਸਦੈਵ ਸਵਾਤਾ ਅਸਤਿ ਸ ਬੁਧੋਜਗਦੀਸ਼ੁਰਃ' ਜੋ ਸਦਾ ਸਭਨੂੰ ਜਾਣਨ ਹਾਰਾ ਹੈ ਏਸ ਲਈ ਈਸ਼ੁਰ ਦਾ ਨਾਮ ਬੁੱਧ ਹੈ। (ਮੁਚਲ੍ਰੀਮੋਚਨੇ) ਏਸ ਧਾਤੂ ਥੀਂ 'ਮੁਕਤ' ਸ਼ਬਦ ਸਿੱਧ ਹੁੰਦਾ ਹੈ। 'ਯੋ ਮੁੰਚਤਿ ਮੋਚਯਤਿ ਵਾ ਮੁਮੁਖਛੁਨ ਸ ਮੁਕਤੋ ਜਗਦੀਸ਼ੁਰਃ' ਜੋ ਸਦਾ ਅਸ਼ੁਧੀਆਂ ਥੀਂ ਅਲਗ ਅਰ ਸਭਨਾਂ ਮੁਕਤੀ ਦੀ ਇਛਿਆ ਕਰਨ ਵਾਲਿਆਂ ਨੂੰ ਕਲੇਸ਼ ਥੀਂ ਛੁਡਾ ਦੇਂਦਾ ਹੈ ਏਸ ਲਈ ਪਰਮੇਸ਼ੁਰ ਦਾ ਨਾਮ 'ਮੁਕਤ' ਹੈ। 'ਅਤ ਏਵ ਨਿਤਜ ਸ਼ੁੱਧਬੁੱਧ ਮੁਕਤਸ੍ਵਭਾਵੋ ਜਗਦੀਸ਼ੁਰਃ' ਇਸੇ ਕਾਰਣ ਥੀਂ ਪਰਮੇਸ਼ੁਰ ਦਾ ਸੁਭਾਵ ਨਿੱਤ, ਸ਼ੁੱਧ, ਬੁੱਧ ਮੁਕਤ ਹੈ। ਨਿਰ ਅਰ ਆਞ ਪੁਰਵਕ (ਡੁਕ੍ਰਿਵ ਕਰਣੇ) ਏਸ ਧਾਤੂ ਥੀਂ 'ਨਿਰਾਕਾਰ' ਸ਼ਬਦ ਸਿੱਧ ਹੁੰਦਾ ਹੈ।'ਨਿਰਗਤਃ ਆਕਾਰਾਤ ਸ ਨਿਰਾਕਾਰਃ' ਜਿਸਦੀ ਸ਼ਕਲ ਕੋਈ ਭੀ ਨਹੀਂ ਅਰ ਨਾ ਕਦੀ ਸ਼ਰੀਰ ਧਾਰਣ ਕਰਦਾ ਹੈ ਏਸਲਈ ਪਰਮੇਸ਼ੁਰ ਦਾ ਨਾਮ 'ਨਿਰਾਕਾਰ' ਹੈ। (ਮ੍ਰਜੁ ਵਜਕਤਿਮ੍ਰਖਛਣ ਕਾਂਤਿਗਤਿਸ਼ੁ) ਏਸ ਧਾਤੂ ਥੀਂ 'ਅੰਜਨ' ਸ਼ਬਦ ਅਰ ਨਿਰ ਉਪਸਰਗ ਦੇ ਯੋਗ ਨਾਲ 'ਨਿਰੰਜਨ' ਸ਼ਬਦ ਸਿੱਧ ਹੁੰਦਾ ਹੈ। 'ਅੰਜਨੰ ਵਜਕਤਿ ਰਮ੍ਰਖਛਣੰ ਕੁਕਾਮਇੰ ਦ੍ਰਯੋਃ ਪ੍ਰਾਪ੍ਤਿਸ਼ੇਤਜਸਮਾਦਜੋ ਨਿਰਗਤਃਪ੍ਰਿਥਗਭੂਤਃ ਸ ਨਿਰੰਜਨਃ' ਜੋ ਵਜਕੀ ਅਰਥਾਤ ਆਕ੍ਰਿਤੀ, ਮਲੇਛੱਾਚਾਰ, ਦੁਸ਼ਟ ਕਾਮਨਾ, ਅਰ ਚਖਛੁ ਆਦੀ ਇੰਦ੍ਰੀਆਂ ਦੇ ਵਿਸ਼ਿਆਂ ਦੇ ਪਥ ਥੀਂ ਪ੍ਰਿਥਕ ਹੈ ਏਸ ਲਈ

ਸ਼ੌਚਸੰਤੋਸ਼ ਤਪਃ ਸ੍ਵਾਧ੍ਯਾਯੇਸ਼੍ਵਰਪ੍ਰਣਿਧਾਨਾਨਿ ਨਿਯਮਾਃ ॥
ਯੋਗਸ਼ਾਸਤ੍ਰ ਸਾਧਨਪਾਦੇ ਸੂਤ੍ਰ ੩੨ ॥

(ਸ਼ੌਚ) ਅਸ਼ਨਾਨ ਆਦੀ ਦ੍ਵਾਰਾ ਪਵਿਤ੍ਰਤਾ। (ਸੰਤੋਸ਼) ਚੰਗੀ ਤਰਾਂ ਪ੍ਰਸੰਨ ਹੋਕੇ ਉੱਦਮ ਨਾਂ ਕਰਨਾ ਸੰਤੋਸ਼ ਨਹੀਂ ਕਿੰਤੂ ਪੁਰਸ਼ਾਰਥ ਜਿੱਨਾ ਹੋ ਸੱਕੇ ਉੱਨਾ ਕਰਨਾ, ਹਾਨੀ ਲਾਭ ਵਿਚ ਹਰਸ਼ ਯਾ ਸ਼ੋਕਨਾ ਕਰਨਾ (ਤਪ)ਕਸ਼ਟ ਪਾਕੇ ਵੀ ਧਰਮ ਯੁਕਤ ਕੱਮਾਂ ਨੂੰ ਕਰਦਿਆਂ ਜਾਂਣਾ। (ਸ੍ਵਾਧਿਆਇ) ਪੜ੍ਹਨਾ, ਪੜ੍ਹਾਨਾ (ਈਸ਼੍ਵਰ ਪ੍ਰਣੀਧਾਨ) ਈਸ਼੍ਵਰ ਦੀ ਭਗਤੀ ਵਿਸ਼ੇਸ਼ ਥੀਂ ਆਤਮਾ ਨੂੰ ਅਰਪਤ-ਰੱਖਣਾ, ਏਹ ਪੰਜ ਨਿਯਮ ਕਹਾਂਵਦੇ ਹੱਨ, ਯਮਾਂ ਦੇ ਬਗੈਰ ਇਕੱਲਿਆਂ ਇਨਾਂ ਨਿਯਮਾਂ ਦਾ ਸੇਵਨ ਨਾ ਕਰੇ ਕਿੰਤੂ ਇਨਾਂ ਦੋਹਾਂ ਦਾ ਸੇਵਨ ਕੀਤਾ ਕਰੇ! ਜੋ ਯਮਾਂ ਦੀ ਪਾਲਨਾ ਛਡਕੇ ਕੇਵਲ ਨਿਯਮਾਂ ਦਾ ਪਾਲਨ ਕਰਦਾ ਹੈ ਉਹ ਉੱਨਤੀ ਨੂੰ ਪ੍ਰਾਪਤ ਨਹੀਂ ਹੁੰਦਾ ਕਿੰਤੂ ਅਧੋਗਤੀ ਨੂੰ ਪ੍ਰਾਪਤ ਹੁੰਦਾ ਹੈ, ਅਰਥਾਤ ਸੰਸਾਰ ਵਿਚ ਭਿਗਿਆ ਰਹਿੰਦਾ ਹੈ ॥

ਕਾਮਾਤ੍ਮਤਾ ਨ ਪ੍ਰਸ਼ਸ੍ਤਾ ਨ ਚੈਵੇਹਾਸ੍ਤ੍ਯਕਾਮਤਾ। ਕਾਮ੍ਯੋ ਹਿ ਵੇਦਾਧਿਗਮਃ
ਕਰ੍ਮਯੋਗਸ਼੍ਚ ਵੈਦਿਕਃ ॥ ਮਨੁਸਮ੍ਰਿਤੀ ਅਧ੍ਯਾਯ ੨ ॥ ਸ਼ਲੋਕ ੨ ॥

(ਅਰਥ) ਅਤ੍ਯੰਤ ਕਾਮਨਾ ਨਿਸ਼ਕ ਮਨਾ ਕਿਸੇ ਦੇ ਲਈ ਵੀ ਚੰਗੀ ਨਹੀਂ ਕਿਉਂਕਿ ਜੇ ਕਾਮਨਾ ਨਾ ਕਰੇ ਤਾਂ ਵੇਦਾਂ ਦਾ ਗਿਆਨ, ਅਰ ਵੇਦਕਤ ਕਰਮ ਆਦੀ ਉੱਤਮ ਕਰਮ ਕਿਸੇ ਕੋਲੋਂ ਨਾ ਹੋ ਸੱਕਨ ॥

ਸ੍ਵਾਧ੍ਯਾਯੇਨ ਬ੍ਰਤੈਰਹੋਮੈਸ੍ਤ੍ਰੈਵਿਦ੍ਯੇਨੇਜ੍ਯਯਾਸੁਤੈਃ। ਮਹਾਯਜ੍ਞੈਸ਼੍ਚ ਯਜ੍ਞੈਸ਼੍ਚ
ਬ੍ਰਾਹ੍ਮੀਯੰ ਕ੍ਰਿਯਤੇਤਨੁਃ ॥ ਮਨੁਸਮ੍ਰਿਤੀ ਅਧ੍ਯਾਯ। ੨। ਸ਼ਲੋਕ। ੨੮ ॥

(ਅਰਥ) ਸਕਲ ਵਿਦ੍ਯਾ ਦੇ ਪੜ੍ਹਨੇ ਪੜ੍ਹਾਣੇ, ਬ੍ਰਹਮਚਰਯ, ਸਤ ਭਾਸ਼ਣ ਆਦੀ ਨਿਯਮ ਪਾਲਨੇ, ਅਗਨੀਹੋਤ੍ਰ ਆਦੀ ਹੋਮ, ਸੱਤ੍ਯ ਦਾ ਗ੍ਰਹਣ ਅਸੱਤ੍ਯ ਦਾ ਤ੍ਯਾਗ, ਅਰ ਸਤ ਵਿਦ੍ਯਾ ਦਾ ਦਾਨ ਦੇਨੇ, ਵੇਦ ਵਿਖੇ ਲਿਖੇ ਹੋਏ ਕਰਮ, ਉਪਾਸਨਾ, ਗਿਆਨ, ਵਿਦ੍ਯਾ ਦੇ ਗ੍ਰਹਣ ਕਰਨੇ, ਅਮਾਵ-ਸਿਆ ਅਰ ਪੂਰਣਮਾਸੀ ਵਿਚ ਯੱਗ ਕਰਨੇ, ਚੰਗੀ ਸੰਤਾਨ ਉਤਪੱਨ ਕਰਨੇ, ਬ੍ਰਹਮ, ਦੇਵ, ਪਿਤ੍ਰੀ, ਵੈਸ਼੍ਵਦੇਵ ਅਰ ਅਤਿਥੀਆਂ ਦੀ ਸੇਵਾ ਰੂਪੀ ਪੰਚਹਾਂਯੱਗ

ਕਰਨੇ, ਅਰ ਅਗਨਿਸ਼ੋਮ ਆਦੀ ਤਥਾ ਸ਼ਿਲਪ ਵਿਦਜਾ ਵਿਗਜਾਨ ਆਦੀ ਯੱਗਾਂ ਦੇ ਕਰਨ ਥੀਂ ਏਹ ਸ਼ਰੀਰ ਬ੍ਰਾਹਮੀ ਅਰਥਾਤ ਵੇਦ ਅਰ ਪਰਮੇਸ਼੍ਵਰ ਦੀ ਭਗਤੀ ਦਾ ਅਧਾਰ ਰੂਪ ਬ੍ਰਾਹਮਣ ਦਾ ਸ਼ਰੀਰ ਬਨਦਾ ਹੈ, ਇੱਨੇ ਸਾਧਨਾਂ ਦੇ ਬਗੈਰ ਬ੍ਰਾਹਮਣ ਸ਼ਰੀਰ ਨਹੀਂ ਬਨ ਸਕਦਾ ॥

ਇੰਦ੍ਰਿਯਾਣਾਂ ਵਿਚਿਰਤਾਂ ਵਿਸ਼ਯੇਸ਼੍ਵਪਹਾਰਿਸ਼ੁ । ਸੰਯਮੇ ਯਤ੍ਨਮਾਤਿਸ਼੍ਠੇਦ੍ਵਿਦ੍ਵਾਨ ਯੰਤੇਵ ਵਾਜਿਨਾਮ ॥ ਮਨੁਸਮ੍ਰਿਤੀ ਅਧਜਾਯ ੨ । ੮੮ ॥

(ਅਰਥ) ਜਿਸ ਤਰਾਂ ਵਿਦਵਾਨ ਸਾਰਥੀ ਘੋੜਿਆਂ ਨੂੰ ਨਿਯਮ ਵਿਚ ਰਖਦਾ ਹੈ, ਉੱਸੇ ਤਰਾਂ ਮਨ ਅਰ ਆਤਮਾਂ ਨੂੰ ਖੋਟਿਆਂ ਕੱਮਾਂ ਵਿਚ ਅਰਥਾਤ ਖਿੱਚਨ ਵਾਲੇ ਵਿਸ਼ਿਆਂ ਵਿਚ ਲਜਾਨ ਵਾਲੀ ਇੰਦ੍ਰੀਆਂ ਦੇ ਰੋਕਨ ਦਾ ਸਭ ਪ੍ਰਕਾਰ ਨਾਲ ਯਤਨ ਕਰੇ, ਕਿਉਂਕਿ :–

ਇੰਦ੍ਰਿਯਾਣਾਂ ਪ੍ਰਸੰਗੇਨ ਦੋਸ਼ਮ੍ਰਿਛਤਜੇਸੰਸ਼ਯਮ । ਸੰਨਿਯਮਜ ਤੁ ਤਾਨਜੇਵ ਤਤਃ ਸਿੱਧਿੰ ਨਿਯੱਛਤਿ ॥ ਮਨੁਸਮ੍ਰਿਤੀ । ੨ । ੧੩ ॥

(ਅਰਥ) ਜੀਵਾਤਮਾ ਇੰਦ੍ਰੀਆਂ ਦੇ ਵਸ ਹੋਕੇ ਨਿਸਚੇ ਕਰਕੇ ਵੱਡੇ ਵੱਡੇ ਦੋਸ਼ਾਂ ਨੂੰ ਪ੍ਰਾਪਤ ਹੁੰਦਾ ਹੈ, ਅਰ ਜਦ ਇੰਦ੍ਰੀਆਂ ਨੂੰ ਅਪਨੇ ਵਸ ਵਿਚ ਕਰਦਾ ਹੈ ਤਦੇ ਹੀ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ ॥

ਵੇਦਾਸਤਜਾਗਸ਼੍ਚ ਯਜਵਸ਼੍ਚ ਨਿਯਮਾਸ਼੍ਚ ਤਪਾਂਸਿ ਚ । ਨ ਵਿਪ੍ਰਦੁਸ਼੍ਟਭਾਵਸਜ ਸਿੱਧਿੰ ਗੱਛੰਤਿ ਕਰਹਿਚਿਤ ॥ ਮਨੁਸਮ੍ਰਿਤੀ ਅਧਜਾਯ ੨ ਸ਼ਲੋਕ ੧੭ ।

ਜੋ ਹੜਾ ਖੋਟੇ ਕਰਮਾਂ ਵਾਲਾ ਇੰਦ੍ਰੀਆਂ ਦਾ ਦਾਸ ਹੈ ਉਸਨੂੰ ਵੇਦ, ਤ੍ਯਾਗ ਯਜਵ, ਨੇਮ ਅਰ ਤਪ, ਤਥਾ ਹੋਰ ਚੰਗੇ ਕੰਮ ਕਦੀ ਸਿੱਧੀ ਨੂੰ ਪ੍ਰਾਪਤ ਨਹੀਂ ਹੋਨ ਦੇਂਦੇ ॥

ਵੇਦੋਪਕਰਣੇ ਚੈਵ ਸ੍ਵਾਧਜਾਯੇ ਚੈਵ ਨੈਤ੍ਯਕੇ। ਨਾਨੁਰੋਧੋ ਅਸਤ੍ਯਜਨਧਜਾਯੇ ਹੋਮਮੰਤ੍ਰੇਸ਼ੁ ਚੈਵ ਹਿ ॥ ੧ ॥ ਨੈਤ੍ਯਕੇ ਨਾਸਤ੍ਯਜਨਧਜਾਯੇ ਬ੍ਰਹਮਸਤ੍ਰੇ ਹਿ ਤਤਸਮ੍ਰਿਤਮ । ਬ੍ਰਹ੍ਮਾਹੁਤਿਹੁਤੰ ਪੁਣ੍ਯਮਨਧਜਾਯਵਸ਼ਟਕ੍ਰਿਤਮ ॥ ੨ ॥

ਮਨੁਸਮ੍ਰਿਤੀ ਅਧਜਾਯ ੨ ਸ਼ਲੋਕ ੧੦੫–੧੦੬ ।

ਵੇਦ ਦੇ ਪੜ੍ਹਨ ਪੜ੍ਹਾਨੇ, ਸੰਧਿਆ ਉਪਾਸਨਾ ਆਦੀ ਪੰਜਮਹਾਂਯੱਗ ਦੇ ਕਰਨੇ, ਅਰ ਹੋਮ ਮੰਤ੍ਰਾਂ ਦੇ ਪੜ੍ਹਨ ਵਿਚ ਕਦੀ ਨਾਗਾ ਨਹੀਂ ਚਾਹੀਏ, ਕਿਉਂਕਿ ਨਿਤ ਕਰਮ ਵਿਚ ਨਾਗਾ ਨਹੀਂ ਹੁੰਦਾ, ਜਿਸ ਤਰਾਂ ਸਾਹ ਸਦਾ ਲਿਆ ਜਾਂਦਾ ਹੈ ਕਦੀ ਰੁਕਦਾ ਨਹੀਂ ਇਸੇ ਤਰਾਂ ਨਿਤ ਕਰਮ ਰੋਜ ਰੋਜ ਕਰਨੇ ਚਾਹੀਏ, ਕਿਸੇ ਦਿਨ ਵੀ ਛਡਨੇ ਨਹੀਂ ਕਿਉਂਕਿ ਨਾਗੇ ਵਾਲੇ ਦਿਨ ਵੀ ਅਗਨੀ ਹੋਤ੍ਰ ਆਦੀ ਉੱਤਮ ਕਰਮ ਕੀਤੇ ਹੋਏ ਪੁੰਨ ਰੂਪ ਹੁੰਦੇ ਹਨ, ਜਿਸ ਤਰਾਂ ਝੂਠ ਬੋਲਨ ਵਿਚ ਸਦਾ ਪਾਪ ਅਰ ਸਤ ਬੋਲਨ ਵਿਚ ਸਦਾ ਪੁੰਨ ਹੁੰਦਾ ਹੈ, ਉਸੇ ਤਰਾਂ ਖੋਟੇ ਕੰਮ

ਕਰਨ ਵਿਚ ਸਦਾ ਅਨਧਿਆਯ (ਨਾਗਾ) ਅਰ ਚੰਗੇ ਕਰਮ ਕਰਨ ਵਿਚ ਸਦਾ (ਸ੍ਵਾਧਿਆਯ) ਹੁੰਦਾ ਹੈ॥

ਅਭਿਵਾਦਨਸ਼ੀਲਸਯ ਨਿਤਯੰਵ੍ਰੱਧੋਪਸੇਵਿਨਃ। ਚਤ੍ਵਾਰਿ ਤਸਯ ਵਰਧੰਤ ਆਯੁਰਵਿਦਯਾਯਸ਼ੋਬਲਮ॥ ਮਨੁਸਮ੍ਰਿਤੀ ਅਧਯਾਯ ੨ ਸ਼ਲੋਕ ੧੨੧॥

ਜੇਹੜਾ ਸਦਾ ਨਮ੍ਰਤਾਵਾਨ,ਚੰਗੇ ਸੁਭਾਵ ਵਾਲਾ ਵਿਦਵਾਂਨ,ਅਰ ਵਡਿਆਂ ਦੀ ਸੇਵਾ ਕਰਦਾ ਹੈ, ਉਸਦੀ ਆਯੁ, ਵਿਦਯਾ, ਕੀਰਤਿ, ਅਰ ਬਲ, ਏਹ ਚਾਰ ਸਦਾ ਵਧਦੇ ਹਨ, ਅਰ ਜੇਹੜੇ ਅਜੇਹਾ ਨਹੀਂ ਕਰਦੇ ਉਨਾਂ ਦੀ ਆਯੁ ਆਦੀ ਚਾਰ ਨਹੀਂ ਵਧਦੇ॥

ਅਹਿੰਸਯੈਵ ਭੂਤਾਨਾਂ ਕਾਰਯੰ ਸ਼੍ਰੇਯੋਅਨੁਸ਼ਾਸਨਮ। ਵਾਕ ਚੈਵ ਮਧੁਰਾ ਸ਼ਲਖਛਣਾ ਪ੍ਰਯੋਜਯਾ ਧਰਮਮਿੱਛਤਾ॥ ੧॥ ਯਸਯ ਵਾਙਮਨਸੇ ਸ਼ੁੱਧੇ ਸਮਯੱਗੁਪਤੇਚ ਸਰਵਦਾ। ਸ ਵੈ ਸਰਵਮਵਾਪ੍ਨੋਤਿ ਵੇਦਾਂਤੋਪਗਤੰ ਫਲਮ॥੨

ਮਨੁਸਮ੍ਰਿਤੀ ਅਧਯਾਯ ੨ ਸ਼ਲੋਕ ੧੫੯–੧੬੦॥

ਵਿਦਵਾਨ, ਅਰ ਵਿਦਯਾਰਥੀਆਂ ਨੂੰ ਯੋਗਯ ਹੈ ਕਿ ਵੈਰ ਵਿਰੋਧ ਛਡਕੇ ਸਭ ਮਨੁੱਸ਼ਾਂ ਦੇ ਕਲਿਆਣ ਦੇ ਮਾਰਗ ਦਾ ਉਪਦੇਸ਼ ਕਰਨ, ਅਰ ਉਪਦੇਸ਼ ਦੇਨ ਵਾਲੇ ਸਦਾ ਮਿੱਠੀ, ਸੁਸ਼ੀਲਤਾ ਵਾਲੀ ਬਾਣੀ ਬੋਲਨ, ਜੇਹੜਾ ਧਰਮ ਦੀ ਉੱਨਤੀ ਚਾਹਵੇ ਉਹ ਸਦਾ ਸਚੇ ਮਾਰਗ ਵਿਚ ਚਲੇ, ਅਰ ਸੱਚ ਦਾ ਹੀ ਉਪਦੇਸ਼ ਕਰੇ। ਜਿਸ ਮਨੁੱਸ਼ ਦੀ ਬਾਣੀ ਅਰ ਮਨ ਸ਼ੁੱਧ ਤਥਾ ਸਦਾ ਕਾਬੂ ਰਹਿੰਦੇ ਹਨ ਉਹ ਸਭ ਵੇਦਾਂਤ ਅਰਥਾਤ ਸਭ ਵੇਦਾਂ ਦੇ ਸਿੱਧਾਂਤ ਰੂਪੀ ਫਲ ਨੂੰ ਪ੍ਰਾਪਤ ਹੁੰਦਾ ਹੈ॥

ਸੰਮਾਨਾਦ ਬ੍ਰਾਹਮਣੋ ਨਿਤਯਮੁਦ੍ਵਿਜੇਤ ਵਿਸ਼ਾਦਿਵ। ਅਮ੍ਰਿਤਸਯੇਵ ਚਾਕਾਂ-ਖੱਛੇਦਵਮਾਨਸਯ ਸਰਵਦਾ॥ ਮਨੁਸਮ੍ਰਿਤੀ ਅਧਯਾਯ ੨ ਸ਼ਲੋਕ ੧੬੨॥

ਉਹੋ ਬ੍ਰਾਹਮਣ ਸੰਪੂਰਣ ਵੇਦ, ਅਰ ਪਰਮੇਸ਼੍ਵਰ ਨੂੰ ਜਾਨਦਾ ਹੈ ਜੋ ਮਾਨ ਤੋਂ ਜੈਹਰ ਦੀ ਨਿਆਈਂ ਸਦਾ ਡਰਦਾ ਹੈ, ਅਰ ਅਪਮਾਨ ਨੂੰ ਅੰਮ੍ਰਿਤ ਵਾਂਗਨ ਸਦਾ ਸਮਝਦਾ ਹੈ॥

ਅਨੇਨ ਕ੍ਰਮਯੋਗੇਨ ਸੰਸਕ੍ਰਿਤਾਤਮਾ ਦ੍ਵਿਜਃ ਸ਼ਨੈਃ। ਗੁਰੌ ਵਸਨ ਸੰਚਿਨੁ-ਯਾਦਬ੍ਰਹਮਾਧਿਗਮਿਕੰ ਤਪਃ॥ਮਨੁਸਮ੍ਰਿਤੀ ਅਧਯਾਯ ੨ ਸ਼ਲੋਕ ੧੬੪॥

ਏਸ ਪ੍ਰਕਾਰ ਜੰਞੂ ਪਾਇਆ ਹੋਇਆ ਦ੍ਵਿਜ ਬ੍ਰਹਮਚਾਰੀ ਕੁਆਰਾ, ਅਰ ਬ੍ਰਹਮਚਾਰਣੀ ਕੰਨਿਆਂ, ਸਹਿਜ ਸਹਿਜ ਨਾਲ ਵੇਦ ਅਰਥ ਦੇ ਗਿਆਨ ਰੂਪੀ ਉੱਤਮ ਤਪ ਨੂੰ ਵਧਾਂਦੇ ਜਾਨ॥

ਯੋਅਨਧੀਤਯ ਦ੍ਵਿਜੋ ਵੇਦਮਨਯਤ੍ਰ ਕੁਰੁਤੇ ਸ਼੍ਰਮਮ।
ਸ ਜੀਵੱਨੇਵ ਸ਼ੂਦ੍ਰਤਮਾਸ਼ੁ ਗੱਛਤਿ ਸਾਨ੍ਵਯਃ॥
ਮਨੁਸਮ੍ਰਿਤੀ ਅਧਯਾਯ ੨। ਸ਼ਲੋਕ ੧੬੮।

ਜੇਹੜਾ ਵੇਦ ਨੂੰ ਨ ਪੜ੍ਹਕੇ ਹੋਰਨਾਂ ਗ੍ਰੰਥਾਂ ਦੇ ਪੜ੍ਹਨ ਵਿਚ ਲਗਾ ਰਹਿੰਦਾ ਹੈ ਉਹ ਅਪਣੇ ਪੁਤ ਪੋਤੇ ਸਮੇਤ ਸ਼ੂਦ੍ ਭਾਵ ਨੂੰ ਛੇਤੀ ਨਾਲ ਪ੍ਰਾਪਤ ਹੋ ਜਾਂਦਾ ਹੈ ॥

ਵਰਜਯੇਨਮਧੁ ਮਾਂਸੈ ਚ ਗੀਧੈ ਮਾਲਯੈ ਰਸਾਨ ਇਸਤ੍ਰਯਃ ।
ਸ਼ੁਕ੍ਤਨਿ ਯਾਨਿ ਸਰਵਾਣਿ ਪ੍ਰਾਣਿਨਾਂ ਚੈਵ ਹਿੰਸਨਮ ॥ ੧ ॥
ਅਭ੍ਯੰਗਮੰਜਨੰ ਚਾਖਛਲੋਰੁਪਾਨੱਛਤ੍ਰਧਾਰਣਮ ।
ਕਾਮੰ ਕ੍ਰੋਧੰ ਚ ਲੋਭੰ ਚ ਨਰਤਨੰ ਗੀਤਵਾਦਨਮ ॥ ੨ ॥
ਦ੍ਯੂਤੰ ਚ ਜਨਵਾਦੰ ਚ ਪਰਿਵਾਦੰ ਤਥਾਨ੍ਰੁਤਮ ।
ਇਸਤ੍ਰੀਣਾਂ ਚ ਪ੍ਰੇਖਛਣਾਲੰਭਮੁਪਘਾਤੰ ਪਰਸਯ ਚ ॥ ੩ ॥
ਏਕਃ ਸ਼ਯੀਤ ਸਰਵਤ੍ਰ ਨ ਰੇਤਃ ਸਕੰਦਯੇਤ੍ਕ੍ਵਚਿਤ ।
ਕਾਮਾਤਹਿ ਸਕੰਦਯਨ੍ਰੇਤੋ ਹਿਨਸ੍ਤਿ ਬ੍ਰਤਮਾਤਮਨਃ ॥ ੪ ॥
ਮਨੁਸਮ੍ਰਿਤੀ ਅਧਯਾਯ ੨ ਸ਼ਲੋਕ ੧੭੭ ਤੇ ੧੮੦ ਤਕ ॥

ਬ੍ਰਹਮਚਾਰੀ ਅਰ ਬ੍ਰਹਮਚਾਰਣੀ, ਸ਼ਰਾਬ, ਮਾਂਸ, ਖਸ਼ਬੋ, ਫੁਲਾਂ ਦੀਆਂ ਮਾਲਾ, ਸ਼ਾਦੂ ਚੀਜਾਂ, ਇਸਤ੍ਰੀ ਅਰ ਪੁਰਸ਼ ਦਾ ਸੰਗ, ਸਭ ਪ੍ਰਕਾਰ ਦੀ ਖਟਿਆਈ, ਪ੍ਰਾਣੀਆਂ ਦੀ ਹਿੰਸਾ, ਅੰਗਾਂ ਦਾ ਮਲਣਾਂ॥੧॥ਜਰੂਰਤ ਤੋਂ ਵਗੈਰ ਪਸ਼ਾਬ ਵਾਲੀ ਥਾਉਂ ਨੂੰ ਹਥ ਲਾਨਾ, ਅੱਖਾਂ ਵਿਚ ਸੁਰਮਾ ਪਾਨਾ, ਜੁੱਤੀ ਪਾਣੀ ਅਰ ਛਤ੍ਰੀ ਲਗਾਨੀ, ਕਾਮ, ਕ੍ਰੋਧ, ਲੋਭ, ਮੋਹ,ਡ੍ਹੈ, ਸੋਗ,ਈਰਖ਼ਾ, ਦ੍ਵੇਸ਼,ਨਚਨਾ, ਗਾਉਨਾ, ਅਰ ਬਾਜਾ ਬਜਾਣਾ ॥੨॥ ਜੂਆ ਖੇਲਨਾ, ਐਵੇਂ ਲੋਕਾਂ ਦੀਆਂ ਗੱਲਾਂ ਕਰਨੀਆਂ, ਨਿੰਦਿਆ, ਝੂਠ ਬੋਲਨਾ, ਇਸਤ੍ਰੀਆਂ ਦਾ ਦਰਸ਼ਨ, ਸਪਰਸ਼ਨ,ਦੂਜੇ ਦੀ ਹਾਨੀ ਕਰਨੀ,ਏਹੋ ਜੇਹੇ ਕੁਕਰਮਾਂ ਨੂੰ ਸਦਾ ਛਡਦੇਨ ॥੩॥ ਸਦਾ ਇਕੱਲੇ ਸੌਣ, ਵੀਰਯ ਨੂੰ ਕਦੀ ਨਾ ਡਿਗਣ ਦੇਨ । ਜੇਹੜਾ ਕਾਮਨਾ ਕਰਕੇਵੀਰਯਨੂੰ ਵਗਾਂਦਾ ਹੈ ਉਸਨੂੰ ਜਾਣੋ ਕਿ ਉਸਨੇ ਅਪਣੇ ਬ੍ਰਹਮਚਰਯਬ੍ਰਤ ਦਾ ਨਾਸ਼ ਕਰ ਦਿੱਤਾ ॥ ੪ ॥

ਵੇਦਮਨੂਚ੍ਯਾਚਾਰ੍ਯੋਅੰਤੇ ਵਾਸਿਨਮਨੁਸ਼ਾਸ੍ਤਿ । ਸਤ੍ਯੰਵਦ।ਧਰ੍ਮੰਚਰ। ਸ੍ਵਾਧ੍ਯਾਯਾਨ੍ਮਾ ਪ੍ਰਮਦਃ। ਆਚਾਰ੍ਯਾਯ ਪ੍ਰਿਯੰ ਧਨਮਾਹ੍ਰੁਤ੍ਯ ਪ੍ਰਜਾਤੰਤ੍ਰੁਮਾ ਵ੍ਯਵ੍ਯੱਛੇਤ੍ਸੀਃ । ਸਤ੍ਯਾਨਨ ਪ੍ਰਮਦਿਤਵ੍ਯਮ। ਧਰ੍ਮਾਨਨਪ੍ਰਮਦਿਤਵ੍ਯਮ। ਕੁਸ਼ਲਾਨਨਪ੍ਰਮਦਿਤਵ੍ਯਮ । ਭ੍ਰੂਤ੍ਯੈਨ ਪ੍ਰਮਦਿਤਵ੍ਯਮ ।ਸ੍ਵਾਧ੍ਯਾਯਪ੍ਰਵਚ-ਨਾਭ੍ਯਾਂ ਨ ਪ੍ਰਮਦਿਤਵ੍ਯਮ । ਦੇਵਪਿਤ੍ਰ੍ਯਕਰ੍ਯਾਭ੍ਯਾਂ ਨ ਪ੍ਰਮਦਿਤਵ੍ਯਮ । ਮਾਤ੍ਰੁਦੇਵੋ ਭਵ ।ਪਿਤ੍ਰੁਦੇਵੋਭਵ। ਆਚਾਰ੍ਯਦੇਵੋਭਵ । ਅਤਿਥਿਦੇਵੋਭਵ । ਯਾਨਯਨਵਦ੍ਯਾਨਿਕਰ੍ਮਾਣਿ ਤਾਨਿ ਸੇਵਿਤਵ੍ਯਾਨਿ ਨੋ ਇਤਰਾਣਿ । ਯਾਨ੍ਯਸ੍ਮਾਕ੍ਸੁਚਰਿਤਾਨਿ ਤਾਨਿ ਤ੍ਵਯੋਪਾਸ੍ਯਾਨਿ ਨੋ ਇਤਰਾਣਿ। ਯੇਕੇਚਾ-ਸ੍ਮਚ੍ਛ੍ਰੇਯਾਂਸੋ ਬ੍ਰਾਹ੍ਮਣਾਸ੍ਤੇਸ਼ਾਂ ਤ੍ਵਯਾਸਨੇਨ ਪ੍ਰਸ਼੍ਵਸਿਤਵ੍ਯਮ । ਸ਼ਰ੍ਧਯਾ

ਦੇਯਮ। ਅਸ਼ੱਧਯਾਦੇਯਮ। ਸ਼੍ਰਿਯਾਦੇਯਮ। ਹ੍ਰਿਯਾਦੇਯਮਾਭਿਯਾਦੇਯਮ। ਸੰਵਿਦਾ-ਦੇਯਮ। ਅਥ ਯਦਿ ਤੇ ਕਰ੍ਮਵਿਚਿਕਿਤਸਾ ਵਾ ਵ੍ਰਿਤ੍ਤਵਿਚਿਕਿਤਸਾ ਵਾ ਸ੍ਯਾਤ। ਯੇ ਤਤ੍ ਬ੍ਰਾਹ੍ਮਣਾਃ ਸੱਮ-ਮਰ੍ਸ਼ਿਨੋ ਯੁਕ੍ਤਾ ਅਯੁਕ੍ਤਾ ਅਲੂਖਾ ਧਰ੍ਮਕਾਮਾਃ ਸ੍ਯੁ-ਰ੍ਯਥਾ ਤੇ ਤਤ੍ ਵ੍ਰਤੇਰਨ। ਤਥਾ ਤਤ੍ ਵ੍ਰਤੇਥਾਃ। ਏਸ਼ਆਦੇਸ਼ਏਸ਼ਉਪਦੇਸ਼ ਏਸ਼ਾ ਵੇਦੋਪਨਿਸ਼ਤ ਏਤਦਨੁਸ਼ਾਸਨਮ । ਏਵਮੁਪਾਸਿਤਵ੍ਯਮ। ਏਵਮੁ ਚੈਤਦੁ-ਪਾਸ੍ਯਮ॥ ਤੈਤ੍ਤੀਯਸੰਹਿਤਾ ਪ੍ਰਪਾਠਕ ੭ ਅਨੁਵਾਕ ੧੧ ਕੰਡਿਕਾ।੧।੨।੩।੪॥

ਗੁਰੂ ਅਪਨੇ ਸ਼ਿਸ਼, ਅਰ ਸ਼ਿਸ਼ਾ ਨੂੰ ਏਸ ਪ੍ਰਕਾਰ ਦਾ ਉਪਦੇਸ਼ ਕਰੇ ਕਿਤੂੰ ਸਦਾ ਸੱਚ ਬੋਲ, ਧਰਮ ਤੇ ਚਲ, ਆਲਸ ਨੂੰ ਛਡਕੇ ਪੜ੍ਹ ਪੜ੍ਹਾ, ਪੂਰਾ ਬ੍ਰਹਮ-ਚਰ੍ਯ ਰੱਖਕੇ ਸਭ ਪ੍ਰਕਾਰ ਦੀ ਵਿਦ੍ਯਾਨੂੰ ਗ੍ਰਹਣ ਕਰ,ਅਰ ਗੁਰੂਨੂੰ ਪ੍ਰਸਾਧਨ ਦੇਕੇ ਫਿਰ ਵਿਆਹ ਕਰਕੇ ਸੰਤਾਨ ਉਤਪੱਤੀ ਕਰ, ਆਲਸ ਕਰਕੇ ਸੱਚਨੂੰ ਕਦੀ ਨਾਂ ਛੱਡ, ਆਲਸ ਕਰਕੇ ਧਰਮ ਦਾ ਤ੍ਯਾਗ ਨਾ ਕਰ, ਆਲਸ ਕਰਕੇ ਦੇਹ ਦੀ ਅਰੋਗਤਾ ਅਰ ਚਤੁਰਤਾਈਨੂੰ ਨਾ ਛੱਡ ਆਲਸ ਨਾਲ ਉਤਮ ਦੀ ਖ੍ਯਾਤੀਨੂੰ ਨਾ ਛੱਡ ਆਲਸ ਵਿਚ ਪੈਕੇ ਪੜ੍ਹਨ ਪੜ੍ਹਾਨ,ਨੂੰ ਕਦੀ ਨਾ ਛੱਡ। ਦੇਵ,ਵਿਦ੍ਵਾਨ,ਅਰ ਮਾਂ,ਪਿਉ ਆਦੀ ਦੀ ਸੇਵਾ ਵਿੱਚ ਆਲਸ ਨ ਕਰਨਾ,ਜਿਸ ਤੋਂ ਵਿਦ੍ਵਾਨ ਦਾ ਸਤਕਾਰ ਕਰੇਂ ਉਸੇ ਤਰਾਂ ਮਾਂ,ਪਿਉ,ਗੁਰੂ,ਅਰ ਅਤਿਥੀ ਦੀ ਸੇਵਾ ਸਦਾ ਕੀਤਾ ਕਰ, ਜੇਹੜੇ ਨਿੰਦ੍ਯ ਤੋਂ ਰਹਿਤ ਧਰਮ ਦੇ ਕੰਮ, ਸੱਤ ਭਾਸ਼ਣ ਆਦੀ ਹਨ ਉਨਾਂ ਨੂੰ ਕੀਤਾ ਕਰ, ਉਨਾਂ ਨੂੰ ਛੱਡਕੇ ਝੂਠ ਕਦੀ ਨਾ ਬੋਲਿਆ ਕਰ, ਜੇਹੜੇ ਸਾਡੇ ਧਰਮ ਦੇ ਕੰਮ ਹਨ ਉਨਾਂ ਦਾ ਗ੍ਰਹਣ ਕਰ, ਅਰ ਜੇਹੜੇ ਸਾਡੇ ਪਾਪ ਦੇ ਕਰਮ ਹਨ ਉਨਾਂ ਨੂੰ ਕਦੀ ਨਾ ਕਰੀਂ, ਜੇਹੜੇ ਸਾਡੇ ਵਿਚ ਉੱਤਮ ਵਿਦ੍ਯਾ ਵਾਲੇ ਧਰਮਾਤਮਾ ਬ੍ਰਾਹਮਣ ਹਨ ਉਨਾਂ ਦੀ ਸੰਗਤ ਵਿੱਚ ਬੈਠ, ਅਰ ਉਨਾਂ ਦਾ ਵਿਸ਼੍ਵਾਸ ਕੀਤਾ ਕਰ, ਸ਼੍ਰੱਧਾ ਨਾਲ ਦੇਣਾ ਸ਼੍ਰੱਧਾਨਾ ਹੋਇ ਤਾਂ ਵੀ ਦੇਣਾ, ਸ਼ੋਭਾ ਦੇ ਵਾਸਤੇ ਦੇਣਾ, ਲਜਿਆ ਦੇ ਮਾਰੇ ਦੇਣਾ, ਡਰਨਾਲ ਦੇਨ ਅਰ ਪ੍ਰਤਿਗਜਾ ਕਰਕੇ ਦੇਣਾ ਚਾਹੀਏ ਜਦ ਕਦੀ ਤੈਨੂੰ ਕਰਮ ਜਾਂ ਸ਼ੀਲ,ਤਥਾ ਉਪਾਸਨਾ ਵਿਚ ਕਿਸੇ ਪ੍ਰਕਾਰ ਦਾ ਸੰਸ਼ਯ ਉਤਪੱਨ ਹੋਵੇ ਤਾਂ ਜਿਹੜੇ ਵਿਚਾਰ, ਸ਼ੀਲ, ਪਖਛਪਾਤ ਤੋਂ ਰਹਤ, ਯੋਗੀ, ਅਯੋਗੀ, ਸਡਾ ਦਿਲ ਵਾਲੇ, ਧਰਮ ਦੀ ਕਾਮਨਾ ਕਰਨਵਾਲੇ ਧਰਮਾਤ੍ਮਾ ਜਨ ਹੋਂਨ, ਉਹ ਜਿਸ ਪ੍ਰਕਾਰ ਧਰਮ ਮਾਰਗ ਵਿੱਚ ਵਰਤਨ ਉਸੇ ਤਰਾਂ ਤੂੰ ਵੀ ਉਸ ਮਾਰਗ ਵਿੱਚ ਵਰਤਿਆ ਕਰ, ਏਹੋ ਆਦੇਸ਼ ਆਗਜਾ, ਏਹੀ ਉਪਦੇਸ਼ ਏਹੀ ਵੇਦ ਦੀ ਗੂੜ੍ਹੀ ਗੱਲ, ਅਰ ਏਹੀ ਸ਼ਿਖਛਾ ਹੈ, ਏਸ ਪ੍ਰਕਾਰ ਵਰਤਨਾਂ, ਅਰ ਆਪਣੇ ਚਾਲ ਚਲਨ ਨੂੰ ਸੁਧਾਰਨਾ ਚਾਹੀਏ ! ॥

ਅਕਾਮਸ੍ਯ ਕ੍ਰਿਯਾ ਕਾਚਿਦ੍ ਦ੍ਰਿਸ਼੍ਯਤੇ ਨੇਹ ਕਰ੍ਹਿਚਿਤ। ਯਦ੍ਯੱਪਿ ਕੁਰੁਤੇ ਕਿੰਚਿਤ੍ ਤੱਤਤ੍ਕਾਮ੍ਯਸ੍ਯਚੇਸ਼੍ਟਿਤਮ ॥ ਮਨੁਸ੍ਮ੍ਰਿਤੀ। ੨। ੪ ॥

ਮਨੁੱਸ਼ਾਂ ਨੂੰ ਨਿਸ਼ਚਾ ਕਰਨਾ ਚਾਹਿਏ ਕਿ ਨਿਸ਼ਕਾਮ ਮਨੁੱਸ਼ ਵਿੱਚ ਅੱਖ

ਦਾ ਮੀਟਨਾ ਖੋਲਣਾ ਵੀ ਕਦੀ ਹੋ ਨਹੀਂ ਸਕਦਾ, ਏਸ ਤੋਂ ਏਹ ਸਿੱਧ ਹੋਂਦਾ ਹੈ ਕਿ ਮਨੁੱਸ਼ ਜੋ ਜੋ ਕੁਝ ਵੀ ਕਰਦਾ ਹੈ ਉਹ ਉਹ ਚੇਸ਼ਟਾਕਾਮਨਾ ਦੇ ਬਗੈਰ ਨਹੀਂ ਹੈ ॥

ਆਚਾਰਃ ਪਰਮੋ ਧਰਮਃ ਸ਼੍ਰੁਤੁਕੁਃ ਸਮਾਰਤ ਏਵ ਚ। ਤਸਮਾਦਸਮਿਨਸਦਾ ਯੁਕਤੋ ਨਿਤਯੰ ਸਮਾਦਾਤਮਵਾਨ ਦ੍ਵਿਜਃ ॥ ੧ ॥ ਆਚਾਰਾਦ੍ਵਿਚ੍ਯੁਤੋ ਵਿਪ੍ਰੋ ਨ ਵੇਦਫਲਮਸ਼ਨੁਤੇ। ਆਚਾਰੇਣ ਤੁ ਸੰਯੁਕਤਾ ਸੰਪੂਰਣਫਲਭਾਗ ਭਵੇਤ ॥

ਮੱਨੁਸਮ੍ਰਿਤੀ। ਅਧਯਾਯ। ੧। ੧੦੮। ੧੦੯ ॥

ਕਹਿਣ, ਸੁਣਨ, ਸੁਣਾਨ, ਪੜ੍ਹਨ, ਪੜ੍ਹਾਨ ਦਾ ਫਲ ਏਹੋ ਹੈ ਕਿ ਜੋ ਵੇਦ, ਅਰ ਵੇਦ ਅਨਕੂਲ ਸਮ੍ਰਿਤੀ ਗ੍ਰੰਥਾਂ ਵਿਚ ਧਰਮ ਦਾ ਆਚਰਣ ਕਰਨਾ ਲਿਖਿਆ ਹੈ ਓਸ ਧਰਮਾਚਾਰ ਵਿਚ ਸਦਾ ਯੁਕਤ ਰਹਵੇ ਕਿਉਂਕਿ ਜੇਹੜਾ ਧਰਮ ਦੇ ਆਚਰਣ ਥੀਂ ਰਹਿਤ ਹੈ ਓਹ ਵੇਦ ਵਿੱਚ ਕਹੇ ਹੋਏ ਧਰਮ ਤੋਂ ਹੋਣ ਵਾਲੇ ਸੁਖ ਰੂਪੀ ਫਲ ਨੂੰ ਪ੍ਰਾਪਤ ਨਹੀਂ ਹੋ ਸਕਦਾ। ਅਰ ਜੇਹੜਾ ਵਿਦਜਾ ਪੜ੍ਹਕੇ ਧਰਮ ਦਾ ਆਚਰਣ ਕਰਦਾ ਹੈ ਉਹ ਸੰਪੂਰਣ ਸੁਖ ਨੂੰ ਪ੍ਰਾਪਤ ਹੁੰਦਾ ਹੈ ॥

ਯੋਅਵਮਨਯੇਤ ਤੇ ਮੂਲੇ ਹੇਤੁਸ਼ਾਸਤ੍ਰਾਸ਼੍ਰਯਾਦ ਦ੍ਵਿਜਃਸ ਸਾਧੁਭਿਰਵਹਿਸ਼ਕਾਰਯੋ ਨਾਸਤਿਕੋ ਵੇਦ ਨਿੰਦਕਃ ॥ ਮਨੁਸਮ੍ਰਿਤੀ। ੨। ੧੧ ॥

ਜੇਹੜਾ ਵੇਦ ਅਰ ਵੇਦ ਅਨਕੂਲ ਆਪਤ ਪੁਰਸ਼ਾਂ ਦੇ ਬਨਾਏ ਹੋਏ ਸ਼ਾਸਤ੍ਰਾਂਦਾ ਅਪਮਾਨ ਕਰਦਾਹੈ, ਓਸ ਵੇਦ ਨਿੰਦਕ ਨਾਸਤਿਕ ਨੂੰ ਜਾਤੀ ਪੰਕਤੀ ਅਰ ਦੇਸ਼ ਥੀਂ ਬਾਹਿਰ ਕਰ ਦੇਨਾ ਚਾਹੀਏ ॥

ਵੇਦਃ ਸਮ੍ਰਿਤਿਃ ਸਦਾਚਾਰਃ ਸ੍ਵਯਸਜ ਚ ਪ੍ਰਿਯਮਾਤਮਨਃ। ਏਤੱਚਤੁਰਵਿਧੰ ਪ੍ਰਾਹੁਃ ਸਾਖਛਾਤਧਰਮਸਜ ਲਖਛਣਮ ॥ ਮਨੁਸਮ੍ਰਿਤੀ। ੨। ੧੨ ॥

ਵੇਦ ਅਰ ਸਮ੍ਰਿਤੀ ਅਰਥਾਤ ਵੇਦਅਨਕੂਲ ਆਪਤ ਵਾਕ, ਮਨੁ ਸਮ੍ਰਿਤੀ ਆਦੀ ਸ਼ਾਸਤ੍ਰ, ਸਤ ਪੁਰਸ਼ਾਂ ਦਾ ਆਚਾਰ ਸਨਾਤਨ, (ਅਰਥਾਤ ਵੇਦ ਦ੍ਵਾਰਾ ਪਰਮੇਸ਼੍ਵਰ ਪ੍ਰਤਿਪਾਦਿਤ) ਕਰਮ ਅਰ ਅਪਨੇ ਆਤਮਾ ਨੂੰ ਪਿਆਰਾ ਅਰਥਾਤ ਜਿਸਨੂੰ ਆਤਮਾ ਚਾਹੁੰਦਾ ਹੈ ਜਿਸ ਤਰਾਂ ਨਾਲ ਕਿ ਸੱਤ ਭਾਸ਼ਣ ਹੈ, ਏਹ ਚਾਰ ਧਰਮ ਦੇ ਲੱਖਛਣ ਹਨ; ਅਰਥਾਤ ਇਨਾਂ ਕਰਕੇ ਧਰਮ ਅਧਰਮ ਦਾ ਨਿਸ਼ਚਾ ਹੁੰਦਾ ਹੈ। ਜੋ ਪਖਛਪਾਤ ਤੋਂ ਰਹਿਤ ਨਿਆਯ ਅਤੇ ਸੱਤਦਾ ਗ੍ਰਹਣ, ਅਰ ਅਸੱਤ ਸਰਵਥਾ ਪਰੀਤਜਾਗ ਰੂਪੀ ਆਚਰਣ ਹੈ ਓਸਦਾ ਨਾਉਂ ਧਰਮ, ਅਰ ਏਸ ਤੋਂ ਉਲਟ ਜੋ ਪਖਛਪਾਤ ਸਹਿਤ ਅਨਿਆਯਾਚਰਣ, ਸੱਤ ਦਾ ਤਿਆਗ, ਅਰ ਅਸੱਤ ਦਾ ਗ੍ਰਹਣ ਰੂਪੀ ਕਰਮ ਹੈ ਉਸੇ ਨੂੰ ਅਧਰਮ ਕਹਿੰਦੇ ਹਨ ॥

ਅਰਥਕਾਮੇਸ਼੍ਵਸਕ੍ਤਾਨਾਂ ਧਰਮਗਜਾਨੰ ਵਿਧੀਯਤੇ। ਧਰਮੰ ਜਿਗਜਾਸ ਮਾਨਾਨਾਂ ਪ੍ਰਮਾਣੰ ਪਰਮੰ ਸ਼੍ਰੁਤਿਃ ॥ ਮਨੁਸਮ੍ਰਿਤਿ। ੨। ੧੩ ॥

ਜੇਹੜੇ ਪੁਰਸ਼ (ਅਰਥ) ਸ੍ਵਰਣ ਆਦੀ ਰਤਨ ਅਰ (ਕਾਮ) ਇਸਤ੍ਰੀ ਧਨ ਆਦੀ ਵਿਚ ਨਹੀਂ ਫਸਦੇ ਹਨ, ਉਨਾਂ ਨੂੰ ਹੀ ਧਰਮ ਦਾ ਗਿਆਨ

प्राप्त होता है। जैसे धर्म के ज्ञान की इच्छा करने वाला वेद द्वारा धर्म का निश्चय करने क्योंकि धर्म अधर्म का निश्चय बगैर वेदके ठीक ठीक नहीं होता॥

इस प्रकार गुरू अपने शिष्यको उपदेश करे, और विशेष करके राजा और क्षत्री,वैश्य अौर उत्तम शूद्रों को भी विद्याका अभ्यास जरूर कराना, क्योंकि जैसे ब्राह्मण होते हैं वैसे ही केवल विद्या का अभ्यास करते, और क्षत्री आदि नां करते तो विद्या,धर्म राज और धन आदी की वृद्धी कदी नहीं हो सकती,क्योंकि ब्राह्मण तो केवल पढ़ने पढ़ाने नाल क्षत्री आदी तों जीविका को प्राप्त होके जीवन धारण कर सकते हैं, उनां के इस प्रकार जीविका के अधीन होके आज्ञा दाता होने, और क्षत्रीओं के जैसा चाहीऐ प्रीक्षा करने वाला, और डिंड देने वाला ना होने सें ब्राह्मण आदी सब वरण पाखंड विच ही फस जांदे हैं, जद क्षत्री आदी विद्वान होते हैं तद ब्राह्मण आदी वधीक विद्या का अभ्यास करते, और धर्म पथ विच चलते हैं, और उनां क्षत्री आदी विद्वानां के सामने पाखंड और झूठा विव्हार वी नहीं कर सकते, और जद, क्षत्री आदी अविद्वान होते हैं तां उह जैसा आपने मन विच आउंदा है उहो जैसा ही करते करांदे हैं, इस लई ब्राह्मण वी अपना कल्याण चाहन तां क्षत्री आदी नूं वेद आदी सत शास्त्रों दा अभ्यास वधीक जतन नाल करान,क्योंकि क्षत्री आदी ही विद्या, धर्म, राज, और धन दी वृद्धी करन हारे हैं, उह कदी भिक्षा मंगके नहीं खांदे इस वास्ते विद्या विचार विच पक्षपाती वी नहीं हो सकते। जद सबनां वरणां विच विद्या सुशिक्षा होंदी है तद कोई वी पाखंड रूपी अधर्म युक्त मिथिआ विहार न नहीं चला सकदा, एस तों को सिद्ध होइआ कि क्षत्रीआदी नूं नियम विच चलाने वाले ब्राह्मण,अत सन्यासी,तथा ब्राह्मण अर सन्यासी नूं चंगी तरां नियम विच चलाने वाले क्षत्री आदी होते हैं, इस लई सब वरणां दे इसत्री पुरशां विच विद्या अते धर्म दा प्रचार जरूर होना चाहीऐ,हुन जो जो पढ़ना पढ़ाना होवे उस उस दी चंगी तरां नाल परीक्षा होनी योग है॥

परीक्षा पंज प्रकार नाल होंदी है पहली जो जो ईश्वर दे गुण, करम सुभाउ, अर वेदां दे अनुकूल होवे उह उह सत्त, अर उस तों विरुद्ध असत्त है। दूजी जो जो सृश्टी क्रम दे अनुकूल, उह उह सत्त,

ਅਰ ਜੋ ਜੋ ਸ੍ਰਿਸ਼ਟੀ ਕ੍ਰਮ ਥੀਂ ਵਿਰੁੱਧ ਹੈ ਉਹ ਸਭ ਅਸੱਤ ਹੈ, ਜਿਸਤਰਾਂ ਨਾਲ ਕਈ ਕਹੇ ਕਿ ਥਗੌਰ ਮਾਂ, ਪਿਉ ਦੇ ਮੇਲ ਦੇ ਮੁੰਡਾ ਉਤਪੱਨ ਹੋਇਆ, ਅਜੇਹਾ ਕਥਨ ਸ੍ਰਿਸ਼ਟੀ ਕ੍ਰਮ ਦੇ ਵਿਰੁਧ ਹੋਨ ਕਰਕੇ ਅਸੱਤ ਹੈ, ਤੀਜੀ ਆਪਤ ਅਰਥਾਤ ਜੇਹੜੇ ਧਰਮ ਤੇ ਚੱਲਨ ਵਾਲੇ ਵਿਦਵਾਨ, ਸਤ੍ਵ ਦੀ, ਨਿਸ਼ਕਪਟੀਆਂ ਦੇ ਕਰਤੱਵ ਉਪਦੇਸ਼ ਦੇ ਅਨੁਕੂਲ ਹਨ ਉਹ ਉਹ ਮੰਨਣੇ ਯੋਗ, ਅਰ ਜੋ ਜੋ ਵਿਰੁੱਧ ਹੈ ਸੋ ਸੋ ਮੰਨਣੇ ਦੇ ਯੋਗ ਨਹੀਂ। ਚੌਥੀ ਅਪਨੇ ਆਤਮਾ ਦੀ ਪਵਿਤ੍ਰਤਾ ਵਿਦ੍ਯਾ ਦੇ ਅਨੁਕੂਲ, ਅਰਥਾਤ ਜੇਹਾ ਅਪਨੇ ਨੂੰ ਸੁਖ ਪਿਆਰਾ ਅਰ ਦੁਖ ਪਿਆਰਾ ਨਹੀਂ ਏਹੋ ਜੇਹਾ ਸਭ ਵਾਸਤੇ ਸਮਝ ਲੈਨਾ ਕਿ ਮੈਂ ਵੀ ਕਿਸੇ ਨੂੰ ਦੁਖ ਯਾ ਸੁਖ ਦੇਵਾਂਗਾ ਤਾਂ ਉਹ ਵੀ ਅਪ੍ਰਸੱਨ ਅਤੇ ਪ੍ਰਸੱਨ ਹੋਵੇਗਾ। ਅਰ ਪੰਜਵੀਂ ਅੱਠ ਪ੍ਰਮਾਣ, ਅਰਥਾਤ ਪ੍ਰਤੱਖਛ, ਅਨੁਮਾਨ, ਉਪਮਾਨ, ਸ਼ਬਦ, ਐਤਿਹਜ਼, ਅਰਥਾਪੱਤੀ, ਸੰਭਵ ਅਰ ਅਭਾਵ, ਇਨਾਂ ਵਿਚੋਂ ਪ੍ਰਤੱਖਛ ਦੇ ਲਖਛਣ ਆਦੀ ਵਿਚ ਜੋ ਜੋ ਸੂਤ੍ਰ ਹੇਠਾਂ ਲਿਖਾਂਗੇ ਉਹ ਉਹ ਸਭ ਨਿਆਯ ਸ਼ਾਸਤ੍ਰ ਦੇ ਪਹਿਲੇ ਅਰ ਦੂਜੇ ਅਧਿਆਯ ਦੇ ਜਾਣੋਂ ॥

ਇੰਦ੍ਰਿਯਾਰਥਸੰਨਿਕਰਸ਼ੋਤਪੰਨੰ ਗਯਾਨਮਵ੍ਯਪਦੇਸ਼ਯਮਵ੍ਯਭਿ-
ਚਾਰਿਵ੍ਯਵਸਾਯਾਤ੍ਮਕਮਪ੍ਰਤ੍ਯਖਛਮ ॥
ਨ੍ਯਾਯਸ਼ਾਸਤ੍ਰ ॥ ਅਧ੍ਯਾਯ੧।ਆਹ੍ਨਿਕ੧।ਸੂਤ੍ਰ ੪॥

ਜੋ ਸ਼੍ਰੋਤ੍ਰ, ਤ੍ਵਚਾ, ਚਖਛੂ, ਜਿਹਵਾ ਅਰ ਘ੍ਰਾਣ ਦਾ ਸ਼ਬਦ, ਸਪਰਸ਼, ਰੂਪ, ਰਸ ਅਰ ਗੰਧ ਦੇ ਨਾਲ ਥਗੌਰ ਰੋਕ ਟੋਕ ਦੇ ਸੰਬੰਧ ਹੁੰਦਾ ਹੈ, ਅਰ ਇੰਦ੍ਰੀਆਂ ਦੇ ਨਾਲ ਮਨ ਦਾ, ਅਰ ਮਨ ਦੇ ਨਾਲ ਆਤਮਾ ਦੇ ਸੰਯੋਗ ਕਰਕੇ ਜੋ ਗਿਆਨ ਉਤਪੰਨ ਹੁੰਦਾ ਹੈ ਉਸਨੂੰ ਪ੍ਰਤੱਖਛ ਕਹਿੰਦੇ ਹਨ, ਪਰੰਤੂ ਜੋ ਨਾਮ ਨਾਮੀ ਦੇ ਸੰਬੰਧ ਥੀਂ ਉਤਪੰਨ ਹੁੰਦਾ ਹੈ ਉਹ ਪ੍ਰਤਖਛ ਗਿਆਨ ਨਹੀਂ, ਜਿਸ ਤਰਾਂ ਕਿਸੇ ਨੇ ਕਿਸੇ ਨੂੰ ਕਿਹਾ ਕਿ "ਤੂੰ ਜਲ ਲੈਆ" ਉਹ ਲਿਆਇ ਕੇ ਉਸਦੇ ਕੋਲ ਰਖਕੇ ਬੋਲਿਆ ਕਿ "ਏਹ ਜਲ ਹੈ" ਪਰੰਤੂ ਉਥ 'ਜਲ' ਇਨਾਂ ਦੋ ਅਖਛਰਾਂ ਦਾ ਨਾਉਂ ਕਰਕੇ ਲਿਆਵਨ ਯਾ ਮੰਗਾਨ ਵਾਲਾ ਨਹੀਂ ਵੇਖ ਸਕਦਾ ਹੈ, *ਕਿੰਤੂ ਜਿਸ ਪਦਾਰਥ ਦਾ ਨਾਉਂ ਜਲ ਹੈ ਉਹੋ ਹੀ ਪ੍ਰਤੱਖਛ ਹੁੰਦਾ ਹੈ, ਅਰ ਜੋ ਸ਼ਬਦ ਥੀਂ ਗਿਆਨ ਉਤਪੰਨ ਹੁੰਦਾ ਹੈ ਉਹ ਸ਼ਬਦ ਪ੍ਰਮਾਣ ਦਾ ਵਿਸ਼ਯ ਹੈ। 'ਅਵ੍ਯਭਚਾਰੀ' ਜਿਸ ਤਰਾਂ ਕਿਸੇ ਨੇ ਰਾਤ ਵਿਚ ਥੰਮ ਨੂੰ ਵੇਖਕੇ ਮਨੁੱਸ* ਦਾ ਨਿਸ਼ਚਾ ਕਰ ਲੀਤਾ, ਜਦ ਦਿਨ ਵਿਚ ਉਸਨੂੰ ਡਿੱਠਾ ਤਾਂ ਰਾਤ ਦਾ ਪੁਰਸ਼ ਗਿਆਨ ਨਸ਼ਟ ਹੋਕੇ ਥੰਮ ਗਿਆਨ ਰਹਿਆ। ਏਹੋ ਜੇਹੇ ਵਿਨਾਸ਼ੀ ਗਿਆਨ ਦਾ ਨਾਉਂ ਭਜਭਚਾਰੀ ਹੈ, ਸੋ ਪ੍ਰਤੱਖਛ ਨਹੀਂ ਕਹਾਂਵਦਾ। "ਵ੍ਯਵਸਾਯਾਤ੍ਮਕ' ਕਿਸੇ ਨੇ ਦੂਰ ਥੀਂ ਨਦੀ ਦੀ ਰੇਤ ਨੂੰ ਵੇਖਕੇ ਕਹਿਆ ਕਿ "ਉਥੇ ਕਪੜੇ ਸੁਕ ਰਹੇ ਹਨ" ਜਲ ਹੈ ਯਾ ਹੋਰ ਕੁਝ ਹੈ "ਉਹ ਦੇਵਦੱਤ ਖਲੋਤਾ ਹੈ ਯਾ ਯਗਦੱਤ"

ਜਦ ਤੀਕਨ ਇਕ ਨਿਸ਼ਚਾ ਨਾ ਹੋਵੇ ਤਦ ਤੀਕਨ ਉਹ ਪ੍ਰਤੱਖਛ ਗਿਆਨ ਨਹੀਂ ਹੈ, ਕਿਤੁ ਜੇਹੜਾ ਅਵਜਪਦੇਸ਼ਜ, ਅਵਜਭਚਾਰੀ, ਅਰ ਨਿਸ਼ਚੇ ਆਤਮਕ ਗਿਆਨ ਹੈ ਉਸੇ ਨੂੰ ਪ੍ਰਤੱਖਛ ਕਹਿੰਦੇ ਹਨ । ਦੂਜਾ ਅਨੁਮਾਨ ।

ਅਥ ਤਤਪੂਰਵਕੰ ਤ੍ਰਿਵਿਧਮਨੁਮਾਨੰ ਪੂਰਵਵੱਛੇਸ਼ਵਤਸਾਮਾਨਜਤੋ ਦ੍ਰਿਸ਼ਟੰ ਚ ॥ ਨਜਾਯਦਰਸ਼ਨ ਅਧਜਾਯ ੧ । ਆ० ੧ । ਸੂਃ ੫ ॥

ਜੋ ਪ੍ਰਤਖਛ ਪੂਰਵਕ ਗਿਆਨ ਹੋਵੇ ਉਹ ਅਨੁਮਾਨ ਕਹਾਂਦਾ ਹੈ ਅਰਥਾਤ ਕਿਸੇ ਅਸਥਾਨ ਅਰ ਕਾਲ ਵਿਚ ਕੋਈ ਸੰਪੂਰਣ ਪਦਾਰਥ ਯਾਂ ਓਸਦਾ ਕੋਈ ਇਕ ਦੇਸ਼ ਪ੍ਰਤਖਛ ਹੋਇਆ ਅਰ ਫਿਰ ਹੋਰ ਦੇਸ਼ ਵਿਚ ਉਸਦੇ ਕਿਸੇ ਸਹਚਾਰੀ ਇਕ ਦੇਸ਼ ਦੇ ਪ੍ਰਤਖਛ ਹੋਣ ਕਰਕੇ ਅਦ੍ਰਿਸ਼ਟ ਅਵੈਵੀ ਦੇ ਗਿਆਨ ਹੋਨ ਦਾ ਨਾਉਂ ਅਨੁਮਾਨ ਹੈ, ਜਿਸ ਤਰਾਂ ਪੁਤ੍ਰ ਨੂੰ ਵੇਖਕੇ ਪਿਉ ਦਾ, ਪਰਬਤ ਆਦੀ ਵਿਚ ਧੂੰਏ ਨੂੰ ਵੇਖਕੇ ਅੱਗਦਾ, ਜਗਤ ਵਿਚ ਸੁਖ ਦੁਖ ਵੇਖਕੇ ਪੂਰਵ ਜਨਮ ਦਾ ਗਿਆਨ ਹੁੰਦਾ ਹੈ, ਏਹ ਅਨੁਮਾਨ ਤਿੰਨ ਪ੍ਰਕਾਰ ਦਾ ਹੈ, ਇਕ "ਪੂਰਵਵਤ" ਜਿਸ ਤਰਾਂ ਬਦਲਾਂ ਨੂੰ ਵੇਖਕੇ ਬਰਸ਼ਾ, ਵਿਆਹ ਨੂੰ ਵੇਖਕੇ ਸੰਤਾਨ ਉਤਪਤੀ, ਪੜ੍ਹਦੇ ਹੋਏ ਵਿਦਯਾਰਥੀਆਂ ਨੂੰ ਵੇਖਕੇ ਵਿਦਯਾ ਹੋਣ ਦਾ ਨਿਸ਼ਚਾ ਹੁੰਦਾ ਹੈ, ਇਤ੍ਯਾਦੀ ਜਿੱਥੇ ਜਿੱਥੇ ਕਾਰਣ ਨੂੰ ਵੇਖਕੇ ਕਾਰਯ ਦਾ ਗਿਆਨ ਹੋਵੇ ਉਹ ਪੂਰਵਵਤ, ਦੂਜਾ'ਸ਼ੇਸ਼ਵਤ' ਅਰਥਾਤ ਜਿਥੇ ਕਾਰਯ ਨੂੰ ਵੇਖਕੇ ਕਾਰਣ ਦਾ ਗਿਆਨ ਹੋਵੇ ਜਿਸ ਤਰਾਂ ਨਦੀ ਦੇ ਪ੍ਰਵਾਹ ਦਾ ਵਾਧਾ ਵੇਖਕੇ ਉਪਰ ਹੋਈ ਵਰਸ਼ਾ ਦਾ, ਪੁਤ੍ਰ ਨੂੰ ਵੇਖਕੇ ਪਿਉ ਦਾ,ਸ੍ਰਿਸ਼ਟੀ ਨੂੰ ਵੇਖਕੇ ਅਨਾਦੀ ਕਾਰਣ ਦਾ, ਤਥਾ ਕਰਤਾ ਈਸ਼੍ਵਰ ਦਾ, ਅਰ ਪਾਪ ਪੁੰਨ ਦੇ ਆਚਰਣ ਨੂੰ ਵੇਖਕੇ ਸੁਖ ਦੁਖ ਦਾ ਗਿਆਨ ਹੁੰਦਾ ਹੈ, ਇਸੇ ਨੂੰ ਸ਼ੇਸ਼ਵਤ ਕਹਿੰਦੇ ਹਨ ॥

ਤੀਜਾ–'ਸਾਮਾਨਜ ਦ੍ਰਿਸ਼ਟ' ਜੋ ਕੋਈ ਕਿਸੇ ਦਾ ਕਾਰਯ ਕਾਰਣ ਨਾ ਹੋਵੇ ਪਰੰਤੂ ਕਿਸੇ ਪ੍ਰਕਾਰ ਦਾ ਸਾਧਰਮ ਇਕ ਦੂਜੇ ਨਾਲ ਰੱਖੇ, ਜਿਸ ਤਰਾਂ ਕੋਈ ਵੀ ਚਲੇ ਬਗੈਰ ਦੂਜੇ ਅਸਥਾਨਨੂੰ ਨਹੀਂ ਜਾ ਸਕਦਾ,ਉਸੇ ਤਰਾਂ ਦੂਜਿਆਂ ਦਾ ਭੀ ਹੋਰ ਜਗਹ ਵਿਚ ਜਾਨਾ ਬਗੈਰ ਚਲਨੇ ਦੇ ਕਦੀ ਨਹੀਂ ਹੋਸਕਦਾ ॥

ਅਨੁਮਾਨ ਸ਼ਬਦ ਦਾ ਅਰਥ ਏਹ ਹੈ ਕਿ "ਅਨੁ ਅਰਥਾਤ ਪ੍ਰਤਜਖਛਸਜ ਪਸ਼ਚਾਨਮੀਯਤੇ ਜਵਾਯਤੇ ਯੇਨ ਤਦਨੁਮਾਨਮ" ਜੋ ਪ੍ਰਤਖਛ ਦੇ ਪਸ਼ਚਾਤ ਉਤਪੰਨ ਹੋਵੇ,ਜਿਸ ਤਰਾਂ ਧੂੰਏ ਦੇ ਪ੍ਰਤਖਛ ਵੇਖੇ ਬਗੈਰ ਅਦ੍ਰਿਸ਼ਟ ਅੱਗ ਦਾ ਗਿਆਨ ਕਦੀ ਨਹੀਂ ਹੋਸਕਦਾ । ਤੀਜਾ–'ਉਪਮਾਨ'

ਪ੍ਰਸਿੱਧਸਾਧਰਮਜਾਤਸਾ-ਧਜਸਾਧਨਮੁਪਮਾਨਮਾਨਜਾਃ ਅਨੁ ੧ਅਃ੧ ਸੂਃ ੬

ਜੋ ਪ੍ਰਸਿੱਧ ਵਾ ਪ੍ਰਤਖਛ ਸਾਧਰਮ ਕਰਕੇ ਸਾਧਜ (ਅਰਥਾਤ ਸਿੱਧ ਕਰਨੇ ਯੋਗ) ਗਿਆਨ ਦੀ ਸਿੱਧੀ ਕਰਨ ਦਾ ਸਾਧਨ ਹੋਵੇ ਉਸਨੂੰ ਉਪਮਾਨ

ਕਹਿੰਦੇ ਹਨ ॥ 'ਉਪਮੀਯਤੇ ਯੇਨ ਤਦੁਪਮਾਨਮ' ਜਿਸ ਤਰਾਂ ਕਿਸੇ ਨੇ ਕਿਸੇ ਨੌਕਰ ਨੂੰ ਕਿਹਾ ਕਿ ਤੂੰ ਦੇਵਦੱਤ ਜੇਹੇ ਵਿਸ਼ਨੂਮਿਤ੍ਰ ਨੂੰ ਬੁਲਾ ਲਿਆ, ਉਹ ਬੋਲਿਆ ਕਿ ਮੈਂ ਤਾਂ ਉਸਨੂੰ ਕਦੀ ਨਹੀਂ ਡਿੱਠਾ, ਉਸਨੂੰ ਮਾਲਕ ਨੇ ਕਿਹਾ ਕਿ ਜਿਸ ਤਰਾਂ ਦਾ ਏਹ ਦੇਵਦੱਤ ਹੈ ਉਹੋ ਜੇਹਾ ਹੀ ਓਹ ਵਿਸ਼ਨੂਮਿਤ੍ਰ ਹੈ, ਯਾਂ ਜਿਸ ਤਰਾਂ ਦੀ ਏਹ ਗਊ ਹੈ ਉਸੇ ਤਰਾਂ ਦੀ ਨੀਲ ਗਊ ਹੁੰਦੀ ਹੈ, ਜਦ ਉਹ ਉਥੇ ਗਿਆ ਅਰ ਦੇਵਦੱਤ ਵਤਗਾ ਉਸਨੂੰ ਵੇਖ ਨਿਸ਼ਚਾ ਕਰ ਲੀਤਾ ਕਿ ਏਹ ਵਿਸ਼ਨੂਮਿਤ੍ਰ ਹੈ ਉਸਨੂੰ ਲੈ ਆਇਆ, ਅਥਵਾ ਕਿਸੇ ਜੰਗਲ ਵਿਚ ਜਿਸ ਪਸ਼ੂ ਨੂੰ ਗਊ ਦੇ ਤੁੱਲ ਡਿੱਠਾ ਉਸਦਾ ਨਿਸ਼ਚਾ ਕਰ ਲੀਤਾ ਕਿ ਇਸੇਦਾ ਨਾਉਂ ਨੀਲ ਗਊ ਹੈ। ਚੌਥਾ ਸ਼ਬਦ ਪ੍ਰਮਾਣ :—

ਆਪਤੋਪਦੇਸ਼ਃ ਸ਼ਬਦਃ ॥ ਨਜਾਯਸ਼ਾਤ੍ਰ! ਅਃ ੧। ਆਃ। ੧। ਸੂਤ੍ਰ ੭ ॥

ਜੋ ਆਪਤ ਅਰਥਾਤ ਪੂਰਣ ਵਿਦਵਾਨ, ਧਰਮਾਤਮਾ, ਪਰਉਪਕਾਰ ਦਾ ਪਿਆਰਾ, ਸੱਤਵਾਦੀ, ਪੁਰਸ਼ਾਰਥੀ ਜਿਤੇਂਦ੍ਰੀ ਪੁਰਸ਼ ਜਿਸ ਤਰਾਂ ਅਪਨੇ ਆਤਮਾ ਵਿਚ ਜਾਨਦਾ ਹੋਵੇ, ਅਰ ਜਿਸ ਕਰਕੇ ਸੁਖ ਪਾਇਆ ਹੋਵੇ ਉੱਸੇ ਕਥਨ ਦੀ ਇੱਛਾ ਤੋਂ ਪ੍ਰੇਰਿਆ ਹੋਇਆ ਸਭ ਮਨੁੱਖਾਂ ਦੇ ਕਲਿਆਣ ਦੇ ਅਰਥ ਉਪਦੇਸ਼ ਕਰਨ ਵਾਲਾ ਹੋਵੇ ਅਰਥਾਤ ਜਿੱਨੇ ਪ੍ਰਿਥਵੀ ਤੋਂ ਲੈਕੇ ਪਰਮੇਸ਼੍ਵਰ ਪਰਯੰਤ ਪਦਾਰਥ ਹਨ ਉਨਾਂ ਦੇ ਗਿਆਨ ਨੂੰ ਪ੍ਰਾਪਤ ਹੋਕੇ ਉਪਦੇਸ਼ ਕਰਨ ਵਾਲਾ ਹੋਵੇ, ਜੋ ਅਜੇਹੇ ਪੁਰਸ਼ ਅਰ ਪੂਰਣ ਆਪਤ ਪਰਮੇਸ਼੍ਵਰ ਦੇ ਉਪਦੇਸ਼ ਵੇਦ ਹਨ ਉਨਾਂ ਨੂੰ ਸ਼ਬਦ ਪ੍ਰਮਾਣ ਜਾਣੋ। ਪੰਜਵਾਂ ਐਤਿਹਯ :—

ਨ ਚਤੁਸ਼ਟਵਮੈਤਿਹਯਾਰਥਾਪੱਤਿਸੰਭਵਾਭਾਵਪ੍ਰਾਮਾਣਯਾਤ॥
ਨਯਾਯਸ਼ਾਸਤ੍ਰ॥ ਅਧਯਾਯ ੨। ਆਹ੍ਨਿਕ ੨। ਸੂਤ੍ਰ ੧ ॥

ਜੋਇਤਿ ਹ ਅਰਥਾਤ ਏਸ ਪ੍ਰਕਾਰ ਦਾ ਸੀ, ਉਸਨੇ ਏਸ ਪ੍ਰਕਾਰ ਕੀਤਾ, ਅਰਥਾਤ ਕਿਸੇ ਦੇ ਜੀਵਨ ਚਰਿਤ੍ਰ ਦਾ ਨਾਉਂ ਐਤਿਹਯ ਹੈ। ਛੀਵਾਂ-ਅਰਥਾਪੱਤੀ:-

'ਅਰਥਾਦਾਪਦਯਤੇ ਸਾ ਅਰਥਾਪੱਤਿਃ' 'ਕੇਨਚਿਦੁਚਯਤੇ' ਸਤਸੁ ਘਨੇਸ਼ੁ ਵ੍ਰਿਸ਼ਟਿਃ ਸਤਿ ਕਾਰਣੇ ਕਾਰਯੰ ਭਵਤੀਤਿ ਕਿਮਤ੍ਰ ਪ੍ਰਸਜਯੇਤ, ਅਸਤਸੁ ਘਨੇਸ਼ੁ ਵ੍ਰਿਸ਼ਟਿਰਸਤਿ ਕਾਰਣੇ ਚ ਕਾਰਯੰ ਨ ਭਵਤਿ' ॥

ਜਿਸਤਰਾਂ ਕਿਸੇ ਨੇ ਕਿਸੇ ਨੂੰ ਕਹਿਆ ਕਿ 'ਬੱਦਲਾਂਦੇ ਹੋਨ ਥੀਂ ਵਰਸ਼ਾ ਅਰ ਕਾਰਣ ਦੇ ਹੋਨ ਥੀਂ ਕਾਰਯ ਉਤਪੱਨ ਹੁੰਦਾ ਹੈ' ਏਸ ਤੋਂ ਬਗੈਰ ਕਹੇ ਏਹ ਦੂਜੀ ਬਾਤ ਸਿੱਧ ਹੁੰਦੀ ਹੈ ਕਿ ਬਗੈਰ ਬੱਦਲਾਂ ਦੇ ਵਰਸ਼ਾ, ਅਰ ਬਗੈਰ ਕਾਰਣ ਦੇ ਕਾਰਯ ਕਦੀ ਨਹੀਂ ਹੋ ਸਕਦਾ। ਸਤਵਾਂ ਸੰਭਵ:—

'ਸੰਭਵਤਿ ਯਸਮਿਨ ਸ ਸੰਭਵਃ' ਕੋਈ ਕਹੇ ਕਿ ਮਾਂ ਪਿਉ ਦੇ ਬਗੈਰ ਸੰਤਾਨ ਉਤਪੱਤ ਹੋਈ, ਕਿਸੇ ਨੇ ਮੁਰਦੇ ਜਵਾਏ, ਪਹਾੜ ਉਠਾਏ, ਸਮੁੱਦ੍ਰ ਵਿਚ ਪੱਥਰ ਤਰਾਏ, ਚੰਦ੍ਰਮਾਂ ਦੇ ਟੋਟੇ ਕੀਤੇ, ਪਰਮੇਸ਼੍ਵਰ ਦਾ ਅਵਤਾਰ ਹੋਇਆ,

ਮਨੁੱਸ਼ ਦੇ ਸਿੰਗ ਲੱਗੇ, ਅਰ ਸੰਢ ਦੇ ਪੁੱਤ੍ਰ ਅਰ ਪੁੱਤ੍ਰੀ ਦਾ ਵਿਆਹ ਕੀਤਾ, ਏਸ ਤਰਾਂ ਦੀਆਂ ਗੱਲਾਂ ਸਭ ਅਸੰਭਵ ਅਰਥਾਤ ਅਨਹੋਨੀਆਂ ਹਨ ਕਿਉਂਕਿ ਏਹ ਸਭ ਬਾਤਾਂ ਸ੍ਰਿਸ਼ਟੀਕ੍ਰਮ ਥੀਂ ਵਿਰੁਧ ਹਨ, ਜੋਹੜੀ ਬਾਤ ਸ੍ਰਿਸ਼ਟੀਕ੍ਰਮ ਦੇ ਅਨੁਕੂਲ ਹੋਵੇ ਉਹ ਸੰਭਵ ਹੈ। ਅੱਠਵਾਂ ਅਭਾਵ:-

'ਭਵੰਤਿ ਯਸ੍ਮਿਨ ਸੋਅਭਾਵ:' ਜਿਸਤਰਾਂ ਕਿਸੇ ਨੇ ਕਿਸੇ ਨੂੰ ਕਿਹਾ ਕਿ 'ਹਾਥੀ ਲੈਆ' ਉਸਨੇ ਉੱਥੇ ਹਾਥੀ ਦਾ ਅਭਾਵ ਵੇਖਕੇ ਜਿੱਥੇ ਹਾਥੀਸੀ ਉੱਥੋ ਲੈ ਆਂਦਾ। ਏ। ਅੱਠ ਪ੍ਰਮਾਣ ਹਨ। ਇਨਾਂ ਵਿ ਚੋਂ ਜੋ ਸ਼ਬਦ ਵਿਚ ਐਤਿਹਜ, ਅਰ ਅਨੁਮਾਨ ਵਿਚ ਅਰਥਾਪੱਤੀ, ਸੰਭਵ ਵਿਚ ਅਭਾਵ ਦੀ ਗਿਨਤੀ ਕਰੀਏਤ ਚਾਰ ਪ੍ਰਮਾਣ ਰਹਿਜਾਂਦੇ ਹਨ, ਇਨਾਂ ਪੰਜਾਂ ਪ੍ਰਕਾਰਾਂ ਦੀ ਪੀਰਖਛਾ ਨਾਲ ਮਨੁਸ਼ ਸੱਤ ਅਸੱਤ ਦਾ ਨਿਸ਼ਚਾ ਕਰਸਕਦਾ ਹੈ, ਐਵੇਂ ਨਹੀਂ॥

ਧਰਮਵਿਸ਼ੇਸ਼ਪ੍ਰਸੂਤਾਦਦ੍ਰਵ੍ਯਗੁਣਕਰ੍ਮਸਾਮਾਨ੍ਯਵਿਸ਼ੇਸ਼ਸਮਵਾਯਾਨਾਂ ਪਦਾਰਥਾਨਾਂ ਸਾਧਰ੍ਮ੍ਯਵੈਧਰ੍ਮ੍ਯਾਭ੍ਯਾਂ ਤਤ੍ਤ੍ਵਜ੍ਞਾਨਾਨ੍ਨਿ:ਸ਼੍ਰੇਯਸਮ।
ਵੈਸ਼ੇਸ਼ਿਕਦਰਸ਼ਨ॥ ਅਧ੍ਯਾਯ ੧। ਆ੦ ੧। ਸੂਤ੍ਰ ੪॥

ਜਦ ਮਨੁੱਸ਼ ਧਰਮ ਦੇ ਯਥਾਯੋਗ ਕਰਮ ਕਰਨ ਨਾਲ ਪਵਿਤ੍ਰ ਹੋਕੇ 'ਸਾਧਰਮ੍ਯ' ਅਰਥਾਤ ਜੋਹੜੇ ਜੁੱਲ ਧਰਮ ਹਨ ਜਿਸਤਰਾਂ ਪ੍ਰਿਥਵੀ ਜੜ, ਅਰ ਜਲ ਵੀ ਜੜ, 'ਵੈਧਰਮ੍ਯ' ਅਰਥਾਤ ਪ੍ਰਿਥਵੀ ਨਿੱਗਰ ਅਰ ਜਲ ਕੋਮਲ ਇੱਸੇ ਪ੍ਰਕਾਰ ਦ੍ਰਵ੍ਯ, ਗੁਣ, ਕਰਮ, ਸਾਮਾਨ੍ਯ, ਵਿਸ਼ੇਸ਼ ਅਰ ਸਮਵਾਯ ਇਨਾਂ ਛਿਆਂ ਪਦਾਰਥਾਂ ਦੇ ਤੱਤ ਗਿਆਨ ਅਰਥਾਤ ਸਰੂਪ ਗਿਆਨ ਨੂੰ ਪ੍ਰਾਪਤ ਹੁੰਦਾ ਹੈ ਤਦ ਉਸ ਕਰਕੇ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ॥

ਪ੍ਰਿਥਿਵ੍ਯਾਪਸ੍ਤੇਜੋ ਵਾਯੁਰਾਕਾਸ਼ੰ ਕਾਲੋ ਦਿਗਾਤ੍ਮਾ ਮਨ ਇਤਿ ਦ੍ਰਵ੍ਯਾਣਿ॥
ਵੈਸ਼ੇਸ਼ਿਕਦਰਸ਼ਨ। ਅਧ੍ਯਾਯ ੧। ਆ੦ ੧। ਸੂਤ੍ਰ ੫।

ਪ੍ਰਿਥਵੀ, ਜਲ, ਤੇਜ ਵਾਯੁ, ਆਕਾਸ਼, ਕਾਲ, ਦਿਸ਼ਾ, ਆਤਮਾ, ਅਰ ਮਨ, ਏਹ ਨੌ ਦ੍ਰਵ੍ਯ ਹਨ॥

ਕ੍ਰਿਯਾਗੁਣਵਤ੍ਸਮਵਾਯਿਕਾਰਣਮਿਤਿ ਦ੍ਰਵ੍ਯਲਕ੍ਸ਼ਣਮ॥
ਵੈਸ਼ੇਸ਼ਿਕਦਰਸ਼ਨ॥ ਅਧ੍ਯਾਯ ੧। ਆ੦ ੧। ਸੂਤ੍ਰ ੧੫॥

'ਕ੍ਰਿਯਾਸ਼੍ਚ ਗੁਣਾਸ਼੍ਚ ਵਿਦ੍ਯਨ੍ਤੇ ਯਸ੍ਮਿਨਤਤ ਕ੍ਰਿਯਾਗੁਣਵਤ' ਜਿਸ ਵਿਚ ਕ੍ਰਿਯਾ, ਗੁਣ, ਅਰ ਕੇਵਲ ਗੁਣ ਵੀ ਰਹਨ, ਉਸ ਨੂੰ ਦ੍ਰਵ੍ਯ ਕਹਿੰਦੇ ਹਨ। ਉਨਾਂ ਵਿੱਚੋਂ ਪ੍ਰਿਥਵੀ, ਜਲ, ਤੇਜ, ਵਾਯੁ, ਮਨ ਅਰ ਆਤਮਾ, ਏਹ ਛੀ ਦ੍ਰਵ੍ਯ ਕ੍ਰਿਯਾ ਅਰ ਗੁਣ ਵਾਲੇ ਹਨ, ਤਥਾ ਆਕਾਸ਼, ਕਾਲ ਅਰ ਦਿਸ਼ਾ, ਏਹ ਤਿੰਨ ਕ੍ਰਿਯਾ ਰਹਿਤ ਗੁਣ ਵਾਲੇ ਹਨ। (ਸਮਵਾਯਿ) ਸਮਵੇਤੁੰ ਸ਼ੀਲੰ ਯਸ੍ਯ ਤਤ ਸਮਵਾਯਿ, ਪ੍ਰਾਗਵ੍ਰਿੱਤਿਤ੍ਵੰ ਕਾਰਣੰ ਸਮਵਾਯਿ ਚ ਤਤਕਾਰਣੰ ਚ ਸਮਵਾਯਿਕਾਰਣਮ''ਲਕ੍ਸ਼ਯਤੇ ਯੇਨ ਤਲ੍ਲਕ੍ਸ਼ਣਮ' ਜੋ ਮਿਲਨੇ ਦੇ ਸੁਭਾਵ ਯੁਕਤ, ਕਾਰਯਤੋਂ

ਪਹਿਲੇ ਕਾਲ ਵਿਚ ਰਹਿਨ ਵਾਲਾ ਜੋ ਕਾਰਣ ਹੋਵੇ ਉਸੇਨੂੰ ਦ੍ਰਵ੍ਯ ਕਹਿੰਦੇ ਹਨ, ਜਿਸ ਥੀਂ ਲਖਛ ਜਾਨਿਆ ਜਾਵੇ ਜਿਸਤਰਾਂ ਅੱਖ ਥੀਂ ਰੂਪ ਜਾਨਿਆ ਜਾਂਦਾ ਹੈ ਉਸਨੂੰ ਲਖਛਣ ਕਹਿੰਦੇ ਹਨ ॥

ਰੂਪਰਸਗੰਧਸਪਰਸ਼ਵਤੀ ਪ੍ਰਿਥਵੀ ॥ ਵੈਃ। ਅਃ ੨। ਆ੦ ੧ ਸੂਤ੍ਰ ੧ ॥

ਰੂਪ, ਰਸ, ਗੰਧ, ਸਪਰਸ਼ ਵਾਲੀ ਪ੍ਰਿਥਵੀ ਹੈ, ਉਸ ਵਿਚ ਰੂਪ, ਰਸ, ਅਰ ਸਪਰਸ਼, ਅਗਨੀ, ਜਲ ਅਰ ਵਾਯੂ ਦੇ ਯੋਗ ਕਰਕੇ ਹਨ ॥

ਵਜਵਸਥਿਤਃ ਪ੍ਰਿਥਵ੍ਯਾਂਗੰਧਃ ॥ ਵੈਃ। ਅਃ ੨। ਆਃ ੨। ਸੂਃ ੨ ॥

ਪ੍ਰਿਥਵੀ ਵਿਚ ਗੰਧ ਗੁਣ ਸੁਭਾਵਕ ਹੈ, ਏਸੇ ਤਰਾਂ ਜਲ ਵਿਚ ਰਸ, ਅਗਨੀ ਵਿਚ ਰੂਪ, ਵਾਯੂ ਵਿਚ ਸਪਰਸ਼, ਅਰ ਆਕਾਸ਼ ਵਿਚ ਸ਼ਬਦ ਸੁਭਾਵਕ ਹੈ॥

ਰੂਪਰਸਸਪਰਸ਼ਵਤ੍ਯ ਆਪੋਦ੍ਰਵ੍ਯਾਃ ਸਨਿਗਧਾਃ। ਵੈਃ ਅਃ ੨। ਆ੦੨॥ ਸੂਤ੍ਰ ੨ ॥

ਰੂਪ, ਰਸ, ਅਰ ਸਪਰਸ਼ਵਾਨ ਦ੍ਰਵੀਭੂਤ ਅਰ ਕੋਮਲ ਜਲ ਕਹਾਂਦਾ ਹੈ, ਪਰੰਤੂ ਇਨਾਂ ਵਿਚ ਜਲ ਦਾ ਸੁਭਾਵਕ ਗੁਣ ਰਸ ਹੈ, ਤਥਾ ਰੂਪ, ਸਪਰਸ਼ ਅਗਨੀ ਅਰ ਵਾਯੂ ਦੇ ਯੋਗ ਕਰਕੇ ਹਨ ॥

ਅਪਸੁ ਸ਼ੀਤਤਾ ॥ ਵੈਸ਼ਸ਼ਿਕ ਦਰਸ਼ਨ। ਅਧ੍ਯਾਯ ੨। ਆ੦ ੨। ਸੂਤ੍ਰ ੫॥

ਅਰ ਜਲ ਵਿਚ ਸ਼ੀਤਲਤਾ ਗੁਣ ਵੀ ਸੁਭਾਵਕ ਹੈ ॥

ਤੇਜੋ ਰੂਪਸਪਰਸ਼ਵਤ। ਵੈਸ਼ਸ਼ਿਕ ਦਰਸ਼ਨ। ਅਧ੍ਯਾਯ ੨। ਆ੦੨। ਸੂਤ੍ਰ ੩।

ਜੋ ਰੂਪ ਅਰ ਸਪਰਸ਼ ਵਾਲਾ ਹੈ ਓਹ ਤੇਜ ਹੈ, ਪਰੰਤੂ ਏਸ ਵਿਚ ਰੂਪ, ਸੁਭਾਵਕ, ਅਤੁ ਸਪਰਸ਼ ਵਾਯੂ ਦੇ ਯੋਗ ਕਰਕੇ ਹੈ ॥

ਸਪਰਸ਼ਵਾਨ ਵਾਯੁਃ ॥ ਵੈਸ਼ੇਸ਼ਿਕ ਦਰਸ਼ਨ। ਅਃ ੨ ਆ੦ ੧ । ਸੂਤ੍ਰ ੪ ॥

ਸਪਰਸ਼ ਗੁਣ ਵਾਲਾ ਵਾਯੂ ਹੈ, ਪਰੰਤੂ ਏਸ ਵਿਚ ਵੀ ਗਰਮੀ, ਸਰਦੀ, ਤੇਜ ਅਰ ਜਲ ਦੇ ਯੋਗ ਕਰਕੇ ਰਹਿਦੀ ਹੈ ॥

ਤ ਅਕਾਸ਼ੇ ਨ ਵਿਦ੍ਯਨੇਤੇ । ਵੈਸ਼ੇਸ਼ਿਕ ਦਰਸ਼ਨ। ਅਃ੨। ਆ੦ ੧ ਸੂਤ੍ਰ ੫॥

ਰੂਪ, ਰਸ, ਗੰਧ ਅਰ ਸਪਰਸ਼ ਆਕਾਸ਼ ਵਿਚ ਨਹੀਂ ਹਨ ਕਿਤੂ ਸ਼ਬਦ ਹੀ ਆਕਾਸ਼ ਦਾ ਗੁਣ ਹੈ ॥

ਨਿਸ਼ਕ੍ਰਮਣੰ ਪ੍ਰਵੇਸ਼ਨਮਿਤਜਾਕਾਸ਼ਸ੍ਯ ਲਿੰਗਮ। ਵੈਃਅਃ ੨ ।ਆ੦੧।ਸੂਤ੍ਰ ੨੦

ਜਿਸ ਵਿਚ ਪ੍ਰਵੇਸ਼ ਅਰ ਨਿਕਲਨਾ ਹੁੰਦਾਹੈ ਓਹ ਆਕਾਸ਼ ਦਾ ਲਿੰਗ ਹੈ

ਕਾਰਯਾਂਤਰਾਪ੍ਰਾਦੁਰਭਾਵੋਂਚ ਸ਼ਬਦਃਸਪਰ ਸ਼ਵਤਾਮਗੁਣਃ । ਵੈਸ਼ੇਸ਼ਿਕ-ਦਰਸ਼ਨ।ਅਧ੍ਯਾਯ ੨। ਆ੦ ੧। ਸੂਤ੍ਰ ੨੫ ॥

ਹੋਰ ਪ੍ਰਿਥਵੀ ਆਦੀ ਕਾਰਯਾਂ ਤੋਂ ਪ੍ਰਗਟ ਨਹੀਂ ਹੁੰਦਾ,ਏਸ ਲਈਸ਼ਬਦ, ਸਪਰਸ਼ ਗੁਣ ਵਾਲੀ ਭੂਮੀ ਆਦੀ ਦਾ ਗੁਣ ਨਹੀਂ ਹੈ, ਕਿੰਤੂ ਸ਼ਬਦ ਆਕਾਸ਼ ਦਾ ਹੀ ਗੁਣਹੈ॥ ਅਪਰਸਮਿਨਪਰੰ ਯੁਗਪੱਚਿਰੰ ਖਛਿਪ੍ਰਮਿਤਿ ਕਾਲਲਿੰਗਾਨਿ।

ਵੈਸ਼ੇਸ਼ਿਕ ਦਰਸ਼ਨ। ਅਧ੍ਯਾਯ ੨। ਆ੦ ੨। ਸੂਤ੍ਰ ੬ ॥

ਜਿਸ ਵਿਚ ਅਪਰ ਪਰ (ਯੁਗਪਤ) ਇਕਵਾਰ (ਚਿਰਮ) ਦੇਰੀ, (ਖਛਿਪ੍) ਜਲਦੀ ਇਤਿਆਦੀ ਪ੍ਰਯੋਗ ਹੁੰਦੇ ਹਨ ਉਸ ਨੂੰ ਕਾਲ ਕਹਿੰਦੇ ਹਨ॥

ਨਿਤਯੇਸ਼ੂਕ-ਵਾਦਨਿਤਯੇਸ਼ੁ ਭਾਵਾਤਕਾਰਣੇ ਕਾਲਾਖਯੇਤਿ।

ਵੈਸ਼ੇਸ਼ਿਕਦਰਸ਼ਨ। ਅਧਯਾਯ ੨। ਆ० ੨। ਸੂਤ੍ਰ ੯॥

ਜੋ ਨਿੱਤ ਪਦਾਰਥਾਂ ਵਿਚ ਨਾ ਹੋਵੇ ਅਰ ਅਨਿੱਤ ਪਦਾਰਥਾਂ ਵਿਚ ਹੋਵੇ, ਏਸ ਥੀਂ ਕਾਰਣ ਵਿਚ ਹੀ ਕਾਲ ਸੰਗ੍ਯਾ ਹੈ॥

ਇਤ ਇਦਮਿਤਿ ਯਤਸਤੱਦਿਸ਼ੱਤ ਲਿੰਗਮ। ਵੈਃ। ਅ०੨।ਆ०੨। ਸੂਃ੧੦॥

ਏਥੋਂ ਏਹ ਪੂਰਵ, ਦੱਖਣ, ਪੱਛਮ, ਉੱਤਰ, ਉੱਪਰ, ਹੇਠਾਂ ਜਿਸਦੇ ਵਿਚ ਏਹ ਵਿਹਾਰ ਹੁੰਦਾ ਹੈ ਉਸਨੂੰ ਦਿਸ਼ਾ ਕਹਿੰਦੇ ਹਨ॥

ਆਦਿਤ੍ਯਸੰਯੋਗਾਦ ਭੂਤਪੂਰਵਾਦ ਭਵਿਸ਼ਯਤੋ ਭੂਤੱਚ ਪ੍ਰਾਚੀ॥

ਵੈਸ਼ੇਸ਼ਿਕਦਰਸ਼ਨ। ਅਧਯਾਯ ੨। ਆਃ ੨। ਸੂਤ੍ਰ ੧੪॥

ਜਿਸ ਪਾਸੇ ਵਲ ਸੂਰਯ ਦਾ ਸੰਯੋਗ ਹੋਇਆ, ਹੋਵੇ, ਉਸ ਨੂੰ ਪੂਰਵ ਦਿਸ਼ਾ ਕਹਿੰਦੇ ਹਨ, ਅਰ ਜਿਥੇ ਅਸਤ ਹੋਵੇ ਉਸਨੂੰ ਪਸ਼ਚਿਮ ਕਹਿੰਦੇ ਹਨ, ਪੂਰਵ ਵਲ ਮੂੰਹ ਕੀਤੇ ਹੋਏ ਮਨੁਸ਼ ਦੇ ਸੱਜੇ ਪਾਸੇ ਦੱਖਛਣ ਅਰ ਖੱਬੇ ਪਾਸੇ ਉੱਤਰ ਦਿਸ਼ਾ ਕਹਾਉਂਦੀ ਹੈ॥

ਏਤੇਨ ਦਿਗੀਤਰਾਲਾਨਿ ਵ੍ਯਾਖ੍ਯਾਤਾਨਿ। ਵੈਃ ਅਃ ੨ ਆਃ ੨ ਸੂਤ੍ਰ ੧੯॥

ਪੂਰਵ ਦਖਛਣ ਦੀ ਵਿਚਲੀ ਦਿਸ਼ਾ ਨੂੰ ਆਗਨੇਯੀ, ਦਖਛੈਣ ਪਸ਼ਚਿਮ ਦੀ ਵਿਚਲੀ ਨੂੰ ਨੈਰਿਤੀ, ਪਸ਼ਚਿਮ ਉੱਤਰ ਦੀ ਵਿਚਲੀ ਨੂੰ ਵਾਯਵੀ, ਅਰ ਉੱਤਰ ਪੂਰਵ ਦੀ ਵਿਚਲੀ ਨੂੰ ਐਸ਼ਾਨੀ ਦਿਸ਼ਾ * ਕਹਿੰਦੇ ਹਨ॥



ਇੱਛਾਦ੍ਵੇਸ਼ਪ੍ਰਯਤਨਸੁਖਦੁਃਖਜ੍ਞਾਨਾਨਯਾਤਮਨੋ ਲਿਗਮਿਤਿ ॥
ਨਯਾਯਦਰਸ਼ਨ। ਅਧਯਾਯ ੧। ਸੂਃ ੧੦॥

ਜਿਸ ਵਿਚ ਇੱਛਾ, ਦ੍ਵੇਸ਼, ਪ੍ਰਯਤਨ, ਸੁਖ, ਦੁਃਖ, ਗਿਆਨ ਗੁਣ ਹੋਨ ਓਹ ਜੀਵਾਤਮਾ ਕਹਾਉਂਦਾ ਹੈ 'ਵੈਸ਼ੇਸ਼ਿਕ ਦਰਸ਼ਨ' ਵਿਚ ਇੰਨਾਂ ਵਿਸ਼ੇਸ਼ ਹੈ :-

ਪ੍ਰਾਣਾਪਾਨਨਿਮੇਸ਼ੋਨਮੇਸ਼ ਜੀਵਨਮਨੋਗਤੀਂਦ੍ਰਿਯਾਂਤਰਵਿਕਾਰਾਃ ਸੁਖ ਦੁਃਖੇੱਛਾਦ੍ਵੇਸ਼ਪ੍ਰਯਤਨਾਸ਼ਚਾਤਮਨੋਲਿੰਗਾਨਿ ।ਵੈਃ ਅਃ ੩ ਆਃ ੨ ਸੂਃ ੪ ॥

(ਪ੍ਰਾਣ) ਬਾਹਰੋਂ ਹਵਾ ਨੂੰ ਅੰਦਰ ਲੈਣਾ। (ਅਪਾਨ) ਅੰਦਰੋਂ ਹਵਾ ਨੂੰ ਬਾਹਰ ਕਢਣਾ। (ਨਿਮੇਸ਼) ਅਖ ਨੂੰ ਮੀਟਣਾ। (ਉਨਮੇਸ਼) ਅੱਖ ਨੂੰ ਖੋਲਨਾ (ਜੀਵਨ) ਪ੍ਰਾਣ ਦਾ ਧਾਰਣ ਕਰਨਾ, (ਮਨਃ) ਮਨਨ ਵਿਚਾਰ ਅਰਥਾਤ ਗਿਆਨ। (ਗਤੀ) ਇੱਛਾ ਪੂਰਵਕ ਗਮਨ ਕਰਨਾ, ਚਲਨਾ ਫਿਰਨਾ, (ਇੰਦ੍ਰਿਯ) ਇੰਦ੍ਰੀਆਂ ਨੂੰ ਵਿਸ਼ਿਆਂ ਵਿਚ ਚਲਾਨਾ, ਉਨਾਂ ਦ੍ਵਾਰਾ ਵਿਸ਼ਿਆਂ ਦਾ ਗ੍ਰਹਣ ਕਰਨਾ, (ਅੰਤਰਵਿਕਾਰ) ਭੁਖ, ਤੇਹ, ਬੁਖ਼ਾਰ, ਪੀੜਾ ਆਦੀ ਵਿਕਾਰਾਂ ਦਾ ਹੋਨਾ, ਸੁਖ, ਦੁਖ, ਇੱਛਾ, ਦ੍ਵੇਸ਼ ਅਰ ਪ੍ਰਯਤਨ, ਪੁਰਸ਼ਾਰਥ ਏਹ ਸਭ ਆਤਮਾ ਦੇ ਲਿੰਗ ਅਰਥਾਤ ਕਰਮ ਅਰ ਗੁਣ ਹਨ ॥

ਯੁਗਪਜ੍ਜ੍ਞਾਨਾਨੁਤ੍ਪੱਤਿਰਮਨਸੋ ਲਿੰਗਮ।ਨਯਾਃ ਅਃ ੧ ਆਃ ੧। ਸੂਃ੧੬ ॥

ਜਿਸ ਕਰਕੇ ਇਕ ਕਾਲ ਵਿਚ ਦੋ ਪਦਾਰਥਾਂ ਦਾ ਗ੍ਰਹਣ, ਗਿਆਨ ਨਹੀਂ ਹੁੰਦਾ ਉਸਨੂੰ ਮਨ ਕਹਿੰਦੇ ਹਨ। ਏਹ ਦ੍ਰਵ੍ਯ ਦਾ ਸਰੂਪ ਅਰ ਲਖਛਣ ਕਹਿਆ ਹੁਣ ਗੁਣਾਂ ਦਾ ਕਥਨ ਕਰਨੇ ਹਾਂ।

ਰੂਪਰਸਗੰਧਸਪਰਸ਼ਾਃ ਸੰਖ੍ਯਾਪਰਿਮਾਣਾਨਿ ਪ੍ਰਿਥਕਤ੍ਵੰ ਸੰਯੋਗਵਿਭਾਗੌ ਪਰਤ੍ਵਾਪਰਤ੍ਵੇ ਬੁੱਧਯਃਸੁਖਦੁਃਖੇੱਛਾਦ੍ਵੇਸ਼ੇ ਪ੍ਰਯਤਨਾਸ਼ਚ ਗੁਣਾਃ॥
ਵੈਸ਼ੇਸ਼ਿਕ ਦਰਸ਼ਨ। ਅਧਯਾਯ ੧। ਆਃ ੧। ਸੂਃ ੬ ॥

ਰੂਪ, ਰਸ, ਗੰਧ, ਸਪਰਸ਼, ਸੰਖਿਆ (ਗਿਣਤੀ) ਪਰਿਮਾਣ (ਅੰਦਾਜ) ਪ੍ਰਿਥਕਤ੍ਵ (ਵਖਰਾ ਰਹਿਣਾ) ਸੰਯੋਗ,ਵਿਭਾਗ (ਮਿਲਿਆ ਹੋਇਆ ਨਾ ਹੋਨਾ) ਪਰਤ੍ਵ (ਪਰੇਹੋਨਾ) ਅਪਰਤ੍ਵ (ਉਰੇ ਹੋਨਾ) । ਬੁਧੀ (ਗਿਆਨ) ਸੁਖ, ਦੁਖ, ਇੱਛਿਆ, ਦ੍ਵੇਸ਼, ਪ੍ਰਯਤਨ (ਪੁਰਸ਼ਾਰਥ) ਗੁਰੁਤ੍ਵ (ਭਾਰੀਪਨ) ਦ੍ਰਵਤ੍ਵ (ਪਿਘਲਨਾ) ਸਨੇਹ, ਸੰਸਕਾਰ, ਧਰਮ, ਅਧਰਮ ਅਰ ਸ਼ਬਦ ਏਹ ੨੪ ਚੌਵੀ ਗੁਣ ਕਹਾਂਦੇ ਹਨ ॥

ਦ੍ਰਵ੍ਯਾਸ਼੍ਰਯਗੁਣਵਾਨ ਸੰਯੋਗਵਿਭਾਗੇਸ਼੍ਵਕਾਰਣਮਨਪੇਖ਼ਇ ਇਤਿ ਗੁਣਲਖਛਣਮ ॥ ਵੈਸ਼ੇਸ਼ਿਕ ਦਰਸ਼ਨ ਅਧਯਾਯ ੧ ਆਃ ੨ ਸੂਃ੧੬॥

ਗੁਣ ਉਸਨੂੰ ਕਹਿੰਦੇ ਹਨ ਕਿ ਜੋ ਦ੍ਰਵ੍ਯ ਦੇ ਆਸ਼ਰੇ ਰਹੇ, ਹੋਰ ਕਿਸੇ ਗੁਣ ਦਾ ਧਾਰਣ ਨਾ ਕਰੇ, ਸੰਯੋਗ ਅਰ ਵਿਭਾਗ ਵਿਚ ਕਾਰਣ ਨ ਹੋਵੇ। ਅਨਪੇਖ਼ਛ ਅਰਥਾਤ ਕਿਸੇ ਦੂਜੇ ਦੀ ਮੁਥਾਜੀ ਨਾ ਕਰੇ ॥

ਸ੍ਰੋਤ੍ਰੋਪਲਬਧਿਰਬੁੱਧਿਨਿਰਗ੍ਰਾਹਜਃ
ਪ੍ਰਯੋਗੇਣਾਭਿਜ੍ਵਲਿਤ ਆਕਾਸ਼ਦੇਸ਼ਃਸ਼ਬਦਃ॥ਮਹਾਭਾਸ਼ਜ॥

ਜਿਸਦੀ ਕੰਨਾ ਕਰਕੇ ਪ੍ਰਾਪਤੀ ਹੁੰਦੀ, ਜੋ ਬੁੱਧੀ ਦ੍ਵਾਰਾ ਗ੍ਰਹਣ ਕਰਨੇ ਯੋਗ, ਅਰ ਬੋਲਨ ਕਰਕੇ ਪ੍ਰਗਟ ਹੁੰਦਾ, ਤਥਾ ਆਕਾਸ਼ ਜਿਸਦਾ ਦੇਸ਼ ਹੈ, ਓਹ ਸ਼ਬਦ ਕਹਾਂਦਾ ਹੈ। ਨੇਤ੍ਰ ਕਰਕੇ ਜਿਸਦਾ ਗ੍ਰਹਣ ਹੋਵੇ ਓਹ ਰੂਪ, ਜ਼ਬਾਨ ਕਰਕੇ ਜਿਸਦਾ ਗ੍ਰਹਣ ਹੋਵੇ ਜਿਸ ਤਰਾਂ (ਮਿਠਾਸਆਦੀ) ਓਹ ਰਸ, ਨੱਕ ਕਰਕੇ ਜਿਸਦਾ ਗ੍ਰਹਣ ਹੋਵੇ ਓਹ ਗੰਧ, ਤੁਚਾ ਕਰਕੇ ਜਿਸਦਾ ਗ੍ਰਹਣ ਹੋਵੇ ਓਹ ਸਪਰਸ਼, ਇਕ ਦੋ ਇਤਿਆਦੀ ਗਿਣਤੀ ਜਿਸ ਕਰਕੇ ਹੁੰਦੀ ਹੈ ਓਹ ਸੰਖਿਆ, ਜਿਸ ਕਰਕੇ ਤੋਲ ਅਰਥਾਤ ਹਲਕਾ ਭਾਰੀ ਮਲੂਮ ਹੁੰਦਾ ਹੈ ਓਹ ਪਰੀਮਾਣ, ਇਕ ਦੂਜੇ ਤੋਂ ਵਖਰਾ ਪ੍ਰਿਥਕਤ੍ਵ ਹੈ, ਇਕ ਦੂਜੇ ਦੇ ਨਾਲ ਮਿਲਨਾ ਸੰਯੋਗ ਹੈ, ਆਪਸ ਵਿਚ ਮਿਲੇ ਹੋਏ ਦੇ ਅਨੇਕ ਟੁਕੜੇ ਹੋਨਾ ਵਿਭਾਗ ਹੈ, ਏਸ ਤੋਂ ਏਹ ਪਰੇ ਹੈ ਓਹ ਪਰ, ਉਸ ਤੋਂ ਏਹ ਉਰੇ ਹੈ ਓਹ ਅਪਰ, ਜਿਸ ਕਰਕੇ ਅੱਛੇ ਬੁਰੇ ਦਾ ਗਿਆਨ ਹੁੰਦਾ ਹੈ ਓਹ ਬੁੱਧੀ, ਆਨੰਦ ਦਾ ਨਾਉਂ ਸੁਖ, ਕਲੇਸ਼ ਦਾ ਨਾਉਂ ਦੁਖ, ਇੱਛਿਆ ਦਾ ਨਾਉਂ ਰਾਗ, ਵਿਰੋਧ ਦਾ ਨਾਉਂ ਦ੍ਵੇਸ਼, ਅਨੇਕ ਪ੍ਰਕਾਰ ਦੇ ਬਲ ਪੁਰਸ਼ਾਰਥ ਦਾ ਨਾਉਂ ਪ੍ਰਯਤਨ, ਭਾਰੀ ਹੋਨ ਦਾ ਨਾਉਂ ਗੁਰੁਤ੍ਵ, ਪਘਰ ਜਾਣ ਦਾ ਨਾਉਂ ਦ੍ਰਵਤ੍ਵ, ਪ੍ਰੀਤੀ ਅਰ ਚਿਕਨੇਪਨ ਦਾ ਨਾਉਂ ਸਨੇਹ, ਦੂਜੇ ਦੇ ਯੋਗ ਕਰਕੇ ਵਾਸਨਾ ਦੇ ਹੋਣ ਦਾ ਨਾਉਂ ਸੰਸਕਾਰ, ਨਿਆਯਦੇ ਆਚਰਣ ਅਰ ਕਠਿਨਤਾ ਆਦੀ ਦਾ ਨਾਉਂ ਧਰਮ, ਅਨਿਆਯ ਦੇ ਆਚਰਣ ਅਰ ਕਠਿਨਤਾ ਦੇ ਵਿਰੁੱਧ ਕੋਮਲਤਾ ਦਾ ਨਾਉਂ ਅਧਰਮ ਹੈ, ਏਹ ੨੪ ਚਹ੍ਵੀ ਗੁਣ ਹਨ॥

ਉਤਖਛੇਪਣਮਵਖਛੇਪਣਮਾਕੰਚਨੰ ਪ੍ਰਸਾਰਣੰ ਗਮਨਮਿਤਿਕਰਮਾਣਿ॥
ਵੈਸ਼ੇਸ਼ਿਕਦਰਸ਼ਨ। ਅਧਜਾਯ ੧। ਆ੦ ੧। ਸੂਤ੍ਰ ੭॥

(ਉਤਖਛੇਪਣ) ਉੱਪਰ ਨੂੰ ਚੇਸ਼ਟਾ ਕਰਨਾ, (ਅਵਖਛੇਪਣ) ਹੇਠਾਂ ਨੂੰ ਚੇਸ਼ਟਾ ਕਰਨਾ, (ਆਕੁੰਚਨ) ਸੰਕੋਚ ਕਰਨਾ, (ਪ੍ਰਸਾਰਣ) ਫਲਾਨਾ, (ਗਮਨ) ਆਉਣਾ ਜਾਨਾ, ਭਉਨਾ ਆਦਿ ਇਨਾਂ ਨੂੰ ਕਰਮ ਕਹਿੰਦੇ ਹਨ। ਹੁਣ ਕਰਮ ਦਾ ਲੱਖਛਣ ਲਿਖਨ ਹਾਂ॥

ਏਕਦ੍ਰਵਜਮਗੁਣੰਸੰਯੋਗਵਿਭਾਗੇਸ਼੍ਵਨਪੇਖਛਕਾਰਣਮਿਤਿਕਰਮਲਖਛਣਮ
ਵੈਸ਼ਸ਼ਿਕਦਰਸ਼ਨ। ਅਧਜਾਯ ੧। ਆਃ ੧। ਸੂਤ੍ਰ ੧੭॥

'ਏਕੰਦ੍ਰਵਜਮਾਸ਼੍ਰਯ ਆਧਾਰੋ ਯਸਜ ਤਦੇਕਦ੍ਰਵਜੰ ਨ ਵਿਦਜਤੇ ਗੁਣੋਯਸਜ ਯਸਮਿਨਵਾਤਦ ਗੁਣੰ ਸੰਯੋਗੇਸ਼ੁ ਵਿਭਗੇਸ਼ੁ ਚਾਅਪੇਖਛਾਰਹਿਤੰ ਕਾਰਣੰ ਤਤਕਰਮ ਲਖਛਣਮ' ਅਥਵਾਯਤਕ੍ਰਿਯਤੇਤਤਕਰਮ, ਲਖਛਜਤੇਯੇਨ ਤੱਲਖਛਣਮ' ਕਰਮਣੋ ਲਖਛਣੰ ਕਰਮਲਖਛਣਮ' ਦ੍ਰਵਜ ਦੇ ਆਸ਼ਰੇਗੁਣਾਂ ਤੋਂ ਰਹਿਤ, ਸੰਯੋਗ ਅਰ

ਵਿਭਾਗ ਹੋਨ ਵਿਚ ਅਪੇਖਛਾ ਰਹਿਤ ਜੋ ਕਾਰਣ ਹੋਵੇ ਉਸਨੂੰ ਕਰਮ ਕਹਿੰਦੇ ਹਨ ॥

ਦ੍ਰਵ੍ਯਗੁਣ ਕਰਮਣਾਂ ਦ੍ਰਵ੍ਯੈ ਕਾਰਣੰ ਸਾਮਾਨ੍ਯਮ। ਵੈਸ਼ੇਸ਼ਿਕ ਦਰਸ਼ਨ ॥
ਅਧ੍ਯਾਯ ੧। ਆ੦ ੧। ਸੂਤ੍ਰ ੧੯ ॥

ਜੋ ਕਾਰਯ ਰੂਪੀ ਦ੍ਰਵ੍ਯ ਅਰ ਉਸ ਦੇ ਗੁਣਕਰਮ ਦਾ ਜੋ ਕਾਰਣ ਰੂਪੀ ਦ੍ਰੱਵ੍ਯਹੈ ਓਹ ਸਾਮਾਨ੍ਯ ਦ੍ਰਵ੍ਯ ਹੈ ॥

ਦ੍ਰਵ੍ਯਾਣਾਂ ਦ੍ਰਵ੍ਯੈ ਕਾਰਯੇ ਸਾਮਾਨ੍ਯਮ। ਵੈਸ਼ੇਸ਼ਿਕ ਦਰਸ਼ਨ ॥
ਅਧ੍ਯਾਯ ੧। ਆ੦ ੧। ਸੂ: ੨੩ ॥

ਦ੍ਰਵ੍ਯਾਂ ਦਾ ਜੋ ਕਾਰਯ ਦ੍ਰਵ੍ਯ ਹੈ ਓਹ ਕਾਰਯਪਨ ਕਰਕੇ ਸਭ ਕਾਰਯਾਂ ਵਿਚ ਸਾਮਾਨ੍ਯ ਹੈ ॥

ਦ੍ਰਵ੍ਯਤ੍ਵੰ ਗੁਣਤ੍ਵੰਕਰਮਾ੍ਚ ਸਾਮਾਨ੍ਯਾਨਿ ਵਿਸ਼ੇਸ਼ਾਸ਼੍ਚ। ਵੈਸ਼ੇਸ਼ਿਕਦਰਸ਼ਨ।
ਅਧ੍ਯਾਯ ੧। ਆ੦ ੨। ਸੂ: ੫ ॥

ਦ੍ਰਵ੍ਯਾਂ ਵਿਚ ਦ੍ਰੱਵ੍ਯਪਨ, ਗੁਣਾਂ ਵਿਚ ਗੁਣਪਨ, ਕਰਮਾਂ ਵਿਚ ਕਰਮ ਪਨ, ਏਹ ਸਭ ਸਾਮਾਨ੍ਯ ਅਰ ਵਿਸ਼ੇਸ਼ ਕਹਾਉਂਦੇ ਹਨ, ਕਿਉਂਕਿ ਦ੍ਰਵ੍ਯਾਂ ਵਿਚ ਦ੍ਰਵ੍ਯਪਨ ਸਾਮਾਨ੍ਯ, ਅਰ ਗੁਣਪਨ, ਕਰਮਪਨ ਥੀਂ ਦ੍ਰਵ੍ਯਪਨ ਵਿਸ਼ੇਸ਼ ਹੈ, ਇਸੇ ਤਰਾਂ ਸਰਵਤ੍ਰ ਸਮਝੋ ॥

ਸਾਮਾਨ੍ਯਮੈਵਿਸ਼ੇਸ਼ਾਇਤਿਬੁਧ੍ਯਪੇਖਛਮ॥ ਵੈ: ਅਧ੍ਯਾਯ ੧।ਆ੦।੨।ਸੂ: ੩।

ਸਾਮਾਨ੍ਯ ਅਰ ਵਿਸ਼ੇਸ਼ ਬੁੱਧੀ ਦੀ ਅਪੇਖਛਾ ਕਰਕੇ ਸਿੱਧ ਹੁੰਦੇ ਹਨ। ਜਿਸਤਰਾਂ ਮਨੁੱਸ਼ ਵ੍ਯਕਤੀਆਂ ਵਿਚ ਮਨੁੱਸ਼ਪਨ ਸਾਮਾਨ੍ਯ, ਅਰ ਪਸ਼ੂਪਨ ਥੀਂ ਵਿਸ਼ੇਸ਼ ਹੈ, ਤਥਾ ਇਸਤ੍ਰੀਪਨ ਅਰ ਪੁਰਸ਼ਪਨ, ਇਨਾਂ ਵਿਚ ਬ੍ਰਾਹਮਣਪਨ, ਖਛਤ੍ਰੀਪਨ, ਵੈਸ਼ਪਨ, ਸ਼ੂਦ੍ਰਪਨ, ਥੀਂ ਵਿਸ਼ੇਸ਼ ਹਨ । ਬ੍ਰਾਹਮਣ ਵ੍ਯਕਤੀਆਂ ਵਿਚ ਬ੍ਰਾਹਮਣਪਨ ਸਾਮਾਨ੍ਯ, ਅਰ ਖਛਤ੍ਰੀ ਆਦੀ ਥੀਂ ਵਿਸ਼ੇਸ਼ ਹੈ। ਇਸੇਤਰਾਂ ਸਰਵਤ੍ਰ ਸਮਝੋ ॥

ਇਹੇਦਮਿਤਿਯਤ:ਕਾਰਯਕਾਰਣਯੋ:ਸਮਵਾਯ: ।ਵੈਸ਼ੇਸ਼ਿਕਦਰਸ਼ਨ।
ਅਧ੍ਯਾਯ ੭। ਆ੦ ੨। ਸੂ: ੨੬ ॥

ਕਾਰਣ ਅਰਥਾਤ ਅਵੈਵਾਂ ਵਿਚ ਅਵੈਵੀ, ਕਾਰਯਾਂ ਵਿਚ ਕ੍ਰਿਆ ਕ੍ਰਿਆਵਾਨ, ਗੁਣ, ਗੁਣੀ, ਜਾਤੀ, ਵ੍ਯਕਤੀ, ਕਾਰਯ, ਕਾਰਣ, ਅਵੈਵ, ਅਵੈਵੀ, ਇਨਾਂ ਦਾ ਨਿੱਤ ਸੰਬੰਧ ਹੋਨ ਕਰਕੇ ਸਮਵਾਯ ਸੰਬੰਧ ਕਹਾਉਂਦਾ ਹੈ। ਅਰ ਜੇਹੜਾ ਦੂਜੇ ਦ੍ਰਵ੍ਯਾਂ ਦਾ ਇੱਕ ਦੂਜੇ ਨਾਲ ਸੰਬੰਧ ਹੁੰਦਾ ਹੈ ਓਹ ਸੰਯੋਗ ਅਰਥਾਤ ਅਨਿੱਤ ਸੰਬੰਧ ਹੈ ॥

ਦ੍ਰਵ੍ਯਗੁਣਯੋ: ਸਜਾਤੀਯਾਰੰਭਕਤ੍ਵੰ ਸਾਧਰਮ੍ਯਮ। ਵੈਸ਼ੇਸ਼ਿਕਦਰਸ਼ਨ ॥
ਅਧ੍ਯਾਯ ੧। ਆ੦ ੧। ਸੂ: ੯।

ਜੋ ਦ੍ਰੱਵਜ ਅਰਗੁਣ ਦਾ ਸਮਾਨ ਜਾਤੀ ਵਾਲਾ ਕਾਰਯ ਦਾ ਆਰੰਭ ਹੁੰਦਾ ਹੈ ਉਸ ਨੂੰ ਸਾਧਰਮਜ ਕਹਿੰਦੇ ਹਨ,ਜਿਸ ਤਰਾਂ ਪ੍ਰਿਥਵੀ ਵਿਚ ਜੜ੍ਹਪਨ ਧਰਮ ਅਰ ਘਟ ਆਦੀ ਕਾਰਯੋਤਪਾਦਕਤ੍ਵ ਅਪਨੇ ਸਮਾਨ ਧਰਮ ਹੈ, ਉਸੈ ਤਰਾਂ ਜਲਦਾ ਜੜ੍ਹਪਨ ਅਰ ਬਰਫ ਆਦੀ ਅਪਨੇ ਸਮਾਨ ਕਾਰਯ ਦਾ ਆਰੰਭ ਪ੍ਰਿਥਵੀ ਦੇ ਨਾਲ ਜਲ ਦਾ ਅਰ ਜਲ ਦੇ ਨਾਲ ਪ੍ਰਿਥਵੀ ਦਾ ਸਮਾਨ ਧਰਮ ਹੈ ਅਰਥਾਤ 'ਦ੍ਰਵ੍ਯਗੁਣਯੋਰਵਿਜਾਤੀਯਾਰੰਭਕਤ੍ਵੰ ਵੈਧਰਮ੍ਯਮ' ਏਸ ਤੋਂ ਏਹ ਵੀ ਸਿੱਧ ਹੋਇਆ ਕਿ ਜੋ ਦ੍ਰਵ੍ਯ ਅਰ ਗੁਣ ਦਾ ਵਿਰੁੱਧ ਧਰਮ ਅਰ ਕਾਰਯ ਦਾ ਆਰੰਭ ਹੈ ਉਸਨੂੰ ਵੈਧਰਮ੍ਯਕਹਿੰਦੇ ਹਨ, ਜਿਸ ਤਰਾਂ ਪ੍ਰਿਥਵੀ ਵਿਚ ਨਿੱਗਰ ਪਨ,ਰੁਖਾਪਨ, ਗੰਧਪਨ ਧਰਮ ਜਲ ਦੇ ਵਿਰੁੱਧ, ਅਰ ਜਲ ਦਾ ਵਗਨਾ, ਕੋਮਲਤਾ, ਅਰ ਰਸ ਗੁਣ ਵਾਲਾ ਪ੍ਰਿਥਵੀ ਦੇ ਵਿਰੁੱਧ ਹੈ ॥

ਕਾਰਣਭਾਵਾਤ੍ਕਾਰਯਭਾਵਃ ॥ ਵੈਃ ਅਧ੍ਯਾ ੧। ਆਃ ੧ ਸੂਤ੍ਰ ੩ ॥
ਕਾਰਣ ਦੇ ਹੋਨ ਕਰਕੇ ਹੀ ਕਾਰਯ ਹੁੰਦਾ ਹੈ ॥
ਨ ਤ੍ਵਕਾਰਯਾਭਾਵਾਤ੍ਕਾਰਣਾਭਾਵਃ। ਵੈਃ ਅਧ੍ਯਾ੧ ਆਃ ੨ । ਸੂਤ੍ਰ ੨।
ਕਾਰਯ ਦੇ ਅਭਾਵ ਥੀਂ ਕਾਰਣ ਦਾ ਅਭਾਵ ਨਹੀਂ ਹੁੰਦਾ ॥
ਕਾਰਣਾਭਾਵਾਤ੍ਕਾਰਯਾਭਾਵਃ ॥ ਵੈਃ ਅਧ੍ਯਾ ੧ ਆਃ੨।ਸੂਤ੍ਰ ੧ ।
ਕਾਰਣ ਦੇ ਨਾ ਹੋਨ ਕਰਕੇ ਕਾਰਯ ਕਦੀ ਨਹੀਂ ਹੁੰਦਾ ॥
ਕਾਰਣਗੁਣਪੂਰ੍ਵਕਃ ਕਾਰਯਗੁਣੋ ਦ੍ਰਿਸ਼ਟਃ ॥
ਵੈਸ਼ੇਸ਼ਿਕ ਦਰਸ਼ਨ ਅਧ੍ਯਾਯ ੨ । ਆਃ ੧ । ਸੂਃ ੨੪ ॥

ਜਿਸ ਤਰਾਂ ਦੇ ਕਾਰਣ ਵਿਚ ਗੁਣ ਹੁੰਦੇ ਹਨ, ਓਹੋ ਜੇਹੇ ਹੀ ਕਾਰਯ ਵਿਚ ਹੁੰਦੇ ਹਨ। ਪਰੀਮਾਣ ਦੇ ਪ੍ਰਕਾਰ ਦਾ ਹੈ :—

ਅਣੁਮਹਦਿਤਿ ਤਸਮਿਨ੍ਨਿਸ਼ੇਸ਼ਭਾਵਾਦ੍ਵਿਸ਼ੇਸ਼ਾਕ੍ਵਾੱਚ ॥
ਵੈਸ਼ੇਸ਼ਿਕ ਦਰਸ਼ਨ। ਅਧ੍ਯਾਯ ੭। ਆਃ ੧। ਸੂਤ੍ਰ ੧੧ ॥

(ਅਣੁ) ਸੂਖਛਮ। (ਮਹਤ) ਵਡਾ। ਜਿਸ ਤਰਾਂ ਤ੍ਰਿਸਰੇਣੁ ਲੀਖ ਤੋ ਛੋਟਾ ਅਰ ਦ੍ਵਿਣੁਕ ਥੀਂ ਵਡਾ ਹੈ, ਤਥਾ ਪਹਾੜ ਪ੍ਰਿਥਵੀ ਤੋਂ ਛੋਟੇ ਅਰ ਦਰਖਤ ਕੋਲੋਂ ਵੱਡੇ ਹਨ ॥

ਸਦਿਤਿ ਯਤੋ ਦ੍ਰਵ੍ਯਗੁਣਕਰਮਸੁ ਸਾ ਸੱਤਾ ॥
ਵੈਸ਼ੇਸ਼ਿਕ ਦਰਸ਼ਨ ਅਧ੍ਯਾਯ ੧। ਆਃ ੨। ਸੂਃ ੭ ॥

ਸੱਤ ਸ਼ਬਦ ਦਾ ਯੋਗ ਦ੍ਰਵ੍ਯ ਗੁਣ, ਅਰ ਕਰਮ, ਤਿੰਨਾਂ ਦੇ ਵਾਸਤੇ ਹੁੰਦਾ ਹੈ। ਜਿਸ ਤਰਾਂ 'ਸਤ ਦ੍ਰਵ੍ਯਮ–ਸਨਗੁਣਃ–ਸਤ ਕਰਮ' ਸਤ ਦ੍ਰਵ੍ਯ (ਦ੍ਰਵ੍ਯ ਹੈ) ਸਤ ਗੁਣ(ਗੁਣਹੈ)ਸੱਤ ਕਰਮ (ਕਰਮ ਹੈ) ਅਰਥਾਤ ਵਰਤਮਾਨ ਕਾਲਵਾਚੀ ਸ਼ਬਦ ਦਾ ਯੋਗ ਸਬਦੇ ਨਾਲ ਹੁੰਦਾ ਹੈ ॥

ਭਾਵੇਨੁਵ੍ਰੱਤੇਰੇਵ ਹੇਤੁਤ੍ਵਾਤਸਾਮਾਨਜਮੇਵ ॥ਵੈਃ ਅਃ੧ ਆਃ੨ । ਸੂਤ੍ਰ ੪॥

ਜੋ ਸਭਦੇ ਨਾਲ ਅਨੁਵਰਤਮਾਨ ਹੋਨ ਕਰਕੇ ਸੱਤਾ ਰੂਪ ਭਾਵ ਹੈ ਸੋ ਮਹਾ ਸਮਾਨਜ ਕਹਾਉਂਦਾ ਹੈ। ਏਹ ਕ੍ਰਮ ਭਾਵ ਰੂਪ ਦ੍ਰਵ੍ਯਾਂ ਦਾ ਹੈ ਅਰ ਜੋ ਅਭਾਵ ਹੈ ਓਹ ਪੰਜ ਪ੍ਰਕਾਰ ਦਾ ਹੁੰਦਾ ਹੈ॥

ਕ੍ਰਿਯਾਗੁਣਵਿਸ਼ੇਸ਼ਾਭਾਵਾਤਪ੍ਰਾਗਸਤ। ਵੈਃ ਅਃ੯। ਅਃ ੧। ਸੂਤ੍ਰ ੧॥

ਕ੍ਰਿਆ ਅਰ ਗੁਣ ਦੇ ਵਿਸ਼ੇਸ਼ ਨਿਮਿੱਤ ਤੋਂ ਪਹਿਲੇ ਨਾ ਸੀ ਜਿਸਤਰਾਂ ਘੜਾ, ਕਪੜਾ ਆਦੀ ਉਤਪੱਤੀ ਦੇ ਪਹਿਲੇ ਨਹੀਂ ਸਨ ਏਸ ਦਾ ਨਾਉਂ ਪ੍ਰਾਗਭਾਵ॥ ਦੂਸਾ—

ਸਦਸਤ॥ ਵੈਸ਼ੇਸ਼ਿਕਦਰਸ਼ਨ॥ ਅਧਜਾਯ ੯। ਆ੦ ੧। ਸੂਤ੍ਰ ੨॥

ਜੋ ਹੋਕੇ ਨਾ ਰਹੇ ਜਿਸਤਰਾਂ ਘੜਾ ਉਤਪੰਨ ਹੋਕੇ ਨਸ਼ਟ ਹੋਜਾਵੇ ਏਹ ਪ੍ਰਧ੍ਵੰਸਾਭਾਵ ਕਹਾਉਂਦਾ ਹੈ॥ ਤੀਜਾ:—

ਸੱਚਾਸਤ॥ ਵੈਸ਼ੇਸ਼ਿਕਦਰਸ਼ਨ ਅਧਜਾਯ ੯। ਆ੦ ੧। ਸੂਤ੍ਰ ੪॥

ਜੇਹੜਾ ਹੋਵੇ ਅਰ ਨਾ ਹੋਵੇ, ਜਿਸਤਰਾਂ ਏਹ ਘੋੜਾ ਗਊ ਨਹੀਂ, ਅਰ ਗਊ ਘੋੜਾ ਨਹੀਂ, ਅਰਥਾਤ ਘੋੜੇ ਵਿਚ ਗਊ ਦਾ, ਅਰ ਗਊ ਵਿਚ ਘੋੜੇ ਦਾ ਅਭਾਵ ਅਰ ਗਉ ਵਿਚ ਗਊ, ਘੋੜੇ ਵਿਚ ਘੋੜੇ ਦਾ ਭਾਵ ਹੈ ਇਹ ਅਨਜੋਨਜਾਭਾਵ ਕਹਾਉਂਦਾ ਹੈ। ਚੌਥਾ :—

ਯੱਚਾਨਜਦਸਦਤਸਤਦਸਤ। ਵੈਃ। ਅਃ ੯। ਆ੦ ੧। ਸੂਤ੍ਰ ੫।

ਜੇਹੜਾ ਉਪਰ ਕਹੇ ਤਿੱਨਾਂ ਅਭਾਵਾਂ ਥੀਂ ਭਿੱਨ ਹੈ ਉਸ ਨੂੰ ਅਤਜੰਤਾਭਾਵ ਕਹਿੰਦੇ ਹਨ, ਜਿਸਤਰਾਂ ਮਨੁਸ਼ ਦੇ ਸਿੰਗ, ਆਕਾਸ਼ ਦੇ ਫੁੱਲ, ਅਰ ਸੰਢ ਇਸਤ੍ਰੀ ਦਾ ਪੁਤ੍ਰ, ਇਤਆਦੀ॥ ਪੰਜਵਾਂ :—

ਨਾਸਤਿ ਘਟੋ ਗੇਹ ਇਤਿ ਸਤੋ ਘਟਸਜਗੇਹ ਸੰਸਰਗਪ੍ਰਤਿਸ਼ੇਧਃ।
ਵੈਸ਼ੇਸ਼ਿਕਦਰਸ਼ਨ। ਅਧਜਾਯ। ੯। ਆ੦। ੧। ਸੂਤ੍ਰ ੧੦॥

ਘਰ ਵਿਚ ਘੜਾ ਨਹੀਂ ਅਰਥਾਤ ਹੋਰ ਜਗਹ ਉਪਰ ਹੈ, ਘਰ ਦੇ ਨਾਲ ਘੜੇ ਦਾ ਸੰਬੰਧ ਨਹੀਂ ਹੈ, ਏਹ ਪੰਜ ਅਭਾਵ ਕਹਾਉਂਦੇ ਹਨ :—

ਇੰਦ੍ਰਿਯਦੋਸ਼ਾਤਸੰਸਕਾਰਦੋਸ਼ੱਾਚਾਵਿਦਜਾ। ਵੈਸ਼ੇਸ਼ਿਕਦਰਸ਼ਨ।
ਅਧਜਾਯ ੯। ਆ੦ ੨। ਸੂਤ੍ਰ ੧੧॥

ਇੰਦ੍ਰੀਆਂ ਅਰ ਸੰਸਕਾਰ ਦੇ ਦੋਸ਼ ਥੀਂ ਅਵਿਦਜਾ ਉਤਪੰਨ ਹੁੰਦੀ ਹੈ॥

ਤੱਦੁਸ਼ਟ ਗਜਾਨਮ। ਵੈਸ਼ੇਸ਼ਿਕਦਰਸ਼ਨ। ਅਃ ੯। ਆ੦ ੨। ਸੂਤ੍ਰ ੧੧।
ਜੋ ਦੁਸ਼ਟ ਅਰਥਾਤ ਉਲਟਾ ਗਿਆਨਹੈਉਸਨੂੰ ਅਵਿਦਜਾ ਕਹਿੰਦੇ ਹਨ।
ਅਦੁਸ਼ਟੰ ਵਿਦਜਾ। ਵੈਸੇਸ਼ਿਕਦਰਸ਼ਨ। ਅਃ ੯। ਆ੦ ੨। ਸੂਤ੍ਰ ੧੨।
ਜੋ ਅਦੁਸ਼ਟ ਅਰਥਾਤ ਯਥਾਰਥ ਗਿਆਨ ਹੈ ਉਸਨੂੰ ਵਿਦਜਾ ਕਹਿੰਦੇਹਨ

ਪ੍ਰਿਥਿਵ੍ਯਾਦਿਰੂਪਰਸਗੀਧਸਪਰਸ਼ਾ ਦ੍ਰਵ੍ਯਾਨਿਤ੍ਯਾਨ੍ਯਾਦਨਿਤ੍ਯਾਸ਼ਚ
ਵੈਸ਼ੇਸ਼ਿਕਦਰਸ਼ਨ। ਅਧ੍ਯਾਯ ੭। ਆ੦ ੧। ਸੂਤ੍ਰ ੨॥

ਏਤੇਨ ਨਿਤ੍ਯੇਸੁ ਨਿਤ੍ਯਤ੍ਵਮੁਕ੍ਤਮ। ਵੈਃ। ਅਃ ੭।ਆ੦ ੧। ਸੂਤ੍ਰ ੩॥

ਜੋ ਕਾਰਯ ਰੂਪੀ ਪ੍ਰਿਥਵੀ ਆਦੀ ਪਦਾਰਥ ਅਰ ਉਨ੍ਹਾਂ ਦੇ ਰੂਪ, ਰਸ, ਗੀਧ, ਸਪਰਸ਼ ਗੁਣ ਹਨ ਏਹ ਸਭ ਦ੍ਰੱਵਜਾਂ ਦੇ ਅਨਿੱਤ ਹੋਨ ਕਰਕ ਅਨਿੱਤ ਹਨ, ਅਰ ਜੋ ਕਾਰਣ ਰੂਪੀ ਪ੍ਰਿਥਿਵੀ ਆਦੀ ਨਿੱਤ ਦ੍ਰੱਵਜਾਂ ਵਿਚ ਗੀਧ ਆਦੀ ਗੁਣ ਹਨ ਉਹ ਨਿੱਤ ਹਨ॥

ਸਦਕਾਰਣਵੱਾਨਿਤ੍ਯਮ। ਵੈਸ਼ੇਸ਼ਿਕਦਰਸ਼ਨ। ਅਃ ੪। ਆ੦ ੧। ਸੂਤ੍ਰ ੧॥

ਜੋ ਵਿਦਵਾਨ ਹੋਵੇ ਅਰ ਜਿਸਦਾ ਕਾਰਣ ਕੋਈ ਵੀ ਨਾ ਹੋਵੇ ਉਹ ਨਿਤ ਹੈ। ਅਰਥਾਤ "ਸਤਕਾਰਣਥਦਨਿਤ੍ਯਮ"॥ ਜੋ ਕਾਰਣ ਵਾਲੇ ਕਾਰਯ ਰੂਪ ਗੁਣ ਹਨ ਉਹ ਨਿੱਤ ਕਹਾਉਂਦੇ ਹਨ॥

ਅਸਤੇਦੰ ਕਾਰਯੰ ਕਾਰਣ ਸੰਯੋਗਿ ਵਿਰੋਧਿ ਸਮਵਾਯਿ ਚੇਤਿ ਲੈਂਗਿਕਮ।
ਵੈਸ਼ੇਸ਼ਿਕਦਰਸ਼ਨ। ਅਧ੍ਯਾਯ ੯ ਆਃ ੨। ਸੂਤ੍ਰ ੧॥

ਏਸਦਾ ਏਹ ਕਾਰਯ ਯਾ ਕਾਰਣ ਹੈ ਇਤਿਆਦੀ ਸਮਵਾਯਿ, ਸੰਯੋਗੀ, ਏਕਾਰਥਸਮਵਾਯਿ ਅਰ ਵਿਰੋਧੀ, ਏਹ ਚਾਰ ਪ੍ਰਕਾਰ ਦਾ ਲੈਂਗਿਕ ਅਰਥਾਤ ਲਿੰਗ ਲਿੰਗੀ ਦੇ ਸੰਬੰਧ ਥੀਂ ਗਿਆਨ ਹੁੰਦਾ ਹੈ। ਸਮਵਾਯਿ ਜਿਸਤਰਾਂ ਆਕਾਸ਼ ਪਰਿਮਾਣ ਵਾਲਾ ਹੈ। 'ਸੰਯੋਗੀ' ਜਿਸਤਰਾਂ ਸ਼ਰੀਰ ਤੁਚਾ ਵਾਲਾ ਹੈ, ਇਤਿਆਦੀ ਦਾ ਨਿੱਤ ਸੰਯੋਗ ਹੈ। 'ਏਕਾਰਥਸਮਵਾਯਿ' ਇਕ ਅਰਥ ਵਿਚ ਦੁਹਾਂ ਦਾ ਰਹਿਨਾ, ਜਿਸਤਰਾਂ ਕਾਰਯ ਰੂਪ ਸਪਰਸ਼ ਕਾਰਯ ਦਾ ਲਿੰਗ ਅਰਥਾਤ ਜਨਾਉਨ ਵਾਲਾ ਹੈ, 'ਵਿਰੋਧ' ਜਿਸਤਰਾਂ ਹੋਈ ਬ੍ਰਿਸ਼ਟੀ ਹੋਨ ਵਾਲੀ ਬ੍ਰਿਸ਼ਟੀ ਦਾ ਵਿਰੋਧੀ ਲਿੰਗ ਹੈ। 'ਵਜ੍ਰਾਪਤੀ':—

ਨਿਯਤਧਰਮਸਾਹਿਤ੍ਯਮੁਭਯੋਰੇਕਤਰਸ੍ਯ ਵਾ ਵਜ੍ਰਾਪਤ੍ਤਿਃ। ਨਿਜ-
ਸ਼ਕ੍ਤਯੁਦ੍ਭਵਿਤ੍ਰਾਚਾਰਯਾਃ॥ ਆਧੇਯਸ਼ਕ੍ਤਿਯੋਗ ਇਤਿ ਪੰਚ
ਸ਼ਿਖਃ॥ ਸਾਂਖ੍ਯਃ॥ ਅਧ੍ਯਾਯ ੫। ਸੂਃ ੨੯–੩੧–੩੨॥

ਜੋ ਦੋਨੋਂ ਸਾਧ੍ਯ, ਸਾਧਨ ਅਰਥਾਤ ਸਿੱਧ ਕਰਨੇ ਯੋਗ੍ਯ ਅਰ ਜਿਸ ਥੀਂ ਸਿੱਧ ਕੀਤਾ ਜਾਵੇ ਉਨਾਂ ਦੋਹਾਂ ਅਥਵਾ ਇਕ ਸਾਧਨ ਮਾਤ੍ਰ ਦੇ ਨਿਸ਼ਚਿਤ ਧਰਮ ਦਾ ਜੋ ਸਹਿਚਾਰੀ ਹੈ, ਉਸੇ ਨੂੰ ਵਿਆਪਤ੍ਤੀ ਕਹਿੰਦੇ ਹਨ, ਜਿਸ ਤਰਾਂ ਧੂਆਂ ਅਰ ਅਗ ਸਹਿਚਾਰੀ ਹਨ, ਤਥਾ 'ਵਜ੍ਰਾਪਯ' ਜੋ ਧੂਆਂ ਹੈ ਉਹ ਅਗ ਦੀ ਨਿਜ ਸ਼ਕਤੀ ਥੀਂ ਉਤ੍ਪੰਨ ਹੁੰਦਾ ਹੈ ਅਰ ਜਦ ਉਹ ਦੇਸ਼ਾਂਤਰ ਵਿਚ ਦੂਰ ਚਲਿਆ ਜਾਂਦਾ ਹੈ ਤਾਂ ਉਥੇ ਵਗੈਰ ਅਗ ਦੇ ਯੋਗਦੇ ਵੀ ਆਪ ਰਹਿੰਦਾ ਹੈ, ਇਸੇ ਦਾ ਨਾਉਂ ਵਜ੍ਰਾਪਤੀ ਹੈ ਅਰਥਾਤ ਅਗ ਦੇ ਛੇਦਨ, ਭੇਦਨ ਸਾਮਰਥ ਕਰਕੇ ਜਲ ਆਦੀ ਪਦਾਰਥ ਧੂੰਮ ਰੂਪ ਪ੍ਰਗਟ ਹੁੰਦੇ ਹਨ, ਜਿਸ ਤਰਾਂ ਮਹਤੱਤ੍ਵ ਆਦੀ

ਵਿਚ ਪ੍ਰਕ੍ਰਤਿਆਦੀ ਦੀ ਵਜਾਪਕਤਾ, ਬੁਧੀ ਆਦੀ ਵਿਚ ਵਜਾਪ੍ਤ ਧਰਮ ਦੇ ਸੰਬੰਧ ਦਾ ਨਾਉਂ ਵਜਾਪਤੀ ਹੈ, ਜਿਸ ਤਰਾਂ ਸ਼ਕਤੀ ਅਧੇਯ ਰੂਪ, ਅਰ ਸ਼ਕਤੀਮਾਨ ਆਧਾਰ ਰੂਪ ਦਾ ਸੰਬੰਧ ਹੈ, ਇਤਿਆਦੀ ਸ਼ਾਸਤ੍ਰਾਂ ਦੇ ਪ੍ਰਮਾਣਆਦੀ ਦ੍ਵਾਰਾ ਪਰੀਖਛਾ ਕਰਕੇ ਪੜ੍ਹਨ ਅਰ ਪੜ੍ਹਾਨ, ਨਹੀਂ ਤਾਂ ਵਿਦ੍ਯਾਰਥੀਆਂ ਨੂੰ ਸੱਚਾ ਬੋਧ ਕਦੀ ਨਹੀਂ ਹੋ ਸਕਦਾ, ਜਿਸ ਜਿਸ ਗ੍ਰੰਥ ਨੂੰ ਪੜ੍ਹਾਨ ਉਸ ਉਸਦੀ ਉਪਰ ਲਿਖੀ ਰੀਤ ਨਾਲ ਪਰੀਖਛਾ ਕਰ ਲੈਨ, ਜੋ ਸੱਚੇ ਨਿਕਲਨ ਉਹ ਉਹ ਗ੍ਰੰਥ ਪੜ੍ਹਾਨ, ਜੋ ਜੋ ਗ੍ਰੰਥ ਇਨਾਂ ਪਰੀਖਛਾ ਤੋਂ ਵਿਰੁੱਧ ਹੋਨ ਉਨਾਂ ਉਨਾ ਗ੍ਰੰਥਾਂ ਨੂੰ ਨਾ ਪੜ੍ਹਨ ਨਾ ਪੜ੍ਹਾਨ ਕਿਉਂਕਿ–

ਲਖਛਣਪ੍ਰਮਾਣਾਭ੍ਯਾਂ ਵਸ੍ਤੁਸਿੱਧਿ ॥

ਲਖਛਣ ਜਿਸ ਤਰਾਂ ਨਾਲ ਕਿ 'ਗੀਧਵਤੀ ਪ੍ਰਿਥਵੀ' ਜੋ ਪ੍ਰਿਥਵੀ ਹੈ ਉਹ ਗੀਧ ਵਾਲੀ ਹੈ, ਅਜੇਹੇ ਲਖਛਣ ਅਰ ਪ੍ਰਤਖਛ ਆਦੀ ਪ੍ਰਮਾਣ ਇਨਾਂ ਕਰਕੇ ਸਭ ਸੱਤ ਅਸੱਤ ਅਰ ਪਦਾਰਥਾਂ ਦਾ ਨਿਰਣਯ ਹੋ ਜਾਂਦਾ ਹੈ ਏਸਦੇ ਵਗੈਰ ਕੁਝ ਭੀ ਨਹੀਂ ਹੁੰਦਾ ॥

ਪਠਨ ਪਾਠਨ ਦੀ ਵਿਧੀ ॥

ਹੁਨ ਪੜ੍ਹਨ ਪੜ੍ਹਾਨ ਦਾ ਪ੍ਰਕਾਰ ਲਿਖਦੇ ਹਾਂ–ਪਹਿਲੋਂ ਪਾਣਿਨੀ ਮੁਨੀ ਕ੍ਰਿਤ ਸ਼ਿਖਛਾ ਜੋ ਸੂਤ੍ਰ ਰੂਪ ਹੈ, ਉਸ ਦੀ ਰੀਤਿ ਅਰਥਾਤ ਏਸ ਅਖਛਰ ਦਾ ਏਹ ਸਥਾਨ, ਏਹ ਪ੍ਰਯਤਨ, ਅਰ ਏਹ ਕਰਣ ਹੈ ਜੀਕਨ 'ਪ' ਦਾ ਹੱਠ ਸਥਾਨ, ਸ੍ਪ੍ਰਿਸ਼ਟ ਪ੍ਰਯਤਨ, ਅਰ ਪ੍ਰਾਣ ਤਥਾ ਜ਼ਬਾਨ ਦੀ ਕ੍ਰਿਆ ਕਰਨੀ ਕਰਣ ਕਹਾਉਂਦਾ ਹੈ, ਇਸੇ ਪ੍ਰਕਾਰ ਯਥਾਯੋਗ ਸਭ ਅਖਛਰਾਂ ਦਾ ਉੱਚਾਰਣ ਮਾਂ, ਪਿਉ, ਅਰ ਗੁਰੂ ਸਿਖਾਨ, ਏਸ ਤੋਂ ਪਿਛੋਂ ਵਿਆਕਰਣ ਅਰਥਾਤ ਪਹਿਲੋਂ ਅਸ਼ਟਾ-ਧਿਆਈ ਦੇ ਸੂਤ੍ਰਾਂ ਦਾ ਪਾਠ ਜੀਕਨ 'ਵ੍ਰਿਧਿਰਾਦੈਚ' ਫੇਰ ਪਦਛੇਦ ਜੀਕਨ 'ਬ੍ਰੁੱਧੀ, ਆਤ, ਐਚ, ਵਾ ਅਦੈਚ' ਫੇਰ ਸਮਾਸ 'ਅੱਚ, ਐੱਚ ਆਦੈੱਚ' ਅਰ ਅਰਥ ਜੀਕਨ 'ਅਦੈਚਾਂਬ੍ਰੁਧਿਸੰਜਞਾਕ੍ਰਿਯਤੇ' ਅਰਥਾਤ ਅ, ਐ, ਔ, ਦੀ ਬ੍ਰੁੱਧੀ ਸੰਗਿਆਂ ਕੀਤੀ ਜਾਂਦੀ ਹੈ। 'ਤਃ ਪਰੋਯਸਮਾਤ੍ ਤਪਰਸਤਾਦਪਿਪਰਸਤ-ਪਰਃ' ਤਕਾਰ ਜਿਸ ਥੀਂ ਪਰੇ ਅਰ ਜੋ ਤਕਾਰ ਥੀਂ ਭੀ ਪਰੇ ਹੋਵੇ ਉਹ ਤਪਰ ਕਹਾਉਂਦਾ ਹੈ, ਏਸ ਤੋਂ ਕੀ ਸਿੱਧ ਹੋਇਆ ਕਿ ਜੋ ਅਕਾਰ ਥੀਂ ਪਰੇ ਤ ਅਰ ਤ ਥੀਂ ਪਰੇ ਐਚ ਦੋਵੇਂ ਤਪਰ ਹਨ, ਤਪਰ ਦਾ ਪ੍ਰਯੋਜਨ ਏਹ ਹੈ ਕਿ ਹ੍ਰਸ੍ਵ ਅਰ ਪਲੁਤ ਦੀ ਬ੍ਰੁੱਧੀ ਸੰਗਿਆ ਨਾ ਹੋਈ ਉਦਾਹਰਣ (ਭਾਗਃ) ਏਥੇ 'ਭਵ' ਧਾਤੂ ਥੀ 'ਘਵ' ਪ੍ਰਤੈ ਦੇ ਪਰੇ ਘਵ ਦੀ ਇਤ ਸੰਗਿਆ ਹੋਕੇ ਲੋਪ ਹੋਗਿਆ, ਪਿਛੋਂ 'ਭਜ ਅ' ਏਥੇ ਜਕਾਰ ਦੇ ਪੂਰਵ ਭਕਾਰ ਉਤਰ ਅਕਾਰ ਨੂੰ ਬ੍ਰੁੱਧੀ ਸੰਗਜ ਕੇ ਅਕਾਰ ਹੋ ਗਿਆ ਹੈ ਤਾਂ 'ਭਾਵ' ਫੇਰ 'ਜ' ਨੂੰ ਗ ਹੋ ਅਕਾਰ ਦੇ ਨਾਲ ਮਿਲਕੇ

'ਭਾਗ' ਏਹ ਪ੍ਰਯੋਗ ਹੋਇਆ । ਅਧਜਾਯ' ਏਥੇ ਅਧੀ ਪੂਰਵਕ 'ਇਕ' ਧਾਤੂ ਦੇ ਹ੍ਰਸ੍ਵ 'ਇ' ਦੇ ਸਥਾਨ ਵਿਚ 'ਘਵ' ਪ੍ਰਤੈ ਦੇ ਪਰੇ 'ਐ' ਬ੍ਰਿੱਧੀ ਅਰ ਉਸਨੂੰ 'ਆਯ' ਹੋ ਮਿਲਕੇ ਅਧਜਾਯ।'ਨਾਯਕ' ਏਥੇ 'ਨੀਵ' ਧਾਤੂ ਦੇ ਦੀਰਘ ਈਕਾਰ ਦੇ ਸਥਾਨ ਵਿਚ ਣਵੁਲ ਪ੍ਰਤੈ ਦੇ ਪਰੇ 'ਐ'ਬ੍ਰਿੱਧੀ ਅਰ ਉਸਨੂੰ 'ਆਯ'ਹੋ ਮਿਲਕੇ 'ਨਾਯਕ:' ਅਰ 'ਸਤਾਵਕ:' ਏਥੇ 'ਸਤੁ' ਧਾਤੂ ਥੀਂ 'ਣਵੁਲ' ਪ੍ਰਤੈ ਹੋਕੇ ਹ੍ਰਸ੍ਵ ਉਕਾਰ ਦੇ ਸਥਾਨ ਵਿਚ 'ਔ' ਵ੍ਰਿੱਧੀ 'ਆਵ' ਆਦੇਸ਼ ਹੋਕੇ ਅਕਾਰ ਵਿਚ ਮਿਲ ਗਿਆ ਤਾਂ 'ਸਤਾਵਕ:' (ਕ੍ਰਿਵ) ਧਾਤੂ ਥੀਂ ਅਗੇ 'ਣਵੁਲ ਪ੍ਰਤਯਯ' 'ਲ ਦੀ' ਇਤ ਸੰਗਿਆ ਹੋਕੇ ਲੋਪ 'ਵੁ' ਦੇ ਸਥਾਨ ਵਿਚ 'ਅਕ' ਆਦੇਸ਼ ਅਰ 'ਰਿਕਾਰ' ਦੇ ਸਥਾਨ ਵਿਚ 'ਆਰ' ਬ੍ਰਿੱਧੀ ਹੋਕੇ 'ਕਾਰਕ' ਸਿੱਧ ਹੋਇਆ ॥

ਜੋ ਜੋ ਸੂਤ੍ਰ ਅਗੇ ਪਿਛੇ ਦੇ ਪ੍ਰਯੋਗ ਵਿਚ ਲਗਨ ਉਨਾਂ ਦਾ ਕਾਰਯ ਸਭ ਦਸਿਆ ਜਾਵੇ, ਅਰ ਸਲੇਟ ਅਥਵਾ ਲਕੜੀ ਦੀ ਪੱਟੀ ਉਤੇ ਦਿਖਾ ਦਿਖਾਕੇ ਕੱਚਾ ਰੂਪ ਧਰਕੇ ਜੀਕਨ:—'ਭਵ' + ਘਵ + ਸੁ' ਏਸ ਪ੍ਰਕਾਰ ਧਰਕੇ ਪਹਿਲਾਂ ਘਕਾਰਦਾਫੇਰ ਵ ਦਾ ਲੋਪ ਹੋਕੇ 'ਭਜ+ਅ+ਸੁ' ਏਸ ਤਰਾਂ ਰਿਹਾ ਫੇਰ 'ਅ'ਨੂੰ ਆਕਾਰ ਬ੍ਰਿੱਧੀ ਅਰ ਫੇਰ 'ਜ' ਦੇ ਸਥਾਨ ਵਿਚ 'ਗ' ਹੋਨ ਕਰਕੇ ਭਾਗ+ਅ+ਸੁ' ਫੇਰ ਅਕਾਰ ਵਿਚ ਮਿਲ ਜਾਨ ਕਰਕੇ 'ਭਾਗ+ਸੁ' ਰਿਹਾ । ਹੁਣ ਉਕਾਰ ਦੀ ਇਤ ਸੰਗਿਆ 'ਸ' ਦੇ ਸਥਾਨ ਵਿਚ 'ਰੁ' ਹੋਕੇ ਫੇਰ ਉਕਾਰ ਦੀ ਇਤ ਸੰਗਿਆ ਲੋਪ ਹੋਜਾਨ ਕਰਕੇ ਪਸ਼ਚਾਤ 'ਭਾਗਰ' ਏਹ ਰਿਹਾ। ਹੁਣ 'ਰੇਫ' ਦੇ ਸਥਾਨ ਵਿੱਚ (:) ਵਿਸਰਜਨੀਯ ਹੋਕੇ 'ਭਾਗ:' ਏਹ ਰੂਪ ਸਿੱਧ ਹੋਇਆ। ਜਿਸ ਜਿਸ ਸੂਤ੍ਰ ਕਰਕੇ ਜੋ ਜੋ ਕਾਰਯ ਹੁੰਦਾ ਹੈ ਉਸ ਉਸ ਨੂੰ ਪੜ੍ਹ ਪੜ੍ਹਾਕੇ ਅਰ ਲਿਖਵਾਕੇ ਕਾਰਯ ਕਰਾਂਦਾ ਜਾਵੇ, ਏਸ ਪ੍ਰਕਾਰ ਪੜ੍ਹਨ ਪੜ੍ਹਾਨ ਨਾਲ ਬਹੁਤ ਜਲਦੀ ਪੱਕਾ ਬੋਧ ਹੁੰਦਾ ਹੈ, ਇਕ ਵਾਰੀ ਇਸੇ ਪ੍ਰਕਾਰ ਅਸ਼ਟਾਧਿਆਯੀ ਪੜ੍ਹਾਕੇ ਧਾਤੂ ਪਾਠ ਅਰਥ ਨਾਲ ਅਰ ਦਸ ਲਕਾਰਾਂ ਦੇ ਰੂਪ ਤਥਾ ਪ੍ਰਕ੍ਰਿਆ ਸਮੇਤ ਸੂਤ੍ਰ। ਦੇ ਉਤਸਰਗ ਅਰਥਾਤ ਸਮਾਨ ਸੂਤ੍ਰ ਜੀਕਨ:— 'ਕਰਮਣਜਣ' ਕਰਮ ਉਪਪਦ ਲਗਿਆ ਹੋਵੇ ਤਾਂ ਧਾਤੂ ਮਾਤ੍ਰ ਥੀਂ ਅਣ ਪ੍ਰਤੈ ਹੋਵੇ, ਜੀਕਨ 'ਕੁੰਭਕਾਰ:' ਪਿੱਛੋਂ ਅਪਵਾਦਸੂਤ੍ਰਜੀਕਨ:—ਆਤੋਨੁਪਸਰਗੇਕ:' ਉਪਸਰਗਭਿੰਨ ਕਰਮ ਉਪਪਦ ਲਗਿਆ ਹੋਵੇ ਤਾਂ ਅਕਾਰਾਂਤਧਾਤੂ ਥੀਂ 'ਕ'ਪ੍ਰਤੈ ਹੋਵੇਅਰਥਾਤ ਜੋ ਬਹੁ ਵਿਆਪਕ ਜਿਸਤਰਾਂ ਨਾਲ ਕਿ ਕਰਮ ਉਪਪਦ ਲਗਿਆ ਹੋਵੇ ਤਾਂ ਸਭ ਧਾਤੂਆਂ ਥੀਂ 'ਅਣ' ਪ੍ਰਾਪਤ ਹੁੰਦਾ ਹੈ, ਉਸ ਤੋਂ ਵਿਸ਼ੇਸ਼ ਅਰਥਾਤ ਅਲਪ ਵਿਸ਼ੇ ਉਸੇ ਪਹਲੇ ਸੂਤ੍ਰ ਦੇ ਵਿਸ਼ੇ ਵਿੱਚੋਂ ਅਕਾਰਾਂਤ ਧਾਤੂ ਨੂੰ 'ਕ' ਪ੍ਰਤੈ ਨ ਗ੍ਰਹਣ ਕਰ ਲੀਤਾ, ਜੀਕਨ ਉਤਸਰਗ ਦੇ ਵਿਸ਼ੇ ਵਿੱਚ ਅਪਵਾਦ ਸੂਤ੍ਰ ਦੀ ਪ੍ਰਵ੍ਰਿਤੀ ਹੁੰਦੀ ਹੈ, ਊਕਨ ਅਪਵਾਦ ਸੂਤ੍ਰ ਦੇ ਵਿਸ਼ੇ ਵਿੱਚ ਉਤਸਰਗ ਸੂਤ੍ਰ ਦੀ ਪਰਵ੍ਰਿਤੀ ਨਹੀਂ ਹੁੰਦੀ, ਜੀਕਨ ਚਕ੍ਰਵਰਤੀ ਰਾਜਾ ਦੇ ਰਾਜ ਵਿਚ ਮਾਂਡਲਿਕ, ਹੋਰਨਾਂ ਪ੍ਰਿਥਵੀ-

ਵਾਲਿਆਂ ਦੀ ਪ੍ਰਵ੍ਰਿਤੀ ਹੁੰਦੀ ਹੈ, ਉਸੇ ਤਰਾਂ ਮਾਂਡਲਿਕ ਰਾਜਾ ਆਦੀ ਦੇ ਰਾਜ ਵਿੱਚ ਚਕ੍ਰਵਰਤੀ ਦੀ ਪ੍ਰਵ੍ਰਿਤੀ ਨਹੀਂ ਹੁੰਦੀ। ਇਸੇ ਪ੍ਰਕਾਰ ਪਾਣਿਨੀ ਮਹਾਰਿਸ਼ੀ ਨੇ ਇਕ ਹਜਾਰ ਸ਼ਲੋਕਾਂ ਵਿੱਚ ਸੰਪੂਰਣ ਸ਼ਬਦ ਅਰਥ ਅਰ ਸੰਬੰਧਾਂ ਦੀ ਵਿਦਿਆ ਕਹ ਦਿੱਤੀ ਹੈ। ਧਾਤੂ ਪਾਠ ਦੇ ਪਿੱਛੋਂ ਉਣਾਦਿਗਣ ਦੇ ਵਿਚ ਸਰਵ-ਸੁਬੰਤ ਦਾ ਵਿਸ਼ਾ ਚੰਗੀ ਤਰਾਂ ਪੜ੍ਹਾਕੇ ਫਿਰ ਦੂਜੀ ਵਾਰਤਿਕਾ, ਸਮਾਧਾਨ, ਵਾਰਤਿਕ ਕਾਰਿਕਾ, ਪਰਿਭਾਸ਼ਾ ਦੀ ਘਟਨਾ ਸਮੇਤ ਅਸ਼ਟਾਧਿਆਯੀ ਦੀ ਦੂਜੀ ਅਨੁਬ੍ਰਤੀ ਪੜ੍ਹਾਨ, ਏਸ ਤੋਂ ਪਿੱਛੇ ਮਹਾਭਾਸ਼ਯ ਪੜ੍ਹਾਨ, ਜੋ ਬੁੱਧੀਮਾਨ, ਪੁਰਸ਼ਾਰਥੀ, ਨਿਸ਼ਕਪਟੀ, ਵਿਦਿਆ ਬ੍ਰਿਧੀ ਦੇ ਚਾਹੁਨ ਵਾਲੇ ਨਿੱਤ ਪੜ੍ਹਨ ਪੜ੍ਹਾਨ ਤਾਂ ਡੇਢ ਵਰਹੇ ਵਿਚ ਅਸ਼ਟਾਧਿਆਯੀ ਅਰ ਡੇਢ ਵਰਹੇ ਵਿਚ ਮਹਾਭਾਸ਼ਯ ਪੜ੍ਹ ਕੇ ਤਿੰਨਾ ਵਰੇਹਾਂ ਵਿਚ ਪੂਰੇ ਵੈਯਾਕਰਣ ਹੋਕੇ ਵੈਦਿਕ ਅਰ ਲੌਕਿਕ ਸ਼ਬਦਾਂ ਦਾ ਭਥਾ ਵਯਾਕਰਣ ਦ੍ਵਾਰਾ ਬੋਧ ਕਰਕੇ ਫੇਰ ਹੋਰ ਸ਼ਾਸਤ੍ਰਾਂ ਨੂੰ ਜਲਦੀ ਸਹਿਜ ਨਾਲ ਪੜ੍ਹ ਪੜ੍ਹਾ ਸਕਦੇ ਹਨ, ਕਿੰਤੂ ਜਿੱਨਾ ਅਧਿਕ ਯਤਨ ਵਿਆਕਰਣ ਵਿਚ ਹੁੰਦਾ ਹੈ ਉੱਨਾ ਯਤਨ ਹੋਰਨਾਂ ਸ਼ਾਸਤ੍ਰਾਂ ਵਿਚ ਕਰਨਾ ਨਹੀਂ ਪੈਂਦਾ, ਅਰ ਜਿੱਨਾ ਬੋਧ ਇਨ੍ਹਾਂ ਦੇ ਪੜ੍ਹਨ ਨਾਲ ਤਿੰਨਾ ਵਰੇਹਾਂ ਵਿੱਚ ਹੁੰਦਾ ਹੈ ਉੱਨਾ ਬੋਧ ਥੋਟੇ ਗ੍ਰੰਥ ਅਰਥਾਤ ਸਾਰਸ੍ਵਤ, ਚੰਦ੍ਰਿਕਾ, ਕੌਮੁਦੀ, ਮਨੋਰਮਾ ਆਦੀ ਦੇ ਪੜ੍ਹਨ ਨਾਲ ਪੰਜਾਹ ਵਰੇਹਾਂ ਵਿਚ ਭੀ ਨਹੀਂ ਹੋ ਸਕਦਾ, ਕਿਉਂਕਿ ਜੋ ਮਹਾਸ਼ੇ ਮਹਾਰਿਸ਼ੀ ਲੋਗਾਂ ਨੇ ਸਹਜ ਨਾਲ ਮਹਾਨ ਵਿਸ਼ਯ ਅਪਨੇ ਗ੍ਰੰਥਾਂ ਵਿਚ ਪ੍ਰਕਾਸ਼ਿਤ ਕੀਤਾ ਹੈ ਉਹੋ ਜੇਹਾ ਇਨਾਂ ਛੋਟੇ ਆਸ਼ੇ ਵਾਲੇ ਮਨੁੱਸ਼ਾਂ ਦੇ ਕਲਪਿਤ ਗ੍ਰੰਥਾਂ ਵਿਚ ਕੀਕਨ ਹੋ ਸਕਦਾ ਹੈ, ਮਹਾਰਿਸ਼ੀ ਲੋਗਾਂ ਦਾ ਆਸ਼ਾ ਜਿੱਥੋਂ ਤਕ ਹੋ ਸਕੇ ਉੱਥੋਂ ਤਿਕਨ ਮੌਖਾ ਅਰ ਜਿਸਦੇ ਗ੍ਰਹਣ ਵਿਚ ਸਮਯ ਥੋੜਾ ਲਗੇ ਏਸ ਪ੍ਰਕਾਰ ਦਾ ਹੁੰਦਾ ਹੈ, ਅਰ ਛੋਟੇ ਆਸ਼ੇ ਵਾਲੇ ਲੋਗਾਂ ਦਾ ਖਿਆਲ ਅਜੇਹਾ ਹੁੰਦਾ ਹੈ ਕਿ ਜਿਥੋਂ ਤਕ ਬਨੇ ਉੱਥੋਂ ਤਕ ਕਠਿਨ ਰਚਨਾ ਕਰਨੀ ਜਿਸਨੂੰ ਬੜੇ ਯਤਨ ਨਾਲ ਪੜ੍ਹਕੇ ਥੋੜਾ ਲਾਭ ਹੋਵੇ। ਜਿਸ ਤਰਾਂ ਪਹਾੜ ਦਾ ਪੁਟਨਾ ਅਤੇ ਕੌਡੀ ਦਾ ਲਭਨਾ ਅਰ ਰਿਸ਼ੀਆਂ ਦੇ ਗ੍ਰੰਥਾਂ ਦਾ ਪੜ੍ਹਨਾ ਏਸ ਤਰਾਂ ਦਾ ਹੈ ਕਿ ਜਿਹਾ ਇਕ ਟੁੱਬੀ ਲਾਨੀ ਅਤੇ ਵਡੇ ਮੁਲਵਾਲੇ ਮੋਤੀਆਂ ਦਾ ਲਭਣਾ ਵਿਆਕਰਣ ਨੂੰ ਪੜ੍ਹਕੇ ਯਾਸਕ ਮੁਨੀ ਕ੍ਰਿਤ ਨਿਘੰਟੂ ਅਰ ਨਿਰੁਕਤ, ਛੀਆਂ ਯਾਂ ਅੱਠਾਂ ਮਹੀਨਿਆਂ ਵਿਚ ਅਰਥ ਸਹਿਤ ਪੜ੍ਹਨ ਅਰ ਪੜ੍ਹਾਨ। ਦੂਜੇ ਨਾਸਤਿਕਾਂ ਦੇ ਰਚੇ ਹੋਏ ਅਮਰਕੋਸ਼ ਆਦੀ ਦੇ ਪੜ੍ਹਨ ਪੜ੍ਹਾਨ ਵਿਚ ਅਨੇਕ ਵਰ੍ਹੇ ਵਿਅਰਥ ਨਾ ਖੋਨ। ਉਸ ਤੋਂ ਪਿਛੋਂ ਪਿੰਗਲਾਚਾਰਯ ਕ੍ਰਿਤ 'ਛੰਦੋਗ੍ਰੰਥ' ਜਿਸ ਕਰਕੇ ਵੈਦਿਕ ਲੌਕਿਕ ਛੰਦਾਂ ਦਾ ਪੂਰਾ ਗਿਆਨ ਨਵੀਂ ਰਚਨਾ, ਅਰ ਸ਼ਲੋਕ ਬਨਾਨ ਦੀ ਰੀਤੀ ਭੀ ਠੀਕ ਠੀਕ ਸਿਖਨ, ਏਸ ਗ੍ਰੰਥ ਅਰ ਸ਼ਲੋਕਾਂ ਦੀ ਰਚਨਾ ਭਥਾ ਪ੍ਰਸਤਾਰ ਨੂੰ ਚੌਹਾਂ ਮਹੀਨਿਆਂ ਵਿਚ ਪੜ੍ਹ ਪੜ੍ਹਾ ਸਕਦੇ ਹਨ, ਅਰ ਬ੍ਰਿਤਰਤਨਾਕਰ ਆਦੀ

ਥੋੜੀ ਬੁਧੀ ਵਾਲਿਆਂ ਦੇ ਬਨਾਏ ਹੋਏ ਗ੍ਰੰਥਾਂ ਵਿਚ ਅਨੇਕ ਵਰ੍ਹੇ ਨ ਖੋਨ। ਫੇਰ ਮਨੁਸਮ੍ਰਿਤੀ, ਬਾਲਮੀਕੀ ਰਾਮਾਇਣ ਅਰ ਮਹਾਭਾਰਤ ਦੇ ਉਦਯੋਗ ਪਰਵਾਂ-ਤਰਗਤ ਵਿਦੁਰਨੀਤੀ ਆਦੀ ਚੰਗੇ ਚੰਗੇ ਪ੍ਰਕਰਣ ਜਿਨਾਂ ਕਰਕੇ ਖੋਟੇ ਠਰਕ ਦੂਰ ਹੋਨ, ਅਰ ਉੱਤਮਤਾ, ਸੱਭਤਾ ਪ੍ਰਾਪਤ ਹੋਵੇ, ਇਸੇ ਨੂੰ ਕਵਿਤਾ ਦੀ ਰੀਤੀ ਨਾਲ ਅਰਥਾਤ ਪਦਛੇਦ, ਪਦਾਰਥੋਕਤੀ, ਅਨ੍ਵਯ, ਵਿਸ਼ੇਸ਼ ਵਿਸ਼ੇਸ਼ਣ ਅਰ ਭਾਵਾਰਥ ਨੂੰ ਪੜ੍ਹਾਨ ਵਾਲੇ ਦੱਸਨ ਅਰ ਵਿਦਿਆਰਥੀ ਲੋਗ ਸਿੱਖਦੇ ਜਾਨ, ਇਨਾਂ ਨੂੰ ਵਰ੍ਹੇ ਦੇ ਅੰਦਰ ਪੜ੍ਹ ਲੈਨ। ਏਸ ਤੋਂ ਪਿਛੋਂ ਪੂਰਵਮੀਮਾਂਸਾ, ਵੈਸ਼ੇਸ਼ਿਕ ਨਿਆਯ, ਯੋਗ, ਸਾਂਖ੍ਯ ਅਰ ਵੇਦਾਂਤ ਅਰਥਾਤ ਜਿਥੋਂ ਤਕ ਹੋਸਕੇ ਉਥੋਂ ਤਕ ਰਿਸ਼ੀਆਂ ਦੀ ਕੀਤੀ ਹੋਈ ਵਿਆਖਿਆ ਨਾਲ ਅਥਵਾ ਉੱਤਮ ਵਿਦਵਾਨਾਂ ਦੀ ਸਰਲ ਵਿਆਖਿਆ ਸਹਿਤ ਛਿਆਂ ਸ਼ਾਸਤ੍ਰਾਂ ਨੂੰ ਪੜ੍ਹਨ, ਪੜ੍ਹਾਨ, ਪਰੰਤੂ ਵੇਦਾਂਤ ਸੂਤ੍ਰਾਂ ਦੇ ਪੜ੍ਹਨ ਤੋਂ ਪਹਿਲੇ ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਂਡੂਕ੍ਯ, ਐਤਰੇਯ, ਤੈਤਰੀਯ, ਛਾਂਦੋਗ੍ਯ ਅਰ ਬ੍ਰਿਹਦਾਰਣ੍ਯਕ ਇਨਾਂ ਦਸਾਂ ਉਪਨਿਸ਼ਦਾਂ ਨੂੰ ਪੜ੍ਹਕੇ ਛਿਆਂ ਸ਼ਾਸਤ੍ਰਾਂ ਦੇ ਭਾਸ਼੍ਯ ਟੀਕਾ ਸਹਿਤ ਸੂਤ੍ਰਾਂ ਨੂੰ ਦੋਹਾਂ ਵਰਿਹਾਂ ਵਿਚ ਪੜ੍ਹਾਨ ਅਰ ਪੜ੍ਹ ਲੈਨ। ਪਿਛੋਂ ਛਿਆਂ ਵਰ੍ਹਿਆਂ ਦੇ ਅੰਦਰ ਚਾਰੇ ਬ੍ਰਾਹਮਣ ਅਰਥਾਤ ਐਤਰੇਯ, ਸ਼ਤਪਥ, ਸਾਮ, ਅਰ ਗੋਪਥ. ਇਨਾਂ ਬ੍ਰਾਹਮਣ ਗ੍ਰੰਥਾਂ ਸਹਿਤ ਚੌਹਾਂ ਵੇਦਾਂਦੇ ਸ੍ਵਰ, ਸ਼ਬਦ, ਅਰਥ, ਸੰਬੰਧ ਤਥਾ ਕ੍ਰਿਆ ਸਹਿਤ ਪੜ੍ਹਨਾ ਯੋਗ ਹੈ, ਏਸ ਵਿਚ ਪ੍ਰਮਾਣ ਇਹ ਹੈ :—

ਸਥਾਲੁਰਯੰ ਭਾਰਹਾਰਃ ਕਿਲਾਭੂਦਧੀਤ੍ਯ ਵੇਦੰ ਨ ਵਿਜਾਨਾਤਿ ਯੋਅਰਥਮ। ਯੋਅਰਥਜ੍ਞ ਇਤਸਕਲ ਭਦ੍ਰਮਸ਼ਨੁਤੇ ਨਾਕਮੇਤਿ ਜ੍ਞਾਨਵਿਧੂਤਪਾਪਮਾ ॥ ਨਿਰੁਕਤ। ੧। ੧੮॥

ਜੋਹੜਾ ਵੇਦ ਦੇ ਸ੍ਵਰ ਅਰ ਪਾਠ ਮਾਤ੍ਰ ਨੂੰ ਪੜ੍ਹਕੇ ਅਰਥ ਨੂੰ ਨਹੀਂ ਜਾਨਦਾ ਉਹ ਜਿਸਤਰਾਂ ਰੁੱਖ, ਡਾਲੀ, ਪੱਤੇ, ਫਲ, ਫੁੱਲ, ਅਰ ਹੋਰ ਪਸ਼ੂ, ਅਨਾਜ ਆਦੀ ਦਾ ਭਾਰ ਉਠਾਂਦਾ ਹੈ, ਉਕਨ ਭਾਰਹਾਰ ਅਰਥਾਤ ਪਾਂਡੀ ਹੈ। ਅਰ ਜੋ ਵੇਦ ਨੂੰ ਪੜ੍ਹਦਾ ਅਰ ਉਨਾਂ ਦਾ ਯਥਾਵਤ ਅਰਥ ਜਾਨਦਾ ਹੈ ਉਹ ਸੰਪੂਰਣ ਆਨੰਦ ਨੂੰ ਪ੍ਰਾਪਤ ਹੋਕੇ ਮਰਨ ਤੋਂ ਪਿੱਛੇ ਗਿਆਨ ਕਰਕੇ ਪਾਪਾਂ ਨੂੰ ਛਡਕੇ ਪਵਿਤ੍ਰ ਧਰਮਾਚਰਣ ਦੇ ਪ੍ਰਤਾਪ ਨਾਲ ਸਰਵ ਆਨੰਦ ਨੂੰ ਪ੍ਰਾਪਤ ਹੁੰਦਾ ਹੈ ॥

ਉਤ ਤ੍ਵਃ ਪਸ਼੍ਯੰਨ ਦਦਰਸ਼ ਵਾਚਮੁਤ ਤ੍ਵਃ ਸ਼੍ਰਿਣ੍ਵੰਨ

ਸ਼੍ਰੋਤਜ਼ੇਨਾਮ। ਉਤੋ ਤ੍ਵਸਮੈਤਨ੍ਵੰ੧ ਵਿਸਸ੍ਰੇਜਾਯੇਵ ਪਤਜ਼ਉਸ਼ਤੀ ਸੁਵਾਸ੍ਯਃ। ਰਿਗਵੇਦ। ਮੰਡਲ ੧੦। ਸੂ: ੭੧ ਮੰਤ੍ਰ ੪॥

ਜੋ ਅਵਿਦਵਾਨ ਹਨ ਉਹ ਸੁਨਦੇ ਹੋਏ ਨਹੀਂ ਸੁਨਦੇ । ਵੇਖਦੇ ਹੋਏ ਨਹੀਂ ਵੇਖਦੇ। ਬੋਲਦੇ ਹੋਏ ਨਹੀਂ ਬੋਲਦੇ ਅਰਥਾਤ ਅਵਿਦਵਾਨ ਲੋਗ ਏਸ ਵਿਦਿਆ ਬਾਣੀ ਦੇ ਗੂੜ੍ਹ ਅਰਥ ਨੂੰ ਨਹੀਂ ਜਾਨ ਸਕਦੇ, ਕਿੰਤੂ ਜੇਹੜਾ ਸ਼ਬਦ ਅਰਥ ਅਤੇ ਸੰਬੰਧ ਦਾ ਜਾਨਨ ਵਾਲਾ ਹੈ ਉਸਦੇ ਵਾਸਤੇ ਵਿਦਿਆ, ਜੀਕਨ ਸੁੰਦਰ ਕਪੜੇ ਗਹਿਨੇ ਪਾਏ ਹੋਏ ਅਪਨੇ ਖਾਂਵਦ ਦੀ ਕਾਮਨਾ ਕਰਦੀ ਹੋਈ ਇਸਤ੍ਰੀ ਅਪਨੇ ਸ਼ਰੀਰ ਅਰ ਸਰੂਪ ਦਾ ਪ੍ਰਕਾਸ਼ ਖਾਂਵਦ ਦੇ ਸਾਮਨੇ ਕਰਦੀ ਹੈ ਉਸੇ ਤਰਾਂ ਵਿਦਿਆ ਵਿਦਵਾਨ ਦੇ ਵਾਸਤੇ ਅਪਨੇ ਸਰੂਪ ਦਾ ਪ੍ਰਕਾਸ਼ ਕਰਦੀ ਹੈ, ਅਵਿਦਵਾਨਾਂ ਦੇ ਵਾਸਤੇ ਨਹੀਂ ॥

ਰਿਚੋ ਅਖ੍ਛਰੇ ਪਰਮੇ ਬ੍ਯੋਮਨ ਯਸਮਿੰਦੇਵਾ ਅਧਿ ਵਿਸ੍ਵੇਨਿਸ਼ੇਦੁਃ।ਯਸਤੰਨ ਵੇਦਕਿਮ੍ਰਿਚਾ ਕ।ਰਿਸ਼ਜ਼ਤਿ ਯ ਇਤਦ੍ਵਿਦੁਸਤ ਇਮੇਸਮਾਸਤੇ। ਰਿ: ਮੰ: ੧ ਸੂ:੧੬੪ ਮੰ:੩੯।

ਜਿਸ ਵਿਆਪਕ, ਅਵਿਨਾਸ਼ੀ, ਸਾਰਿਆਂ ਨਾਲੋਂ ਵੱਡੇ ਪਰਮੇਸ਼੍ਵਰ ਵਿਚ ਸਬ ਵਿਦਵਾਨ ਅਰ ਪ੍ਰਿਥਵੀ ਸੂਰਯ ਆਦੀ ਸਬ ਲੋਕ ਇਸਥਿਤ ਹਨ । ਕਿ ਜਿਸ ਵਿਚ ਸਭ ਵੇਦਾਂ ਦਾ ਮੁੱਖ ਤਾਤਪਰਯ ਹੈ, ਉਸ ਬ੍ਰਹਮ ਨੂੰ ਜੋ ਨਹੀਂ ਜਾਨਦਾ ਉਹ ਰਿਗਵੇਦ ਆਦੀ ਥੀਂ ਕੀ ਕੁਝ ਸੁਖ ਨੂੰ ਪ੍ਰਾਪਤ ਹੋ ਸਕਦਾ ਹੈ ? ਨਹੀਂ ਨਹੀਂ ਕਿੰਤੂ ਜੇਹੜੇ ਵੇਦਾਂ ਨੂੰ ਪੜ੍ਹਕੇ ਧਰਮਾਤਮਾ ਯੋਗੀ ਹੋਕੇ ਉਸ ਬ੍ਰਹਮ ਨੂੰ ਜਾਨਦੇ ਹਨ ਉਹ ਸਭ ਪਰਮੇਸ਼੍ਵਰ ਵਿਚ ਇਸਥਿਤ ਹੋਕੇ ਮੁਕਤੀ ਰੂਪੀ ਪਰਮਾਨੰਦ ਨੂੰ ਪ੍ਰਾਪਤ ਹੁੰਦੇ ਹਨ, ਏਸ ਲਈ ਜੋ ਕੁਝ ਪੜ੍ਹਨਾ ਯਾ ਪੜ੍ਹਾਨਾ ਹੋਵੇ ਉਹ ਅਰਥ ਗਿਆਨ-ਸਹਿਤ ਚਾਹੀਏ । ਏਸ ਪ੍ਰਕਾਰ ਸਭ ਵੇਦਾਂ ਨੂੰ ਪੜ੍ਹਕੇ ਆਯੁਰਵੇਦ ਅਰਥਾਤ ਜੋ ਚਰਕ ਸੁਸ਼੍ਰੁਤ ਆਦੀ ਰਿਸ਼ੀ ਮੁਨੀ ਕ੍ਰਿਤ ਵੈਦ੍ਯਕ ਸ਼ਾਸਤ੍ਰ ਹਨ ਉਨ੍ਹਾਂ ਨੂੰ ਅਰਥ, ਕ੍ਰਿਆ, ਸ਼ਸਤ੍ਰ, ਛੇਦਨ,ਭੇਦਨ,ਲੇਪ,ਚਿਕਿਤਸਾ, ਨਿਦਾਨ, ਔਸ਼ਧ, ਪਥ੍ਯ, ਸ਼ਰੀਰ, ਦੇਸ਼,ਕਾਲ, ਅਰ ਵਸਤੂ ਦੇ ਗੁਣ,ਗਿਆਨ ਪੂਰਵਕ ਚੌਹਾਂ ਵਰਿਹਾਂ ਦੇ ਅੰਦਰ ਪੜ੍ਹਨ ਪੜ੍ਹਾਨ, ਏਸ ਤੋਂ ਪਿੱਛੋਂ ਧਨੁਰਵੇਦ ਅਰਥਾਤ ਜੋ ਰਾਜ ਸੰਬੰਧੀ ਕੰਮ ਕਰਨਾ ਹੈ, ਏਸ ਦੇ ਦੋ ਭੇਦ ਹਨ, ਇਕ ਨਿਜ ਰਾਜ ਪੁਰਸ਼ ਸੰਬੰਧੀ ਅਰ ਦੂਜਾ ਪ੍ਰਜਾ ਸੰਬੰਧੀ ਹੁੰਦਾ ਹੈ, ਰਾਜ ਕਾਰਯ ਵਿੱਚ ਸਭ ਸੇਨਾਂ ਦੇ ਅਧ੍ਯਖ੍ਛ ਸ਼ਸਤ੍ਰ, ਅਸਤ੍ਰ ਵਿਦਿਆ, ਨਾਨਾਂ ਪ੍ਰਕਾਰ ਦੇ ਵ੍ਯੂਹਾਂ ਦਾ ਅਭ੍ਯਾਸ ਅਰਥਾਤ ਜਿਸਨੂੰ ਅਜ ਕਲ ਕਵਾਇਦ

ਕਹਿੰਦੇ ਹਨ ਜੋ ਕਿ ਸ਼ਤ੍ਰੂਆਂ ਨਾਲ ਲੜਾਈ ਦੇ ਸਮੇਂ ਵਿਚ ਕ੍ਰਿਆ ਕਰਨੀ ਹੁੰਦੀ ਹੈ, ਉਨਾਂ ਨੂੰ ਯਥਾਵਤ ਸਿੱਖਨ, ਅਰ ਜੋ ਜੋ ਪ੍ਰਜਾ ਦੇ ਪਾਲਨੇ ਅਰ ਬ੍ਰਿਧੀ ਕਰਨੇ ਦਾ ਪ੍ਰਕਾਰ ਹੈ ਉਨ੍ਹਾਂ ਨੂੰ ਸਿਖਕੇ ਨਿਆਯ ਪੂਰਵਕ ਸਭ ਪ੍ਰਜਾ ਨੂੰ ਪ੍ਰਸੰਨ ਰੱਖਨ, ਦੁਸ਼ਟਾਂ ਨੂੰ ਯਥਾਯੋਗ ਡੰਡ, ਸ੍ਰੇਸ਼ਟਾਂ ਦੇ ਪਾਲਨ ਦਾ ਪ੍ਰਕਾਰ ਸਭ ਪ੍ਰਕਾਰ ਸਿਖ ਲੈਨ, ਏਸ ਰਾਜ ਵਿਦ੍ਯਾ ਨੂੰ ਦੋ ਦੋ ਵਰਿਹਾਂ ਵਿਚ ਸਿਖਕੇ ਗੰਧਰਵਵੇਦ ਕਿ ਜਿਸ ਨੂੰ ਗਾਨਵਿਦਿਆ ਕਹਿੰਦੇ ਹਨ ਉਸ ਵਿਚ ਸੁਰ, ਰਾਗ, ਰਾਗਣੀ, ਸਮਯ, ਤਾਲ, ਗ੍ਰਾਮ, ਤਾਨ, ਵਾਦਿਤ੍ਰ, ਨ੍ਰਿਤ੍ਯ, ਗੀਤ, ਆਦੀ ਨੂੰ ਯਥਾਵਤ ਸਿੱਖਨ, ਪਰੰਤੂ ਮੁਖ ਕਰਕੇ ਸਾਮਵੇਦ ਦਾ ਗਾਉਨਾ, ਵਾਦਿਤ੍ਰ (ਵਾਜਾ) ਵਜਾਣੇ ਕਰਕੇ ਸਿੱਖਨ, ਅਰ ਨਾਰਦ ਸੰਹਿਤਾ ਆਦੀ ਜੋ ਜੋ ਆਰਸ਼ ਗ੍ਰੰਥ ਹਨ ਉਨ੍ਹਾਂ ਨੂੰ ਪੜ੍ਹਨ ਪਰੰਤੂ ਭੜੂਏ, ਬੇਸਵਾ ਅਰ ਵਿਸ਼ਯਾਸਕਤੀ ਕਾਰਕ ਬਿਰਾਗੀਆਂ ਦੇ ਖੋਤੇ ਦੀ ਅਵਾਜ ਵਰਗੇ ਵਿਅਰਥ ਅਲਾਪ ਕਦੀ ਨਾ ਕਰਨ, 'ਅਰਥਵੇਦ' ਕਿ ਜਿਸ ਨੂੰ ਸ਼ਿਲਪ ਵਿਦਿਆ ਕਹਿੰਦੇ ਹਨ ਉਸ ਨੂੰ ਪਦਾਰਥ ਗੁਣ, ਵਿਗਿਆਨ, ਕ੍ਰਿਆ, ਕੌਸ਼ਲ, ਤਰਾਂ ਤਰਾਂ ਨਾਲ ਪਦਾਰਥਾਂ ਦਾ ਬਨਾਨਾ ਪ੍ਰਿਥਵੀ ਤੋਂ ਲੈਕੇ ਆਕਾਸ਼ ਤਕ ਦੀ ਵਿਦਿਆ ਨੂੰ ਯਥਾਵਤ ਸਿਖਕੇ ਅਰਥ ਅਰਥਾਤ ਜੋ ਐਸ਼ੁਰਯ ਨੂੰ ਵਧਾਉਣ ਵਾਲੀ ਹੈ, ਉਸ ਵਿਦਿਆ ਨੂੰ ਸਿੱਖਕੇ ਦੋਹਾਂ ਵਰ੍ਹੇਆਂ ਵਿਚ ਜ੍ਯੋਤਿਸ਼ ਸ਼ਾਸਤ੍ਰ, ਸੂਰਯ ਸਿੱਧਾਂਤ ਆਦੀ ਜਿਸ ਵਿੱਚ ਬੀਜਗਣਿਤ, ਅੰਕ, ਭੂਗੋਲ, ਖਗੋਲ ਅਰ ਭੂਗਰਭਵਿਦਿਆ ਹੈ, ਏਸ ਨੂੰ ਯਥਾਵਤ ਸਿੱਖਨ ਤਿਸ ਤੋਂ ਪਿਛੇ ਸਭ ਪ੍ਰਕਾਰ ਦੀ ਕਾਰੀਗਰੀ, ਯੰਤ੍ਰ ਕਲਾ ਆਦੀ ਨੂੰ ਸਿੱਖਨ, ਪਰੰਤੂ ਜਿਨੇ ਗ੍ਰੰਥ, ਨਖਛਤ੍ਰ, ਜਨਮਪਤ੍ਰ, ਰਾਸ, ਮਹੂਰਤ ਦੇ ਵਿਧਾਨ ਕਰਨਵਾਲੇ ਗ੍ਰੰਥ ਹਨ ਉਨਾਂ ਨੂੰ ਝੂਠ ਸਮਝਕੇ ਕਦੀ ਨਾ ਪੜ੍ਹਨ ਅਰ ਪੜ੍ਹਾਨ, ਅਜੇਹਾ ਪ੍ਰਯਤਨ ਪੜ੍ਹਨ ਅਰ ਪੜ੍ਹਾਨ ਵਾਲੇ ਕਰਨ ਕਿ ਜਿਸ ਨਾਲ ਵੀਹ ਯਾਂ ਇੱਕੀ ਵਰ੍ਹਿਆਂ ਦੇ ਅੰਦਰ ਸਾਰੀ ਵਿਦਿਆ ਉੱਤਮ ਸਿਖਿਆ ਪ੍ਰਾਪਤ ਹੋਕੇ ਮਨੁਸ਼ ਲੋਗ ਕ੍ਰਿਤਜ ਕ੍ਰਿਤਜ ਹੋਕੇ ਸਦਾ ਆਨੰਦ ਵਿਚ ਰਹਿਨ, ਜਿਨੀ ਵਿਦ੍ਯਾ ਏਸ ਰੀਤੀ ਨਾਲ ਵੀਹਾਂ ਯਾਂ ਇੱਕੀਆਂ ਵਰ੍ਹਿਆਂ ਵਿਚ ਹੋ ਸਕਦੀ ਹੈ ਉਨੀ ਹੋਰ ਤਰਾਂ ਨਾਲ ਸੌ ਵਰ੍ਹਿਆਂ ਵਿਚ ਭੀ ਨਹੀਂ ਹੋਸਕਦੀ ॥

ਰਿਸ਼ੀਆਂ ਦੇ ਬਨਾਏ ਹੋਏ ਗ੍ਰੰਥਾਂ ਨੂੰ ਏਸ ਲਈ ਪੜ੍ਹਨਾ ਚਾਹੀਏ ਕਿ ਓਹ ਬੜੇ ਵਿਦਵਾਨ, ਸਭਨਾਂ ਸ਼ਾਸਤ੍ਰਾਂ ਦੇ ਜਾਨਨ ਵਾਲੇ ਅਰ ਧਰਮਾਤਮਾ ਸਨ, ਅਰ ਅਨ ਰਿਸ਼ੀ ਅਰਥਾਤ ਜੋ ਥੋੜਾ ਸ਼ਾਸਤ੍ਰ ਪੜ੍ਹੇ ਹਨ ਅਰ ਜਿਨਾਂ ਦਾ ਆਤਮਾ ਪਖਛਪਾਤ ਸਹਿਤ ਹੈ, ਉਨ੍ਹਾਂ ਦੇ ਬਨਾਏ ਗ੍ਰੰਥ ਭੀ ਉਹੋ ਜੇਹੇ ਹਨ ॥

ਪੂਰਵ ਮੀਮਾਂਸਾ ਉਤੇ ਵਿਆਸ ਮੁਨੀ ਕ੍ਰਿਤ ਵਿਆਖਿਆ, ਵੈਸ਼ੇਸ਼ਿਕ ਉਤੇ ਗੌਤਮ ਮੁਨੀ ਕ੍ਰਿਤ ਭਾਸ਼ਯ, ਨਿਆਯਸ਼ਾਸਤ੍ਰ ਉਤੇ ਵਾਤਸਾਯਣ ਮੁਨੀ ਕ੍ਰਿਤ ਭਾਸ਼ਯ, ਪਤੰਜਲੀ ਮੁਨੀ ਕ੍ਰਿਤ ਸੂਤ੍ਰਾਂ ਉਤੇ ਵਿਆਸ ਮੁਨੀ ਕ੍ਰਿਤ ਭਾਸ਼ਯ, ਕਪਿਲਮੁਨੀ

ਕ੍ਰਿਤ ਸਾਂਖਜਸੂਤ੍ਰ ਉਤੇ ਭਾਗੌਰੀ ਮੁਨੀ ਕ੍ਰਿਤ ਭਾਸ਼ਜ ਵਿਆਸਮੁਨੀ ਕ੍ਰਿਤ ਵੇਦ ਤ ਸੂਤ੍ਰ ਉਤੇ ਵਾਤ੍ਸਾਯਣ ਮੁਨੀ ਕ੍ਰਿਤ ਭਾਸ਼ਜ, ਅਥਵਾ ਬੌਧਾਯਨ ਮੁਨੀ ਕ੍ਰਿਤ ਭਾਸ਼ਜ ਬ੍ਰਿਤੀ ਸਹਿਤ ਪੜ੍ਹਨ ਪੜ੍ਹਾਨ, ਇਤਿਆਦੀ ਸੂਤ੍ਰਾਂ ਨੂੰ ਕਲਪ ਅੰਗ ਵਿਚ ਭੀ ਗਿਣਨਾ ਚਾਹੀਏ, ਜੀਕਨ ਰਿਗ, ਯਜੁ, ਸਾਮ ਅਰ ਅਥਰਵ ਚਾਰ ਵੇਦ ਈਸ਼੍ਵਰ ਕ੍ਰਿਤ ਹਨ, ਉਕਨ ਐਤ੍ਰੇਯ, ਸ਼ਤਪਥ,ਸਾਮ ਅਰ ਗੋਪਥ ਚਾਰੇ ਬ੍ਰਾਹਮਣ, ਸ਼ਿਖਛਾ, ਕਲਪ, ਵਿਆਕਰਣ, ਨਿਘੰਟੂ, ਨਿਰੁਕਤ, ਛੰਦ ਅਰ ਜ੍ਯੋਤਿਸ਼, ਛੀ ਵੇਦਾਂ ਦੇ ਅੰਗ ਮੀਮਾਂਸਾ ਆਦੀ ਛੇ ਸ਼ਾਸਤ੍ਰ, ਵੇਦਾਂ ਦੇ ਉਪਾਂਗ, ਆਯੁਰਵੇਦ, ਧਨੁਰਵੇਦ, ਗੰਧਰਵ੍ਵਵੇਦ ਅਰ ਅਰਥਵੇਦ, ਏਹ ਚਾਰ ਵੇਦਾਂ ਦੇ ਉਪਵੇਦ ਇਤਿਆਦੀ ਸਭ ਰਿਸ਼ੀ ਮੁਨੀਆਂ ਦੇ ਬਨਾਏ ਹੋਏ ਗ੍ਰੰਥ ਹਨ, ਇਨਾਂ ਵਿਚ ਭੀ ਜੋ ਜੋ ਵੇਦ ਵਿਰੁਧ ਮਲੂਮ ਹੋਵੇ ਉਸ ਉਸ ਨੂੰ ਛਡ ਦੇਨਾ, ਕਿਉਂਕਿ ਵੇਦ ਈਸ਼੍ਵਰ ਕ੍ਰਿਤ ਹੋਨ ਕਰਕੇ ਨਿਰਭ੍ਰਾਂਤ ਸ੍ਵਤਃ ਪ੍ਰਮਾਣ ਅਰਥਾਤ ਵੇਦਾਂ ਦਾ ਪ੍ਰਮਾਣ ਵੇਦ ਨਾਲ ਹੀ ਹੁੰਦਾ ਹੈ, ਬ੍ਰਾਹਮਣ ਆਦੀ ਸਭ ਗ੍ਰੰਥ ਪਰਤਃਪ੍ਰਮਾਣ, ਅਰਥਾਤ ਇਨਾਂ ਦਾ ਪ੍ਰਮਾਣ ਵੇਦ ਦੇ ਅਧੀਨ ਹੈ, ਵੇਦ ਦੀ ਵਿਸ਼ੇਸ਼ ਵਿਆਖਿਆ ਰਿਗਵੇਦਾਦੀ ਭਾਸ਼ਯਭੂਮਿਕਾ ਵਿਚ ਵੇਖਲੋ ਅਰ ਏਸ ਗ੍ਰੰਥ ਵਿਚ ਭੀ ਅਗੇ ਲਿਖਾਂਗੇ ॥

ਹੁਣ ਜੇਹੜੇ ਤਿਆਗਨ ਦੇ ਯੋਗ ਗ੍ਰੰਥ ਹਨ ਉਨਾਂ ਦੀ ਗਿਨਤੀ ਸੰਖਛੇਪ ਨਾਲ ਕੀਤੀ ਜਾਂਦੀ ਹੈ ਅਰਥਾਤ ਜੋ ਗ੍ਰੰਥ ਹੇਠਾਂ ਲਿਖਾਂਗੇ ਓਹ ਓਹ ਜਾਲ ਗ੍ਰੰਥ ਸਮਝਨੇ ਚਾਹੀਏ । ਵਿਆਕਰਣ ਵਿਚ ਕਾਤੰਤ੍ਰ, ਸਾਰਸ੍ਵਤ, ਚੰਦ੍ਰਿਕਾ, ਮੁਗਧਬੋਧ, ਕੌਮੁਦੀ, ਸ਼ੇਖਰ, ਮਨੋਰਮਾ ਆਦੀ, ਕੋਸ਼ ਵਿਚ ਅਮਰਕੋਸ਼ ਆਦੀ, ਛੰਦੋਗ੍ਰੰਥ ਵਿੱਚ ਵ੍ਰਿਤਰਤਨਾਕਰ ਆਦੀ, ਸ਼ਿਖਛਾ ਵਿੱਚ 'ਅਥ ਸ਼ਿਖਛਾਂ ਪ੍ਰਵਖਛਜਾਮੀ ਪਾਣਿਨੀਯੰ ਮਤੰ ਯਥਾ' ਇਤਿਆਦੀ, ਜ੍ਯੋਤਸ਼ ਵਿਚ ਸ਼ੀਘ੍ਰਬੋਧ, ਮਹੂਰਤਚਿੰਤਾਮਣੀ ਆਦੀ, ਕਵਿਤਾ ਵਿੱਚ ਨਾਯਕਾਭੇਦ, ਕੁਵ੍ਲਯਾ-ਨੰਦ, ਰਘੁਵੰਸ਼,ਮਾਘ,ਕਿਰਾਤਭਾਰਜੁਨੀਯ ਆਦੀ,ਮੀਮਾਂਸਾ ਵਿੱਚ ਧਰਮਸਿੰਧੂ, ਬ੍ਰਤਾਰਕ ਆਦੀ, ਵੈਸ਼ੇਸ਼ਿਕ ਵਿੱਚ ਤਰਕਸੰਗ੍ਰਹ ਆਦੀ, ਨਿਆਯ ਵਿਚ ਜਾਗਦੀਸ਼ੀ ਆਦੀ, ਯੋਗ ਵਿਚ ਹਠ ਯੋਗ ਪ੍ਰਦੀਪਕਾ ਆਦੀ, ਸਾਂਖਜ ਵਿਚ ਸਾਂਖਜਤਤ੍ਵਕੌਮੁਦੀ ਆਦੀ, ਵੇਦਾਂਤ ਵਿਚ ਯੋਗਵਾਸ਼ਿਸ਼ਠ, ਪੰਚਦਸ਼ੀ ਆਦੀ, ਵੈਦ੍ਯਕ ਵਿਚ ਸ਼ਾਰੰਗਧਰ ਆਦੀ, ਸਿਮ੍ਰਿਤੀਆਂ ਵਿੱਚ ਇਕ ਮਨੂ ਸਿਮ੍ਰਿਤੀ ਦੇ ਮਲਾਟੀ ਸ਼ਲੋਕ, ਹੋਰ ਸਭ ਸਿਮ੍ਰਿਤੀਆਂ ਸਾਰੇ ਤੰਤ੍ਰ ਗ੍ਰੰਥ ਸਾਰੇ ਪੁਰਾਣ, ਸਾਰੇ ਉਪਪੁਰਾਣ, ਤੁਲਸੀਦਾਸ ਕ੍ਰਿਤ ਭਾਸ਼ਾ ਰਾਮਾਇਣ, ਰੁਕਮਣੀਮੰਗਲ ਆਦੀ, ਹੋਰ ਸਭ ਭਾਸ਼ਾ ਦੇ ਗ੍ਰੰਥ, ਏਹ ਸਭ ਕਪੋਲ ਕਲਪਿਤ ਮਿਥਿਆ ਗ੍ਰੰਥ ਹਨ(ਪ੍ਰਸ਼ਨ) ਕੀ ਇਨ੍ਹਾਂ ਗ੍ਰੰਥਾਂ ਵਿਚ ਕੁਝ ਵੀ ਸਤਯ ਨਹੀਂ । (ਉੱਤਰ) ਥੋੜਾ ਸਤਯ ਤਾਂ ਹੈ ਪਰੰਤੂ ਏਸ ਦੇ ਨਾਲ ਬਹੁਤ ਸਾਰਾ ਅਸਤਯ ਭੀ ਹੈ, ਏਸ ਲਈ ਜਿਸਤਰਾਂ ਅਛੀ

ਉੱਤਮ ਅੱਨ ਜਹਰ ਨਾਲ ਮਿਲਿਆ ਹੋਨ ਕਰਕੇ ਛੱਡਨ ਦੇ ਯੋਗ ਹੁੰਦਾ ਹੈ, ਉੱਕਨ ਏਹ ਗ੍ਰੰਥ ਹਨ । (ਪ੍ਰਸ਼ਨ) ਕੀ ਤੁਸੀਂ ਪੁਰਾਣ, ਇਤਿਹਾਸ ਨੂੰ ਨਹੀਂ ਮੰਨਦੇ, (ਉੱਤਰ) ਹਾਂ ਮੰਨਦੇ ਹਾਂ ਪਰੰਤੂ ਸਤਨੂੰ ਝੂਠ ਨੂੰ ਨਹੀਂ। (ਪ੍ਰਸ਼ਨ) ਕੌਨ ਸਤ ਅਰ ਕੌਨ ਮਿਥਿਆ ਹੈ (ਉੱਤਰ) :—

'ਬ੍ਰਾਹਮਣਾਨੀਤਿਹਾਸਾਨ ਪੁਰਾਣਾਨਿ ਕਲਪਾਨ ਗਾਥਾਨਾਰਾਸ਼ੰਸਿਰਿਤਿ'।

ਏਹ ਗ੍ਰਿਹਜਸੂਤ੍ਰਾਦੀ ਦਾ ਵਚਨ ਹੈ, ਜੋ ਐਤਰੇਯ, ਸ਼ਤਪਥ ਆਦੀ ਬ੍ਰਾਹਮਣ ਲਿਖ ਆਏ ਹਾਂ ਉਨਾਂ ਦੇ ਹੀ ਇਤਿਹਾਸ, ਪੁਰਾਣ, ਕਲਪ ਗਾਥਾ ਅਰ ਨਾਰਾਸ਼ੰਸੀ ਪੰਜ ਨਾਉਂ ਹਨ, ਸ੍ਰੀਮਤਭਾਗਵਤ ਆਦੀ ਦਾ ਨਾਉਂ ਪੁਰਾਣ ਨਹੀਂ (ਪ੍ਰਸ਼ਨ) ਜੋ ਤਿਆਗਨੇ ਯੋਗ ਗ੍ਰੰਥਾਂ ਵਿਚ ਸਤਜਹੈ ਉਸਦਾ ਗ੍ਰਹਣ ਕਿਉਂ ਨਹੀਂ ਕਰਦੇ। (ਉੱਤਰ) ਜੋ ਜੋ ਉਨ੍ਹਾਂ ਵਿਚ ਸਤਜ ਹੈ ਸੋ ਸੋ ਵੇਦ ਆਦੀ ਸਤਜ ਸ਼ਾਸਤ੍ਰਾਂ ਦਾ ਹੈ ਅਰ ਜੋ ਮਿਥਿਆ ਹੈ ਓਹ ਉਨ੍ਹਾਂ ਦੇ ਘਰ ਦਾ ਹੈ। ਵੇਦਾਦੀ ਸਤਜ ਸ਼ਾਸਤ੍ਰਾਂ ਦੇ ਸ੍ਵੀਕਾਰ ਕਰਨ ਵਿੱਚ ਸੰਪੂਰਣ ਸਤਜ ਦਾ ਗ੍ਰਹਣ ਹੋ ਜਾਂਦਾ ਹੈ, ਜੋ ਕੋਈ ਇਨ੍ਹਾਂ ਮਿਥਿਆ ਗ੍ਰੰਥਾਂ ਵਿੱਚੋਂ ਸੱਤ ਦਾ ਗ੍ਰਹਣ ਕਰਨਾ ਚਾਹੇ ਤਾਂ ਮਿਥਿਆ ਵੀ ਉਸਦੇ ਗਲ ਲੱਗ ਜਾਵੇ, ਏਸ ਲਈ 'ਅਸਤਜਮਿਸ੍ਰੰ ਸਤਜੰ ਦੂਰਤਸਤਜਾਜਮਿਤਿ' ਅਸਤਜ ਨਾਲ ਮਿਲੇ ਹੋਏ ਗ੍ਰੰਥ ਦੇ ਸਤਜ ਨੂੰ ਭੀ ਉੱਕਨ ਛੱਡ ਦੇਨਾ ਚਾਹੀਏ, ਜੀਕਨ ਜ਼ਹਿਰ ਦੇ ਨਾਲ ਮਿਲੇ ਹੋਏ ਅੰਨ ਨੂੰ । (ਪ੍ਰਸ਼ਨ) ਤੁਹਾਡਾ ਮਤ ਕੀ ਹੈ (ਉੱਤਰ) ਵੇਦ ਅਰਥਾਤ ਜੋ ਨੇ ਵੇਦ ਵਿੱਚ ਕਰਨ ਅਰ ਛੱਡਨ ਦੀ ਸ਼ਿਖਛਾ ਕੀਤੀ ਹੈ। ਉਸ ਉਸ ਦਾ ਅਸੀਂ ਯਥਾਵਤ ਕਰਨਾ ਛੱਡਨਾ ਮੰਨਦੇ ਹਾਂ ਵੇਦ ਨੂੰ ਅਸੀਂ ਮੰਨਦੇ ਹਾਂ ਏਸ ਥੀਂ ਸਾਡਾ ਮਤ ਵੇਦ ਹੈ, ਈਕਨ ਮੰਨਕੇ ਸਭ ਮਨੁਸ਼ਾਂ ਨੂੰ ਵਿਸ਼ੇਸ਼ ਕਰਕੇ ਆਰਯ ਲੋਕਾਂ ਨੂੰ ਇਕ ਮਤ ਹੋਕੇ ਰਹਿਨਾ ਚਾਹੀਏ (ਪ੍ਰਸ਼ਨ) ਜੀਕਨ ਸੱਤ ਅਸੱਤ ਦਾ ਅਰ ਦੂਜੇ ਗ੍ਰੰਥਾਂ ਦਾ ਇਕ ਦੂਜੇ ਨਾਲ ਵਿਰੋਧ ਹੈ ਉਸਤਰਾਂ ਹੋਰਨਾਂ ਸ਼ਾਸਤ੍ਰਾਂ ਵਿਚ ਭੀ ਹੈ, ਜਿਹਾ ਕਿ ਸ੍ਰਿਸ਼ਟੀ ਵਿਸ਼ੇ ਵਿਚ ਛੀਆਂ ਸ਼ਾਸਤ੍ਰਾਂ ਦਾ ਵਿਰੋਧ ਹੈ, ਮੀਮਾਂਸਾ ਕਰਮ, ਵੈਸ਼ੇਸ਼ਿਕ ਕਾਲ, ਨਿਆਯ ਪ੍ਰਮਾਣ, ਯੋਗ ਪੁਰਸ਼ਾਰਥ, ਸਾਂਖਜ ਪ੍ਰਕ੍ਰਿਤੀ, ਅਰ ਵੇਦਾਂਤ ਬ੍ਰਹਮ ਥੀਂ ਸ੍ਰਿਸ਼ਟੀ ਦੀ ਉਤਪੱਤੀ ਮੰਨਦਾ ਹੈ, ਕੀ ਏਹ ਵਿਰੋਧ ਨਹੀਂ ਹੈ ? (ਉੱਤਰ) ਪਹਿਲੇ ਤਾਂ ਬਿਨਾ ਸਾਂਖਜ ਅਰ ਵੇਦਾਂਤ ਦੇ ਦੂਜੇ ਸ਼ਾਸਤ੍ਰਾਂ ਵਿਚ ਸ੍ਰਿਸ਼ਟੀ ਦੀ ਉਤਪੱਤੀ ਪ੍ਰਸਿੱਧ ਨਹੀਂ ਲਿਖੀ, ਅਰ ਇਨ੍ਹਾਂ ਵਿਚ ਵਿਰੋਧ ਨਹੀਂ ਹੈ, ਕਿਉਂਕਿ ਤੁਹਾਨੂੰ ਵਿਰੋਧ, ਅਵਿਰੋਧ ਦਾ ਗਿਆਨ ਨਹੀਂ ਹੈ, ਮੈਂ ਤੁਹਾਡੇ ਕੋਲੋਂ ਪੁਛਦਾ ਹਾਂ ਕਿ ਵਿਰੋਧ ਕੇਹੜੀ ਜਗਹਿ ਵਿਚ ਹੁੰਦਾ ਹੈ, ਕੀ ਇਕ ਵਿਸ਼ੇ ਵਿਚ ਅਥਵਾ ਭਿੰਨ ਭਿੰਨ ਵਿਸ਼ਿਆਂ ਵਿਚ (ਪ੍ਰਸ਼ਨ) ਇਕ ਵਿਸ਼ੇ ਵਿਚ ਜੋ ਅਨੇਕਾਂ ਦਾ ਪਰਸਪਰ ਵਿਰੋਧ

ਕਥਨ ਹੋਵੇ ਉਸਨੂੰ ਵਿਰੋਧ ਕਹਿੰਦੇ ਹਨ, ਏਥੇ ਭੀ ਸ੍ਰਿਸ਼ਟੀ ਇਕ ਹੀ ਵਿਸ਼ੇ ਹੈ। (ਉੱਤਰ) ਕੀ ਵਿਦਿਆ ਇਕ ਹੈ ਜਾਂ ਦੋ, ਇਕ ਹੈ, ਜੋ ਇਕ ਹੈ ਭਾਂ ਵਯਾਕਰਣ ਵੈਦ੍ਯਕ ਜੋਤਸ਼ ਆਦੀ ਦਾ ਭਿੰਨ ਭਿੰਨ ਵਿਸ਼ਯ ਕਿਉਂ ਹੈ, ਜੀਕਨ ਇਕ ਵਿਦ੍ਯਾ ਵਿਚ ਅਨੇਕ ਵਿਦ੍ਯਾ ਦੇ ਅਵੈਵਾਂ ਦਾ ਇਕ ਦੂਜੇ ਤੋਂ ਭਿੰਨ ਪ੍ਰਤੀਪਾਦਨ ਹੁੰਦਾ ਹੈ. ਉਕਨ ਸ੍ਰਿਸ਼ਟੀ ਵਿਦਿਆ ਦੇ ਭਿੰਨ ਭਿੰਨ ਛਿਆਂ ਅਵੈਵਾਂ ਦਾ ਸ਼ਾਸਤ੍ਰਾਂ ਵਿਚ ਪ੍ਰਤਿਪਾਦਨ ਕਰਨ ਕਰਕੇ ਇਨਾਂ ਵਿਚ ਕੁਝ ਭੀ ਵਿਰੋਧ ਨਹੀਂ, ਜੀਕਨ ਘੜੇ ਦੇ ਬਨਾਉਨ ਵਿਚ ਕਰਮ, ਸਮੇ, ਮਿੱਟੀ, ਵਿਚਾਰ, ਸੰਯੋਗ, ਵਿਯੋਗ ਆਦੀ ਦਾ ਪੁਰਸ਼ਾਰਥ, ਪ੍ਰਕ੍ਰਿਤੀ ਦੇ ਗੁਣ, ਅਰ ਪ੍ਰਮਿਆਰ ਕਾਰਣ ਹਨ, ਉਕਨ ਹੀ ਸ੍ਰਿਸ਼ਟੀ ਦਾ ਜੋ ਕਰਮ ਕਾਰਣ ਹੈ ਉਸਦੀ ਵਿਆਖਿਆ ਮੀਮਾਂਸਾ ਵਿਚ, ਸਮੇ ਦੀ ਵਯਾਖਿਆ ਵੈਸ਼ੇਸ਼ਿਕ ਵਿਚ, ਉਪਾਦਾਨ ਕਾਰਣ ਦੀ ਵਿਆਖਿਆ ਨਿਆਯਵਿਦ, ਪੁਰਸ਼ਾਰਥ ਦੀ ਵਿਆਖਿਆ ਯੋਗ ਵਿਚ, ਤੱਤਾਂ ਦੇ ਅਨੁਕ੍ਰਮ ਥੀਂ ਗਿਣਤੀ ਦੀ ਵਿਆਖਿਆ ਸਾਂਖ੍ਯ ਵਿਚ, ਅਰ ਨਿਮਿੱਤ ਕਾਰਣ ਜੋ ਪਰਮੇਸ਼੍ਵਰ ਹੈ ਉਸਦੀ ਵਿਆਖਿਆ ਵੇਦਾਂਤ ਸ਼ਾਸਤ੍ਰ ਵਿਚ ਹੈ ਏਸ ਵਾਸਤੇ ਕੁਝ ਭੀ ਵਿਰੋਧ ਨਹੀਂ, ਜੀਕਨ ਵੈਦ੍ਯਕ ਸ਼ਾਸਤ੍ਰ ਵਿਚ ਨਿਦਾਨ, ਚਕਿਤਸਾ, ਔਸ਼ਧੀ ਦਾਨ, ਅਰ ਪੱਥਦੇ ਪ੍ਰਕਰਣ ਭਿੰਨ ਭਿੰਨ ਕਥਨ ਕੀਤੇ ਹਨ ਪਰੰਤੂ ਸਭਦਾ ਸਿੱਧਾਂਤ ਰੋਗ ਦੀ ਨਿਵ੍ਰਿਤੀ ਹੈ, ਉਕਨ ਹੀ ਸ੍ਰਿਸ਼ਟੀ ਦੇ ਛੀ ਕਾਰਣ ਹਨ ਇਨਾਂ ਵਿੱਚੋਂ ਇਕ ਇਕ ਕਾਰਣ ਦੀ ਵਿਆਖਿਆ ਇਕ ਇਕ ਸ਼ਾਸਤ੍ਰ ਨੇ ਕੀਤੀ ਹੈ, ਏਸ ਵਾਸਤੇ ਇਨਾਂ ਵਿਚ ਕੁਝ ਭੀ ਵਿਰੋਧ ਨਹੀਂ। ਏਸ ਦੀ ਵਿਸ਼ੇਸ ਵਿਆਖਿਆ ਸ੍ਰਿਸ਼ਟੀ ਪ੍ਰਕਰਣ ਵਿਚ ਕਹਾਂਗੇ। ਜੋ ਵਿਦਿਆ ਦੇ ਪੜ੍ਹਨ ਪੜ੍ਹਾਨ ਦੇ ਵਿਘਨ ਹਨ ਉਨ੍ਹਾਂ ਨੂੰ ਛਡ ਦੇਨ, ਜੀਕਨ ਕੁਸੰਗ ਅਰਥਾਤ ਦੁਸ਼ਟ ਵਿਸ਼ਯੀ ਜਨਾਂ ਦੀ ਸੰਗਤ, ਦੁਸ਼ਟ ਵ੍ਯਸਨ, ਜੀਕਨ ਮਦ੍ਯਆਦੀ ਦਾ ਸੇਵਨ, ਅਰ ਬੇਸਦਾ ਗਮਨ ਆਦੀ, ਬਾਲ ਅਵਸਥਾ ਵਿਚ ਵਿਆਹ ਅਰਥਾਤ ਪੰਜੋਵੇਂ ਵਰਹੇ ਥੀਂ ਪੈਹਲੋਂ ਪੁਰਸ਼ ਅਰ ਸੋਹਲਵੇਂ ਵਰਹੇ ਤੋਂ ਪਹਿਲੋਂ ਇਸਤ੍ਰੀ ਦਾ ਵਿਆਹ ਹੋ ਜਾਨਾ, ਪੂਰਣ ਬ੍ਰਹਮਚਰਯ ਨਾ ਹੋਨਾ, ਰਾਜਾ, ਮਾਂ, ਪਿਉ, ਅਰ ਵਿਦਵਾਨਾਂ ਦਾ ਪ੍ਰੇਮ ਵੇਦ ਆਦੀ ਸ਼ਾਸਤ੍ਰਾਂ ਦੇ ਪ੍ਰਚਾਰ ਵਿਚ ਨਾ ਹੋਨਾ, ਅਤੀ ਭੋਜਨ ਕਰਨਾ, ਅਤੀ ਜਾਗਨਾ, ਪੜ੍ਹਨ, ਪੜ੍ਹਾਨ, ਪ੍ਰੀਖਛਾ ਲੈਨ, ਦੇਨ ਵਿਚ ਆਲਸ ਯਾ ਕਪਟ ਕਰਨਾ, ਸਭ ਤੋਂ ਵਧੀਕ ਵਿਦਿਆ ਦਾ ਲਾਭ ਨਾ ਸਮਝਨਾ, ਬ੍ਰਹਮਚਰਯ ਥੀਂ ਬਲ ਬੁੱਧੀ ਪਰਾਕ੍ਰਮ, ਅਰੋਗਜਤਾ, ਰਾਜ, ਧਨਦੀ ਬ੍ਰਿੱਧੀ ਨ ਮੰਨਨਾ, ਈਸ਼੍ਵਰ ਦਾ ਧਿਆਨ ਛੱਡਕੇ ਹੋਰ ਪੱਥਰ ਆਦੀਜੜ ਮੂਰਤੀ ਦੇ ਦਰਸ਼ਨ, ਪੂਜਨ ਵਿਚ ਵਿਅਰਥ ਕਾਲ ਖੋਨਾ, ਮਾਂ, ਪਿਉ, ਅਤਿਥੀ ਅਰ ਆਚਾਰਯ, ਵਿਦਵਾਨ, ਇਨਾਂ ਨੂੰ ਸੱਚੀ ਮੂਰਤੀ ਮੰਨਕੇ ਸੇਵਾ, ਸਤਸੰਗ ਨਾ ਕਰਨਾ, ਵਰਣ ਆਸ਼੍ਰਮ ਦੇ ਧਰਮ ਨੂੰ ਛੱਡਕੇ ਊਰਧ ਪੁੰਡ੍ਰ, ਤ੍ਰਿਪੁੰਡ੍ਰ, ਤਿਲਕ, ਕੰਠੀ, ਮਾਲਾ ਧਾਰਣ ਕਰਨਾ,

ਏਕਾਦਸ਼ੀ, ਤ੍ਰਿਓਦਸ਼ੀ ਆਦੀ ਬ੍ਰਤ ਕਰਨੇ, ਕਾਸ਼ੀ ਆਦੀ ਤੀਰਥ, ਅਰ ਰਾਮ ਕ੍ਰਿਸ਼ਨ, ਨਾਰਾਇਣ, ਸ਼ਿਵ, ਭਗਵਤੀ, ਗਣੇਸ਼ ਆਈ ਦੇ ਨ ਮ ਸਿਮਰਣ ਥੀਂ ਪਾਪਾਂ ਦੇ ਦੂਰ ਹੋਨ ਦਾ ਨਿਸ਼ਚਾ ਕਰਨਾ, ਪਾਖੰਡੀਆਂ ਦੇ ਉਪਦੇਸ਼ਾਂ ਕਰਕੇ ਵਿਦਿਆ ਪੜ੍ਹਨ ਵਿਚ ਅਸ਼ੱਧਾ ਦਾ ਹੋਨਾ, ਵਿਦਿਆ ਧਰਮ ਜੋਗ ਪਰਮੇਸ਼੍ਵਰ ਦੀ ਉਪਾਸਨਾ ਦੇ ਬਗੈਰ ਝੂਠੇ ਪੁਰਾਣ ਨਾਮ ਵਾਲੇ ਭਾਗਵਤ ਆਦੀ ਦੀ ਕਥਾ ਆਦੀ ਥੀਂ ਮੁਕਤੀ ਦਾ ਮੰਨਨਾ ਲੋਭ ਕਰਕੇ ਧਨ ਆਦੀ ਵਿੱਚ ਪ੍ਰੀਤੀ ਹੋ ਜਾਨਥੀਂ ਵਿਦਿਆ ਵਿੱਚ ਪ੍ਰੀਤੀ ਨਾ ਰੱਖਨੀ ਇੱਧਰ ਉੱਧਰ ਐਵੇਂ ਟੱਕਰਾਂ ਮਾਰਦੇ ਫਿਰਨਾ, ਏਹੋ ਜੇਹੇ ਝੂਠੇ ਵਿਹਾਰਾਂ ਵਿਚ ਫਸਕੇ ਬ੍ਰਹਮਚਰਯ ਅਰ ਵਿਦਿਆ ਦੇ ਲਾਭ ਥੀਂ ਰਹਿਤ ਹੋਕੇ ਰੋਗੀ ਅਰ ਮੂਰਖ ਬਨੇ ਰਹਿੰਦੇ ਹਨ। ਅੱਜ ਕੱਲ ਦੇ ਸੰਪ੍ਰਦਾਈ ਅਰ ਸ੍ਵਾਰਥੀ ਬ੍ਰਾਹਮਣ ਆਦੀ ਏਹੜੇ ਦੁਕਾਨਾਂ ਨੂੰ ਵਿਦਿਆ, ਸਤਸੰਗ ਥੀਂ ਹਟਾਕੇ ਅਰ ਅਪਨੇ ਜਾਲ ਵਿਚ ਫਸਾਕੇ ਉਨਾਂ ਦਾ ਤਨ, ਮਨ, ਧਨ ਨਸ਼ਟ ਕਰ ਦਿੰਦੇ ਹਨ, ਅਰ ਚਾਹੁੰਦੇ ਹਨ, ਕਿ ਜੇ ਖਛਤ੍ਰੀ ਆਦੀ ਵਰਣ ਪੜ੍ਹਕੇ ਵਿਦਵਾਨ ਹੋ ਜਾਨਗੇ ਤਾਂ ਸਾਡੇ ਪਾਖੰਡ ਜਾਲ ਥੀਂ ਛੁਟਕੇ ਅਰ ਸਾਡੇ ਛਲ ਨੂੰ ਜਾਣਕੇ ਸਾਡਾ ਅਪਮਾਨ ਕਰਨਗੇ, ਏਹੋ ਜਿਹੇ ਵਿਘਨਾਂ ਨੂੰ ਰਾਜਾ ਅਰ ਪ੍ਰਜਾ ਦੂਰ ਕਰਕੇ ਅਪਨੇ ਮੁੰਡੇ ਅਰ ਕੁੜੀਆਂ ਨੂੰ ਵਿਦਵਾਨ ਬਨਾਉਨ ਦੇ ਵਾਸਤੇ ਤਨ, ਮਨ, ਧਨ ਨਾਲ ਯਤਨ ਕੀਤਾ ਕਰਨ। (ਪ੍ਰਸ਼ਨ) ਕੀ ਇਸਤ੍ਰੀ ਅਰ ਸ਼ੂਦ੍ਰ ਭੀ ਵੇਦ ਪੜ੍ਹਨ ? ਜੇ ਏਹ ਪੜ੍ਹਨਗੇ ਤਾਂ ਅਸੀਂ ਫਿਰ ਕੀ ਕਰਾਂਗੇ ? ਅਰ ਇਨਾਂ ਦੇ ਪੜ੍ਹਨ ਵਿੱਚ ਪ੍ਰਮਾਣ ਭੀ ਨਹੀਂ ਹੈ, ਜੀਕਨ ਏਹੁ ਨਿਸ਼ੇਧ ਹੈ :—

ਇਸਤ੍ਰੀ ਸ਼ੂਦ੍ਰੌ ਨਾਧੀਯਾਤਾਮਿਤਿ ਸ਼੍ਰੁਤੇਃ।

ਇਸਤ੍ਰੀ ਅਰ ਸ਼ੂਦ੍ਰ ਨਾ ਪੜ੍ਹਨ ਏਹ ਸ਼੍ਰੁਤੀ ਹੈ। (ਉੱਤਰ) ਸਭ ਇਸਤ੍ਰੀ ਅਰ ਪੁਰਸ਼ ਅਰਥਾਤ ਮਨੁਸ਼ਮਾਤ੍ਰ ਨੂੰ ਪੜ੍ਹਨ ਦਾ ਅਧਿਕਾਰ ਹੈ, ਤੁਸੀਂ ਪਵੋ ਖੂਹ ਵਿਚ ਅਰ ਇਹ ਸ਼੍ਰੁਤੀ ਤੁਹਾਡੀ ਮਨਘੜਤ ਹੈ, ਕਿਸੇ ਪ੍ਰਾਮਾਣਿਕ ਗ੍ਰੰਥ ਦੀ ਨਹੀਂ ਸਭ ਮਨੁਸ਼ਾਂ ਦੇ ਵੇਦ ਆਦੀ ਸ਼ਾਸਤ੍ਰ ਪੜ੍ਹਨ, ਸੁਣਨ ਦੇ ਅਧਿਕਾਰ ਦਾ ਪ੍ਰਮਾਣ :—

ਯਥੇਮਾਂ ਵਾਚੰ ਕਲ੍ਯਾਣੀਮਾਵਦਾਨਿ ਜਨੇਭ੍ਯਃ।
ਬ੍ਰਹ੍ਮਰਾਜਨ੍ਯਾਭ੍ਯਾਂ ਸ਼ੂਦ੍ਰਾਯ ਚਾਰ੍ਯਾਯ ਚ
ਸ੍ਵਾਯ ਚਾਰਣਾਯ ॥ ਯਜੁਰਵੇਦ। ਅਧ੍ਯਾਯ ੨੬। ਮੰਤ੍ਰ ੨।

ਪਰਮੇਸ਼ੁਰ ਕਹਿੰਦਾ ਹੈ ਕਿ(ਯਥਾ) ਜੀਕਨ ਮੈਂ (ਜਨੇਭ੍ਯਃ) ਸਭ ਮਨੁਸ਼ ਦੇ ਵਾਸਤੇ (ਇਮਾਮ) ਏਸ (ਕਲ੍ਯਾਣੀ) ਕਲਿਆਣ ਅਰਥਾਤ ਸੰਸਾਰ ਅਰ ਮੁਕਤੀ ਦੇ ਸੁਖ ਦੇ ਦੇਨਹਾਰੀ (ਵਾਚੰ) ਰਿਗਵੇਦ ਆਦੀ ਚੌਹਾਂ ਵੇਦਾਂ ਦੀ ਬਾਣੀ ਦਾ (ਆਵਦਾਨਿ) ਉਪਦੇਸ਼ ਕਰਦਾ ਹਾਂ, ਉਸੇ ਤਰਾਂ ਤੁਸੀਂ ਭੀ ਕੀਤਾ ਕਰੋ, ਏਥੇ ਕੋਈ ਏਹ ਪ੍ਰਸ਼ਨ ਕਰੇ ਕਿ ਜਨ ਸ਼ਬਦ ਥੀਂ ਦ੍ਵਿਜਾਂ ਦਾ ਗ੍ਰਹਣ ਕਰਨਾ ਚਾਹੀਏ, ਕਿਉਂਕਿ ਸਮ੍ਰਿਤੀ ਆਦੀ ਗ੍ਰੰਥਾਂ ਵਿਚ ਬ੍ਰਾਹਮਣ, ਖਛਤ੍ਰੀ ਅਰ ਵੈਸ਼ ਹੀ ਨੂੰ ਵੇਦਾਂ ਦੇ ਪੜ੍ਹਨੇ ਦਾ ਅਧਿਕਾਰ ਲਿਖਿਆ ਹੈ, ਇਸਤ੍ਰੀ ਅਰ ਸ਼ੂਦ੍ਰ ਆਦੀ ਵਰਣਾਂ ਦਾ ਨਹੀਂ। (ਉੱਤਰ) (ਬ੍ਰਹਮਰਾਜਨ੍ਯਾਭ੍ਯਾਮ) ਇਤ੍ਯਾਦੀ ਵੇਖੋ ਪਰਮੇਸ਼ੁਰ ਆਪ ਕਹਿੰਦਾ ਹੈ ਕਿ ਅਸਾਂ ਨੇ ਬ੍ਰਾਹਮਣ, ਖਛਤ੍ਰੀ, (ਅਰਯਾਯ) ਵੈਸ਼ (ਸ਼ੂਦ੍ਰਾਯ) ਸ਼ੂਦ੍ਰ ਅਰ (ਸ੍ਵਾਯ) ਅਪਨੇ ਨੌਕਰ ਇਸਤ੍ਰੀ ਆਦੀ (ਅਰਣਾਯ) ਅਰ ਅਤੀ ਸ਼ੂਦ੍ਰ ਆਦੀ ਦੇ ਵਾਸਤੇ ਭੀ ਵੇਦਾਂ ਦਾ ਪ੍ਰਕਾਸ਼ ਕੀਤਾ ਹੈ ਅਰਥਾਤ ਸਭ ਮਨੁੱਸ਼ ਵੇਦਾਂ ਨੂੰ ਪੜ੍ਹ ਪੜ੍ਹਾ ਅਰ ਸੁਨ ਸੁਨਾਕੇ ਵਿਗਿਆਨ ਨੂੰ ਵਧਾਕੇ ਚੰਗੀਆਂ ਗੱਲਾਂ ਦਾ ਗ੍ਰਹਣ ਅਰ ਬੁਰੀਆਂ ਬਾਤਾਂ ਦਾ ਤ੍ਯਾਗ ਕਰਕੇ ਦੁੱਖਾਂ ਥੀਂ ਛੁਟਕੇ ਆਨੰਦ ਨੂ ਪ੍ਰਾਪਤ ਹੋਨ, ਕਹੋ ਤਾਂ ਹੁਨ ਤੁਹਾਡੀ ਗੱਲ ਮੰਨੀਏ ਯਾ ਪਰਮੇਸ਼ੁਰਦੀਪਰਮੇਸ਼ੁਰਦੀ ਬਾਤ ਜਰੂਰ ਮੰਨਨੀ ਚਾਹੀਏ। ਹੁਨ ਭੀ ਜੇਹੜਾ ਏਸਨੂੰ ਨਾਮੰਨੇਗਾ ਉਹ ਨਾਸਤਿਕ ਕਹਾਵੇਗਾ, ਕਿਉਂ ਕਿ 'ਨਾਸ੍ਤਿਕੋ ਵੇਦ ਨਿੰਦਕਃ' ਵੇਦਾਂ ਦਾ ਨਿੰਦਕ ਅਰ ਨਾ ਮੰਨਨ ਵਾਲਾ ਨਾਸਤਿਕ ਕਹਾਉਂਦਾ ਹੈ। ਕੀ ਪਰਮੇਸ਼ੁਰ ਸ਼ੂਦ੍ਰਾਂ ਦਾ ਭਲਾ ਕਰਨਾ ਨਹੀਂ ਚਾਹੁੰਦਾ ? ਕੀ ਈਸ਼ੁਰ ਪਖਛਪਾਤੀ ਹੈ ਕਿ ਵੇਦਾਂ ਦੇ ਪੜ੍ਹਨ ਸੁਨਨ ਦਾ ਸ਼ੂਦ੍ਰਾਂ ਦੇ ਵਾਸਤੇ ਨਿਸ਼ੇਧ ਅਰ ਦ੍ਵਿਜਾਂ ਵਾਸਤੇ ਵਿਧੀ ਕਰੇ। ਜੇ ਪਰਮੇਸ਼ੁਰ ਦੀ ਮਰਜੀ ਸ਼ੂਦ੍ਰ ਆਦੀ ਦੇ ਪੜ੍ਹਾਨ ਸੁਨਾਨ ਦੀ ਨਾ ਹੁੰਦੀ ਤਾਂ ਇਨਾਂ ਦੇ ਸ਼ਰੀਰ ਵਿਚ ਜ਼ਬਾਨ ਅਰ ਕੰਨ ਦੀ ਇੰਦ੍ਰੀ ਕਿਉਂ ਬਨਾਉਂਦਾ ? ਜਿਸ ਤਰਾਂ ਪਰਮੇਸ਼ੁਰ ਨੇ ਜ਼ਮੀਨ, ਪਾਨੀ, ਅੱਗ, ਹਵਾ,ਚੰਦ੍ਰਮਾ, ਸੂਰਜ ਅਰ ਅਨਾਜ ਆਦੀ ਪਦਾਰਥ ਸਭ ਦੇ ਵਾਸਤੇ ਬਨਾਏ ਹਨ, ਉਸੇ ਤਰਾਂ ਵੇਦ ਭੀ ਸਭ ਦੇ ਵਾਸਤੇ ਪ੍ਰਕਾਸ਼ ਕੀਤੇ ਹਨ, ਅਰ ਜਿਥੇ ਕਿਥੇ ਨਿਸ਼ੇਧ ਕੀਤਾ ਹੈ ਉਸਦਾ ਏਹ ਅਭਿਪ੍ਰਾਯ ਹੈ ਕਿ ਜਿਸਨੂੰ ਪੜ੍ਹਨ ਪੜ੍ਹਾਨ ਨਾਲ ਭੀ ਕੁਝ ਨਾ ਆਵੇ ਉਹ ਨਿਰਬੁੱਧੀ ਅਰ ਮੂਰਖ ਹੋਨ ਥੀਂ ਸ਼ੂਦ੍ਰ ਕਹਾਉਂਦਾ ਹੈ, ਉਸਦਾ ਪੜ੍ਹਨਾ ਪੜ੍ਹਾਉਨਾ ਵਿਅਰਥ ਹੈ ਅਤ ਜੋ ਇਸਤ੍ਰੀਆਂ ਦੇ ਪੜ੍ਹਨ ਦਾ ਨਿਸ਼ੇਧ ਕਰਦੇ ਹੋ ਓਹ ਤੁਹਾਡੀ ਮੂਰਖਤਾ ਸ੍ਵਾਰਥਪਨੇ ਅਰ ਨਿਰਬੁੱਧਤਾ ਦਾ ਪ੍ਰਭਾਵ ਹੈ ਵੇਖੋ ਵੇਦ ਵਿਚ ਕੁੜੀਆਂ ਦੇ ਪੜ੍ਹਨ ਦਾ ਪ੍ਰਮਾਣ ਹੈ :—

ब्रह्मचर्येण कन्या युवानं विंदते पतिम।

ਅਥਰ੍ਵਵੇਦ। ਕਾਂਡ ੧੧। ਪ੍ਰਪਾਠਕ ੨੪ ਅਧ੍ਯਾਯ ੩। ਮੰਤ੍ਰ ੧੮।

ਜੀਕਨ ਮੁੰਡੇ ਬ੍ਰਹਮਚਰਯ ਸੇਵਨ ਕਰਕੇ ਪੂਰਣ ਵਿਦਿਆ ਅਰ ਸੁਸ਼ਿਖਛਾ ਨੂੰ ਪ੍ਰਾਪਤ ਹੋਕੇ ਮੁਟਿਆਰ ਲਿਖੀ ਪੜ੍ਹੀ, ਅਪਨੇ ਅਨੁਕੂਲ ਪਜਾਰੀ, ਅਪਨੇ ਵਾਛਣ ਇਸਤ੍ਰੀਆਂ ਦੇ ਨਾਲ ਵਿਆਹ ਕਰਦੇ ਹਨ ਉਸੇ ਤਰਾਂ ਕੁਆਰੀ ਬ੍ਰਹਮਚਰਯ ਸੇਵਨ ਕਟਕੇ ਵੇਦ ਆਦੀ ਸ਼ਾਸਤ੍ਰਾਂ ਨੂੰ ਪੜ੍ਹਕੇ ਪੂਰੀ ਵਿਦਿਆ ਅਰ ਉੱਤਮ ਸਿਖਜਾ ਨੂੰ ਪ੍ਰਾਪਤ ਮੁਟਿਆਰ ਹੋਕੇ ਪੂਰੀ ਜੁਆਨੀ ਦੀ ਅਵਸਥਾ ਵਿਚ ਅਪਨੇ ਵਾਛਣ ਪਿਆਰੇ ਵਿਦਵਾਨ, ਪੂਰੇ ਜੁਵਾਨ ਪੁਰਸ਼ ਨੂੰ ਪ੍ਰਾਪਤ ਹੋਵੇ, ਏਸ ਕਰਕੇ ਇਸਤ੍ਰੀਆਂ ਨੂੰ ਭੀ ਬ੍ਰਹਮਚਰਯ ਅਰ ਵਿਦਜਾ ਗ੍ਰਹਣ ਜਰੂਰ ਕਰਨੀ ਚਾਹੀਏ। (ਪ੍ਰਸ਼ਨ) ਇਸਤ੍ਰੀ ਲੋਗ ਭੀ ਵੇਦਾਂ ਨੂੰ ਪੜ੍ਹਨ ? (ਉੱਤਰ) ਜਰੂਰ ਵੇਖੋ ਸ਼ੌਤਸੂਤ੍ਰ ਆਦੀ ਵਿਚ ਲਿਖਿਆ ਹੈ ਕਿ :—

ਇਮੰ ਮੰਤ੍ਰੰ ਪਤਨੀ ਪਠੇਤ।

ਅਰਥਾਤ ਇਸਤ੍ਰੀ ਯਗ ਵਿਚ ਏਸ ਮੰਤ੍ਰਨੂੰ ਪੜ੍ਹੇ, ਜੇ ਵੇਦ ਆਦੀਸ਼ਾਸਤ੍ਰ ਨਾ ਪੜ੍ਹੀ ਹੋਵੇ ਤਾਂ ਯੱਗ ਵਿਚ ਸੁਰ ਨਾਲ ਮੰਤ੍ਰਾਂ ਦਾ ਉੱਚਾਰਣ ਅਰ ਸੰਸਕ੍ਰਿਤ ਭਾਸ਼ਣ ਕੀਕਨ ਕਰ ਸਕੇ? ਭਾਰਤਵਰਸ਼ ਦੀਆਂ ਇਸਤ੍ਰੀਆਂ ਵਿਚਭੂਸ਼ਣ ਰੂਪੀ ਗਾਰਗੀ ਆਦੀ ਵੇਦਾਦੀ ਸ਼ਾਸਤ੍ਰਾਂ ਨੂੰ ਪੜ੍ਹਕੇ ਪੂਰਣ ਵਿਦਜਾ ਵਾਲੀ ਹੋਈ ਸੀ,ਏਹ ਸ਼ਤਪਥ ਬ੍ਰਾਹਮਣ ਵਿਚ ਸਫਾ ਲਿਖਿਆ ਹੈ। ਭਲਾ ਜੇ ਪੁਰਸ਼ਵਿਦਵਾਨ ਅਰ ਇਸਤ੍ਰੀ ਅਨਪੜ੍ਹ. ਅਰ ਇਸਤ੍ਰੀ ਵਿਦਵਾਨ ਅਰ ਪੁਰਸ਼ ਅਨਪੜ੍ਹ ਹੋਵੇ ਤਾਂ ਰੋਜ ਦਿਹਾੜੀ ਦੇਵਾਸੁਰ ਸੰਗ੍ਰਾਮ ਘਰ ਵਿਚ ਹੀ ਮਚਿਆ ਰਹੇ, ਫੇਰ ਸੁਖ ਕਿਥੇ ਏਸ ਵਾਸਤੇ ਜੇ ਇਸਤ੍ਰੀਆਂ ਨਾ ਪੜ੍ਹਨ ਤਾਂ ਕੁੜੀਆਂ ਦੀ ਪਾਠਸ਼ਾਲਾ ਵਿਚ ਪੜ੍ਹਾਨ ਵਾਲੀਆਂ ਕਿਉ ਕਰ ਹੋ ਸਕਨ, ਤਥਾ ਰਾਜ ਕਾਰਜ ਨਜਾਯਾਧੀਸ਼ਪਨ ਗ੍ਰਿਹਸਥ ਆਸ਼੍ਰਮ ਦਾ ਕਾਰਯ ਜੇਹੜਾ ਖਾਵੰਦ ਦਾ ਇਸਤ੍ਰੀ ਅਰ ਇਸਤ੍ਰੀ ਦਾ ਖਾਵੰਦ ਨੂੰ ਪ੍ਰਸੰਨ ਰਖਣਾ, ਘਰਦੇ ਸਾਰੇ ਕੰਮ ਇਸਤ੍ਰੀ ਦੇ ਅਧੀਨ ਰਹਿਨੇ, ਵਿਦਜਾ ਤੇਂ ਸ਼ਰੀਰ ਇਤਿਆਦੀ ਕੰਮ ਚੰਗੀ ਤਰਾਂ ਨਾਲ ਕਦੀ ਠੀਕ ਨਹੀਂ ਹੋਸਕਦੇ, ਵੇਖੋ ਆਰਯਾਵਰਤ ਦੇ ਰਾਜ ਪੁਰਸ਼ਾਂ ਦੀਆਂ ਇਸਤ੍ਰੀਆਂ ਧਨੁਰਵੇਦ ਅਰ ਯੁੱਧ ਦੀ ਵਿਦਿਆ ਭੀ ਚੰਗੀ ਤਰਾਂ ਜਾਨਦੀਆਂ ਸਨ, ਕਿਸ ਕਰਕੇ ਜੋ ਨਾ ਜਾਨਦੀਆਂ ਹੁੰਦੀਆਂ ਤਾਂ ਕੈਕੇਯੀ ਆਦੀ ਦਸ਼ਰਥ ਆਦੀ ਦੇ ਨਾਲ ਯੁੱਧ ਵਿੱਚ ਕੀਕਨ ਜਾ ਸਕਦੀ, ਅਰ ਯੱਧ ਕਰ ਸਕਦੀ, ਏਸ ਥੀਂ ਬ੍ਰਾਹਮਣੀ ਅਰ ਖਛਤ੍ਰਿਯਾ ਨੂੰ ਸਭ ਵਿਦਿਆ, ਵੈਸ਼ ਇਸਤ੍ਰੀ ਨੂੰ ਵਿਉਪਾਰ ਦੀ ਵਿਦਿਆ, ਅਰ ਸ਼ੂਦ੍ਰਾਣੀ ਨੂੰ ਰਸੋਈ ਬਨਾਨ ਆਦੀ ਸੇਵਾ ਦੀ ਵਿਦਿਆ ਜਰੂਰ ਸਿਖਨੀ ਚਾਹੀਏ, ਜੀਕਨ ਪੁਰਸ਼ਾਂ ਨੂੰ ਵਯਾਕਰਣ, ਧਰਮ ਅਰ ਅਪਨੇ ਵਿਵਹਾਰ ਦੀ ਵਿਦਜਾ ਘੱਟੋ ਘੱਟ ਜਰੂਰ ਪੜ੍ਹਨੀ ਚਾਹੀਏ, ਉਸੇ ਤਰਾਂ ਇਸਤ੍ਰੀਆਂ ਨੂੰ ਭੀ ਵਯਾਕਰਣ, ਧਰਮ, ਵੈਦਕ, ਗਣਿਤ, ਸ਼ਿਲਪ ਵਿਦਜਾ ਤਾਂ ਜਰੂਰ ਹੀ ਸਿਖਨੀ ਚਾਹੀਏ,

ਕਿਉਂਕਿ ਇਨ੍ਹਾਂ ਦੇ ਸਿੱਖੇ ਬਗੈਰ ਸਚ ਝੂਠ ਦਾ ਨਿਰਣਾ, ਪਤੀ ਆਦੀ ਦੇ ਨਾਲ ਅਨੁਕੂਲ ਵਰਤਨਾ, ਯਥਾਯੋਗ ਸੰਤਾਨ ਉਤਪੰਨ ਕਰਨੀ, ਉਨ੍ਹਾਂ ਨੂੰ ਪਾਲਨਾ, ਵੱਡਾ ਕਰਨਾ, ਸੁਸ਼ਿਖਛਾ ਦੇਨੀ ਘਰਦੇ ਸਭ ਕੰਮਾਂ ਨੂੰ ਜੇਹਾ ਚਾਹੀਏ ਉਹੋ ਜੇਹਾ ਕਰਨਾ, ਵੈਦਕ ਵਿਦਿਆ ਕਰਕੇ ਦਵਾਈ ਦੀ ਨਿਆਈਂ ਖਾਨ ਪੀਨ ਦੀਆਂ ਚੀਜ਼ਾਂ ਬਨਾਨੀਆਂ, ਅਰ ਬਨਵ ਨੀਆਂ ਨਹੀਂ ਕਰ ਸਕਦੀ, ਜਿਸ ਕਰਕੇ ਘਰ ਵਿਚ ਰੋਗ ਕਦੀ ਨਾ ਆਵੈ, ਅਰ ਸਭ ਲੋਗ ਸਦਾ ਰਾਜ਼ੀ ਖ਼ੁਸ਼ੀ ਰਹਿਨ, ਸ਼ਿਲਪ ਵਿਦਿਆ ਦੇ ਜਾਨੇ ਬਗੈਰ ਘਰਦਾ ਬਨਵਾਨਾ, ਕਪੜੇ ਗਹਿਣੇ ਆਦੀ ਦਾ ਬਨਾਨਾ ਬਨਵਾਉਨਾ, ਗਣਿਤ ਵਿਦਿਆ ਦੇ ਬਗੈਰ ਸਭ ਦਾ ਹਿਸਾਬ ਸਮਝਨਾ, ਸਮਝਾਨਾ, ਵੇਦ ਆਦੀ ਸ਼ਾਸਤ੍ਰ ਵਿਦਿਆ ਦੇ ਬਗੈਰ ਈਸ਼੍ਵਰ ਅਰ ਧਰਮ ਨੂੰ ਨਾ ਜਾਨਕੇ ਅਧਰਮ ਥੀਂ ਕਦੀ ਨਾ ਬਚ ਸਕੇ, ਏਸ ਲਈ ਉਹੋ ਹੀ ਧੰਨਵਾਦ ਦੇ ਯੋਗ, ਅਰ ਕ੍ਰਿਤ ਕ੍ਰਿਤ ਹਨ, ਜੋ ਅਪਨੀ ਸੰਤਾਨਾਂ ਨੂੰ ਬ੍ਰਹਮਚਰਯ ਉੱਤਮ ਸ਼ਿਖਛਾ, ਅਰ ਵਿਦਿਆ ਥੀਂ ਸ਼ਰੀਰ ਅਰ ਆਤਮਾ ਦੇ ਪੂਰਣ ਬਲ ਨੂੰ ਵਧਾਨ, ਜਿਸ ਕਰਕੇ ਉਹ ਸੰਤਾਨ ਮਾਂ, ਪਿਉ ਖਾਵੰਦ, ਸਸ, ਸੌਹਰਾ, ਰਾਜਾ, ਪ੍ਰਜਾ, ਗੁਆਂਢੀ, ਇਸ਼ਟ, ਮਿਤ੍ਰ, ਅਰ ਸੰਤਾਨ ਆਦੀ ਨਾਲ ਯਥਾ ਯੋਗ ਧਰਮ ਨਾਲ ਵਰਤਨ, ਏਸ ਖਜਾਨੇ ਦਾ ਖੈ ਕਦੀ ਨਹੀਂ ਹੁੰਦਾ, ਏਸ ਨੂੰ ਜਿੱਨਾ ਖਰਚ ਕਰੋ ਉੱਨਾ ਹੀ ਵਧਦਾ ਹੈ, ਹੋਰ ਸਭ ਖਜ਼ਾਨੇ ਖਰਚ ਕਰਨ ਨਾਲ ਘਟ ਜਾਂਦੇ ਹਨ, ਅਰ ਦਾਯ-ਭਾਗੀ ਭੀ ਅਪਨਾ ਭਾਗ ਲੈਂਦੇ ਹਨ, ਅਰ ਵਿਦਿਆ ਦੇ ਖਜ਼ਾਨੇ ਦਾ ਕੋਈ ਚੋਰ ਯਾ ਦਾਯਭਾਗੀ ਨਹੀਂ ਹੋ ਸਕਦਾ, ਏਸ ਖਜ਼ਾਨੇ ਦੀ ਰਖਛਾ ਅਰ ਵਾਧਾ ਕਰਨ ਵਾਲੇ ਵਿਸ਼ੇਸ਼ ਕਰਕੇ ਰਾਜਾ ਅਰ ਪ੍ਰਜਾ ਹੀ ਹੈਨ ॥

‘ਕਨਜ਼ਾਨਾਂ ਸੰਪ੍ਰਦਾਨੰ ਚ ਕੁਮਾਰਾਣਾਂ ਚ ਰਖਛਣਮ’

ਮਨੁਸਮ੍ਰਿਤੀ। ਅਧਜ਼ਾਯ ੭। ਸ਼ਲੋਕ ੧੫੨ ॥

ਰਾਜਾ ਨੂੰ ਯੋਗ ਹੈ ਸਭ ਮੁੰਡੇ ਅਰ ਕੁੜੀਆਂ ਨੂੰ ਉੱਪਰ ਕਹੇ ਹੋਏ ਸਮੇ ਤੋਂ ਲੈਕੇ ਪਹਲੇ ਕਹੇ ਹੋਏ ਸਮੇ ਤਕ, ਬ੍ਰਹਮਚਰਯ ਵਿਚ ਰਖਕੇ ਵਿਦਵਾਨ ਕਰਾਨਾ ਜੇ ਕੋਈ ਏਸ ਆਗਿਆ ਨੂੰ ਨਾ ਮੰਨੇ ਤਾਂ ਉਸ ਦੇ ਮਾਂ, ਪਿਉ ਨੂੰ ਦੰਡ ਦੇਨਾ ਅਰਥਾਤ ਰਾਜਾ ਦੀ ਆਗਿਆ ਤੋਂ ਅੱਠ ਵਰਹੇ ਪਿੱਛੇ ਮੁੰਡਾ ਯਾ ਕੁੜੀ ਕਿਸੇ ਦੇ ਘਰ ਵਿਚ ਨਾ ਰਹਿਸੱਕਨ, ਕਿੰਤੂ ਗੁ_ਲ ਵਿਚ ਰਹਿਨ, ਜਦ ਤਕ ਸਮਾ ਵਰਤਨ ਦਾ ਸਮਾ ਨਾ ਆਵੇ ਤਦ ਤਕ ਵਿਆਹ ਨਾ ਹੋਨਾ ਪਾਵੇ ॥

ਸਰਵੇਸ਼ਾ ਮੇਵ ਦਾਨਾਨਾਂ ਬ੍ਰਹਮਦਾਨੰ ਵਿਸ਼ਿਸ਼ਜਤੇ।
ਵਾਰਯੱਨ ਗੋਮਹੀ ਵਾਸਸ ਤਿਲ ਕਾਂਚਨ ਸਰਪਿਸ਼ਾਮ ॥

ਮਨੁਸਮ੍ਰਿਤੀ। ਅਧਜ਼ਾਯ ੪। ਸ਼ਃ ੨੩੩ ॥

ਸੰਸਾਰ ਵਿਚ ਜਿੱਨੇ ਦਾਨ ਹਨ ਅਰਥਾਤ ਪਾਨੀ, ਅਨਾਜ, ਗਊ, ਜ਼ਮੀਨ, ਕਪੜੇ, ਤਿਲ, ਸੋਨਾ ਅਰ ਘਿਉ ਆਦੀ, ਇਨ੍ਹਾਂ ਸਭਨਾਂ ਦਾਨਾਂ ਤੋਂ ਵੇਦ ਵਿਦਿਆ ਦਾ ਦਾਨ ਛਾਢਾ ਚੰਗਾ ਹੈ, ਏਸ ਲਈ ਜਿੱਨਾਂ ਥਨ ਮੱਕੇ ਉੱਨਾਂ ਯਤਨ ਤਨ, ਮਨ, ਧਨ ਨਾਲ ਵਿਦਿਆ ਦੀ ਬ੍ਰਿੱਧੀ ਵਿਚ ਕੀਤਾ ਕਰਨ, ਜਿਸ ਦੇ ਵਿੱਚ ਯਥਾਯੋਗ ਬ੍ਰਹਮਚਰਯ, ਵਿਦਿਆ, ਅਰ ਵੇਦ ਵਿਚ ਕਹੇ ਹੋਏ ਧਰਮ ਦਾ ਪ੍ਰਚਾਰ ਹੁੰਦਾ ਹੈ ਉਹੋ ਦੇਸ਼ ਭਾਗਵਾਨ ਹੁੰਦਾ ਹੈ, ਇਹੋ ਬ੍ਰਹਮ ਚਰਯ ਆਸ਼੍ਰਮ ਦੀ ਸ਼ਿਖਛਾ ਸੰਖਛੇਪ ਨਾਲ ਲਿਖ ਦਿੱਤੀ, ਏਸ ਤੋਂ ਅੱਗੇ ਚੌਥੇ ਸਮੁੱਲਾਸ ਵਿਚ ਸਮਾਵਰਤਨ, ਅਤ ਗ੍ਰਿਹਸਥ ਆਸ਼੍ਰਮ ਦੀ ਸ਼ਿਖਛਾ ਲਿਖਾਂਗੇ ॥

ਇਤਿਸ਼੍ਰੀਮਦ੍ਦਯਾਨੰਦਸਰਸ੍ਵਤੀਸੁਆਮੀਕ੍ਰਿਤੇ ਸਤਜ਼ਾਰਥਪ੍ਰਕਾਸ਼ੇ
ਸੁਛਾਸ਼ਾਵਿਭੂਸ਼ਿਤ ਸ਼ਿਖਛਾਵਿਸ਼ਯੇ ਤ੍ਰਿਤੀਯਃ
ਸਮੁੱਲਾਸਃ ਸੰਪੂਰਣਃ ॥ ੨ ॥

ਸ਼੍ਰੀ ਸੁਆਮੀ ਦਯਾਨੰਦ ਸਰਸ੍ਵਤੀ ਸੁਆਮੀ ਕ੍ਰਿਤ ਸਤਜ਼ਾਰਥ ਪ੍ਰਕਾਸ਼
ਭਾਸ਼ਾ ਵਿਭੂਸ਼ਿਤ ਦੇ ਗੁਰਮੁਖੀ ਅਨੁਵਾਦ ਦਾ ਸ਼ਿਖਛਾ
ਵਿਸ਼ਯਕ ਤੀਸਰਾ ਸਮੁੱਲਾਸ ਸਮਾਪਤ ਹੋਇਆ ॥ ੨ ॥

ਚੌਥਾ ਸਮੁੱਲਾਸ।

ਅਥ ਸਮਾਵਰਤਨਵਿਵਾਹਗ੍ਰਿਹਾਸ਼੍ਰਮਵਿਧਿੰਵਖਛਜ਼ਾਮਃ।

ਵੇਦਾਨਧੀਤਜ਼ ਵੇਦੌ ਵਾ ਵੇਦੰ ਵਾਪਿ ਯਥਾਕ੍ਰਮਮ:॥
ਅਵਿਪਲੁਤਬ੍ਰਹਮਚਰਯੋ ਗ੍ਰਿਹਸਥਾਮਾਵਿਸ਼ੇਤ॥

ਮਨੁਸਮ੍ਰਿਤੀ। ਅਧਜ਼ਾਯ ੩। ਸ਼ਲੋਕ ੨॥

ਜਦ ਠੀਕ ਤਰਾਂ ਨਾਲ ਬ੍ਰਹਮਚਰਯ ਆਸ਼੍ਰਮ ਵਿਚ ਧਰਮ ਦੇ ਅਨੁਕੂਲ ਗੁਰੂ ਦੀ ਆਗਜ਼ਾ ਤੇ ਚਲ਼ਕੇ, ਚਾਰ, ਤਿੰਨ, ਦੋ ਯਾਂ ਇੱਕ ਵੇਦ ਨੂੰ ਅੰਗ, ਉਪਾਂਗ ਦੇ ਸਮੇਤ ਪੜ੍ਹ ਲਵੇ, ਤਦ ਉਹ ਪੁਰਸ਼ ਯਾਂ ਇਸਤ੍ਰੀ ਜੇਹਦਾ ਬ੍ਰਹਮਚਰਯ ਖੰਡਿਤ ਨ ਹੋਇਆ ਹੋਵੇ, ਗ੍ਰਿ ਸਥ ਆਸ਼੍ਰਮ ਵਿਚ ਪ੍ਰਵੇਸ਼ ਕਰੇ॥

ਤੰ ਪ੍ਰੀਤੰ ਸ੍ਵਧਰਮੇਣ ਬ੍ਰਹਮਦਾਯਹਰੰ ਪਿਤ੍ਰ:।
ਸ੍ਵਗਵਿਣੰ ਤਲਪ ਆਸੀਮਮਰਹਯੇਤਪ੍ਰਥਮੰਗਵਾ॥

ਮਨੁਸਮ੍ਰਿਤੀ। ਅਧਜ਼ਾਯ ੩। ਸ਼ਲੋਕ ੩॥

ਜੇਹੜਾ ਵਿਦਜ਼ਾਰਥੀ ਅਪਨੇ ਗੁਰੂ ਦੇ ਧਰਮ ਚੰਗੀ ਤਰਾਂ ਨਾਲ ਪੂਰੇ ਕਰ ਚੁਕਿਆ ਹੈ, ਅਪਨੀ ਰਖਛਾ ਕਰਨ ਵਾਲੇ ਪਿਤਾ ਯਾਂ ਗੁਰੂ ਤੇ ਵਿਦਿਆ ਦਾ ਧਨ ਲੈ ਚੁਕਿਆ ਹੈ, ਓਹ ਗੱਦੀ ਤੇ ਬੈਠੇ ਹੋਏ ਅਤੇ ਮਾਲ਼ਾ ਪਾਏ ਹੋਏ ਗੁਰੂ ਦਾ ਗਊ ਦਾਨ ਨਾਲ ਆਦਰ ਕਰੇ, ਅਰ ਲੜਕੀ ਦਾ ਪਿਤਾ ਭੀ ਉਹੋ ਜੇਹੇ ਗੁਣ ਵਾਲੇ ਵਿਦਜ਼ਾਰਥੀ ਦਾ ਗਊ ਦਾਨ ਨਾਲ ਆਦਰ ਭਾਉ ਕਰੇ॥

ਗੁਰੂਣਾਨੁਮਤ: ਸਨਾਤ੍ਵਾ ਸਮਾਵ੍ਰਿਤੋ ਯਥਾਵਿਧਿ।
ਉਦ੍ਵਹੇਤ ਦ੍ਵਿਜੋ ਭਾਰਯਾਂ ਸਵਰਣਾ ਲਖਛਣਾਨ੍ਵਿਤਾਮ।

ਮਨੁਸਮ੍ਰਿਤੀ। ਅਧਜ਼ਾਯ ੩। ਸ਼ਲੋਕ ੪॥

ਬ੍ਰਾਹਮਣ, ਖਛਤ੍ਰੀ, ਵੈਸ਼ ਗੁਰੂ ਦੀ ਆਗਜ਼ਾ ਲੈਕੇ ਅਤੇ ਸਨਾਨ ਕਰਕੇ ਗੁਰੂਕੁਲ ਥੀਂ ਵਿਧੀ ਨਾਲ ਆਕੇ, ਅਪਨੇ ਵਰਣ ਦੇ ਅਨੁਕੂਲ ਚੰਗੇ ਗੁਣਾਂ ਵਾਲੀ ਲੜਕੀ ਨਾਲ ਵਿਆਹ ਕਰਨ॥

ਅਸਪਿੰਡਾ ਚ ਯਾ ਮਾਤੁਰਸਗੋਤ੍ਰਾ ਚ ਯਾ ਪਿਤ੍ਰ:।

ਸਾ ਪ੍ਰਸ਼ਸਤਾ ਦ੍ਵਿਜਾਤੀਨਾਂ ਦਾਰਕਰਮਣਿ ਮੈਥੁਨੇ॥

ਮਨੁਸਮ੍ਰਿਤੀ। ਅਧਜਾਯ ੩। ਸ਼ਲੋਕ ੫॥

ਜੇਹਦੀ ਕੰਨਿਆਂ ਮਾਂ ਦੇ ਕੁਲ ਦੀ ਛੀ ਪੀੜੀਆਂ ਵਿੱਚ ਨ ਹੋਵੇ, ਅਤੇ ਪਿਤਾ ਦੇ ਗੋਤ੍ਰ ਦੀ ਨ ਹੋਵੇ ਉਸ ਲੜਕੀ ਨਾਲ ਵਿਆਹ ਕਰਨਾ ਉਚਿਤ ਹੈ, ਇਹਦਾ ਸਬਬ ਏਹ ਹੈ ਕਿ :—

ਪਰੋਖਛਾਪ੍ਰਿਯਾ ਇਵ ਹਿ ਦੇਵਾ: ਪ੍ਰਤਯਛਦ੍ਵਿਸ਼ਾ॥

ਸ਼ਤਪਥ ਬ੍ਰਾਹਮਣ॥

ਇਹ ਪੱਕੀ ਗੱਲ ਹੈ ਕਿ ਜੇਹੀ ਉਸ ਚੀਜ ਵਿਚ ਜੇਹੜੀ ਅੱਖਾਂ ਤੋਂ ਪਰੇ ਹੋਵੇ ਪ੍ਰੀਤੀ ਹੁੰਦੀ ਹੈ, ਤੈਹੀ ਸਾਮ੍ਹਣੇ ਨਜਰ ਆਉਨ ਵਾਲੀ ਚੀਜ ਵਿਚ ਨਹੀਂ ਹੁੰਦੀ,ਜਿਸ ਤਰਾਂ ਕਿਸੇ ਨੇ ਮਿਸ਼ਰੀ ਦੇ ਗੁਣ ਸੁਨੇ ਹੋਨ, ਅਤੇ ਖਾਦੀ ਨਾ ਹੋਵੇ ਤਾਂ ਉਹਦਾ ਮਨ ਉਸੇ ਵਿਚ ਲਗਿਆ ਰਹਿੰਦਾ ਹੈ, ਜਿਸ ਤਰਾਂ ਕਿਸੇ ਅੱਖਾਂ ਤੋਂ ਪਰੇ ਚੀਜ਼ ਦੀ ਮਹਿਮਾ ਸੁਨਕੇ ਮਿਲਨ ਨੂੰ ਭਾਹਾ ਜੀ ਚਾਹੁੰਦਾ ਹੈ, ਉਸੇ ਤਰਾਂ ਦੁਰੇਡੇ ਅਰਥਾਤ ਜੇਹੜੀ ਅਪਨੇ ਗੋਤ੍ਰ ਯਾਂ ਮਾਂ ਦੀ ਕੁਲ ਵਿਚ ਨੇੜੇ ਦੇ ਸੰਬੰਧ ਦੀ ਨ ਹੋਵੇ ਉਸੇ ਕੁੜੀ ਨਾਲ ਵਰਦਾ ਵਿਆਹ ਹੋਨਾ ਚਾਹੀਦਾ ਹੈ॥

ਨੇੜੇ ਅਤੇ ਦੂਰ ਦੇ ਵਿਆਹ ਕਰਨ ਚੇ ਫਲ ਏਹ ਹਨ :—

(੧) ਜੇਹੜੇ ਬਾਲਕ ਛੋਟੇ ਹੁੰਦਿਆਂ ਥੋਂ ਕੋਲ ਕੋਲ ਰਹਿੰਦੇ ਹਨ, ਕੱਠੇ ਖੇਲਦੇ, ਲੜਦੇ ਅਤੇ ਪ੍ਰੇਮ ਕਰਦੇ ਹਨ, ਇਕ ਦੂਜੇ ਦੇ ਗੁਣ ਦੋਸ਼, ਸੁਭਾਵ, ਯਾਂ ਬਾਲਪਣੇ ਦੇ ਖੋਟੇ ਕੰਮਾਂ ਨੂੰ ਜਾਨਦੇ ਹਨ, ਅਰ ਜੇਹੜੇ ਨੰਗੇ ਭੀ ਇਕ ਦੂਜੇ ਨੂੰ ਵੇਖਦੇ ਰਹੇ ਹਨ, ਉਨਾਂ ਦਾ ਜੇ ਇਕ ਦੂਜੇ ਨਾਲ ਵਿਆਹ ਹੋ ਜਾਏ ਤਾਂ ਪ੍ਰੇਮ ਕਦੀ ਨਹੀਂ ਹੋ ਸਕਦਾ॥

(੨) ਜਿਸਤਰਾਂ ਪਾਨੀ ਵਿਚ ਪਾਨੀ ਮਿਲਨ ਨਾਲ ਕੋਈ ਨਵਾਂ ਗੁਣ ਨਹੀਂ ਹੁੰਦਾ, ਉਸੇ ਤਰਾਂ ਇਕ ਪਿਉ ਦੇ ਇਕ ਗੋਤ੍ਰ ਯਾਂ ਮਾਂ ਦੀ ਕੁਲ ਵਿਚ ਵਿਆਹ ਹੋਨ ਨਾਲ ਧਾਤੂਆਂ ਦੇ ਅਦਲ ਬਦਲ ਨਾ ਹੋਨ ਨਾਲ ਉੱਨਤੀ ਨਹੀਂ ਹੁੰਦੀ॥

(੩) ਜਿਸਤਰਾਂ ਨਾਲ ਦੁੱਧ ਵਿੱਚ ਮਿਸ਼ਰੀ ਜਾਂ ਸੁੰਢ ਆਦੀ ਦੁਆਈਆਂ ਦੇ ਪਾਨ ਨਾਲ ਉੱਤਮਤਾ ਹੁੰਦੀ ਹੈ, ਉਸੇ ਤਰਾਂ ਵੱਖੋਵੱਖਰੇ ਗੋਤ੍ਰ ਵਾਲੇ ਮਰਦ ਤੀਮੀ ਦਾ ਜਿਨ੍ਹਾਂ ਦੇ ਮਾਂ ਪਿਉ ਵੱਖੋਵੱਖਰੇ ਕੁਲਾਂ ਦੇ ਹੋਨ ਵਿਆਹ ਹੋਨਾ ਉੱਤਮ ਹੈ॥

(੪) ਜਿਸਤਰਾਂ ਕੋਈ ਪੁਰਸ਼ ਇਕ ਦੇਸ਼ ਵਿੱਚ ਰੋਗੀ ਰਹਿੰਦਾ ਹੋਵੇ, ਉਹ ਦੂਜੇ ਦੇਸ਼ ਜਾਨ ਕਰਕੇ ਹਵਾ ਅਤੇ ਖਾਨ ਪੀਨ ਦੇ ਬਦਲ ਜਾਨ ਥੀਂ ਚੰਗਾ ਹੋ

ਜਾਂਦਾ ਹੈ, ਉਸੇ ਤਰਾਂ ਦੂਰ ਦੇਸ਼ਾਂ ਦੇ ਰਹਿਨ ਵਾਲਿਆਂ ਦੇ ਵਿਆਹ ਹੋਨ ਵਿੱਚ ਉੱਤਮਤਾ ਹੈ॥

(੫) ਨੇੜੇ ਸੰਬੰਧ ਕਰਨ ਵਿਚ ਇਕ ਦੂਜੇ ਦੇ ਨੇੜੇ ਹੋਨ ਕਰਕੇ ਸੁਖ ਦੁਖ ਦਾ ਮਲੂਮ ਹੋਨਾ ਅਤੇ ਇਕ ਦੂਜੇ ਨਾਲ ਬਖੇੜੇ ਦਾ ਹੋ ਜਾਨਾ ਭੀ ਹੋ ਸਕਦਾ ਹੈ, ਦੂਰ ਦੇਸ਼ਾਂ ਦੇ ਰਹਿਨ ਵਾਲਿਆਂ ਵਿੱਚ ਇਹ ਗੱਲ ਨਹੀਂ ਹੋ ਸਕਦੀ, ਅਰ ਦੁਰੇਡੇ ਵਿਆਹ ਹੋਨ ਵਿੱਚ ਦੂਰ ਦੂਰ ਪ੍ਰੇਮ ਦੀ ਡੋਰੀ ਲੰਬੀ ਵਧ ਜਾਂਦੀ ਹੈ ਅਰ ਨੇੜੇ ਦੇ ਵਿਆਹ ਵਿੱਚ ਨਹੀਂ॥

(੬) ਦੂਰ ਦੂਰ ਦੇਸ਼ਾਂ ਦੇ ਵਰਤਾਰੇ ਅਤੇ ਪਦਾਰਥਾਂ ਦੀ ਪ੍ਰਾਪਤੀ ਭੀ ਦੁਰੇਡੇ ਸੰਬੰਧ ਹੋਨ ਕਰਕੇ ਇਕ ਦੂਜੇ ਦੀ ਸਹਾਇਤਾ ਨਾਲ ਹੋ ਸਕਦੀ ਹੈ, ਨੇੜੇ ਵਿਆਹ ਹੋਨ ਵਿਚ ਨਹੀਂ ਏਸ ਕਰਕੇ ਹੀ ਲਿਖਯਾ ਹੈ:-

ਦੁਹਿਤਾ ਦੁਰਹਿਤਾ ਦੂਰੇਹਿਤਾ ਦੋਰਾਧੇਰਵਾ॥

ਨਿਰੁਕਤ ੩।੪॥

ਕੰਨਿਆਂ ਦਾ ਨਾਉਂ ਦੁਹਿਤਾ ਏਸ ਕਰਕੇ ਹੀ ਹੈ ਕਿ ਏਸ ਦਾ ਵਿਆਹ ਦੂਰਦੇਸ਼ ਦੇ ਵਿਚ ਕਰਨ ਨਾਲ ਹਿਤਕਾਰੀ ਹੁੰਦਾ ਹੈ, ਨੇੜੇ ਕਰਨ ਵਿੱਚ ਨਹੀਂ।

(੭) ਲੜਕੀ ਦੇ ਪਿਉ ਦੇ ਘਰ ਵਿਚ ਗਰੀਬੀ ਭੀ ਹੋ ਸਕਦੀ ਹੈ,ਕਿਉਂ ਜੋ ਜਦ ਜਦ ਕੰਨਿਆਂ ਪਿਉ ਦੀ ਕੁਲ ਵਿਚ ਆਵੇਗੀ ਤਦ ਤਦ ਏਸ ਨੂੰ ਕੁਝ ਨ ਕੁਝ ਦੇਨਾ ਹੀ ਪਵੇਗਾ॥

(੮) ਨੇੜੇ ਹੋਨ ਕਰਕੇ ਇੱਕ ਦੂਜੇ ਨੂੰ ਆਪੋ ਅਪਨੇ ਪਿਉ ਦੀ ਕੁਲ ਦੀ ਸਹਾਇਤਾ ਦਾ ਘਮੰਡ ਬਨਿਆ ਰਹੇਗਾ ਅਤੇ ਜਦ ਕਦੀ ਜਰਾ ਭੀ ਦੋਨੋਂ ਮੱਥੇ ਤੇ ਵਟ ਪਾਉਨਗੇ ਤਦ ਇਸਤ੍ਰੀ ਛੇਤੀ ਨਾਲ ਪਿਉਕੇ ਚਲੀ ਜਾਵੇਗੀ ਇੱਕ ਦੂਜੇ ਦੀ ਨਿੰਦਿਆ ਵੱਡੀ ਹੋਵੇਗੀ ਅਰ ਵਿਰੋਧ ਭੀ, ਕਿਉਂ ਜੋ ਅਕਸਰ ਇਸਤ੍ਰੀਆਂ ਦਾ ਸੁਭਾਵ ਤਿੱਖਾ ਅਤੇ ਨਰਮ ਹੁੰਦਾ ਹੈ॥

ਇਨ੍ਹਾਂ ਕਾਰਣਾਂ ਕਰਕੇ ਪਿਉ ਦੇ ਇੱਕ ਗੋਤ੍ਰ, ਮਾਂ ਦੀ ਛੀ ਪੀੜ੍ਹੀਆਂ ਅਤੇ ਨੇੜੇ ਦੇ ਦੇਸ਼ ਵਿਚ ਵਿਆਹ ਕਰਨਾ ਅੱਛਾ ਨਹੀਂ॥

ਮਹਾਂਤਜਪਿ ਸਮ੍ਰਿੱਧਾਨਿ ਗੋਅਜਾਵਿਧਨਧਾਨਜਤਃ।
ਇਸਤ੍ਰੀਸੰਬੰਧੇਦਸ਼ੈਤਾਨਿਕੁਲਾਨਿਪਰਿਵਰਜਯੇਤ॥

ਮਨੁਃ ਅਃ ੩। ਸ਼ਲੋਕ ੬॥

ਭਾਵੇਂ ਕਿੱਨੇ ਧਨ, ਧਾਨਜ, ਗਊ, ਬੱਕਰੀ, ਹਾਥੀ, ਘੋੜੇ, ਰਾਜ, ਧਨ ਆਦੀ ਨਾਲ ਏਹ ਕੁਲਾਂ ਭਰਪੂਰ ਹੋਨ, ਤਦ ਵੀ ਵਿਆਹ, ਸੰਬੰਧ ਕਰਨ ਵਿਚ ਹੇਠਾਂ ਲਿਖੀਆਂ ਦਸ ਕੁਲਾਂ ਨੂੰ ਛੱਡ ਦੇਨ॥

ਹੀਨਕ੍ਰਿਯੰ ਨਿਸ਼ਪੁਰਸ਼ੰ ਨਿਸ਼ਛੰਦੋ ਰੋਮਸ਼ਾਰਸ਼ਸਮ ।
ਖਛੱਯਾਮਯਾਵਜ਼ਪ ਸਮਾਰਿਸ਼੍ਟੀਕੁਸ਼ਠਕੁਲ ਨਿ ਚ॥

ਮਨੁ० ਅਃ३ । ਸ਼ਲੋਕ ੭ ॥

(੧) ਜੇਹੜੀ ਕੁਲ ਸਤ ਕ੍ਰਿਯਾ ਤੋਂ ਹੀਨ (੨) ਸਤ ਪੁਰਸ਼ਾਂ ਤੋਂ ਰਹਿਤ (੩) ਵੇਦ ਦੇ ਪੜ੍ਹਨ ਤੋਂ ਮੂੰਹ ਮੋੜੀ ਹੋਈ (੪) ਸ਼ਰੀਰ ਉੱਤੇ ਵਡੇ ਵਡੇ ਵਾਲ ਹੋਨ, (੫) ਅਥਵਾ ਜਿਨ੍ਹਾਂਨੂੰ ਬਵਾਸੀਰ (੬) ਤਪਦਿਕ(੭)ਦਮਾ (੮) ਛਿਡ ਦੀ ਬਿਮਾਰੀ (੯) ਮਿਰਗੀ (੧੦) ਸ਼ੇ੍ਵਤ ਅਤੇ ਗਲਿਤ ਕੋਹੜ ਹੋਨ, ਉਨ੍ਹਾਂ ਕੁਲਾਂ ਦੀ ਕੁੜੀ, ਯਾਂ ਮੁੰਡੇ ਦੇ ਨਾਲ ਵਿਆਹ ਹੋਨਾ ਨਹੀਂ ਚਾਹੀਦਾ, ਕਿਉਂ ਜੋ ਇਹ ਸਾਰੇ ਦੁਰਗੁਣ ਅਤੇ ਰੋਗ ਵਿਆਹ ਕਰਨ ਵਾਲੇ ਦੀ ਕੁਲ ਵਿਚ ਭੀ ਆਜਾਂਦੇ ਹਨ, ਏਸ ਕਰਕੇ ਉੱਤਮ ਕੁਲ ਦੇ ਮੁੰਡੇ ਅਰ ਕੁੜੀਆਂ ਦਾ ਆਪਸ ਵਿਚ ਵਿਆਹ ਹੋਨਾ ਚਾਹੀਦਾ ਹੈ ॥

ਨੋਦ੍ਵਹੇਤਕਪਿਲਾਂਕਨਜਾਂ ਨ ਅਧਿਕਾਂਗੀ ਨ ਰੋਗਿਣੀਮ।
ਨਾਲੋਮਿਕਾਂ ਨਾਤਿਲੋਮਾਂ ਨ ਵਾਚਾਟਨ ਪਿੰਗਲਾਮ ॥

ਮਨੁਃ ਅਃ ੩ ਸ਼ਲੋਕ ੮ ॥

ਉਨ੍ਹਾਂ ਕੰਨਿਆਂ ਨਾਲਵੀ ਵਿਆਹ ਨ ਕਰਨ,ਜਿਨ੍ਹਾਂ ਵਿਚ ਏਹ ਔਗੁਣ ਹੋਂਨ ਜਿਹਦਾ ਪੀਲਾ ਪਿਲੱਤਨ ਰੰਗ ਹੋਵੇ, ਜਿਹੜੀ ਅਧਿਕਾਂਗੀ ਅਰਥਾਤ ਮਰਦ ਤੋਂ ਲੰਬੀ ਚੌੜੀ ਹੋਵੇ, ਜ਼ਿਆਦਾ ਬਲ ਵਾਲੀ ਹੋਵੇ, ਬੀਮਾਰ ਹੋਵੇ, ਜਿਹਦੇ ਪਿੰਡੇ ਉੱਤੇ ਮੁਢੋਂ ਵਾਲ ਹੀ ਨ ਹੋਨ, ਜਾਂ ਜਿਹਦੇ ਪਿੰਡੇ ਉੱਤੇ ਢੇਰ ਵਾਲ ਹੋਨ, ਜੇਹੜੀ ਬਕਬਾਦ ਕਰਨ ਵਾਲੀ ਹੋਵੇ ਅਰ ਜਿਸਦੀਆਂ ਭੂਰੀਆਂ ਅੱਖਾਂ ਹੋਨ ॥

ਨਰਖਛਬ੍ਰਿਖਛਨਦੀਨਾਮਨੀਂ ਨਾਂਤ੍ਯਪਰਵਤਨਾਮਿਕਾ।
ਨਪਖਛਜਰਿਪ੍ਰੇਸ਼ਯਨਾਮਨੀਂ ਨ ਚ ਭੀਸ਼ਣਨਾਮਿਕਾਮ॥

ਮਨੁਸਮ੍ਰਿਤੀ ਅਃ ੩। ਸ਼ਃ ੯॥

ਰਿਕਸ਼ ਅਰਥਾਤ ਅਸ਼੍ਵਨੀ, ਭਰਣੀ, ਰੋਹਣੀਦੇਈ, ਰੇਵਤੀਬਾਈ, ਚਿੱਤ੍ਰੀ ਆਦੀ ਤਾਰਿਆਂ ਦੇ ਨਾਉਂ ਵਾਲੀ, ਤੁਲਸਿਆ, ਗੌਂਦਾ, ਗੁਲਾਬੀ, ਚੰਬਾ, ਚੰਬੇਲੀ ਆਦੀ ਬੂਟਿਆਂ ਦੇ ਨਾਉਂ ਵਾਲੀ, ਗੰਗਾ, ਯਮੁਨਾ ਆਦੀ ਨਦੀਆਂ ਦੇ ਨਾਉਂ ਵਾਲੀ, ਚੰਡਾਲੀ ਆਦੀ ਨੀਚ ਨਾਉਂ ਵਾਲੀ, ਬਿੰਧਿਆ ਹਿਮਾਲਿਆ, ਪਾਰਵਤੀ ਆਦੀ, ਪਰਵਤ ਦੇ ਨਾਉਂ ਵਾਲੀ ਕੋਕਿਲਾ, ਮੈਨਾ, ਆਦੀ ਪੰਛੀਆਂ

ਦੇ ਨਾਉਂ ਵਾਲੀ, ਨਾਗੀ, ਭੁਜੰਗਾ ਆਦੀ ਸੱਪਦੇ ਨਾਉਂ ਵਾਲੀ, ਮਾਧੋਦਾਸੀ, ਮੀਰਾਂਦਾਸੀ ਆਦੀ ਟਹਿਲਨਾਂ ਦੇ ਨਾਂਉਂ ਵਾਲੀ, ਅਰ ਭੀਮਕੁਮਾਰੀ, ਵੰਡਿਕਾ, ਕਾਲੀ ਆਦੀ ਡਰਾਉਨੇ ਨਾਉਂ ਵਾਲੀ ਕੁੜੀਆਂ ਦੇ ਨਾਲ ਵਿਆਹ ਨਹੀਂ ਕਰਨਾ* ਚਾਹੀਏ, ਕਿਉਂ ਜੋ ਇਹ ਨਾਉਂ ਭੈੜੇ ਅਤੇ ਹੋਰ ਪਦਾਰਥਾਂ ਦੇ ਭੀ ਹਨ ॥

ਅਵਜ਼ਿਗਾਂਗੀ ਸੌਮਜ਼ਨਾਮਨੀਂ ਹੰਸਵਾਰਣਗਾਮਿਨੀਮ।
ਤਨੁਲੋਮਕੇਸ਼ ਦਸ਼ਨਾਂ ਮਿਦ੍ਵੰਗੀਮੁਦ੍ਵਹੇਤਇਸਤ੍ਰੀਯਮ ॥

ਮਨੁਸਮ੍ਰਿਤੀ ਅਃ ੩ ਸ਼ਃ ੧੦ ॥

ਜਿਹਦੇ ਸਰਲ ਸਿੱਧੇ ਅੰਗ ਹੋਨ ਚੰਗਾ ਅਤੇ ਉੱਤਮ ਜਿਹਦਾ ਨਾਉਂ ਹੋਵੇ ਅਰਥਾਤ ਯਸ਼ੋਦਾ, ਸੁਖਦਾ ਆਦੀ ਹੰਸ ਅਤੇ ਹਥਨੀ ਦੇ ਤੂੱਲ ਜਿਸਦੀ ਚਾਲ ਹੋਵੇ, ਬਰੀਕ ਜਿਸਦੇ ਵਾਲ, ਸਿਰਦੇ ਕੇਸ਼ ਅਤੇ ਦੰਦ ਜਿਸਦੇ ਝੜੇ ਹੋਏ ਨ ਹੋਨ, ਅਰ ਜਿਸਦੇ ਸਭ ਅੰਗ ਕੋਮਲ ਹੋਨ, ਅਜੇਹੀ ਇਸਤ੍ਰੀ ਦੇ ਨਾਲ ਵਿਆਹ ਕਰਨਾ ਚਾਹੀਦਾ ਹੈ।

(ਪ੍ਰਸ਼ਨ) ਵਿਆਹ ਕਿਸ ਉਮ੦ ਵਿਚ ਅਤੇ ਕਿਸਤਰਾਂ ਨਾਲ ਹੋਨਾ ਅੱਛਾ ਹੈ ॥

(ਉੱਤਰ) ਸੋਲ੍ਹਵੇਂ ਵਰ੍ਹੇ ਤੋਂ ਲੈਕੇ ਚਵੀਵੇਂ ਵਰ੍ਹੇ ਤਕ ਕੰਨਿਆਂ, ਅਰ ਪੰਜੀਵੇਂ ਵਰ੍ਹੇ ਤੋਂ ਲੈਕੇ ੪੮ (ਅਠਤਾਲੀਵੇਂ) ਵਰ੍ਹੇ ਤਕ ਪੁਰਸ਼ ਦੇ ਵਿਆਹ ਹੋਨ ਦਾ ਸਮਾ ਉੱਤਮ ਹੈ, ਇਨ੍ਹਾਂ ਵਿਚੋਂ ਜੇਹੜੀ ਸੋਲਾਂ ਵਰ੍ਹਿਆਂ ਦੀ ਕੰਨਿਆਂ, ਅਤੇ ਪੰਜੀਆਂ ਵਰ੍ਹਿਆਂ ਦਾ ਪੁਰਸ਼ ਵਿਆਹ ਕਰੇ ਉਹ ਨਿਕ੍ਰਿਸ਼ਟ, ਅਠਾਰਾਂ ਯਾਂ ਵੀਹਾਂ ਵਰ੍ਹਿਆਂ ਦੀ ਇਸਤ੍ਰੀ, ਅਤੇ ਤੀਹ, ਪੈਂਤੀ, ਯਾਂ ਚਾਲੀਆਂ ਵਰ੍ਹਿਆਂ ਦੇ ਪੁਰਸ਼ ਦਾ ਵਿਆਹ ਮੱਧਮ, ਅਰ ਚੌਬੀਆਂ ਵਰ੍ਹਿਆਂ ਦੀ ਇਸਤ੍ਰੀ ਅਤੇ ਅਠਤਾਲੀਆਂ ਵਰ੍ਹਿਆਂ ਦੇ ਪੁਰਸ਼ ਦਾ ਵਿਆਹ ਹੋਨਾ ਉੱਤਮ ਹੈ ॥

ਜੇਹੜੇ ਦੇਸ਼ ਵਿਚ ਏਸ ਪ੍ਰਕਾਰ ਵਿਆਹ ਦੀ ਵਿਧੀ ਚੰਗੀ ਹੈ, ਅਰ ਬ੍ਰਹਮਚਰਯ ਵਿਦ੍ਯਾ ਦਾ ਅਭ੍ਯਾਸ ਅਧਿਕ ਹੁੰਦਾ ਹੈ, ਉਹੋ ਦੇਸ਼ ਸੁਖੀ, ਅਰ ਜੇਹੜਾ ਦੇਸ਼ ਬ੍ਰਹਮਚਰਯ ਅਤੇ ਵਿਦ੍ਯਾ ਗ੍ਰਹਣ ਤੋਂ ਰਹਿਤ ਹੁੰਦਾ, ਅਰ ਜਿੱਥੇ ਛੋਟੀ ਉਮਰ ਦੇ ਵਿਚ ਵਿਆਹ ਦੇ ਅਯੋਗ ਲੋਕਾਂ ਦਾ ਵਿਆਹ ਹੁੰਦਾ ਹੈ, ਉਹ

---

*ਨੋਟ—ਅਰਥਾਤ ਜਦ ਤੀਕਨ ਭੈੜਾ ਨਾਉਂ ਵਟਾ ਨ ਲਵੇ ਤਦ ਤੀਕਨ ਵਿਆਹ ਨ ਕਰੇ ਮਨੂੰ ਜੀ ਮਹਾਰਾਜ ਦੀ ਆਗਿਆ ਦਾ ਏਹ ਤਾਤਪਰਯ ਮਲੂਮ ਹੁੰਦਾ ਹੈ, ਕਿ ਮਾਂ ਪਿਉ ਅਜੇਹੇ ਖੋਟੇ ਨਾਉਂ ਅਪਨੀਆਂ ਕੁੜੀਆਂ ਦੇ ਨ ਰਖਨ ਕਰਨ। (ਅਨੁਵਾਦ ਕਰਤਾ)।

ਦੇਸ਼ ਦੁਖ ਵਿਚ ਡੁੱਬ ਜਾਂਦਾ ਹੈ, ਕਿਉਂ ਜੋ ਬ੍ਰਹਮਚਰਯ ਵਿਦਯਾ ਪੜ੍ਹਲੈਣ ਤੋਂ ਪਿੱਛੋਂ ਭੀ ਵਿਆਹ ਦਾ ਕਰਨਾ ਸਭਗੱਲਾਂ ਦਾ ਸੁਧਾਰ ਹੈ, ਅਤੇ ਉਹਦੇ ਬਿਗੜਨ ਨਾਲ ਹੀ ਸਭ ਬਾਤਾਂ ਬਿਗੜ ਜਾਂਦੀਆਂ ਹਨ। (ਪ੍ਰਸ਼ਨ) :–

ਅਸ਼ਟਵਰਸ਼ਾ ਭਵੇਤ ਗੌਰੀ ਨਵਵਰਸ਼ਾ ਚ ਰੋਹਣੀ।
ਦਸਵਰਸ਼ਾ ਭਵੇਤਕਨਜ਼ਾ ਤਤਊਰਧ੍ਵੰ ਰਜਸ੍ਵਲਾ ॥੧॥
ਮਾਤਾ ਚੈਵ ਪਿਤਾ ਤਸਜ ਜਜੇਸ਼ਟੋ ਭ੍ਰਾਤਾ ਤਥੈਵ ਚ।
ਤ੍ਰਯਸਤੇਨਰਕੰ ਯਾਂਤਿ ਦ੍ਰਿਸ਼ਟਵਾ ਕਨਜਾਂ ਰਜਸ੍ਵਲਾਮ॥

ਏਹ ਸ਼ਲੋਕ ਪਰਾਸ਼ਰੀ ਅਰ ਸ਼ੀਘ੍ਰਬੋਧ ਵਿਚ ਲਿਖੇ ਹੋਏ ਹਨ, ਅਰਥ ਏਹ ਹੈ ਕਿ ਕੰਨਜਾ ਦਾ ਅਠਵੇਂ ਵਰਹੇ ਗੌਰੀ, ਨੌਵੇਂ ਵਰ੍ਹੇ ਰੋਹਣੀ, ਦਸਵੇਂ ਵਰ੍ਹੇ ਅਰ ਉਸਤੋਂ ਪਿਛੇ ਰਜਸ੍ਵਲਾ ਨਾਮ ਹੁੰਦਾ ਹੈ ਦਸਵੇਂ ਵਰ੍ਹੇ ਤਕ ਵਿਆਹੁਨ ਕਰਕੇ ਰਜਸ੍ਵਲਾ ਕੰਨਿਆ ਨੂੰ ਦੇਖਕੇ ਉਸ ਦੇ ਮਾਂ ਪਿਉ ਅਤੇ ਉਸਦਾ ਵਡਾ ਭਰਾ ਇਹ ਤਿੰਨੋਂ ਨਰਕ ਵਿੱਚ ਪੈਂਦੇ ਹਨ ॥　　(ਬ੍ਰਹਮੋਵਾਚ)

ਏਕਖਛਣਾਭਵੇਦ ਗੌਰੀ ਦ੍ਵਿਖਛਣੇਯੰਤੁ ਰੋਹਿਣੀ।
ਤ੍ਰਿਖਛਣਾ ਸਾ ਭਵੇਤਕਨਜਾਹਜਤਊਰਧ੍ਵੰਰਜਸ੍ਵਲਾ॥੧
ਮਾਤਾ ਪਿਤਾ ਤਥਾ ਭ੍ਰਾਤਾ ਮਾਤੁਲੋ ਭਗਿਨੀ ਸ੍ਵਕਾ।
ਸਰਵੇ ਤੇ ਨਰਕੰ ਯਾਂਤਿ ਦ੍ਰਿਸ਼ਟ੍ਵਾ ਕਨਜਾਂ ਰਜਸ੍ਵਲਾਮ॥੨

ਏਹ ਇੱਸੇ ਸਮੇਂ ਦੇ ਬਨਾਏ ਹੋਏ ਬ੍ਰਹਮਪੁਰਾਣ ਦਾ ਵਚਨ ਹੈ। (ਅਰਥ) ਜਿੱਨੇ ਸਮੇ ਵਿਚ ਪ੍ਰਮਾਣੂ ਇਕ ਪਲਟਾ ਖਾਵੇ ਉੱਨੇ ਸਮੇ ਨੂੰ ਖਛਣ ਕਹਿੰਦੇ ਹਨ, ਜਦ ਕੰਨਜ ਜੱਮੇਤਦ ਇੱਕ ਖਛਣਵਿੱਚ ਗੌਰੀ, ਦੂਜੇ ਵਿਚਰੋਹਣੀ ਤੀਜੇ ਵਿਚ ਕੰਨਜਾ ਅਰ ਚੌਥੇ ਵਿਚ ਰਜਸ੍ਵਲਾ ਹੋ ਜਾਂਦੀ ਹੈ, ਉਸ ਰਜਸ੍ਵਲਾ ਨੂੰ ਵੇਖਕੇ ਓਹਦੇ ਮਾਂ ਪਿਉ ਭਰਾ, ਮਾਂਮਾਂ ਅਤੇ ਭੈਣ ਸਭ ਨਰਕ ਨੂੰ ਜਾਂਦੇ ਹਨ ॥

(ਪ੍ਰਸ਼ਨ) ਇਹ ਸ਼ਲੋਕ ਪ੍ਰਮਾਣ ਅਰਥਾਤ ਮੰਨਨ ਦੇ ਯੋਗ ਨਹੀਂ ॥

(ਉੱਤਰ) ਕਿਉਂ ਮੰਨਨਵਾਲੇ ਨਹੀਂ ? ਭਲਾ ਜੇ ਬ੍ਰਹਮਾ ਜੀ ਦੇ ਸ਼ਲੋਕ ਮੰਨਨ ਵਾਲੇ ਨਹੀਂ ੜਾਂ ਤੁਹਾਡੇ ਭੀ ਮੰਨਨ ਵਾਲੇ ਨਹੀਂ ਹੋ ਸਕਦੇ ॥

(ਪ੍ਰਸ਼ਨ)ਵਾਹਵਾਹ ਪ੍ਰਾਸ਼ਰ ਅਤੇ ਕਾਸ਼ੀਨਾਥਦਾ ਭੀ ਪ੍ਰਮਾਣ ਨਹੀਂਕਰਦੇ॥

(ਉੱਤਰ) ਵਾਹ ਜੀ ਵਾਹ, ਕੀ ਤੁਸੀਂ ਬ੍ਰਹਮਾਜੀਦਾ ਵਚਨਨਹੀਂਮੰਨਦੇ? ਪਰਾਸ਼ਰ, ਕਾਸ਼ੀਨਾਥ ਤੋਂ ਬ੍ਰਹਮਾ ਜੀ ਵਡੇ ਨਹੀਂ ਹਨ ? ਜੇ ਤੁਸੀਂ ਬ੍ਰਹਮਾਜੀ ਦੇ

ਸ਼ਲੋਕਾਂ ਨੂੰ ਨਹੀਂ ਮੰਨਦੇ ਤਾਂ ਅਸੀਂ ਭੀ ਪਰਾਸ਼ਰ, ਕਾਸ਼ੀਨਾਥ ਦੇ ਸਲੋਕਾਂ ਨੂੰ ਨਹੀਂ ਮੰਨਦੇ ॥

(ਪ੍ਰਸ਼ਨ) ਤੁਹਾਡੇ ਸ਼ਲੋਕ ਅਸੰਭਵ ਹੋਨ ਥੀਂ ਪ੍ਰਮਾਣ ਨਹੀਂ, ਕਿਉਂ ਜੋ ਹਜ਼ਾਰ ਖਛਣ ਤਾਂ ਜੰਮਨ ਵੇਲੇ ਹੀ ਬੀਤ ਜਾਂਦੇ ਹਨ, ਤਾ ਫਿਰ ਵਿਆਹ ਕਿਸ ਤਰਾਂ ਨਾਲ ਹੋ ਸਕਦਾ ਹੈ, ਉਸ ਸਮੇ ਵਿਆਹ ਕਰਨ ਦਾ ਕੁਝ ਫਲ ਭੀ ਨਜ਼ਰ ਨਹੀਂ ਆਉਂਦਾ ॥

(ਉੱਤਰ) ਜੇ ਸਾਡੇ ਸ਼ਲੋਕ ਅਸੰਭਵ ਹਨ ਤਾਂ ਤੁਹਾਡੇ ਭੀ ਅਸੰਭਵ ਹੀ ਹਨ ਕਿਉਂ ਜੋ ਅੱਠਾਂ ਨਵਾਂ ਅਤੇ ਦਸਾਂ ਵਰੇਹਾਂ ਵਿਚ ਭੀ ਵਿਆਹ ਕਰਨਾ ਨਿਸ਼ਫਲ ਹੈ, ਕਿਉਂ ਜੋ ਜਦ ਸੋਲਵੇਂ ਵਰੇ ਦੇ ਪਿੱਛੋਂ ਚੌਬੀਵੇਂ ਵਰ੍ਹੇ ਤਕ ਵਿਆਹ ਹੋਨ ਥੀਂ ਪੁਰਸ਼ ਦਾ ਵੀਰਯ ਪੱਕਾ, ਸ਼ਰੀਰ ਬਲਵਾਨ ਇਸਤ੍ਰੀ ਦਾ ਗਰਭ ਆਸ਼ਾ ਪੂਰਾ, ਅਰ ਸ਼ਰੀਰ ਵੀ ਬਲਵਾਨ ਹੋਨ ਥੀਂ *ਸੰਤਾਨਾਂ ਉੱਤਮ ਹੁੰਦੀਆਂ

* ਉਚਿਤ ਸਮੇ ਤੋਂ ਘਟ ਉਮਰ ਵਾਲੇ ਇਸਤ੍ਰੀ ਪੁਰਸ਼ ਨੂੰ ਗਰਭਾਧਾਨ ਕਰਨ ਥੀਂ ਮੁਨੀਵਰ ਧਨਵੰਤ੍ਰੀ ਜੀ ਸ਼ੁਸ਼੍ਰੁਤ (ਗ੍ਰੰਥ) ਵਿਚ ਵਰਜਦੇ ਹਨ ॥

ਊਨਸ਼ੋਡਸ਼ਵਰਸ਼ਾਯਾਮਪ੍ਰਾਪਤਃ ਪੰਚਵਿੰਸ਼ਤਿਮ ॥
ਯਦਜਾਧੱਤੇਪੁਮਾਨ ਗਰਭੰ ਕੁੱਖਛਿਸਥਃ ਸ ਵਿਪਦਜਤੇ॥੧
ਜਾਤੋਵਾਨ ਚਿਰੰਜੀਵੇਤਜੀਵੇਦ੍ਵਾ ਦੁਰਬਲੇਂਦ੍ਰਿਯਃ॥ਤਸ-
ਮਾਦਤਜੰਤਬਾਲਾਯਾਂਗਰਭਾਧਾਨੰ ਨ ਕਾਰਯੇਤ ॥ ੨ ॥

ਸ਼ੁਸ਼੍ਰੁਤ ਸ਼ਾਰੀਰਸਥਾਨੇ ਅਧਜ਼ਾਯ ੧੦। ਸ਼ਲੋਕ ੪੭–੪੯ ॥

(ਅਰਥ) ਸੋਲਾਂ ਵਰ੍ਹਿਆਂ ਤੋਂ ਘਟ ਉਮਰ ਵਾਲੀ ਇਸਤ੍ਰੀ ਵਿਚ ਪੰਜੀਆਂ ਵਰ੍ਹਿਆਂ ਥੀਂ ਘਟ ਉਮਰ ਵਾਲਾ ਪੁਰਸ਼ ਜੇ ਗਰਭ ਦਾ ਅਸਥਾਪਨ ਕਰੇ ਤਾਂ ਓਹ ਗਰਭ ਛਿਨ ਜਾਂਦਾ ਹੈ, ਅਰਥਾਤ ਪੂਰੇਸਮੇ ਤਕ ਗਰਭ ਆਸ਼ੇ ਵਿਚ ਰਹਿਕੇ ਜੇ ਜਮ ਵੀ ਪਏ ਤਾਂ ਚਿਰ ਕਾਲ ਤਕ ਨਹੀਂ ਜੀਉਂਦਾ, ਜੇ ਜੀਉਂਦਾ ਵੀ ਰਹੇ ਤਾਂ ਦੁਰਬਲ ਇੰਦ੍ਰੀਆਂ ਵਾਲਾ ਹੁੰਦਾ ਹੈ ਏਸ ਕਰਕੇ ਬਹੁਤ ਛੋਟੀ ਉਮਰ ਵਾਲੀ ਇਸਤ੍ਰੀ ਵਿਚ ਗਰਭ ਦਾ ਸਥਾਪਨ ਨਾ ਕਰਨ ॥

ਅਜੇਹੇ ਅਜੇਹੇ ਸ਼ਾਸਤ੍ਰਾਂ ਦੇ ਨਿਯਮ ਅਤੇ ਸਰਿਸ਼ਟਿ ਕ੍ਰਮ ਨੂੰ ਵੇਖਨ ਨਾਲ ਅਤਿ ਬੁੱਧ ਦੇ ਵਿਚਾਰ ਨਾਲ ਇਹੀ ਸਿੱਧ ਹੁੰਦਾ ਹੈ, ਕਿ ਸੋਲਾਂ ਵਰ੍ਹਿਆਂ ਥੋਂ ਘਟ ਉਮਰ ਦੀ ਇਸਤ੍ਰੀ ਅਤੇ ਪੰਜੀਆਂ ਵਰ੍ਹਿਆਂ ਥੋਂ ਘਟ ਉਮਰ ਵਾਲਾ ਮਰਦ ਕਦੇ ਗਰਭਾਧਾਨ ਕਰਨ ਦੇ ਯੋਗ ਨਹੀਂ ਹੁੰਦਾ, ਇਨਾਂ ਨਿਯਮਾਂ ਥੀਂ ਉਲਟ ਜੇਹੜੇ ਕਰਦੇ ਹਨ ਓਹ ਦੁਖ ਪਾਂਦੇ ਹਨ ॥

ਹਨ, ਜਿਸ ਤਰਾਂ ਨਾਲ ਅੱਠਾਂ ਵਰ੍ਹਿਆਂ ਦੀ ਲੜਕੀ ਦਾ ਬੱਚਾ ਜਮਨਾ ਅਕਲ ਵਿਚ ਨਹੀਂ ਆਉਂਦਾ, ਉਸੇ ਤਰਾਂ ਗੌਰੀ,ਰੋਹਣੀ ਨਾਮ ਰਖਨਾ ਵੀ ਠੀਕ ਨਹੀਂ ਹੈ, ਜੇਕਰ ਕੰਨਿਆਂ ਗੌਰੀ ਅਰਥਾਤ ਚਿੱਟੇ ਰੰਗ ਦੀ ਨ ਹੋਵੇ ਕਿੰਤੂ ਕਾਲੀ ਹੋਵੇ ਤਾਂ ਉਸਦਾ ਨਾਮ ਗੌਰੀ ਰਖਨਾ ਵਿਅਰਥ ਹੈ,ਅਰ ਗੌਰੀ ਮਹਾਂਦੇਵ ਦੀ ਇਸਤ੍ਰੀ, ਰੋਹਣੀ ਵਸੁਦੇਵ ਦੀ ਇਸਤ੍ਰੀ ਸੀ,ਉਸ ਨੂੰ ਤੁਸੀਂ ਪੁਰਾਣਕ ਲੋਗ ਮਾਤਾਦੇ ਤੁਲ ਮੰਨਿਦੇ ਹੋ, ਜਦ ਹੋਰ ਇਕ ਕੰਨਿਆਂ ਵਿਚ ਗੌਰੀ ਆਦੀ ਦੀ ਭਾਵਨਾ ਕਰਦੇ ਹੋ ਤਾਂ ਫੇਰ ਉਸ ਨਾਲ ਵਿਆਹ ਕਰਨਾ ਅਕਲ ਵਿਚ ਕਿਸ ਤਰਾਂ ਆ ਸਕਦਾ ਅਤੇ ਧਰਮ ਦਾ ਕੰਮ ਹੋ ਸਕਦਾ ਹੈ, ਏਸ ਲਈ ਤੁਹਾਡੇ ਅਰ ਸਾਡੇ ਦੋਨੋਂ ਸ਼ਲੋਕ ਮਿਥਿਆ ਹੀ ਹਨ, ਕਿਉਂ ਜੋ ਜਿਸ ਤਰਾਂ ਅਸਾਂ ਨੇ ਬ੍ਰਹਮੋਵਾਚ ਕਰਕੇ ਸ਼ਲੋਕ ਬਨਾ ਲੀਤੇ ਹਨ, ਇਸੇ ਤਰਾਂ ਲੋਕਾਂ ਨੇ ਵੀ ਪਰਾਸ਼ਰ ਆਦੀ ਦਾ ਨਾਮ ਰਖਕੇ ਬਨਾ ਲੀਤੇ ਹਨ, ਏਸ ਲਈ ਇਨਾਂ ਸਭਨਾ ਦਾ ਪ੍ਰਮਾਣ ਛਡਕੇ ਵੇਦਾਂ ਦੇ ਪ੍ਰਮਾਣ ਨਾਲ ਸਭ ਕੰਮ ਕੀਤਾ ਕਰੋ ਦੇਖੋ ਮਨੂ ਵਿਚ ਲਿਖਿਆ ਹੈ ॥

ਤ੍ਰੀਣਿਵਰਸ਼ਾਣ੍ਯੁਦੀਖੇਤੁਦੀ ਕੁਮਾਰਯ੍ਰੁਤੁਮਤੀ ਸਤੀ।
ਊਰਧ੍ਵੰ ਤੁ ਕਾਲਾਦੇਤਸਮਾਦ੍ਵਿੰਦੇਤ ਸਦ੍ਰਿਸ਼ੰਪਤਿਮ ॥

ਮਨੁਸਮ੍ਰਿਤੀ । ਅਧਯਾਯ ੯ । ਸ਼ਲੋਕ ੯੦ ॥

ਰਜਸ੍ਵਲਾ ਹੋਨ ਤੋਂ ਤਿੰਨ ਵਰ੍ਹੇ ਪਿੱਛੇ ਲੜਕੀ ਪਤੀ ਨੂੰ ਭਾਲੇ, ਅਰ ਜੇਹੜਾ ਪਤੀ ਅਪਨੇ ਤੁਲ ਹੋਵੇ ਉਹਦੇ ਨਾਲ ਵਿਆਹ ਕਰੇ, ਜਦ ਹਰ ਮਹੀਨੇ ਰਜਸ੍ਵਲਾ ਹੁੰਦੀ ਹੈ ਤਾਂ ਤਿੰਨਾਂ ਵਰ੍ਹਿਆਂ ਵਿਚ ੩੬ ਵੇਰੀ ਰਜਸ੍ਵਲਾ ਹੋ ਲੈਨ ਤੋਂ ਪਿਛੋਂ ਵਿਆਹ ਕਰਨਾ ਚਾਹੀਦਾ ਹੈ, ਏਸ ਤੋਂ ਪਹਿਲੇ ਨਹੀਂ ॥

ਕਾਮਮਾਮਰਣਾਤ ਤਿਸ਼੍ਠੇਦ ਗ੍ਰੁਹੇ ਕੰਨਰਤੁਮਤਜ੍ਰਪਿ।
ਨ ਚੈਵੈਨਾਂ ਪ੍ਰਯੱਛੇਤੁ ਗੁਣਹੀਨਾਯਕਰਹਿਚਤ ॥

ਮਨੁਸਮ੍ਰਿਤੀ ਅਧਯਾਯ ੯ । ਸ਼ਲੋਕ ੯੯ ॥

ਭਾਵੇਂ ਲੜਕਾ ਲੜਕੀ ਮਰਨ ਤੀਕ ਕੁਆਰੇ ਰਹਿਨ ਪਰੰਤੂ ਅਸਦ੍ਰੱਸ਼ ਅਰਥਾਤ ਜਿਨਾਂ ਦੇ ਗੁਣ, ਕਰਮ, ਸੁਭਾਵ ਇਕ ਦੂਜੇ ਨਾਲ ਨਾ ਮਿਲਨ ਉਨਾਂ ਦਾ ਵਿਆਹ ਕਦੇ ਨਹੀਂ ਹੋਨਾ ਚਾਹੀਦਾ ॥

ਏਸ ਥੋਂ ਸਿਧ ਹੋਇਆ ਕਿ ਉਪਰ ਲਿਖੇ ਹੋਏ ਸਮੇ ਤੋਂ ਪਹਿਲੇ ਯਾਂ ਅਸਦ੍ਰੱਸ਼ ਦਾ ਵਿਆਹ ਹੋਨਾ ਠੀਕ ਨਹੀਂ ਹੈ ॥

(ਪ੍ਰਸ਼ਨ) ਵਿਆਹ ਮਾਤਾ ਪਿਤਾ ਦੇ ਅਧੀਨ ਹੋਨਾ ਚਾਹੀਦਾ ਹੈ ਯਾਂ ਮੁੰਡੇ ਕੁੜੀ ਦੇ ਅਧੀਨ ॥

(ਉੱਤਰ) ਮੁੰਡੇ ਕੁੜੀ ਦੇ ਅਧੀਨ ਵਿਆਹ ਹੋਨਾ ਉੱਤਮ ਹੈ, ਜੇ ਕਦੀ ਮਾਤਾ ਪਿਤਾ ਵਿਆਹ ਕਰਨ ਦਾ ਵਿਚਾਰ ਕਰਨ ਭਾਂ ਵੀ ਮੁੰਡੇ ਕੁੜੀ ਦੀ ਮਰਜ਼ੀ ਬਗੈਰ ਨਹੀਂ ਹੋਨਾ ਚਾਹੀਦਾ, ਕਿਉਂ ਜੋ ਇਕ ਦੂਜੇ ਦੀ ਮਰਜ਼ੀ ਨਾਲ ਵਿਆਹਹੋਨ ਵਿਚ ਵਿਰੋਧ ਬਹੁਤ ਘਟ ਹੁੰਦਾ ਹੈ, ਅਰ ਸੰਤਾਨ ਵੀ ਉੱਤਮ ਹੁੰਦੀ ਹੈ, ਬਗੈਰ ਮਰਜ਼ੀ ਦੇ ਵਿਆਹ ਕੀਤੇ ਹੋਇਆਂ ਸਦਾ ਦਾ ਕਲੇਸ਼ ਹੀ ਬਨਿਆ ਰਹਿੰਦਾ ਹੈ, ਵਿਆਹ ਕਰਨ ਵਿਚ ਵਡਾ ਪ੍ਰਯੋਜਨ ਭਾਂ ਮੁੰਡੇ ਅਤੇ ਕੰਨਿਆਂ ਦਾ ਹੈ ਮਾਤਾ ਪਿਤਾ ਦਾ ਨਹੀਂ, ਕਿਉਂਕਿ ਉਨਾਂ ਵਿਚ ਪ੍ਰਸੰਨਤਾ ਰਹੇ ਭਾਂ ਉਨਾਂ ਨੂੰ ਹੀ ਸੁਖ ਅਤੇ ਝਗੜੇ ਵਿਚ ਉਨਾਂ ਨੂੰ ਹੀ ਦੁਖ ਹੁੰਦਾ ਹੈ ॥

ਸੰਤੁਸ਼ਟੋ ਭਾਰਯਯਾ ਭਰਤਾ ਭਰਤ੍ਰਾ ਭਾਰਯਾ ਤਥੈਵ ਚ।
ਯਸਮਿੰਨੇਵ ਕੁਲੇ ਨਿਤ੍ਯੰ ਕਲ੍ਯਾਣੰ ਤਤ੍ਰ ਵੈ ਧ੍ਰੁਵਮ ॥

ਮਨੁਸਮ੍ਰਿਤੀ । ਅਧ੍ਯਾਯ ੩ । ਸ਼ਲੋਕ ੬੦ ॥

ਜੇਹੜੀ ਕੁਲ ਵਿਚ ਇਸਤ੍ਰੀ ਤੋਂ ਪੁਰੁਸ਼, ਅਰ ਪੁਰੁਸ਼ ਤੋਂ ਇਸਤ੍ਰੀ ਸਦਾ ਪ੍ਰਸੰਨ ਰਹਿੰਦੀ ਹੈ, ਉਸੇ ਕੁਲ ਵਿਚ ਆਨੰਦ, ਧਨ, ਅਰ ਯਸ਼ ਠਹਰਦਾ ਹੈ, ਅਰ ਜਿੱਥੇ ਝਗੜਾ ਲੜਾਈ ਹੁੰਦੀ ਹੈ ਉੱਥੇ ਦੁਖ, ਗਰੀਬੀ, ਅਰ ਨਿੰਦਿਆ ਡੇਰਾ ਲਾਉਂਦੀ ਹੈ, ਏਸ ਲਈ ਜੇਹੀ ਸ੍ਵਯੰਬਰ ਦੀ ਰੀਤ ਆਰਯਾਵਰਤ ਵਿਚ ਪਰੰਪਰਾ ਥੀਂ ਚਲੀ ਆਉਂਦੀ ਹੈ, ਉਸ ਰੀਤ ਨਾਲ ਵਿਆਹ ਕਰਨਾ ਹੀ ਉੱਤਮ ਹੈ ॥

ਜਦ ਇਸਤ੍ਰੀ ਪੁਰੁਸ਼ ਵਿਆਹ ਕਰਨਾ ਚਾਹੁਨ, ਤਦ ਵਿੱਦ੍ਯਾ, ਨਰਮ ਸੁਭਾਵ, ਰੂਪ, ਉਮਰ, ਥਲ, ਕੁਲ ਅਤੇ ਸ਼ਰੀਰ ਦਾ ਅੰਦਾਜ ਠੀਕ ਠੀਕ ਹੋਨਾ ਚਾਹੀਦਾ ਹੈ। ਜਦ ਠੀਕ ਇਨ੍ਹਾਂ ਕੁਲਾਂ ਦਾ ਮੇਲ ਨਹੀਂ ਹੁੰਦਾ ਤਦ ਠੀਕ ਵਿਆਹ ਕਰਨ ਵਿਚ ਕੁਝ ਵੀ ਸੁਖ ਨਹੀਂ ਹੁੰਦਾ, ਅਰ ਨਾ ਹੀ ਬਾਲ ਅਵਸਥਾ ਵਿਚ ਵਿਆਹ ਕਰਨ ਥੀਂ ਸੁਖ ਹੁੰਦਾ ਹੈ ॥

ਯੁਵਾ ਸੁਵਾਸਾਃ ਪਰਿਵੀਤ ਆਗਾਤ੍ਸ ਉ ਸ਼੍ਰੇਯਾਂਭਵਤਿ
ਜਾਯਮਾਨਃ। ਤੰ ਧੀਰਾਸਃ ਕਵਯ ਉੰਨਯੰਤਿ ਸਾਧਯੋ ਅ
ਮਨਸਾ ਦੇਵਯੰਤਃ॥ ੧ ॥ ਰਿਗਃ । ਮੰਡਲ ੩ । ਸੂਕਤ ੮ । ਮੰਤ੍ ੪ ॥

ਆਧੇਨਵੋ ਧੁਨਯੰਤਾਮਸ਼ਿਸ਼੍ਰੀਃ ਸ਼ਬਰਦ੍ਘਾਃ ਸ਼ਸ਼ਯਾ
ਅਪ੍ਦੁਗਧਾਃ। ਨਵ੍ਯਾਨਵ੍ਯਾ ਯੁਵਤਯੋ ਭਵੰਤੀ ਰਮੱਹ-

देवानामसुरत्वमेकम ।२। रिगः। मंः ३। सूकत ५५। मंत्र १६
पूर्वीरहं शरदः शश्रमाणा दोषावस्रोरुषसो जरयंतीः
मिनातिश्रियं जरिमातनूनामपयूनु पतनीर बि-
शटो जगामयुः ॥ ३ ॥ रिगः मंडल १। सूकत १२८ ।मंत्र १।

जेहड़े पुरुश ने चंगी तरां नालजींदू अरथात ब्रहचरज दा सेवन करके उॅतम शिखछा अते विदजा पाई होवे,सोहने कपड़े पाए होन अर पूरा जुआन होके विदजा पाकर गिहसथ आशम विच आउंदा है, ओह दूजा विदजा दा जनम पाइआ होइआ बहुत करके शोभा वाला अते मंगल दे करन वाला हुंदा है, उस नूं अछी तरां दे नाल सोच विचार करन वाले,अते मन करके विदजा दा वाधा चाहुन वाले अते धीरज-वाले विदवान लोग उसनूं उॅनती शील करके मान करदे हन। अर जेहड़े ब्रहमचरज अते विदजा, उतम शिखछा दे धारण कीते बिना अथवा बाल अवसथा विच विआह करदे हन ओह इसत्री पुरुश नशट होके विदवानां विच मान नूं नहीं पाउंदे॥ १ ॥

जेहड़ी गऊ किसे ने नहीं चोई उनां वरगी अरथात कुआरी बाल अवसथा तों रहत, सारे तरां दे उतम विहारां नूं पूराकरनवाली कुमार अवसथा लंघी होई नवीं शिखछा पाई होई अते भर जुआन मुटिआर इसत्रीआं उनां विदवानांवारी जिनां ने निजम पूरवक पूरा ब्रहमचरज कीता है, अदुती गिआनवान जिनां दी बुध उॅजल होवे, जुआन पतीआं नूं प्रापत करके गरभ धारण करन। कदे भुल केवी बाल अवसथाविॅच पुरश दा मन करके वी धिआन न करन, किउं कि एहो करम एस लोक अते परलोक दे सुख दा साधन है, बाल अवसथा दे विआह नाल जिॅनां पुरशां दा नाश हुंदा है उस तों वधीक इसत्री दा नाश हुंदा है॥ २ ॥

जिस तरां फुरती नाल अतजंत कंम काज करन वाले अते वीरज सिंचन दे समरथ भर जुआन पुरश उनां इसत्रीआं नूं जिहड़ीआं जुआनां नूं पिआरीआं हन प्रापत करके पूरे सौ वरहे दी या उसतों वधउमर नूं आनंद नाल भोगदे अर पुत्र पोते आदी दे नाल रले मिले रहिंदे हन उसे तरां इसत्रीपुरुश सदा वरतिआ करन। जिसतरां

ਸਰਦੀਦੀ ਰੁੱਤਾਂ ਜੇਹੜੀਆਂ ਪਹਲੋਂ ਲੰਘ ਚੁਕੀਆਂ ਹਨ ਬੁਢੇਪੇ ਨੂੰ ਲਿਆਉਨ ਵਾਲੇ ਹੁੰਦੇ ਹਨ, ਪ੍ਰਾਤਾਕਾਲ ਦੇ ਵੇਲਿਆਂ ਨੂੰ ਰਾਤ ਅਤੇ ਦਿਨ ਅਰ ਸ਼ਰੀਰ ਦੀ ਸ਼ੋਭਾਨੂੰ ਬਹੁਤ ਬੁਢੇਪਾ ਦੂਰ ਕਰਦਿੰਦਾ ਹੈ. ਉਸੇਤਰਾਂ ਮੈਂ ਇਸਤ੍ਰੀ ਯਾ ਪੁਰੁਸ਼ ਚੰਗੀ ਤਰਾਂ ਬ੍ਰਹਮਚਰਯ ਕਰਕੇ ਵਿੱਦਯਾ, ਸ਼ਿਖਛਾ, ਅਰ ਸ਼ਰੀਰ ਅਤੇ ਆਤਮਾ ਦੇ ਬਲ ਅਰ ਜੁਆਨੀ ਨੂੰ ਪਾਕੇ ਵਿਆਹ ਕਰਾਂ। ਏਸ ਤੋਂ ਵਿਰੁੱਧ ਕਰਨਾ ਵੇਦ ਦੇ ਵਿਰੁੱਧ ਹੈ,ਅਰ ਕਦੀ ਵੀ ਸੁਖ ਦੇਨਵਾਲਾ ਵਿਆਹ ਨਹੀਂ ਹੁੰਦਾ ॥ ੩ ॥

ਜਦ ਤਕ ਏਸ ਤਰਾਂ ਨਾਲ ਸਭ ਰਿਸ਼ੀ, ਮੁਨੀ, ਰਾਜਾ, ਮਹਾਰਾਜਾ ਆਰਯ ਲੋਗ ਬ੍ਰਹਮਚਰਯ ਦੁਆਰਾ ਵਿਦਯਾ ਪੜ੍ਹਕੇ ਹੀ ਸ੍ਵੰਯਬਰ ਕਰਦੇ ਸਨ, ਤਦ ਤਕ ਏਸ ਦੇਸ਼ ਦੀ ਸਦਾ ਉੱਨਤੀ ਹੁੰਦੀ ਸੀ, ਜਦ ਥੀਂ ਬ੍ਰਹਮਚਰਯ ਦਾ ਨਾ ਕਰਨਾ ਅਤੇ ਵਿੱਦਯਾ ਦੇ ਨਾ ਪੜ੍ਹਨ ਨਾਲ ਛੋਟੀ ਉਮਰ ਵਿੱਚ ਪਰਾਧੀਨ ਅਰਥਾਤ ਮਾਂ ਪਿਉ ਦੇ ਅਧੀਨ ਵਿਆਹ ਹੋਨ ਲੱਗਾ ਤਦ ਥੀਂ ਧੀਰੇ ਧੀਰੇ ਆਰਯਾਵਰਤ ਦੇਸ਼ ਦੀ ਹਾਨੀ ਹੁੰਦੀ ਆਈ ਹੈ,ਏਸ ਕਰਕੇ ਏਸ ਦੁਸ਼ਟ ਕੰਮ ਨੂੰ ਛੱਡਕੇ ਸੱਜਨ ਲੋਗਉੱਪਰ ਲਿਖੀ ਰੀਤਨਾਲ ਸ੍ਵੰਯਬਰਵਿਆਹਕੀਤਾਕਰਨ ॥

ਸੋ ਵਿਆਹ ਅਪਨੇ ਅਪਨੇ ਵਰਣ ਦੇ ਅਨੁਕੂਲ ਕਰਨ, ਅਰ ਵਰਣ ਵਿਵਸਥਾ ਵੀ ਗੁਣ, ਕਰਮ ਸਭਾਉ ਦੇ ਅਨੁਸਾਰ ਹੋਨੀ ਚਾਹੀਦੀ ਹੈ ॥

(ਪ੍ਰਸ਼ਨ) ਕੀ ਜੇਹਦੀ ਮਾਂ ਬ੍ਰਾਹਮਣੀ ਪਿਉ ਬ੍ਰਾਹਮਣ ਹੋਵੇ ਓਹ ਬ੍ਰਾਹਮਣ ਹੁੰਦਾ ਹੈ, ਯਾ ਜਿਸਦੇ ਮਾਂ ਪਿਉ ਦੂਜੇ ਵਰਣ ਦੇ ਹੋਨ ਕੀ ਉਨਾਂ ਦੀ ਸੰਤਾਨ ਕਦੀ ਬ੍ਰਾਹਮਣ ਹੋ ਸਕਦੀ ਹੈ ?

(ਉੱਤਰ) ਹਾਂ ਛੇਰ ਸਾਰੇ ਹੁੰਦੇ ਹੀ ਰਹੇ ਹਨ, ਹੁਨ ਵੀ ਅਰ ਅੱਗੇ ਨੂੰ ਵੀ ਹੋਨਗੇ ਜਿਸਤਰਾਂ ਛਾਂਦੋਗ ਉਪਨਿਸ਼ਦ ਵਿਚ ਜਾਵਾਲ ਰਿਸ਼ੀ ਅਗਿਆਤ ਕੁਲ, ਮਹਾਂਭਾਰਤ ਵਿਚ ਵਿਸ਼੍ਵਾਮਿਤ੍ਰ ਖਛਤ੍ਰੀ ਵਰਣ ਅਰ ਮਾਤੰਗਰਿਸ਼ੀ ਚੰਡਾਲ ਕੁਲ ਥੀਂ ਬ੍ਰਾਹਮਣ ਹੋਏ ਸਨ ਹੁਨ ਵੀ ਜੇਹੜਾ ਉੱਤਮ ਵਿੱਦਯਾ ਅਤੇ ਉੱਤਮ ਸੁਭਾਉ ਵਾਲਾ ਹੈ ਓਹ ਬ੍ਰਾਹਮਣ ਹੋਨ ਦੇ ਯੋਗ, ਮੂਰਖ ਸ਼ੂਦ੍ਰ ਹੋਨ ਦੇ ਯੋਗ ਹੁੰਦਾ ਹੈ, ਅਰ ਉਸੇ ਤਰਾਂ ਨਾਲ ਅੱਗੇ ਵੀ ਹੋਵੇਗਾ ॥

(ਪ੍ਰਸ਼ਨ) ਭਲਾ ਜੇਹੜਾ ਰਜ ਵੀਰਯ ਥੀਂ ਸ਼ਰੀਰ ਬਨਿਆ ਹੈ ਓਹ ਵਟਕੇ ਦੂਜੇ ਵਰਣ ਦੇ ਯੋਗ ਕੀਕਨ ਹੋ ਸਕਦਾ ਹੈ ?

(ਉਤਰ)ਰਜ ਵੀਰਯ ਦੇ ਯੋਗ ਥੀਂ ਬ੍ਰਾਹਮਣਦਾ ਸ਼ਰੀਰ ਨਹੀਂ ਹੁੰਦਾਕਿੰਤੂ।

ਸ੍ਵਾਧਜ੍ਯਾਯੇਨ ਜਪੈਰਹੋਮੈਸਤ੍ਰੈਵਿਦ੍ਯੇਨੇਜ੍ਯਯਾ ਸੁਤੈਃ।
ਮਹਾਯਜ੍ਞੈਸ਼੍ਚ ਯਜ੍ਞੈਸ਼੍ਚ ਬ੍ਰਾਹਮੀਯੰ ਕ੍ਰਿਯਤੇਤਨੁਃ।

ਮਨੁਸਮ੍ਰਿਤੀ ਅਧਜ੍ਯਾਯ ੨ । ਸ਼ਲੋਕ ੨੯।

ਏਸ ਦਾ ਅਰਥ ਪਹਲੋਂ ਵੀ ਕਰ ਆਏ ਹਾਂ, ਹੁਨ ਐਥੇ ਵੀ ਸੰਖਛੇਪ ਨਾਲ ਕਰਨੇ ਹਾਂ, ਪੜ੍ਹਨੇ ਪੜ੍ਹਾਨੇ,ਵਿਚਾਰ ਕਰਨੇ, ਕਰਾਨੇ,ਨਾਨਾ ਵਿਧ ਹੋਮ ਦਾ ਕਰਨਾ, ਸੰਪੂਰਣ ਵੇਦਾਂ ਨੂੰ ਸ਼ਬਦਾਰਥ, ਸੰਬੰਧ ਅਤੇ ਸੁਰਾਂ ਦੇ ਉੱਚਾਰਣ ਕਰਕੇ ਪੜ੍ਹਨ, ਪੜ੍ਹਾਨ ਨਾਲ, ਪੂਰਣਮਾਸੀ ਇਸ਼ਟੀ ਆਦੀ ਜਿਨ੍ਹਾਂ ਦਾ ਵਰਣਨ ਪਹਲੋਂ ਕੀਤਾ ਗਿਆ ਹੈ ਉਨ੍ਹਾਂ ਦੇਕਰਨੇ, ਧਰਮ ਦੇ ਅਨੁਸਾਰ ਸੰਤਾਨ ਉਤਪੱਨ ਕਰਨਾ ਬ੍ਰਹਮਯੱਗ, ਦੇਵਯੱਗ, ਪਿਤ੍ਰੀਯੱਗ, ਵੈਸ਼੍ਵਦੇਵ ਯੱਗ, ਅਰ ਅਤਿਥੀ ਯੱਗ ਜਿਨ੍ਹਾਂ ਦਾ ਵਰਣਨ ਪਹਲੋਂ ਆਚੁਕਿਆ ਹੈ, ਅਗਨਿਸ਼ਟੋਮ ਆਦੀ ਯੱਗ, ਵਿਦਵਾਨਾਂ ਦਾ ਸੰਗ, ਸਤਕਾਰ, ਸੱਚ ਬੋਲਨਾ ਪਰਉਪਕਾਰ ਆਦੀ ਸਤ ਕਰਮ, ਅਤੇ ਸੰਪੂਰਣ* ਸ਼ਿਲਪ ਵਿੱਦਜਾ ਆਦੀ ਪੜ੍ਹਕੇ ਦੁਸ਼ਾਚਾਰ ਛੱਡਕੇ ਸੁਸ਼ਾਚਾਰ ਦੇ ਕਰਨ ਨਾਲ ਏਹ ਸ਼ਰੀਰ ਬ੍ਰਾਹਮਣ ਦਾ ਬਨਦਾ ਹੈ॥

ਕੀ ਏਸ ਸ਼ਲੋਕ ਨੂੰ ਤੁਸੀਂ ਨਹੀਂ ਮੰਨਦੇ? ਮੰਨਦੇ ਹਾਂ। ਫੇਰ ਕਿਉਂ ਰਜ ਵੀਰਯ ਦੇ ਯੋਗ ਥੀਂ ਵਰਣ ਵਿਵਸਥਾ ਨੂੰ ਮੰਨਦੇ ਹੋ? ਮੈਂ ਅਕੱਲਾ ਤਾਂ ਨਹੀਂ ਮੰਨਦਾ ਕਿੰਤੂ ਬਹੁਤੇ ਲੋਗ ਪਰੰਪਰਾ ਥੀਂ ਅਜੇਹਾ ਹੀ ਮੰਨਦੇ ਹਨ॥

(ਪ੍ਰਸ਼ਨ) ਕੀ ਤੁਸੀਂ ਪਰੰਪਰਾ ਦਾ ਵੀ ਖੰਡਨ ਕਰੋਗੇ?

(ਉੱਤਰ) ਨਹੀਂ, ਪਰੰਤੂ ਤੁਹਾਡੀ ਉਲਟੀ ਸਮਝ ਨੂੰ ਨਹੀਂ ਮੰਨਦੇ ਅਤੇ ਉਸਦਾ ਖੰਡਨ ਵੀ ਕਰਦੇ ਹਾਂ॥

(ਪ੍ਰਸ਼ਨ) ਸਾਡੀ ਉਲਟੀ ਅਤੇ ਤੁਹਾਡੀ ਸਿੱਧੀ ਸਮਝ ਹੈ, ਏਸ ਵਿਚ ਕੀ ਪ੍ਰਮਾਣ ਹੈ?

(ਉੱਤਰ)ਏਹੋ ਪ੍ਰਮਾਣਹੈ ਕਿ ਜੇਹੜੀ ਤੁਸੀਂ ਪੰਜਾਂ ਸਤਾਂ ਪੀੜ੍ਹੀਆਂ ਦੀਆਂ ਰੀਤਾਂ ਨੂੰ ਸਨਾਤਨ ਵਿਹਾਰ ਮੰਨਦੇ ਹੋ, ਅਰ ਅਸੀਂ ਵੇਦ ਤਥਾ ਸ੍ਰਿਸ਼ਟੀ ਦੇ ਮੁੱਢ ਥੀਂ ਹੁਨ ਤੀਕਨ ਨੂੰ ਪਰੰਪਰਾ ਮੰਨਦੇ ਹਾਂ, ਵੇਖੋ ਜੇਹੜਾ ਪਿਉ ਚੰਗਾ ਉਸਦਾ ਪੁਤ ਮੰਦਾ, ਅਰ ਜੇਹਦਾ ਪੁੱਤ ਚੰਗਾ ਉਸਦਾ ਪਿਉ ਮੰਦਾ ਤਥਾ ਕਦੇ ਦੋਨੋਂ ਹੀ ਚੰਗੇ ਯਾਂ ਮੰਦੇ ਵੇਖਨ ਵਿੱਚ ਆਉਂਦੇ ਹਨ,ਏਸ ਕਰਕੇ ਤੁਸੀਂ ਲੋਗ ਭ੍ਰਮ ਜਾਲ ਵਿਚ ਪਏ ਹੋਏ ਹੋ। ਵੇਖੋ ਮਨੂ ਮਹਾਰਾਜ ਨੇ ਕੀ ਕਿਹਾ ਹੈ:—

ਯੇਨਾਸਜ ਪਿਤਰੋ ਯਾਤਾ ਯੇਨ ਯਾਤਾਃ ਪਿਤਾਮਹਾਃ।
ਤੇਨ ਯਾਯਾਤਸਤਾਂ ਮਾਰਗੰ ਤੇਨ ਗੱਛੰਨ ਰਿਸ਼ਯਤੇ॥

ਮਨੁਸਮ੍ਰਿਤੀ। ਅਧਜਾਯ ੪। ਸ਼ਲੋਕ ੧੭੮॥

ਜਿਸ ਰਾਹ ਥੋਂ ਇਹਦੇ ਪਿਉ ਦਾਦੇ ਚੱਲੇ ਹੋਨ ਉਸੇ ਰਾਹ ਵਿਚ ਸੰਤਾਨ

---

*ਤਰਾਂ ਤਰਾਂ ਦੇ ਕਾਰੀਗਰੀ ਦੇ ਕੰਮ, ਅਤੇ ਕਲਾ ਦਾ ਬਨਾਨਾ, ਅਰ ਉਨ੍ਹਾਂ ਥੀਂ ਕੰਮ ਲੈਨਾ॥

ਵੀ ਚਲਨ ਪਰੰਤੂ ਸਿੱਧੇ ਰਾਹ ਤੇ ਚੱਲਨ ਵਾਲੇ ਪਿਉ ਦਾਦੇ ਦੇ ਹੋਨ ਤਾਂ ਉਨ੍ਹਾਂ ਦੇ ਰਾਹ ਤੇ ਚੱਲੇ, ਅਰ ਜੇ ਪਿਉ ਦਾਦਾ ਦੁਸ਼ਟ ਹੋਨ ਤਾਂ ਉਨ੍ਹਾਂ ਦੇ ਰਾਹ ਵਿੱਚ ਕਦੇ ਨ ਚੱਲਨ, ਕਿਉਂਕਿ ਉੱਤਮ ਧਰਮਾਤਮਾ ਪੁਰੁਸ਼ਾਂ ਦੇ ਰਾਹ ਵਿੱਚ ਚੱਲਨ ਥੀਂ ਦੁਖ ਕਦੇ ਨਹੀਂ ਹੁੰਦਾ, ॥

ਏਸਨੂੰ ਤੁਸੀਂ ਮੰਨਦੇ ਹੋ ਯਾ ਨਹੀਂ ? ਹਾਂ ਹਾਂ ਮੰਨਦੇ ਹਾਂ, ਅਰ ਵੇਖੋ ਜੋ ਜੜੀ ਪਰਮਸ਼ੁਰ ਦੀ ਪ੍ਰਕਾਸ਼ ਕੀਤੀ ਹੋਈ ਵੇਦ ਦੀ ਬਾਤ ਹੈ ਓਹ ਸਨਾਤਨ, ਅਰ ਜੇਹੜੀ ਉਸ ਤੋਂ ਵਿਰੁਧ ਹੈ ਉਹ ਸਨਾਤਨ ਕਦੀ ਨਹੀਂ ਹੋ ਸਕਦੀ, ਇਸੇ ਤਰਾਂ ਨਾਲ ਸਭ ਲੋਕਾਂ ਨੂ ਮੰਨਨਾ ਚਾਹੀਦਾ ਹੈ ਯਾ ਨਹੀਂ ? ਜਰੂਰ ਚਾਹੀਦਾ ਹੈ, ਜੇ ਕੋਈ ਇਹ ਨਾ ਮੰਨੇ ਤਾਂ ਉਹਨੂੰ ਪੁਛਨਾ ਚਾਹੀਦਾ ਹੈ ਕਿ ਕਿਸੇ ਦਾ ਪਿਉ ਗਰੀਬ ਹੋਵੇ ਅਰ ਉਸ ਦਾ ਪੁਤ ਦੌਲਤ ਵਾਲਾ ਹੋਵੇ ਤਾਂ ਕੀ ਓਹ ਅਪਨੇ ਪਿਉ ਦੀ ਗਰੀਬੀ ਦੇ ਕਾਰਣ ਰੁਪਏ ਨ ਸੁਟ ਦੇਵੇ,ਕੀ ਜੇਹਦਾ ਪਿਉ ਅੱਨ੍ਹਾ ਹੋਵੇ ਓਹਦਾ ਪੁੱਤ ਵੀ ਅਪਨੀਆਂ ਅੱਖਾਂ ਨੂੰ ਫੋੜ ਸੁਟੇ, ਜੇਹਦਾ ਪਿਉ ਕੁਕਰਮੀ ਹੋਵੇ ਕੀ ਉਹਦਾ ਪੁੱਤ ਵੀ ਕੁਕਰਮ ਹੀ ਕਰੇ ? ਨਹੀਂ ਨਹੀਂ ਕਿੰਤੂ ਜੇਹੜੇ ਜੇਹੜੇ ਪੁਰਸ਼ਾਂ ਦੇ ਉੱਤਮ ਕਰਮ ਹੋਨ ਉਨ੍ਹਾਂ ਦਾ ਕਰਨਾ, ਅਤੇ ਖੋਟੇ ਕਰਮਾਂ ਦਾ ਤਿਆਗ ਕਰ ਦੇਨਾ ਸਾਰਿਆਂ ਨੂੰ ਬੜਾ ਜ਼ਰੂਰੀ ਹੈ ॥

ਜੇਹੜਾ ਰਜ ਵੀਰਜ ਦੇ ਜੋਗ ਥੀਂ ਵਰਣ ਆਸ਼੍ਰਮ ਵਿਵਸਥਾ ਮੰਨੇ ਅਤੇ ਗੁਣ ਕਰਮਾਂ ਦੇ ਯੋਗ ਥੀਂ ਨ ਮੰਨੇ ਤਾਂ ਉਸਨੂੰ ਪੁੱਛਨਾ ਚਾਹੀਦਾ ਹੈ, ਕਿ ਜੇਹੜਾ ਅਪਨੇ ਵਰਣ ਨੂੰ ਛੱਡਕੇ ਨੀਚ ਚੰਡਾਲ ਅਥਵਾ ਕਿਰਾਨੀ, ਮੁਸਲਮਾਨ ਹੋਗਿਆ ਹੋਵੇ ਤਾਂ ਓਸਨੂੰ ਬ੍ਰਾਹਮਣ ਕਿਉਂ ਨਹੀਂ ਮੰਨਦੇ ਹੋ ? ਐਥੇ ਇਹੋ ਹੀ ਕਹੋਗੇ ਕਿ ਉਸਨੇ ਬ੍ਰਾਹਮਣ ਦੇ ਕੰਮ ਛਡ ਦਿਤੇ ਏਸ ਕਰਕੇ ਓਹ ਬ੍ਰਾਹਮਣ ਨਹੀਂ ਹੈ, ਏਸ ਥੋਂ ਏਹ ਵੀ ਸਿੱਧ ਹੁੰਦਾ ਹੈ ਕਿ ਜੇਹੜੇ ਬ੍ਰਾਹਮਣ ਆਦੀ ਉੱਤਮ ਕਰਮ ਕਰਦੇ ਹਨ ਉਹ ਹੀ ਬ੍ਰਾਹਮਣ ਆਦੀ, ਅਰ ਜੇਹੜਾ ਨੀਚ ਵੀ ਉੱਤਮ ਵਰਣ ਦੇ ਗੁਣ, ਕਰਮ, ਸੁਭਾਉ ਵਾਲਾ ਹੋਵੇ ਤਾਂ ਉਸਨੂੰ ਵੀ ਉੱਤਮ ਵਰਣ ਵਿਚ, ਅਤੇ ਜੇਹੜਾ ਉੱਤਮ ਵਰਣ ਵਾਲਾ ਹੋਕੇ ਨੀਚ ਕੰਮ ਕਰੇ ਤਾਂ ਉਸਨੂੰ ਨੀਚ ਵਰਣ ਵਿਚ ਜਰੂਰ ਗਿਨਨਾ ਚਾਹੀਦਾ ਹੈ। (ਪ੍ਰਸ਼ਨ) :—

ਬ੍ਰਾਹਮਣੋਸ੍ਯ ਮੁਖਮਾਸੀਦ੍ਬਾਹੂ ਰਾਜਨ੍ਯਃ ਕ੍ਰੁਤਃ।
ਊਰੂ ਤਦਸ੍ਯ ਯਦ੍ਵੈਸ਼੍ਯਃ ਪਦ੍ਭ੍ਯਾਂ ਸ਼ੂਦ੍ਰੋ ਅਜਾਯਤ॥

ਯਜੁਰਵੇਦ ਅਧ੍ਯਾਯ ੩੧ ਮੰਤ੍ਰ ੧੧

ਏਸ ਦਾ ਅਰਥ ਏਹ ਹੈ ਬ੍ਰਾਹਮਣ ਈਸ਼੍ਵਰ ਦੇ ਮੁੰਹ ਥੀਂ, ਖੱਛਤ੍ਰੀ ਬਾਹਾਂ ਥੀਂ, ਵੈਸ਼ ਪੱਟਾਂ ਥੀਂ ਅਤੇ ਸ਼ੂਦ੍ਰ ਪੈਰਾਂ ਥੀਂ ਉਤਪੰਨ ਹੋਏ ਹਨ, ਏਸ ਕਰਕੇ ਜਿਸ ਤਰਾਂ ਨਾਲ ਮੁੰਹ ਬਾਹਾਂ ਨਹੀਂ ਹੁੰਦਾ ਅਤੇ, ਬਾਹਾਂ ਮੁੰਹ ਨਹੀਂ ਹੁੰਦੀਆਂ,

ਉਸੇ ਤਰਾਂ ਬ੍ਰਾਹਮਣ ਖੱਛਤ੍ਰੀ ਨਹੀਂ ਅਤੇ ਖੱਛਤ੍ਰੀ ਆਦੀ ਬ੍ਰਾਹਮਣ ਨਹੀਂ ਹੋਸਕਦੇ ਹਨ ॥

(ਉੱਤਰ) ਏਸ ਮੰਤ੍ਰ ਦਾ ਅਰਥ ਜੋਹੜਾ ਤੁਸਾਂ ਕੀਤਾ ਓਹ ਠੀਕ ਨਹੀਂ, ਕਿਉਂਕਿਐਥੇ ਪੁਰੁਸ਼ ਅਰਥਾਤ ਨਿਰਾਕਾਰ,ਵਿਆਪਕ ਪਰਮਾਤਮਾ ਦੀ * ਅਨੁਵ੍ਰਿਤੀ ਹੈ, ਜਦ ਓਹ ਨਿਰਾਕਾਰ ਹੈ ਤਾਂ ਉਸਦੇ ਮੁੰਹ ਆਦੀ ਅੰਗ ਨਹੀਂ ਹੋਸਕਦੇ,ਜੇ ਮੁੰਹ ਆਦੀ ਅੰਗਾਂ ਵਾਲਾ ਹੋਵੇ ਤਾਂ ਉਹ ਪੁਰੁਸ਼ ਅਰਥਾਤ ਵਿਆਪਕ ਨਹੀਂ ਅਰ ਜੋਹੜਾ ਵਿਆਪਕ ਨਹੀਂ ਉਹ ਸਰਵਸ਼ਕਤੀਮਾਨ ਜਗਤ ਦੇਬਨਾਨ ਪਾਲਨ ਅਤੇ ਪ੍ਰਲੈ ਕਰਨ ਵਾਲਾ ਜੀਵਾਂ ਦੇ ਪੁਨ ਪਾਪਾਂ ਦੀ ਵਿਵਸਥਾ ਕਰਨੇ ਵਾਲਾ, ਸਰਵੱਗ ਆਤਮਾ ਮਰਨ ਤੋਂ ਰਹਿਤਆਦੀ ਵਿਸ਼ੇਸ਼ਣਾਂ ਵਾਲਾ ਨਹੀਂ ਹੋ ਸਕਦਾ,ਏਸ ਲਈ ਏਸਦਾ ਏਹ ਅਰਥ ਹੈ ਕਿ ਜੋਹੜੇ ਪੂਰਣ ਵ੍ਯਾਪਕ ਪਰਮਾਤਮਾ ਦੀ ਸ੍ਰਿਸ਼ਟੀ ਵਿਚ ਮੁੰਹ ਵਾਂਗਣ ਸਬ ਦੇ ਵਿਚ ਮੁੱਖ (ਉੱਤਮ) ਹਨ ਓਹ ਬ੍ਰਾਹਮਣ,ਸ਼ਤਪਥ ਬ੍ਰਾਹਮਣ ਗ੍ਰੰਥਦੇ ਲੇਖ'ਬਾਹੁਰ ਵੈ ਬਲੰ ਬਾਹੁਰ ਵੈਵੀਰਯਮ' ਅਨੁਸਾਰ ਬਲ,ਵੀਰਯ ਦਾ ਨਾਮ ਬਾਹੁ ਹੈ, ਓਹ ਜੋਹਦੇ ਵਿਚ ਵ੍ਯਾਪਕ ਹੋਵੇ ਸੋ ਖੱਛਤ੍ਰੀ,ਲਕ ਦੇ ਹੇਠਲੇ ਅਤੇ ਗੋਡਿਆਂਦੇ ਉਪਰਲੇਭਾਗਦਾ ਨਾਮ ਉਰੂ ਹੈ,ਜੋਹੜਾ ਸਬ ਪਦਾਰਥਾਂ ਅਤੇ ਸਾਰੇਦੇਸ਼ਾਂ ਵਿਚ ਉਰੂ ਦੇ ਬਲਨਾਲ ਜਾਵੇ ਆਵੇ ਯਾਤ੍ਰਾ ਕਰੇ ਉਹ ਵੈਸ਼ਯ ਅਰ ਜੋਹੜਾ ਪੈਰ ਦੇ ਅਰਥਾਤ ਹੇਠਲੇ ਅੰਗ ਵਾਂਗੂੰ ਮੂਰਖਤਾ ਗੁਣ ਵਾਲਾਹੋਵੇ ਉਹ ਸ਼ੂਦ੍ਰ ਹੈ, ਇਕ ਹੋਰ ਜਗਾ ਵੀ ਸ਼ਤਪਥ ਬ੍ਰਾਹਮਣ ਆਦੀ ਗ੍ਰੰਥਾਂ ਵਿਚ ਇਸੇ ਮੰਤ੍ਰ ਦਾ ਏ ੀ ਅਰਥ ਕੀਤਾ ਹੈ। ਜੀਕਨ :—'ਯਸਮਾਦੇਤੇ ਮੁਖਮਾਸਤਸਮਾਨਮੁਖਤੋਹਯਸ੍ਰਿਜ੍ਯੰਤ ਇਤ੍ਯਾਦੀ'। ਜਿਸ ਕਰਕੇ ਇਹ ਮੁੱਖ (ਸਰਦਾਰ) ਹਨ ਏਸ ਲਈ ਮੁਖ ਥੋਂ ਉਤਪੰਨ ਹੋਏ। ਇਹ ਗਲ ਭਾਂ ਬਰਾਬਰ ਘਟਦੀ ਹੈ, ਅਰਥਾਤ ਜਿਸ ਤਰਾਂ ਮੁੰਹ ਸਬ ਅੰਗਾਂ ਵਿਚ ਸ੍ਰੇਸ਼ਟ ਹੈ। ਉਸ ਤਰਾਂ ਪੂਰੀ ਵਿਦ੍ਯਾ ਅਤੇ ਉੱਤਮ ਗੁਣ, ਕਰਮ, ਸੁਭਾਉ ਦੇ ਰੱਖਨ ਕਰਕੇ ਮਨੁਸ਼ ਜਾਤੀ ਵਿਚ ਜੋਹੜਾ ਉਤਮ ਹੈ ਓਹ ਬ੍ਰਾਹਮਣ ਕਹਾਉਂਦਾ ਹੈ, ਜਦ ਪਰਮੇਸ਼੍ਵਰ ਦੇ ਨਿਰਾਕਾਰ ਹੋਨ ਕਰਕੇ ਮੁੰਹ ਆਦੀ ਅੰਗ ਹੀ ਨਹੀਂ ਹਨ ਭਾਂ ਮੁੰਹ ਥੋਂ ਉਤਪੰਨ ਹੋਨਾ ਹੋ ਨਹੀਂ ਸਕਦਾ, ਜਿਸ ਤਰਾਂ ਕਿ ਸੇਢ ਇਸਤ੍ਰੀ ਆਦੀ ਦੇ ਪੁਤ੍ਰ ਦਾ ਵਿਆਹ ਹੋਨਾ, ਅਰ ਜੇ ਮੁੰਹ ਆਦੀ ਅੰਗਾਂ ਥੀਂ ਬ੍ਰਾਹਮਣ ਆਦੀ ਉਤਪੰਨ ਹੁੰਦੇ ਭਾਂ ਉਪਾਦਾਨ ਕਾਰਣ ਵਾਂਗੂੰ ਬ੍ਰਾਹਮਣ ਆਦੀ ਦੀ ਸ਼ਕਲ ਜਰੂਰ ਹੁੰਦੀ, ਜਿਸ ਤਰਾਂ ਮੁੰਹ ਦੀ ਸ਼ਕਲ ਗੋਲਮੋਲ ਹੈ, ਉਸੇ ਤਰਾਂ ਉਨਾਂ ਦੇ ਸ਼ਰੀਰ ਦੀ ਸ਼ਕਲ ਵੀ ਮੁੰਹ ਵਰਗੀ ਗੋਲਮੋਲ ਹੋਨੀ ਚਾਹੀਦੀ ਹੈ, ਖਛਤ੍ਰੀਆਂ ਦੇ ਸ਼ਰੀਰ ਬਾਹਾਂ ਵਰਗੇ, ਵੈਸ਼ਾਂ ਦੇ ਪੱਟ ਵਰਗੇ, ਅਰ ਸ਼ੂਦ੍ਰਾਂ ਦੇ ਸ਼ਰੀਰ ਪੈਰ ਦੀ ਸ਼ਕਲ

* ਓਹਦਾ ਵਰਣਨ ਪਿਛੋਂ ਤੋਂ ਚਲਿਆ ਆਉਂਦਾ ਹੈ।

ਵਰਗੇ ਹੋਨੇ ਚਾਹੀਦੇ ਹਨ। ਪਰ ਏਸ ਤਰਾਂ ਨਹੀਂ ਹੁੰਦਾ, ਅਰ ਜੇ ਕੋਈ ਤੁਹਾਨੂੰ ਪੁਛੇ ਕਿ ਜੇਹੜੇ ਜੇਹੜੇ ਮੂੰਹ ਆਦੀ ਥੀਂ ਉਤਪੰਨ ਹੋਏ ਸਨ ਉਨਾਂ ਦਾ ਨਾਮ ਬ੍ਰਾਹਮਣ ਆਦੀ ਹੋਨ ਦਿਓ, ਪਰੰਤੂ ਤੁਹਾਡਾ ਨਹੀਂ, ਕਿਉਂ ਕਿ ਜਿਸ ਤਰਾਂ ਸਭ ਲੋਕ ਗਰਭਾਸ਼ੇ ਥੀਂ ਉਤਪੰਨ ਹੁੰਦੇ ਹਨ, ਉਸੇ ਤਰਾਂ ਤੁਸੀਂ ਵੀ ਹੁੰਦੇ ਹੋ, ਤੁਸੀਂ ਮੂੰਹ ਆਦੀ ਵਿਚੋਂ ਉਤਪੰਨ ਨ ਹੋਏ, ਫੇਰ ਬ੍ਰਾਹਮਣ ਆਦੀ ਨਾਮ ਦਾ ਘਮੰਡ ਕਿਉਂ ਕਰਦੇ ਹੋ, ਏਸ ਲਈ ਤੁਹਾਡਾ ਕਹਿਆ ਹੋਇਆ ਅਰਥ ਵਿਅਰਥ ਹੈ, ਅਰ ਜੋ ਅਸਾਂ ਨੇ ਅਰਥ ਕੀਤਾ ਹੈ ਉਹ ਸੱਚਾ ਹੈ, ਇਸੇ ਤਰਾਂ ਹੋਰ ਜਗਾ ਵੀ ਕਹਿਆ ਹੈ। ਜੀਕਨ :—

ਸ਼ੂਦ੍ਰੋ ਬ੍ਰਾਹਮਣਤਾਮੇਤਿ ਬ੍ਰਾਹਮਣਸ਼ਚੈਤਿਸ਼ੂਦ੍ਰਤਾਮ।
ਖਛਤ੍ਰਿਯਾਜਾਤਮੇਵੰ ਤੁ ਵਿਦ੍ਯਾਦ੍ਵੈਸ਼੍ਯਾਤਥੈਵ ਚ ॥

ਮਨੁਸਮ੍ਰਿਤੀ। ਅਧਯਾਯ ੧੦। ਸ਼ਲੋਕ ੬੫ ॥

ਸ਼ੂਦ੍ਰ ਕੁਲ ਵਿਚ ਜਨਮ ਲੈਕੇ ਬ੍ਰਾਹਮਣ, ਖਛਤ੍ਰੀ, ਅਤੇ ਵੈਸ਼ ਵਾਗੂੰ ਗੁਣ, ਕਰਮ, ਸੁਭਾਉ ਵਾਲਾ ਹੋਵੇ ਤਾਂ ਓਹ ਸ਼ੂਦ੍ਰ ਬ੍ਰਾਹਮਣ, ਖਛਤ੍ਰੀ ਅਰ ਵੈਸ਼ ਬਨ ਜਾਂਦਾ ਹੈ, ਇਸੇ ਤਰਾਂ ਜੇਹੜਾ ਬ੍ਰਾਹਮਣ ਖਛਤ੍ਰੀ ਅਤੇ ਵੈਸ਼ ਕੁਲ ਵਿਚ ਜਨਮਿਆ ਹੋਵੇ ਅਰ ਉਸਦੇ ਗੁਣ ਕਰਮ ਸੁਭਾਉ, ਸ਼ੂਦ੍ਰ ਦੀ ਨਿਆਈਂ ਹੋਨ ਤਾਂ ਓਹ ਸ਼ੂਦ੍ਰ ਬਨ ਜਾਂਦਾ ਹੈ, ਇਸੇ ਤਰਾਂ ਜੇਹੜਾ ਖਛਤ੍ਰੀ ਵੈਸ਼ ਦੀ ਕੁਲ ਵਿਚ ਜਨਮ ਲੈਕੇ ਬ੍ਰਾਹਮਣ ਵਾ ਸ਼ੂਦ੍ਰ ਦੀ ਨਿਆਈਂ ਹੋਵੇ ਓਹ ਬ੍ਰਾਹਮਣ ਵਾ ਸ਼ੂਦ੍ਰ ਵੀ ਹੋ ਜਾਂਦਾ ਹੈ, ਅਰਥਾਤ ਚੌਹਾਂ ਵਰਣਾਂ ਵਿਚ ਜੇਹੜੇ ਵਰਣ ਵਰਗੇ ਜੇਹੜੇ ਜੇਹੜੇ ਪੁਰਸ਼ ਯਾ ਇਸਤ੍ਰੀ ਹੋਨ ਓਹ ਉਸੇ ਵਰਣ ਵਿਚ ਗਿਨੇ ਜਾਨ ॥

ਧਰਮਚਰਯਯਾ ਜਘਨਜੋ ਵਰਣਃ ਪੂਰਵੰ ਪੂਰਵੰ
ਵਰਣਮਾਪ੍ਦਜਤੇ ਜਾਤਿਪਰਿਵ੍ਰੱਤੌ ॥ ੧ ॥
ਅਧਰਮਚਰਯਯਾਵੋ ਪੂਰ ਵਰਣੋ ਜਘਨਜੰ
ਜਘਨਜੰ ਵਰਣਮਾਪਦਜਤੇ ਜਾਤਿਪਰਿਵ੍ਰੱਤੌ॥੨॥

ਏਹ ਆਪਸਤੰਬ ਦੇ ਸੂਤ੍ਰ ਹਨ, ਧਰਮ ਉਪਰ ਚਲਨ ਨਾਲ ਨਿਚਲਾ ਵਰਣ ਅਪਨੇ ਤੋਂ ਉੱਤਮ ਉੱਤਮ ਵਰਣ ਨੂੰ ਪ੍ਰਾਪਤ ਹੁੰਦਾ ਹੈ, ਅਰ ਉਹ ਉਸ ਵਰਣ ਵਿਚ ਜਾਵੇ ਜੇਹੜੇ ਜੇਹੜੇ ਵਰਣ ਦੇ ਯੋਗ ਹੋਵੇ ॥ ੧ ॥

ਇਸੇ ਤਰਾਂ ਨਾਲ ਅਧਰਮ ਉੱਤੇ ਚਲਨ ਨਾਲ ਉੱਚੇ ਵਰਣ ਵਾਲਾ

ਮਨੁਸ਼ ਅਪਨੇ ਤੋਂ ਹੇਠਲੇ ਵਰਣ ਨੂੰ ਪ੍ਰਾਪਤ ਹੁੰਦਾ ਹੈ, ਅਰ ਉਸ ਵਰਣ ਵਿੱਚ ਗਿਨਿਆ ਜਾਵੇ ॥ ੧ ॥

ਜੀਕਨ ਪੁਰੁਸ਼ ਜੇਹੜੇ ਜੇਹੜੇ ਵਰਣਦੇ ਯੋਗ ਹੁੰਦਾ ਹੈ ਉਸੇ ਤਰਾਂ ਇਸਤ੍ਰੀਆਂ ਦੀ ਭੀ ਵਿਵਸਥਾ ਸਮਝਨੀ ਚਾਹੀਏ, ਏਸ ਥੋਂ ਕੀ ਸਿੱਧ ਹੋਇਆ ਕਿ ਏਸ ਪ੍ਰਕਾਰ ਹੋਨ ਨਾਲ ਸਾਰੇ ਵਰਣ ਆਪੋ ਆਪਨੇ ਗੁਣ, ਕਰਮ, ਸੁਭਾਉ ਰਖਦੇ ਹੋਏਸ਼ੁਧ ਬਨੇ ਰਹਿੰਦੇ ਹਨ,ਅਰਥਾਤ ਬ੍ਰਾਹਮਣ ਕੁਲ ਵਿਚ ਕੋਈ ਖਛਤ੍ਰੀ ਵੈਸ਼, ਅਤੇ ਸ਼ੂਦ੍ਰ ਵਰਗਾ ਨ ਰਹੇ, ਅਰਖਛਤ੍ਰੀ, ਵੈਸ਼ ਤਥਾ ਸ਼ੂਦ੍ਰ ਵਰਣ ਭੀ ਸ਼ੁਧ ਰਹਿੰਦੇ ਹਨ, ਅਰਥਾਤ ਵਰਣ ਸ਼ੰਕਰ ਨਹੀਂ ਹੁੰਦੇ, ਏਸ ਨਾਲ ਕਿਸੇ ਵਰਣ ਦੀ ਨਿੰਦਿਆ ਯਾਂ ਅਯੋਗਤਾ ਭੀ ਨਹੀਂ ਹੋਵੇਗੀ।

(ਪ੍ਰਸ਼ਨ) ਜੇ ਕਿਸੇ ਦਾ ਇੱਕੋ ਹੀ ਮੁੰਡਾ ਯਾ ਕੁੜੀ ਹੋਵੇ ਅਰ ਓਹ ਦੂਜੇ ਵਰਣ ਵਿਚ ਜਾ ਮਿਲੇ ਤਾਂ ਉਸਦੇ ਮਾਂ, ਪਿਉ ਦੀ ਸੇਵਾ ਕੌਨ ਕਰੇਗਾ, ਅਤੇ ਵੈਸ਼ ਛੇਦ ਭੀ ਹੋ ਜਾਵੇਗਾ ਏਸ ਦੀ ਕੀ ਵਿਵਸਥਾ ਹੋਨੀ ਚਾਹੀਦੀ ਹੈ।

(ਉੱਤਰ)ਨ ਕਿਸੇਦੀ ਸੇਵਾ ਦਾ ਭੰਗ,ਅਤੇ ਨ ਵੈਸ਼ ਛੇਦਨ ਹੋਵੇਗਾ,ਕਿਉਂ ਕਿ ਉਨ੍ਹਾਂ ਨੂੰ ਅਪਨੇ ਮੁੰਡੇ ਕੁੜੀਆਂ ਦੇ ਬਦਲੇ ਅਪਨੇ ਵਰਣ ਦੇ ਯੋਗ ਦੂਜੇ ਮੁੰਡੇ ਕੁੜੀਆਂ, ਵਿਦ੍ਯਾਸਭਾ ਅਤੇ ਰਾਜਸਭਾ ਦੀ ਵਿਵਸਥਾ ਥੀਂ ਮਿਲਨ ਗੇ ਏਸ ਲਈ ਕੁਝ ਭੀ ਗੜਬੜ ਨ ਹੋਵੇਗੀ।

ਏਹ ਗੁਣਾਂ ਕਰਮਾਂ ਦੇ ਅਨੁਸਾਰ ਵਰਣਾਂ ਦੀ ਵਿਵਸਥਾ ਕੁੜੀਆਂ ਦੀ ਸੋਲਵੇਂ ਅਤੇ ਪੁਰੁਸ਼ਾਂ ਦੀ ਪੰਜੀਵੇਂ ਵਰੇ ਦੀ ਪਰੀਖਛਾ ਵਿਚ ਨਿਯਤ ਕਰਨੀ ਚਾਹੀਦੀ ਹੈ। ਅਰ ਇਸੇ ਕ੍ਰਮ ਨਾਲ ਅਰਥਾਤ ਬ੍ਰਾਹਮਣ ਵਰਣ ਦਾ ਬ੍ਰਾਹਮਣੀ, ਛਖਤ੍ਰੀ ਵਰਣ ਦਾ ਖਛਤ੍ਰਾਣੀ, ਵੈਸ਼ ਵਰਣਦਾ ਵੈਸ਼ ਇਸਤ੍ਰੀ ਅਤੇ ਸ਼ੁਦ੍ਰ ਵਰਣਦਾ ਸ਼ੂਦ੍ਰ ਇਸਤ੍ਰੀ ਦੇ ਨਾਲ ਵਿਆਹ ਹੋਨਾ ਚਾਹੀਦਾ ਹੈ, ਤਦੇ ਹੀ ਅਪਨੇ ਅਪਨੇ ਵਰਣਾਂ ਦੇ ਕਰਮ ਅਤੇ ਇਕਦੂਜੇ ਨਾਲ ਪ੍ਰੀਤੀ ਭੀ ਠੀਕ ਠੀਕ ਰਹੇਗੀ। ਇਨਾਂ ਚੌਹਾਂ ਵਰਣਾਂ ਦੇ ਕਰਤੱਵ ਅਤੇ ਗੁਣ ਏਹ ਹਨ :—

ਅਧਯਾਪਨਮਧਯਯਨੰ ਯਜਨੰ ਯਾਜਨੰ ਤਥਾ।
ਦਾਨੰ ਪ੍ਰਤਿਗ੍ਰਹਸ਼ੈਚੈਵ ਬ੍ਰਾਹਮਣਾਨਾਮਕਲਪਯਤ ॥

ਮਨੁਸਮ੍ਰਿਤੀ ਅਧਯਾਯ ੧। ਸ਼ਲੋਕ ੮੮ ।

ਸ਼ਮੋ ਦਮਸਤਪਃ ਸ਼ੌਚੰ ਖਛਾਂਤਿਰਾਰਜਵਮੇਵ ਚ। ਜਵਾਨੰ ਵਿਜਵਾਨਮਾਸਤਿਕਮੰ ਬ੍ਰਹਮਕਰਮ ਸ੍ਵਭਾਵਜਮ ॥੨॥

ਭਗਵਤ੍ਗੀਤਾ ਅਧਯਾਯ ੧੮। ਸ਼ਲੋਕ ੪੨।

ਬ੍ਰਾਹਮਣ ਦੇ ਪੜ੍ਹਨਾ ਪੜ੍ਹਾਨਾ, ਯੱਗ ਕਰਨਾ, ਯੱਗ ਕਰਾਨਾ, ਦਾਨ ਦੇਨਾ, ਦਾਨ ਲੈਨਾ,ਇਹ ਛੀ ਕਰਮ ਹਨ,ਪਰੰਤੂ ਮਨੁਜੀ ਦੇ ਵਚਨ ਅਨੁਸਾਰ ਲੈਨਾ ਨੀਚ ਕਰਮ ਹੈ।

ਮਨ ਨਾਲ ਬੁਰੇ ਕੰਮ ਦੀ ਇਛਿਆ ਕਦੇ ਨ ਕਰਨੀ, ਅਰ ਉਸਨੂੰ ਅਧਰਮ ਵਿਚ ਕਦੇ ਨ ਜਾਨ ਦੇਨਾ, ਕੰਨਾਂ ਅਤੇ ਅੱਖਾਂ ਆਦੀ ਇੰਦ੍ਰੀਆਂ ਨੂੰ ਖੋਟੇ ਕੰਮਾਂ ਥੀਂ ਰੋਕ ਕੇ ਧਰਮ ਵਿਚ ਲਗਾਉਨਾ, ਸਦਾ ਬ੍ਰਹਮਚਾਰੀ,ਜਿਤੇਂਦ੍ਰੀ ਹੋਕੇ ਧਰਮ ਦੇ ਕੰਮ ਕਰਦੇ ਰਹਨਾ, ਸ਼ੌਚ ਅਰਥਾਤ

ਅਦਭਿਰਗਾਤ੍ਰਾਣੀ ਸ਼ੁਧ੍ਯਂਤਿ ਮਨਃ ਸਤ੍ਯੇਨ ਸ਼ੁਧ੍ਯਤਿ।
ਵਿਦ੍ਯਾਤਪੋਭ੍ਯਾਂਭੂਤਾਤ੍ਮਾ ਬੁੱਧਿਰ੍ਜ੍ਞਾਨੇਨ ਸ਼ੁਧ੍ਯਤਿ।

ਮਨੁਸਿਮ੍ਰੀਤੀ ਅਧ੍ਯਾਯ ੫। ਸ਼ਲੋਕ ੧੦੯।

ਪਾਨੀ ਨਾਲ ਬਾਹਰ ਦੇ ਅੰਗ, ਸੱਚ ਉਪਰ ਚਲਨ ਨਾਲ ਮਨ, ਵਿਦ੍ਯਾ ਅਤੇ ਧਰਮ ਦੇ ਕੰਮ ਕਰਨ ਨਾਲ ਆਤਮਾ, ਅਤੇ ਗਿਆਨ ਨਾਲ ਬੁੱਧੀਪਵਿਤ੍ਰ ਹੁੰਦੀ ਹੈ, ਅੰਦਰਦੇ ਰਾਗ ਦ੍ਵੇਸ਼ ਆਦੀ ਦੋਸ਼,ਅਤੇ ਬਾਹਰ ਦੇ ਮੈਲਾਂ ਨੂੰ ਦੂਰਕਰਕੇ ਸ਼ੁੱਧ ਰਖਨਾ ਅਰਥਾਤ ਸਚ ਝੂਠ ਦੇ ਵਿਵੇਕ ਨਾਲ,ਸੱਚ ਦੇ ਗ੍ਰਹਣ ਅਰ ਝੂਠਦੇ ਤ੍ਯਾਗਨ ਨਾਲ ਨਿਸ਼ਚਾ ਪਵਿਤ੍ਰ ਹੁੰਦਾ ਹੈ, ਨਿੰਦਿਆ, ਉਸਤ੍ਤੀ, ਸੁਖ, ਦੁਖ, ਸਰਦੀ, ਗਰਮੀ, ਭੁਖ, ਤੇਹ, ਹਾਨੀ,ਲਾਭ, ਮਾਨ,ਅਪਮਾਨ ਆਦੀ ਵਿਚ ਖੁਸ਼ੀ ਗਮੀ ਛਡਕੇ ਧਰਮ ਵਿਚ ਦ੍ਰਿੜ੍ਹ ਨਿਸ਼ਚਾ ਰਖਨਾ, ਨਰਮੀ, ਨਿਰਅਭਿਮਾਨ, ਨਿਸ਼ਕਪਟਤਾ, ਸਰਲ ਸੁਭਾਵ ਰਖਨਾ ਕੁਟਿਲਤਾ ਆਦੀ ਦੋਸ਼ ਛਡ ਦੇਨੇ, ਸਭ ਵੇਦ ਆਦੀ ਸ਼ਾਸਤ੍ਰਾਂ ਨੂੰ ਅੰਗ ਉਪਾਂਗ ਦੇ ਸਮੇਤ ਪੜ੍ਹਕੇ ਪੜ੍ਹਾਉਨ ਦਾ ਸਮਰਥ,ਵਿਵੇਕ ਸਚ ਦਾ ਨਿਰਣੇ,ਜਿਹੜੀ ਚੀਜ਼ ਜਹੀ ਹੋਵੇ ਅਰਥਾਤ ਜੜ ਨੂੰ ਜੜ ਚੇਤਨ ਨੂੰ ਚੇਤਨ ਜਾਨਨਾ, ਅਤੇ ਮੰਨਨਾ, ਪ੍ਰਿਥਵੀ ਤੋਂ ਲੈਕੇ ਪਰਮੇਸ਼੍ਵਰ ਤੀਕ ਪਦਾਰਥਾਂ ਨੂੰ ਚੰਗੀ ਤ੍ਰਾਂ ਨਾਲ ਜਾਨਕੇ ਉਨ੍ਹਾਂ ਤੋਂ ਜਿਹਾ ਚਾਹੀਏ ਤੇਹਾ ਲਾਭ ਉਠਾਉਨਾ, ਕਦੀ ਵੇਦ, ਈਸ਼੍ਵਰ, ਮੁਕਤੀ, ਪਿਛਲਾ ਅਗਲਾ ਜਨਮ, ਧਰਮ, ਵਿਦ੍ਯਾ, ਸਤਸੰਗ, ਮਾਂ,ਪਿਉ, ਆਚਾਰ੍ਯ, ਅਤੇ ਅਤਿਥੀਆਂ ਦੀ ਸੇਵਾ ਨੂੰ ਨ ਛੱਡਨਾ, ਅਰ ਨਿੰਦਿਆ ਕਦੀ ਨ ਕਰਨੀ, ਏਹ ਪੰਦ੍ਰਹ ਕਰਮ ਅਤੇ ਗੁਣ ਬ੍ਰਾਹਮਣ ਵਰਣ ਦੇ ਮਨੁਸ਼ਾਂ ਵਿਚ ਜਰੂਰ ਹੋਨੇ ਚਾਹੀਦੇ ਹਨ ॥ ਖਛਤ੍ਰੀ:—

ਪ੍ਰਜਾਨਾਂ ਰਖ੍ਛਣੰ ਦਾਨਮਿਜ੍ਯਾਧ੍ਯਯਨਮੇਵ ਚ।
ਵਿਸ਼ਯੇਸ਼੍ਵਪ੍ਰਸਕ੍ਤਿਸ਼੍ਚ ਖਛਤ੍ਰਿਯਸ੍ਯ ਸਮਾਸਤਃ॥੧॥

ਮਨੁਸਮ੍ਰੀਤੀ ਅਧ੍ਯਾਯ ੧ ਸ਼ਲੋਕ ੮੯।

ਸ਼ੌਰਯੰ ਤੇਜੋ ਧ੍ਰਿਤਿਰਦਾਖਛ੍ਯੰਯੁੱਧੇ ਚਾਪ੍ਯਪਲਯਨਮ ।
ਦਾਨਮੀਸ਼੍ਵਰਭਾਵਸ਼ਚ ਖਛਾਤ੍ਰੰ ਕਰਮ ਸ੍ਵਭਾਵਜਮ ॥੨॥

ਭਗਵਤਗੀਤਾ ਅਧ੍ਯਾਯ ੧੮ ਸ਼ਲੋਕ ੪੩ ॥

ਨਿਆਯ ਨਾਲ ਪ੍ਰਜਾਦੀ ਰਖਛਾ ਅਰਥਾਤ ਪਖਛਪਾਤ ਛਡ ਕੇ ਸ੍ਰੇਸ਼੍ਠਾਂ ਦਾ ਆਦਰ, ਅਤੇ ਦੁਸ਼ਟਾਂ ਦੀ ਨਿਰਾਦਰੀ ਕਰਨਾ, ਸਬ ਤਰਾਂ ਨਾਲ ਸਬ ਦਾ ਪਾਲਨ, ਦਾਨ ਅਰਥਾਤ ਵਿਦ੍ਯਾ, ਧਰਮ ਦੇ ਪ੍ਰਚਾਰ ਅਤੇ ਸੁਪਾਤ੍ਰਾਂ ਦੀ ਸੇਵਾ ਕਰਨ ਲਈ ਧਨ ਆਦੀ ਪਦਾਰਥਾਂ ਨੂੰ ਖਰਚ ਕਰਨਾ, ਅਗਨੀਹੋਤ੍ਰ ਆਦੀ ਯੱਗ ਕਰਨੇ, ਵੇਦ ਆਦੀ ਸ਼ਾਸਤ੍ਰਾਂ ਦਾ ਪੜ੍ਹਨਾ ਅਤੇ ਵਿਸ਼ਿਆਂ ਵਿਚ ਨ ਫਸਕੇ ਜਿਤੇਂਦ੍ਰੀ ਰਹਕੇ ਸਦਾ ਸ਼ਰੀਰ ਅਤੇ ਆਤਮਾਥੀਂ ਬਲਵਾਨ ਰਹਨਾ, ਸੈਂਕੜਿਆਂ ਹਜਾਰਾਂ ਨਾਲ ਭੀ ਯੁੱਧ ਕਰਨ ਵੇਲੇ ਅਕੱਲੇ ਨੂੰ ਭੈ ਦਾ ਨ ਹੋਨਾ, ਸਦਾ ਤੇਜਸ੍ਵੀ ਅਰਥਾਤ ਦੀਨਤਾ ਰਹਿਤ, ਬਹਾਦਰ ਅਤੇ ਦ੍ਰਿੜ੍ਹ ਰਹਨਾ, ਧੀਰਯਵ ਨ ਹੋਨਾ, ਰਾਜ ਅਤੇ ਪ੍ਰਜਾ ਸੰਬੰਧੀ ਵਿਹਾਰ ਅਤੇ ਸਬ ਸ਼ਾਸਤ੍ਰਾਂ ਵਿਚ ਅਤੀਚਤੁਰ ਹੋਨਾ ਯੁੱਧ ਵਿਚ ਭੀ ਦ੍ਰਿੜ੍ਹ ਨਿਃਸ਼ੰਕ ਰਹਕੇ ਉਸਤੋਂ ਕਦੇ ਨ ਹਟਨਾ,ਨਾ ਨਠਨਾ ਅਰਥਾਤ ਏਸ ਤਰਾਂ ਨਾਲ ਲੜਨਾ ਕਿ ਜਿਸਥੋਂ ਜ਼ਰੂਰ ਹੀ ਜਿੱਤ ਹੋਵੇ, ਆਪ ਬਚੇ। ਜੇ ਭੱਜਨ ਥੀਂ ਯਾ ਵੈਰੀਆਂ ਨਾਲ ਦਾਉਖੇਡਨ ਨਾਲ ਜਿੱਤ ਹੁੰਦੀ ਹੋਵੇ ਤਾਂ ਓਹੋ ਜਿਹਾ ਕੰਮ ਕਰਨਾ, ਦਾਨ ਕਰਨ ਦਾ ਸੁਭਾਵ ਰਖਨਾ, ਪਖਛਪਾਤ ਨੂੰ ਛਡਕੇ ਸਬ ਨਾਲ ਯਥਾਯੋਗ ਵਰਤਨਾ, ਵਿਚਾਰ ਕਰਕੇ ਦੇਨਾ, ਪ੍ਰਤਿਗ੍ਯਾ ਪੂਰੀ ਕਰਨੀ, ਉਹਨੂੰ ਕਦੇ ਭੰਗ ਨ ਹੋਨਦੇਨਾ, ਏਹ ਯਾਰਾਂ ਖਛੱਤ੍ਰੀ ਵਰਣ ਦੇ ਕਰਮ ਅਤੇ ਗੁਣ ਹਨ ॥ ਵੈਸ਼੍ਯਃ—

ਪਸ਼ੂਨਾਂ ਰਖਛਨੰ ਦਾਨਮਿਜ੍ਯਾਧ੍ਯਯਨਮੇਵ ਚ।
ਵਣਿਕਪਥੰ ਕੁਸੀਦੰ ਚ ਵੈਸ਼੍ਯਸ੍ਯ ਕ੍ਰਿਸ਼ਿਮੇਵ ਚ ॥

ਮਨੁਸਿਮ੍ਰੀਤੀ ਅਧ੍ਯਾਯ ੧। ਸ਼ਲੋਕ ੯੦ ॥

(੧) ਗਊ ਆਦੀ ਪਸ਼ੂਆਂ ਦਾ ਪਾਲਨਾ ਅਤੇ ਵਾਧਾ ਕਰਨਾ (੨)ਵਿਦ੍ਯਾ ਧਰਮ ਦੇ ਵਾਧਾ ਕਰਨ ਕਰਾਨ ਲਈ ਧਨ ਆਦੀ ਖਰਚ ਕਰਨਾ(੩)ਅਗਨੀ ਹੋਤ੍ਰ ਆਦੀ ਯੱਗਾਂ ਦਾ ਕਰਨਾ (੪) ਵੇਦ ਆਦੀ ਸ਼ਾਸਤ੍ਰਾਂ ਦਾ ਪੜ੍ਹਨਾ (੫) ਸਬ ਪ੍ਰਕਾਰ ਦੇ ਵ੍ਯਾਪਾਰਾਂ ਦਾ ਕਰਨਾ (੬)ਸੌ ਰੁਪਏ ਪਿਛੇ ਚਾਰ, ਛੀ, ਅੱਠ,ਬਾਰਾਂ, ਸੋਲਾਂ ਯਾ ਵੀਹ ਆਨੇ ਤੋੜੀ ਵਿਆਜ ਦਾ ਲੈਨਾ, ਅਰ ਮੂਲ ਥੀਂ ਦੂਨਾ ਅਰਥਾਤ ਇਕ ਰੁਪੈਯਾ ਦਿੱਤਾ ਹੋਵੇ ਤਾਂ ਸੌ ਵਰਹੇ ਵਿੱਚ ਭੀ ਦੋ ਰੁਪੱਏ ਥੋਂ ਵਧੀਕ ਨਾ ਲੈਨਾ ਨ ਦੇਨਾ (੭) ਖੇਤੀ ਕਰਨੀ,ਏਹ ਵੈਸ਼ ਦੇ ਗੁਣ ਕਰਮ ਹਨ ॥ ਸ਼ੂਦ੍ਰ:—

ਏਕਮੇਵ ਤੁ ਸ਼ੂਦ੍ਰਸ੍ਯ ਪ੍ਰਭੁਃ ਕਰਮ ਸਮਾਦਿਸ਼ਤ।
ਏਤੇਸ਼ਾਮੇਵ ਵਰਣਾਨਾਂ ਸ਼ੁਸ਼੍ਰੂਸ਼ਾਮਨਸੂਯਯਾ ॥ਮਨੂਃ੧।੯੧॥

ਸ਼ੂਦ੍ਰ ਨੂੰ ਚਾਹੀਏ ਕਿ ਨਿੰਦਿਆ, ਈਰਖਾ, ਘਮੰਡ ਆਦੀ ਦੋਸ਼ਾਂ ਨੂੰ ਛਡਕੇ ਬ੍ਰਾਹਮਣ, ਖਛਤ੍ਰੀ ਅਤੇ ਵੈਸ਼ਾਂ ਦੀ ਸੇਵਾ ਯਥਾਵਤ ਕਰੇ, ਉਸਥੋਂ ਹੀ ਅਪਨਾ ਜੀਵਨ ਕਰੇ ਇਹੋ ਇਕ ਸ਼ੂਦ੍ਰ ਦਾ ਗੁਣ ਕਰਮ ਹੈ ॥

ਏਹ ਸੰਖਛੇਪ ਨਾਲ ਵਰਣਾਂ ਦੇ ਗੁਣ ਅਤੇ ਕਰਮ ਲਿਖੇ, ਜਿਹ ਪੁਰੁਸ਼ ਵਿਚ ਜੇਹੜੇ ਜੇਹੜੇ ਵਰਣ ਦੇ ਗੁਣ ਕਰਮ ਹੋਨ ਓਸਨੂੰ ਉਸ ਉਸ ਵਰਣ ਦਾ ਅਧਿਕਾਰ ਦੇਨਾ, ਅਜੇਹੀ ਵਿਵਸਥਾ ਰਖਨ ਨਾਲ ਸਾਰੇ ਮਨੁਸ਼ਾਂ ਨੂੰ ਉੱਨਤੀ ਕਰਨ ਵਿਚ ਰੁਚੀ ਬਨੀ ਰਹਿੰਦੀ ਹੈ, ਕਿੰਉਜੋ ਉੱਤਮ ਵਰਣਾਂ ਨੂੰ ਡਰ ਹੋਵੇਗਾ ਕਿ ਜੇ ਸਾਡੀ ਸੰਤਾਨ ਮੂਰਖਤਾ ਆਦੀ ਦੋਸ਼ਾਂਵਾਲੀ ਹੋਵੇਗੀ ਤਾਂ ਸ਼ੂਦ੍ਰ ਹੋਜਾਵੇਗੀ ਅਤੇ ਸੰਤਾਨ ਭੀ ਡਰਦੇ ਰਹਨਗੇ ਕਿ ਜੇ ਉਕਤ ਚਾਲ ਚਲਨ ਵਾਲੇ ਅਤੇ ਵਿਦਵਾਨ ਨ ਹੋਵਾਂਗੇ ਤਾਂ ਸ਼ੂਦ੍ਰ ਬਨਨਾ ਪਵੇਗਾ, ਅਰ ਨੀਚ ਵਰਣਾਂ ਦਾ ਉੱਤਮ ਵਰਣ ਵਿਚ ਹੋਨ ਵਾਸਤੇ ਉਤਸਾਹ ਵਧੇਗਾ ॥

ਵਿਦ੍ਯਾ ਅਤੇ ਧਰਮ ਦੇ ਪ੍ਰਚਾਰ ਦਾ ਕੰਮ ਬ੍ਰਾਹਮਣਾਂ ਨੂੰ ਦੇਨਾ ਚਾਹੀਏ ਕਿੰਉਂਕਿ ਓਹ ਪੂਰੇ ਵਿਦਵਾਨ ਅਤੇ ਧਾਰਮਿਕ ਹੋਨ ਕਰਕੇ ਉਸ ਕੰਮ ਨੂੰ ਚੰਗੀ ਤਰਾਂ ਨਾਲ ਕਰ ਸਕਦੇ ਹਨ, ਖਛਤ੍ਰੀਆਂ ਨੂੰ ਰਾਜ ਦੇ ਅਧਿਕਾਰ ਦੇਨ ਨਾਲ ਕਦੇ ਰਾਜ ਦੀ ਹਾਨੀ ਯਾਂ ਵਿਘਨ ਨਹੀਂ ਪੈਂਦਾ, ਪਸ਼ੂਆਂ ਦੇ ਪਾਲਨੇ ਆਦੀ ਦਾ ਕੰਮ ਵੈਸ਼ਾਂ ਨੂੰ ਹੀ ਦੇਨਾ ਚਾਹੀਦਾ ਹੈ ਕਿੰਉਂਕਿ ਓਹ ਏਸ ਕੰਮ ਨੂੰ ਅੱਛੀ ਤਰਾਂ ਨਾਲ ਕਰ ਸਕਦੇ ਹਨ, ਸ਼ੂਦ੍ਰਾਂ ਨੂੰ ਸੇਵਾ ਕਰਨ ਦਾ ਅਧਿਕਾਰ ਏਸ ਵਾਸਤੇ ਹੈ ਕਿ ਓਹ ਵਿਦ੍ਯਾ ਤੋਂ ਰਹਿਤ ਅਤੇ ਮੂਰਖ ਹੁੰਦੇ ਹਨ, ਸੋਚ ਵਿਚਾਰ ਦੇ ਕੰਮ ਕੁਝ ਭੀ ਨਹੀਂ ਕਰ ਸਕਦੇ ਕਿੰਤੂ ਸ਼ਰੀਰ ਦੇ ਕੰਮ ਸਭ ਕਰ ਸਕਦੇ ਹਨ, ਏਸ ਪ੍ਰਕਾਰ ਵਰਣਾਂ ਨੂੰ ਆਪੋ ਅਪਨੇ ਕੰਮਾਂ ਵਿਚ ਲਗਾ ਰਖਨਾ ਰਾਜਾ ਆਦੀ ਸਭ੍ਯ* ਜਨਾਂ ਦਾ ਕੰਮ ਹੈ ॥

ਵਿਆਹ ਦੇ ਲਖਛਣ।

ਬ੍ਰਾਹਮੋ ਦੈਵਸਤਥੈਵਾਰਸ਼ਃ ਪ੍ਰਾਜਾਪਤ੍ਯਸਤਥਾਸੁਰਃ।
ਗਾਂਧਰਵੋ ਰਾਖਛਸਸ਼ਚੈਵ ਪੈਸ਼ਾਚਸ਼੍ਚਾਸ਼ਟਮੋ ਅਧਮਃ॥

ਮਨੁਸਮ੍ਰਿਤੀ ਅਧ੍ਯਾਯ ੩ ਸ਼ਲੋਕ ੨੧ ॥

*ਸਭ੍ਯਜਨ ਅਰਥਾਤ ਵਿਦ੍ਯਾਸਭਾ ਅਤੇ ਰਾਜਸਭਾ ਦੇ ਸਭਾਸਦ।

विआह अॅठप्रकार दा हुंदा है, इक ब्राहम, दूजा दैव, तीजा आरश, चॅथा प्राजापत्यज,पंजवां आसुर, छेवां गांधरव, सतवां राखछस, अठवां पिशाच ॥

इन्हां विआहां दी एह विवसथा है कि (१) वर कंनिआं दोऐ यथावत ब्रूहमचरज करके पूरे विदवान, धारमिक अते सुशील होनउन्हां दा इक दूजे दी प्रसंनता नाल विआह होना ब्राहम कहाउंदा है (२) वॅडा यग करके जॅग दा कंम करदिआं जुआई नूं गहने पाई होई धी दा देना दैव (३) वर थों कुझ लैके विआह होना आरश,† (४) दोहां दा विआह धरम दे वाधे वासते होना प्राजापत्यज (५) वर अते कंनिआं नूं कुझ देके विआह होना आसुर (६) निधम अते समे तों रहित किस कारण थीं वर कंनिआं दी इछिआ पूरवक इक दूजे नाल संजोग होना गांधरव (७) लड़ाई करके ज़बरदसती अरथात खोहके या कपट नाल कंनिआं नूं गरहण करना राखछस(८)सुती होई या शराब पीती होई पागल कुड़ी नाल ज़बरदसती संजोग करना पिशाच विआह कहाउंदा है ॥

इन्हां सभनां विआहां विॅचों ब्राहम विआह सभ तों उॅतम, दैव, आरश अते प्राजापत्यज मॅधजम, आसुर अर गांधरव निकृशट, राखछस अधम अते पिशाच महाभ्रशट है ॥

इस करके एहो निशचा रखनाचाहीदा है कि कुड़ी अते मुंडे दे विआह तों पहले इकॅली जगा मेल न होवे, किंउकि जुआनी दी अवसथा विच इसत्री पुरुश दा इकॅली जगा विॅच रहना दोश दा कारण है, परंतू जद कंनिआं या वर दे विआह दा समा होवे, अरथात जद इक वरहा यां छी महीने ब्रूहमचरज आशरम अते विदजा पूरी होन विच बाकी रहिंदे होन तद उन्हां कंनिआं अते कुआरिआं दा प्रतिबिंब अरथात जिहनूं फोटो आखदे हन, अथवा तसवीर उतार

†संसकार विधी दे १११ पंने ते सुआमीजी महाराज एस दे संबंध विच एह गॅल लिखदे हन कि इह गॅल झूठी है किउंकि अॅगे मनुसमृती विॅच निशेध कीता है, अते जुकती तों विरुॅध भीहै एसलई कुझ भी न देके दोहां दी मरजी नाल विआह होना आरश विआह है, एस तों मलूम हुंदा है कि ओथे असल लेख विॅच 'ना' दा शबद रह गिआ है ॥ (अनुवाद करता)

ਕੇ ਕੁੜੀਆਂਦੀ ਪੜ੍ਹਾਨ ਵਾਲੀਆਂ ਦੇ ਪਾਸ ਕੁਆਰੇ ਮੁੰਡੇਆਂ ਦੀ, ਲੜਕੇਆਂ ਦੇ ਪੜ੍ਹਾਨ ਵਾਲਿਆਂ ਦੇ ਪਾਸ ਲੜਕੀਆਂ ਦੀ ਤਸਵੀਰ ਭੇਜ ਦੇਨ, ਜਿਹਦੀ ਜਿਹਦੀ ਸ਼ਕਲ ਮਿਲ ਜਾਵੇ ਓਸ ਓਸ ਦੇ ਇਤਿਹਾਸ ਅਦਖਾਤ ਜਨਮ ਤੋਂ ਲੈਕੇ ਉਸ ਦਿਨ ਤਕ ਜੀਵਨ ਚਰਿੱਤ੍ਰ ਦਾ ਜਿਹੜਾ ਗ੍ਰੰਥ ਹੋਵੇ ਉਸਨੂੰ ਪੜ੍ਹਾਨ ਵਾਲੇ ਮੰਗਾ ਕੇ ਵੇਖਨ, ਜਦ ਦੁਹਾਂ ਦੇ ਗੁਣ, ਕਰਮ ਸੁਭਾਵ ਮਿਲ ਜਾਨ, ਤਦ ਜਿਹਦਾ ਜਿਹਦਾ ਵਿਆਹ ਹੋਨਾ ਉਚਿਤ ਸਮਝਨ ਉਸ ਉਸ ਪੁਰੁਸ਼ ਅਤੇ ਕੰਨਿਆਂ ਦਾ ਪ੍ਰਤਿਬਿੰਬ ਅਤੇ ਇਤਿਹਾਸ ਕੰਨਿਆਂ ਅਤੇ ਵਰ ਦੇ ਹੱਥ ਵਿਚ ਦੇਨ ਅਰ ਕਹ ਦੇਨ ਕਿ ਏਸ ਵਿਚ ਜੋ ਤੁਹਾਡੀ ਸਲਾਹ ਹੋਵੇ ਸੋ ਸਾਨੂੰ ਦਸ ਦੇਨਾ ਜਦ ਉਨ੍ਹਾਂ ਦੋਹਾਂ ਦ ਨਿਸਚਾ ਇਕ ਦੂਜੇ ਨਾਲ ਵਿਆਹ ਕਰਨ ਦਾ ਹੋ ਜਾਵੇ, ਤਦ ਉਨ੍ਹਾਂ ਦੋਹਾਂ ਦਾ *ਸਮਾ ਵਰਤਨ ਇਕ ਹੀ ਸਮੇ ਵਿੱਚ ਹੋ ਜਾਵੇ, ਜੇ ਓਹ ਦੋਨੋਂ ਪੜ੍ਹਾਨ ਵਾਲਿਆਂ ਦੇ ਸਾਮਨੇ ਵਿਆਹ ਕਰਨਾ ਚਾਹੁਨ ਤਾਂ ਉਥੇ, ਨਹੀਂ ਤਾਂ ਕੰਨਿਆਂ ਦੇ ਮਾਂ, ਪਿਉ ਦੇ ਘਰ ਵਿਚ ਵਿਆਹ ਹੋਨਾ ਚਾਹੀਏ, ਜਦ ਓਹ ਸਾਮ੍ਹਨੇ ਹੋਨ ਤਦ ਉਨ੍ਹਾਂ ਪੜ੍ਹਾਨ ਵਾਲਿਆਂ ਯਾ ਕੰਨਿਆਂ ਦੇ ਮਾਂ, ਪਿਉ ਆਦੀ ਭਲੇ ਲੋਕਾਂ ਦੇ ਸਾਮਨੇ ਉਨ੍ਹਾਂ ਦੋਹਾਂ ਦੀ ਆਪਸ ਵਿੱਚ ਬਾਤ ਚੀਤ ਸ਼ਾਸਤ੍ਰਾਰਥ ਕਰਾਨ, ਅਤੇ ਜੋ ਕੁਝ ਗੁਪਤ ਗਲ ਪੁੱਛਨ ਸੋ ਭੀ ਸਭਾ ਵਿੱਚ ਲਿਖਕੇ ਇਕ ਦੂਜੇ ਦੇ ਹੱਥ ਵਿੱਚ ਦੇਕੇ ਪ੍ਰਸ਼ੋਤ੍ਰ ਕਰ ਲੈਨ, ਜਦ ਦੋਹਾਂ ਦਾ ਪੱਕਾ ਪ੍ਰੇਮ ਵਿਆਹ ਕਰਨ ਵਿਚ ਹੋਜਾਵੇ ਤਦ ਤੋਂ ਉਨ੍ਹਾਂ ਦੇ ਖਾਨ ਪੀਨ ਦਾ ਉੱਤਮ ਪ੍ਰਬੰਧ ਹੋਨਾ ਚਾਹੀਦਾ ਹੈ, ਕਿ ਜਿਸ ਕਰਕੇ ਉਨ੍ਹਾਂ ਦਾ ਸ਼ਰੀਰ ਜਿਹੜਾ ਪਹਲੇ ਬ੍ਰਹਮਚਰਯ ਅਤੇ ਵਿਦ੍ਯਾ ਦੇ ਪੜ੍ਹਨ ਰੂਪੀ ਤਪ ਅਤੇ ਕਸ਼ਟ ਨਾਲ ਲਿੱਸਾ ਹੋਗਿਆ ਹੈ ਓਹ ਚੰਦ੍ਰਮਾ ਦੀ ਕਲਾ ਵਾਙਣ ਥੋੜੇ ਹੀ ਦਿਨਾਂ ਵਿਚ ਭਰਕੇ ਪੁਸ਼ਟ ਹੋ ਜਾਵੇ, ਫੇਰ ਜਿਹੜੇ ਦਿਨ ਕੰਨਿਆਂ ਰਜ-ਸ੍ਵਲਾ ਹੋਕੇ ਜਦ ਨ੍ਹਾਯੋ ਲਵੇ ਤਦ ਵੇਦੀ ਅਤੇ ਮੰਡਪ ਰਚਕੇ ਅਨੇਕ ਸੁਗੰਧੀ ਆਦੀ ਪਦਾਰਥ, ਅਤੇ ਘਿਉ ਆਦੀ ਦਾ ਹੋਮ, ਤਥਾ ਵਿਦ੍ਵਾਨ ਪੁਰੁਸ਼ ਅਤੇ ਇਸ-ਤ੍ਰੀਆਂ ਦਾ ਯਥਾਯੋਗ ਸਤਕਾਰ ਕਰਨ ਫੇਰ ਜਿਹੜੇ ਦਿਨ ਵਿਭੂਦਾਨ ਦੇਨਾ ਯੋਗ ਸਮਝਨ ਉਸੇ ਦਿਨ 'ਸੰਸਕਾਰਵਿਧੀ, ਗ੍ਰੰਥ ਵਿੱਚ ਲਿਖੀ ਹੋਈ ਵਿਧਿ ਦੇ ਅਨੁਸਾਰ ਅੱਧੀ ਰਾਤ ਨੂੰ ਯਾ ਦਸ ਬਜੇ ਵਡੀ ਪ੍ਰਸੰਨਤਾ ਨਾਲ ਸਭਨਾਂ ਦੇ ਸਾਮਨੇ ਹਥਲੇਵਾ ਅਤੇ ਵਿਆਹਵਿਧੀ ਨੂੰ ਪੂਰਾ ਕਰਕੇ ਅਕੱਲੀ ਜਗਾ ਵਿੱਚ ਚਲੇ ਜਾਨ, ਪੁਰੁਸ਼ ਵੀਰਯ ਸਥਾਪਨ, ਅਤੇ ਇਸਤ੍ਰੀ ਵੀਰਯ ਦੇ ਖਿੱਚਨ ਦੀ ਜਿਹੜੀ ਵਿਧੀ ਹੈ ਉਸੇ ਦੇ ਅਨੁਸਾਰ ਦੋਵੇਂ ਕਰਨ, ਜਿੱਥੋਂ ਤਕ ਹੋਵੇ ਬ੍ਰਹਮਚਰਯ ਦੇ ਵੀਰਯ ਨੂੰ ਵਿਅਰਥ ਨ ਗਵਾਨ, ਕਿਉਂ ਜੋ ਉਸ ਵੀਰਯ ਦਾ ਰਜ ਥੀਂ ਜਿਹੜਾ ਸ਼ਰੀਰ ਬਨਦਾ ਹੈ ਉਹ ਅਪੂਰਵ ਉੱਤਮ ਸੰਤਾਨ ਹੁੰਦਾ ਹੈ ਜਦ ਵੀਰਯ ਦੇ ਗਰਭਾਸ਼ੇ

*ਗੁਰੁਕੁਲ ਥੀਂ ਮੁੜਕੇ ਘਰ ਆਉਨ ਦਾ ਸੰਸਕਾਰ ॥

ਵਿੱਚ ਡਿਗਨਦਾ ਸਮਾ ਹੋਵੇ ਉਸ ਵੇਲੇ ਇਸਤ੍ਰੀ ਪੁਰੁਸ਼ ਦੋਵੇਂ ਹਿੱਲਨ ਜੁੱਲਨ ਨਾ, ਅਰ ਨੱਕ ਦੇ ਸਾਮਨੇ ਨੱਕ, ਅੱਖਦੇ ਸਾਮਨੇ ਅੱਖ ਅਰਥਾਤ ਸਿੱਧਾ ਸ਼ਰੀਰ ਰੱਖਨ, ਅਤੇ ਅਤਯੰਤ ਪ੍ਰਸੰਨ ਚਿੱਤ ਰਹਨ ਹਿਲਨ ਨਾ, ਪੁਰੁਸ਼ ਅਪਨੇ ਸ਼ਰੀਰ ਨੂੰ ਢਿੱਲਾ ਛੱਡੇ, ਅਤੇ ਇਸਤ੍ਰੀ ਵੀਰਯ ਖਿੱਚਨ ਦੇ ਸਮੇ ਅਪਾਨ ਵਾਯੂ ਨੂੰ ਉਭਾਹਾਂ ਖਿੱਦੇ, ਯੋਨੀ ਨੂੰ ਉੱਪਰ ਵਲ ਸਕੋੜਕੇ ਵੀਰਯ ਨੂੰ ਉੱਪਰ ਵਲ ਗਰਭਾਸ਼ੇ ਵਿੱਚ ਠਹਰਾਵੇ, ਫੇਰ ਦੋਵੇਂ ਸਣਾ ਪਾਨੀ ਨਾਲ ਸਨਾਨ ਕਰਨ * ਗਰਭ ਠਹਰ ਜਾਨ ਦਾ ਪੂਰਾ ਗਿਆਨ ਸੂਝ ਵਾਲੀ ਇਸਤ੍ਰੀ ਨੂੰ ਝਾਂ ਉਸੇ ਵੇਲੇ ਹੋ ਜਾਂਦਾ ਹੈ। ਪਰੰਤੂ ਏਸ ਦਾ ਨਿਸ਼ਚਾ ਇਕ ਮਹੀਨੇ ਤੋਂ ਪਿਛੋਂ†ਰਜਸ੍ਵਲਾ ਨ ਹੋਨ ਤੇ ਸਭ ਨੂੰ ਹੋਜਾਂਦਾਹੈ ਸ੍ਵੈਫ,ਕੇਸਰ,ਅਸਗੀਧ,ਛੋਟੀਇਲਾਯਚੀ,ਅਤੇ ਸਾਲਬਮਿਸਰੀ ਪਾਕ ਗਰਮ ਕਰਕੇ ਜੇਹੜਾ ਪਹਲੇ ਤੋਂ ਹੀ ਰਖਿਆ ਹੋਇਆ ਠੰਢਾ ਦੁਧ ਹੋਵੇ ਉਸ ਨੂੰ ਜਿੱਨਾ ਰੁਚੀ ਹੋਵੇ ਦੋਵੇਂ ਪੀਕੇ ਵੱਖੋ ਵਖਰੇ ਆਪੋ ਅਪਨੇ ਮੰਜਿਆਂ ਤੇ ਜਾਕੇ ਸੌਂ ਰਹਨ,ਏਹੋ ਵਿਧੀ ਜਦ ਜਦਗਰਭਾਧਾਨ ਕੀਤਾ ਕਰਨ ਤਦਤਦਕਰਨੀ ਉਚਿਤ ਹੈ,ਜਦ ਮਹੀਨੇ ਭਰਵਿਚ ਰਜਸ੍ਵਲਾ ਨ ਹੋਨਥੀਂ ਗਰਭਦੇ ਠਹਰਨਦਾ ਨਿਸ਼ਚਾ ਹੋਜਾਵੇ ਤਦਤੋਂ ਇਕ ਵਰਹੇ ਝਕ ਇਸਤ੍ਰੀ ਪੁਰੁਸ਼ਦਾ ਸਮਾਗਮਕਦੀ ਹੋਨਾ ਨਹੀਂ ਚਾਹੀਦਾਕਿਉਂ ਜੋ ਇਹ ਕੰਮ ਨ ਹੋਨ ਨਾਲ ਸੰਤਾਨ ਉੱਤਮ ਅਤੇ ਦੂਜੀ ਸੰਤਾਨ ਭੀ ਓਹੋਜੇਹੀ ਹੁੰਦੀਹੈ ਏਸਦੇ ਉਲਟ ਕਰਨ ਨਾਲ ਵੀਰਯ ਵਜਰਥ ਜਾਂਦਾ, ਦੋਹਾਂ ਦੀਉਮਰ ਘਟ ਜਾਂਦੀ,ਅਤੇ ਕਈਤਰਾਂ ਦੀਆਂ ਬਿਮਾਰੀਆਂ ਹੁੰਦੀਆਂ ਹਨ, ਪਰੰਤੂ ਉਪਰੋਂ ਬੋਲਨਾ ਚਾਲਨਾ ਪ੍ਰੇਮ ਨਾਲ ਵਰਤਨਾ ਦੋਹਾਂ ਨੂੰ ਜ਼ਰੂਰ ਕਰਨਾ ਚਾਹੀਏ, ਪੁਰੁਸ਼ ਵੀਰਯ ਦਾ ਰੋਕਨਾ, ਅਤੇ ਇਸਤ੍ਰੀ ਗਰਭ ਦੀ ਰਖਛਾ ਅਰ ਭੋਜਨ ਛਾਦਨ ਏਸ ਪ੍ਰਕਾਰ ਦਾ ਕਰੇ ਕਿ ਜਿਸ ਨਾਲ ਪੁਰੁਸ਼ ਦਾ ਵੀਰਯ ਸੁਫਨੇ ਵਿੱਚ ਭੀ ਨਸ੍ਟ ਨ ਹੋਵੇ, ਅਤੇ ਗਰਭ ਵਿਚ ਬਾਲਕ ਦਾ ਸ਼ਰੀਰ ਬਹੁਤ ਉੱਤਮ ਰੂਪ ਵਾਲਾ, ਸੋਹਨਾ, ਪੁਸ਼ਟੀ, ਬਲ ਅਤੇ ਪਰਾਕ੍ਰਮ ਵਾਲਾਹੋਕੇ ਦਸਵੇਂ ਮਹੀਨੇ ਵਿੱਚ ਜਨਮ ਲਵੇ, ਵਿਸ਼ੇਸ਼ ਉਸਦੀ ਰਖਛਾ ਚੌਥੇ ਮਹੀਨੇ ਤੋਂ, ਅਰ ਅਤੀ ਵਿਸ਼ੇਸ਼ ਅਠਵੇਂ ਮਹੀਨੇ ਤੋ ਅੱਗੇ ਕਰਨੀ ਚਾਹੀਏ,ਕਦੀ ਗਰਭਵਤੀ ਇਸਤ੍ਰੀ ਦਸਤਾਂ ਦੇ ਲਿਆਉਨ ਵਾਲੇ, ਖੁਸ਼ਕੀ ਦੇ ਕਰਨ ਵਾਲੇ, ਨਸ਼ੇ ਦੇ ਦੇਨ ਵਾਲੇ, ਬੁੱਧੀ ਅਤੇ ਬਲ ਦੇ ਨਸ਼ਟ ਕਰਨ ਵਾਲੇ ਪਦਾਰਥਾਂ ਨੂੰ ਨ ਖਾਵੇ ਪੀਵੇ, ਕਿੰਤੂ ਘਿਉ, ਦੁੱਧ, ਚੰਗੇ ਚੌਲ, ਕਨਕ, ਮੂੰਗੀ, ਮਾਂਹ ਆਦੀ ਅਨਾਜਾਂ ਦਾ ਖਾਨਾ ਅਤੇ ਦੇਸ਼ ਕਾਲ ਦਾ ਖਿਆਲ ਬੁੱਧੀ ਨਾਲ ਕਰਨਾ ॥

---

*ਇਹ ਗਲ ਰਹਸਜ ਦੀ ਹੈ ਏਸ ਲਈ ਇੱਨੇ ਤੋਂਹੀ ਸਾਰੀਆਂ ਬਾਤਾਂ ਸਮਝ ਲੈਨੀਆਂ ਚਾਹੀਦੀਆਂ ਹਨ ਬਹੁਤ ਲਿਖਨਾ ਉਚਿਤ ਨਹੀਂ ।

†ਮਹੀਨੇ ਪਿਛੋਂ ਜਨਾਨੀ ਦੇ ਭਿਟ ਜਾਨ ਨੂੰ ਰਜਸ੍ਵਲਾ ਕਹਿੰਦੇ ਹਨ ।

ਗਰਭ ਦੇ ਦਿਨਾਂ ਵਿਚ ਦੋ ਸੰਸਕਾਰ, ਇਕ ਚੌਥੇ ਮਹੀਨੇ ਵਿਚ ਪੁੰਸਵਨ, ਅਤੇ ਦੂਜਾ ਅੱਠਵੇਂ ਮਹੀਨੇ ਵਿਚ ਸੀਮੰਤੋਨੈਨ ਵਿਧੀ ਨਾਲ ਕਰੇ, ਜਦ ਸੰਤਾਨ ਦਾ ਜਨਮ ਹੋਵੇ ਤਦ ਇਸਤ੍ਰੀ ਅਤੇ ਮੁੰਡੇ ਦੇ ਸ਼ਰੀਰ ਦੀ ਰੱਖਛਾ ਬੜੀ ਹੁਸ਼ਿਆਰੀ ਨਾਲ ਕਰੇ ਅਰਥਾਤ ਸ਼ੁੰਠੀਪਾਕ, ਅਥਵਾ ਸੁਭਾਗ ਸ਼ੁੰਠੀ ਪਾਕ, ਪਹਲੇ ਹੀ ਬਨਵਾ ਰੱਖੇ, ਉਸ ਵੇਲੇ ਸੁਗੰਧੀ ਵਾਲਾ ਗਰਮ ਪਾਨੀ ਜੇਹੜਾ ਥੋੜਾ ਜਿਹਾ ਤੱਤਾ ਰਹ ਗਿਆ ਹੋਵੇ ਉਸ ਨਾਲ ਇਸਤ੍ਰੀ ਸਨਾਨ ਕਰੇ ਅਰ ਬੱਚੇ ਨੂੰ ਵੀ ਸਨਾਨ ਕਰਾਨ, ਫੇਰ ਨਾੜੂ ਕੱਟਨ, ਬੱਚੇ ਦੀ ਧੁੱਨੀ ਦੀ ਜੜ ਵਿਚ ਨਰਮ ਸੂਤ੍ਰ ਬਨ੍ਹਕੇ ਚਾਰ ਉਂਗਲ ਛਡਕੇ ਉਪਰੋਂ ਕੱਟ ਸੁਟੇ, ਉਸਨੂੰ ਅਜੇਹਾ ਬਨ੍ਹੇ ਕਿ ਜਿਸ ਨਾਲ ਸ਼ਰੀਰ ਦੇ ਲਹੂ ਦੀ ਇਕ ਬੂੰਦ ਭੀ ਨ ਵੱਗੇ, ਫੇਰ ਉਸ ਸਥਾਨ ਨੰ ਸਫਾ ਕਰਕੇ ਉਸਦੇ ਦਰਵਾਜ਼ੇ ਅੰਦਰ ਸੁਗੰਧੀ ਨਾਲ ਮਿਲੇ ਹੋਏ ਘਿਉ ਆਦੀਦਾ ਹੋਮ ਕਰੇ, ਫੇਰ ਬੱਚੇ ਦੇ ਕੰਨ ਵਿਚ ਪਿਉ ਵੇਦੋਸੀਤੀ, ਅਰਥਾਤ ਤੇਰਾਨਾਉਂ ਵੇਦ ਹੈ ਸੁਨਾਕੇ ਘਿਉ ਅਤੇ ਸ਼ਹਦ ਨੂੰ ਲੈਕੇ ਸੋਨੇ ਦੀ ਸਲਾਈ ਨਾਲ ਜ਼ਬਾਨ ਦੇ ਉਪਰ 'ਓ੩ਮ੍' (ਓਮ) ਲਿਖਕੇ ਸ਼ਹਦ ਅਤੇ ਘਿਉ ਨੂੰ ਉਸੇ ਸਲਾਈ ਨਾਲ ਚਟਾਵੇ, ਫੇਰ ਬੱਚਾ ਉਸਦੀ ਮਾਂ ਨੂੰ ਦੇਵੇ, ਜੇ ਦੁੱਧ ਪੀਨਾ ਚਾਹੇਤਾਂ ਉਸਦੀ ਮਾਂ ਪਿਲਾਵੇ, ਜੇ ਉਸਦੀ ਮਾਂ ਦਾ ਦੁੱਧ ਨ ਹੋਵੇ ਤਾਂ ਕਿਸੇ ਇਸਤ੍ਰੀ ਦੀ ਪਰੀਖਛਾ ਕਰਕੇ ਉਸਦਾ ਦੁਧ ਪਿਲਾਵੇ, ਫੇਰ ਦੂਜੀ ਸਫਾ ਕੋਠੜੀ ਯਾ ਜਿੱਥੋਂ ਦੀ ਹਵਾ ਸ਼ੁੱਧ ਹੋਵੇ ਓਥੇ ਸੁਗੰਧੀ ਵਾਲੇ ਘਿਉ ਦਾ ਹੋਮ ਸਵੇਰੇ ਅਤੇ ਸੰਧਯਾ ਵੇਲੇ ਕੀਤਾ ਕਰੇ ਅਰ ਉਸੇ ਵਿਚ ਪ੍ਰਸੂਤਾ ਇਸਤ੍ਰੀ ਤਥਾ ਬਾਲਕ ਨੂੰ ਰਖੇ, ਬੱਚਾ ਛੀ ਦਿਨ ਤਕ ਮਾਂ ਦਾ ਦੁਧ ਪੀਵੇ ਅਰ ਇਸਤ੍ਰੀ ਭੀ ਅਪਨੇ ਸ਼ਰੀਰ ਦੀ ਪੁਸ਼ਟੀ ਦੇ ਵਾਸਤੇ ਅਨੇਕ ਪ੍ਰਕਾਰ ਦੇ ਉੱਤਮ ਭੋਜਨ ਖਾਵੇ, ਅਰ ਯੋਨੀ ਸੰਕੋਚ ਆਦੀ ਭੀ ਕਰੇ, ਛੀਵੇਂ ਦਿਨ ਇਸਤ੍ਰੀ ਬਾਹਰ ਨਿਕਲੇ ਅਰ ਬੱਚੇ ਦੇ ਦੁੱਧ ਪੀਨ ਵਾਸਤੇ ਕੋਈ ਦਾਈ ਰੱਖੇ, ਓਸਨੂੰ ਚੰਗੀ ਤਰਾਂ ਨਾਲ ਖੁਆਨ ਪਿਲਾਨ ਓਹ ਬੱਚੇ ਨੂੰ ਦੁੱਧ ਪਿਲਾਵੇ, ਅਤੇ ਪਾਲੇ ਭੀ ਪਰੰਤੁ ਉਸਦੀ ਮਾਂ ਬੱਚੇ ਦਾ ਪੂਰਾ ਖਿਆਲ ਰਖੇ ਕਿਸੇ ਤਰਾਂ ਦਾ ਬੇਮੁਨਾਸਬ ਵਿਹਾਰ ਉਸਦੇ ਪਾਲਨ ਵਿੱਚ ਨ ਹੋਵੇ, ਇਸਤ੍ਰੀ ਦੁੱਧ ਬੰਦ ਕਰਨ ਦੇ ਵਾਸਤੇ ਥਨਦੇ ਮੁੰਹ ਤੇ ਅਜੇਹਾ ਲੇਪ ਕਰੇ ਕਿ ਜਿਹਦੇ ਕਰਕੇ ਦੁੱਧ ਨ ਚੋਵੇ, ਉਸੇ ਪ੍ਰਕਾਰ ਖਾਨ ਪੀਨ ਦਾ ਬੰਦੋਬਸਤ ਭੀ ਠੀਕ ਠੀਕ ਰੱਖੇ, ਫੇਰ ਨਾਮਕਰਣ ਆਦੀ 'ਸੰਸਕਾਰ' ਸੰਸਕਾਰ ਵਿਧੀ ਦੀ ਰੀਤੀ ਨਾਲ ਆਪੋ ਅਪਨੇ ਵੇਲੇ ਤੇ ਕਰਦਾ ਜਾਵੇ, ਜਦ ਇਸਤ੍ਰੀ ਫੇਰ ਰਜਸ੍ਵਲਾ ਹੋਵੇ ਤਦ ਨ੍ਹਾਨ ਧੋਨ ਥੀਂ ਪਿੱਛੋਂ ਉੱਸੇ ਤਰਾਂ ਰਿਤੂ ਦਾਨ ਦੇਵੇ॥

ਰਿਤੁਕਾਲਾਭਿਗਾਮੀ ਸਯਾਤਸ੍ਵਦਾਰਨਿਰਤਃ ਸਦਾ। ਪਰਵ-ਵਰਜੰ ਬ੍ਰਜੇਚੈਨਾਂ ਤਦਵ੍ਰਤੋ ਰਤਿਕਾਮਯਾ॥ ਮਨੁਃ ੩।੪੫॥

ਨਿੰਦਜਾਸ੍ਵਸ਼ਟਾਸੁ ਸਤ੍ਰਿਯੋ ਰਾਤ੍ਰਿਸ਼ੁ ਵਰਜਯਨ।
ਬ੍ਰਹਮਚਾਰੱਯੇਵ ਭਵਤਿ ਯਤ੍ਰ ਤਤ੍ਰਾਸ਼੍ਰਮੇ ਵਸਨ॥ ਮਨੁ੩।੫੦।

ਜਿਹੜਾ ਅਪਨੀ ਇਸਤ੍ਰੀ ਤੋਂ ਪ੍ਰਸੰਨ ਅਤੇ ਨਿਸ਼ੇਧ ਕੀਤੀ ਹੋਈ ਰਾਤਾਂ ਵਿੱਚ ਅਪਨੀ ਇਸਤ੍ਰੀ ਤੋਂ ਪਰੇ ਰਹਿੰਦਾ ਅਰ ਰਿਤੂਗਾਮੀ ਹੁੰਦਾ ਹੈ, ਓਹ ਗ੍ਰਿਹਸਥੀ ਭੀ ਬ੍ਰਹਮਚਾਰੀ ਵਰਗਾ ਹੈ॥

ਸੰਤੁਸ਼ਟੋ ਭਾਰਯਯਾ ਭਰਤਾ ਭਰਤ੍ਰਾ ਭਾਰਯਾ ਤਥੈਵ ਚ।
ਯਸਮਿੱਨੇਵ ਕੁਲੇ ਨਿਤਜੰ ਕਲਜਾਣੰ ਤਤ੍ਰ ਵੈ ਧ੍ਰੁਵਮ॥੧॥
ਯਦਿ ਹਿ ਸਤ੍ਰਿ ਨ ਰੋਚੇਤ ਪੁਮਾਂਸੱਨ ਪ੍ਰਮੋਦਯੇਤ।
ਅਪ੍ਰਮੋਦਾਤ ਪੁਨਃ ਪੁੰਸਃ ਪ੍ਰਜਨੰ ਨ ਪ੍ਰਵਰਤਤੇ॥ ੨॥
ਸਤ੍ਰਿਯਾਂ ਤੁ ਰੋਚਮਾਨਾਯਾਂ ਸਰਵੰ ਤਦ੍ਰੋਚਤੇ ਕੁਲਮ।
ਤਸਜਾਂ ਤ੍ਵਰੋਚਮਾਨਾਯਾਂ ਸਰਵਮੇਵ ਨ ਰੋਚਤੇ॥ ੩॥

ਮਨੁਸਮ੍ਰਿਤੀ ਅਧਜਾਯ ੩। ਸ਼ਲੋਕ ੬੦-੬੧-੬੨॥

ਜਿਹੜੀ ਕੁਲ ਵਿਚ ਇਸਤ੍ਰੀ ਤੋਂ ਖਾਂਵਦ, ਅਤੇ ਖਾਂਵਦ ਤੋਂ ਇਸਤ੍ਰੀ ਚੰਗੀਤਰਾਂ ਨਾਲ ਪ੍ਰਸੰਨ ਰਹਿੰਦੀਹੈ ਉਸੇ ਕੁਲ ਵਿਚ ਸੁਭਾਗ ਅਤੇ ਧਨਠਹਰਦੇ ਹਨ, ਜਿਥੇ ਝਗੜਾ, ਦੁਖ ਰਹਿੰਦਾਹੈ ਓਥੇਮੰਦੇ ਭਾਗ ਅਤੇ ਗਰੀਬੀ ਆਕੇ ਡੇਰੇ ਜਮਾਂਦੀ ਹੈ, ਜੇਹੜੀ ਇਸਤ੍ਰੀ ਖਾਂਵਦ ਨਾਲ ਪ੍ਰੇਮ ਅਤੇ ਖਾਂਵਦ ਨੂੰਪ੍ਰਸੰਨ ਨਹੀਂ ਕਰਦੀ ਖਾਂਵਦ ਦੇ ਅਪ੍ਰਸੰਨ ਰਹਨ ਨਾਲ ਉਸ ਵਿਚ ਔਲਾਦ ਦੀ ਇਛਿਆ ਉਤਪੰਨ ਨਹੀਂ ਹੁੰਦੀ, ਇਸਤ੍ਰੀਦੇ ਪ੍ਰਸੰਨ ਰਹਨਥੀਂ ਸਬ ਕੁਲ ਪ੍ਰਸੰਨ ਰਹਿੰਦੀ, ਉਸਦੀ ਅਪ੍ਰਸੰਨਤਾ ਕਰਕੇ ਸਬ ਅਪ੍ਰਸੰਨ ਰਹਿੰਦੇ ਹਨ ਆਰਥਾਤ ਦੁਖ ਪਾਉਂਦੇ ਹਨ।

ਪਿਤ੍ਰਿਭਿਰਭ੍ਰਾਤ੍ਰਿਭਿਸ਼ਚੈਤਾਃ ਪਤਿਭਿਰਦੇਵਰੈਸਤਥਾ।
ਪੂਜਜਾ ਭੂਸ਼ਯਿਤਵਜਾਸ਼ ਤਬਹੁਕਲਜਾਣਮੀਪਸੁਭਿਃ॥੧॥
ਯਤ੍ਰ ਨਾਰੱਯਸਤੁ ਪੂਜਜੰਤੇ ਰਮੰਤੇ ਤਤ੍ਰ ਦੇਵਤਾਃ।
ਯਤ੍ਰੈਤਾਸਤੁ ਨ ਪੂਜਜੰਤੇ ਸਰਵਾਸ੍ਤਤ੍ਰਾਫਲਾਃਕ੍ਰਿਯਾਃ॥੨॥

ਸ਼ੋਚੰਤਿ ਜਾਮਯੋ ਯਤ੍ਰ ਵਿਨਸ਼ਯਤਜਾਸ਼ੁ ਤਤਕੁਲਮ।
ਨ ਸ਼ੋਚੰਤਿ ਤੁ ਯਤ੍ਰੈਤਾ ਵਰਧਤੇ ਤੱਧਿ ਸਰਵਦਾ ॥ ੩ ॥
ਤਸਮਾਦੇਤਾਃਸ਼ਦਾ ਪੂਜਜਾ ਭੂਸ਼ਣੱਛਾਦਨਾਸ਼ਨੈਃ।
ਭੂਤਿਕਾਮੈਰਨਰੈਰਨਿਤਜੰ ਸਤਕਾਰੇਸ਼ੂਤਸਵੇਸ਼ੁ ॥ ੪ ॥

ਮਨੁਸਮ੍ਰਿਤੀ ਅਧਜਾਯ ੩। ਸ਼ਲੋਕ ੫੫। ੫੬। ੫੭। ੫੯ ॥

ਪਿਉ, ਭਰਾ, ਖਾਉਂਦ, ਅਤੇ ਦੇਉਰ ਇਨ੍ਹਾਂ ਦਾ ਆਦਰ ਕਰਨ ਅਤੇ ਗਹਨੇ ਆਦੀ ਨਾਲ ਪ੍ਰਸੰਨ ਰੱਖਨ, ਜਿਨ੍ਹਾਂ ਨੂੰ ਵਡੇ ਕਲਿਆਣ ਦੀ ਇਛਾ ਹੋਵੇ ਓਹ ਅਜੇਹਾ ਕਰਨ, ਜਿਹੜੇ ਘਰ ਵਿਚ ਇਸਤ੍ਰੀਆਂ ਦਾ ਆਦਰ ਹੁੰਦਾ ਹੈ ਉਸ ਵਿਚ ਮਨੁਸ਼ ਵਿਦਵਾਨ ਹੋਕੇ ਦੇਵ ਨਾਉਂ ਰਖਾਕੇ ਆਨੰਦ ਨਾਲ ਰਹਿੰਦੇ ਹਨ, ਅਰ ਜਿਹੜੇ ਘਰ ਵਿਚਇਸਤ੍ਰੀਆਂਦਾ ਆਦਰ ਨਹੀਂ ਹੁੰਦਾ ਓਥੇ ਸਭਕੰਮ ਵਿਗੜ ਜਾਂਦੇ ਹਨ, ਜੇਹੜੇ ਘਰ ਯਾਂ ਕੁਲਵਿੱਚ ਇਸਤ੍ਰੀਆਂ ਚਿੰਤਾ ਵਿਚ ਡੁਬਕੇ ਦੁਖ ਪਾਉਂਦੀਆਂ ਹਨ ਓਹ ਕੁਲ ਝਟ ਪਟ ਹੀ ਨਸ਼ੂ ਭੁਸ਼ੂ ਹੋ ਜਾਂਦੀ ਹੈ, ਅਰ ਜੇਹੜੇ ਘਰ ਯਾਂ ਕੁਲ ਵਿਚ ਇਸਤ੍ਰੀਆਂ ਆਨੰਦ, ਉਤਸਾਹ ਅਤੇ ਪ੍ਰਸੰਨਤਾ ਵਿਚ ਰਤੀਆਂ ਹੋਈਆਂ ਰਹਿੰਦੀਆਂ ਹਨ ਓਹ ਕੁਲ ਸਦਾ ਵਧਦਾ ਹੈ,ਏਸਵਾਸਤੇ ਧਨਦੀ ਇਛਜਾ ਕਰਨ ਵਾਲੇ ਮਨੁਸ਼ਾਂ ਨੂੰ ਚਾਹੀਦਾ ਹੈ ਕਿਆਦਰ ਭਾਉ ਅਤੇ ਦਿਨ ਦਿਹਾੜੇ ਦੇ ਸਮੇ ਗਹਨੇ ਕਪੜੇ ਅਤੇ ਭੋਜਨ ਆਦੀ ਨਾਲ ਇਸਤ੍ਰੀਆਂ ਦਾ ਸਦਾ ਮਾਨ ਕਰਨ, ਏਹ ਗੱਲ ਸਦਾ ਧਿਆਨ ਵਿੱਚ ਰਖਨੀ ਚਾਹੀਦੀ ਹੈ ਕਿ 'ਪੂਜਾ' ਸ਼ਬਦ ਦਾ ਅਰਥ ਆਦਰ ਭਾਉ ਹੈ, ਅਰ ਦਿਨ ਰਾਤ ਵਿੱਚ ਜਦ ਜਦ ਪਹਲੋਂ ਮਿਲਨ, ਯਾਂ ਵੱਖਰੇ ਹੋਨ ਤਦ ਤਦ ਪ੍ਰੇਮ ਨਾਲ 'ਨਮਸਤੇ' ਇੱਕ ਦੂਜੇ ਨੂੰ ਕਰਨ ॥

ਸਦਾਪ੍ਰਹ੍ਰਿਸ਼ਟਯਾ ਭਾਵ੍ਯੰ ਗ੍ਰਿਹਕਰਯੇਸ਼ੁ ਦਕ੍ਸ਼ਯਾ।
ਸੁਸੰਸਕ੍ਰੁਤੋਪਸਕਰਯਾ ਵ੍ਯਯੇ ਚਾਮੁਕਤਹਸਤਯਾ ॥

ਮਨੁਸਮ੍ਰਿਤੀ ਅਧਜਾਯ ੫ ਸ਼ਲੋਕ ॥ ੧੫੦ ॥

ਇਸਤ੍ਰੀ ਨੂੰ ਚਾਹੀਦਾ ਹੈ ਕਿ ਬੜੀ ਪ੍ਰਸੰਨਤਾ ਨਾਲ ਘਰਦੇ ਕੰਮਾਂ ਵਿੱਚ ਚਤੁਰਾਈ ਨਾਲ ਵਰਤੇ,ਸਾਰੀਆਂ ਚੀਜ਼ਾਂ ਨੂੰ ਚੰਗੀ ਤਰਾਂ ਨਾਲ ਬਨਾਵੇ, ਘਰ ਦੀ ਸਫਾਈ ਰੱਖੇ, ਅਤੇ ਅੱਨ੍ਹੇ ਵਾਹ ਖਰਚ ਨ ਕਰੇ ਅਰਥਾਤ ਯਥਾਯੋਗ ਖਰਚ ਕਰੇ, ਸਭ ਚੀਜ਼ਾਂ ਪਵਿਤ੍ਰ ਰੱਖੇ, ਅਰ ਭੋਜਨ ਅਜੇਹੀ ਤਰਾਂ ਨਾਲ ਬਨਾਵੇ ਕਿ ਜਿਹੜਾ ਔਸ਼ਧ ਰੂਪ ਬਨਕੇ ਸ਼ਰੀਰ ਅਤੇ ਆਤਮਾ ਵਿੱਚ ਰੋਗ ਨੂੰ

ਨ ਆਉਨ ਦੇਵੇ, ਜਿਹੜਾ ਜਿਹੜਾ ਖਰਚ ਹੋਵੇ ਉਸਦਾ ਲੇਖਾ ਠੀਕ ਠੀਕ ਰੱਖਕੇ ਖਾਉਂਦ ਆਦੀ ਨੂੰ ਸੁਨਾ ਦਿੱਤਾ ਕਰੇ, ਘਰ ਦੇ ਨੌਕਰ ਚਾਕਰਾਂ ਤੋਂ ਯਥਾਯੋਗ ਕੰਮ ਲਵੇ, ਘਰ ਦੇ ਕਿਸੇ ਕੰਮ ਨੂੰ ਵਿਗੜਨ ਨ ਦੇਵੇ ॥

ਸਤ੍ਰਿਯੋ ਰਤਨਾਨਜਥੋ ਵਿਦਜਾ ਸਤਜੰ ਸ਼ੌਚੰ ਸੁਭਾਸ਼ਿਤਮ।
ਵਿਵਿਧਾਨਿ ਚ ਸ਼ਿਲਪਾਨਿ ਸਮਾਦੇਯਾਨਿ ਸਰਵਤਃ ॥

ਮਨੁਸਮ੍ਰਿਤੀ ਅਧਜਾਯ ੨ । ਸ਼ਲੋਕ ੨੪੦ ॥

ਉੱਤਮ ਇਸਤ੍ਰੀ, ਤਰਾਂ ਤਰਾਂ ਦੇ ਰਤਨ. ਵਿਦਜਾ, ਸੱਚ, ਪਵਿਤ੍ਰਤਾ, ਚੰਗਾ ਬੋਲਨਾ ਅਤੇ ਤਰਾਂ ਤਰਾਂ ਦੀ ਸ਼ਿਲਪਵਿਦਜਾ ਅਰਥਾਤ ਕਾਰੀਗਰੀ, ਸਭਨਾਂ ਦੇਸ਼ਾਂ ਤਥਾ ਸਭਨਾਂ ਮਨੁੱਸ਼ਾਂ ਤੋਂ ਲੈ ਲਵੇ ।

ਸਤਜ ਬ੍ਰਯਾਤ ਪ੍ਰਿਯੰ ਬ੍ਰਯੱਾਨ ਬ੍ਰਯਾਤ ਸਤਜਮ ਪ੍ਰਿਯਮ ।
ਪ੍ਰਿਯੰ ਚੈ ਨਾਨ੍ਰਿਤੰ ਬ੍ਰਯੱਾਦੇਸ਼ਧਰੱਮਃ ਸਨਾਤਨਃ ॥ ੧॥
ਭਦ੍ਰੰ ਭਦ੍ਰਮਿਤਿ ਬ੍ਰਯੱਾਦ ਭਦ੍ਰਮਿਤਜੇਵ ਵਾ ਵਦੇਤ ।
ਸੁਸ਼ਕਵੈਰੰ ਵਿਵੱਾਦੰ ਚ ਨ ਕੁਰਯਾਤਕੇਨਚਿਤਸਹ।੨।

ਮਨੁਸਮ੍ਰਿਤੀ ਅਧਜਾਯ ੪ । ਸ਼ਲੋਕ ੧੩੮–੧੩੯ ॥

ਸਦਾ ਮਿੱਠਾ ਸੱਚ ਦੂਜੇ ਦਾ ਹਿਤਕਾਰੀ ਬੋਲੇ, ਕੌੜਾ ਸੱਚ ਅਰਥਾਤ ਕਾਣੇ ਨੂੰ ਕਾਣਾ ਨਾ ਬੋਲੇ, ਝੂਠ ਦੂਜੇ ਨੂੰ ਪ੍ਰਸੰਨ ਕਰਨ ਲਈ ਨ ਬੋਲੇ ॥ ੧ ॥ ਸਦਾਭੱਦ੍ਰ ਅਰਥਾਤ ਸਬ ਦੇ ਹਿਤਕਾਰੀ ਵਚਨ ਬੋਲਿਆ ਕਰੇ, ਸੁੱਕੀ ਦੁਸ਼ਮਨੀ ਅਰਥਾਤ ਬਗੈਰ ਅਪਰਾਧ ਥੀਂ ਕਿਸੇ ਦੇ ਨਾਲ ਵਿਰੋਧ ਯਾ ਝਗੜਾ ਨ ਕਰੇ ॥ ੨॥

ਜੇਹੜੀ ਗੱਲ ਦੂਜੇ ਦੀ ਹਿਤਕਾਰੀ ਹੋਵੇ ਭਾਵੇਂ ਉਹਨੂੰ ਬੁਰੀ ਭੀ ਲੱਗੇ ਤਾਂ ਭੀ ਕਹੇ ਬਗੈਰ ਨ ਰਹੇ ॥

ਪੁਰੁਸ਼ਾ ਬਹਵੋ ਰਾਜਨ ਸਤਤੰ ਪ੍ਰਿਯਵਾਦਿਨਃ ।
ਅਪ੍ਰਿਯਸਜ ਤੁ ਪਥਜਸਜ ਵਕਤਾ ਸ਼੍ਰੋਤਾ ਚ ਦੁਰਲਭਃ ॥

ਉਦਜੋਗਪਰਵ ਵਿਦੁਰਨੀਤਿ੦ ॥

ਹੇ ਧ੍ਰਿਤਰਾਸ਼ਟ੍ਰ ਏਸ ਸੰਸਾਰ ਵਿੱਚ ਦੂਜੇ ਨੂੰ ਸਦਾ ਪ੍ਰਸੰਨ ਕਰਨ ਲਈ ਮਿੱਠਾ ਬੋਲਨ ਨਾਲ ਵਡਿਆਈ ਕਰਨ ਵਾਲੇ ਬਹੁਤ ਹਨ, ਪਰੰਤੂ ਸੁਨਨ ਵਿੱਚ ਕੌੜਾ ਮਲੂਮ ਹੋਵੇ ਅਤੇ ਵਿੱਚੋਂ ਕਲਿਆਣ ਦੇ ਕਰਨ ਵਾਲਾ ਵਚਨ ਹੋਵੇ ਓਸਨੂੰ ਕਹਨੇ ਅਰ ਸੁਨਨੇ ਵਾਲਾ ਪੁਰੁਸ਼ ਦੁਰਲੱਭ ਹੈ, ਕਿਉਂ ਜੋ ਭਲੇ ਪੁਰੁਸ਼ ਇਸੇ

ਨੂੰ ਚੰਗਾ ਸਮਝਦੇ ਹਨ, ਕਿ ਮੂੰਹ ਸਾਮਨੇ ਦੂਜੇ ਦਾ ਦੋਸ਼ ਕਹਨਾ ਅਤੇ ਅਪਨਾ ਦੋਸ਼ ਸੁਨਨਾ, ਪਿਛੇ ਦੂਜੇ ਦਾ ਗੁਣ ਸਦਾ ਕਹਨਾ ਅਰ ਦੁਸ਼ਾਂ ਦੀ ਏਹੋ ਰੀਤ ਹੈ ਕਿ ਮੂੰਹ ਸਾਮਨੇ ਗੁਣ ਕਹਨੇ ਅਤੇ ਪਿੱਛੋਂ ਦੋਸ਼ਾਂ ਨੂੰ ਪ੍ਰਗਟ ਕਰਨਾ, ਜਦ ਤਕ ਮਨੁਸ਼ ਦੂਜੇ ਨੂੰ ਅਪਨੇ ਦੋਸ਼ ਨਹੀਂ ਕਹਿੰਦਾ ਤਦ ਤਕ ਮਨੁੱਸ਼ ਦੋਸ਼ਾਂ ਤੋਂਛੁੱਟ ਕੇ ਗੁਣਵਾਨ ਨਹੀਂ ਹੋਸਕਦਾ। ਕਦੇ ਕਿਸੇ ਦੀ ਨਿੰਦਿਆ ਨ ਕਰੇ। ਜਿਹਾਕੁ

"ਗੁਣੇਸ਼ੁ ਦੋਸ਼ਾਰੋਪਣਮਸ਼ੂਯਾ" ਅਰਥਾਤ "ਦੋਸ਼ੇਸ਼ੁ ਗੁਣਾਰੋਪਣਮਪਜਸ਼ੂਯਾ" "ਗੁਣੇਸ਼ੁ ਗੁਣਾਰੋਪਣੰ ਦੋਸ਼ੇਸ਼ੁ ਦੋਸ਼ਾਰੋਪਣੰ ਚ ਸਤ੍ਰੁਤਿਃ"।

ਜਿਹੜਾ ਗੁਣਾਂ ਵਿੱਚ ਦੋਸ਼, ਦੋਸ਼ਾਂ ਵਿੱਚ ਗੁਣ ਲਗਾਨਾ,ਉਹ ਨਿੰਦਿਆ ਅਤੇ ਗੁਣਾਂ ਵਿੱਚ ਗੁਣ, ਦੋਸ਼ਾਂ ਵਿੱਚ ਦੋਸ਼ ਦਾ ਕਥਨ ਕਰਨਾ ਉਸਤਭੀ ਕਹਾਉਂਦੀ ਹੈ,ਅਰਥਾਤ ਝੂਠ ਬੋਲਨ ਦਾ ਨਾਉਂ ਨਿੰਦਿਆ ਅਤੇ ਸੱਚ ਬੋਲਨ ਦਾ ਨਾਉਂਉਸਤਭੀ ਹੈ।

ਬੁੱਧਿਵ੍ਰੱਧਿਕਰਾਣਜਾਸ਼ੁਧਨਜਾਨਿਚਹਿਤਾਨਿ ਚਾਨਿਤਜੰ ਸ਼ਾਸਤ੍ਰਾਣਜ ਵੇਖਛੇਤ ਨਿਗਮਾਂਸ਼ਚੈਵ ਵੈਦਿਕਾਨ ॥ ੧॥
ਯਥਾਯਥਾਹਿ ਪੁਰੁਸ਼ਃ ਸ਼ਾਸਤ੍ਰੰਸਮਧਿਗੱਛਤਿ।ਤਥਾ ਤਥਾ ਵਿਜਾਨਾਤਿਵਿਜਵਾਨੰਚਾਸਜਰੋਚਤੇ॥੨॥ ਮਨੁਃ ੪ । ੧੯-੨੦

ਜਿਹੜੇ ਭੁਰਤ ਬੁੱਧੀ ਧਨ ਅਤੇ ਹਿਤ ਦਾ ਵਾਧਾ ਕਰਨੇ ਵਾਲੇ ਸ਼ਾਸਤ੍ਰ ਅਤੇ ਵੇਦ ਹਨ, ਉਨ੍ਹਾਂ ਨੂ ਸਦਾ ਸੁਨਨ ਅਤੇ ਸੁਨਾਉਨ, ਬ੍ਰਹਮਚਰਯ ਆਸ਼੍ਰਮ ਵਿੱਚ ਜੋ ਪੜ੍ਹੇ ਹੋਨ ਓਸਨੂੰ ਇਸਤ੍ਰੀ ਪੁਰੁਸ਼ ਸਦਾ ਬਿਚਾਰਿਆ ਅਤੇ ਪੜ੍ਹਿਆ ਕਰਨ ॥ ੧੯ ॥ ਕਿਉਂ ਜੋ ਜਿਉਂ ਜਿਉਂ ਮਨੁਸ਼ ਸ਼ਾਸਤ੍ਰਾਂ ਨੂੰ ਠੀਕ ਠੀਕ ਜਾਨਦਾ ਹੈ ਤਿਉਂ ਤਿਉਂ ਉਸ ਵਿਦ੍ਯਾ ਦਾ ਵਿਗਜਾਨ ਜਾਂਦਾ ਹੈ ਅਤੇ ਉਸ ਵਿਖ ਰੁਚੀ ਵਧਦੀ ਰਹਿੰਦੀ ਹੈ ॥ ੨੦ ॥

ਰਿਸ਼ਿਯਜ੍ਞੰ ਦੇਵਯਜ੍ਞੰ ਭੂਤਯਜ੍ਞੰ ਚ ਸਰਵਦਾ ॥
ਨ੍ਰਿਯਜ੍ਞੰ ਪਿਤ੍ਰਿਯਜ੍ਞੰ ਚ ਯਥਾਸ਼ਕਤਿ ਨ ਹਾਪਯੇਤ ॥

ਮਨੁਸਮ੍ਰਿਤੀ ਅਧਜ੍ਯਾਯ ੪ । ਸ਼ਲੋਕ ੨੧ ।

ਅਧਜ੍ਯਾਪਨੰ ਬ੍ਰਹਮਯਜ੍ਞਃ ਪਿਤ੍ਰਿਯਜ੍ਞਸ਼ਚਤਰ੍ਪਣਮ॥
ਹੋਮੋ ਦੈਵੋ ਬਲਿਰਭੌਤੋ ਨ੍ਰਿਯਜ੍ਞੋਅਤਿਥਿਪੂਜਨਮ॥੨॥

ਮਨੁਸਮਿਤੀ ਅਧਜ੍ਯਾਯ ੩ ; ਸ਼ਲੋਕ ੭੦॥

ਸ਼੍ਰਾਧਜ਼ਾਯੇਨਾਰਚਯੇਤਰਸ਼ੀਨਹੋਮੈਰਦੇਵਾਨਯਥਾਵਿਧਿ।
ਪਿਤ੍ਰੀਨ ਸ਼੍ਰਾੱਧੈਰਨ੍ਵੀਨੱਨੈਰਭੂਤਾਨਿ ਬਲਿਕਰਮਣਾ॥੩॥

ਮਨੁਸਮ੍ਰਿਤੀ ਅਧਜ਼ਾਯ ੩। ਸ਼ਲੋਕ ੮੧।

ਦੋ ਯੱਗ ਬ੍ਰਹਮਚਰਯ ਵਿਚ ਲਿਖੇ ਹਨ, ਇਨਾਂ ਵਿਚ ਸਭ ਤੋਂ ਪਹਲੇ ਬ੍ਰਹਮਯਗ, ਅਰਥਾਤ ਵੇਦ ਆਦੀ ਸ਼ਾਸਤ੍ਰਾਂ ਦਾ ਪੜ੍ਹਨਾ ਪੜ੍ਹਾਨਾ, ਸੰਧਿਆ ਉਪਾਸਨਾ, ਯੋਗਾਭਿਆਸ ਕਰਨਾ, ਦੂਜਾ ਦੇਵਯੱਗ ਵਿਦਵਾਨਾਂ ਦਾ ਸੰਗ ਅਤੇ ਸੇਵਾ, ਪਵਿਤ੍ਰਤਾ, ਦਿੱਵ ਗੁਣਾਂ ਦਾ ਰਖਨਾ, ਦਾਨ, ਵਿਦਜ਼ਾ ਦਾ ਵਾਧਾ ਕਰਨਾ ਏਹ ਦੋਨੋਂ ਯਗ ਤ੍ਰੂਕਾਲਾਂ ਵੇਲੇ ਅਤੇ ਸਵੇਰੇ ਕਰਨੇ ਚਾਹੀਦੇ ਹਨ।

ਸਾਯੰਸ਼ਾਯੰ ਗ੍ਰਿਹਪਤਿਰਨੋ ਅਗਨਿਃ ਪ੍ਰਾਤਃ ਪ੍ਰਾਤਃਸੌਮਨ
ਸਸਜ਼ ਦਾਤਾ ॥੧॥ ਪ੍ਰਾਤਃਪ੍ਰਾਤਰਗ੍ਰਿਹਪਤਿਰਨੋ ਅਗਨਿਃ
ਸ ਯਸਾਯੰ ਸ਼ੌਮਨਸਸਜ਼ ਦਾਤਾ ॥ ੨ ॥

ਅਥਰਵਵੇਦ ਕਾਂਡ ੧੯ ਅਨੁਵਾਕ ੭ ਮੰਤ੍ਰ ੩-੪ ॥

ਤਸਮਾਦਹੋਰਾਤ੍ਰਸਜ਼ਸੰਯੋਗੇ ਬ੍ਰਾਹਮਣਃਸੰਧਜ਼ਾਮੁਪਾਸੀਤ।
ਉਦਗੈਤਮਸਤੰ ਯਾਂਤਮਾਦਿਤਜ਼ਮਭਿਧਜ਼ਾਯਨ॥ ੩ ॥

ਸ਼ਡਵਿੰਸ਼ਬ੍ਰਾਹਮਣ। ਪ੍ਰਪਾਠਕ ੪। ਖੰਡ ੫॥

ਨਤਿਸ਼ਠਤਿਤੁ ਯਃਪੂਰਵਾਂਨੋਪਾਸਤੇ ਯਸਤੁਪਸ਼ਚਿਮਾਮ।
ਸ ਸਾਦ੍ਵਦ੍ਵਿਜ਼ਕਾਰਯਃ ਸਰਵਸਮਾਦ ਦ੍ਵਿਜਕਰਮਣਃ।

ਮਨੁਸਮ੍ਰਿਤੀ ਅਧਜ਼ਾਯ ੨। ਸ਼ਲੋਕ ੧੦੩ ॥

ਜੇਹੜਾ ਤ੍ਰੂਕਾਲਾਂ ਵੇਲੇ ਹੋਮ ਕੀਤਾ ਜਾਂਦਾਹੈ ਓਹ ਹੋਮ ਕੀਤੀਆਂ ਗਈਆਂ ਚੀਜ਼ਾਂ ਸਵੇਰ ਤਕ ਵਾਯੁ ਨੂੰ ਸ਼ੁਧ ਕਰਕੇ ਸੁਖ ਪਹੁੰਚਾਂਦੀਆਂ ਹਨ ਅਰ ਜਿਹੜਾ ਹੋਮ ਸਵੇਰਦੇ ਵੇਲੇ ਅੱਗ ਵਿੱਚ ਕੀਤਾ ਜਾਂਦਾਹੈ ਓਹ ਹੋਮ ਦੀਆਂਚੀਜ਼ਾਂਤ੍ਰੂਕਾਲਾਂ ਵੇਲੇ ਤਕ ਵਾਯੁ ਨੂੰ ਸ਼ੁਧ ਰੱਖਨ ਨਾਲ ਬਲ, ਬੁੱਧੀ ਅਤੇ ਅਰੋਗਤਾ ਦੇ ਦੇਨ ਵਾਲੀਆਂ ਹੁੰਦੀਆਂ ਹਨ, ਏਸੇ ਵਾਸਤੇ ਦਿਨ ਅਤੇ ਰਾਤ ਦੇ ਮਿਲਨ ਵੇਲੇ ਅਰਥਾਤ ਸੂਰਯ ਦੇ ਚੜ੍ਹਨ ਅਤੇ ਡੁੱਬਣ ਵੇਲੇ ਪਰਮੇਸ਼ੁਰ ਦਾ ਧਿਆਨ ਅਰ ਅਗਨੀਹੋਤ੍ਰ (ਹੋਮ) ਸ਼ਰੂਰ ਕਰਨਾ ਚਾਹੀਦਾ ਹੈ, ਅਰ ਜਿਹੜਾ ਇਹ ਦੋਵੇਂ ਕੰਮ ਤ੍ਰੂਕਾਲਾਂ ਅਤੇ

ਸਵੇਰ ਵੇਲੇ ਨਾ ਕਰੇ ਉਸ ਨੂੰ ਸੱਜਨ ਲੋਗ ਦ੍ਵਿਜਾਂ ਦੇ ਸਭ ਕੰਮਾਂ ਥੀਂ ਬਾਹਰ ਕਢ ਦੇਨ ਅਰਥਾਤ ਉਸਨੂੰ ਸ਼ੂਦ੍ਰ ਵਰਗਾ ਸਮਝਨ।

(ਪ੍ਰਸ਼ਨ) ਤਿੰਨ ਵੇਲੇ ਸੰਧਿਆ ਕਿਉਂ ਨਹੀਂ ਕਰਨੀ ?

(ਉਤਰ)ਤਿਨ ਵੇਲੇ*ਸੰਧੀ ਨਹੀਂ ਹੁੰਦੀ ਚਾਨਨ ਅਤੇ ਅਨ੍ਹੇਰੇਦੀ ਸੰਧੀਭੀ ਝੁਕਾਲਾਂ ਅਤੇ ਸਵੇਰੇ ਦੋ ਹੀ ਵੇਲੇ ਹੁੰਦੀ ਹੈ, ਜਿਹੜਾ ਏਸ ਨੂੰ ਨਾ ਮੰਨ ਕੇ ਦੁਪਹਰ ਵੇਲੇ ਦੀ ਤੀਜੀ ਸੰਧਿਆ ਮੰਨੇ ਉਹ ਅੱਧੀ ਰਾਤ ਵੇਲੇ ਭੀ ਸੰਧਿਆ ਉਪਾਸਨਾ ਕਿਉਂ ਨਾ ਕਰੇ ? ਜਿਹੜਾ ਅੱਧੀ ਰਾਤ ਵਿੱਚ ਭੀ ਕਰਨਾ ਚਾਹੇ ਤਾਂ ਪਹਰ ਪਹਰ ਘੜੀ ਘੜੀ ਪਲ ਪਲ ਅਤੇ ਛਿਨ ਛਿਨ ਦੀ ਭੀ ਸੰਧੀਆਂ ਹੁੰਦੀਆਂ ਹਨ, ਉਨਾਂ ਵਿਚ ਭੀ ਸੰਧਿਆ ਉਪਾਸਨਾ ਕੀਤਾ ਕਰੇ, ਜੇ ਅਜੇਹਾ ਭੀ ਕਰਨਾ ਚਾਹੇ ਤਾਂ ਇਹ ਗੱਲ ਹੋਹੀ ਨਹੀਂ ਸਕਦੀ, ਅਰ ਦੁਪਹਰ ਦੀ ਸੰਧਿਆ ਦਾ ਪ੍ਰਮਾਣ ਕਿਸੇ ਸ਼ਾਸਤ੍ਰ ਵਿਚ ਭੀ ਨਹੀਂ, ਏਸ ਲਈ ਦੁਹਾਂ ਵੇਲਿਆਂ ਵਿੱਚ ਸੰਧਿਆ ਅਤੇ ਹੋਮ ਕਰਨਾ ਯੋਗ ਹੈ ਤੀਜੇ ਵੇਲੇ ਨਹੀਂ, ਅਰ ਜਿਹੜੇ ਤਿੰਨ ਕਾਲ ਹੁੰਦੇ ਹਨ ਓਹ ਭੂਤ, ਭਵਿੱਸ਼ਤ, ਅਤੇ ਵਰਤਮਾਨ ਦੇ ਭੇਦ ਕਰਕੇ ਹਨ, ਸੰਧਿਆ ਉਪਾਸਨਾ ਦੇ ਭੇਦ ਕਰਕੇ ਨਹੀਂ।

ਤੀਜਾ 'ਪਿਤ੍ਰੀਯੱਗ' ਹੈ ਅਰਥਾਤ ਵਿਦਵਾਨ, ਰਿਸ਼ੀ, ਪੜ੍ਹਨੇ ਪੜ੍ਹਾਨੇ ਵਾਲੇ, ਵੱਡੇ ਵਡੇਰੇ ਮਾਂ, ਪਿਉ ਆਦੀ, ਬੁੱਢੇ ਅਤੇ ਗਿਆਨੀ, ਅਰ ਪਰਮਯੋਗੀ ਆਦੀ ਦੀ ਸੇਵਾ ਕਰਨੀ, ਪਿਤ੍ਰੀਯੱਗ ਦੇ ਦੋ ਭੇਦ ਹਨ ਇੱਕ ਸ਼੍ਰਾਧ ਅਤੇ ਦੂਜਾ ਤਰਪਣ, ਸ਼੍ਰੱਧਾ ਅਰਥਾਤ ਸ਼੍ਰਤ ਸੱਚ ਦਾ ਨਾਉਂ ਹੈ। "ਸ਼੍ਰਤਸਤਯੰ ਦਧਾਤਿ ਯਯਾ ਕ੍ਰਿਯਯਾਸਾ ਸ਼੍ਰੱਧਾ ਸ਼੍ਰੱਧਯਾ ਯਤ ਕ੍ਰਿਯਤੇ ਤਤ੍ਛ੍ਰਾੱਧਮ" ਜਿਹੜੀ ਕ੍ਰਿਯਾ ਨਾਲ ਸਚਾਈ ਨੂੰ ਗ੍ਰਹਣ ਕੀਤਾ ਜਾਵੇ ਉਸ ਨੂੰ ਸ਼੍ਰੱਧਾ ਅਤੇ ਜੇਹੜਾ ਸ਼੍ਰੱਧਾ ਨਾਲ ਕੰਮ ਕੀਤਾ ਜਾਵੇ ਉਸਦਾ ਨਾਮ ਸ਼੍ਰਾਧ ਹੈ, ਅਰ "ਤ੍ਰਿਪ੍ਯੰਤਿ ਤਰਪਯੰਤਿਯੇਨ ਪਿਤ੍ਰੀਨ ਤੱਤਰਪਣਮ" ਜਿਹੜੇ ਜਿਹੜੇ ਕੰਮ ਨਾਲ ਤ੍ਰਿਪਤ ਅਰਥਾਤ ਜੀਂਉਦੇ ਮਾਂ ਪਿਉ ਆਦੀ ਵੱਡੇ ਵਡੇਰੇ ਪ੍ਰਸੰਨ ਹੋਨ ਅਰਪ੍ਰਸੰਨ ਕੀਤੇ ਜਾਨ ਉਸਦਾ ਨਾਉਂ ਤਰਪਣ ਹੈ, ਪਰੰਤੂ ਇਹ ਜੀਉਂਦਿਆਂ ਦੇ ਵਾਸਤੇ ਹੈ, ਮੋਏ ਹੋਇਆਂ ਦੇ ਵਾਸਤੇ ਨਹੀਂ ॥

ਓਂ ਬ੍ਰਹਮਾਦਯੋਦੇਵਾਸਤ੍ਰਿਪ੍ਯੰਤਾਮ। ਬ੍ਰਹਮਾਦਿਦੇਵਪਤ੍ਨਯਸਤ੍ਰਿਪ੍ਯੰਤਾਮ। ਬ੍ਰਹਮਾਦਿ ਦੇਵ ਸੁਤਾਸਤ੍ਰਿਪ੍ਯੰਤਾਮ। ਬ੍ਰਹਮਾਦਿਦੇਵ ਗਣਾਸਤ੍ਰਿਪ੍ਯੰਤਾਮ। ਇਤਿ ਦੇਵਤਰਪਣਮ।

"ਵਿਦ: ।ਗੁਅੰਸੋਹਿ ਦੇਵਾ :" ਇਹ ਸ਼ਤਪਥ ਬ੍ਰਾਹਮਣ ਦਾ ਵਚਨ ਹੈ,

*ਸੰਧੀ ਮੇਲ ਦਾ ਨਾਉਂ ਹੈ ॥

जिहड़े विदवान हन उुनां नूं ही देव कहिंदे हन, जेहड़े अंगां अते उपांगां दे नाल चहूं वेदां दे जानन वाले हन उुनां दा नाउं ब्रहमा है, अर जिहड़े उुनां तोंघॅट होन उुनां दा नाउ देव अरथात विदवान है, उुनां वरगी उुनां दी पड़ी होई इसत्री ब्राहमणी देवी, अर उुनां वरगे जिहड़े मुंडे अते शिशज हन अर उुनां दे नौकर उुनां सबनां दी सेवा करना इसदा नाउं श्राध अते तरपण है॥

अथ रिशी तरपणम।

ओं मरीचजादध रिशधसत्रिपजंतामा मरीचजा दज रिशिपतनजस त्रिपजंतामा।मरीचजादजरशि-सुतासत्रिपजंतामा। मरीचजादजरिशिगणासत्रिपजं तामा। इति रिशि तरपणम।

जहड़े ब्रहमा दे पड़पोते मरीची वरगे विदवान होके पड़न अर जेहड़े उुनां वरगे विदवान होन, अर उुनां दीआं इसत्रीआं, कुड़ीआं नूं विदिआ दान देन, जिहड़े उुनां वरगे मुंडे अते शिशज तथा उुनां दे नौकर होन, उुनां दी सेवा अते आदर भाउ करना रिशी तरपण है॥

अथ पित्री तरपणम।

ओंसोमसदः पितरसत्रिपजंतामा। अगनिशूंतां: पितरसत्रिपजंतामा। वरहिशदः पितरसत्रिपजं-तामा। सोमपाः पितरसत्रिपजंतामा। हविरभुजः पितरसत्रिपजंतामा।आजजपाःपितरसत्रिपजंतामा। सुकालिनः पितरसत्रिपजंतामा। यमादिभजो नमः यमादींसतरपयामि। पितृसूधा नमः पितरं तर-पयामि। पितामहाज सूधा नमः पितामहं तरप-

ਯਾਮਿ।ਪ੍ਰਪਿਤਾਮਹਾਯ ਸ੍ਵਧਾ ਨਮਃ ਪ੍ਰਪਿਤਾਮਹੰਤਰਪ-
ਯਾਮਿ।ਮਾਤ੍ਰੇਸ੍ਵਧਾ ਨਮੋ ਮਾਤਰੰਤਰਪਯਾਮਿ।ਪਿਤਾਮਹਜੈ
ਸ੍ਵਧਾ ਨਮਃ ਪਿਤਾਮਹੀਂ ਤਰਪਯਾਮਿ । ਪ੍ਰਪਿਤਾਮਹਜੈ
ਸ੍ਵਧਾ ਨਮਃਪ੍ਰਪਿਤਾਮਹੀਂ ਤਰਪਯਾਮਿ। ਸ੍ਵਪਤਨਜੈਸ੍ਵਧਾ
ਨਮਃ ਸ੍ਵਪਤਨੀਂ ਤਰਪਯਾਮਿ।ਸੰਬੰਧਿਭ੍ਯਃ ਸ੍ਵਧਾ ਨਮਃ
ਸੰਬੰਧਿਨਸਤਰਪਯਾਮਿ । ਸਗੋਤ੍ਰੇਭ੍ਯਃ ਸ੍ਵਧਾ ਨਮਃ
ਸਗੋਤ੍ਰਾਂਸਤਰਪਯਾਮਿ॥ ਇਤਿ ਪਿਤ੍ਰਿਤਰਪਣਮ॥

"ਯੇ ਸੋਮੇ ਜਗਦੀਸ਼੍ਵਰੇ ਪਦਾਰਥਵਿਦ੍ਯਾਯਾਂ ਚ ਸੀਦੰਤਿ ਤੇ ਸੋਮਸਦਃ" ਜਿਹੜੇ ਪਰਮੇਸ਼੍ਵਰ ਦੀ ਵਿਦ੍ਯਾ ਅਤੇ ਪਦਾਰਥ ਵਿਦ੍ਯਾਵਿੱਚ ਪੂਰੇ ਹੋਨ ਓਹ ਸੋਮਸਦਾ

"ਯੇਰਗਨਿਰਵਿਦਯੁਤੋ ਵਿਦ੍ਯਾਗ੍ਰਿਹੀਤਾ ਤੇ ਅਗਨਿਸ੍ਵਾਤਾਃ" ਜਿਹੜੇ ਅਗਨੀ ਅਰਥਾਤ ਬਿਜਲੀ ਆਦੀ ਪਦਾਰਥਾਂ ਦੇ ਜਾਨਨ ਵਾਲੇ ਹੋਨ ਓਹ ਅਗਨੀਸ੍ਵਾਤ ॥

"ਯੇਬਰਹਿਸ਼ਿਉੱਤਮੇਵਜ਼ਵਹਾਰੇ ਸੀਦੰਤਿ ਤੇ ਬਰਹਿਸ਼ਦਃ"ਜੇਹੜੇ ਉੱਤਮ ਕੰਮ ਅਰਥਾਤ ਵਿਦ੍ਯਾ ਦੇ ਪ੍ਰਚਾਰ ਵਿਚ ਲੱਗੇ ਹੋਏ ਹੋਨ ਓਹ ਬਰਹਿਸ਼ਦ ॥

"ਯੇ ਸੋਮਮੈਸ਼੍ਵਰੱਯਮੌਸ਼ਧੀਰਸੈ ਵਾ ਪਾਂਤਿ ਪਿਵੰਤਿ ਵਾ ਤੇ ਸੋਮਪਾਃ" ਜਿਹੜੇ ਅਪਨੇ ਧਨ ਦੌਲਤ ਦੀ ਰਖਛਾ ਕਰਨ ਵਾਲੇ, ਅਤੇ ਵਡੀ ਚੰਗੀਆਂ ਬੂਟੀਆਂ ਦੇ ਰਸ ਪੀਨ ਕਰਕੇ ਅਰੋਗਜਹਨ ਅਤੇ ਦੂਜੇ ਲੋਕਾਂ ਦੇ ਧਨ ਦੌਲਤ ਦੀ ਰਖਛਾ ਕਰਨ, ਦੁਆਵਾਂ ਦੇ ਦੇਨ ਨਾਲ ਰੋਗ ਦਾਨਾਸ਼ ਕਰਨ,ਓਹਸੋਮਪਾ॥

"ਯੇ ਹਵਿਰਹੋਤ੍ਰੁਮੱਤੁਮਰਹੇ ਭੁੰਜਤੇ ਭੋਜਯੰਤਿ ਵਾ ਤੇ ਹਵਿਰਭੁਜਃ" ਜੇਹੜੇ ਨਸ਼ੇ ਅਤੇ ਦੁਖ ਦੇਨ ਨਾਲ ਪ੍ਰਾਪਤ ਹੋਨ ਵਾਲੀਆਂ ਚੀਜਾਂ ਨੂੰ ਛਡਕੇ ਭੋਜਨ ਕਰਨ ਵਾਲੇ ਹੋਨ ਓਹ ਹਵਿਰਭੁਜ ॥

"ਯਆਜਸ੍ਯੰ ਜਵਾਤੁਪ੍ਰਾਪ੍ਤੰ ਵਾ ਯੋਗਸ੍ਯੰਰਖੰਤਿਵਾਪਿਵੰਤਿ ਤੇ ਆਜ੍ਯਪਾਃ" ।ਜਿਹੜੇ ਜਾਨਨ ਯੋਗ ਚੀਜ ਦੀ ਰਖਛਾ ਕਰਨਵਾਲੇ ਅਤੇ ਘਿਉ ਦੁੱਧ ਆਦੀ ਖਾਨ ਪੀਨ ਵਾਲੇ ਹੋਨ ਓਹ ਆਜ੍ਯਪਾਃ।

"ਸ਼ੋਭਨਃ ਕਾਲੋ ਵਿਦ੍ਯਤੇ ਯੇਸ਼ਾਂ ਤੇ ਸੁਕਾਲਿਨਃ" ਜਿਨ੍ਹਾਂ ਦਾ ਸਮਾ ਚੰਗੇਅਰਥਾਤ ਧਰਮ ਦੇ ਕਰਨੇ, ਅਤੇ ਸੁਖ ਦੇ ਦੇਨ ਵਿੱਚ ਲੰਘਦਾ ਹੋਵੇ ਓਹ ਸੁਕਲਿਨ ਹਨ।

"येदुश्टानयँ ंभि निगिर्ंभि छै यमाघा याधीशाः" जिहड़े दुश्टां नूं दैड अते शेश्टां दा पालन करने वाले, निआघदे करन वाले होन ओह यम हन।

"यः पाभि सपिभा" जिहड़ा ऊलाद नूं पैदा करदा, या अंन दे देने अते आदर भाउंदे करन नाल उनुां दी रखछा करदा है ओह पिभा।

'पिभुः पिभापिभामहः पिभामहसज पिभाप्पिभामहः" जेहड़ा पिउ दा ंिउ होवे ओह पिभामहा अर जिहड़ा पिभामहा दा पिउ होवे ओह परपिभमहा॥

"या मानयभि सा माभा" जेहड़ी ओजन अते पेम नाल बचिआं दी सेवा करे ओह माभा॥

"या पिभुरमाभा सा पिभामही पभामहसज माभा प्पिभामही" जेहड़ी पिउ दी मां होवे ओह पिभामही, अर दादे दी मां होवे उह प्पि भामहीअपनी भीमी भथा भैण, संबंधी अते इक गोत्र दे दूजेजेहड़े भले मनुॅश यां वॅडे होन, उनुां सभनां नूं बड़ी शूंधा नाल उॅतम भोजन, कपड़े, सजी होई सुआरी आदी देके चंगी तरां जिहड़ा त्रिपत करना है अरथात जेहड़े जेहड़े कंम कभके उनां दा आतमा त्रिपत अते शरीर अरोग रहे ओस कंम करके पेम दे नाल उनुां दी सेवा करनी ओह शूॅध अते भरपण कहाउंदा है॥

चौथा"विसवैशू यग" है अरथात जद खाना तिआर होवे भदजो कुश खान लई बने ओहदे विचों खटिआई, लूण वाला, अते खारी नूं छडके घिउ, मिॅठे वाला अंन लैके चुलूे तों अॅग वखरी धरके हेठां लिखे होए मंतूं नाल आहुती देवे अते वखरे भाग करके रखे॥

वैशूदेवसजसिॅधसज गिहजेअगनौंविधिपुरवकम।
आभजः कुरॅधॉदेवताभजे ब्राहमणे होमसनूहम॥

मनुसमिती अधजाध ३। शलोक ८४॥

जो कुश चौंके विच खान दे लई बने ओसदा दिवज गुणां दी प्रापती लई उसे चुलूे दी अॅग विच हेठां लिखे होए मंतूं अते विधी नाल होम सदा कीता करन :—

ਓਂ ਅਗਨਯੇ ਸ੍ਵਾਹਾ। ਸੋਮਾਯ ਸ੍ਵਾਹਾ। ਅਗਨੀ ਸ਼ੋਮਾਭ੍ਯਾਂ ਸ੍ਵਾਹਾ। ਵਿਸ਼੍ਵੇਭ੍ਯੋ ਦੇਵੇਭ੍ਯਃ ਸ੍ਵਾਹਾ। ਧਨ੍ਵੰਤਰਯੇ ਸ੍ਵਾਹਾ। ਕੁਹ੍ਵੈ ਸ੍ਵਾਹਾ। ਅਨੁਮਤ੍ਯੈ ਸ੍ਵਾਹਾ। ਪ੍ਰਜਾਪਤਯੇ ਸ੍ਵਾਹਾ। ਸਹ ਦ੍ਯਾਵਾਪ੍ਰਿਥਿਵੀਭ੍ਯਾਂ ਸ੍ਵਾਹਾ। ਸ੍ਵਿਸ਼੍ਟਕ੍ਰੁਤੇਸ੍ਵਾਹਾ।

ਇਨ੍ਹਾਂ ਵਿਚੋਂ ਇਕਇਕ ਮੰਤ੍ਰ ਨਾਲ ਇਕ ਇਕ ਵਾਰੀ ਅਹੁਤੀ ਬਲਦੀ ਹੋਈ ਅੱਗ ਵਿਚ ਪਾਵੇ, ਫਿਰ ਥਾਲੀ ਅਥਵਾ ਜ਼ਮੀਨ ਉੱਤੇ ਪਤ੍ਰ ਨੂੰ ਰਖਕੇ ਪੂਰਵ ਆਦੀ ਦਿਸ਼ਾ ਵਿਚ ਇਨ੍ਹਾਂ ਮੰਤ੍ਰਾਂ ਕਰਕੇ ਭਾਗ ਰਖੇ ॥

ਓਮ ਸਾਨੁਗਾਯੇਂਦ੍ਰਾਯ ਨਮਃ । ਸਾਨੁਗਾਯਯਮਾਯ ਨਮਃ । ਸਾਨੁਗਾਯਵਰੁਣਾਯ ਨਮਃ। ਸਾਨੁਗਾਯ ਸੋਮਾਯ ਨਮਃ । ਮਰੁਦਭ੍ਯੋ ਨਮਃ ।ਅਦਭ੍ਯੋਨਮਃ।ਵਨਸਪਤਿਭ੍ਯੋ ਨਮਃ । ਸ਼੍ਰੀਯੈ ਨਮਃ । ਭਦ੍ਰਕਾਲ੍ਯੈਨਮਃ । ਬ੍ਰਹਮਪਤਯੇ ਨਮਃ । ਵਾਸਤੁਪਤਯੇ ਨਮਃ । ਵਿਸ਼੍ਵੇਭ੍ਯੋ ਦੇਵੇਭ੍ਯੋ ਨਮਃ। ਦਿਵਾਚਰੇਭ੍ਯੋ ਭੂਤੇਭ੍ਯੋ ਨਮਃ ।ਨਕ੍ਤੰਚਾਰਿਭ੍ਯੋ ਭੂਤੇਭ੍ਯੋ ਨਮਃ । ਸਰਵਾਭ੍ਯਭੂਤਯੇ ਨਮਃ ॥

ਇਨ੍ਹਾਂ ਭਾਗਾਂ ਨੂੰ ਜੇ ਕੋਈ ਅਭਿਖੀ ਆਵੇ ਤਾਂ ਉਹਨੂੰ ਖਵਾ ਦੇਵੇ ਅਥਵਾ ਅੱਗ ਵਿਚ ਛੱਡ ਦੇਵੇ, ਏਸ ਤੋਂ ਪਿਛੋਂ ਲੂਣ ਵਾਲੀਆਂ ਚੀਜ਼ਾਂ ਅਰਥਾਤ ਦਾਲ, ਖਿਚੜੀ, ਸਾਗ, ਰੋਟੀ ਆਦੀ ਲੈਕੇ ਛੀ ਭਾਗ ਕਰਕੇ ਜ਼ਮੀਨ ਤੇ ਰੱਖੇ, ਏਸ ਵਿੱਚ ਏਹ ਪ੍ਰਮਾਣ ਹੈ ॥

ਸ਼ੁਨਾਂ ਚ ਪਤਿਤਾਨਾਂ ਚ ਸ਼੍ਵਪਚਾਂਪਾਪਰੋਗਿਣਾਮ ।
ਵਾਯਸਾਨਾਂ ਕ੍ਰਿਮੀਣਾਂ ਚ ਸ਼ਨਕੈਰਨਿਰਵਪੇਦਭੁਵਿ ॥

ਮਨੁਸਮ੍ਰਿਤੀ ਅਧ੍ਯਾਯ ੩ । ਸ਼ਲੋਕ ੯੨।

ਈਕਨ "ਸ਼ੁਭ੍ਯੋ ਨਮਃ ਪਤਿਤੇਭ੍ਯੋ ਨਮਃ, ਸ਼੍ਵਪਗਭ੍ਯੋ ਨਮਃ, ਪਾਪ-ਰੋਗਿਭ੍ਯੋ ਨਮਃ, ਵਾਯਸੇਭ੍ਯੋ ਨਮਃ, ਕ੍ਰਿਮਿਭ੍ਯੋ ਨਮਃ" ਰਖਕੇ ਫੇਰ ਕਿਸੇ ਦੁਖੀ,

ਭੱਖੇ ਮਨੁੱਸ਼, ਯਾਂ ਕੁੱਤੇ ਯਾਂ ਕਾਂ ਆਦੀ ਨੂੰ ਦੇ ਦੇਵੇ, ਐਥੇ ਨਮਃ ਸ਼ਬਦ ਦਾ ਅਰਥ ਅੱਨ ਹੈ, ਅਰਥਾਤ ਕੁੱਤੇ, ਪਾਪੀ, ਚੰਡਾਲ, ਵਡੇ ਖੀਮਾਰ, ਕਾਂ ਅਤੇ ਕ੍ਰਿਮੀ ਅਰਥਾਤ ਕੀੜੇ ਆਦੀ ਨੂੰ ਅੱਨ ਦੇਨਾ ਇਹ ਮਨੁਸਿਮ੍ਰਤੀ ਆਦੀ ਦੀ ਆਗਜ਼ਾ ਹੈ ॥

ਹੋਮ ਕਰਨ ਦਾ ਪ੍ਰਯੋਜਨ ਇਹ ਹੈ ਕਿ ਚੌਕੇ ਦੀ ਹਵਾ ਸ਼ੁਧ ਹੋ ਜਾਵੇ, ਅਰ ਜਿਹੜੀ ਅਗਜ਼ਾਤ, ਅਦ੍ਰਿਸ਼ਟ ਜੀਵਾਂ ਦੀ ਹੱਤਿਆ ਹੁੰਦੀ ਹੈ ਉਸਦੇ ਬਦਲੇ ਭਲਾ ਕਰ ਦੇਨਾ ॥

ਪੰਜਵੀਂ ਅਤਿਥੀ ਸੇਵਾ।

ਅਤਿਥੀ ਉਸਨੂੰ ਕਹਿੰਦੇ ਹਨ ਕਿ ਜਿਹਦੇ ਆਉਨ ਦੀ ਕੋਈ ਤਿੱਥ ਪੱਕੀ ਤਰਾਂ ਨਾਲ ਮਲੂੰਮ ਨ ਹੋਵੇ, ਅਰਥਾਤ ਧਰਮ ਉੱਤੇ ਚਲਨ ਵਾਲਾ, ਸੱਚਾ ਉਪਦੇਸ਼ਕ, ਸਭ ਦੇ ਭਲੇ ਵਾਸਤੇ ਸਭ ਜਗਾ ਫਿਰਨ ਵਾਲਾ, ਪੂਰਾ ਵਿਦਵਾਨ, ਪਰਮਯੋਗੀ, ਸੰਨਜ਼ਾਸੀ, ਗ੍ਰਿਹਸਥੀ ਦੇ ਘਰ ਅਚਨਚੇਤ ਆਜਾਵੇ ਤਾਂ ਉਸਨੂੰ ਪਹਲੋਂ ਪੈਰ, ਹਥ ਦੇ ਧੋਨ ਅਤੇ ਆਚਮਨ ਕਰਨ ਵਾਸਤੇ ਤਿੰਨ ਪ੍ਰਕਾਰ ਦਾ ਜਲ ਦੇਵੇ , ਫਿਰ ਆਸਨ ਦੇ ਉੱਤੇ ਆਦਰ ਭਾ ਨਾਲ ਬਠਾਕੇ ਖਾਨ ਪੀਨ ਦੀਆਂ ਚੰਗੀਆਂ ਚੰਗੀਆਂ ਚੀਜ਼ਾਂ ਨਾਲ ਟਹਿਲ ਸੇਵਾ ਕਰਕੇ ਉਨਾਂ ਨੂੰ ਪ੍ਰਸੰਨ ਕਰੇ ਫੇਰ ਸਤਸੰਗ ਕਰਕੇ ਉਨਾਂ ਤੋਂ ਗਿਆਨ ਵਿਗਜ਼ਾਨ ਆਦੀ ਦੀ ਪ੍ਰਾਪਤੀ ਕਰਨ, ਜਿਸ ਕਰਕੇ ਧਰਮ, ਅਰਥ, ਕਾਮ ਅਤੇ ਮੋਖਛ ਦੀ ਪ੍ਰਾਪਤੀ ਹੋਵੇ, ਅਜੇਹੇ ਅਜੇਹੇ ਉਪਦੇਸ਼ਾਂ ਨੂੰ ਸੁਨ,ਅਰ ਅਪਨੇ ਚਾਲ ਚਲਨ ਭੀ ਉਨ੍ਹਾਂਦੇ ਸੱਚੇ ਉਪਦਸ਼ ਦੇ ਅਨੁਸਾਰ ਬਨਾਨ, ਸਮਾਂ ਪਾਕੇ ਗ੍ਰਿਹਸਥੀ ਅਤੇ ਰਾਜਾ ਆਦੀ ਭੀ ਅਤਿਥੀ ਦੀ ਨਿਆਈਂ ਆਦਰ ਭਾਉ ਕਰਨੇ ਯੋਗਜ ਹਨ ॥

ਪਾਸ਼ੰਡਿਨੋ ਵਿਕਰਮਸਥਾਨ ਵੈਡਾਲਵ੍ਰਿੱਤਿਕਾਨ ਸ਼ਠਾਨ ।
ਹੈਤੁਕਾਨ ਵਕਵ੍ਰਿਤੀਂਸ਼੍ਚ ਵਾਛਮਾਤ੍ਰੇਲਾਪਿ ਨਾਰਚਯੇਤ ॥

ਮਨੁਸਮ੍ਰਿਤੀ ਅਧਜ਼ਾਯ ੪ । ਸ਼ਲੋਕ ੩੦ ।

ਪਖੰਡੀ ਅਰਥਾਤ ਵੇਦ ਦੀ ਨਿੰਦਿਆ ਅਤੇ ਵੇਦ ਦੇ ਵਿਰੁੱਧ ਦੇ ਆਚਰਣ ਕਰਨ ਵਾਲਾ,ਵਿਕਰਮਸਥ ਜਿਹੜਾ ਵੇਦ ਦੇ ਵਿਰੁੱਧ ਕੰਮ ਕਰਨ ਵਾਲਾ, ਝੂਠ ਬੋਲਨ ਆਦੀ ਨਾਲ ਭਰਿਆ ਹੋਇਆ, ਜਿਸਤਰਾਂ ਬਿੱਲਾ ਲੁਕ ਕੇ ਅਤੇ ਜਮਕੇ ਤਾੜੀ ਲਾ ਲਾ ਕੇ ਝੱਟ ਦਿੱਤੀ ਚੂਹੇ ਆਦੀ ਜਨੌਰਾਂ ਨੂੰ ਮਾਰਕੇ ਅਪਨਾ ਢਿੱਡ ਭਰ ਲੈਂਦਾ ਹੈ, ਉਸ ਵਰਗੇ ਮਨੁਸ਼ਾਂ ਦਾ ਨਾਉਂ ਵੈਡਾਲਬ੍ਰਤਕ ਹੈ, (ਸ਼ਠ)

ਅਰਥਾਤ ਹਠ ਅਤੇ ਜ਼ਿਦ ਕਰਨ ਵਾਲਾ ਘਮੰਡੀ,ਆਪਨੂੰ ਤਾਂਕੁ ਝਆਉਂਦਾਨਹੋਵੇ ਹੋਰਨਾਂ ਦਾ ਕਹਿਆ ਮੰਨੇ ਨਾ (ਹੈਤੁਕ) ਖੋਟੀਆਂ ਦਲੀਲਾਂ ਕਰਨ ਵਾਲੇ,ਵਜ਼ਰਥ ਬਕਨ ਵਾਲੇ, ਜਿਹੋ ਜੇਹਾ ਅੱਜ ਕੱਲ ਦੇ ਵੇਦਾਂਤੀ ਕਹਿੰਦੇ ਹਨ ਕਿ ਅਸੀਂ ਬ੍ਰਹਮ ਹਾਂ ਅਤੇ ਜਗਤ ਝੂਠਾ ਹੈ, ਵੇਦ ਆਦੀ ਸ਼ਾਸਤ੍ਰ ਅਤੇ ਈਸ਼੍ਵਰ ਭੀ ਕਲਪਿਤ ਹੈ ਏਹੋ ਜੇਹੀਆਂ ਗੱਪਾਂ ਠੋਕਨ ਵਾਲੇ, (ਬਕਬ੍ਰੱਤੀ) ਜਿਸਤਰਾਂ ਬਗੁਲਾ ਇਕ ਪੈਰ ਉਠਾਕੇ ਤਾੜੀ ਲਾਨ ਵਾਲੇ ਵਾਕਨ ਹੋਕੇ ਝੱਟ ਮੱਛੀ ਦੀ ਜਾਨ ਮਾਰਕੇ ਅਪਨਾ ਸ੍ਵਾਰਥ ਸਿੱਧ ਕਰ ਲੈਂਦਾ ਹੈ, ਉਸੇ ਤਰਾਂ ਅਜ ਕੱਲ ਦੇ ਬੈਰਾਗੀ ਅਤੇ ਖ਼ਾਕੀ ਆਦੀ ਹਠ ਅਤੇ ਜ਼ਿਦ ਦੇ ਕਰਨ ਵਾਲੇ ਵੇਦ ਵਿਰੋਧੀ ਹਨ, ਅਜੇਹੇ ਲੋਕਾਂ ਦਾ ਆਦਰ ਭਾਉ ਤਾਂ ਬਾਣੀ ਕਰਕੇ ਭੀਨਹੀਂ ਕਰਨਾ ਚਾਹੀਦਾ,ਕਿਉਂ ਕਿ ਇਨ੍ਹਾਂ ਦੇ ਆਦਰ ਭਾਉ ਕਰਨ ਨਾਲ ਇਨ੍ਹਾਂ ਦਾ ਵਾਧਾ ਹੁੰਦਾ ਹੈ, ਅਰ ਏਹ ਲੋਕ ਸੰਸਾਰ ਨੂੰ ਅਧਰਮ ਵਾਲਾ ਕਰਦੇ ਹਨ,ਆਪ ਤਾਂ ਡਿੱਗਨ ਦੇ ਕੰਮ ਕਰਦੇ ਹਨ,ਪਰੰਤੂ ਨਾਲ ਸੇਵਕ ਨੂੰ ਭੀ ਅਵਿਦਯਾ ਰੂਪੀ ਮਹਾਸਾਗਰ ਵਿਚ ਡੁਬਾਦਿੰਦੇ ਹਨ ॥

ਇਨ੍ਹਾਂ ਪੰਜਾਂ ਮਹਾ ਯੱਗਾਂ ਦੇ ਫਲ ਏਹ ਹਨ (੧) ਬ੍ਰਹਮਯੱਗ ਦੇ ਕਰਨ ਨਾਲ ਵਿਦਯਾ, ਸ਼ਿਖਛਾ, ਧਰਮ,ਭਲਮਨਸਊ ਆਦੀ ਸ਼ੁਭ ਗੁਣਾਂ ਦਾਵਾਧਾ (੨) ਹੋਮ ਦੇ ਕਰਨ ਨਾਲ, ਹਵਾ, ਵਰਸ਼ਾ, ਪਾਨੀ ਦੀ ਸ਼ੁੱਧੀ ਹੋਕੇ ਵਰਸ਼ਾ ਦੁਆਰਾ ਸੰਸਾਰ ਨੂੰ ਸੁਖ ਪ੍ਰਾਪਤ ਹੁੰਦਾਹੈ,ਅਰ ਸ਼ੁਧ ਹਵਾ ਦੇ ਦਮ ਲੈਨ ਅਤੇ ਛੁਹਨ ਨਾਲ ਅਰ ਖਾਨ ਪੀਨ ਕਰਕੇ ਅਰੋਗਤਾ,ਬੁਧੀ,ਬਲ,ਪਰਾਕ੍ਰਮ ਦੇ ਵਧਨ ਨਾਲਧਰਮ, ਅਰਥ, ਕਾਮ ਅਤੇ ਮੋਖਛਦੇ ਸਾਧਨ ਪ੍ਰਾਪਤ ਹੁੰਦੇ ਹਨ,ਏਸ ਲਈ ਏਸ ਨੂੰ ਦੇਵ ਯੱਗ ਕਹਿੰਦੇ ਹਨ ਕਿਇਹ ਹਵਾ ਆਦੀ ਪਦਾਰਥਾਂ ਨੂੰ ਸ਼ੁੱਧ ਕਰ ਦਿੰਦਾ ਹੈ ॥

(੩) ਪਿਤ੍ਰੀਯੱਗ ਕਰਕੇ ਜਦ ਮਾਂ, ਪਿਉ ਅਤੇ ਗਿਆਨੀ ਮਹਾਤਮਾ ਲੋਕਾਂ ਦੀ ਸੇਵਾ ਕਰੇਗਾ ਤਦ ਉਸਦਾ ਗਿਆਨ ਵਧੇਗਾ, ਉਸ ਨਾਲ ਸੱਚ ਝੂਠ ਦਾ ਨਿਰਣੇ ਕਰਕੇ ਸੱਚ ਦਾ ਗ੍ਰਹਣ, ਅਤੇ ਅਸੱਤ ਦਾ ਤਜਾਗ ਕਰਕੇ ਸੁਖੀ ਰਹੇਗਾ। ਦੂਜੀ ਕ੍ਰਿਤੱਗਤਾ ਅਰਥਾਤ ਜੇਹੀ ਸੇਵਾ ਮਾਂ, ਪਿਉ ਅਤੇ ਗੁਰੂ ਨੇ ਸੰਤਾਨ ਸ਼ਿਸ਼ਾਂ ਦੀ ਕੀਤੀ ਹੈ ਉਸਦਾ ਬਦਲਾ ਦੇਨਾ ਉਚਿਤ ਹੈ ॥

(੪) ਬਲੀਵੈਸ਼੍ਵਦੇਵ ਦਾ ਫਲ ਭੀ ਜਿਹੜਾਪਹਲੇ ਕਹ ਆਏ ਉਹੋ ਹੀ ਹੈ॥

(੫) ਜਦ ਤਕ ਉੱਤਮ ਅਤਿਥੀ ਜਗਤ ਵਿਚ ਨਹੀਂ ਹੁੰਦੇ, ਤਦ ਤਕ ਉੱਨਤੀ ਭੀ ਨਹੀਂ ਹੁੰਦੀ ਉਨ੍ਹਾਂ ਦੇ ਸਭਨਾਂ ਦੇਸ਼ਾਂ ਵਿਚ ਫਿਰਨ ਅਤੇ ਸੱਚਾ ਉਪਦੇਸ਼ ਕਰਨ ਕਰਕੇ ਪਾਖੰਡ ਦਾ ਵਾਧਾ ਨਹੀਂ ਹੁੰਦਾ ਅਰ ਸਭਥਾਂ ਗ੍ਰਹਸਥੀਆਂ ਨੂੰ ਸਹਜ ਨਾਲ ਸੱਚੇ ਵਿਗਜਾਨ ਦੀ ਪ੍ਰਾਪਤੀ ਹੁੰਦੀ ਰਹਿੰਦੀ ਹੈ, ਅਤੇ ਮਨੁਸ਼ ਮਾਤ੍ਰ ਵਿੱਚ ਇਕੋ ਧਰਮ ਸਥਿਰ ਰਹਿੰਦਾ ਹੈ, ਉਪਦੇਸ਼ਕਾਂ ਬਿਨਾ ਸੰਸ਼ੇ ਦੀ ਨਿਵ੍ਰਿਤੀ ਨਹੀਂ ਹੁੰਦੀ ਸੰਸ਼ੇ ਦੇ ਨਿਵ੍ਰਿਤ ਹੋਏ ਬਿਨਾ ਪੱਕਾ ਨਿਸ਼ਚਾ ਭੀ ਨਹੀਂ ਹੁੰਦਾ, ਨਿਸ਼ਚੇ ਬਿਨਾ ਸੁਖ ਕਿੱਥੋਂ ॥

ਬ੍ਰਾਹਮੇਮੁਹੂਰਤੇ ਬੁਧਜੇਤ ਧਰਮਾਰਥੌ ਚਾਨੁਚਿੰਤਯੇਤ ।
ਕਾਯਕਲੇਸ਼ਾਂਸ਼ੁ ਤਨਮੂਲਾਨ ਵੇਦਤਤ੍ਵਾਰਥਮੇਵ ਚ ॥

ਮਨੁਸਮ੍ਰਿਤੀ ਅਧਜਾਯ ੪ । ਸ਼ਲੋਕ ੯੨ ।

ਰਾਤ ਦੇ ਚੌਥੇ ਪਹਰ ਅਥਵਾ ਚਾਰ ਘੜੀ ਰਾਤ ਨਾਲ ਉੱਠੇ, ਜ਼ਰੂਰੀ ਕੰਮ ਕਰਕੇ ਧਰਮ ਅਤੇ ਅਰਥ ਅਰ ਸ਼ਰੀਰ ਦੇ ਰੋਗਾਂ ਦੇ ਕਾਰਣ ਸੋਚੇ, ਅਤੇ ਪਰਮੇਸ਼ੁਰ ਦਾ ਧਿਆਨ ਕਰੇ, ਕਦੀ ਅਧਰਮ ਦਾ ਕੰਮ ਨਾਕਰੇ, ਕਿੰਉ ਜੋ :—

ਨਾਧਰਮਸ਼ੁਰਿਤੋ ਲੋਕੇ ਸਦ੍ਯਃ ਫਲਤਿ ਗੌਰਿਵ ।
ਸ਼ਨੈਰਾਵਰੱਤਮਾਨਸਤੁ ਕਰਤੁਰਮੂਲਾਨਿ ਕ੍ਰਿੰਤਤਿ ॥

ਮਨੁਸਮ੍ਰਿਤੀ ਅਧਜਾਯ ੪ । ਸ਼ਲੋਕ ੧੭੨ ।

ਕੀਤਾ ਹੋਇਆ ਅਧਰਮ ਅਫਲ ਨਹੀਂ ਜਾਂਦਾ, ਪਰੰਤੂ ਜਿਸ ਵੇਲੇ ਅਧਰਮ ਕਰਦਾ ਹੈ ਉਸੇ ਵੇਲੇ ਫਲ ਭੀ ਨਹੀਂ ਹੁੰਦਾ, ਏਸ ਲਈ ਅਗਜਾਨੀ ਮਨੁੱਸ਼ ਅਧਰਮ ਥੀਂ ਨਹੀਂ ਡਰਦੇ ਤਾਂਭੀਨਿਸ਼ਚੇ ਕਰਕੇ ਜਾਨੋਂ ਕਿ ਉਹ ਅਧਰਮਦਾਕੰਮ ਹੌਲੀ ਹੌਲੀ ਤੁਹਾਡੇ ਸੁਖ ਦੀਆਂ ਜੜ੍ਹਾਂ ਨੂੰ ਪੁਟਦਾ ਜਾਂਦਾ ਹੈ ਏਸੇ ਤਰਾਂ ਨਾਲ :—

ਅਧਰਮੇਣੈਧਤੇ ਤਾਵੱਤਤੋ ਭਦ੍ਰਾਣਿ ਪਸ਼ਜਤਿ ।
ਤਤਃ ਸਪਤਨਾਂਜਯਤਿ ਸਮੂਲਸਤੁ ਵਿਨਸ਼ਜਤਿ ॥

ਮਨੁਸਮ੍ਰਿਤੀ ਅਧਜਾਯ ੪ । ਸ਼ਲੋਕ ੧੭੪ ॥

ਪਾਪੀ ਮਨੁਸ਼ ਧਰਮ ਦੀ ਮਰਯਾਦਾ ਨੂੰ ਛੱਡਕੇ (ਜਿਸਤਰਾਂ ਤਲਾ ਦੇ ਬੱਨ੍ਹ ਨੂੰ ਤੋੜਕੇ ਪਾਨੀ ਚਹੁੰ ਪਾਸਿਓਂ ਵਗ ਜਾਂਦਾ ਹੈ ਉੱਸੇ ਤਰਾਂ) ਝੂਠ ਬੋਲਨਾ, ਕਪਟ, ਪਾਖੰਡ ਅਰਥਾਤ ਰਖ਼ਛਾ ਕਰਨ ਵਾਲੇ ਵੇਦਾਂ ਦਾ ਖੰਡਨ ਅਤੇ ਵਿਸ਼੍ਵਾਸ ਘਾਤ ਆਦੀ ਕੰਮਾਂ ਨਾਲ ਬਗਾਨੇ ਮਾਲ ਨੂੰ ਲੈਕੇ ਪਹਲੋਂ ਵਧਦ ਹੈ, ਫੇਰ ਦੌਲਤ ਆਦੀ ਮਾਲ ਮਤਾ ਦੁਆਰਾ ਖਾਨ, ਪੀਨ, ਕਪੜੇ, ਗਹਨੇ, ਸੁਆਰੀ, ਮਕਾਨ, ਮਾਨ ਆਦਰ ਭਾਉਨੂੰ ਪ੍ਰਾਪਤ ਕਰਦਾ ਹੈ, ਇਨ੍ਹਾਂ ਨਾਲ ਵੈਰੀਆਂ ਨੂੰ ਭੀ ਜਿਤ ਲੈਂਦਾ ਹੈ, ਅੰਤ ਨੂੰ ਝਟ ਪਟ ਨਸ਼੍ਟ ਹੋਜਾਂਦਾ ਹੈ, ਜਿਸਤਰਾਂ ਜੜ੍ਹ ਤੋਂ ਕਟਿਆ ਹੋਇਆ ਦ੍ਰਖਤ ਨਸ਼ਟ ਹੋ ਜਾਂਦਾ ਹੈ, ਉਸੇ ਤਰਾਂ ਅਧਰਮੀ ਨਸ਼ਟ ਹੋਜਾਂਦਾ ਹੈ॥

ਸਤਜਧਰਮਾਰਯਵ੍ਰਿੱਤੇਸ਼ੁ ਸ਼ੌਚੇ ਚੈਵਾਰਮੇਤ ਸਦਾ ।
ਸ਼ਿਸ਼ਜਾਂਸ਼ੁ ਸ਼ਿਸ਼ਜੱਾਧਰਮੇਣ ਵਾਗਬਾਹੂਦਰਸੰਯਤਃ ॥

ਮਨੁਸਮ੍ਰਿਤੀ ਅਧਜਾਯ ੪ । ਸ਼ਲੋਕ ੧੭੫ ।

ਵਿਦਵਾਨ ਲੋਕ ਵੇਦਾਂ ਵਿਚ ਕਹੇ ਹੋਏ ਸੱਚੇ ਧਰਮ ਅਰਥਾਤ ਪਖਛਪਾਤ ਥੀਂ ਰਹਿਤ ਹੋਕੇ ਸੱਚ ਨੂੰ ਗ੍ਰਹਣ ਕਰਨ, ਅਤੇ ਝੂਠ ਨੂੰ ਛੱਡ ਦੇਨ, ਅਜੇਹੇ ਨਿਆਜ ਦੇ ਰੂਪ ਵੇਦਾਂ ਦੇ ਧਰਮ ਉੱਤੇ ਚਲਦੇ ਹੋਏ ਆਰਯਾਂ ਵਾਂਙ੍ਹਣ ਸ਼ਿ ਾਂ ਨੂੰ ਸ਼ਿਖਛਾ ਕੀਤਾ ਕਰਨ ॥

ਰਿਤ੍ਵਿਕ ਪੁਰੋਹਿਤਾਚਾਰ੍ੱਯੌਰਮਾਤੁਲਾਤਿਥਿਮ੍ਸ਼੍ਤੈਃ।
ਬਾਲਵ੍ਰੱਦ੍ਧਾਤੁਰੈਰਵੈਦ੍ਯੈਰਜ੍ਞਾਤਿਸੰਬੰਧਿਬਾਂਧਵੈਃ ॥੧॥
ਮਾਤਾਪਿਤ੍ਰੋਭ੍ਰਜਾਂ ਯਾਮੀਭਿਰਭ੍ਰਾਤ੍ਰਾ ਪੁਤ੍ਰੇਣ ਭਾਰਯਾ।
ਦੁਹਿਤ੍ਰਾ ਦਾਸਵਰ੍ਗੇਣ ਵਿਵਾਦੰ ਨ ਸਮਾਚਰੇਤ ॥੨॥

ਮਨੁਸਮ੍ਰਿਤੀ ਅਧ੍ਯਾਯ ੪। ਸ਼ਲੋਕ ੧੭੯–੧੮੦।

(ਰਿਤ੍ਵਿਕ) ਯੱਗ ਦਾ ਕਰਨ ਵਾਲਾ, (ਪਰੋਹਿਤ) ਸਦਾ ਉੱਤਮ ਚਾਲ ਚਲਨ ਦੀ ਸ਼ਿਖਛਾ ਕਰਨ ਵਾਲਾ, (ਆਚਾਰਯ) ਵਿਦਿਆ ਪੜ੍ਹਾਨ ਵਾਲਾ, (ਮਾਤੁਲ) ਮਾਮਾ, (ਅਤਿਥੀ) ਅਰਥਾਤ ਜਿਹਦੀ ਕੋਈ ਆਉਨ ਜਾਨ ਦੀ ਨਿਸ਼ਚਿਤ ਤਿਥਿ ਨ ਹੋਵੇ, ਜਿਹਦਾ ਗੁਜ਼ਾਰਾ ਅਪਨੇ ਉੱਤੇ ਹੋਵੇ ਅਰਥਾਤ ਬਾਲ ਬੱਚੇ ਬੁਢੇ ਆਤੁਰ ਦੁਖ ਵਿੱਚ ਪਏ ਹੋਏ, (ਵੈਦ) ਆਯੁਰਵੇਦ ਦਾ ਜਾਨਨ ਵਾਲਾ, (ਜਾਤੀ) ਅਪਨੇ ਗੋਤ੍ ਯਾਂ ਅਪਨੇ ਵਰਣ ਵਾਲਾ (ਸੰਬੰਧੀ) ਸੌਹਰਾ ਆਦੀ, ਮਿਤ੍ , ਮਾਂ, ਪਿਉ, ਭੈਨ, ਭਰਾ, ਇਸ੍ਤ੍ਰੀ ਲੜਕੀ ਅਤੇ ਨੌਕਰਾਂ ਨਾਲ ਵਿਵਾਦ ਅਰਥਾਤ ਅਨੁਚਿਤ ਲੜਾਈ ਬਖੇੜਾ ਕਦੀ ਨ ਕਰੇ ॥

ਅਤਪਾਸ੍ਤ੍ਵਨਧੀਯਾਨਃ ਪ੍ਰਤਿਗ੍ਰਹਰੁਚਿਰਦ੍ਵਿਜਃ।
ਅੰਭਸ੍ਯਸ਼੍ਮਪਲਵੇਨੈਵ ਸਹ ਤੇਨੈਵ ਮੱਜਤਿ॥ ਮਨੁਃ੪।੧੯੦।

ਇੱਕ (ਅਤਪਾ) ਕੂੜਮਚਰਯ, ਸਚ ਬੋਲਨ ਆਦੀ ਤਪ ਥੀਂ ਰਹਿਤ, ਦੂਜਾ (ਅਨਧੀਯਾਨ) ਯਾਂ ਜਿਹੜਾ ਪੜ੍ਹਿਆ ਹੋਇਆ ਨ ਹੋਵੇ, ਤੀਜਾ (ਪ੍ਰਤਿਗ੍ਰਹਰੁਚੀ) ਅਤਮੰਤ ਧਰਮ ਦੇ ਨਾਉਂ ਉੱਤੇ ਦੂਜਿਆਂ ਕੋਲੋਂ ਦਾਨ ਲੈਨ ਵਾਲਾ, ਇਹ ਤਿੱਨੋਂ ਪੱਥਰ ਦੀ ਬੇੜੀ ਵਿੱਚ ਚਹਕੇ ਸਮੁਦ੍ ਤੇ ਪਾਰ ਹੋਨ ਦੀ ਭਰਾਂ ਹਨ, ਅਪਨੇ ਦੁਸ਼੍ ਕਰਮਾਂ ਦੇ ਨਾਲ ਦੁਖ ਦੇ ਸਮੁਦ੍ ਵਿਚ ਡੁਬਦੇ ਹਨ, ਓਹ ਤਾਂ ਡੁੱਬਦੇ ਹੀ ਹਨ, ਪਰੰਤੁ ਦਾਨ ਦੇਨ ਵਾਲਿਆਂ ਨੂੰ ਭੀ ਨਾਲ ਹੀ ਲੈ ਡੁਬਦੇ ਹਨ:–

ਤ੍ਰਿਸ਼ੁਪਜੇਤੇਸੁ ਦੱਤੰ ਹਿ ਵਿਧਿਨਾਪ੍ਯਜ਼ਰਜਿਤੰ ਧਨਮ।
ਦਾਤੁਰਭਵਤ੍ਯਨਰਥਾਯ ਪਰਤ੍ਰਾਦਾਤੁਰੇਵ ਚ ॥ ਮਨੁ੪.੧੯੩।

ਜਿਹੜਾ ਧਰਮ ਨਾਲ ਕਮਾਏ ਹੋਏ ਧਨ ਦਾ ਉਪਰ ਲਿਖੇ ਤਿਨਾਂ ਨੂੰ ਦਾਨ ਦੇਨਾ ਹੈ, ਓਹ ਦਾਨ ਦਾਤਾ ਦਾ ਨਾਸ਼ ਇਸੇ ਜਨਮ ਵਿੱਚ, ਅਤੇ ਲੈਨ ਵਾਲੇ ਦਾ ਨਾਸ਼ ਅਗਲੇ ਜਨਮ ਵਿੱਚ ਕਰਦਾ ਹੈ, ਜੇ ਓਹ ਅਜੇਹੇ ਹੋਨ ਤਾਂ ਕੀਹੁੰਦਾਹੈ:—

यथा प्लवेनौपलेन निमज्जतुदके तरन ।
तथा निमज्जतोधस्तादज्ञौ दातृप्रतीच्छकौ ॥

मनुसम्रिती अधज्याय ४ । शलोक १९४ ।

ਜਿਸਤਰਾਂ ਪੱਥਰ ਦੀ ਬੇੜੀ ਵਿੱਚ ਬੈਠਕੇ ਪਾਨੀ ਵਿੱਚ ਤਰਨ ਵਾਲ ਡੁੱਬ ਜਾਂਦਾ ਹੈ, ਉਸੇ ਤਰਾਂ ਅਗਜਾਨੀ ਦਾਤਾ, ਅਤੇ ਲੈਨ ਵਾਲਾ ਦੋਨੋਂ ਅਧੋਗਤੀ ਅਰਥਾਤ ਦੁਖ ਨੂੰ ਪ੍ਰਾਪਤ ਹੁੰਦੇ ਹਨ ॥

ਪਾਖੰਡੀਆਂ ਦੇ ਲਖਛਣ ।

धरमध्वजी सदालुब्धश्छादमिको लोकदंभकः ।
वैडालव्रतिको ज्ञेयोहिंस्रः सर्वाभिसंधकः ॥ १ ॥
अधोदृशटिरनैशकृतिकः स्मारथसाधनतत्परः ।
शठो मिथज्ञाविनीतश्च वकव्रतचरो द्विजः ॥ २ ॥

मनुसम्रिती अधज्याय ४ । शलोक १९५–१९६ ।

(धरमध्वजी) ਧਰਮ ਕੁਝ ਭੀ ਨ ਕਰੇ ਪਰੰਤੁ ਧਰਮ ਦਾ ਨਾਉਂ ਲੈਕੇ ਲੋਕਾਂ ਨੂੰ ਠੱਗੇ । (ਸਦਾਲੁਭਧ) ਸਦਾ ਲੋਭ ਨਾਲ ਭਰਿਆ ਹੋਇਆ । (ਛਾਦਮਿਕ) ਕਪਟੀ (ਲੋਕਦੰਭਕਃ) ਸੰਸਾਰੀ ਮਨੁੱਸ਼ ਦੇਅੱਗੇ ਅਪਨੀ ਵਡਿਆਈ ਦੀਆਂ ਗੱਪਾਂ ਮਾਰਿਆ ਕਰੇ (ਹਿੰਸ੍ਰ) ਪ੍ਰਾਣੀਆਂ ਦੇ ਘਾਤ ਕਰਨ ਵਾਲਾ, ਦੂਜੇ ਮਨੁੱਸ਼ਾਂ ਨਾਲ ਵੈਰ ਰੱਖੇ। (ਸਰਵਾਭਿਸੰਧਕਃ) ਭਲੇ ਅਰ ਬੁਰੇ, ਸਭਨਾਂ ਨਾਲ ਮੇਲ ਰੱਖੇ ਉਸਨੂੰ ਵੈਡਾਲ ਬ੍ਰਤਕ ਅਰਥਾਤ ਬਿੱਲੇ ਵਾਙਣ ਛਲੀ ਅਤੇ ਨੀਚ ਸਮਝੋ (ਅਧੋਦ੍ਰਿਸ੍ਟੀ) ਕੀਰਤੀ ਲਈ ਹੇਠਾਂ ਅੱਖਾਂ ਰੱਖੇ। (ਨੈਸ਼ਕ੍ਰਿਤਕਹ) ਈਰਸ਼ਾ ਦੇ ਕਰਨ ਵਾਲਾ, ਕਿਸੇ ਨੇ ਉਸਦਾ ਪੈਸਾ ਭਰ ਕਸੂਰ ਕੀਤਾ ਹੋਵੇ ਤਾਂ ਉਸਦੇ ਬਦਲੇ ਪ੍ਰਾਣ ਤਕ ਲੈਨ ਨੂੰ ਤਿਆਰ ਰਹੇ (ਸ੍ਵਾਰਥਸਾਧਨ) ਭਾਵੇਂ

ਕਪਟ, ਅਧਰਮ, ਵਿਸ਼੍ਵਾਸਘਾਤ ਕਿਉਂਨ ਹੋਵੇ ਪਰ ਅਪਨੇ ਪ੍ਰਯੋਜਨ ਦੇ ਪੂਰਾ ਕਰਨ ਵਿੱਚ ਚਤੁਰ ਰਹੇ (ਸ਼ਠ) ਭਾਵੇਂ ਅਪਨੀ ਗੱਲ ਝੂਠੀ ਕਿਉਂਨ ਹੋਵੇ ਪਰੰਤੂ ਹਠ ਕਦੀ ਨ ਛੱਡੇ (ਮਿਥਿਆਵਿਨੀਤ) ਝੂਠ ਮੂਠ ਉਪਰੋਂ ਦੰਗਾ ਸੁਭਾਉ, ਸੀਤੋਸ਼ਅਤੇਸਾਧੂਪਨਾ ਦਿਖਾਵੇ,ਉਸਨੂੰ(ਵਕਬ੍ਰਤ)ਬਗਲੇਦੇ ਸਮਾਨਨੀਚ ਸਮਝੋ॥

ਅਜੇਹੇ ਅਜੇਹੇ ਲਖਛਣਾਂ ਵਾਲੇ ਪਾਖੰਡੀ ਹੁੰਦੇ ਹਨ, ਉਨ੍ਹਾਂਦਾ ਵਿਸ਼੍ਵਾਸ ਯਾ ਸੇਵਾ ਕਦੀ ਨ ਕਰੇ ॥

ਧਰਮੰ ਸ਼ਨੈਃ ਸੰਚਿਨੁਯਾਦ੍ਵਲਮੀਕਮਿਵ ਪੁੱਤਿਕਾਃ ।
ਪਰਲੋਕਸਹਾਯਾਰਥੰ ਸਰਵਭੂਤਾਨਜ਼ਪੀਡਯਨ ॥ ੧ ॥
ਨਾਮੁਤ੍ਰ ਹਿ ਸਹਾਯਾਰਥੰ ਪਿਤਾ ਮਾਤਾ ਚ ਤਿਸ਼ਠਤਃ ।
ਨਾ ਪੁਤ੍ਰਦਾਰੰਨ ਜਞਾਤਿਰਧਰਮਸਤਿਸ਼੍ਠਤਿ ਕੇਵਲਃ॥੨॥
ਏਕਃ ਪ੍ਰਜਾਯਤੇ ਜੰਤੁਰੇਕ ਏਵ ਪ੍ਰਲੀਯਤੇ।
ਏਕੋਨੁਭੁੰਕਤੇ ਸੁਕ੍ਰਿਤਮੇਕ ਏਵ ਚ ਦੁਸ਼ਕ੍ਰਿਤਮ ॥ ੩ ॥

ਮਨੁਸਮ੍ਰਿਤੀ ਅਧਜਾਯ ੪। ਸ਼ਲੋਕ ੨੩੮–੨੩੯–੨੪੦ ।

ਏਕਃ ਪਾਪਾਨਿ ਕੁਰੁਤੇ ਫਲੰ ਭੁੰਕਤੇ ਮਹਾਜਨਃ ।
ਭੋਕਤਾਰੋ ਵਿਪ੍ਰਮੁਚਯੰਤੇ ਕਰਤਾ ਦੋਸ਼ੇਣ ਲਿਪਜਤੇ॥੪॥

ਮਹਾਭਾਰਤ । ਉਦਜੋਗਪਰਵ ਪ੍ਰਜਾਗਰਪਰਣ ।ਅਧਜਾਯ ੩੨ ।

ਮ੍ਰਿਤੰ ਸ਼ਰੀਰਮੁਤਸ੍ਰਿਜ ਕਾਸ਼੍ਠਲੋਸ਼੍ਠਸਮੰ ਖਛਿਤੌ ।
ਵਿਮੁਖਾ ਬਾਂਧਵਾ ਯਾਂਤਿ ਧਰਮਸਤਮਨੁਗੱਛਤਿ ॥ ੫ ॥

ਮਨੁਸਮ੍ਰਿਤੀ ਅਧਜਾਯ ੪। ਸ਼ਲੋਕ ੨੪੧ ।

ਇਸਤ੍ਰੀ ਅਤੇ ਪੁਰਸ਼ ਨੂੰ ਚਾਹੀਦਾ ਹੈ ਕਿ ਜੀਕਨ ਪੁੱਤਿਕਾ ਅਰਥਾਤ ਦੀਮਕ ਖੁੱਡ ਨੂੰ ਬਨਾਂਦੀਹੈ,ਉਸੇ ਤਰਾਂ ਸਭ ਪ੍ਰਾਣੀਆਂ ਨੂੰ ਪੀੜਾ ਨ ਦੇਕੇਪਰਲੋਕ ਅਰਥਾਤ ਅਗਲੇ ਜਨਮ ਦੇ ਵਾਸਤੇ ਹੌਲੀ ਹੌਲੀ ਧਰਮ ਨੂੰ ਜੋੜੀ ਜਾਵੇ ॥ ੧ ॥ ਕਿਤੁੰ ਜੋ ਪਰਲੋਕ ਵਿੱਚ ਨਾ ਪਿਉ, ਨ ਮਾਂ, ਨ ਪੁਤ੍ਰ, ਨ ਇਸਤ੍ਰੀ, ਨਾ ਅਪਨੇ ਗੋਤ੍ਰ ਵਾਲੇ ਸਹਾਇਤਾ ਕਰ ਸਕਦੇ ਹਨ, ਕਿੰਤੂ ਇਕ ਧਰਮ ਹੀ ਸਹਾਇਤਾ ਕਰਨ ਵਾਲਾ ਹੁੰਦਾ ਹੈ ॥ ੨ ॥ ਦੇਖ ਲਓ ! ਇਕੱਲਾ ਹੀ ਜੀਵ ਜੰਮਦਾ ਅਤੇ ਮਰਦਾ ਹੈ, ਇੱਕ ਧਰਮ ਦਾ ਫਲ ਜਿਹੜਾ ਸੁਖ ਅਤੇ ਅਧਰਮ ਦਾ ਫਲ

ਜਿਹੜਾ ਦੁਖ ਹੈ ਓਸਨੂੰ ਭੋਗਦਾ ਹੈ ॥ ੩ ॥ ਇਹ ਭੀ ਸਮਝ ਲਓ ਕਿ ਕੁਟੰਬ ਵਿੱਚ ਇਕ ਪੁਰੁਸ਼ ਪਾਪ ਕਰਕੇ ਪਦਾਰਥ ਲਿਆਉਂਦਾ ਹੈ ਅਰ ਮਹਾਜਨ ਅਰਥਾਤ ਸਾਰਾ ਕੁਟੰਬ ਓਸਨੂੰ ਭੋਗਦਾ ਹੈ, ਭੋਗਨ ਵਾਲੇ ਦੋਸ਼ ਦੇ ਭਾਗੀ ਨਹੀਂ ਹੁੰਦੇ ਕਿੰਤੂ ਅਧਰਮ ਦੇ ਕਰਨੇ ਵਾਲਾ ਹੀ ਪਾਪੀ ਹੁੰਦਾ ਹੈ ॥ ੪ ॥ ਜਦ ਕੋਈ ਕਿਸੇ ਦਾ ਸੰਬੰਧੀ ਮਰ ਜਾਂਦਾ ਹੈ ਉਸਨੂੰ ਮਿੱਟੀ ਦੀ ਢੀਮ ਵਾਙਣ ਜਮੀਨ ਉਪਰ ਛਡਕੇ ਪਿਠ ਵਿਖਾਕੇ ਭਰਾ, ਭਾਈ ਮੂੰਹ ਮੋੜਕੇ ਚਲੇ ਜਾਂਦੇ ਹਨ ਕੋਈ ਉਸਦੇ ਨਾਲ ਜਾਨ ਵਾਲਾ ਨਹੀਂ ਹੁੰਦਾ ਕਿੰਤੂ ਇੱਕ ਧਰਮ ਹੀ ਉਸਦਾ ਸੰਗੀ ਹੁੰਦਾ ਹੈ ॥ ੫ ॥

ਤਸਮੱਾਧਰਮੰ ਸਹਾਯਾਰਥੰ ਨਿਤਜ਼ੰ ਸੰਚਿਨੁਯੱਾਛਨੈਃ ।
ਧਰਮੇਣ ਹਿ ਸਹਾਯੇਨ ਤਮਸਤਰਤਿ ਦੁਸਤਰਮ ॥ ੧ ॥
ਧਰਮਪ੍ਰਧਾਨੰ ਪੁਰੁਸ਼ੰ ਤਪਸਾ ਹਤਕਿਲ੍ਵਿਸ਼ਮ ।
ਪਰਲੋਕੰ ਨਯਤਜਾਸ਼ੁ ਭਾਸ੍ਵੰਤੰ ਖਸ਼ਰੀਰਿਣਮ ॥ ੨ ॥

ਮਨੁਸਮ੍ਰਿਤੀ ਅਧਜਾਯ ੪। ਸ਼ਲੋਕ ੨੪੨–੨੪੩ ।

ਏਸ ਕਰਕੇ ਪਰਲੋਕ ਅਰਥਾਤ ਅਗਲੇ ਜਨਮ ਵਿੱਚ ਸੁਖ ਅਰ ਏਸ ਜਨਮ ਦੀ ਸਹਾਇਤਾ ਲਈ ਸਦਾ ਧਰਮ ਨੂੰ ਹੌਲੀ ਹੌਲੀ ਕੱਠਾ ਕਰਦਾ ਜਾਵੇ, ਕਿੰਉ ਜੋ ਧਰਮ ਦੀ ਸਹਾਇਤਾ ਨਾਲ ਹੀ ਵੱਡੇ ਕਠਨ ਦੁੱਖ ਦੇ ਸਮੁਦ੍ਰ ਨੂੰ ਜੀਵ ਤਰ ਸਕਦਾ ਹੈ ॥ ੧ ॥ ਜਿਹੜਾ ਪੁਰੁਸ਼ ਧਰਮ ਨੂੰ ਹੀ ਪ੍ਰਧਾਨ ਸਮਝਦਾ, ਜਿਸ ਦਾ ਧਰਮ ਦੇ ਕਰਨ ਨਾਲ ਪਾਪ ਦੂਰ ਹੋਗਿਆ ਉਸਨੂੰ ਪ੍ਰਕਾਸ਼ ਸਰੂਪ, ਅਰ ਆਕਾਸ਼ ਜਿਸਦੇ ਸ਼ਰੀਰ ਦੀ ਨਿਆਈਂ ਹੈ ਉਸ ਪਰਲੋਕ ਅਰਥਾਤ ਪਰਮ ਦਰਸ਼ਨੀਯ ਪਰਮੇਸ਼ੁਰ ਦੇ ਪਾਸ ਧਰਮ ਹੀ ਛੇਤੀ ਪੁਚਾਂਦਾ ਹੈ ॥ ੨ ॥

ਦ੍ਰਿੜ੍ਹਕਾਰੀ ਮ੍ਰਿਦੁਰਦਾਂਤਃ ਕ੍ਰੂਰਾਚਾਰੈਰਸੰਵਸਨ।
ਅਹਿੰਸ੍ਰੋ ਦਮਦਾਨਾਭਜਾਂ ਜਪੇਤੋ ਸ੍ਵਰਗੰ ਤਥਾਬ੍ਰਤਃ ॥ ੧॥
ਵਾਚਜਰਥਾ ਨਿਯਤਾਃ ਸਰਵੇਵਾਙਮੂਲਾਵਾਗ੍ਵਿਨਿਃਸ੍ਰਿਤਾਃ।
ਤਾਂਤੁ ਯਃ ਸਤੇਨਯੇਦ੍ਵਾਚੰ ਸ ਸਰਵਸਤੇਯਕ੍ਰਿੱਨਰਃ ॥ ੨॥
ਆਚਾਰੱਾਲਭਤੇ ਹਜਾਯੁਰਾਚਾਰਾਦੀਪਸਿਤਾਃ ਪ੍ਰਜਾਃ ।
ਆਚਾਰਾਦਧਨਮਖਛੱਯਮਾਚਾਰੋ ਹੰਤਜਲਖਛਣਮ ॥੩॥

ਮਨੁਸਮ੍ਰਿਤੀ ਅਧਜਾਯ ੪। ਸ਼ਲੋਕ ੨੪੬–੨੫੬–੧੫੬ ।

ਸਦਾ ਦ੍ਰਿੜ੍ਹਤਾ ਨਾਲ ਕੰਮ ਕਰਨ ਵਾਲਾ, ਕੋਮਲ ਸੁਭਾਉ ਵਾਲਾ, ਅਪਨੀਆਂ ਇੰਦ੍ਰੀਆਂ ਨੂੰ ਜਿੱਤਨ ਵਾਲਾ, ਹਿੰਸਾ ਦੇ ਕਰਨਵਾਲੇ, ਕ੍ਰੂਰ, ਦੁਸ਼ਾਚਾਰੀ ਪੁਰੁਸ਼ਾਂ ਤੋਂ ਪਰੇ ਰਹਨ ਵਾਲੇ ਧਰਮਾਤਮਾ ਨੂੰ ਚਾਹੀਏ ਕਿ ਮਨ ਨੂੰ ਜਿੱਤ ਅਰ ਵਿਦ੍ਯਾ ਆਦੀ ਦੇ ਦਾਨ ਕਰਨ ਨਾਲ ਸੁਖ ਨੂੰ ਪ੍ਰਾਪਤ ਹੋਵੇ, ਪਰੰਤੂ ਏਹ ਭੀ ਧਿਆਨ ਰੱਖੇ ਕਿ ਜਿਸ ਬਾਣੀ ਕਰਕੇ ਅਰਥ ਅਰਥਾਤ ਵਿਹਾਰਾਂ ਦਾ ਨਿਸ਼ਚਾ ਹੁੰਦਾ ਹੈ ਉਹ ਬਾਣੀ ਹੀ ਉਨ੍ਹਾਂ ਦਾ ਮੂਲ ਹੈ, ਅਤੇ ਬਾਣੀ ਨਾਲ ਹੀ ਸਭ ਵਿਹਾਰ ਸਿੱਧ ਹੁੰਦੇ ਹਨ, ਉਸ ਬਾਣੀ ਨੂੰ ਜਿਹੜਾ ਚੁਰਾਂਦਾ ਅਰਥਾਤ ਝੂਠ ਬੋਲਦਾ ਹੈ ਓਹ ਸਭ ਚੋਰੀ ਆਦੀ ਪਾਪਾਂ ਦੇ ਕਰਨ ਵਾਲਾ ਹੈ, ਏਸ ਲਈ ਮਿਥਿਆ ਭਾਸ਼ਣ ਆਦੀ ਅਧਰਮ ਨੂੰ ਛੱਡਕੇ ਜਿਹੜਾ ਧਰਮਾਚਾਰ ਅਰਥਾਤ ਬ੍ਰਹਮਚਰਯ ਅਤੇ ਜਿਤੇਂਦ੍ਰੀ ਰਹਨ ਕਰਕੇ ਪੂਰੀ ਉਮਰ ਅਰ ਜਿਸ ਧਰਮਾਚਾਰ ਥੀਂ ਉੱਤਮ ਸੰਤਾਨ ਤਥਾ ਅਖੁੱਟ ਧਨ ਦੀ ਪ੍ਰਾਪਤੀ ਹੁੰਦੀ ਹੈ, ਅਰ ਜਿਸ ਧਰਮਾਚਾਰ ਕਰਕੇ ਦੁਸ਼ ਗੁਣਾਂ ਦਾ ਨਾਸ਼ ਹੁੰਦਾਹੈ ਉਸਦੇਆਚਰਣ ਨੂੰ ਸਦਾ ਕੀਤਾ ਕਰੇ ਕਿਉਂਜੋ:—

ਦੁਰਾਚਾਰੋ ਹਿ ਪੁਰੁਸ਼ੋ ਲੋਕੇ ਭਵਤਿ ਨਿੰਦਿਤਃ ।
ਦੁਃਖਭਾਗੀ ਚ ਸਤਤੰ ਵਜ਼ਾਧਿਤੋ ਅਲਪਾਯੁਰੇਵ ਚ ॥

ਮਨੁਸਮ੍ਰਿਤੀ ਅਧਜ਼ਾਯ ੪ । ਸ਼ਲੋਕ ੧੫੭ ॥

ਜਿਹੜਾ ਦੁਸ਼ਾਚਾਰੀ ਪੁਰੁਸ਼ ਹੈ ਓਹ ਸੰਸਾਰ ਵਿਖੇ ਸੱਜਨ ਲੋਕਾਂ ਵਿੱਚ ਨਿੰਦਿਆ ਨੂੰ ਪ੍ਰਾਪਤ ਹੁੰਦਾ ਹੈ, ਦੁਖ ਦਾ ਭਾਗੀ ਅਤੇ ਸਦਾ ਬਿਮਾਰ ਰਹਕੇ ਘੱਟ ਉਮਰ ਦੇ ਭੋਗਨ ਵਾਲਾ ਹੁੰਦਾ ਹੈ, ਏਸ ਕਰਕੇ ਅਜੇਹਾ ਯਤਨ ਕਰੈ ॥

ਯਦਜ਼ਤਪਰਵਸ਼ੰ ਕਰਮ ਤੱਤਦਜ਼ਤਨੇਨ ਵਰਜਯੇਤ ।
ਯਦਜ਼ਦਾਤਮਵਸ਼ੰ ਤੁ ਸਜ਼ਾਤੱਤਤਸੇਵੇਤ ਯਤਨਤਃ ॥ ੧ ॥
ਸਰਵੰ ਪਰਵਸ਼ੰ ਦੁਃਖੰ ਸਰਵਮਾਤ੍ਮਵਸ਼ੰ ਸੁਖਮ ।
ਏਤਦ੍ਵਿਦਜ਼ਾਤਸਮਾਸੇਨ ਲਖਛਣੰ ਸੁਖਦੁਃਖਯੋਃ ॥ ੨ ॥

ਮਨੁਸਮ੍ਰਿਤੀ ਅਧਜ਼ਾਯ ੪ । ਸ਼ਲੋਕ ੫੯–੬੦ ॥

ਜਿਹੜੇ ਜਿਹੜੇ ਪਰਾਧੀਨ ਕੰਮ ਹੋਨ ਉਨ੍ਹਾਂ ਉਨ੍ਹਾਂ ਦਾ ਯਤਨ ਨਾਲ ਤਿਆਗ, ਅਤੇ ਜਿਹੜੇ ਜਿਹੜੇ ਸ੍ਵਾਧੀਨ ਕੰਮ ਹੋਨ ਉਨ੍ਹਾਂ ਉਨ੍ਹਾਂ ਨੂੰ ਯਤਨ ਕਰਕੇ ਪੂਰਾ ਕਰੇ । ਕਿੰਉ ਜੋ ਜੇਹੜੀ ਜੇਹੜੀ ਪਰਾਧੀਨਤਾ ਹੈ, ਓਹ ਓਹ ਸਭ ਦੁਖ, ਅਰ ਜੇਹੜੀ ਜੇਹੜੀ ਸ੍ਵਾਧੀਨਤਾ ਹੈ ਓਹ ਓਹ ਸਭ ਸੁਖ ਹੈ, ਏਹੋ ਹੀ ਸੰਖੇਪ ਕਰਕੇ ਸੁਖ ਅਤੇ ਦੁਖਦਾ ਲਖਛਣ ਜਾਨਨਾ ਚਾਹੀਏ, ਪਰੰਤੂ ਜਿਹੜਾ ਇਕ ਦੂਜੇ ਦੇ

ਅਧੀਨ ਕੰਮ ਹੈ ਓਹ ਓਹ ਅਧੀਨਤਾ ਨਾਲ ਹੀ ਕਰਨਾ ਚਾਹੀਦਾ ਹੈ, ਜੀਕਨ ਕਿ ਇਸਤ੍ਰੀ ਅਰ ਪੁਰੁਸ਼ ਦਾ ਇਕ ਦੂਜੇ ਦੇ ਅਧੀਨ ਕੰਮ ਹੈ ਅਰਥਾਤ ਇਸਤ੍ਰੀ ਪੁਰੁਸ਼ ਦਾ ਅਤੇ ਪੁਰੁਸ਼ ਇਸਤ੍ਰੀ ਦਾ ਇਕ ਦੂਸੇ ਨਾਲ ਚੰਗਾ ਵਰਤਾਉ ਕਰਨਾ, ਇਕ ਦੂਜੇ ਦੇ ਅਨੁਕੂਲ ਰਹਨਾ, ਵਭਿਚਾਰ ਯਾ ਵੈਰ ਕਦੀ ਨ ਕਰਨਾ, ਪੁਰੁਸ਼ ਦੀ ਆਗਿਆ ਦੇ ਅਨੁਕੂਲ ਘਰ ਦੇ ਕੰਮ ਧੰਦੇ ਇਸਤ੍ਰੀ, ਅਤੇ ਬਾਹਰ ਦੇ ਕੰਮ ਧੰਦੇ ਪੁਰੁਸ਼ ਦੇ ਅਧੀਨ ਰਹਨੇ, ਖੋਟੇ ਵਿਅਸਨਾਂ ਵਿਚ ਫਸਨ ਤੋ ਇਕ ਦੂਜੇ ਨੂੰ ਰੋਕਨਾ, ਮੁਕਦੀ ਗੱਲ ਇਹ ਹੈ ਕਿ ਏਸ ਨੂੰ ਨਿਸ਼ਚਾ ਕਰਕੇ ਜਾਨੇ ਕਿ ਜਦ ਵਿਆਹ ਹੁੰਦਾ ਹੈ ਤਦ ਇਸਤ੍ਰੀ ਦੇ ਨਾਲ ਪੁਰੁਸ਼ ਅਤੇ ਪੁਰੁਸ਼ਦੇ ਨਾਲ ਇਸਤ੍ਰੀ ਵਿਕ ਜਾਂਦੀ ਹੈ ਅਰਥਾਤ ਇਸਤ੍ਰੀ ਅਤੇ ਪੁਰੁਸ਼ ਦਾ ਸਭ ਕੁਝ ਨਹੁੰ ਤੋਂ ਲੈਕੇ ਸਿਰ ਦੇ ਵਾਲਾਂ ਤਕ ਜੋ ਕੁਝ ਓਹ ਵੀਰਯ ਆਦੀ ਇਕ ਦੂਜੇ ਦੇ ਅਧੀਨ ਹੋ ਜਾਂਦੇ ਹਨ, ਇਸਤ੍ਰੀ ਯਾ ਪੁਰੁਸ਼ ਇਕ ਦੂਜੇ ਦੀ ਪ੍ਰਸੰਨਤਾ ਬਗੈਰ ਕੋਈ ਭੀ ਵਿਹਾਰ ਨ ਕਰਨ ਜਿਨ੍ਹਾਂ ਵਿੱਚ ਵਡੇ ਵੈਰ ਦੇ ਕਾਰਨ ਵਾਲੇ ਵਭਿਚਾਰ ਅਦਿ ਤ ਰੰਡੀਬਾਜ਼ੀ ਅਤੇ ਦੂਜੇ ਮਰਦ ਨਾਲ ਖੋਟਾ ਕੰਮ ਕਰਨਾ ਆਦੀ ਕੰਮ ਹਨ ਇਨ੍ਹਾਂ ਨੂੰ ਛਡਕੇ ਅਪਨੇ ਖਾਉਂਦ ਦੇ ਨਾਲ ਇਸਤ੍ਰੀ ਅਤੇ ਇਸਤ੍ਰੀ ਦੇ ਨਾਲ ਖਾਉਂਦ ਸਦਾ ਪ੍ਰਸੰਨ ਰਹਨ, ਜੇ ਬ੍ਰਾਹਮਣ ਵਰਣ ਦੇ ਹੋਨ ਤਾਂ ਪੁਰੁਸ਼ ਮੁੰਡਿਆਂ ਨੂੰ ਪੜ੍ਹਾਵੇ ਤਥਾ ਸ਼ਿਖਛਾਵਾਨ ਇਸਤ੍ਰੀ ਕੁੜੀਆਂ ਨੂੰ ਪੜ੍ਹਾਵੇ, ਤਰਾਂ ਤਰਾਂ ਦੇ ਉਪਦੇਸ਼ ਅਤੇ ਵਿਆਖਿਆਨ ਕਰਕੇ ਉਨ੍ਹਾਂ ਨੂੰ ਵਿਦਵਾਨ ਬਨਾਉਂਨਾ ਇਸਤ੍ਰੀਦਾ ਆਦਰ ਭਾਵਕ ਹਨ ਦੇ ਯੋਗ ਦੇਵਤਾ ਖਾਉਂਦ, ਅਤੇ ਪੁਰੁਸ਼ ਦੀ ਆਦਰ ਭਾਵਕ-ਰਨ ਦੇ ਯੋਗ ਦੇਵੀ ਇਸਤ੍ਰੀ ਹੈ ॥

ਜਦ ਤਕ ਗੁਰੁਕੁਲ ਵਿੱਚ ਰਹਨ ਤਦ ਤਕ ਸ਼ਿਸ਼ ਪੜ੍ਹਾਨ ਵਾਲਿਆਂਨੂੰ ਮਾਂ ਪਿਉ ਵਰਗੇ ਸਮਝਨ, ਅਤੇ ਪੜ੍ਹਾਨ ਵਾਲੇ ਸ਼ਿਸ਼ਾਂ ਨੂੰ ਉਲਾਦ ਵਾਙਣ ਸਮਝਨ ॥

ਪੜ੍ਹਾਨ ਵਾਲੇ ਅਧਯਾਪਕ ਅਤੇ ਪੜ੍ਹਾਨ ਵਾਲੀ ਅਧਯਾਪਕਾ ਕੇਹੋ ਜੇਹੇ ਹੋਨੇ ਚਾਹੀਏਃ—

ਆਤ੍ਮਜ੍ਞਾਨੰ ਸਮਾਰੰਭਾਂਸ੍ਤਿਤਿਖ੍ਛਾ ਧਰ੍ਮਨਿਤ੍ਯਤਾ । ਯਮਰਥਾ ਨਾਪਕਰ੍ਸ਼ੰਤਿ ਸ ਂ ਵੈ ਪੰਡਿਤ ਉਚ੍ਯਤੇ ॥ ੧ ॥ ਨਿਸ਼ੇਵ੍ਤੇ ਪ੍ਰਸ਼ਸ੍ਤਾਨਿ ਨਿੰਦਿਤਾਨਿ ਨ ਸੇਵ੍ਤੇ । ਅਨਾਸ੍ਤਿਕਃ ਸ਼੍ਰੱਦਧਾਨ ਏਤਤ੍ ਪੰਡਿਤ ਲਖ੍ਛਣਮ ॥ ੨ ॥ ਭਿਪ੍ਰੰ ਵਿਜਾਨਾਤਿ ਚਿਰੰ ਸ਼ਿ੍ਣੋਤਿ, ਵਿਜ੍ਞਾਯ ਚਾਰ੍ਥੰ ਭਜਤੇ ਨ ਕਾਮਾਤ੍ । ਨਾਸੰਪ੍ਰਿਸ਼ਟੋਹ੍ਯੁਪਯੁੰਕ੍ਤੇ ਪਰਾਰ੍ਥੇ ਤਤ੍ ਪ੍ਰਜ੍ਞਾਨੰ ਪ੍ਰਥਮੰ ਪੰਡਿਤਸ੍ਯ ॥ ੩ ॥ ਨਾਪ੍ਰਾਪ੍ਯਮਭਿਵਾਂਛੰਤਿ ਨਸ਼ਟੰ ਨੈੱਛੰਤਿ ਤ ਸ਼ੋਚਿਤੁਮ । ਆਪਤ੍ਸੁ ਚ ਨ ਮੁਹ੍ਯੰਤਿ ਨਰਾਃਪੰਡਿਤਬੁੱਧਯਃ॥੪॥ ਪ੍ਰਵ੍ਰਿੱਤਵਾਕ ਚਿਤ੍ਰਕਥ ਊਹਵਾਨ ਪ੍ਰਤਿਭਾਨਵਾਨ । ਆਸ਼ੁ ਗ੍ਰੰਥਸ੍ਯ ਵਕਤਾ ਚ ਯਃ ਸ ਪੰਡਿਤ ਉਚ੍ਯਤੇ ॥ ੫ ॥ ਸ਼ੁਤੰ ਪ੍ਰਜ੍ਞਾਨੁਗੰ ਯਸ੍ਯ

ਪ੍ਰਜਵਾ ਚੈਵ ਸ੍ਰਤਾਨੁਗਾ । ਅਸੰਭਿੰਨਾਰਯਮਰਯਾਦਃ ਪੰਡਿਤਾਖਯਾਂ ਲੇਭੇਤ ਸਃ॥੬॥ਮਹਾਭਾਰਤ ਉਦਯੋਗਪਰਵ ਵਿਦੁਰਪ੍ਰਜਾਗਰ ਅਧਯਾਯ੩੨।

(ਅਰਥ) ਜਿਹਨੂੰ ਚੰਗੀ ਤਰਾਂ ਨਾਲ ਆਤਮਗਿਆਨ ਹੋਵੇ, ਆਰੰਭ ਅਰਥਾਤ ਜਿਹੜਾ ਨਿਕੰਮਾ ਆਲਸੀ ਕਦੇ ਨ ਰਹੇ, ਸੁਖ, ਦੁਖ, ਹਾਨੀ, ਲਾਭ, ਮਾਨ, ਅਪਮਾਨ, ਨਿੰਦਿਆ, ਉਸਤਤੀ ਵਿਚ ਹਰਸ਼ ਚਿੰਤਾ ਕਦੀ ਨ ਕਰੇ, ਧਰਮ ਵਿਚ ਜੇਹਦਾ ਦ੍ਰਿੜ੍ਹ ਨਿਸ਼ਚਾ ਰਹੇ, ਜੇਹਦੇ ਮਨ ਨੂੰ ਚੰਗੀਆਂ ਚੰਗੀਆਂ ਚੀਜ਼ਾਂ ਅਰਥਾਤ ਵਿਸ਼ੇ ਖਿੱਚ ਨਾ ਸਕਨ, ਓਹੋ ਹੀ ਪੰਡਿਤ ਅਖਾਉਂਦਾ ਹੈ ॥ ੧ ॥ ਸਦਾ ਧਰਮ ਦੇ ਕੰਮਾਂ ਦਾ ਕਰਨ ਵਾਲਾ, ਅਤੇ ਅਧਰਮ ਦੇ ਕੰਮਾਂ ਨੂੰ ਤਿਆਗਨ ਵਾਲਾ, ਪਰਮੇਸ਼ੁਰ, ਵੇਦ, ਸਦਾਚਾਰ ਦੀ ਨਿੰਦਿਆ ਨਾ ਕਰਨ ਵਾਲਾ, ਈਸ਼ੁਰ ਆਦੀ ਵਿਚ ਪੂਰੀ ਪੂਰੀ ਸ਼੍ਰਧਾ ਰਖਨ ਵਾਲਾ ਹੋਵੇ, ਏਹੋ ਪੰਡਿਤ ਦੇ ਕਰਨੇ ਅਤੇ ਨ ਕਰਨੇ ਦੇ ਯੋਗ ਕਰਮ ਹਨ ॥੨॥ ਜਿਹੜਾ ਔਖੀ ਵਿੱਦਯਾ ਦੀ ਗੱਲ ਨੂੰ ਭੀ ਛੇਤੀ ਜਾਨ ਸੱਕੇ ਚਿਰ ਕਾਲ ਤਕ ਸ਼ਾਸਤ੍ਰਾਂ ਨੂੰ ਪੜ੍ਹੇ ਸੁਨੇ ਅਰ ਵਿਚਾਰ ਕਰੇ, ਜੋ ਕੁਝ ਜਾਨੇ ਉਸਨੂੰ ਪਰਉਪਕਾਰਲਈ ਲਾਵੇ, ਅਪਨੇ ਸ੍ਵਾਰਥਲਈ ਕੋਈ ਕੰਮ ਨ ਕਰੇ, ਬਿਨਾ ਪੁਛੇ ਯਾ ਬਿਨਾ ਉਚਿਤ ਵੇਲੇ ਤੋਂ ਦੂਜੇਦੀ ਗੱਲਬਾਤ ਵਿੱਚ ਸਲਾਹ ਨ ਦੇਵੇ ਪੰਡਿਤ ਦੀ ਏਹੋ ਪਹਲੀ ਪਛਾਨ ਸਮਝਨੀ ਚਾਹੀਦੀ ਹੈ ॥ ੩ ॥ ਜਿਹੜਾ ਪ੍ਰਾਪਤ ਨ ਹੋਨ ਵਾਲੀ ਚੀਜ਼ ਦੀ ਇਛਿਆ ਕਦੀ ਨ ਕਰੇ, ਨਸ਼੍ਟ ਹੋਏ ਪਦਾਰਥਾਂ ਦੀ ਚਿੰਤਾ ਨ ਕਰੇ, ਦੁਖ ਦੇ ਵੇਲੇ ਮੋਹ ਵਿਚ ਨ ਪਵੇ ਅਰਥਾਤ ਵਿਆਕੁਲ ਨ ਹੋਵੇ ਓਹੋ ਬੁਧਵਾਨ ਪੰਡਿਤ ਹੈ ॥੪॥ ਜਿਸਦੀ ਬਾਣੀ ਸਭਨਾਂ ਵਿਦਿਆਅਤ ਪ੍ਰਸ਼ਨਾਂ ਦੇ ਉੱਤਰ ਦੇਨ ਵਿਚ ਪੂਰੀ, ਜਿਹੜਾ ਵਿਚਿਤ੍ਰ ਸ਼ਾਸਤ੍ਰਾਂ ਦੇ ਪ੍ਰਕਰਣਾਂ ਦਾ ਕਹਨ ਵਾਲਾ, ਠੀਕ ਠੀਕ ਯੁਕਤੀ ਅਤੇ ਸਿਮ੍ਰਿਤੀ ਵਾਲਾ ਹੋਵੇ ਅਰ ਗ੍ਰੰਥਾਂ ਦੇ ਸੱਚੇ ਅਰਥਾਂ ਨੂੰ ਛੇਤੀ ਨਾਲ ਦੱਸਨ ਵਾਲਾ ਹੋਵੇ ਓਹੋ ਪੰਡਿਤ ਕਹਾਉਂਦਾ ਹੈ ॥ ੫ ॥ ਜਿਹਦੀ ਚੰਗੀ ਬੁਧੀ ਸੁਨੇ ਹੋਏ ਸੱਚੇ ਅਰਥ ਦੇ ਅਨੁਕੂਲ, ਅਤੇ ਜਿਸਦਾ ਸ਼੍ਰਵਣ ਬੁਧੀ ਦੇ ਅਨੁਸਾਰ ਹੋਵੇ, ਜੇਹੜਾ ਕਦੀ ਆਰਯ ਅਰਥਾਤ ਭਲੇ ਧਰਮ ਤੇ ਚਲਨ ਵਾਲੇ ਪੁਰੁਸ਼ਾਂ ਦੀ ਮਰਯਾਦਾ ਦਾ ਛੇਦਨ ਨ ਕਰੇ ਓਹੋ ਪੰਡਿਤ ਨ ਉਂ ਧਰਾਵੇ, ਜਿੱਥੇ ਏਹੋ ਜਿਹੇ ਇਸਤ੍ਰੀ ਪੁਰੁਸ਼ ਪੜ੍ਹਾਨ ਵਾਲੇ ਹੁੰਦੇ ਹਨ ਓਥੇ ਵਿਦਯਾ, ਧਰਮ ਅਤੇ ਉੱਤਮ ਆਚਾਰ ਦਾ ਵਾਧਾ ਹੋਕੇ ਦਿਨ ਪਰ ਦਿਨ ਆਨੰਦ ਹੀ ਵਧਦਾ ਰਹਿੰਦਾ ਹੈ ॥ ੬ ॥

ਪੜ੍ਹਾਉਨ ਦੇ ਅਯੋਗ ਅਤੇ ਮੂਰਖ ਦੇ ਲਖਛਣ —

ਅਸ੍ਰਤਸ਼ਚ ਸਮੁਨੱਧੋ ਦਰਿਦ੍ਰਸ਼ਚ ਮਹਾਮਨਾਃ । ਅਰਥਾਂਸ਼ਚਅਕਰਮਣਾ । ਪ੍ਰੇਪਸੁਰਮੂਢ ਇਤਯੁਚਯਤੇ ਬੁਧੈਃ ॥੧॥ ਅਨਾਹੂਤਃ ਪ੍ਰਵਿਸ਼ਤਿਪ੍ਰਿਸ਼ਟੋ ਬਹੁਭਾਸ਼ਤੇ । ਅਵਿਸ੍ਵਸਤੇ ਵਿਸ੍ਵਸਿਤਿ ਮੂਢਚੇਤਾ ਨਰਾਧਮਃ ॥੨ ॥

ਮਹਾਭਾਰਤ ਉਦਯੋਗਪਰਵ ਵਿਦੁਰਪ੍ਰਜਾਗਰ ਅਧਯਾਯ ੩੨ ॥

(ਅਰਥ) ਜਿਸਨੇ ਕੋਈ ਸ਼ਾਸਤ੍ਰ ਨ ਪੜ੍ਹਿਆ ਨ ਸੁਨਿਆ ਪਰੰਤੂ ਬੜਾ ਘਮੰਡੀ, ਕੰਗਾਲ ਹੋਵੇ ਫੇਰ ਵਡੇ ਵਡੇ ਮਨੋਰਥ ਕਰੇ, ਬਿਨਾ ਕੰਮ ਕੀਤੇ ਪਦਾਰਥਾਂ ਦੀ ਪ੍ਰਾਪਤੀ ਦੀ ਇਛਿਆ ਕਰੇ, ਉਸੇ ਨੂੰ ਬੁਧਵਾਨਲੋਕ ਮੂੜ੍ਹ ਕਹਿੰਦੇ ਹਨ ॥੧॥ ਜਿਹੜਾ ਬਿਨਾ ਬੁਲਾਏ ਸਭਾ ਯਾ ਕਿਸੇ ਦੇ ਘਰ ਵਿੱਚ ਚਲਿਆ ਜਾਵੇ ਉੱਚੇ ਆਸਨ ਉਪਰ ਬੈਠਨਾ ਚਾਹੇ, ਬਗੈਰ ਪੁਛੇ ਸਭਾ ਵਿੱਚ ਬਹੁਤ ਬਕੇ, ਵਿਸ਼੍ਵਾਸ ਦੇ ਅਯੋਗ ਵਸਤੂ ਯਾ ਮਨੁੱਸ਼ ਉੱਤੇ ਵਿਸ਼੍ਵਾਸ ਕਰੇ ਓਹੋ ਮੂੜ੍ਹ ਅਤੇ ਸਭਜ ਮਨੁੱਸ਼ਾਂ ਵਿਚ ਨੀਚ ਮਨੁੱਸ਼ ਕਹਾਉਂਦਾ ਹੈ, ਜਿੱਥੇ ਅਜੇਹੇ ਪੁਰੁਸ਼ ਪੜ੍ਹਾਨ ਵਾਲੇ, ਉਪਦੇਸ਼ਕ, ਗੁਰੂ ਅਤੇ ਮਾਨ ਦੇ ਯੋਗ ਹੁੰਦੇ ਹਨ ਉਥੇ ਅਵਿਦਜਾ, ਅਧਰਮ, ਅਸਭਜਤਾ ਕਲ੍ਹਾ ਵੈਰ ਅਤੇ ਫੁਟ ਵਧ ਕੇ ਦੁਖ ਹੀ ਵਧ ਜਾਂਦਾ ਹੈ ॥

ਹੁਨ ਵਿਦਿਆਰਥੀਆਂ ਦੇ ਲਖਛਣ ਲਿਖਦੇ ਹਾਂ ॥

ਆਲਸਮੰ ਮਦਮੋਹੌ ਚ ਚਾਪਲਮੰਗੋਸ਼ਟਿਰੇਵ ਚ । ਸਤਬਧਤਾ ਚਾਭਿਮਾਨਿਤ੍ਵੰ ਤਥਾ ਅਤਜਾਗਿਤ੍ਵਮੇਵ ਚ । ਏਤੇ ਵੈ ਸਪਤਦੋਸ਼ਾ ਸਜੁਃਸਦਾ ਵਿਦਜਾਰਥਿਨਾਂ ਮਤਾਃ ॥ ੧ ॥ ਸੁਖਾਰਥਿਨਃ ਕੁਤੋ ਵਿਦਜਾ ਕੁਤੋ ਵਿਦਜਾਰਥਿਨਃ ਸੁਖਮ । ਸੁਖਾਰਥੀ ਵਾ ਤਜਜੇਦ੍ਵਿਦਜਾਂ ਵਿਦਜਾਰਥੀ ਵਾ ਤਜਜੇਤ ਸੁਖਮ ॥ ੨ ॥ ਮਹਾਭਾਰਤ ਵਿਦੁਰਪ੍ਰਜਾਗਰ ਅਧਜਾਯ ੩੯ ॥

(ਆਲਸ) ਸ਼ਰੀਰ ਅਤੇ ਬੁੱਧੀ ਵਿੱਚ ਜੜਤਾ, ਨਸ਼ਾ, ਮੋਹ ਅਰਥਾਤ ਕਿਸੇ ਵਸਤੂ ਵਿੱਚ ਫਸਾਵਟ, ਚੰਚਲ ਹੋਨਾ, ਅਤੇ ਇਧਰ ਉਧਰ ਦੀਆਂ ਵਿਅਰਥ ਗੱਲਾਂ ਕਰਨੀਆਂ ਸੁਨਨੀਆਂ, ਪੜ੍ਹਦੇ ਪੜ੍ਹਾਂਦੇ ਰੁਕ ਜਾਨਾ, ਘਮੰਡ ਕਰਨਾ, ਅਤਿਆਗੀ ਹੋਨਾ, ਇਹ ਸਤ ਦੋਸ਼ ਵਿਦਜਾਰਥੀਆਂ ਵਿੱਚ ਹੁੰਦੇ ਹਨ ॥ ੧ ॥ ਜਿਹੜੇ ਏਹੋ ਜਿਹੇ ਹੋਨ ਉਨ੍ਹਾਂਨੂੰ ਵਿਦਜਾ ਭੀ ਨਹੀਂ ਆਉਂਦੀ, ਆਰਾਮ ਤਲਬੀ ਦੀ ਇਛਿਆ ਕਰਨ ਵਾਲੇ ਨੂੰ ਵਿਦਜਾ ਕਿੱਥੋ? ਅਤੇ ਵਿਦਜਾ ਪੜ੍ਹਨ ਵਾਲੇ ਨੂੰ ਸੁਖ ਕਿੱਥੋਂ ? ਕਿਉਂ ਜੋ ਵਿਸ਼ਿਆਂ ਦਾ ਸੁਖ ਚਾਹੁਨ ਵਾਲਾ ਵਿਦਜਾ ਨੂੰ ਅਤੇ ਵਿਦਜਾਰਥੀ ਵਿਸ਼ਯ ਸੁਖ ਨੂੰ ਛਡ ਦੇਵੇ ॥ ੨ ॥

ਅਜੇਹਾ ਕੀਤੇ ਬਗੈਰ ਵਿਦਜਾ ਕਦੇ ਪ੍ਰਾਪਤ ਨਹੀਂ ਹੁੰਦੀ, ਅਤੇ ਅਜੇਹੇ ਮਨੁੱਸ਼ ਨੂੰ ਵਿਦਜਾ ਪ੍ਰਾਪਤ ਹੁੰਦੀ ਹੈ:—

"ਸਤਜੇ ਰਤਾਨਾਂ ਸਤਤੰ ਦਾਂਤਾਨਾਮੂਰਧੂਰੇਤਸਾਮ ।
ਬ੍ਰਹਮਚਰਯੰ ਦਹੇਦ੍ਰਾਜਨ ਸਰਵਪਾਪਾਨਜੁਪਾਸਿਤਮ" ॥

ਜਿਹੜੇ ਸਦਾਚਾਰ ਰੱਖਨ ਵਾਲੇ, ਜਿਤੇਂਦ੍ਰੀ, ਅਤੇ ਜਿਨ੍ਹਾਂ ਦਾ ਵੀਰਯ ਕਦੇ ਨਹੀ ਗਿਰਦਾ, ਉਨਾਂ ਦਾ ਬ੍ਰਹਮਚਰਯ ਸੱਚਾ ਅਤੇ ਓਹੋ ਹੀ ਵਿਦਵਾਨ ਹੁੰਦੇ ਹਨ ॥

ਏਸ ਵਾਸਤੇ ਅਧਜਾਪਕ ਅਤੇ ਵਿਦਜਾਰਥੀਆਂ ਨੂੰ ਸੁਭ ਲਖਛਣ ਵਾਲਾ ਹੋਨਾ ਚਾਹੀਦਾ ਹੈ, ਅਧਜਾਪਕ ਅਜੇਹਾ ਯਤਨ ਕੀਤਾ ਕਰਨ ਜਿਸ ਕਰਕੇ

ਵਿਦਯਾਰਥੀ ਸੱਤਵਾਦੀ, ਸੱਤਮਾਨੀ, ਸੱਤਕ ਰੀ, ਜਿਤੇਂਦ੍ਰਿਆ, ਸੁਸ਼ੀਲਤਾ ਆਦੀ ਸ਼ੁਭ ਲਖਛਣ ਵਾਲੇ ਸ਼ਰੀਰ ਅਤੇ ਆਤਮਾ ਦਾ ਪੂਰਾ ਬਲ ਵਧਾਕੇ ਸਾਰੇ ਵੇਦ ਆਦੀ ਸ਼ਾਸਤ੍ਰਾਂ ਦੇ ਜਾਨਨ ਵਾਲੇ ਹੋਨ,ਸਦਾ ਉਨ੍ਹਾਂਦੀ ਕੁਚੇਸ਼੍ਟਾ ਦੇ ਦੁਰ੍ਭਾਨ ਅਤੇ ਵਿਦਯਾ ਦੇ ਪਰ੍ਜ਼ਾਨ ਵਿੱਚ ਚੇਸ਼੍ਟਾ ਕੀਤਾ ਕਰਨ,ਅਰ ਵਿਦਯਾਰਥੀ ਸਦਾ ਜਿਤੇਂਦ੍ਰੀ ਸ਼ਾਂਤ, ਪਰ੍ਜ਼ਾਂਨ ਵਾਲਿਆਂ ਨਾਲ਼ ਪ੍ਰੇਮ ਕਰਨ ਵਾਲੇ, ਸੋਚਨ ਦੇ ਸੁਭਾਉ ਵਾਲੇ, ਮੇਹਨਤੀ ਹੋਕੇ ਅਜੇਹਾ ਪੁਰੁਸ਼ਾਰਥ ਕਰਨ ਕਿ ਜਿਸ ਕਰਕੇ ਪੂਰੀ ਵਿਦਯਾ, ਪੂਰੀ ਉਮਰ, ਪੂਰਾ ਧਰਮ ਅਥ ਪੁਰੁਸ਼ਾਰਥ ਕਰਨਾ ਆਜਾਵੇ, ਇਹ ਸਭ ਬ੍ਰਾਹਮਣ ਵਰਣਾਂ ਦੇ ਕੰਮ ਹਨ ॥

ਖਛਤ੍ਰੀਆਂ ਦੇ ਕਰਮ ਰਾਜਧਰ੍ਮ ਵਿਚ ਕਹਾਂਗੇ ॥

ਵੈਸ਼ਾਂ ਦੇ ਕਰ੍ਮ ਇਹ ਹਨ ਕਿ ਦੇਸ਼ਾਂ ਦੇਸ਼ਾਂ ਦੀਆਂ ਭਾਸ਼ਾ ਸਿਖਨੀਆਂ, ਕਈ ਤਰਾਂ ਦੇ ਵਪਾਰਾਂਦੀ ਰੀਤੀ,ਉਨਾਂ ਦੇ ਭਾਵਜਾਨਨੇ, ਵੇਚਨਾ,ਖਰੀਦਨਾ, ਦੇਸ਼ਾਂ ਦਸੌਰਾਂ ਵਿੱਚ ਜਾਨਾ ਆਉਨਾ, ਲਾਭ੍ਦੇ ਵਾਸ੍ਤੇ ਕੰਮ ਦਾ ਆਰੰਭ ਕਰਨਾ, ਪਸ਼ੂ ਪਾਲਨੇ ਅਤੇ ਖੇਤੀ ਦਾ ਵਾਧਾ ਚਤੁਰਾਈ ਨਾਲ ਕਰਨਾ ਕਰਾਨਾ, ਧਨ ਨੂੰ ਵਧਾਉਨਾ, ਵਿੱਦਯਾ ਅਤੇ ਧਰਮ ਦੇ ਵਾਧਾ ਕਰਨ ਵਿੱਚ ਖਰਚ ਕਰਨਾ, ਸੱਤਵਾਦੀ, ਨਿਸ਼ਕਪਟੀ ਹੋਕੇ ਸਚ ਨਾਲ ਸਭ ਵਪਾਰ ਕਰਨੇ, ਸੱਭ ਚੀਜ਼ਾਂ ਦੀ ਰਖਛਾ ਅਜੇਹੀ ਕਰਨੀ ਜਿਸ ਕਰਕੇ ਕੋਈ ਚੀਜ਼ ਨਸ਼੍ਟ ਨ ਹੋਵੇ ॥

ਸ਼ੂਦ੍ਰ ਸਾਰੀਆਂ ਸੇਵਾ ਕਰਨ ਵਿੱਚ ਚਤੁਰ ਚਾਹੀਏ, ਭੋਜਨ ਪਕਾਉਨ ਦੀ ਵਿਦਯਾ ਵਿੱਚ ਪੂਰਾ ਪੂਰਾ ਕਾਰੀਗਰ, ਅਤੀ ਪ੍ਰੇਮ ਨਾਲ ਦੂਜੇ ਦੀ ਸੇਵਾ ਕਰ, ਅਰ ਉਨਾਂ ਤੋਂ ਹੀ ਅਪਨੀ ਆਜੀਵਿਕਾ ਕਰੇ, ਅਰ ਦੁਜਾਤੀ ਲੋਗ ਇਸਦੇ ਖਾਨ, ਪੀਨ, ਕਪੜੇ ਮਕਾਨ, ਵਿਆਹ ਆਦੀ ਵਿਚ ਜੋ ਕੁਝ ਲੱਗੇ ਸਭ ਕੁਝ ਦੇਨ, ਅਥਵਾ ਮਹੀਨਾ ਲਾ ਦੇਨ, ਚੌਹਾਂ ਵਰਣਾਂ ਨੂੰ ਇੱਕ ਦੂਜੇ ਨਾਲ ਪ੍ਰੀਤੀ, ਉਪਕਾਰ, ਸੱਜਨਤਾ, ਸੁਖ, ਦੁਖ,ਹਾਨੀ ਲਾਭ ਵਿਚ ਇਕਮਤੀ ਹੋਕੇ ਰਾਜ ਅਤੇ ਪ੍ਰਜਾ ਦੇ ਵਾਧੇ ਵਿੱਚ ਤਨ, ਮਨ, ਧਨ ਨੂੰ ਲਗਾਂਦੇ ਰਹਨਾ ਚਾਹੀਦਾ ਹੈ ॥

ਇਸਤ੍ਰੀ ਅਤੇ ਪੁਰੁਸ਼ ਦਾ ਵਿਛੋੜਾ ਕਦੀ ਨਹੀਂ ਹੋਨਾ ਚਾਹੀਦਾ ਕਿਉਂ ਜੋ—

ਪ ਨੰ ਦੁਰਜਨਸੰਸਰਗਃ ਪਤ੍ਨਾ ਚ ਵਿਰਹੋਅਟਨਮ ।
ਸ੍ਵਪਨੋਨਜਗੇਹਵਾਸਸ਼੍ਚ ਨਾਰੀਸੰਦੂਸ਼ਣਾਨਿ ਸ਼ਟ ॥

ਮਨੁਸਮ੍ਰਿਤੀ ਅਧ੍ਯਾਯ ੯ ਸ਼ਲੋਕ ੧੩ ॥

ਸ਼ਰਾਬ, ਮਾਂਸ ਆਦੀ ਨਸ਼ੇਵਾਲੀਚੀਜ਼ਾਂ ਦਾ ਪੀਨਾ,ਦੁਸ਼੍ਟਾਂਦਾ ਸੰਗ, ਖਾਉਂਦ ਤੋਂ ਵਖਰੇ ਅਕੱਲਿਆਂ ਟਿੰਦੇ ਹੋਏ ਵਿਅਰਥ ਪਾਖੰਡੀ ਆਦੀ ਦੇ ਵੇਖਨ ਦੇ ਬਹਾਨੇ ਫਿਰਦਿਆਂ ਰਹਨਾ, ਅਤੇ ਪਰਾਏ ਘਰ ਢੁੱਕਦਾ ਕਰੇ ਸੌਨਾ ਜਾ ਰਹਨਾ,

ਇਹ ਛੀ ਦੁਰਗੁਣ ਇਸਤ੍ਰੀ ਨੂੰ ਦੰਸ਼ ਲਗਾਨ ਵਾਲੇ ਹਨ; ਅਤੇ ਏਹੋ ਹੀ ਪੁਰੁਸ਼ਾਂ ਦੇ ਭੀ ਹਨ, ਖਾਂਉਦ ਦਾ ਅਤੇ ਇਸਤ੍ਰੀ ਦਾ ਵਿਛੋੜਾ ਦੋ ਤਰਾਂ ਦਾ ਹੁੰਦਾ ਹੈ ਇਕ ਕਿਦੇ ਕੰਮ ਦੇ ਵਾਸਤੇ ਦਸਾਵਰ ਵਿੱਚ ਜਾਨਾ, ਅਤੇ ਦੂਜਾ ਮੌਤ ਕਰੰਕੇ ਵਿਯੋਗ ਹੋ ਜਾਨਾ, ਇਨਾਂ ਵਿਚੋਂ ਪਹਲੇ ਦਾ ਉਪਾਵ ਏਹੋ ਹੈ ਕਿ ਦੂਰੇਡੇ ਦੇਸ਼ ਵਿੱਚ ਯਾਤ੍ਰਾ ਵਾਸਤੇ ਜਾਵੇ ਤਾਂ ਇਸਤ੍ਰੀਨੂੰ ਭੀ ਨਾਲ ਰੱਖੇ, ਏਸਦਾ ਪ੍ਰਯੋਜਨ ਇਹ ਹੈ ਕਿ ਬਹੁਤ ਕਾਲ ਤੱਕ ਵਿਯੋਗ ਨਹੀਂ ਰਹਨਾ ਚਾਹੀਦਾ ॥

(ਪ੍ਰਸ਼ਨ) ਇਸਤ੍ਰੀ ਅਰ ਪੁਰੁਸ਼ ਦੇ ਬਹੁਤੇ ਵਿਆਹ ਹੋਨੇ ਉਚਿਤ ਹਨ ਕਿ ਨਹੀਂ ?

(ਉੱਤਰ) ਯੁਗਪਦ ਅਰਥਾਤ ਇਕ ਸਮੇ ਵਿੱਚ ਨਹੀਂ ॥

(ਪ੍ਰਸ਼ਨ) ਕੀ ਹੋਰ ਸਮਿਆਂ ਵਿਚ ਬਹੁਤੇ ਵਿਆਹ ਹੋਨੇ ਚਾਹੀਦੇ ਹਨ ?

(ਉੱਤਰ) ਹਾਂ ਸੁਨੋਕਨਃ—

सा चेदक्षतयोनिः सज्ञादक्षतपूर्तजागतापि वा ।
पौनर्भवेन भर्त्रा सा पुनः संस्कारमर्हति ॥

मनुस्मृती अध्याय ९। श्लोक १७६ ॥

ਜਿਹੜੇ ਇਸਤ੍ਰੀ ਯਾ ਪੁਰੁਸ਼ ਦਾ ਹਥਲੇਵਾ ਮਾਤ੍ਰ ਸੰਸਕਾਰ ਹੋਇਆ ਅਰ ਸੰਯੋਗ ਨਾ ਹੋਇਆ ਹੋਵੇ ਅਰਥਾਤ ਜਿ ਹੜੀ ਅਖੱਛਤ ਯੋਨੀ ਇਸਤ੍ਰੀ ਅਤੇ ਅਖੱਛਤ ਵੀਰਯ ਪੁਰੁਸ਼ ਹੋਵੇ ਉਨ੍ਹਾਂ ਦਾ ਦੂਜੀ ਇਸਤ੍ਰੀ ਯਾ ਪੁਰੁਸ਼ਦੇ ਨਾਲੇ ਫੇਰ ਵਿਆਹ ਹੋਨਾ ਚਾਹੀਦਾ ਹੈ, ਕਿਤੂ ਬ੍ਰਾਹਮਣ, ਖਤ੍ਰੀ ਅਤੇ ਵੈਸ਼ ਵਰਣਾਂ ਵਿਚ *ਖੱਛਤਯੋਨੀਇਸਤ੍ਰੀ†ਖੱਛਤਵੀਰਯ ਪੁਰੁਸ਼ਦਾ ਪੁਨਰਵਿਆਹ ਨ ਹੋਨਾ ਚਾਹੀਏ

(ਪ੍ਰਸ਼ਨ) ਪੁਨਰਵਿਆਹ ਵਿਚ ਕੀ ਦੰਸ਼ ਹੈ ?

(ਉੱਤਰ) (ਪਹਲਾ) ਇਸਤ੍ਰੀ ਪੁਰੁਸ਼ ਵਿਚ ਪ੍ਰੇਮ ਦਾ ਘਟ ਹੋਨਾ, ਕਿਉਂ ਜੋ ਜਦ ਚਾਹੇ ਤਦ ਪੁਰੁਸ਼ਨੂੰ ਇਸਤ੍ਰੀ ਅਤੇ ਇਸਤ੍ਰੀਨੂੰ ਪੁਰੁਸ਼ ਛੱਡਕੇ ਦੂਜੇ ਨਾਲ ਸੰਬੰਧ ਕਰ ਲਵੇ ॥

(ਦੂਜਾ) ਜਦ ਇਸਤ੍ਰੀ ਆਪਨੇ ਖਾਉਂਦ ਦੇ ਮਰਨ ਪਿੱਛੋਂ ਯਾਂ ਮਰਦ ਅਪਨੀ ਇਸਤ੍ਰੀ ਦੇ ਮਰਨਪਿੱਛੋਂ ਦੂਜਾ ਵਿਆਹ ਕਰਨਾ ਚਾਹੁਨ ਤਦ ਪਹਲਾਂ ਇਸਤ੍ਰੀ ਦੇ ਪਹਲੇ ਖਾਉਂਦ ਦੇ ਪਦਾਰਥਾਂ ਨੂੰ ਉਜ੍ਹਾ ਲੈ ਜਾਨਾ ਅਰ ਉਨ੍ਹਾਂ ਦੇ ਟੱਬਰ ਵਾਲਿਆਂ ਦਾ ਉਨ੍ਹਾਂ ਦੇ ਨਾਲ ਝਗੜਾ ਕਰਨਾ ॥

---

*ਓਹ ਇਸਤ੍ਰੀ ਜਿਸਦਾ ਖਾਉਂਦ ਨਾਲ ਮੇਲ ਹੋ ਚੁਕਿਆ ਹੋਵੇ ।

†ਓਹ ਮਰਦ ਜਿਸਦਾ ਵਹੁਟੀ ਨਾਲ ਮੇਲ ਹੋ ਚੁਕਿਆ ਹੋਵੇ ॥

(ਤੀਜਾ) ਥਥੇਰੀਆਂ ਚੈਰੀਆਂ ਦੁਲਾਂ ਦਾ ਨਾਉਂ ਯਾ ਨਿਸ਼ਾਨ ਭੀ ਨਾ ਰਹਕੇ ਉਸਦੇ ਪਦਾਰਥ ਦਾ ਇਦੇ ਉੱਦੇ ਨਸ਼ਟ ਹੋ ਜਾਨਾ ॥

(ਚੌਥਾ) *ਪਤੀਬ੍ਰਤ ਅਤੇ ਇਸਤ੍ਰੀਬ੍ਰਤ ਧਰਮਾਂ ਦਾ ਨਸ਼ ਹੋਨਾ, ਏਹੋ ਜੇਹੇ ਦੋਸ਼ਾਂ ਕਰਕੇ ਦੁਜਾਤੀਆਂ ਵਿੱਚ ਪੁਨਰਵਿਵਾਹ ਵਾ ਅਨੇਕ ਵਿਵਾਹ ਕਦੀ ਨਹੀਂ ਹੋਨੇ ਚਾਹੀਦੇ ॥

(ਪ੍ਰਸ਼ਨ) ਜਦ ਬੀਜ ਨ ਵਪੇ ਤਦ ਭੀ ਉਸ ਦਾ ਕੁਲ ਨਸ਼ ਹੋ ਜਾਵੇਗਾ ਅਤੇ ਇਸਤ੍ਰੀ ਪੁਰੁਸ਼ ਵਜਭਿਚਾਰ ਆਦੀ ਵਿਚ ਲਗਕੇ ਗਰਭ ਡੇਗਨ ਆਦੀ ਬੜੇ ਦੁਸ਼ ਕੰਮ ਕਰਨਗੇ ਏਸ ਲਈ ਪੁਨਰਵਿਵਾਹ ਹੋਨਾ ਅੱਛਾ ਹੈ ॥

(ਉੱਤਰ)ਨਾਂ ਨਹੀਂ ਕਿਉਕਿ ਜੇ ਇਸਤ੍ਰੀ ਪੁਰੁਸ਼ ਬ੍ਰਹਮਚਰਯ ਕਰਨਾ ਚਾਹੁਨ ਤਾਂ ਕੋਈ ਭੀ ਉਪਦ੍ਰਵ ਨਹੀਂ ਹੋਵੇਗਾ ਅਤੇ ਕੁਲ ਦੀ ਪਰੰਮਪਰਾ ਰੱਖਨ ਲਈ ਕਿਸੇ ਅਪਨੀ ਜਾਤ ਵਾਲੇ ਦਾ ਪੁਤ੍ਰ ਗੋਦੀ ਲੈ ਲੈਨਗੇ ਉਸਤੋਂ ਕੁਲ ਚੱਲੇਗਾ, ਅਤੇ ਵਜਭਿਚਾਰ ਭੀ ਨਹੀਂ ਹੋਵੇਗਾ, ਅਰ ਜੇ ਬ੍ਰਹਮਚਰਯ ਨਾ ਰੱਖ ਸੱਕਨ ਤਾਂ ਨਿਯੋਗ ਕਰਕੇ ਸੰਤਾਨ ਦੀ ਉਤਪੱਤੀ ਕਰ ਲੈਨ ॥

(ਪ੍ਰਸ਼ਨ) ਪੁਨਰਵਿਆਹ ਅਤੇ ਨਿਯੋਗ ਵਿੱਚ ਕੀ ਭੇਦ ਹੈ ?

(ਉੱਤਰ) (ਪਹਲਾ) ਵਿਆਹ ਕਰਨ ਵਿੱਚ ਕੰਨਿਆਂ ਅਪਨੇ ਪਿਉ ਦਾ ਘਰ ਛਡਕੇ ਖਾਉਂਦ ਦੇ ਘਰ ਜਾਂਦੀ ਹੈ,ਅਤੇ ਪਿਉ ਨਾਲ ਵਿਸ਼ੇਸ਼ ਸੰਬੰਧ ਨਹੀਂ ਰਹਿੰਦਾ, ਪਰੰਤੂ ਵਿਧਵਾ ਇਸਤ੍ਰੀ ਉੱਸੇ ਵਿਆਹਤਾ ਖਾਉਂਦ ਦੇ ਘਰ ਵਿਚ ਰਹਿੰਦੀ ਹੈ, (ਦੂਜਾ) ਉਸ ਵਿਆਹਤਾ ਇਸਤ੍ਰੀ ਦੇ ਪੁਤ੍ਰ ਉੱਸੇ ਵਿਆਹਤਾ ਖਾਉਂਦ ਦੇ ਦਾਯਭਾਗੀ (ਵਾਰਸ) ਹੁੰਦੇ ਹਨ, ਪਰੰਤੂ ਨਿਯੋਗ ਵਾਲੀ ਇਸਤ੍ਰੀ ਦੇ ਪੁਤ੍ਰ ਵੀਰਯਦਾਤਾ ਦੇ ਨ ਪੁਤ੍ਰ ਕਹਾਉਂਦੇ ਹਨ, ਨ ਉਸਦਾ ਗੋਤ੍ਰ ਹੁੰਦਾ ਹੈ, ਅਰ ਨਾ ਉਸਦਾ ਅਖਤਿਆਰ ਉਨਹਾਂ ਮੁੰਡਿਆਂ ਉੱਤੇ ਰਹਿੰਦਾ ਹੈ ਕਿੰਤੂ ਓਹ ਮੋਏ ਹੋਏ ਖਾਉਂਦ ਦੇ ਪੁਤ੍ਰ ਕਹਾਉਂਦੇ, ਉੱਸੇ ਦਾ ਗੋਤ੍ਰ ਰਹਿੰਦਾ ਅਤੇ ਉੱਸੇ ਦੇ ਪਦਾਰਥ ਦੇ ਦਾਯਭਾਗੀ ਹੋਕੇ ਉੱਸੇ ਘਰਵਿਚ ਰਹਿੰਦੇ ਹਨ।(ਤੀਜਾ)ਵਿਆਹਤਾ ਇਸਤ੍ਰੀ ਪੁਰੁਸ਼ ਨੂੰ ਕੱਠਿਆਂ ਮਿਲਕੇ ਸੇਵਾ ਅਤੇ ਪਾਲਨ ਕਰਨਾ ਜਰੂਰੀ ਹੈ, ਪਰੰਤੂ ਨਿਯੋਗ ਵਾਲੇ ਇਸਤ੍ਰੀ ਪੁਰੁਸ਼ ਦਾ ਏਸ ਪ੍ਰਕਾਰ ਦਾ ਕੋਈ ਸੰਬੰਧ ਨਹੀਂ ਰਹਿੰਦਾ। (ਚੌਥਾ) ਵਿਆਹਤਾ ਇਸਤ੍ਰੀ ਪੁਰੁਸ਼ ਦਾ ਸੰਬੰਧ ਦੋਹਾਂ ਦੇ ਮਰਨ ਤਕ

---

*ਪਤੀਬ੍ਰਤ ਥੀਂ ਖਾਉਂਦ ਦੀ ਪ੍ਰਤਿਗਜਾ,ਅਤੇ ਇਸਤ੍ਰੀਬ੍ਰਤ ਥੀਂ ਇਸਤ੍ਰੀ ਦੀ ਪ੍ਰਤਿਗਜਾ ਜਾਨਨੀ ਚਾਹੀਦੀ ਹੈ, ਪੁਨਰਵਿਵਾਹ ਕਰਨ ਨਾਲ ਏਹ ਪ੍ਰਤਿਗਜਾ ਟੁੱਟ ਜਾਂਦੀ ਹੈ ਕਿੰਉਂ ਜੋ ਦੋਹਾਂ ਨੇ ਵਿਆਹ ਦੇ ਵੇਲੇ ਪਰਮੇਸ਼ੁਰ ਨੂੰ ਹਾਜ਼ਰ ਨਾਜ਼ਰ ਜਾਨਕੇ ਸੱਚੀ ਪ੍ਰਤਿਗਜਾ ਕੀਤੀ ਸੀ ਕਿ ਜਦ ਤਕ ਜੀਉਂਦੇ ਰਹਾਂਗੇ ਤਦ ਤਕ ਦੂਜੇ ਦੇ ਨਾਲ ਵਿਆਹ ਨਹੀਂ ਕਰਾਂਗੇ (ਅਨੁਵਾਦਕਰਤਾ)

ਰਹਿੰਦਾ ਹੈ ਪਰੰਤੂ ਨਿਯੋਗ ਵਾਲੀ ਇਸਤ੍ਰੀ ਪੁਰੁਸ਼ਦਾ ਸੰਬੰਧ ਕਾਰਯ ਤੋਂ ਪਿੱਛੋਂ ਨਹੀਂ ਰਹਿੰਦਾ । (ਪੰਜਵਾਂ) ਵਿਆਹਤਾ ਇਸਤ੍ਰੀ ਪੁਰੁਸ਼ ਰਲ ਕੇ ਘਰ ਦੇ ਕੰਮਾਂ ਨੂੰ ਪੂਰਾ ਕਰਨ ਵਾਸਤੇ ਯਤਨ ਕਰਦੇ ਹਨ, ਅਰ ਨਿਯੋਗ ਵਾਲੇ ਇਸਤ੍ਰੀ ਪੁਰੁਸ਼ ਆਪ ਅਪਨੇ ਘਰ ਦੇ ਕੰਮ ਕਰਦੇ ਰਹਿੰਦੇ ਹਨ। (ਪ੍ਰਸ਼ਨ) ਵਿਆਹ ਅਤੇ ਨਿਯੋਗ ਦੇ ਨਿਯਮ ਇੱਕੋ ਜਿਹੇ ਹਨ ਯਾ ਭਿੰਨਭਿੰਨ ?(ਉੱਤਰ) ਕੁਝ ਥੋੜਾ ਜਿਹਾ ਭੇਦ ਹੈ ਜਿੱਨੇ ਉੱਪਰ ਕਹੇ ਓਸਤੋਂ ਵਧੀਕ ਇਹ ਹਨ । ਵਿਆਹਤਾ ਇਸਤ੍ਰੀ ਪੁਰੁਸ਼ ਇਕ ਵਾਰੀ ਅਤੇ ਇਕ ਤੋਂ ਇਸਤ੍ਰੀ ਮਿਲਕੇ ਦਸ ਸੰਤਾਨ ਉਤਪੰਨ ਕਰ ਸਕਦੇ ਹਨ, ਪਰੰਤੂ ਨਿਯੋਗ ਵਾਲੇ ਇਸਤ੍ਰੀ ਪੁਰੁਸ਼ ਦੋ ਯਾ ਚਾਰ ਤੋਂ ਵਧੀਕ ਸੰਤਾਨ ਉਤਪੰਨ ਨਹੀਂ ਕਰ ਸਕਦੇ ਅਰਥਾਤ ਜਿਸਤਰਾ ਕੁਆਰੇ ਕੁਆਰੀ ਦਾ ਹੀ ਵਿਆਹ ਹੁੰਦਾ ਹੈ ਉਸਤਰਾਂ ਜਿਸਦੀ ਇਸਤ੍ਰੀ ਯਾ ਪੁਰੁਸ਼ ਮਰ ਜਾਂਦਾ ਹੈ ਉਨ੍ਹਾਂ ਦਾ ਹੀ ਨਿਯੋਗ ਹੁੰਦਾ ਹੈ ਕੁਆਰੇ ਕੁਆਰੀ ਦਾ ਨ ਹੀਂ । ਜਿਸਤਰਾਂ ਵਿਆਹਤਾ ਇਸਤ੍ਰੀ ਪੁਰੁਸ਼ ਸਦਾਇਕੱਠੇ ਰਹਿੰਦੇ ਹਨ ਓਸ ਤਰਾਂ ਨਿਯੋਗ ਵਾਲੇ ਇਸਤ੍ਰੀ ਪੁਰੁਸ਼ ਦਾ ਵਿਹਾਰ ਨਹੀਂ, ਕਿੰਤੂ *ਰਿਤੁ ਦਾਨ.ਦੇ ਸਮੇ ਤੋਂ ਬਗੈਰ ਕੱਠੇ ਨ ਹੋਨ, ਜੋ ਇਸਤ੍ਰੀ ਅਪਨੇ ਲਈ ਨਿਯੋਗ ਕਰੇ ਤਾਂ ਜਦ ਦੂਜਾ ਗਰਭ ਠਹਿਰ ਜਾਵੇ ਤਾਂ ਉੱਸੇ ਦਿਨ ਥੀਂ ਇਸਤ੍ਰੀ ਪੁਰੁਸ਼ ਦਾ ਸੰਬੰਧ ਨਹੀਂ ਰਹਿੰਦਾ, ਅਰ ਜੇ ਪੁਰੁਸ਼ ਅਪਨੇ ਲਈ ਕਰੇ ਤਾਂ ਭੀ ਦੂਜੇ ਗਰਭ ਦੇ ਠਹਿਰਨ ਤੋਂ ਸੰਬੰਧ ਨਹੀਂ ਰਹਿੰਦਾ, ਪਰੰਤੂ ਓਹੋ ਨਿਯੋਗ ਵਾਲੀ ਇਸਤ੍ਰੀ ਦੋ ਤਿੰਨ ਵਰੇਹਾਂ ਤਕ ਉਨ੍ਹਾਂ ਬੱਚਿਆਂਦੀ ਪਾਲਨਾਂ ਕਰਕੇ ਨਿਯੋਗ ਵਾਲੇ ਪੁਰੁਸ਼ ਨੂੰ ਦੇ ਦੇਵੇ । ਏਸ ਤਰਾਂ ਇਕ ਵਿਧਵਾ ਇਸਤ੍ਰੀ ਦੋ ਬੱਚੇ ਅਪਨੇ ਲਈ, ਅਰ ਦੋ ਦੋ ਹੋਰ ਚਾਰ ਨਿਯੋਗ ਵਾਲੇ ਪੁਰੁਸ਼ਾਂ ਵਾਸਤੇ ਉਤਪੰਨ ਕਰ ਸਕਦੀ ਹੈ, ਅਰ ਇੱਕ ਰੰਡਾ ਪੁਰੁਸ਼ ਭੀ ਦੋ ਬੱਚੇ ਅਪਨੇ ਵਾਸਤੇ ਅਤੇ ਦੋ ਦੋ ਹੋਰ ਚਾਰ ਵਿਧਵਾ ਇਸਤ੍ਰੀਆਂ ਦੇ ਵਾਸਤੇ ਉਤਪੰਨ ਕਰ ਸਕਦਾ ਹੈ, ਏਵੰਨ ਮਿਲਕੇ ਦਸ ਦਸ ਸੰਤਾਨ ਉਤਪੰਨ ਕਰਨ ਦੀ ਆਗਿਆ ਵੇਦ ਵਿਚ ਹੈ —

ਇਮਾਂ ਤ੍ਵਮਿੰਦ੍ਰਮੀਢ੍ਵਃ ਸੁਪੁਤ੍ਰਾਂ ਸੁਭਗਾਂ ਕ੍ਰਿਣੁ।
ਦਸ਼ਾਸ੍ਯਾਂ ਪੁਤ੍ਰਾਨਾਧੇਹਿ ਪਤਿਮੇਕਾਦਸ਼ੰ ਕ੍ਰਿਧਿ ॥

ਰਿਗਵੇਦ ਮੰਡਲ ੧੦ ਸੂਕਤ ੮੫ ਮੰਤ੍ਰ ੪੫ ॥

ਹੇ ਵੀਰਯ ਸਿੰਚਣ ਵਿੱਚ ਸਮਰਥ, ਐਸ਼ੁਰਯਵਾਨ ਪੁਰੁਸ਼ ਤੂੰ ਏਕਨ

*ਰਿਤੂ ਦਾਨਯਾ ਗਰਭਾਧਾਨ ਓਹ ਕ੍ਰਿਯਾ ਹੈ ਜਿਹੜਾ ਕੇਵਲ ਸੰਤਾਨ ਉਤਪੱਤੀ ਦੇ ਵਾਸਤੇ ਉੱਸੇ ਵੇਲੇ ਕੀਤੀ ਜਾਂਦੀ ਹੈ ਜਦ ਇਸਤ੍ਰੀ ਮਹੀਨੇ ਪਿੱਛੋਂ ਨ੍ਹਾ ਧੋ ਕੇ ਸ਼ੁੱਧ ਹੋ ਜਾਂਦੀ ਹੈ। (ਅਨੁਵਾਦਕਰਤਾ)

ਵਿਆਹਤਾ ਇਸਤ੍ਰੀ ਯਾ ਵਿਧਵਾ ਇਸਤ੍ਰੀਆਂ ਨੂੰ ਸ੍ਰੇਸ਼੍ਠ ਸੰਤਾਨ ਵਾਲੀ ਅਤੇ ਸੁਭਾਗੀ ਵਾਲੀ ਕਰ, ਏਸ ਵਿਆਹਤਾ ਇਸਤ੍ਰੀ ਵਿਚ ਦਸ ਬੱਚੇ ਉਤਪੰਨ ਕਰ ਅਤੇ ਯਾਰਵੀਂ ਇਸਤ੍ਰੀ ਨੂੰ ਮੰਨ। ਹੇ ਇਸਤ੍ਰੀ! ਤੂੰ ਭੀ ਵਿਆਹਤਾ ਪੁਰੁਸ਼ ਯਾ ਨਿਯੋਗ ਵਾਲੇ ਪੁਰੁਸ਼ਾਂ ਥੀਂ ਦਸ ਬੱਚੇ ਉਤਪੰਨ ਕਰ ਅਤੇ ਯਾਰਵੇਂ ਖਾਉਂਦ ਨੂੰ ਜਾਨ।

ਇਸ ਵੇਦ ਦੀ ਆਗਿਆ ਨਾਲ ਬ੍ਰਾਹਮਣ, ਖਛਤ੍ਰੀ, ਅਤੇ ਵੈਸ਼ ਵਰਣ ਵਾਲੀ ਇਸਤ੍ਰੀ ਅਤੇ ਪੁਰੁਸ਼ ਦਸ ਦਸ ਸੰਤਾਨ ਥੀਂ ਵਧੀਕ ਉਤਪੰਨ, ਨ ਕਰਨ ਕਿਉਂਕਿ ਵਧੀਕ ਉਤਪੰਨਕਰਨ ਨਾਲ ਸੰਤਾਨ ਨਿਰਬਲ, ਨਿਰਬੁੱਧ, ਅਤੇ ਘੱਟ ਉਮਰ ਵਾਲੇ ਹੁੰਦੇਹਨ, ਅਰ ਇਸਤ੍ਰੀ ਤਥਾ ਪੁਰੁਸ਼ ਭੀ ਨਿਰਬਲ, ਘਟ ਉਮਰ ਵਾਲੇ ਅਤੇ ਰੋਗੀ ਹੋਕੇ ਬੁਢਾਪੇ ਵਿਚ ਬਹੁਤੇ ਦੁਖ ਪਾਉਂਦੇ ਹਨ ॥

(ਪ੍ਰਸ਼ਨ) ਇਹ ਨਿਯੋਗ ਦੀ ਬਾਤ ਵਜਭਿਚਾਰ ਦੇ ਸਮਾਨੰ ਨਜ਼ਰ ਆਉਂਦੀ ਹੈ। (ਉੱਤਰ) ਜਿਸਤਰਾਂ ਬਿਨਾ ਵਿਆਹ ਥੋਂ ਪੁਰੁਸ਼ ਇਸਤ੍ਰੀ ਦਾ ਸਮਾਗਮ ਵਜਭਿਚਾਰ ਹੁੰਦਾ ਹੈ, ਉਸੇ ਤਰਾਂ ਬਿਨਾ ਨਿਯੋਗ ਥੋਂ ਪੁਰੁਸ਼ ਇਸਤ੍ਰੀ ਦਾ ਸਮਾਗਮ ਵਜਭਿਚਾਰ ਕਹਿਉਂਦਾ ਹੈ, ਏਸਤੋਂ ਇਹਸਿੱਧ ਹੋਇਆ ਕਿ ਜਿਸਤਰ ਨਿਯਮਨਾਲ ਵਿਆਹ ਦੇ ਹੋਨਤੇ ਵਜਭਿਚਾਰ ਨਹੀਂ ਕਹਾਉਂਦਾ ਭਾਂ ਨਿਯਮ ਪੂਰਵਕ ਨਿਯੋਗ ਹੋਨ ਤੇ ਵਜਭਿਚਾਰ ਨਹੀਂ ਕਿਹਾ ਜਾਵੇਗਾ। ਜਿਸ ਤਰਾਂ ਇਕ ਦੀ ਧੀ ਦਾ ਦੂਜੇ ਦੇ ਕੁਆਰੇ ਪੁਤ੍ਰ ਨਾਲ ਸ਼ਾਸਤ੍ਰ ਦੀ ਦੱਸੀ ਹੋਈ ਵਿਧੀ ਅਨੁਸਾਰ ਵਿਆਹ ਹੋਨ ਤੇ ਸਮਾਗਮ ਕਰਨ ਵਿਚ ਵਜਭਿਚਾਰ ਯਾ ਪਾਪ ਯਾ ਲਜਿਆ ਨਹੀਂ ਹੁੰਦੀ ਉੱਸੇ ਤਰਾਂ ਵੇਦ ਸ਼ਾਸਤ੍ਰ ਦੇ ਪ੍ਰਮਾਣ ਅਨੁਕੂਲ ਨਿਯੋਗ ਕਰਨ ਵਿਚ ਇਹ ਵਜਭਿਚਾਰ, ਪਾਪ ਅਤੇ ਲਜਿਆ ਨਹੀਂ ਮੰਨਨੀ ਚਾਹੀਦੀ ॥

(ਪ੍ਰਸ਼ਨ) ਹੈ ਭਾਂ ਠੀਕ ਪਰੰਤੂ ਇਹ ਵੇਸ਼ਿਆ ਦੇ ਸਦ੍ਰਿਸ਼ ਕਰਮ ਨਜ਼ਰ ਆਉਂਦਾ ਹੈ। (ਉੱਤਰ) ਨਹੀਂ, ਕਿਉਂਕਿ ਵੇਸ਼ਿਆ ਦੇ ਸਮਾਗਮ ਕਰਨ ਵਿਚ ਕੋਈ ਨਿਸ਼ਚਿਤ ਪੁਰੁਸ਼ ਯਾ ਕੋਈ ਨਿਯਮ ਨਹੀਂ ਹੈ, ਅਰ ਨਿਯੋਗ ਵਿਚ ਵਿਆਹ ਦੇ ਸਮਾਨ ਨਿਯਮ ਹੋਨ, ਜਿਸ ਤਰਾਂ ਦੂਜੇ ਨੂੰ ਕੰਨਿਆ ਦੇਕੇ ਅਤੇ ਵਿਆਹ ਦੇ ਪਿਛੋਂ ਦੂਜੇ ਦੇ ਨਾਲ ਸਮਾਗਮ ਕਰਨ ਵਿਚ ਲਜਿਆ ਨਹੀਂ ਆਉਂਦੀ, ਉਸੇ ਤਰਾਂ ਨਿਯੋਗ ਵਿਚ ਭੀ ਨਹੀਂ ਹੋਨੀ ਚਾਹੀਦੀ, ਕੀ ਐਹੜੇ ਵਜਭਿਚਾਰੀ ਪੁਰੁਸ਼ ਯਾ ਇਸਤ੍ਰੀ ਹੁੰਦੇਹਨ, ਓਹ ਵਿਆਹ ਹੋਨ ਤੇ ਵੀ ਕੁਕਰਮ ਥੀਂ ਬਚਦੇ ਹਨ ?

(ਪ੍ਰਸ਼ਨ) ਸਾਨੂੰ ਨਿਯੋਗ ਦੀ ਬਾਤ ਵਿਚ ਪਾਪ ਮਲੂਮ ਹੁੰਦਾ ਹੈ। (ਉੱਤਰ) ਜੇ ਨਿਯੋਗ ਦੀ ਬਾਤ ਵਿਚ ਪਾਪ ਮੰਨਦੇ ਹੋ ਭਾਂ ਵਿਆਹ ਵਿਚ ਪਾਪ ਕਿਉਂ ਨਹੀਂ ਮੰਨਦੇ ? ਪਾਪ ਭਾਂ ਨਿਯੋਗ ਦੇ ਰੋਕਨ ਵਿਚ ਹੈ ਕਿਉਂਕਿ ਈਸ਼੍ਵਰ ਦੇ ਸ੍ਰਿਸ਼ਟੀਕ੍ਰਮ ਅਨੁਕੂਲ ਇਸਤ੍ਰੀ ਪੁਰੁਸ਼ ਦਾ ਸੁਭਾਵਕ ਵਿਹਾਰ ਜਿਨਾ ਵਿਰਾਗਵਾਨ ਪੂਰਣ ਵਿਦਵਾਨ ਯੋਗੀਆਂ ਤੋਂ ਰੁਕ ਨਹੀਂ ਸਕਦਾ, ਕੀ ਗਰਭ

ਪਾਤਨ ਰੂਪ ਬਚਿਆਂ ਦਾ ਮਾਰਨਾ ਅਰ ਵਿਧਵਾ ਇਸਤ੍ਰੀ ਅਤੇ ਰੰਡੇ ਪੁਰੁਸ਼ਾਂ ਦੇ ਮਹਾਸੰਤਾਪ ਨੂੰ ਪਾਪ ਨਹੀਂ ਗਿਨਦੇ ਹੋ ? ਕਿਉਂਕਿ ਜਦ ਤਕ ਓਹ ਜੁਆਨੀ ਦੀ ਅਵਸਥਾ ਵਿਚ ਹਨ, ਮਨ ਵਿਚ ਸੰਤਾਨ ਉਤਪੱਤੀ ਅਤੇ ਵਿਸ਼ੇ ਦੀ ਚਾਹੁੰਨਾ ਹੋਨ ਉੱਤੇ ਕਿਸੇ ਰਾਜਵਿਹਾਰ ਅਤੇ ਜਾਤੀਵਿਹਾਰ ਦੀ ਰੋਕ ਹੋਨ ਕਰਕੇ ਲੁਕ ਛਿਪਕੇ ਕੁਕਰਮ ਕੁਚਾਲ ਨਾਲ ਹੁੰਦੇ ਹੀ ਰਹਿੰਦੇ ਹਨ, ਏਸ ਵਜਭਿਚਾਰ ਅਤੇ ਕੁਕਰਮ ਦੇ ਰੋਕਨ ਦਾ ਇਕ ਏਹੋਹੀ ਮ੍ਰੇਸ਼ਟ ਉਪਾਯਹੈ ਕਿ ਜੇ ਇੰਦ੍ਰੀਆਂ ਨੂੰ ਜਿੱਤ ਸੱਕਨ ਤਾਂ ਵਿਆਹ ਅਤੇ ਨਿਯੋਗ ਭੀ ਨ ਕਰਨ ਇਹ ਚੰਗਾ ਹੈ, ਪਰੰਤੂ ਜਿਹੜੇ ਅਜੇਹੇ ਨਾ ਹੋਨਾ ਉਨ੍ਹਾਂ ਦਾ ਵਿਆਹ ਅਰ ਆਪਤਕਾਲ ਅਰਥਾਤ ਲਾਚਾਰੀ ਦੇ ਵੇਲੇ ਨਿਯੋਗ ਜਰੂਰ ਹੋਨਾ ਚਾਹੀਦਾ ਹੈ, ਏਸ ਨਾਲ ਵਜਭਿਚਾਰ ਦਾ ਘਟ ਹੋਨਾ ਪ੍ਰੇਮ ਨਾਲ ਉੱਤਮ ਸੰਤਾਨ ਦੇ ਹੋਨ ਕਰਕੇ ਮਨੁੱਸ਼ਾਂ ਦਾ ਵਾਧਾ ਹੋਨਾ ਸੰਭਵ ਹੈ, ਅਰ ਗਰਭਹਤਿਆਦਾ ਹੋਨਾ ਸਰਵਥਾ ਬੰਦ ਹੋ ਜਾਂਦਾ ਹੈ, ਨੀਚਪੁਰੁਸ਼ਾਂ ਨਾਲ ਉੱਤਮ ਇਸਤ੍ਰੀਅਰ ਵੇਸ਼ਿਆ ਆਦੀਨੀਚ ਇਸਤ੍ਰੀਆਂ ਨਾਲ ਉੱਤਮ ਪੁਰੁਸ਼ਾਂਦਾ ਵਜਭਿਚਾਰਰੂਪੀ ਕੁਕਰਮ, ਉੱਤਮ ਕੁਲਾਂ ਵਿੱਚ ਕਲੰਕ, ਬੰਸ ਦਾ ਰੁਕ ਜਾਨਾ, ਇਸਤ੍ਰੀ ਪੁਰੁਸ਼ਾਂ ਦਾ ਸੰਤਾਪ, ਅਰ ਗਰਭਹਤਿਆ ਆਦੀ ਕੁਕਰਮ ਵਿਆਹ ਅਤੇ ਨਿਯੋਗ ਥੀਂ ਨਿਵ੍ਰਿਤ ਹੁੰਦੇ ਹਨ, ਏਸ ਕਰਕੇ ਨਿਯੋਗ ਕਰਨਾ ਚਾਹੀਏ ॥

(ਪ੍ਰਸ਼ਨ) ਨਿਯੋਗ ਵਿਚ ਕੀ ਕੀ ਬਾਤ ਹੋਨੀ ਚਾਹੀਏ ?

(ਉੱਤਰ) ਜਿਸਤਰਾਂ ਪ੍ਰਸਿੱਧੀ ਨਾਲ ਵਿਆਹ, ਉੱਸੇ ਤਰਾਂ ਪ੍ਰਸਿੱਧੀ ਨਾਲ ਨਿਯੋਗ, ਜਿਸਤਰਾਂ ਵਿਆਹ ਵਿੱਚ ਭਲੇ ਲੋਕਾਂ ਦੀ ਸਲਾਹ ਅਤੇ ਕੰਨਿਆਂ ਵਰ ਦੀ ਪ੍ਰਸੰਨਤਾ ਹੁੰਦੀ ਹੈ ਉੱਸੇ ਤਰਾਂ ਨਿਯੋਗ ਵਿੱਚ ਭੀ ਹੋਨੀ ਚਾਹੀਏ, ਅਰਥਾਤ ਜਦ ਜਦਇਸਤ੍ਰੀ ਪੁਰੁਸ਼ਾਂ ਦਾ ਨਿਯੋਗ ਹੋਨਾ ਹੋਵੇ ਤਦ ਅਪਨੇ ਕੁਟੰਬ ਵਿੱਚ ਪੁਰੁਸ਼ ਇਸਤ੍ਰੀਆਂ ਦੇ ਸਾਮਨੇ ਪ੍ਰਗਟ ਕਰਨ ਕਿ ਅਸੀਂ ਦੋਨੋਂ ਸੰਤਾਨ ਉਤਪੱਤੀ ਲਈ ਨਿਯੋਗ ਕਰਨੇ ਹਾਂ, ਜਦ ਜਦ ਨਿਯੋਗ ਦਾ ਪ੍ਰਯੋਜਨ ਪੂਰਾ ਹੋ ਜਾਵੇਗਾ ਤਦ ਸਾਡਾ ਸੰਬੰਧ ਨਹੀਂ ਰਹੇਗਾ, ਜੇ ਏਸਥੀਂ ਉਲਟ ਕਰੀਏ ਤਾਂਪਾਪੀ ਅਤੇ ਜਾਤ-ਯਾ ਰਾਜ ਦੇ ਦੰਡ ਦੇ ਭਾਗੀ ਹੋਵਾਂਗੇ, ਮਹੀਨੇ ਵਿੱਚ ਇੱਕ ਵੇਰ ਗਰਭਾਧਾਨ ਦਾ ਕੰਮ ਕਰਾਂਗੇ, ਗਰਭ ਠਹਰਨ ਤੋਂ ਪਿੱਛੇ ਇਕ ਵਰ੍ਹਾ ਤੱਕ ਵਖਰੇ ਰਹਾਂਗੇ ॥

(ਪ੍ਰਸ਼ਨ) ਨਿਯੋਗ ਅਪਨੇ ਵਰਣ ਵਿੱਚ ਹੋਨਾ ਚਾਹੀਏ ਯਾ ਦੂਜੇ ਵਰਣਾਂ ਦੇ ਨਾਲ ਭੀ? (ਉੱਤਰ) ਅਪਨੇਵਰਣਵਿੱਚ ਯਾ ਅਪਨੇ ਤੋਂ ਉੱਤਮ ਵਰਣਵਾਲੇ ਪੁਰੁਸ਼ਦੇ ਨਾਲ ਅਰਥਾਤ ਵੈਸ਼ਇਸਤ੍ਰੀ ਵੈਸ਼, ਖਛੱਤ੍ਰੀ ਅਤੇ ਬ੍ਰਾਹਮਣ ਮਰਦਦੇਨਾਲ, ਖਛਤ੍ਰਾਣੀ ਖਛਤ੍ਰੀ ਅਤੇ ਬ੍ਰਾਹਮਣਦੇ ਨਾਲ, ਬ੍ਰਾਹਮਣੀ ਬ੍ਰਾਹਮਣਦੇ ਨਾਲ ਨਿਯੋਗ ਕਰ ਸਕਦੀ ਹੈ। ਏਸਦਾ ਤਾਤਪਰਯ ਏਹ ਹੈ ਕਿ ਵੀਰਯ ਸਮਾਨ ਯਾ ਉੱਤਮ

ਵਰਣ ਦਾ ਚਾਹੀਏ, ਅਪਨੇ ਤੋਂ ਨੀਚ ਵਰਣ ਦਾ ਨਹੀਂ। ਇਸਤ੍ਰੀ ਅਤੇ ਪੁਰੁਸ਼ ਦੀ ਸ੍ਰਿਸ਼ਟੀ ਦਾ ਏਹੋ ਪ੍ਰਯੋਜਨ ਹੈ ਕਿ ਧਰਮ ਨਾਲ ਅਰਥਾਤ ਵੇਦ ਦੀ ਕਹੀ ਹੋਈ ਰੀਤ ਨਾਲ ਵਿਆਹ ਯਾ ਨਿਯੋਗ ਕਰਕੇ ਸੰਤਾਨ ਦੀ ਉਤਪੱਤੀ ਕਰਨ॥

(ਪ੍ਰਸ਼ਨ) ਪੁਰੁਸ਼ ਨੂੰ ਨਿਯੋਗ ਕਰਨ ਦੀ ਕੀ ਜ਼ਰੂਰਤ ਹੈ ਕਿਉਂਕਿ ਓਹ ਦੂਜਾ ਵਿਆਹ ਕਰ ਲਵੇਗਾ (ਉੱਤਰ) ਅਸੀਂ ਲਿਖ ਆਏ ਹਾਂ ਕਿ ਦ੍ਵਿਜਾਂ ਵਿੱਚ ਇਸਤ੍ਰੀ ਅਤੇਪੁਰੁਸ਼ਦਾ ਇੱਕ ਹੀ ਵਾਰ ਵਿਆਹ ਹੋਣਾ ਵੇਦ ਆਦੀ ਸ਼ਾਸਤ੍ਰਾਂ ਵਿੱਚ ਲਿਖਯਾ ਹੈ ਦੂਜੀ ਵਾਰ ਨਹੀਂ, ਕੁਆਰੇ ਮਰਦ ਅਤੇ ਕੁਆਰੀ ਇਸਤ੍ਰੀ ਦੇ ਨਾਲ ਵਿਆਹ ਹੋਣ ਵਿੱਚ ਨਿਆਯ ਅਰ ਵਿਧਵਾ ਇਸਤ੍ਰੀ ਦੇ ਨਾਲ ਕੁਆਰੇ ਪੁਰੁਸ਼ ਦਾ ਅਰ ਕੁਆਰੀ ਇਸਤ੍ਰੀ ਦੇ ਨਾਲ ਰੰਡੇ ਮਰਦ ਦਾ ਵਿਆਹ ਹੋਣ ਵਿੱਚ ਅਨਿਆਯ ਅਰਥਾਤ ਅਧਰਮ ਹੈ, ਜਿਹਾਕਿ ਵਿਧਵਾ ਇਸਤ੍ਰੀ ਦੇ ਨਾਲ ਪੁਰੁਸ਼ ਵਿਆਹ ਕਰਨਾ ਨਹੀਂ ਚਾਹੁੰਦਾ ਉੱਸੇ ਤਰ੍ਹਾਂ ਹੀ ਵਿਆਹ ਹੋਏ ਅਰਥਾਤ ਇਸਤ੍ਰੀ ਨਾਲ ਸਮਾਗਮ ਕੀਤੇ ਹੋਏ ਪੁਰੁਸ਼ ਦੇ ਨਾਲਕੁਆਰੀ ਭੀ ਵਿਆਹ ਕਰਨ ਦੀ ਇਛਿਆ ਨਹੀਂ ਕਰੇਗੀ, ਜਦ ਵਿਆਹ ਕੀਤੇ ਹੋਏ ਮਰਦਨੂੰ ਕੋਈ ਕੁਆਰੀ ਕੰਨਿਆਂ ਅਰ ਵਿਧਵਾ ਇਸਤ੍ਰੀ ਨੂੰ ਕੋਈ ਕੁਆਰਾ ਪੁਰੁਸ਼ ਗ੍ਰਹਣ ਨ ਕਰੇਗਾ ਤਦ ਪੁਰੁਸ਼ ਅਤੇ ਇਸਤ੍ਰੀ ਨੂੰ ਨਿਯੋਗ ਕਰਨ ਦੀ ਜ਼ਰੂਰਤ ਹੋਵੇਗੀ, ਅਰ ਏਹੀ ਧਰਮ ਹੈ ਕਿ ਜਹੇ ਨਾਲ ਤਹੇ ਦਾ ਸੰਬੰਧ ਹੋਵੇ

(ਪ੍ਰਸ਼ਨ) ਜਿਸਤਰਾਂ ਵਿਆਹ ਦੇ ਵਾਸਤੇ ਵੇਦ ਆਦੀ ਸ਼ਾਸਤ੍ਰਾਂ ਦ ਪ੍ਰਮਾਣ ਹੈ ਉੱਸੇ ਤਰਾਂ ਨਿਯੋਗ ਵਿਚ ਪ੍ਰਮਾਣ ਹੈ ਕਿ ਨਹੀਂ ?

(ਉੱਤਰ) ਏਸ ਵਿਸ਼ੇ ਵਿਚ ਬਥੇਰੇ ਪ੍ਰਮਾਣ ਹਨ ਵੇਖੋ ਅਤੇ ਸੁਨੋਃ—

ਕੁਹਸ੍ਵਿੱਦੋਸ਼ਾ ਕੁਹਵਸਤੋਰਸ਼੍ਵਿਨਾ ਕੁਹਾਭਿਪਤ੍ਵੰ ਕਰਤਃ ਕੁਹੋਸ਼ਤੁਃ। ਕੋ ਵਾਂ ਸ਼ਯੁਤ੍ਰਾ ਵਿਧਵੇਵ ਦੇਵਰੰ ਮਰਯੰ ਨ ਯੋਸ਼ਾ ਕ੍ਰਿਣੁਤੇ ਸਧਸਥਆ॥ ਰਿਗਃ ਮੰਡਲ ੧੦ ਸੂਃ੪੦।ਮੰਤ੍ਰ ੨॥

ਉਦੀਰਸ਼੍ਵ ਨਾਰਜਭਿਜੀਵਲੋਕੰ ਗਤਾਸੁਮੇਤਮੁਪਸ਼ੇਸ਼ ਏਹਿ। ਹਸਤਗ੍ਰਾਭਸਜ ਦਿਧਿਸ਼ੋਸਤਵੇਦੰ ਪਤਜੁਰਜ-ਨਿਤ੍ਵਮਭਿਸੰਬਭੂਥ॥ ਰਿਗਵੇਦ ਮੰਡਲ ੦। ਸੁਕਤ ੧੮।ਮੰਤ੍ਰ ੮॥

ਹੇ (ਅਸ੍ਵਿਨਾ)ਇਸਤ੍ਰੀ ਪੁਰੁਸ਼ੋ ਜਿਸ ਤਰਾਂ (ਦੇਵਰੰ ਵਿਧਵੇਵ) ਦੇਵਰ ਦੇ ਨਾਲ ਵਿਧਵਾ ਅਤੇ (ਯੋਸ਼ਾ ਪਰਯੰਨ) ਵਿਆਹੀ ਹੋਈ ਇਸਤ੍ਰੀ ਅਪਨੇ ਖਾਉਂਦ ਦੇ ਨਾਲ (ਸਧਸਥੇ) ਸਮਾਨ ਅਸਥਾਨ ਅਤੇ ਮੰਜੇ ਉੱਤੇ ਇਕੱਠੇ

ਹੋਕੇ ਸੰਤਾਨ ਉਤਪੱਤੀ ਨੂੰ (ਆਕ੍ਰਿਣੁਤੇ) ਸਭ ਪ੍ਰਕਾਰ ਨਾਲ ਉਤਪੰਨ ਕਰਦੀ ਹੈ, ਉਸੇ ਤਰਾਂ ਤੁਸੀਂ ਦੋਨੋਂ ਵਿਆਹਤਾ ਇਸਤ੍ਰੀ ਪੁਰੁਸ਼ (ਕੁਹਸ੍ਵਿਦੋਸ਼ਾ) ਕਿੱਥੇ ਰਾਤ ਅਤੇ (ਕੁਹਸਤੋ) ਕਿਥੇ ਦਿਨ ਨੂੰ ਰਹੇਸੀ ? (ਕੁਹਾਭਿਪਿਤ੍ਵੰ) ਕਿਥੇ ਪਦਾਰਥਾਂ ਦੀ ਪ੍ਰਾਪਤੀ (ਕਰਤਃ) ਕੀਤੀ ਅਰ (ਕੁਹੋਸ਼ਤੁ) ਕੇਹੜੇ ਵੇਲੇ ਕਿਥੇ ਰਹਿੰਦੇ ਸਾਓ ? (ਕੋਵਾ ਸ਼ਯੁਤ੍ਰਃ) ਤੁਹਾਡੀ ਸੌਨ ਦੀ ਜਗਾ ਕਿਥੇ ਹੈ, ਤਥਾ ਕੌਨ ਹੋ ਯਾ ਕੇਹੜੇ ਦੇਸ਼ ਦੇ ਰਹਨ ਵਾਲੇ ਹੋ ? ਏਸ ਤੋਂ ਸਿੱਧ ਹੋਇਆ ਕਿ ਦੇਸ਼ ਪ੍ਰਦੇਸ਼ ਵਿੱਚ ਵਿਆਹਤਾ ਇਸਤ੍ਰੀ ਪੁਰੁਸ਼ ਇਕੱਠੇ ਹੀ ਰਹਨ ਅਰ ਵਿਆਹਤਾ ਖਾਉਂਦ ਦੇ ਸਮਾਨ ਨਿਯੋਗ ਵਾਲੇ ਖਾਉਂਦ ਨੂੰ ਗ੍ਰਹਣ ਕਰਕੇ ਵਿਧਵਾ ਇਸਤ੍ਰੀ ਭੀ ਸੰਤਾਨ ਉਤਪੱਤੀ ਕਰ ਲਵੇ॥

(ਪ੍ਰਸ਼ਨ) ਜੇ ਕਿਸੇ ਦਾ ਛੋਟਾ ਭਰਾ ਹੀ ਨ ਹੋਵੇਤਾਂ ਵਿਧਵਾ ਨਿਯੋਗ ਕਿਸ ਦੇ ਨਾਲ ਕਰੇ? (ਉੱਤਰ) ਦੇਵਰਦੇ ਨਾਲ, ਪਰੰਤੂ ਦੇਵਰ ਸ਼ਬਦਦਾ ਅਰਥ ਓਹਨ ਹੀਂ ਜਿਹੜਾ ਤੁਸੀਂ ਸਮਝਦੇ ਹੋ ਦੇਖੋ ਨਿਰੁਕਤ (ਗ੍ਰੰਥ) ਵਿੱਚ ਇਹ ਲਿਖਿਆ ਹੈ:—

ਦੇਵਰਃ ਕਸਮਾਦ ਦ੍ਵਿਤੀਯੋ ਵਰ ਉਚਯਤੇ॥ ਨਿ ਰੁਃਅ ੩ਖੰਃ ੧੫

ਦੇਵਰ ਉਸਨੂੰ ਕਹਿੰਦੇ ਹਨ ਹਨ ਕਿ ਜਿਹੜਾ ਵਿਧਵਾ ਦਾ ਦੂਜਾ ਖਾਉਂਦ ਹੁੰਦਾ ਹੈ, ਭਾਵੇਂ (ਖਉਂਦ ਦਾ) ਛੋਟਾ ਭਰਾ, ਭਾਵੇਂ ਵੱਡਾ ਭਰਾ ਹੋਵੇ ਅਥਵਾ ਅਪਨੇ ਵਰਣ ਯਾ ਅਪਨੇ ਤੋਂ ਉੱਤਮ ਵਰਣ ਵਾਲਾ ਹੋਵੇ ਜਿਸ ਨਾਲ ਨਿਯੋਗ ਕਰੇ ਉੱਸੇ ਦਾ ਨਾਉਂ ਦੇਵਰ ਹੈ॥

ਹੇ (ਨਾਰੀ) ਵਿਧਵਾ ਇਸਤ੍ਰੀ ਤੂੰ (ਏਤੰ ਗਤਾਸੁੰ) ਏਸ ਮੋਏ ਹੋਏ ਖਾਉਂਦ ਦੀ ਆਸ਼ਾ ਛਡਕੇ (ਸ਼ੇਸ਼ੇ) ਬਾਕੀ ਪੁਰੁਸ਼ਾਂ ਵਿੱਚੋਂ (ਅਭਿਜੀਵਲੋਕਮ) ਦੂਜੇ ਜੀਉਂਦੇ ਖਾਉਂਦਨੂੰ (ਉਪੈਹਿ) ਪ੍ਰਾਪਤ ਹੋ, ਅਰ (ਉਦੀਰਸ਼ੂ) ਏਸ ਬਾਤ ਦਾ ਵਿਚਾਰ ਅਤੇ ਨਿਸ਼ਚਾ ਰੱਖ ਕਿ ਜੋ (ਹਸਤਗ੍ਰਾਭਸਯ ਦਿਧਿਸ਼ੋਃ) ਤੇਰੇ ਵਿਧਵਾ ਦੇ ਦੂਜੀ ਵਾਰ ਹਥਲੇਵਾ ਲੈਨ ਵਾਲੇ ਨਿਯੋਗ ਕਰਨ ਵਾਲੇ ਖਉਂਦ ਦੇ ਸੰਬੰਧ ਦੇ ਲਈ ਨਿਯੋਗ ਹੋਵੇਗਾ ਤਾਂ (ਇਦਮ) ਏਹ (ਜਨਿਤ੍ਰਮ) ਜਨਿਆ ਹੋਇਆ ਬਾਲਕ ਉਸੇ ਨਿਯੋਗ ਕਰਨ ਵਾਲੇ (ਪਤਯਃ) ਖਉਂਦ ਦਾ ਹੋਵੇਗਾ, ਅਰ ਜੇ ਤੂੰ ਅਪਨੇ ਲਈ ਨਿਯੋਗ ਕਰੇਗੀ ਤਾਂ ਇਹ ਸੰਤਾਨ (ਤਵ) ਤੇਰੀ ਹੋਵੇਗੀ, ਈਕਨ ਨਿਸ਼ਚਾ ਯੁਕਤ (ਅਤਿਸੰਬਭੂਥ) ਅਰ ਨਿਯੋਗ ਕਰਨ ਵਾਲਾ ਪੁਰੁਸ਼ ਭੀ ਈਕਨ ਨਿਯਮ ਦਾ ਪਾਲਨ ਕਰੇ॥

ਅਦੇਵ੍ਰਿਘਨਜਪਤਿਘਨੀ ਹੈਧਿ ਸ਼ਿਵਾ ਪਸ਼ੁਭਜਃ ਸੁਯਮਾਃ ਸੁਵਰਚਾਃ। ਪ੍ਰਜਾਵਤੀ ਵੀਰਸੂਰਦੇਵ੍ਰਿਕਾਮਾ

ਸਜੋਨੇਮਅਗਨਿੰ ਗਾਰੱਹਪਤਯੰ ਸਪਰਯ ॥

ਅਥਰਵਵੇਦ। ਕਾਂਡ ੧੪। ਅਨੁਵਾਕ ੨। ਮੰਤ੍ਰ ੧੮ ॥

ਹੇ (ਅਪਤਿਘਨਯ ਦੇ ਵ੍ਰਿਘ੍ਨੂ) ਪਤੀ (ਖਉਂਦ) ਅਤੇ ਦੇਵਰ ਨੂੰ ਦੁਖ ਨ ਦੇਨ ਵਾਲੀ ਇਸਤ੍ਰੀ, ਤੂੰ (ਇ ਹ) ਏਸ ਗ੍ਰਿਹਸਥ ਆਸ਼੍ਰਮ ਵਿੱਚ (ਪਸ਼ੁਭ੍ਯਃ) ਪਸ਼ੂਆਂ ਦੇ ਨਾਲ (ਸ਼ਿਵਾ) ਭਲਾਈ ਕਰਨਵਾਲੀ (ਸੁਯਮਃ) ਵੰਗੀ ਤਰਾਂ ਧਰਮ ਦੇ ਨਿਯਮ ਤੇ ਚੱਲਨ ਵਾਲੀ (ਸੁਵਰਚਾਃ) ਰੂਪਵਤੀ ਅਤੇ ਸਾਰੇ ਸ਼ਾਸਤ੍ਰਾਂ ਦੀ ਵਿੱਦਯਾ ਵਾਲੀ(ਪ੍ਰਜਾਵਤੀ)ਉੱਤਮ ਪੁਤ੍ਰ ਪੋਤਰੇਆਂ ਦੇ(ਵੀਰਸੂਃ) ਨਾਲਸ਼ੂਰਵੀਰ ਪੁਤ੍ਰਾਂ ਦੇ ਜਨਨ ਵਾਲੀ (ਦੇਵ੍ਰਿਕਾਮਾ)ਦੇਵਰਦੀਕਾਮਨਾ ਕਰਨ ਵਾਲੀ(ਸਜੋਨਾ) ਸੁਖ ਦੇ ਦੇਨਵਾਲੀ, ਪਤੀ ਯਾ ਦੇਵਰ ਨੂੰ (ਏਧਿ) ਪ੍ਰਾਪਤ ਹੋਕੇ (ਇਮਮ) ਇਸ (ਗਾਰਹਪਤਯੰ)ਗ੍ਰਿਹਸਥ ਸੰਬੰਧੀ(ਅਗਨਿੰ)ਅਗਨੀ ਹੋਤ੍ਰੰ ਸੰਵਨਕੀਤਾ ਕਰਮ

ਤਾਮਨੇਨ ਵਿਧਾਨੇਨ ਨਿਜੋ ਵਿੰਦੇਤ ਦੇਵਰਃ॥ ਮਨੁ ੯। ੬੯॥

ਜੋ ਅਖਛਤ ਯੋਨੀ ਇਸਤ੍ਰੀ ਵਿਧਵਾ ਹੋ ਜਾਵੇ ਤਾਂ ਪਤੀ ਦਾ ਸੱਕਾ ਛੋਟਾ ਭ੍ਰਾਈ ਭੀ ਉਸ ਨਾਲ ਵਿਆਹ ਕਰ ਸਕਦਾ ਹੈ॥

(ਪ੍ਰਸ਼ਨ) ਇਕ ਇਸਤ੍ਰੀ ਵਾ ਪੁਰੁਸ਼ ਕਿੰਨੇ ਨਿਯੋਗ ਕਰ ਸਕਦੇ ਹਨ, ਅਤੇ ਵਿਆਹਤਾ ਅਤੇ ਨਿਯੋਗ ਵਾਲੇ ਪਤੀਆਂਦੇ ਨਾਉਂ ਕੀ ਹੁੰਦੇ ਹਨ।ਉੱਤਰਃ

ਸੋਮਃ ਪ੍ਰਥਮੋ ਵਿਵਿਦੇ ਗੰਧਰਵੋ ਵਿਵਿਦ ਉੱਤਰਃ।
ਤ੍ਰਿਤੀਯੋ ਅਗਨਿਸ਼ਟੇ ਪਤਿਸਤੁਰੀਯਸਤੇ ਮਨੁਸ਼ਯਜਾਃ॥

ਰਿਗਵੇਦ ਮੰਡਲ ੧੦। ਸ਼ਕਤ ੮੫। ਮੰਤ੍ਰ ੪੦ ॥

ਹੇ ਇਸਤ੍ਰੀ ਜੇਹੜਾ (ਤੇ) ਤੇਰਾ (ਪ੍ਰਥਮਃ) ਪਹਿਲਾ ਵਿਆਹਤਾ (ਪਤਿਃ) ਪਤੀ ਤੈਨੂੰ (ਵਿਵਿਦ) ਪ੍ਰਾਪਤ ਹੁੰਦਾ ਹੈ ਉਸਦਾ ਨਾਉਂ (ਸੋਮਃ) ਸੁਕੁਮਾਰਤਾ ਆਦੀ ਗੁਣਾਂ ਕਰਕੇ ਸੋਮ, ਜੇਹੜਾ ਦੂਜਾ ਨਿਯੋਗ ਥੀਂ (ਵਿਵਿਦੇ) ਪ੍ਰਾਪਤ ਹੁੰਦਾ ਹੈ ਓਹ (ਗੰਧਰਵਃ) ਇਕ ਇਸਤ੍ਰੀ ਨਾਲ ਭੋਗ ਕਰ ਲੈਨ ਕਰਕੇ ਗੰਧਰਵ, ਜੇਹੜਾ (ਤ੍ਰਿਤੀਯ ਉੱਤਰਃ) ਦੁਹਾਂ ਦੇ ਪਿਛੋਂ ਭੀਜਾ ਖਉਂਦ ਹੁੰਦਾ ਹੈ ਓਹ (ਅਗਨਿ) ਅਗੀ ਉਸ਼ਣਤਾ ਵਾਲਾ ਹੋਨ ਕਰਕੇ ਅਗਨੀ ਨਾਉਂ ਵਾਲਾ, ਅਰ ਜੇਹੜੇ (ਤੇ) ਤੇਰੇ (ਤੁਰੀਯਃ) ਚੌਥੇ ਤੋਂ ਲੈਕੇ ਯਾਹਰਵੇਂ ਤਕ ਨਿਯੋਗ ਦੇ ਪਤੀ ਹੁੰਦੇ ਹਨ ਓਹ (ਮਨੁਸ਼ਯਜਾਃ) ਮਨੁੱਸ਼ ਨਾਉਂ ਥੀਂ ਪ੍ਰਸਿੱਧ ਹੁੰਦੇ ਹਨ । ਸੀਕਨ (ਇਮਾਂਭ੍ਰੁਮਿੰਦ੍) ਏਸ ਮੰਤ੍ਰ ਅਨੁਸਾਰ ਯਾਹਰਵੇਂ ਪੁਤ੍ਰੁਸ਼ ਤਕ ਇਸਤ੍ਰੀ ਨਿਯੋਗ ਕਰਸਕਦੀ ਹੈ,। ਉਕਨ ਮਰਦ ਭੀ ਯਾਹਰਵੀਂ ਇਸਤ੍ਰੀ ਤਕ ਨਿਯੋਗ ਕਰ ਸਕਦਾ ਹੈ॥

(ਪ੍ਰਸ਼ਨ) ਏਕਾਦਸ਼ ਸ਼ਬਦ ਥੀਂ ਦਸ ਸੰਤਾਨ ਅਤੇ ਯਾਹਰਵੇਂ ਖਾਉਂਦਨੂੰ ਕਿਉਂ ਨ ਗਿਨੀਏ। (ਉੱਤਰ) ਜੇ ਅਜੇਹਾ ਅਰਥ ਕਰੋਗੇ ਤਾਂ:—"ਵਿਧਵੇਵ ਦੈਵਰਮ" 'ਦੇਵਰः ਕਸਮਾਦ ਦ੍ਵਿਤੀਯੋ ਵਰ ਉਚ੍ਯਤੇ" "ਅਦੇਵ੍ਰਿਘ੍ਨੇ" ਅਰ "ਗੀਯਰਵੋ ਵਿਦਿਦ ਉੱਤਰः" ਇਤ੍ਯਾਦੀਵੇਦ ਪ੍ਰਮਾਣਾਂ ਥੀਂ ਉਲਟਾ ਅਰਥ ਹੋਵੇਗਾ. ਕਿਉਂ ਜੋ ਤੁਹਾਡੇ ਅਰਥ ਦੇ ਅਨੁਕੂਲ ਦੂਜਾ ਭੀ ਖਾਉਂਦ ਪ੍ਰਾਪਤ ਨਹੀਂ ਹੋ ਸਕਦਾ॥

ਦੇਵਰਾਦ੍ਵਾ ਸਪਿੰਡਾਦ੍ਵਾ ਸਤ੍ਰਿਯਾ ਸਮਜ੍ਞਯਾ ਨਿਯੁਕ੍ਤਯਾ।
ਪ੍ਰਜੇਪਸਿਤਾਧਿਗੰਤਵ੍ਯਾ ਸੰਤਾਨਸ੍ਯ ਪਰਿਕ੍ਸ਼ਯੇ॥ ੧ ॥
ਜਯੇਸ਼ਠੋ ਯਵੀਯਸੋ ਭਾਰਯਾਂ ਯਵੀਯਾਨ੍ਵਾਗ੍ਜਯਸਤ੍ਰਿਯਮ।
ਪਤਿਤੌ ਭਵਤੋ ਗਤ੍ਵਾ ਨਿਯੁਕ੍ਤਾਵ੍ਯਜਨਾਪਦਿ॥ ੨ ॥
ਔਰਸਾ ਖਛੇਤ੍ਰਜਸ਼ਚੈਵ ॥੩॥ ਮਨੁः ਅः੯ਸ਼ਲੋ੬੦,੫੯,੧੫੯॥

ਇਤ੍ਯਾਦੀ ਮਨੁ ਜੀ ਨੇ ਲਿਖਿਆ ਹੈ ਕਿ(ਸਪਿੰਡ) ਅਰਥਾਤ ਖਾਉਂਦ ਦੀ ਛੀ ਪੀੜ੍ਹਿਆਂ ਵਿਚ ਖਾਉਂਦ ਦੇ ਛੋਟੇ ਯਾ ਵਡੇ ਭਰਾ ਅਥਵਾ ਸਜਾਤੀ ਤਥਾ ਅਪਨੇ ਤੋਂ ਉੱਤਮਜਾਤੀਵਾਲੇ ਪੁਰੁਸ਼ ਨਾਲ ਵਿਧਵਾ ਇਸਤ੍ਰੀ ਦਾ ਨਿਯੋਗਹੋਨਾ ਚਾਹੀਏ ਪਰੰਤੂ ਜੇ ਓਹ ਰੰਡਾ ਪੁਰੁਸ਼ ਅਤੇ ਵਿਧਵਾ ਇਸਤ੍ਰੀ ਸੰਤਾਨ ਉਤਪੱਤੀ ਦੀ ਇਛਿਆ ਕਰਦੀ ਹੋਵੇ ਤਾਂ ਨਿਯੋਗ ਹੋਨਾ ਉਚਿਤ ਹੈ, ਅਤੇ ਜਦ ਸੰਤਾਨ ਦਾ ਸਰਵਥਾ ਨਾਸ਼ ਹੋ ਤਾਂ ਨਿਯੋਗ ਹੋਵੇ, ਜੇ ਆਪਤ ਕਾਲ ਥਗੈਰ ਅਰਥਾਤ ਸੰਤਾਨ ਦੇ ਹੋਨਦੀ ਇਛਿਆ ਨ ਹੋਨ ਉੱਤੇ ਵਡੇ ਭਰਾ ਦੀ ਇਸਤ੍ਰੀ ਨਾਲ ਛੋਟੇ ਦਾ ਅਰ ਛੋਟੇ ਦੀ ਇਸਤ੍ਰੀ ਨਾਲ ਵਡੇ ਭਰਾ ਦਾ ਨਿਯੋਗ ਹੋਕੇ ਸੰਤਾਨ ਉਤਪੱਤੀ ਹੋ ਜਾਨ ਤੇ ਭੀ ਦੂਜੀ ਵੇਰ ਓਹ ਨਿਯੋਗ ਕਰਨ ਵਾਲੇ ਆਪਸ ਵਿਚ ਸਮਾਗਮ ਕਰਨ ਤਾਂ ਓਹ ਅਪਨੇ ਧਰਮ ਥੀਂ ਪਤਿਤ ਸਮਝੇ ਜਾਨ, ਤਾਤਪਰਯ ਇਹ ਹੈ ਕਿ ਇਕ ਨਿਯੋਗ ਵਿਚ ਦੂਜੇ ਬੱਚੇ ਦੇ ਗਰਭ ਰਹਨ ਤਕ ਨਿਯੋਗਦੀ ਅਵਧੀ ਹੈ ਏਸਤੋਂ ਪਿੱਛੋਂ ਸਮਾਗਮਨਾ ਕਰਨ ਜੇ ਦੋਹਾਂ ਦੇਵਾਸ਼ਤੇ ਨਿਯੋਗ ਹੋਵੇ ਤਾਂ ਚੌਥੇ ਗਰਭ ਤੱਕ, ਮੁੱਕਦੀ ਗੱਲ ਇਹ ਹੈ ਕਿ ਉੱਪਰ ਲਿਖੀ ਹੋਈ ਰੀਤ ਨਾਲ ਦਸ ਸੰਤਾਨ ਤਕ ਹੋ ਸਕਦੇ ਹਨ, ਏਸ ਤੋਂ ਪਿਛੇ ਵਿਸ਼ਯਾ-ਸਕਤੀ ਗਿਨੀ ਜਾਂਦੀ ਹੈ, ਅਤੇ ਇਸੇ ਕਰਕੇ ਓਹ ਪਤਿਤ ਗਿਨੇ ਜਾਂਦੇ ਹਨ, ਅਰ ਜੇ ਵਿਆਹਤਾ ਇਸਤ੍ਰੀ ਪੁਰੁਸ਼ ਭੀ ਦਸਵੇਂ ਗਰਭ ਥੀਂ ਵਧੀਕ ਸਮਾਗਮ ਕਰਨ ਤਾਂ ਕਾਮੀ ਅਤੇ ਨਿੰਦਿਤ ਹੁੰਦੇ ਹਨ, ਅਰਥਾਤ ਵਿਆਹ ਅਤੇ ਨਿਯੋਗ

ਸੰਤਾਨ ਦੇ ਵਾਸਤੇਹੀ ਕੀਤੇ ਜਾਂਦੇ ਹਨ,ਪਸ਼ੂਆਂਦੀਨਿਆਈਕਾਮਕ੍ਰੀੜਾਲ ਈਟ.ਹੀਂ।

(ਪ੍ਰਸ਼ਨ)ਨਿਯੋਗ ਮਰਨ ਤੋਂ ਪਿਛੋਂਹੀਹੁੰਦਾ ਹੈ ਯਾ ਖਾਉਂਦ ਦੇ ਜੀਉਂਦਿਆਂਭੀ?

(ਉੱਤਰ)ਜੀਉਂਦਿਆ ਭੀ ਹੁੰਦਾਂ ਹੈ :—

ਅਨਜ਼ਮਿੱਛਸ਼ੁ ਸੁਭਗੋਪਤਿੰ ਮਤ ॥ ਰਿਃ ਮੰਃ੧੦ਸੂਃ੧੦।ਮੰਤ੍ਰ੧੦॥

ਜਦ ਖਾਉਂਦ ਸੰਤਾਨ ਉਤਪੱਤੀ ਵਿਚ ਸਮਰਥ ਨ ਹੋਵੇ ਤਦ ਆਪਨੀ ਇਸਤ੍ਰੀ ਨੂੰ ਆਗਿਆ ਦੇਵੇ ਕਿ ਹੇ ਭਾਗਵਾਨ ਸੰਤਾਨ ਦੀ ਇਛਿਆ ਕਰਨ ਵਾਲੀ ਇਸਤ੍ਰੀ ਤੂੰ ਮੇਰੇ ਤੋਂ ਦੂਜੇ ਖਾਉਂਦ ਦੀ ਇਛਿਆ ਕਰ, ਕਿਉਂ ਜੋ ਹੁਨ ਮੇਰੇ ਤੋਂ ਸੰਤਾਨ ਉਤਪੱਤੀ ਨਹੀਂ ਹੋ ਸਕੇਗੀ, ਤਦ ਇਸਤ੍ਰੀ ਦੂਜੇ ਦੇ ਨਾਲ ਨਿਯੋਗ ਕਰਕੇ ਸੰਤਾਨ ਉਤਪੰਨ ਕਰ ਲਵੇ ਪਰੰਤੂ ਉਸ ਵਿਆਹੇ ਮਹਾਸ਼ਯ ਖਾਉਂਦਦੀ ਸੇਵਾ ਵਿਚ ਤਤਪਰ ਰਹੇ, ਇਸੇ ਤਰਾਂ ਇਸਤ੍ਰੀ ਭੀ ਜਦ ਦੋਗਆਦੀ ਦੋਸ਼ਾਂ ਕਰਕੇ ਸੰਤਾਨ ਉਤਪੱਤੀ ਵਿਚ ਅਸਮਰਥ ਹੋਵੇ ਤਦ ਆਪ ਨੇ ਖਾਉਂਦ ਨੂੰ ਆਗਿਆ ਦੇਵੇ ਕਿ ਹੇ ਸ੍ਵਾਮੀ ਤੁਸੀਂ ਸੰਤਾਨ ਉਤਪੱਤੀ ਦੀ ਇਛਿਆ ਮੇਰੇ ਤੋਂ ਛਡਕੇ ਦੂਜੀ ਵਿਧਵਾ ਇਸਤ੍ਰੀ ਨਾਲ ਨਿਯੋਗ ਕਰਕੇ ਸੰਤਾਨ ਉਤਪੱਤੀ ਕਰ ਲਵੋ, ਜੀਕਨ ਕਿ ਪਾਂਡੂ ਰਾਜਾ ਦੀ ਇਸਤ੍ਰੀ ਕੁੰਤੀ ਅਤੇ ਮਾਦਰੀ ਆਦੀ ਨੇ ਕੀਤਾ, ਅਰ ਜੀਕਨ ਵਿਆਸ ਜੀ ਨੇ ਚਿਤ੍ਰਾਂਗਦ ਅਰ ਵਿਚਿਤ੍ਰਵੀਰਯ ਦੇ ਮਰਜਾਨ ਤੋਂ ਪਿਛੇ ਉਨਾਂ ਆਪਨੇ ਭਰਾਵਾਂ ਦੀਆਂ ਇਸਤ੍ਰੀਆਂ ਨਾਲ ਨਿਯੋਗ ਕਰਕੇ ਅੰਬਿਕਾ (ਅੰਬਾ) ਥੀਂ ਧ੍ਰਿਤਰਾਸ਼ਟ੍ਰ ਅਤੇ ਅੰਬਾਲਿਕਾ ਥੀਂ ਪਾਂਡੂ ਅਤੇ ਦਾਸੀ ਥੀਂ ਵਿਦੁਰ ਨੂੰ ਉਤਪੰਨ ਕੀਤਾ, ਏਹ ਇਤਿਹਾਸ ਭੀ ਏਸ ਵਿਸ਼ੇ ਵਿਚ ਪ੍ਰਮਾਣ ਹਨ॥

ਪ੍ਰੋਸ਼ਿਤੋਧਰਮਕਾਰਯਾਰਥੰਪ੍ਰਤੀਖ੍ਛਜੋਅਸ਼ਟੌਨਰਃਸਮਾਃ।
ਵਿਦਜ਼ਾਰਥੰਸ਼ਡਯਸ਼ੋਰਥੰਵਾਕਾਮਾਰਥੰਤ੍ਰੀ ਸਤੁਵਤਸ੍ਮਾਨ॥
ਵੰਧਜ਼ਾਸ਼ਟਮੇਅਧਿਵੇਦਜ਼ਾਬਦੇ ਦਸ਼ਮੇ ਤੁ ਮ੍ਰਿਤਪ੍ਰਜਾ।
ਏਕਾਦਸ਼ੇ ਸਤ੍ਰੀ ਜਂਨਨੀ ਸਦਜਸਤ੍ਰਪ੍ਰਿਯਵਾਦਿਨੀ ॥ ੨॥

ਮਨੁਸਮ੍ਰਿਤੀ ਅਧਜ਼ਾਯ ੯। ਸ਼ਲੋਕ ੮੧॥

ਜੇ ਵਿਆਹਤਾ ਖਾਉਂਦ ਧਰਮ ਦੇ ਵਾਸਤੇ ਪ੍ਰਦੇਸ਼ ਗਿਆ ਹੋਵੇ ਤਾਂ ਵਿਆਹੀ ਇਸਤ੍ਰੀ ਅਠ ਬਰਸ, ਅਰ ਜੇ ਵਿਦਜ਼ਾ ਅਤੇ ਕੀਰਤੀ ਦੇ ਵਾਸਤੇ ਗਿਆ ਹੋਵੇ ਤਾਂ ਛੀ ਵਰੇ, ਅਰ ਧਨ ਆਦੀ ਭੋਗਦੇ ਵਾਸਤੇ ਗਿਆ ਹੋਵੇ ਤਾਂ ਤਿੰਨ ਵਰੇ ਤਕ ਉਡੀਕ ਕੇ ਫੇਰ ਨਿਯੋਗ ਕਰਕੇ ਸੰਤਾਨ ਉਤਪੱਤੀ ਕਰ ਲਵੇ।

ਸਦ ਵਿਆਹਤਾ ਖਾਉਂਦ ਆਵੇ ਤਦ ਨਿਯੋਗ ਵਾਲਾ ਖਾਉਂਦ ਹੁੰਦ ਜਾਵੇ ਇਸੇ ਤਰਾਂ ਪੁਰੁਸ਼ ਵਾਸਤੇ ਭੀ ਨਿਯਮ ਹੈ ਕਿ ਇਸਤ੍ਰੀ ਸੰਢ ਹੋਵੇ ਤਾਂ ਅਠਵੇਂ ਵਰੇ (ਵਿਆਹ ਤੋਂ ਅਠ ਵਰੇ ਤਕ ਇਸਤ੍ਰੀ ਨੂੰ ਗਰਭ ਨ ਰਹੇ) ਸੰਤਾਨ ਹੋਕੇ ਮਰ ਜਾਂਦੀ ਹੋਵੇ ਤਾਂ ਦਸਵੇਂ ਵਰੇ ਜਦਜਦ ਸੰਤਾਨ ਹੋਵੇ ਤਦ ਤਾ ਕੰਨਿਆ ਹੀ ਹੋਨ ਪੁਤ੍ਰ ਨ ਹੋਨ ਤਾਂ ਯਾਹਰਵੇਂ ਵਰੇ ਤਕ ਅਰ ਜੇ ਦੁਸ਼ਟ ਵਚਨ ਬੋਲਨ ਵਾਲੀ ਹੋਵੇ ਤਾਂ ਛੇਤੀ ਹੀ ਉਸ ਇਸਤ੍ਰੀ ਨੂੰ ਛੱਡਕੇ ਦੂਜੀ ਇਸਤ੍ਰੀ ਨਾਲ ਨਿਯੋਗ ਕਰਕੇ ਸੰਤਾਨ ਉਤਪੱਤੀ ਕਰ ਲਵੇ, ਇਸੇ ਤਰਾਂ ਜੇ ਪੁਰੁਸ਼ ਅਤਯੰਤ ਦੁਖ ਦੇਨ ਵਾਲਾ ਹੋਵੇ ਤਾਂ ਇਸਤ੍ਰੀ ਨੂੰ ਉਚਿਤ ਹੈ ਕਿ ਉਸਨੂੰ ਛੱਡਕੇ ਦੂਜੇ ਪੁਰੁਸ਼ ਦੇ ਨਾਲ ਨਿਯੋਗ ਦੁਆਰਾ ਸੰਤਾਨ ਉਤਪੱਤੀ ਕਰਕੇ ਉਸੇ ਵਿਆਹੇ ਖਾਉਂਦ ਦੇ ਦਾਯਭਾਗੀ ਸੰਤਾਨ ਕਰ ਲਵੇ ॥

ਏਸ ਪ੍ਰਕਾਰ ਦੇ ਪ੍ਰਮਾਣ ਅਤੇ ਯੁਕਤੀਆਂ ਨਾਲ ਸੁਯੰਬਰ ਵਿਵਾਹ ਅਤੇ ਨਿਯੋਗ ਕਰਨ ਨਾਲ ਆਪੋ ਅਪਨੀ ਕੁਲ ਦਾ ਵਾਧਾ ਕਰਨਾ ਚਾਹੀਏ, ਜਿਸ ਤਰਾਂ 'ਔਰਸ' ਅਰਥਾਤ ਵਿਆਹੇ ਖਾਉਂਦ ਥੀਂ ਉਤਪੰਨ ਹੋਇਆ ਪੁਤ੍ਰ ਪਿਉ ਦੇ ਪਦਾਰਥਾਂ ਦਾ ਮਾਲਿਕ ਹੁੰਦਾ ਹੈ, ਉਵੇਂ ਹੀ 'ਖੇਤ੍ਰਜ' ਅਰਥਾਤ ਨਿਯੋਗ ਤੋਂ ਉਤਪੰਨ ਹੋਏ ਪੁਤ੍ਰ ਭੀ ਪਿਤਾ ਦੇ ਦਾਯਭਾਗੀ ਹੁੰਦੇ ਹੰਨ ॥

ਹੁਨ ਏਸ ਉੱਤ ਇਸਤ੍ਰੀ ਅਤੇ ਪੁਰੁਸ਼ ਨੂੰ ਧਿਆਨ ਰਖਨਾ ਚਾਹੀਦਾ ਹੈ ਕਿ ਵੀਰਯ ਅਤੇ ਰਜ ਨੂੰ ਅਮੋਲਕ ਸਮਝਨ, ਜੇਹੜਾ ਕੋਈ ਏਸ ਅਮੋਲਕ ਪਦਾਰਥ ਨੂੰ ਬਿਗਾਨੀ ਇਸਤ੍ਰੀ, ਕੰਜਰੀ, ਯਾ ਦੁਸ਼ਟ ਪੁਰੁਸ਼ਾਂ ਦੇ ਸੰਗ ਵਿਚ ਖੋਂਦੇ ਹਨ ਓਹ ਭਾਰੇ ਮੂਰਖ ਹੁੰਦੇ ਹਨ, ਕਿਉਂਕਿ ਜਿਮੀਦਾਰ ਯਾ ਮਾਲੀ ਮੂਰਖ ਹੋਨਤੇ ਭੀ ਅਪਨੇ ਖੇਤ ਯਾ ਬਾਗ ਬਗੈਰ ਹੋਰ ਜਗਾ ਬੀਜ ਨਹੀਂ ਬੋਂਦੇ, ਜਦ ਸਾਧਾਰਣ ਬੀਜ ਅਤੇ ਮੂਰਖ ਦਾ ਅਜੇਹਾ ਵਰਤਾਰਾ ਹੈ ਤਾਂ ਜੇਹੜਾ ਪੁਰੁਸ਼ ਸਭ ਤੋਂ ਉੱਤਮ ਮਨੁਸ਼ ਦੇ ਸ਼ਰੀਰ ਰੂਪੀ ਰੁੱਖ ਦੇ ਬੀ ਨੂੰ ਛੇੜੇ ਖੇਤ ਵਿਚ ਖੋਂਦਾ ਹੈ ਓਹ ਮਹਾਮੂਰਖ ਕਹਾਉਂਦਾ ਹੈ ਕਿਉਂਕਿ ਉਸਦਾ ਫਲ ਉਸ ਨੂੰ ਨਹੀਂ ਮਿਲਦਾ ਅਰ "ਆਤਮਾ ਵੈ ਜਾਯਤੇ ਪੁਤ੍ਰ:" ਇਹ ਬ੍ਰਾਹਮਣ ਗ੍ਰੰਥ ਦਾ ਵਚਨ ਹੈ ॥

ਅੰਗਾਦੰਗਾਤਸੰਭਵਸਿ ਹ੍ਰਿਦਯਾਦਧਿਜਾਯਸੇ।
ਆਤਮਾ ਵੈ ਪੁਤ੍ਰਨਾਮਾਸਿ ਸ ਜੀਵ ਸ਼ਰਦ: ਸ਼ਤਮ॥

ਨਿਰੁਕਤ ਸ਼ਾਸਤ੍ਰ ੩। ੪॥

ਹੇ ਬਾਲਕ ਤੂੰ ਅੰਗ ਅੰਗ ਥੋਂ ਉਤਪੰਨ ਹੋਏ ਵੀਰਯ ਥੀਂ ਅਤੇ ਹਿਰਦੇ ਥੀਂ ਉਤਪੰਨ ਹੁੰਦਾ ਹੈ ਏਸ ਵਾਸਤੇ ਤੂੰ ਮੇਰਾ ਆਤਮਾ ਹੈ ਮੇਰੇ ਤੋਂ ਪਹਿਲੇ ਨਾ ਮਰ, ਕਿੰਤੂ ੧੦੦ ਸੌ ਵਰੇ ਤਕ ਜੀਉਂਦਾ ਰਹੁ ॥

ਜਿਸ ਵੀਰਯ ਥੀਂ ਅਜੇਹੇ ਅਜੇਹੇ ਮਹਾਤਮਾ ਅਤੇ ਮਹਾਸ਼ਯਾਂ ਦੇ ਸ਼ਰੀਰ ਉਤਪੰਨ ਹੁੰਦੇ ਹਨ, ਉਸ ਨੂੰ ਕੈਂਸਰੀ ਆਦੀ ਦੂਰੇ ਖੇਤ ਵਿਚ ਬੋਨਾ ਯਾ ਦੁਸ਼ਟ ਬੀਜ ਨੂੰ ਚੰਗੇ ਖੇਤ ਵਿਚ ਪਵਾਨਾ ਮਹਾਪਾਪ ਦਾ ਕੰਮ ਹੈ ॥

(ਪ੍ਰਸ਼ਨ) ਵਿਆਹ ਕਿਉਂ ਕਰਨਾ ? ਕਿਉਂਕਿ ਏਸ ਥੀਂ ਇਸਤ੍ਰੀਪੁਰੁਸ਼ ਨੂੰ ਬੰਧਨ ਵਿੱਚ ਪੈਕੇ ਬਹੁਤ ਤੰਗ ਹੋਨਾ ਅਤੇ ਦੁਖ ਭੋਗਨਾ ਪੈਂਦਾ ਹੈ, ਏਸ ਕਰਕੇ ਜੇਹਦੇ ਨਾਲ ਜਿਸਦੀ ਪ੍ਰੀਤਿ ਹੋਵੇ ਤਦ ਤਕ ਓਹ ਮਿਲਕੇ ਰਹਨ ਜਦ ਪ੍ਰੀਤਿ ਛੁਟ ਜਾਵੇ ਤਾਂ ਛੱਡ ਦੇਨ ॥

(ਉੱਤਰ) ਇਹ ਪਸ਼ੂ ਪਖਛੀ ਦਾ ਵਿਹਾਰ ਹੈ ਮਨੁੱਖਾਂ ਦਾ ਨਹੀਂ, ਜੇ ਮਨੁੱਸ਼ਾਂ ਵਿਚ ਵਿਆਹ ਦਾ ਨਿਯਮ ਨ ਰਹੇ ਤਾਂ ਸਾਰੇ ਗ੍ਰਿਹਸਥ ਆਸ੍ਰਮ ਦੇ ਅੱਛੇ ਅੱਛੇ ਵਿਹਾਰ ਨਸ਼ਟ ਭ੍ਰਸ਼ਟ ਹੋ ਜਾਨ, ਕੋਈ ਕਿਸੇ ਦੀ ਸੇਵਾ ਭੀ ਨ ਕਰੇ ਅਤੇ ਬਹੁਤ ਵਯਭਿਚਾਰ ਵਧ ਜਾਨ, ਨਾਲੇ ਸਾਰੇ ਰੋਗੀ ਨਿਰਬਲ ਅਤੇ ਘਟ ਉਮਰ ਵਾਲੇ ਹੋਕੇ ਝਟ ਪਟ ਮਰ ਜਾਨ, ਕੋਈ ਕਿਸੇ ਤੋਂ ਭੈ ਵਾ ਲਜਿਆ ਨ ਕਰੇਗਾ, ਬ੍ਰਿੱਧ ਅਵਸਥਾ ਵਿਚ ਕੋਈ ਕਿਸੇ ਦੀ ਸੇਵਾ ਭੀ ਨਾ ਕਰੇਗਾ ਅਤੇ ਬਹੁਤ ਵਯਭਿਚਾਰ ਵਧ ਜਾਏਗਾ ਜਿਸ ਕਰਕੇ ਸਭ ਰੋਗੀ,ਨਿਰੋਬਲ ਅਤੇ ਘਟ ਉਮਰ ਵਾਲੇ ਹੋਜਾਨਗੇ ਅਰ ਕੁਲਾਂ ਦੀਆਂ ਕੁਲਾਂ ਨਸ਼ਟ ਹੋ ਜਾਨ ਗੀਆਂ, ਕੋਈ ਕਿਸੇ ਦੇ ਪਦਾਰਥਾਂ ਦਾ ਮਾਲਿਕ ਯਾ ਦਾਯਭਾਗੀ ਭੀ ਨ ਹੋ ਸਕੇਗਾ ਅਰ ਨਾ ਕਿਸੇ ਦਾ ਕਿਸੇ ਪਦਾਰਥ ਤੇ ਚਿਰ ਕਾਲ ਅਖਤਿਆਰ ਰਹੇਗਾ, ਏਸ ਪ੍ਰਕਾਰ ਦੇ ਦੋਸ਼ਾਂ ਨੂੰ ਹਟਾਨ ਵਾਸਤੇ ਵਿਆਹ ਦਾ ਹੋਨਾ ਸਰਵਥਾ ਉਚਿਤ ਹੈ ।

(ਪ੍ਰਸ਼ਨ) ਜੱਦ ਇਕ ਵਿਆਹ ਹੋਵੇਗਾ ਤਾਂ ਇਕ ਪੁਰੁਸ਼ਦੀ ਇਕਇਸਤ੍ਰੀ ਅਤੇ ਇਕ ਇਸਤ੍ਰੀ ਨੂੰ ਇਕ ਪੁਰੁਸ਼ ਮਿਲੇਗਾ, ਏਸ ਸਮੇ ਵਿਚ ਇਸਤ੍ਰੀ ਗਰਭਵਤੀ, ਸਥਿਰਰੋਗਿਣੀ, ਅਥਵਾ ਪੁਰੁਸ਼ ਦੀਰਘਰੋਗੀ ਹੋਵੇ ਅਤੇ ਦੋਹਾਂ ਦੀ ਜੁਆਨੀ ਦੀ ਅਵਸਥਾ ਹੋਵੇ ਅਰ ਰਹ ਨ ਸੱਕਨ ਤਾਂ ਫੇਰ ਕੀ ਕਰਨ ?

(ਉੱਤਰ) ਏਸਦਾ ਉੱਤਰ ਨਿਯੋਗ ਦੇ ਵਿਸ਼ਯ ਵਿਚ ਦੇ ਦਿਤਾ ਹੈ, ਜੇ ਗਰਭਵਤੀ ਇਸਤ੍ਰੀ ਨਾਲ਼ ਇਕ ਵਾਰ ਸਮਾਗਮ ਨ ਕਰਨ ਦੇ ਦਿਨਾਂ ਵਿੱਚ ਪੁਰੁਸ਼ ਯਾ ਦੀਰਘਰੋਗੀ ਪੁਰੁਸ਼ ਦੀ ਇਸਤ੍ਰੀ ਕੋਲੋਂ ਨ ਰਹਿਆ ਜਾਵੇ ਤਾਂ ਕਿਸੇ ਨਾਲ ਨਿਯੋਗ ਕਰਕੇ ਉਨਦੇ ਵਾਸਤੇ ਸੰਤਾਨ ਉਤਪੰਨ ਕਰ ਦੇਵੇ ਪਰੰਤੂ ਵੇਸ਼ਯਾਗਮਨ (ਕੈਂਜਰੀ ਬਾਜੀ) ਯਾ ਵਯਭਿਚਾਰ ਕਦੀ ਨ ਕਰਨ ॥

ਜਿੱਥੋਂ ਤਕ ਹੋਸਕੇ ਅਪ੍ਰਾਪਤ ਵਸਤੂ ਦੀ ਇਛਿਆ, ਪ੍ਰਾਪਤ ਵਸਤੂ ਦੀ ਰਖਛਾ ਅਤੇ ਰਖਛਾ ਕੀਤੀ ਗਈ ਦਾ ਵਾਧਾ, ਵਧੇ ਹੋਏ ਧਨ ਦਾ ਖ਼ਰਚ ਦੇਸ਼ ਦਾ ਭਲਾ ਕਰਨ ਵਿੱਚ ਕੀਤਾ ਕਰਨ। ਸਭ ਪ੍ਰਕਾਰ ਦੇ ਅਰਥਾਤ ਆਪੋ ਆਪਨੇ ਵਰਣ ਆਸ੍ਰਮਦੇ ਕੰਮਾਂਨੂੰ ਪੂਰਵੋਕੱਤ ਜੀਤੀ ਨਾਲ ਬੜੇ ਉਤਸਾਹ ਅਤੇ ਪ੍ਰਯਤਨ ਨਾਲ ਤਨ, ਮਨ, ਧਨ, ਨਾਸ਼ ਸਦਾ ਸਭ ਦੇ ਭਲੇ ਦਾ ਖਿਆਲਕਰਕੇ ਕੀਤਾ

ਕਰਨ। ਅਪਨੇ ਮਾਂ, ਪਿਉ, ਸੱਸ, ਸੌਹਰੇ ਦੀ ਬਹੁਤ ਬਹੁਤ ਸੇਵਾ ਕਰਨ, ਮਿਤ੍ਰ ਅਤੇ ਆਂਢੀ, ਗੁਆਂਢੀ, ਰਾਜਾ, ਵਿਦਵਾਨ, ਵੈਦ ਅਰ ਸਤਪੁਰੁਸ਼ਾਂ ਨਾਲ ਪ੍ਰੀਤੀ ਰਖਨ, ਅਰ ਜੇਹੜੇ ਦੁਸ਼ਟ ਅਧਰਮੀ ਹੋਨ ਉਨਾਂ ਨਾਲ ਉਪੇਖਛਾ ਅਰਥਾਤ ਦੋਹ ਛਡਕੇ ਉਨਾਂ ਦੇ ਸੁਧਾਰਨ ਦਾ ਯਤਨ ਕੀਤਾ ਕਰਨ, ਜਿਥੋਂ ਤਕ ਬਨੇ ਉਥੋਂ ਤਕ ਪ੍ਰੇਮ ਨਾਲ ਅਪਨੇ ਬੱਚਿਆਂ ਨੂੰ ਵਿਦਵਾਨ ਅਤੇ ਸ਼ਿਖਛਾਵਾਨ ਕਰਨ ਕਰਾਨ ਵਿੱਚ ਧਨ ਆਦੀ ਪਦਾਰਥਾਂ ਦਾ ਖਰਚ ਕਰਕੇ ਉਨਾਂ ਨੂੰ ਪੂਰੇ ਵਿਦਵਾਨ ਅਤੇ ਸ਼ਿਖਛਾਵਾਨ ਕਰ ਦੇਨ, ਅਰ ਧਰਮਦੇ ਵਿਹਾਰ ਕਰਕੇ ਮੁਕਤੀ ਦਾ ਭੀ ਸਾਧਨ ਕੀਤਾ ਕਰਨ ਕਿ ਜਿਸ ਦੀ ਪ੍ਰਾਪਤੀ ਕਰਕੇ ਪਰਮਾਨੰਦ ਮਿਲੇ ਅਰ ਅਜੇਹੇ ਅਜੇਹੇ ਸ਼ਲੋਕਾਂ ਨੂੰ ਨ ਮੰਨਨ ਜਿਹਾਕਿ :—

ਪਤਿਤੋਪਿ ਦ੍ਵਜਃ ਸ਼੍ਰੇਸ਼ਠੋ ਨ ਚ ਸ਼ੂਦ੍ਰੋ ਜਿਤੇਂਦ੍ਰਿਯਃ।
ਨਿਰਦੁਗਧਾਚਾਪਿ ਗੌਃ ਪੂਜਯਾ ਨ ਚ ਦੁਗਧਵਤੀ ਖ਼ਰੀ।
ਅਸ਼੍ਵਾਲੰਭੰ ਗਵਾਲੰਭੰ ਸੰਨਯਾਸੰ ਪਲਪੈਤ੍ਰਿਕਮ।
ਦੇਵਰੱਾਚ ਸੁਤੋਤਪਤਿੰ ਕਲੌ ਪੰਜ ਵਿਵਰਜਯੇਤ॥
ਨਸ਼ਟੇ ਮ੍ਰਿਤੇ ਪ੍ਰਵ੍ਰਜਿਤੇ ਕਲੀਵੇ ਚ ਪਤਿਤੇ ਪਤੌ।
ਪੰਚਸ੍ਵਾਪਤਸੁ ਨਾਰੀਣਾਂ ਪਤਿਰੰਨਯੋ ਵਿਧੀਯਤੇ॥

ਇਹ ਮਨਘੜਤ ਪਰਾਸ਼ਰੀ ਦੇ ਸ਼ਲੋਕ* ਹਨ। ਜੇ ਖੋਟੇ ਕੰਮਾਂਦੇ ਕਰਨ ਵਾਲੇ ਦ੍ਵਿਜ ਨੂੰ ਚੰਗਾ ਅਤੇ ਚੰਗੇ ਕੰਮਾਂ ਦੇ ਕਰਨ ਵਾਲੇ ਸ਼ੂਦ੍ਰ ਨੂੰ ਨੀਚ ਮੰਨੀਏ ਤਾਂ ਏਸ ਤੋਂ ਵਧੀਕ ਪਖਛਪਾਤ, ਅਨਿਆਯ, ਅਧਰਮ ਹੋਰ ਕੀ ਹੋਵੇਗਾ ?

* ਦ੍ਵਿਜ ਭਾਵੇਂ ਪਤਿਤ ਹੋਵੇ ਉਹ ਭੀ ਚੰਗਾ ਹੈ, ਸ਼ੂਦ੍ ਭਾਵੇਂ ਜਿਤੇਂਦ੍ਰੀ ਹੋਵੇ ਤਾਂ ਓਹ ਭੀ ਚੰਗਾ ਨਹੀਂ, ਜਿਸ ਤਰਾਂ ਦੁੱਧ ਨਾ ਦੇਨ ਵਾਲੀ ਗਊ ਸੇਵਾ ਦੇ ਯੋਗ ਹੈ. ਅਰ ਦੁੱਧ ਦੇਨ ਵਾਲੀ ਖੋਤੀ ਸੇਵਾ ਦੇ ਯੋਗ ਨਹੀਂ, ਘੋੜੇ ਨੂੰ ਮਾਰਕ ਯੱਗ ਵਿੱਚ ਪਾਉਨਾ, ਗਊ ਨੂੰ ਮਾਰਕੇ ਹੋਮ ਵਿੱਚ ਪਾਉਨਾ, ਸੰਨਯਾਸ, ਮਾਂਸ ਦਾ ਪਿੰਡ, ਦੇਵਰ ਥੀਂ ਸੰਤਾਨ ਉਤਪੰਨ ਕਰਨਾ, ਕਲਯੁਗ ਵਿਚ ਇਹ ਪੰਜੇ ਗੱਲਾਂ ਵਰਜੀਆਂ ਹੋਈਆਂ ਹਨ, ਖਾਉਂਦ ਦੇ ਨੱਠ ਜਾਨ ਤੇ, ਮਰਜਾਨਤੇ ਸੰਨਯਾਸੀ ਹੋਜਾਨ ਤੇ, ਨਾਮਰਦ ਹੋਜਾਨ ਤੇ, ਪਤਿਤ ਹੋਜਾਨ ਤੇ, ਇਸਤ੍ਰੀਆਂ ਨੂੰ ਇਨਾਂ ਪੰਜਾਂ ਔਖੇ ਵੇਲਿਆਂ ਵਿਚ ਦੂਜੇ ਖਾਉਂਦ ਕਰਨ ਦੀ ਆਗਿਆ ਹੈ। (ਅਨੁਵਾਦਕਰਤਾ)

ਕੀ ਜੀਕਨ ਦੁਧ ਦੇਨ ਵਾਲੀ ਗਊ ਗੁਆਲਿਆਂ ਦੇ ਪਾਲਨ ਦੇ ਯੋਗ ਹੁੰਦੀ ਹੈ ਉਸੇ ਤਰਾਂ ਪ੍ਰਮਿਆਰ ਆਦੀ ਖਤੀਨੂੰ ਨਹੀਂ ਪਾਲਦੇ, ਅਰ ਇਹ ਦ੍ਰਿਸ਼ਟਾਂਤ ਭੀ ਠੀਕ ਨਹੀਂ ਕਿਉਂਕਿ ਦ੍ਵਿਜ ਅਤੇ ਸ਼ੂਦ੍ਰ ਇਕ ਮਨੁੱਸ਼ ਜਾਤੀ ਹਨ ਅਰ ਗਊ ਅਤੇ ਖੋਤੀ ਭਿੰਨ ਭਿੰਨ ਜਾਤੀ ਹਨ, ਕਦਾਚਿਤ ਪਸ਼ੂ ਜਾਤੀ ਨਾਲ ਦ੍ਰਿਸ਼ਟਾਂਤ ਦਾ ਇਕ ਅੰਸ਼ ਦਾਰਸ਼ਟਾਂਤ ਵਿਚ ਮਿਲਾਇਆ ਭੀ ਜਾਵੇ ਤਾਂ ਭੀ ਏਸਦਾ ਆਸ਼ਾ ਠੀਕ ਨਹੀਂ ਏਸ ਵਾਸਤੇ ਇਹ ਸ਼ਲੋਕ ਵਿਦਵਾਨਾਂ ਦੇ ਮੰਨਨ ਯੋਗ ਕਦੀ ਨਹੀਂ ਹੋ ਸਕਦੇ ॥੧॥

ਜਦ ਅਸ਼ਵਾਲੰਭ ਅਰਥਾਤ ਘੋੜੇ ਨੂੰ ਮਾਰਕੇ ਅਥਵਾ ਗਵਾਲੰਭ ਗਊ ਨੂੰ ਮਾਰਕੇ ਹੋਮ ਕਰਨਾ ਹੀ ਵੇਦ ਦੀ ਆਗਿਆ ਦੇ ਅਨੁਸਾਰ ਨਹੀਂ ਹੈ, ਤਾਂ ਉਸਦਾ ਕਲਯੁਗ ਵਿੱਚ ਨਿਸ਼ੇਧ ਕਰਨਾ, ਵੇਦ ਦੇ ਵਿਰੁਧ ਕਿਉਂ ਨਹੀਂ ? ਜੇ ਕਲਯੁਗ ਵਿੱਚ ਏਸ ਨੀਚ ਕਰਮ ਦਾ ਨਿਸ਼ੇਧ ਮੰਨਿਆ ਜਾਵੇ ਤਾਂ ਤ੍ਰੇਤਾ ਆਦੀ ਵਿੱਚ ਵਿਧੀ ਹੋ ਜਾਵੇਗੀ, ਤਾਂ ਫੇਰ ਅਜੇਹੇ ਦੁਸ਼ਟ ਕੰਮਾਂ ਦਾ ਮੁਲੇਛ ਯੁਗ ਵਿਚ ਹੋਨਾ ਸਰਵਥਾ ਅਸੰਭਵ ਹੈ, ਸੰਨਯਾਸ ਦੀ ਵੇਦ ਆਦੀ ਸ਼ਾਸਤ੍ਰਾਂ ਵਿਚ ਵਿਧੀ ਹੈ ਉਸਦਾ ਨਿਸ਼ੇਧ ਕਰਨਾ ਨਿਰਮੂਲ ਹੈ, ਜਦ ਮਾਂਸ ਦਾ ਨਿਸ਼ੇਧ ਹੈ ਤਾਂ ਸਦਾ ਹੀ ਨਿਸ਼ੇਧ ਹੈ, ਜਦ ਦੇਵਰ ਕੋਲੋਂ ਸੰਤਾਨ ਉਤਪੱਤੀ ਕਰਨਾ ਵੇਦਾਂ ਵਿੱਚ ਲਿਖਿਆ ਹੈ ਤਾਂ ਏਸ ਸ਼ਲੋਕ ਦਾ ਬਨਾਉਨ ਵਾਲਾ ਕਿਉਂ ਭੌਂਕਦਾ ਹੈ? ।॥

ਜੇ (ਨਸ਼ਟੇ) ਅਰਥਾਤ ਖਾਉਂਦ ਕਿਸੇ ਦੇਸ਼ ਪ੍ਰਦੇਸ਼ ਨੂੰ ਚਲਿਆ ਗਿਆ ਹੋਵੇ, ਘਰ ਵਿਚ ਇਸਤ੍ਰੀ ਨਿਯੋਗ ਕਰ ਲਵੇ ਉੱਸੇ ਵੇਲੇ ਵਿਆਹਿਤ ਖਾਉਂਦ ਆ ਜਾਵੇ, ਤਾਂ ਓਹ ਕਿਸਦੀ ਇਸਤ੍ਰੀ ਹੋਵੇ ? ਕੋਈ ਕਹੇ ਕਿ ਵਿਆਹਿਤ ਖਾਉਂਦ ਦੀ, ਅਸਾਂ ਮੰਨਿਆਂ, ਪਰੰਤੂ ਇਹ ਵਿਵਸਥਾ ਪਾਰਾਸ਼ਰੀ ਵਿਚ ਤਾਂ ਨਹੀਂ ਲਿਖੀ। ਕੀ ਇਸਤ੍ਰੀ ਦੇ ਪੰਜ ਹੀ ਔਖੇ ਵੇਲੇ ਹਨ ਜੇ ਦੋਗੀ ਪਿਆ ਹੋਵੇ ਯਾ ਲੜ ਪਿਆ ਹੋਵੇ, ਏਹੋ ਜੇਹੇ ਔਖੇ ਵੇਲੇ ਪੰਜ ਤੋਂ ਭੀ ਵਧੀਕ ਹਨ ਏਸ ਵਾਸਤੇ ਏਹੋ ਜੇਹੇ ਸ਼ਲੋਕਾਂ ਨੂੰ ਕਦੀ ਨਹੀਂ ਮੰਨਨਾਂ ਚਾਹੀਦਾ ॥੩॥

(ਪ੍ਰਸ਼ਨ)ਕਿਉਂ ਜੀ ਤੁਸੀਂ ਪਰਾਸ਼ਰ ਮੁਨੀਦੇ ਵਚਨ ਭੀ ਨਹੀਂਮੰਨਦੇ?

(ਉੱਤਰ) ਭਾਵੇਂ ਕਿਸੇ ਦਾ ਵਚਨ ਹੋਵੇ ਪਰੰਤੂ ਵੇਦ ਦੇ ਵਿਰੁੱਧ ਹੋਨ ਕਰਕੇ ਨਹੀਂ ਮੰਨਦੇ, ਅਰ ਇਹ ਤਾਂ ਪਰਾਸ਼ਰ ਦਾ ਵਚਨ ਭੀ ਨਹੀਂ ਹੈ, ਕਿਉਂਕਿ ਜੀਕਨ ਬ੍ਰਹਮੋਵਾਚ (ਬ੍ਰਹਮਾ ਬੋਲਿਆ) ਵਿਸ਼ਿਸ਼ਟੋਵਾਚ (ਵਿਸ਼ਿਸ਼ਟ ਬੋਲਿਆ) ਰਾਮੋਵਾਚ (ਰਾਮ ਬੋਲਿਆ) ਸ਼ਿਵੋਵਾਚ (ਸ਼ਿਵ ਬੋਲਿਆ) ਵਿਸ਼ਨੁਰੁਵਾਚ (ਵਿਸ਼ਨੁ ਬੋਲਿਆ) ਦੇਵੀਉਵਾਚ (ਦੇਵੀ ਬੋਲੀ) ਇੰਕਨ ਸ੍ਰੇਸ਼ਠਾਂ ਦੇ ਨਾਉਂ ਲਿਖਕੇ ਗ੍ਰੰਥ ਏਸ ਵਾਸਤੇ ਬਨਾਂਦੇ ਹਨ ਕਿ ਸਭਨਾਂ ਦੇ ਆਦਰ ਭਾਉ ਕਰਨੇ ਯੋਗ ਮਨੁੱਸ਼ਾਂ ਦੇ ਨਾਉਂ ਕਰਕੇ ਇਨਾਂ ਗ੍ਰੰਥਾਂ ਨੂੰ ਸਾਰਾ

ਸੰਸਾਰ ਮੱਨ ਲਵੇ, ਅਤੇ ਸਾਡੀ ਪੂਰੀ ਆਜੀਵਿਕਾ ਭੀ ਹੋ ਜਾਵੇ, ਏਸਕਰਕੇ ਅਨਰਥ ਕਹਾਨੀਆਂ ਦੇ ਨਾਲ ਭਰੇ ਹੋਏ ਗ੍ਰੰਥ ਬਨਾਂਦੇ ਹਨ। ਕੁਝ ਕੁਝ ਬਨਾਉਟੀ ਸ਼ਲੋਕਾਂ ਨੂੰ ਛਡਕੇ ਮਨੁਸਮ੍ਰਿਤੀ ਹੀ ਵੇਦ ਦੇ ਅਨੁਕੂਲ ਹੈ ਹੋਰ ਕੋਈ ਸਮ੍ਰਿਤੀ ਨਹੀਂ, ਇਸੇ ਤਰਾਂ ਹੋਰ ਬਨਾਉਟੀ ਗ੍ਰੰਥਾਂਦਾ ਹਾਲ ਸਮਝ ਲਓ॥

(ਪ੍ਰਸ਼ਨ) ਗ੍ਰਿਹਸਥ ਆਸ਼੍ਰਮ ਸਭ ਤੋਂ ਛੋਟਾ ਯਾ ਵੱਡਾ ਹੈ ?

(ਉੱਤਰ)ਆਪੋ ਅਪਨੇ ਕਰਤਵ੍ਯ ਕਰਮਾਂ ਕਰਕੇ ਸਭ ਵੱਡੇ ਹਨ ਪਰੰਤੂ

ਯਥਾ ਨਦੀਨਦਾਃਸਰਵੇ ਸਾਗਰੇ ਯਾਂਤਿ ਸੰਸਥਿਤਿਮ।
ਤਥੈਵਾਸ਼੍ਰਮਿਣਃਸਰਵੇ ਗ੍ਰਿਹਸਥੇਯਾਂਤਿ ਸੰਸਥਿਤਿਮਾ॥੧

ਮਨੁਸਮ੍ਰਿਤੀ ਅਧ੍ਯਾਯ ੬। ਸ਼ਲੋਕ ੯੦॥

ਯਥਾ ਵਾਯੁੰ ਸਮਾਸ਼੍ਰਿਤ੍ਯ ਵਰਤੰਤੇ ਸਰਵਜੰਤਵਃ।
ਤਥਾ ਗ੍ਰਿਹਸਥਮਾਸ਼੍ਰਿਤ੍ਯ ਵਰਤੰਤੇਸਰਵ ਆਸ਼੍ਰਮਾਃ॥੨॥
ਯਸਮੱਾਤ੍ਰਯੋਪਜਸ਼੍ਰਮਿਣੋ ਦਾਨੇਨੱਾਨੇਨ ਚਾਨ੍ਵਹਮ।
ਗ੍ਰਿਹਸਥੇਨੈਵ ਧਾਰੱਯੰਤੇ ਤਸਮੱਾਜਜੇਸ਼ਠਾਸ਼੍ਰਮੋਗ੍ਰਿਹੀ।੩
ਸ ਸੰਧਾਰੱਯਃ ਪ੍ਰਯਤਨੇਨ ਸ੍ਵਰਗਮਖ੍ਛਯਮਿੱਛਤਾ।
ਸੁਖੰਚੇਹੇੱਛਤਾ ਨਿਤ੍ਯੰ ਯੋਅਧਾਰਯੋ ਦੁਰਬਲੇਂਦ੍ਰਿਯੈਃ॥੪॥

ਮਨੁਸਮ੍ਰਿਤੀ ਅਧ੍ਯਾਯ ੩। ਸ਼ਲੋਕ ੭੭–੭੮–੭੯।

ਜਿਸ ਤਰਾਂ ਨਦੀਆਂ ਅਤੇ ਵਡੇ ਵਡੇ ਦਰਿਆਉ ਤਦ ਤਕ ਹੀ ਡੋਲਦੇ ਰਹਿੰਦੇ ਹਨ ਜਦ ਤਕ ਕਿ ਸਮੁੰਦ੍ ਨੂੰ ਪ੍ਰਾਪਤ ਨਹੀਂ ਹੁੰਦੇ, ਉੱਸੇ ਤਰਾਂ ਗ੍ਰਿਹਸਥ ਦੇ ਆਸ਼੍ਰੇ ਨਾਲ ਸਾਰੇ ਆਸ਼੍ਰਮ ਸਥਿਰ ਰਹਿੰਦੇ ਹਨ ਬਿਨਾਂ ਏਸ ਆਸ਼੍ਰਮ ਦੇ ਕਿਸੇ ਆਸ਼੍ਰਮ ਦਾ ਕੋਈ ਵਿਹਾਰ ਸਿੱਧ ਨਹੀਂ ਹੁੰਦਾ। ਬ੍ਰਹਮਚਾਰੀ, ਬਾਨਪ੍ਰਸਥੀ ਅਰ ਸੰਨ੍ਯਾਸੀ ਤਿੰਨਾਂ ਆਸ੍ਰਮਾਂ ਨੂੰ ਦਾਨ ਅਤੇ ਅੰਨ ਆਦੀ ਦੇ ਕੇ ਪ੍ਰਤੀਦਿਨ ਗ੍ਰਿਹਸਥ ਹੀ ਧਾਰਣ ਕਰਦਾ ਹੈ, ਏਸ ਕਰਕੇ ਗ੍ਰਿਹਸਥ ਜ੍ਯੇਸ਼ਠ (ਵੱਡਾ) ਆਸ੍ਰਮ ਹੈ ਅਰਥਾਤ ਸਭਨਾਂ ਵਿਹਾਰਾਂ ਵਿੱਚ ਧੁਰੰਧਰ ਕਹਾਉਂਦਾ ਹੈ ਏਸ ਕਰਕੇ ਜੇਹੜਾ ਮੁਕਤੀ ਅਤੇ ਸੰਸਾਰ ਦੇ ਸੁਖ ਦੀ ਇਛਿਆ ਕਰਦਾ ਹੋਵੇ ਓਹ ਪੂਰੇ ਯਤਨ ਨਾਲ ਗ੍ਰਿਹਸਥ ਆਸ਼੍ਰਮ ਨੂੰ ਧਾਰਣ ਕਰੇ, ਜੇਹੜਾ ਗ੍ਰਿਹਸਥ ਆਸ੍ਰਮ, ਦੁਰਬਲਇੰਦ੍ਰੀ ਅਰਥਾਤ ਡਰਪੋਕ ਅਰ ਨਿਰਬਲ ਪੁਰੁਸ਼ਾਂ ਦੇ ਧਾਰਣ ਕਰਨ ਦੇ ਅਯੋਗ ਹੈ ਉਸ ਨੂੰ ਚੰਗੀ ਤਰਾਂ ਨਾਲ ਧਾਰਣ ਕਰਨਾ

ਚਾਹੀਏ । ਏਸ ਲਈ ਜਿੱਨਾਂ ਵਿਹਾਰ ਸੰਸਾਰ ਵਿੱਚ ਹੈ ਉਸਦਾ ਅੱਧਾ ਗ੍ਰਿਹਸਥ ਆਸ਼੍ਰਮ ਹੈ, ਜੇ ਇਹ ਗ੍ਰਿਹਸਥ ਆਸ਼੍ਰਮ ਨਾ ਹੁੰਦਾ ਤਾਂ ਸੰਤਾਨ ਉਤਪੱਤੀ ਦੇ ਨ ਹੋਨ ਕਰਕੇ ਬ੍ਰਹਮਚਰਯ, ਬਾਨਪ੍ਰਸਥ ਅਤੇ ਸੰਨ੍ਯਾਸ ਆਸ਼੍ਰਮ ਕਿੱਥੋਂ ਹੋ ਸਕਦੇ ? ਜੇਹੜਾ ਗ੍ਰਿਹਸਥ ਆਸ਼੍ਰਮ ਦੀ ਨਿੰਦਿਆ ਕਰਦਾ ਹੈ, ਓਹੋ ਹੀ ਨਿੰਦਿਆ ਦੇ ਯੋਗ ਹੈ, ਅਰ ਜੇਹੜਾ ਵਡਿਆਈ ਕਰਦਾ ਹੈ ਓਹੋ ਹੀ ਵਡਿਆਈ ਦੇ ਯੋਗ ਹੁੰਦਾ ਹੈ ਪਰੰਤੂ ਗ੍ਰਿਹਸਥ ਆਸ਼੍ਰਮ ਵਿਚ ਸੁਖ ਤਦੇ ਹੀ ਮਿਲਦਾ ਹੈ ਜਦ ਇਸਤ੍ਰੀ ਅਤੇ ਪੁਰੁਸ਼ ਦੋਏ ਇਕ ਦੂਜੇ ਤੋਂ ਪ੍ਰੰਨ ਵਿਦ੍ਵਾਨ, ਪੁਰੁਸ਼ਾਰਥੀ ਅਤੇ ਸਭ ਪ੍ਰਕਾਰ ਦੇ ਵਿਹਾਰਾਂ ਦੇ ਗਿਆਤਾ ਹੋਨ, ਏਸ ਵਾਸਤੇ ਗ੍ਰਿਹਸਥ ਆਸ਼੍ਰਮ ਦੇ ਸੁਖ ਦਾ ਮੁੱਖ ਕਾਰਣ ਬ੍ਰਹਮਚਰਯ ਅਰ ਉੱਪਰ ਕਹਿਆ ਹੋਇਆ ਸ੍ਵੰਯਵਰ ਵਿਆਹ ਹੈ ॥

ਇਹ ਸੰਖੇਪ ਨਾਲ ਸਮਾਵਰਤਨ, ਵਿਆਹ, ਅਤੇ ਗ੍ਰਿਹਸਥ ਆਸ਼੍ਰਮ ਦੇ ਵਿਸ਼ੇ ਵਿੱਚ ਸ਼ਿਖਛਾ ਲਿਖ ਦਿੱਤੀ, ਇਸ ਤੋਂ ਅਗੇ ਬਾਨਪ੍ਰਸਥ ਅਤੇ ਸੰਨ੍ਯਾਸ ਦੇ ਵਿਸ਼ੇ ਵਿਚ ਲਿਖਿਆ ਜਾਵੇਗਾ ॥

ਇਤਿ ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮੀਕ੍ਰਿਤੇ ਸਤ੍ਯਾਰਥਪ੍ਰਕਾਸ਼ੇ ਸੁਭਾਸ਼ਾਵਿਭੂਸ਼ਿਤੇ
ਸਮਾਵਰਤਨ ਵਿਵਾਹਗ੍ਰਿਹਾਸ਼੍ਰਮਵਿਸ਼ਯੇ ਚਤੁਰਥਃ ਸਮੁੱਲਾਸਃ
ਸੰਪੂਰਣਃ ॥ ੪ ॥

ਸ਼੍ਰੀ ਸੁਆਮੀ ਦਯਾਨੰਦ ਸਰਸ੍ਵਤੀ ਸ੍ਵਾਮੀ ਕ੍ਰਿਤ ਸਤ੍ਯਾਰਥਪ੍ਰਕਾਸ਼
ਭਾਸ਼ਾਭੂਸ਼ਿਤ ਸਮਾਵਰਤਨ, ਵਿਆਹ, ਗ੍ਰਿਹਸਥ ਵਿਸ਼ਯ
ਦਾ ਚੌਥਾ ਸਮੁੱਲਾਸ ਸਮਾਪਤ ਹੋਇਆ ॥

ਪੰਜਵਾਂ ਸਮੁੱਲਾਸ

ਬਾਨਪ੍ਰਸਥ ਅਤੇ ਸੰਨਜਾਸ ਦੇ ਵਿਸ਼ੇ ਵਿਚ

ਬ੍ਰਹਮਚਰਯਾਸ਼੍ਰਮੰ ਸਮਾਪਜ ਗ੍ਰਿਹੀ ਭਵੇਤ ਗ੍ਰਿਹੀ
ਭੂਤ੍ਵਾ ਵਨੀ ਭਵੇਤਨੀ ਭੂਤ੍ਵਾ ਪ੍ਰਵ੍ਰਜੇਤ ॥

ਮਨੁੱਸ਼ਾਂ ਨੂ ਉਚਿਤ ਹੈ ਕਿ ਬ੍ਰਹਮਚਰਯ ਆਸ਼੍ਰਮ ਨੂੰ ਪੂਰਾ ਕਰਕੇ ਗ੍ਰਿਹਸਥੀ ਬਨਨ, ਅਤੇ ਉਸਤੋਂ ਪਿੱਛੋਂ ਬਾਨਪ੍ਰਸਥੀ ਬਨਨ, ਫੇਰ ਸੰਨਜਾਸੀ ਹੋ ਜਾਨ, ਆਸ਼੍ਰਮਾਂ ਦਾ ਕ੍ਰਮ ਈਕਨ ਵਿਧਾਨ ਕੀਤਾ ਗਿਆ ਹੈ ॥

ਏਵੰਗ੍ਰਿਹਾਸ਼੍ਰਮੇ ਸਥਿਤ੍ਵਾ ਵਿਧਿਵਤਸਨਾਤਕੋ ਦ੍ਵਿਜਃ ।
ਵਨੇ ਵਸੇੱਤੁ ਨਿਯਤੋ ਯਥਾਵਦ੍ਵਿਜਿਤੇਂਦ੍ਰਿਯਃ ॥੧॥
ਗ੍ਰਿਹਸਥਸਤੁ ਯਦਾ ਪਸ਼ਯੇਦ੍ਵਲੀਪਲਿਤਮਾਤਮਨਃ ।
ਅਪਤਯਸਯੈਵ ਚਾਪਤਯੰ ਤਦਾਰਣ੍ਯੰ ਸਮਾਸ਼੍ਰਯੇਤ ॥੨॥
ਸੰਤਯਜਯ ਗ੍ਰਾਮਯਮਾਹਾਰੰ ਸਰਵੰ ਚੈਵ ਪਰਿੱਛਦਮ ।
ਪੁਤ੍ਰੇਸ਼ੁ ਭਾਰਯਾਂ ਨਿਃਖਛਿਪਯ ਵਨੰ ਗੱਛੇਤ ਸਹੈਵ ਵਾ॥੩॥
ਅਗਨਿਹੋਤ੍ਰੰ ਸਮਾਦਾਯ ਗ੍ਰਿਹਯੰ ਚਾਗਨਿਪਰਿੱਛਦਮ ।
ਗ੍ਰਾਮਾਦਰਣ੍ਯੰ ਨਿਃਸ੍ਰਿਤਯ ਨਿਵਸੇੱਨਿਯਤੇਂਦ੍ਰਿਯਃ॥੪॥
ਮੁਨਯੱਨੈਰ ਵਿਵਿਧੈਰਮੇਧਯੈਃ ਸ਼ਾਕਮੂਲਫਲੇਨ ਵਾ ।
ਏਤਾਨੇਵ ਮਹਾਯਜਞੱਾਨਿਰਵਪੇਦ੍ਵਿਧਿਪੂਰਵਕਮ ॥੫॥

ਮਨੁਸਮ੍ਰਿਤੀ ਅਧਯਾਯ ੬ । ਸ਼ਲੋਕ ੧–੨–੩–੪–੫ ॥

ਏਸ ਤਰਾਂ ਨਾਲ 'ਸਨਾਤਕ' ਅਰਥਾਤ ਓਹ ਪੁਰੁਸ਼ ਜਿਸਨੇ ਬ੍ਰਹਮ-

ਚਰਯ ਆਸ਼੍ਰਮ ਪੂਰਾ ਕਰ ਲੀਤਾ ਹੋਵੇ, ਗ੍ਰਿਹਸਥ ਆਸ਼੍ਰਮ ਵਿਚ ਆਵੇ, ਅਰ ਦ੍ਵਿਜ ਅਰਥਾਤ ਬ੍ਰਾਹਮਣ ਖਛਤ੍ਰੀ ਅਤੇ ਵੈਸ਼ ਏਸਤ੍ਰਹਾਂ ਨਾਲ ਗ੍ਰਿਹਸਥ ਆਸ਼੍ਰਮ ਵਿੱਚ ਰਹਕੇ ਅਪਨੇ ਆਤਮਾ ਵਿੱਚ ਦ੍ਰਿੜ੍ਹ ਸੰਕਲਪ ਕਰਕੇ ਅਰ ਇੰਦ੍ਰੀਆਂ ਨੂੰ ਯਥਾਵਤ ਜਿੱਤਕੇ ਬਨ ਵਿੱਚ ਜਾਕੇ ਰਹਨ ॥ ੧ ॥ ਪਰੰਤੂ ਜਦ ਗ੍ਰਿਹਸਥੀ ਦੇ ਸਿਰ ਦੇ ਵਾਲ ਚਿੱਟੇ ਅਰ ਸ਼ਰੀਰ ਦੀ ਖਲੜੀ ਢਿੱਲੀ ਪੈ ਜਾਵੇ ਅਤੇ ਪੁੱਤ੍ਰ ਦੇ ਘਰ ਸੰਤਾਨ ਭੀ ਹੋਗਈ ਹੋਵੇ ਤਦ ਬਨ ਵਿੱਚ ਜਾਕੇ ਵੱਸੇ ॥ ੨ ॥ ਪਿੰਡ ਦੀਆਂ ਸਾਰੀਆਂ ਖਾਨਦੀਆਂ ਚੀਜ਼ਾਂ ਅਤੇ ਕਪੜੇ ਆਦੀ ਸਭ ਚੰਗੇ ਚੰਗੇ ਪਦਾਰਥਾਂ ਨੂੰ ਛੱਡਕੇ ਬੱਚਿਆਂ ਦੇ ਕੋਲ ਇਸਤ੍ਰੀ ਨੂੰ ਰੱਖਕੇ ਯਾ ਅਪਨੇ ਨਾਲ ਲੈਕੇ ਬਨ ਵਿੱਚ ਜਾਕੇ ਰਹੇ ॥ ੩ ॥ ਹੋਮ ਕਰਨ ਦੀ ਸਾਰੀ ਸਮੱਗ੍ਰੀ ਅਤੇ ਭਾਂਡੇ ਨਾਲ ਲੈਕੇ ਪਿੰਡ ਤੋਂ ਬਾਹਰ ਜਾਕੇ ਇੰਦ੍ਰੀਆਂ ਨੂੰ ਜਿੱਤਦਾ ਹੋਇਆ ਬਨ ਵਿੱਚ ਜਾਕੇ ਵੱਸੇ ॥ ੪ ॥ ਨਾਨਾ ਪ੍ਰਕਾਰ ਦੇ ਸੁਆਂਕ ਆਦੀ ਅੰਨ ਚੰਗੇ ਚੰਗੇ ਸਾਗ, ਮੂਲ, ਫਲ, ਕੰਦ ਆਦੀ ਨਾਲ ਜਿਹੜੇ ਪਹਲੋਂ ਕਹ ਚੁਕੇ ਹਾਂ ਉਨ੍ਹਾਂ ਪੰਜਾਂ ਵਡੇ ਯੱਗਾਂ ਨੂੰ ਕਰੇ ਅਰ ਉੱਸੇ ਨਾਲ ਅਤਿਥੀ ਦੀ ਸੇਵਾ ਅਤੇ ਆਪ ਭੀ ਨਿਰਵਾਹ ਕਰੇ ॥ ੫ ॥

ਸ੍ਵਾਧਜਾਯੇ ਨਿਤਜ਼ਯੁਕਤਃ ਸਜਾਤਦਾਂਤੋ ਮੈਤ੍ਰਃ ਸਮਾਹਿਤਃ
ਦਾਤਾ ਨਿਤਜ਼ਮਨਾਦਾਤਾ ਸਰਵਭੂਤਾਨੁਕੰਪਕਃ ॥ ੧ ॥
ਅਪ੍ਰਯਤਨਃ ਸੁਖਾਰਥੇਸ਼ੁ ਬ੍ਰਹਮਚਾਰੀ ਧਰਾਸ਼ਯਃ ।
ਸ਼ਰਣੇਸ਼੍ਵਮਸ਼ੈਵ ਵ੍ਰਿਖਛਮੂਲਨਿਕੇਤਨਃ ॥ ੨ ॥

ਮਨੁਸਮ੍ਰਿਤੀ ਅਧਜਾਯ ੬ । ਸ਼ਲੋਕ ੮। ੨੬ ॥

'ਸ੍ਵਾਧਜਾਯ' ਅਰਥਾਤ ਪੜ੍ਹਨ ਪੜ੍ਹਾਨ ਵਿੱਚ ਸਦਾ ਲੱਗਾ ਰਹੇ, ਅਪਨੇ ਆਤਮਾ ਨੂੰ ਵਸ਼ ਵਿੱਚ ਰੱਖੇ, ਅਰ ਸਭਦਾ ਮਿੱਤ੍ਰ, ਇੰਦ੍ਰੀਆਂ ਨੂੰ ਦਮਨ ਕਰਨ ਦਾ ਸੁਭਾਵ ਰੱਖਨ ਵਾਲ੍ਹਾ, ਵਿਦ੍ਯਾ ਆਦੀ ਦਾਨ ਦੇਨ ਵਾਲ੍ਹਾ, ਅਤੇ ਸਬ ਤੇ ਦਯਾ ਕਰਨ ਵਾਲ੍ਹਾ, ਕਿਸੇ ਕੋਲੋਂ ਕੁਝਭੀ ਪਦਾਰਥ ਨ ਲਵੇ, ਅਰ ਸਦਾ ਅਜੇਹਾ ਹੀ ਵਰਤਾਰਾ ਰੱਖੇ ॥ ੧ ॥ ਸ਼ਰੀਰ ਦੇ ਲਈ ਮਰਯਾਦਾ ਤੋਂ ਵਧੀਕ ਯਤਨ ਨਾ ਕਰੇ ਕਿੰਤੂ ਬ੍ਰਹਮਚਾਰੀ ਬਨਕੇ ਰਹੇ ਅਰਥਾਤ ਅਪਨੀ ਇਸਤ੍ਰੀ ਕੋਲ ਭੀ ਹੋਵੇ ਤਾਂ ਭੀ ਓਹਦੇ ਨਾਲ ਵਿਸ਼ੇ ਦਾ ਕੰਮ ਕੁਝ ਭੀ ਨ ਕਰੇ, ਜ਼ਮੀਨ ਉੱਤੇ ਸਵੇਂ, ਅਪਨੇ ਕੋਲ ਰਹਨ ਵਾਲਿਆਂ ਵਿੱਚ ਯਾ ਅਪਨੀਆਂ ਚੀਜ਼ਾਂ ਵਿੱਚ ਮਮਤਾ ਨਾ ਕਰੇ, ਰੁੱਖ ਦੀ ਜੜ੍ਹ ਪਾਸ ਰਹੇ ॥ ੨ ॥

ਤਪਃ ਸ਼੍ਰੱਧੇ ਯੇ ਹਜੁਪਵਸੰਤਜਰਣਜੇ ਸ਼ਾਂਤਾ ਵਿਦ੍ਵਾਂਸੋ ਭੈਖਛਚਰਯਾਂ ਚਰੰਤਃ । ਸੂਰਯਦ੍ਵਾਰੇਣ ਤੇ ਵਿਰਜਾਃ ਪ੍ਰਯਾਂਤਿ ਯਤ੍ਰਾਮ੍ਰਿਤਃ ਸ ਪੁਰੁਸ਼ੋ ਹਜਵਜਯਾਤਮਾ ॥

ਮੁੰਛਕ ਉਪਨਿਸ਼ਦ । ਖੰ੦ ੨ । ਮੰਤ੍ਰ ੧੧ ॥

ਜਿਹੜੇ ਸ਼ਾਂਤ ਸੁਭਾਉ ਵਿਦਵਾਨ ਲੋਗ ਥਨ ਵਿੱਚ ਤਪ, ਧਰਮ ਦਾ ਅਨੁਸ਼ਾਨ ਅਤੇ ਸਬ ਵਿੱਚ ਸ਼੍ਰਧਾ ਰਖਦੇ ਹੋਏ ਅਤੇ ਜੋ ਜ਼ਾ ਭਿਖਛਾ (ਖਾਨ ਦੀ ਚੀਜ਼) ਦੇ ਜਾਵੇ ਉਸ ਨਾਲ ਨਿਰਵਾਹ ਕਰਦੇ ਹੋਏ ਜੰਗਲ ਵਿਚ ਵਸਦੇ ਹਨ, ਓਹ ਨਾਸ਼ ਤੋਂ ਰਹਿਤ ਸਰਵਵਜ਼ਾਪੀ, ਹਾਨੀ ਲਾਭ ਤੋਂ ਰਹਿਤ ਪਰਮੇਸ਼੍ਵਰ ਨੂੰ ਨਿਰਮਲ ਹੋਕੇ ਪ੍ਰਾਣ ਦੁਆਰ ਨਾਲ ਪ੍ਰਾਪਤ ਹੋਕੇ ਆਨੰਦਿਤ ਹੋਜਾਂਦੇ ਹਨ ।

ਅਭਜ਼ਾਦਧਾਮਿ ਸਮਿਧਮਗਨੇ ਵ੍ਰਤਪਤੇ ਤ੍ਵਯਿ ।
ਵ੍ਰਤੰਚ ਸ਼੍ਰੱਧਾਂ ਚੋਪੈਮੀਂਧੇ ਤ੍ਵਾ ਦੀਖਛਿਤੋ ਅਹਮ ॥

ਯਜੁਰਵੇਦ ਅਧਜ਼ਾਯ ੨੦ । ਮੰਤ੍ਰ ੨੪ ॥

ਬਾਨਪ੍ਰਸਥੀ ਨੂੰ ਉਚਿਤ ਹੈ ਕਿ ਇਹ ਇਛਿਆ ਕਟਕੇ ਕਿ ਮੈਂ ਅੱਗ ਵਿੱਚ ਹੋਮ ਕਰਕੇ ਅਤੇ * ਦੀਖਛਾ ਪਾਕੇ ਬ੍ਰਤ ਅਰਥਾਤ ਸੱਚ ਉੱਤੇ ਚੱਲਾਂ, ਅਤੇ ਸ਼੍ਰਧਾ ਨੂੰ ਪ੍ਰਾਪਤ ਹੋਵਾਂ, ਬਾਨਪ੍ਰਸਥ ਕਰੇ, ਕਈ ਭਰਾਂ ਦੀ ਤਪਸਜ਼ਾ, ਸਤਸੰਗ, ਯੋਗਾਭਜ਼ਾਸ ਅਰ ਸੱਚੇ ਵਿਚਾਰ ਕਰਕੇ ਗਿਆਨ ਅਤੇ ਪਵਿਤ੍ਰਤਾ ਪ੍ਰਾਪਤ ਕਰੇ, ਏਸ ਤੋਂ ਪਿਛੋਂ ਸਦ ਸੰਨਜ਼ਾਸ ਲੈਨ ਦੀ ਇਛਿਆ ਹੋਵੇ ਤਦ ਇਸਤ੍ਰੀ ਨੂੰ ਬੱਚਿਆਂ ਦੇ ਪਾਸ ਭੇਜ ਦੇਵੇ ਅਤੇ ਫੇਰ ਸੰਨਜ਼ਾਸ ਲਵੇ ॥

ਇਤਿ ਸੰਖਛੇਪੇਣ ਬਾਨਪ੍ਰਸਥ ਵਿਧਿਃ ।

ਇਹ ਸੰਖਛੇਪ ਨਾਲ ਬਾਨਪ੍ਰਸਥਦੀ ਵਿਧੀ ਲਿਖੀਗਈ ॥

ਸੰਨਜ਼ਾਸ ਦੀ ਵਿਧੀ ।

ਬਨੇਸ਼ੁ ਚ ਵਿਹ੍ਰਿਤਜੈਵੰ ਤ੍ਰਿਤੀਯੰ ਭਾਗਮਾਯੁਸ਼ਃ ।
ਚਤੁਰਥਮਾਯੁਸ਼ੋ ਭਾਗੰ ਤ੍ਯਕਤ੍ਵਾ ਸੰਗਾਨ ਪਰਿਵ੍ਰਜੇਤ ।

ਮਨੁਸਮ੍ਰਿਤੀ ਅਧਜ਼ਾਯ ੬ । ਸ਼ਲੋਕ ੩੩ ॥

---

*(ਦੀਖਛਾ) ਸਨਦ ਦਾ ਨਾਉਂ ਹੈ, ਪਹਲੇ ਜ਼ਮਾਨੇ ਵਿਚ ਕਿਸੇ ਆਸ਼੍ਰਮ ਵਿਚ ਪ੍ਰਵੇਸ਼ ਹੋਨਦੀ ਯੋਗਜ਼ਤਾ ਦੀ ਪਰੀਖਛਾ ਕਰਕੇ ਦੀਖਛਾ ਦਿਤੀ ਜਾਂਦੀਸੀ ।

ਏਸ ਤਰਾਂ ਨਾਲ ਥਨ ਵਿਚ ਉਮਰ ਦਾ ਤੀਜਾ ਹਿੱਸਾ ਅਰਥਾਤ ਪੰਜਾਹਵੇਂ ਵਰ੍ਹੇ ਥੀਂ ਪੰਝਤ੍ਹਵੇਂ ਵਰ੍ਹੇ ਤਕ ਬਾਨਪ੍ਰਸਥੀ ਰਹਕੇ ਉਮਰ ਦੇ ਚੌਥੇ ਭਾਗ ਵਿਚ ਸੰਗ ਨੂੰ ਛੱਡਕੇ ਪਰੀਬ੍ਰਾਟ ਅਰਥਾਤ ਸੰਨਯਾਸੀ ਹੋ ਜਾਵੇ ॥

(ਪ੍ਰਸ਼ਨ) ਜੇ ਕੋਈ ਗ੍ਰਿਹਸਥ ਆਸ਼੍ਰਮ ਅਤੇ ਬਾਨਪ੍ਰਸਥ ਆਸ਼੍ਰਮ ਨ ਕਰਕੇ ਸੰਨਯਾਸ ਆਸ਼੍ਰਮ ਕਰ ਲਵੇ ਤਾਂ ਉਸਨੂੰ ਪਾਪ ਹੁੰਦਾ ਹੈ, ਯਾ ਨਹੀਂ ?

(ਉੱਤਰ) ਹੁੰਦਾ ਹੈ ਪਰ ਨਹੀਂ ਭੀ ਹੁੰਦਾ ॥

(ਪ੍ਰਸ਼ਨ) ਇਹ ਦੋ ਪ੍ਰਕਾਰ ਦੀ ਗੱਲ ਕਿਉਂ ਕਹਿੰਦੇ ਹੋ ?

(ਉੱਤਰ) ਦੋ ਪ੍ਰਕਾਰ ਦੀ ਨਹੀਂ ਕਿਉਂ ਕਿ ਜੇਹੜਾ ਬਾਲ ਅਵਸਥਾ ਵਿਚ ਵੈਰਾਗੀ ਹੋਕੇ ਫੇਰ ਵਿਸ਼ਯਾਂ ਵਿਚ ਫਸੇ ਤਾਂ ਓਹ ਮਹਾਪਾਪੀ ਅਤੇ ਜੇਹੜਾ ਨ ਫਸੇ ਓਹ ਮਹਾਪੁੰਨਆਤਮਾ ਸਤਪੁਰੁਸ਼ ਹੈ ॥

ਯਦਹਰੇਵ ਵਿਰਜੇੱਤਦਹਰੇਵ ਪ੍ਰਬ੍ਰਜੇਤਬਨਾਦ੍ਵਾਗ੍ਰਿਹਾਦ੍ਵਾ ਬ੍ਰਹਮਚਰਯਾਦੇਵ ਪ੍ਰਬ੍ਰਜੇਤ ॥ ਜਾਬਾਲੋਪਨਿਸ਼ਦ ਅਧ੍ਯਾਯ ੩॥

ਇਹ ਬ੍ਰਾਹਮਣ ਗ੍ਰੰਥ ਦਾ ਵਚਨ ਹੈ, ਜਿਸ ਦਿਨ ਵੈਰਾਗ ਹੋ ਜਾਵੇ ਉਸੇ ਦਿਨ ਗ੍ਰਿਹਸਥ ਯਾ ਬਾਨਪ੍ਰਸਥ ਆਸ਼੍ਰਮ ਥੀਂ ਸੰਨਯਾਸ ਗ੍ਰਹਣਕਰ ਲਵੇ॥

ਸੰਨਯਾਸ ਦੀ ਵਿਧੀ ਕ੍ਰਮ ਨਾਲ ਪਹਲੇ ਲਿਖ ਦਿਤੀ ਹੈ। ਹੁਨ ਐਥੇ ਫ਼ਿਕ਼ਰ ਲਿਖਨੇ ਹਾਂ, ਅਰਥਾਤ ਬਾਨਪ੍ਰਸਥ ਆਸ਼੍ਰਮ ਤੋਂ ਸੰਨਯਾਸ ਲੈ ਲਵੇ ਯਾ ਗ੍ਰਿਹਸਥ ਆਸ਼੍ਰਮ ਤੋਂ ਲੀ, ਅਰ ਤੀਜਾ ਪਖ਼ ਇਹ ਹੈ ਕਿ ਜੇਹੜਾ ਪੂਰਾ ਵਿਦ੍ਵਾਨ ਜਿਤੇਂਦ੍ਰੀ ਵਿਸ਼ਯ ਭੋਗ ਦੀ ਕਾਮਨਾ ਤੋਂ ਰਹਿਤ ਪਰਉਕਾਰ ਕਰਨ ਦੀ ਇਛਿਆ ਰਖਦਾ ਹੋਵੇ ਓਹ ਬ੍ਰਹਮਚਰਯ ਆਸ਼੍ਰਮ ਹੀ ਤੋਂ ਸੰਨਯਾਸ ਲੈ ਲਵੇ, ਅਰ ਵੇਦਾਂ ਵਿਚ "ਯਤਯਃ ਬ੍ਰਾਹਮਣਸ੍ਯ ਵਿਜ ਨਤ." ਇਨਾਂ ਪਦਾਂ ਕਰਕੇ ਸੰਨਯਾਸ ਦੀ ਆਗ੍ਯਾ ਪਾਈ ਜਾਂਦੀ ਹੈ ॥

ਨਾਵਿਰਤੋ ਦੁਸ਼ਚਰਿਤੱਾਨਾਸ਼ਾਂਤੋ ਨਾਸਮਾਹਿਤਃ ।
ਨਾਸ਼ਾਂਤਮਾਨਸੋ ਵਾਪਿ ਪ੍ਰਜਞਾਨੇਨੈਨਮਾਪਨੁ ਯਾਤ ॥

ਕਠਉਪਨਿਸ਼ਦ ਬਲੀ ੨ ।ਮੰਤ੍ਰ੨੪।

ਜਿਸ ਨੇ ਦੁਰਾਚਾਰ ਨਹੀਂ ਛਡਿਆ, ਜਿਸਨੂੰ ਸ਼ਾਂਤੀ ਨਹੀਂ, ਜਿਸਦਾ ਆਤਮਾ ਯੋਗ ਵਿਚ ਨਹੀਂ ਲਗਦਾ, ਅਰ ਜਿਸਦਾ ਮਨ ਸ਼ਾਂਤ ਨਹੀਂ ਹੈ, ਓਹ ਸਨਯਾਸ ਲੈਕੇ ਭੀ ਵਿਗਯਾਨ ਨਾਲ ਪਰਮੇਸ਼੍ਵਰ ਨੂੰ ਪ੍ਰਾਪਤ ਨਹੀਂ ਹੁੰਦਾ, ਏਸ ਲਈ :—

ਯੱਛੇਦਵਾਙਮਨਸੀ ਪ੍ਰਾਜਞਸਤਦੱਛੇਦ ਜਞਾਨ ਆ-

ਤਮਨਿ । ਜਵਾਨਮਾਤਮਨਿਮਹਤਿ ਨਿਯੱਛੇਂਤਦੱਜੱਛੇ-
ਤਸ਼ਾਂਤ ਆਤਮਨਿ ॥ ਕਠਃ ਥਲੀ ੨ । ਮੰਤ੍ਰ ੧੩॥

ਬੁਧਵਾਨ ਸੰਨਜ਼ਾਸੀ ਬਾਣੀ ਅਤੇ ਮਨ ਨੂੰ ਅਧਰਮ ਥੀਂ ਰੋਕ ਕੇ ਉਨਾਂ ਨੂੰ ਵਿਗਜ਼ਾਨ ਅਰ ਆਤਮਾ ਦੇ ਗ ਜ਼ਾਨ ਵਿਚ ਲਗ਼ਾਵੇ ਅ ਤ ਉਸ ਵਿਗਜ਼ਾਨ ਅਤੇ ਅਪਨੇ ਆਤਮਾ ਨੂੰ ਪਰਮੇਸ਼ੁਰ ਵਿਚ ਲਗ਼ਾਵੇ, ਅਰ ਉਸ ਵਿਗਜ਼ਾਨ ਨੂੰ ਸ਼ਾਂਤ ਸਰੂਪ ਆਤਮਾ ਵਿਚ ਸਥਿਰ ਕਰੇ ॥

ਪਰੀਖਛਜ ਲੋਕਾਨ ਕਰਮਚਿਤਾਨ ਬ੍ਰਾਹਮਣੋ ਨਿਰਵੇਦ
ਮਾਯਾਨਨਾਸਤਜ੍ਰਿਤਃ ਕ੍ਰੇਮ। ਤਦ੍ਵਿਜਵਾਨਾਰਥੰ ਸ
ਗੁਰੂਮੇਵਾਭਿਗੱਛੇਤ ਸਮਿਤਪਾਣਿਃ ਸ਼੍ਰੋਤ੍ਰਿਯੰ ਬ੍ਰਹਮ-
ਨਿਸ਼ਠਮ ॥ ਮੁੰਡਕਉਪਨਿਸ਼ਦ । ਖੰਡ ੨ । ਮੰਤ੍ਰ ੧੨ ॥

ਇਹ ਵੇਖਕੇ ਕਿ ਸਾਰੇ ਸੰਸਾਰ ਦੇ ਭੋਗ ਕ੍ਰਮ ਕਰਕੇ ਕੱਠੇ ਹੁੰਦੇ ਹਨ, ਬ੍ਰਾਹਮਣ ਅਰਥਾਤ ਸੰਨਜ਼ਾਸੀ ਵੈਰਾਗ ਨੂੰ ਪ੍ਰਾਪਤ ਹੋਵੇ, ਕਿਉਂਕਿ ਅਕ੍ਰਿਤ ਅਰਥਾਤ ਨ ਕੀਤਾ ਹੋਇਆ ਪਰਮੇਸ਼ੁਰ, ਕ੍ਰਿਤ ਅਰਥਾਤ ਨਿਰੇ ਕਰਮ ਕਰਕੇ ਪ੍ਰਾਪਤ ਨਹੀਂ ਹੁੰਦਾ, ਏਸ ਵਾਸਤੇ ਅਰਪਣ ਦੇ ਅਰਥ ਕੁਝ ਹੱਥ ਵਿਚ ਲੈਕੇ ਵੇਦਵਿਤ ਅ ਰ ਪਰਮੇਸ਼ੁਰ ਨੂੰ ਜ਼ਾਨਨੇ ਵਾਲੇ ਗੁਰੂ ਦੇ ਪਾਸ ਵਿਗਜ਼ਾਨ ਦੇ ਵਾਸਤੇ ਜ਼ਾਵੇ, ਜ਼ਾ ਕੇ ਸਭ ਸੰਸ਼ਿਆਂ ਦੀ ਨਿ ਵਿਰਤੀ ਕਰੇ, ਪਰੰਤੂ ਸਦਾ ਇਨਾਂ ਦਾ ਸੰਗ ਛੱਡ ਦੇਵੇ। ਜਿਨਾਂ ਦੇ ਵਿਸ਼ੇ ਹੇਠਾਂ ਲਿਖਿਆ ਜ਼ਾਂਦਾ ਹੈ :—

ਅਵਿਦਜ਼ਾਯਾਮੰਤਰੇ ਵਰਤਮਾਨਾਃਸ੍ਵਯੰ ਧੀਰਾਃਪੰਡਿ-
ਤੱਮਨਜ਼ਮਾਨਾਃ । ਜੰਸਨਜ਼ਮਾਨਾਃ ਪਰਿਯੰਤਿ ਮੁਢਾਂ ਅੰਧੇ
ਨੈਵ ਨੀਯਮਾਨਾ ਯਥਾਂਧਾਃ ॥ ੧ ॥

ਅਵਿਦਜ਼ਾਯਾਂ ਬਹੁਧਾ ਵਰਤਮਾਨਾ ਵਯੰ ਕ੍ਰਿਤਾਰਥਾ
ਇਤਜ਼ਭਿਮਨਜ਼ੰਤਿਬਾਲਾਃ। ਯਤਕਰਮਿਣੋਨ ਪ੍ਰਵੇਦਯੰ-
ਤਿਰਾਗਾਤ ਤੇਨਾਤੁਰਾਃਖ਼ਛੀਣਲੋਕਾਸ਼ਚਜ਼ਵੰਤੇ ॥ ੨ ॥

ਮੁੰਡਕਉਪਨਿਸ਼ਦ । ਖੰਡ ੨ । ਮੰਤ੍ਰ ੮–੯ ॥

ਜੇਹੜੇ ਅਵਿਦਯਾ ਦੇ ਅੰਦਰ ਖੇਡ ਰਹੇ ਹਨ ਅਰ ਅਪਨੇ ਆਪ ਨੂੰ ਧੀਰ ਅਤੇ ਪੰਡਿਤ ਮੰਨਦੇ ਹਨ ਓਹ ਨੀਚ ਗਤੀ ਨੂੰ ਜਾਨ ਜੋਗੇ ਮੂੜ੍ਹ ਏਸ ਭਰਾਂ ਨਾਲ ਦੁਖ ਪਾਉਂਦੇ ਹਨ ਜੀਕਨ ਅੰਨ੍ਹੇ ਦੇ ਪਿਛੇ ਚਲਕੇ ਅੰਨ੍ਹੇ ਦੁਰਦਸ਼ਾ ਨੂੰ ਪ੍ਰਾਪਤ ਹੁੰਦੇ ਹਨ, ਜੇਹੜੇ ਅਵਿਦਯਾ ਵਿੱਚ ਫਸੇ ਹੋਏ ਬਾਲਬੁਧ ਵਾਲੇ ਇਹ ਸਮਝਦੇ ਹਨ ਕਿ ਅਸੀਂ ਸਭਨਾਂ ਗੱਲਾਂ ਤੋਂ ਕ੍ਰਿਹਾਰਥ ਹਾਂ, ਜਿਸ ਨੂੰ ਨਿਰੇ ਕਰਮਕਾਂਡੀ ਲੋਗ ਸੰਸਾਰ ਦੇ ਮੋਹ ਵਿਚ ਫਸੇ ਹੋਏ ਗਿਆਨ ਨਹੀਂ ਪਾਉਂਦੇ ਨਾ ਦੂਜੇ ਨੂੰ ਦੇ ਸਕਦੇ ਹਨ, ਓਹ ਆਤੁਰ ਹੋਕੇ ਜਨਮ ਮਰਨ ਰੂਪੀ ਦੁਖ ਵਿਚ ਡਿੱਗੇ ਰਹਿੰਦੇ ਹਨ, ਏਸ ਕਰਕੇ :—

ਵੇਦਾਂਤ ਵਿਜਞਾਨ ਸੁਨਿਸ਼ਿਚਤਾਰਥਾਃ ਸੰਨਜ਼ਾਸਯੋਗਾ-ਦਜ਼ਤਯਃਸ਼ੁੱਧਸਤ੍ਵਾਃ । ਤੇ ਬ੍ਰਹਮਲੋਕੇਸ਼ੁ ਪਰਾਂਤਕਾਲੇ ਪਰਾਮ੍ਰਿਤਾਃ ਪਰਿਮੁਚਂਤਿ ਸਚਵੇ ॥ ਮੁੰਡਕ ਖੰਡ ੨ । ਮ. ੬ ॥

ਜੇਹੜਾ ਵੇਦਾਂਤ ਅਰਥਾਤ ਪਰਮੇਸ਼ੁਰ ਦੇ ਕਹੇ ਹੋਏ ਵੇਦਮੰਤ੍ਰਾਂ ਦੇ ਅਰਥ ਦੇ ਜਾਨਨੇ ਅਤੇ ਸਦਾਚਾਰ ਵਿਚ ਨਿਸ਼ਚੇ ਦੇ ਨਾਲ ਸਥਿਰ ਰਹਨ ਵਾਲੇ ਸੰਨਜ਼ਾਸ ਯੋਗ ਨਾਲ ਸ਼ੁੱਧ ਅੰਤਹਕਰਣ ਸਨਜ਼ਾਸੀ ਹੁੰਦੇ ਹਨ ਓਹ ਪਰਮੇਸ਼ੁਰ ਵਿਚ ਮੁਕਤੀ ਸੁਖ ਨੂੰ ਪ੍ਰਾਪਤ ਹੋਕੇ ਅਰ ਉਸ ਨੂੰ ਭੋਗਕੇ ਫੇਰ ਜਦ ਮੁਕਤੀ ਸੁਖਦੀ ਅਵਧੀ ਪੂਰੀ ਹੋ ਜਾਂਦੀ ਹੈ ਤਦ ਓਥੋਂ ਛੁੱਟਕੇ ਸੰਸਾਰ ਵਿੱਚ ਆਉਂਦੇ ਹਨ, ਮੁਕਤੀ ਦੇ ਬਗੈਰ ਦੁਖ ਦਾ ਨਾਸ਼ ਨਹੀਂ ਹੁੰਦਾ, ਕਿਉਂਜੋ :—

ਨ ਵੈ ਸ਼ਸ਼ਰੀਰਸਜ਼ ਸਤਃ ਪ੍ਰਿਯਾਪ੍ਰਿਯਯੋਰਪਹਤਿਸਤ੍ਰਜ਼ ਸ਼ਰੀਰੰ ਵਾਵਸੰਤੰ ਨ ਪ੍ਰਿਯਾਪ੍ਰਿ ਸਪ੍ਰਿਸ਼ਤਃ ॥

ਛਾਂਦੋਗ੍ਯ ਉਪਨਿਸ਼ਦ । ਪ੍ਰਪਾਠਕ ੮ । ਖੰਡ ੧੨ ॥

ਜੇਹੜਾ ਦੇਹਧਾਰੀ ਹੈ ਓਹ ਸੁਖਦੁਖ ਦੀ ਪ੍ਰਾਪਤੀ ਤੋਂ ਵਖਰਾ ਕਦੇ ਨਹੀਂ ਰਹ ਸਕਦਾ, ਅਰ ਜੇਹੜਾ ਸ਼ਰੀਰ ਰਹਿਤ ਜੀਵਆਤਮਾ ਮੁਕਤੀ ਵਿੱਚ ਸਰਵ ਵਿਆਪਕ ਪਰਮੇਸ਼ੁਰ ਦੇ ਨਾਲ ਸੁੱਧ ਹੋਕੇ ਰਹਿੰਦਾ ਹੈ ਤਦ ਉਸ ਨੂੰ ਸੰਸਾਰ ਦਾ ਸੁਖ ਦੁਖ ਨਹੀਂ ਪ੍ਰਾਪਤ ਹੁੰਦਾ ਏਸ ਲਈ —

ਪੁਤ੍ਰੈਸ਼ਣਾਯਾਸ਼ਚ ਵਿੱਤੈਸ਼ਣਾਯਾਸ਼ਚ ਲੋਕੈਸ਼ਣਾਯਾਸ਼ਚ ਵ੍ਯੁੱਥਾਯਾਥ ਭਿਖਛਾਚਰਯੰ ਚਰੰਤਿ ॥

ਬ੍ਰਹਦਾਰਣ੍ਯਕ ਕਾਂਡ ੧੪ ਪ੍ਰਪਾਃ ੫ । ਬ੍ਰਾਃ ੨ । ਕਾਂਡਿਕਾ ੧ ॥

ਸੰਸਾਰ ਵਿਚ ਮਾਨ ਯਾ ਲਾਭ, ਧਨ ਕਰਕੇ ਭੋਗ ਯਾ ਮਾਨ ਅਰ ਬਚਿਆਂ ਆਦਿਕ ਦੇ ਮੋਹਥੀ ਹਟਕੇ ਸੰਨਜਾਸੀ ਲੋਗ ਭਿਖਛੂ ਹੋਕੇ ਰਾਤ ਦਿਨ ਮੁਕਤੀ ਦੇ ਸਾਧਨਾਂ ਵਿਚ ਲਗੇ ਰਹਿੰਦੇ ਹਨ ॥

ਪ੍ਰਜਾਪਤਜਾਂ ਨਿਰੂਪਜੇਸ਼ਟਿੰ ਤਸਜਾਂ ਸਰਵਵੇਦਸੰਹੁਤ੍ਵਾ ਬ੍ਰਾਹਮਣਃ ਪ੍ਰਵ੍ਰਜੇਤ ॥ ੧ ॥ ਯਜੁਰਵੇਦ ਬ੍ਰਾਹਮਣ ॥

ਪ੍ਰਜਾਪਤਜਾਂਨਿਰੂਪਜੰਸ਼ਟਿੰ ਸਰਵਵੇਦਸਦਖਛਿਣਾਮ ।
ਆਤਮਨਜਗ੍ਨੀਂ ਸਮਾਰੋਪਜਬ੍ਰਾਹਮਣਃਪ੍ਰਬ੍ਰਜੇਦਗ੍ਰਿਹਾਤ੨
ਯੋ ਦਤ੍ਵਾ ਸਰਵਭੂਤੇਭਜਃ ਪ੍ਰਬ੍ਰਜਤਜਭਯੰ ਗ੍ਰਿਹਾਤ ।
ਤਸਜ ਤੇਜੋਮਯਾਲੋਕਾ ਭਵੰਤਿ ਬ੍ਰਹਮਵਾਦਿਨਃ ॥ ੩ ॥

ਮਨੁਸਮ੍ਰਿਤੀ ਅਧਜਾਯ ੬ । ਮੰਤ੍ਰ ੩੮–੩੯ ॥

ਪ੍ਰਜਾਪਤੀ ਅਰਥਾਤ ਪਰਮੇਸ਼ਰਦੀ ਪ੍ਰਾਪਤੀਦੇ ਅਰਥ ਇਸ਼ਟੀਅਰਥਾਤ ਯੱਗ ਕਰਕੇ ਉਸ ਵਿਚ ਜੰਞੂ ਚੋਟੀ ਆਦੀ ਨਿਸ਼ਾਨਾਂ ਨੂੰ ਛਡਕੇ ਆਹਵਨੀਯ ਆਦੀ ਪੰਜ ਪ੍ਰਕਾਰ ਦੀ ਅੱਗ ਦੀ ਜਗਾ ਪ੍ਰਾਣ, ਅਪਾਨ, ਵਜਾਨ, ਉਦਾਨ, ਅਰ ਸਮਾਨ ਇਨਾਂ ਪੰਜਾਂ ਪ੍ਰਾਣਾਂ ਵਿੱਚ ਆਰੋਪਨ ਕਰਕੇ ਬ੍ਰਾਹਮਣ, ਪਰਮੇਸ਼ਰ ਨੂੰ ਜਾਨਨੇ ਵਾਲਾ ਘਰ ਥੀਂ ਨਿਕਲਕੇ ਸੰਨਜਾਸੀ ਹੋ ਜਾਵੇ, ਜੋਹੜਾ ਸਭ (ਭੂਤ) ਪ੍ਰਾਣੀ ਮਾਤ੍ਰ ਨੂੰ ਅਭੈ ਦਾਨ ਦੇਕੇ ਘਰ ਤੋਂ ਨਿਕਲ ਕੇ ਸੰਨਜਾਸੀ ਹੁੰਦਾ ਹੈ, ਉਸ ਬ੍ਰਹਮਵਾਦੀ ਅਰਥਾਤ ਪਰਮੇਸ਼ਰ ਦੇ ਪ੍ਰਕਾਸ਼ ਕੀਤੇ ਹੋਏ ਵੇਦਾਂ ਦੇ ਅਨੁਕੂਲ ਧਰਮ ਆਦੀ ਵਿਦਜਾ ਦਾ ਉਪਦੇਸ਼ ਕਰਨ ਵਾਲੇ ਸੰਨਜਾਸੀਦੇਲਈ ਪ੍ਰਕਾਸ਼ਮਯ ਅਰਥਾਤ ਮੁਕਤੀ ਦਾ ਆਨੰਦਸਰੂਪ ਲੋਕ ਪ੍ਰਾਪਤ ਹੁੰਦਾ ਹੈ ॥

(ਪ੍ਰਸ਼ਨ) ਸੰਨਜਾਸੀਆਂ ਦਾ ਕੀ ਧਰਮ ਹੈ ?

(ਉੱਤਰ) ਧਰਮ ਤਾਂ ਪਖਛਪਾਤ ਰਹਿਤ ਨਿਆਇ ਦਾ ਅਚਾਰਣ ਕਰਨਾ, ਸਤ ਦਾ ਗ੍ਰਹਣ ਕਰਨਾ, ਅਸਤਜ ਦਾ ਤਿਆਗਨਾ, ਵੇਦ ਵਿਚ ਵਰਣਨ ਕੀਤੇ ਹੋਏ ਪਰਮੇਸ਼ਰ ਦੀ ਆਗਿਆ ਦਾ ਪਾਲਨਾ, ਪਰਉਪਕਾਰ, ਸਤ ਭਾਸ਼ਣ ਆਦੀ ਲਖਛਣ ਸੱਭੇ ਆਸ੍ਰਮਾਂ ਵਾਲਿਆਂਦਾ ਅਰਥਾਤ ਸਭ ਮਨੁੱਸ਼ਮਾਤ੍ਰ ਦਾ ਇਕ ਹੀ ਹੈ, ਪਰੰਤੂ ਸੰਨਜਾਸੀ ਦੇ ਵਿਸ਼ੇਸ਼ ਧਰਮ ਇਹ ਹਨ ਕਿ :—

ਦ੍ਰਿਸ਼ਟਿਪੂਤੰ ਨਜਸੇਤਪਾਦੰ ਵਸਤ੍ਰਪੂਤੰ ਜਲੰ ਪਿਵੇਤ ।
ਸਤਜਪੂਤਾਂ ਵਦੇਤਵਾਚੰ ਮਨਃ ਪੂਤੰ ਸਮਾਚਰੇਤ ॥ ੧ ॥
ਕ੍ਰੱਧਜੰਤੰ ਨ ਪ੍ਰਤਿਕ੍ਰਧਜੇਦਾਕ੍ਰਸ਼ਟਃ ਕੁਸ਼ਲੰ ਵਦੇਤ ।

ਸੱਪਤਦ੍ਰਾਵਕੀਰਣੋਂ ਚ ਨੋ ਵਾਚਮਨ੍ਰਿਭਾਂ ਵਦੇਤ ॥ ੨ ॥
ਅਧਜਾਤਮਰਤਿਰਾਮੀਨੋ ਨਿਰਪੇਖਛੋ ਨਿਰਾਮਿਸ਼ਃ।
ਆਤਮਨੈਵ ਸਹਾਯੇਨ ਸੁਖਾਰਥੀ ਵਿਚਰੇਦਿਹ ॥ ੩ ॥
ਕਲ੍ਪਤਕੇਸ਼ਨਖਸ਼ਮਸ਼ਰੂ: ਪਾਤ੍ਰੀ ਦੰਡੀ ਕੁਸੁੰਭਵਾਨ।
ਵਿਚਰੇਨਿਯਤੋ ਨਿਤਮੈ ਸਰਵਭੂਤਾਨਪੀਡਯਨ ॥ ੪ ॥
ਇੰਦ੍ਰਿਯਾਣਾਂ ਨਿਰੋਧੇਨ ਰਾਗਦ੍ਵੇਸ਼ਖਛਯੇਣ ਚ।
ਅਹਿੰਸਯਾ ਚ ਭੂਤਾਨਾਮ੍ਰਿਤਤ੍ਵਾਯ ਕਲ੍ਪਤੇ ॥ ੫ ॥
ਦੂਸ਼ਿਤੋਅਪਿ ਚਰੇਦਧਰਮੰ ਯਤ੍ਰ ਤਤ੍ਰਾਸ਼੍ਰਮੇ ਰਤ:।
ਸਮ: ਸਰਵੇਸੁ ਭੂਤੇਸੁ ਨ ਲਿੰਗੰ ਧਰਮਕਾਰਣਮ ॥ ੬॥
ਫਲੰ ਕਤਕਵ੍ਰਿਖਛਸਜ ਯਦਜਪਯੰਬੁਪ੍ਰਸਾਦਕਮ।
ਨ ਨਾਮਗ੍ਰਹਣਾਦੇਵ ਤਸਜ ਵਾਰਿ ਪ੍ਰਸੀਦਤਿ ॥ ੭ ॥
ਪ੍ਰਾਣਾਯਾਮਾ ਬ੍ਰਾਹਮਣਸਜ ਤ੍ਰਯੋਪਿ ਵਿਧਿਵਤ੍ਕ੍ਰਿਤਾ:।
ਵ੍ਯਾਹ੍ਰਿਤਿਪ੍ਰਣਵੈਰਯੁਕਤਾ ਵਿਜਵੇਯੰ ਪਰਮੰਤਪ: ॥ ੮ ॥
ਦਹਯੰਤੇ ਧਮਾਯਮਾਨਾਨਾਂ ਧਾਤੂਨਾਂ ਹਿ ਯਥਾ ਮਲਾ:।
ਤਥੇਂਦ੍ਰਿਯਾਣਾਂ ਦਹਯੰਤੇ ਦੋਸ਼ਾ: ਪ੍ਰਾਣਸਜ ਨਿਗ੍ਰਹਾਤ ॥ ੯ ॥
ਪ੍ਰਾਣਾਯਾਮੈਰਦਹੇਦਦੋਸ਼ਾਨ ਧਾਰਣਾਭਿਸ਼ਚ ਕਿਲ੍ਬਿਸ਼ਮ।
ਪ੍ਰਤਜਾਹਾਰੇਣ ਸੰਸਰਗਾਨ ਧਜਾਨੇਨਾਨੀਸ੍ਵਰਾਨ ਗੁਣਾਨ ॥ ੧੦ ॥
ਉੱਚਾਵਚੇਸੁ ਭੂਤੇਸੁ ਦੁਰਜ੍ਞਵੇਯਾਮ ਕ੍ਰਿਤਾਤ੍ਮਭਿ:।
ਧਜਾਨਯੋਗੇਨ ਸੰਪਸ਼ਜੇਦ ਗਤਿਮਸਜਾਤਰ ਏਮਨ:। ੧੧ ॥
ਅਹਿੰਸਯੇਂਦ੍ਰਿਯਾਸੰਗੈਰਵੈਦਿਕੈਸ਼ਚੈਵ ਕਰਮਭਿ:।
ਤਪਸਸ਼ਚਰਣੈਸ਼ਚੋਗ੍ਰੈ:ਸਸਾਧਯੰਤੀਹ ਤਤਪਦਮ ॥ ੧੨ ॥
ਯਦਾ ਭਾਵੇਨ ਭਵਤਿ ਸਰਵਭਾਵੇਸੁ ਨਿ:ਸਪ੍ਰਿਹ:।
ਤਦਾ ਸੁਖਮਵਾਪੋਨੋਤਿ ਪ੍ਰੇਤਜ ਚੇਹ ਚ ਸ਼ਾਸ਼੍ਵਤਮ ॥ ੧੩ ॥
ਚਤੁਰਭਿਰਪਿ ਚੈਵੈਤੈ:ਨਿਤਜਮਾਸ਼੍ਰਮਿਭਿਰਦ੍ਵਿਜੈ:।
ਦਸ਼ਲਖਛਣਕੋ ਧਰਮ: ਸੇਵਿਤਵਜ: ਪ੍ਰਯਤਨਤ: ॥ ੧੪ ॥
ਧ੍ਰਿਤਿ: ਖਛਮਾ ਦਮੋ ਅਸਤੇਯੰ ਸ਼ੌਚਮਿੰਦ੍ਰਿਯਨਿਗ੍ਰਹ:।
ਧੀਰਵਿਦ੍ਯਾ ਸਤਜਮਕ੍ਰੋਧੋ ਦਸ਼ਕੰ ਧਰਮਲਖਛਣਮ ॥ ੧੫ ॥
ਅਨੇਨ ਵਿਧਿਨਾ ਸਰਵਾਂਸਤਜਕਤ੍ਵਾਸੰਗਾਨ ਸ਼ਨੈ: ਸ਼ਨੈ:।
ਸਰਵਦ੍ਵੰਦ੍ਵਵਿਨਿਰ੍ਮੁਕਤੋ ਬ੍ਰਹਮਣਜੇਵਾਵਤਿਸ਼ਠਤੇ ॥ ੧੬ ॥
ਮਨੁਸਮ੍ਰਿਤੀ ਅਧਜਾਯ ੬। ਸ਼ਲੋਕ ੪੬। ੪੫। ੪੯। ੫੨। ੬੦। ੬੬।
੬੭। ੭੦। ੭੩। ੭੫। ੮੦। ੮੧। ੮੨। ੮੧ ॥
ਸਦ ਸੰਨਜਾਸੀ ਰਾਹ ਵਿਚ ਚਲੇ ਤ੍ਰਦ ਔਧਰ ਓਧਰ ਨ ਵੇਖੇ, ਹੇਠਾਂ

ज़मीन व ज़ नज़र रखके च ज़े, सदा कपड़े नाल छान के पानी पीवे, सदाही सॱच बो ज़े,सदा मन नाल विचारके सतदा ग्रहण करके असत नूँ छड देवे ॥ १ ॥ जद कि उपदेश या संवाद आदी विच कोई संनजासी उॱते क्रोध करे अथवा उसदी निंदिआ करे छां संनजासी नूँ उचित है कि उसदे उपर आप क्रोध न करे, रिंतू सदा उसके अलिआण लई उपदेश ही करे,अर इक मूँह दा,द नासां दे,दो अॱखां दे, अर दो कंनां दे छिद्रां विचों निकली होई थाली नाल किसे कारण करके झूठ कदे न बोले ॥ २ ॥ अपने आतमा अते परमातमा विच सथिर, किसे दी मुथाजी नूँ छड़के मंस शराब थीं वरजित होके आतमा ही दे सहारे नाल सुख दा लॱभन वाला होके एस संसार विच धरम अते विदजा दे वाधे विच उपदेश दे वासते सदा विचदा रहे ॥ ३ ॥ सिरदे वाल, नहुँ, दाड़ी, मूछ नूँ मुना देवे, इक चंगा जिहा थरथन अत डंडा लवे अर कसुंभे आदी नाल रंगे होए कपड़े पाके दिड़ प्रतिजा करके किसे जनाउर नूँ दुख ना दिंदा हो इआ सब जगा विचरे ॥ ४ ॥ इंद्रीआं नूँ अधरम दे आचरण थीं रोके, राग देश नूँ छडके सब प्राणीआं नाल निरवैर वरतके मुकती दे वासते सामरथ वधाइआ करे । ५॥ कोई संसार विच उस नूँ बुरा आखे छावे भला आखे, संनजासी सब आतमां वालिआं नाल वरतदा होइआ सब प्राणीआं दे विच पखछपात तों रहित होके आप धरमातमा अर दूजिआं नूँ धरमातमा करन दा जतन कीता करे, अर इह अपने मन विच निशचे करके जान लवे कि सोटे, कमंडलू, अर गेरु दे कपड़े आदी निशानीआं दा रखना धरम दा कारण नहीं है, सब मनुॱख आदी प्राणीआं नूँ सचा उपदेश करना अर विदजा दान करके उनां दी उॱनती करनी संनजासी दा मुॱख करम है ॥ ६॥ किउं कि जॱदपी निरमली दृखत दा फल पीहे रींधले पानी विच पान करके पानी नूँ सफा कर दिंदा है, तदपी बगैर उसदे पाइआं उसदे नाउं लैन या निरे नाम सुनन नाल ही पानी सुॱध नहीं हो सकदा ॥ ७ ॥ एस लई ब्राहमण अरथात परमेशुर दे जानन वाले संनजासी नूँ उचित है कि पहिलां 'ओम' अते उहदे नाल ही * सॱतां

* सत विआहितीआं इह हन:- भूः, भुवः, सुः, महः, जनः, तपः, सतजम, एह सब परमेशुर दे नाम हन(अनुवादकरता)

ਵਿਆਹਿਤੀਆਂ ਕਰਕੇ ਵਿਧੀ ਪੂਰਵਕ ਪ੍ਰਾਣਾਯਾਮ ਜਿੱਨੀ ਸ਼ਕਤੀ ਹੋਵੇ ਓੱਨੇ ਹੀ ਕਰੇ, ਪਰੰਤੂ ਤਿੰਨਾਂ ਤੋਂ ਘੱਟ ਪ੍ਰਾਣਾਯਾਮ ਕਦੇ ਨ ਕਰੇ, ਏਹੋ ਸੰਨਯਾਸੀਦਾ ਪਰਮਤਪ ਹੈ ॥੮॥ ਕਿਉਂਕਿ ਜੀਵਨ ਅੱਗ ਵਿੱਚ ਤਪਾਨ ਅਤੇ ਗਲਾਨ ਨਾਲ ਧਾਤਾਂ ਦੀ ਮੈਲ ਛੁੱਟ ਜਾਂਦੀ ਹੈ, ਉਵੇਂ ਪ੍ਰਾਣਾਂ ਦੇ ਰੋਕਨ ਨਾਲ ਮਨ ਆਦੀ ਇੰਦ੍ਰੀਆਂ ਦੇ ਦੋਸ਼ ਭਸਮ ਹੋ ਜਾਂਦੇ ਹੰਨ॥੯॥ਏਸ ਲਈ ਸੰਨਯਾਸੀ ਲੋਗ ਸਦਾ ਪ੍ਰਾਣਾਯਾਮ ਕਰਕੇ ਆਤਮਾ, ਅੰਤਹਕਰਣ ਅਰ ਇੰਦ੍ਰੀਆਂਦੇ ਦੋਸ਼ਾਂ ਨੂੰ ਧਾਰਣਾ ਕਰਕੇ ਪਾਪ, ਪ੍ਰਤਜਾਹਾਰ ਕਰਕੇ ਸੰਗ ਦੇ ਦੋਸ਼ਾਂ ਨੂੰ ਅਰ ਧਿਆਨ ਕਰਕੇ ਈਸ਼੍ਵਰ ਦੇ ਸੁਭਾਉ ਤੋਂ ਵਿਰੁੱਧ ਗੁਣ ਅਰਥਾਤ ਹਰਸ਼, ਸ਼ੋਕ ਅਤੇ ਅਵਿਦਿਆ ਆਦੀ ਜੀਵ ਦੇ ਦੋਸ਼ਾਂ ਨੂੰ ਭਸਮ ਕੱਰ ਦੇਨ ॥ ੧੦ ॥ ਇਸੇ ਧਯਾਨਯੋਗ ਦੁਆਰਾ ਜਿਸ ਨੇ ਯੋਗ ਦੇ ਨ ਜਾਨਨ ਵਾਲ਼ੇ ਕਠਿਨਤਾ ਨਾਲ਼ ਜੀਨ ਸਕਦੇ ਹਨ, ਸਭ ਛੋਟੇ ਵੱਡੇ ਪਦਾਰਥਾਂ ਵਿਚ ਪਰਮੇਸ਼੍ਵਰ ਨੂੰ ਵਯਾਪਕ ਹੋਇਆਸਮਝੇ, ਅਤੇ ਅਪਨੇ ਆਤਮਾ ਅਰ ਅੰਤਰਯਾਮੀ ਪਰਮੇਸ਼੍ਵਰ ਦੀ ਮਹਿਮਾ ਨੂੰ ਵੇਖੇ॥੧੧॥ ਸਭ ਪ੍ਰਾਣੀਆਂ ਨਾਲ ਨਿਰਵੈਰ ਰਹਿਨਾ, ਇੰਦ੍ਰੀਆਂ ਦੇ ਵਿਸ਼ਯਾਂ ਦਾ ਤਿਆਗ ਕਰਨਾ, ਵੇਦ ਅਨੁਕੂਲ ਕੰਮ ਕੱਰਨੇ, ਅਤ ਕਠਿਨ ਤਪਸਿਆ ਕਰਕੇ ਏਸ ਸੰਸਾਰ ਵਿਚ ਮੁਕਤੀ ਨੂੰ ਪੂਰਵੈਕਤ ਸਨਯਾਸੀ ਹੀ ਸਿੱਧ ਕਰ ਅਤੇ ਕਰਾ ਸਕਦੇ ਹਨ ਹੋਰ ਨਹੀ ॥ ੧੨ ॥ ਜੱਦ ਸੰਨਯਾਸੀ ਸਭ ਪਦਾਰਥਾਂ ਵਿਚ ਅਪਨੇ ਸ੍ਵਾਰਥ ਅਤੇ ਕਾਮਨਾ ਤੋਂ ਰਹਿਤ ਹੋਕੇ ਸਭਨਾਂ ਬਾਹਰ ਭੀਤਰ ਦੇ ਵਿਹਾਰਾਂ ਵਿੱਚ ਭਾਉ ਕਰਕੇ ਪਵਿਤ੍ਰ ਹੁੰਦਾ ਹੈ, ਤਦੇ ਹੀ ਏਸ ਦੇਹ ਵਿੱਚ ਅਥ ਮਰਕੇ ਮੁਕੰਤੀ ਨੂੰ ਪ੍ਰਾਪਤ ਹੁੰਦਾ ਹੈ ॥ ੧੩ ॥ ਏਸ ਲਈ ਬ੍ਰਹਮਚਾਰੀ, ਗ੍ਰਿਹਸਥੀ, ਵਾਨਪ੍ਰਸਥੀ, ਅਰ ਸੰਨਯਾਸੀਆਂ ਨੂੰ ਯੋਗ ਹੈ ਕਿ ਯਤਨ ਕਰਕੇ ਦਸਾਂ ਲਖਛਣਾਂ ਵਾਲੇ ਹੇਠਾਂ ਲਿਖੇ ਹੋਏ ਧਰਮ ਦਾ ਸੇਵਨ ਕਰਨ ॥ ੧੪ ॥

ਪਹਿਲਾ ਲਖਛਣ (ਧ੍ਰਿਤੀ) ਸਦਾ ਧੀਰਯ ਰਖਨਾ, ਦੂਜਾ (ਖਛਮਾ) ਨਿੰਦਿਆ, ਉਸਤਤੀ, ਮਾਨ ਅਪਮਾਨ, ਹਾਨੀ ਲਾਭ ਆਦੀ ਦੁਖਾਂ ਵਿਚ ਭੀ ਸਹਨਸ਼ੀਲ ਰਹਨਾ, ਤੀਜਾ (ਦਮ) ਮਨ ਨੂੰ ਸਦਾ ਧਰਮ ਵਿਚ ਲਗਾਕੇ ਅਧਰਮ ਥੀਂ ਰੋਕ ਦੇਨਾ ਅਰਥਾਤ ਅਧਰਮ ਕਰਨ ਦੀ ਇਛਿਆ ਭੀ ਨ ਉੱਠਨ ਦੇਨੀ, ਚੌਥਾ (ਅਸਤੇਯ) ਚੋਰੀ ਤਯਾਗ ਦੇਨੀ ਅਰਥਾਤ ਬਗੈਰ ਆਗਿਆ ਯਾ ਛਲ, ਕਪਟ, ਵਿਸ਼੍ਵਾਸਘਾਤ, ਯਾ ਕਿਸੇ ਵਿਹਾਰ ਤਥਾ ਵੇਦ ਦੇ ਵਿਰੁੱਧ ਉਪਦੇਸ਼ ਕਰਕੇ ਪਰਾਇਆ ਮਾਲ਼ ਲੈ ਲੈਣਾ ਚੋਰੀ, ਅਤੇ ਏਸ ਨੂੰ ਛਡ ਦੇਨਾ ਸ਼ਾਹੂਕਾਰੀ ਕਹਾਉਂਦੀ ਹੈ, ਪੰਜਵਾਂ (ਸ਼ੌਚ) ਰਾਗ ਦ੍ਵੇਸ਼, ਪਖਛਪਾਤ ਛੱਡਕੇ ਅੰਦਰ ਦੀ, ਅਤੇ ਪਾਨੀ ਮਿੱਟੀ ਆਦੀ ਦੇ ਮਲਨ ਨਾਲ ਬਾਹਰ ਦੀ ਪਵਿਤ੍ਰਤਾ ਰਖਨੀ, ਛੇਵਾਂ (ਇੰਦ੍ਰੀਨਿਗ੍ਰਹ) ਇੰਦ੍ਰੀਆਂ ਨੂੰ ਅਧਰਮ ਦੇ ਕੰਮਾਂ ਤੋਂ ਰੋਕ ਕੇ ਧਰਮ ਵਿਚ ਹੀ ਸਦਾ ਚਲਨਾ, ਸਤਵਾਂ (ਧੀ) ਨਸ਼ੇ ਵਾਲੀਆਂ

ਚੀਜ਼ਾਂ ਯਾ ਬੁੱਧੀ ਨੂੰ ਨਸ਼ਟ ਕਰਨ ਵਾਲੇ ਹੋਰ ਪਦਾਰਥ, ਬੁਰੇ ਮਨੁੱਸ਼ਾਂ ਦਾ ਸੰਗ, ਆਲਸ ਅਤੇ ਪ੍ਰਮਾਦ ਨੂੰ ਛਡਕੇ ਚੰਗੀਆਂ ਚੀਜ਼ਾਂ ਦਾ ਸੇਵਨ, ਭਲੇ ਪੁਰੁਸ਼ਾਂ ਦੀ ਸੰਗਤ,ਯੋਗਾਭ੍ਯਾਸ ਕਰਕੇ ਬੁਧੀ ਨੂੰ ਵਧਾਨਾ, ਅੱਠਵਾਂ (ਵਿਦਿਆ) ਪ੍ਰਿਥਿਵੀ ਤੋਂ ਲੈਕੇ ਪਰਮੇਸ਼ੁਰ ਤਕ ਪਦਾਰਥਾਂ ਦਾ ਯਥਾਰਥ ਗ੍ਯਾਨ ਅਰ ਉਨ੍ਹਾਂ ਥੀਂ ਯਥਾਯੋਗ ਉਪਕਾਰ ਲੈਨਾ, ਸਤ ਜੈਹਾ ਆਤਮਾ ਵਿਚ ਤੈਹਾ ਮਨ ਵਿਚ, ਜੈਹਾ ਮਨ ਵਿਚ ਤੈਹਾ ਵਾਣੀ ਵਿਚ, ਜੈਹਾ ਵਾਣੀ ਵਿਚ ਤੈਹਾ ਕਰਮ ਵਿਚ ਵਰਤਨਾ ਵਿਦਿਆ ਅਰ ਏਸਦੇ ਉਲਟ ਵਰਤਨਾ ਅਵਿਦ੍ਯਾ ਹੈ, ਨੌਵਾਂ (ਸਤ) ਜੈਹੜਾ ਪਦਾਰਥ ਜੈਹੋ ਜੈਹਾ ਹੋਵੇ ਉਸਨੂੰ ਓਹੋ ਜੈਹਾ ਸਮਝਨਾ, ਉਹੋ ਜੈਹਾ ਹੀ ਕਹਨਾ ਅਰ ਉਹੋ ਜੈਹਾ ਹੀ ਕਰਨਾ, ਦਸਵਾਂ (ਅਕ੍ਰੋਧ) ਕ੍ਰੋਧ ਆਦੀ ਦੋਸ਼ਾਂ ਨੂੰ ਛਡਕੇ ਸ਼ਾਂਤੀ ਆਦੀ ਗੁਣਾਂ ਦਾ ਗ੍ਰਹਣ ਕਰਨਾ ਧਰਮ ਦਾ ਲਖਛਣ ਹੈ, ਇਨਾਂ ਦਸਾਂ ਲਖਛਣਾਂ ਵਾਲੇ ਪਖਛਪਾਤ ਤੋਂ ਰਹਿਤ ਨਿਆਯ ਆਚਰਣ ਵਾਲੇ ਧਰਮ ਦਾ ਸੇਵਨ ਚੌਹਾਂ ਆਸ਼੍ਰਮਾਂ ਵਾਲੇ ਕਰਨ ਅਰ ਇਸੇ ਵੇਦਾਂ ਦੇ ਅਨੁਸਾਰ ਧਰਮ ਵਿਚ ਆਪ ਚਲ਼ਨਾ ਦੂਸਿਆਂ ਨੂੰ ਸਮਝਕੇ ਚਲ਼ਾਉਂਨਾ ਸੰਨ੍ਯਾਸੀਆਂ ਦਾ ਵਿਸ਼ੇਸ਼ ਧਰਮ ਹੈ ॥ ੧੫ ॥ ਏਸ ਤਰਾਂ ਹੌਲੀ ਹੌਲੀ ਸਤਸੰਗ ਦੇ ਦੋਸ਼ਾਂ ਨੂੰ ਛਡਕੇ ਹਰਸ਼ ਸ਼ੋਕ ਆਦੀ ਸਭ ਦ੍ਵੰਦਾਂ ਤੋਂ ਰਹਿਤ ਹੋਕੇ ਸੰਨ੍ਯਾਸੀ ਪਰਮੇਸ਼ੁਰ ਵਿਚ ਸਥਿਰ ਹੁੰਦਾ ਹੈ, ਸੰਨ੍ਯਾਸੀਆਂ ਦਾ ਮੁਖ ਕੰਮ ਏਹੋ ਹੀ ਹੈ ਕਿ ਸਾਰੇ ਗ੍ਰਿਹਸਥ ਆਦੀ ਆਸ਼੍ਰਮਾਂ ਨੂੰ ਸਚ ਪ੍ਰਕਾਰ ਦੇ ਵਿਚਾਰਾਂ ਦਾ ਸਚਾ ਨਿਸ਼ਚਾ ਕਰਾਕੇ ਅਧਰਮ ਦੇ ਵਿਚਾਰਾਂ ਤੋਂ ਛੁਡਾਕੇ ਸਾਰੇ ਸੰਸ਼ਿਆਂ ਦੀ ਨਿਵ੍ਰਿਤੀ ਕਰਕੇ ਸੱਚੇ ਧਰਮ ਦੇ ਵਿਚਾਰਾਂ ਵਿਚ ਪ੍ਰਵ੍ਰਿਤ ਕਰਾਇਆ ਕਰਨ ॥

(ਪ੍ਰਸ਼ਨ) ਸੰਨ੍ਯਾਸ ਲੈਨਾ ਬ੍ਰਾਹਮਣ ਦਾ ਹੀ ਧਰਮ ਹੈ ਵਾ ਖਛਤ੍ਰੀ ਆਦੀ ਦਾ ਭੀ ? (ਉੱਤਰ) ਬ੍ਰਾਹਮਣ ਦਾ ਹੀ ਅਧਿਕਾਰ ਹੈ,ਕਿਉਂਕਿ ਜੈਹੜਾ ਸਭ ਵਰਣਾਂ ਵਿਚ ਪੂਰਣ ਵਿਦ੍ਵਾਨ ਧਰਮ ਤੇ ਚਲ਼ਨ ਵਾਲਾ ਪਰਉਪਕਾਰ ਦਾ ਪਿਆਰਾ ਮਨੁੱਸ਼ ਹੈ ਉਸੇ ਦਾ ਬ੍ਰਾਹਮਣ ਨਾਉਂ ਹੈ, ਬਗੈਰ ਪੂਰੀ ਵਿਦਿਆ ਦੇ ਧਰਮ ਅਤੇ ਪਰਮੇਸ਼ੁਰ ਦਾ ਪੂਰਾ ਨਿਸ਼ਚਾ, ਅਤੇ ਬਗੈਰ ਵੈਰਾਗ ਤੋਂ ਸੰਨ੍ਯਾਸ ਲੈਨ ਵਿਚ ਸੰਸਾਰ ਦਾ ਵਿਸ਼ੇਸ਼ ਉਪਕਾਰ ਨਹੀਂ ਹੋ ਸਕਦਾ, ਇਸੇ ਕਰਕੇ ਅਖਾਉਤ ਹੈ ਕਿ ਬ੍ਰਾਹਮਣ ਨੂੰ ਸੰਨ੍ਯਾਸ ਦਾ ਅਧਿਕਾਰ ਹੈ ਹੋਰ ਨੂੰ ਨਹੀਂ, ਇਸੇ ਵਿਸ਼ੇ ਵਿਚ ਮਨੁਸਮ੍ਰਿਤੀ ਦਾ ਪ੍ਰਮਾਣ ਭੀ ਹੈ :—

ਏਵ ਵੋ ਵੋਅਭਿਹਿਤੋਧਰਮੋਬ੍ਰਾਹਮਣਸ੍ਯਚਤੁਰਵਿਧਃ।
ਪੁਣ੍ਯੋਅਖਛਯਫਲਃਪੇਤ੍ਯ ਰਾਜਧਰਮਾਨਿਬੋਧਤ॥

ਮਨੁਸਮ੍ਰਿਤੀ ਅਧ੍ਯਾਯ ੬ । ਸ਼ਲੋਕ ੯੭ ॥

ਮਨੂ ਜੀ ਮਹਾਰਾਜ ਕਹਿੰਦੇ ਹਨ, ਕਿ ਹੇ ਰਿਸ਼ੀਓ ਇਹ ਚਾਰੋਂ ਅਰਥਾਤ ਬ੍ਰਹਮਚਰਯ, ਗ੍ਰਿਹਸਥ, ਬਾਨਪ੍ਰਸਥ, ਅਤੇ ਸੰਨਯਾਸ ਆਸ਼੍ਰਮ ਬ੍ਰਾਹਮਣ ਦਾ ਧਰਮ ਹਨ, ਔਥੇ ਵਰਤਮਾਨ ਸਮੇ ਪੁੰਨ ਅਤੇ ਸ਼ਰੀਰ ਛੱਡਨ ਤੋਂ ਪਿਛੋਂ ਮੁਕਤੀ ਰੂਪੀ ਪਰਮ ਆਨੰਦ ਨੂੰ ਦੇਨ ਵਾਲਾ ਸੰਨਯਾਸ ਧਰਮ ਹੈ, ਏਸਤੋਂ ਅੱਗੇ ਰਾਜਿਆਂ ਦਾ ਧਰਮ ਮੇਰੇ ਕੋਲੋਂ ਸੁਨੋ। ਏਸ ਤੋਂ ਇਹ ਸਿੱਧ ਹੋਇਆ ਕਿ ਸੰਨਯਾਸ ਲੈਨ ਦਾ ਅਧਿਕਾਰ ਮੁੱਖ ਕਰਕੇ ਬ੍ਰਾਹਮਣ ਦਾ ਹੈ, ਅਰ ਖਛਤ੍ਰੀ ਆਦੀ ਦਾ ਬ੍ਰਹਮਚਰਯ ਆਸ਼੍ਰਮ ਹੈ ॥

(ਪ੍ਰਸ਼ਨ) ਸੰਨਯਾਸ ਲੈਨ ਦੀ ਜ਼ਰੂਰਤ ਕੀ ਹੈ ?

(ਉੱਤਰ) ਜਿਸ ਤਰਾਂ ਸ਼ਰੀਰ ਵਿਚ ਸਿਰ ਦੀ ਜ਼ਰੂਰਤ ਹੈ ਉਸੇ ਤਰਾਂ ਹੀ ਆਸ਼੍ਰਮਾਂ ਵਿਚ ਸੰਨਯਾਸ ਆਸ਼੍ਰਮ ਦੀ ਜ਼ਰੂਰਤ ਹੈ ਕਿਉਂ ਕਿ ਏਸਦੇ ਬਗੈਰ ਵਿਦਿਆ ਧਰਮ ਕਦੇ ਨਹੀਂ ਵਧ ਸਕਦਾ, ਅਰ ਦੂਜੇ ਆਸ਼੍ਰਮਾਂ ਨੂੰ ਵਿਦਿਆ ਗ੍ਰਹਣ, ਗ੍ਰਿਹਸਥ ਦੇ ਕੰਮਾਂ ਅਰ ਤਪੱਸਿਆ ਆਦੀ ਵਿੱਚ ਲਗੇ ਰਹਨ ਕਰਕੇ ਸਮਾ ਬਹੁਤ ਘੱਟ ਮਿਲਦਾ ਹੈ, ਪਖਛਪਾਤ ਨੂੰ ਛੱਡਕੇ ਵਰਤਨਾ ਦੂਜੇ ਆਸ਼੍ਰਮਾਂ ਨੂੰ ਕਠਿਨ ਹੈ, ਜੀਕਨ ਸੰਨਯਾਸੀ ਚੌਹਾਂ ਪਾਸਿਓਂ ਵੇਹਲਾ ਹੋਕੇ ਜਗਤ ਦਾ ਉਪਕਾਰ ਕਰਦਾ ਹੈ, ਉੱਸੇ ਤਰਾਂ ਦੂਜੇ ਆਸ਼੍ਰਮਾਂ ਵਾਲੇ ਨਹੀਂ ਕਰ ਸਕਦੇ ਕਿਉਂਕਿ ਸੰਨਯਾਸੀ ਨੂੰ ਸਤਵਿਦਿਆ ਕਪਕੇ ਪਦਾਰਥਾਂ ਦੇ ਵਿਗਿਆਨ ਦੇ ਵਾਧਾ ਕਰਨ ਦਾ ਜਿੰਨਾ ਵੇਲਾ ਮਿਲਦਾ ਹੈ ਉੱਨਾਂ ਹੋਰ ਆਸ਼੍ਰਮਾਂ ਵਾਲੇ ਨੂੰ ਨਹੀ ਮਿਲਦਾ, ਪਰ ਜੇਹੜਾ ਬ੍ਰਹਮਚਰਯ ਤੋਂ ਸੰਨਯਾਸੀ ਹੋਕੇ ਜਗਤ ਨੂੰ ਸੱਚੀ ਸ਼ਿਖਛਾ ਦੇਨ ਕਰਕੇ ਜਿੰਨੀ ਉੱਨਤੀ ਕਰ ਸਕਦਾ ਹੈ ਉੱਨੀ ਨੂੰ ਗ੍ਰਿਹਸਥ ਵਾ ਬਾਨਪ੍ਰਸਥ ਆਸ਼੍ਰਮ ਕਰਕੇ ਸੰਨਯਾਸ ਲੈਨ ਵਾਲਾ ਨਹੀਂ ਕਰ ਸਕਦਾ ॥

(ਪ੍ਰਸ਼ਨ) ਸੰਨਯਾਸ ਲੈਨਾ ਈਸ਼੍ਵਰਦੇ ਅਭਿਪ੍ਰਾਯ ਤੋਂ ਵਿਰੁੱਧ ਹੈ ਕਿਉਂਕਿ ਈਸ਼੍ਵਰ ਦਾ ਅਭਿਪ੍ਰਾਯ ਮਨੁੱਸ਼ਾਂ ਦੇ ਵਾਧਾ ਕਰਨ ਵਿਚ ਹੈ, ਜਦ ਕੋਈ ਗ੍ਰਿਹਸਥ ਆਸ਼੍ਰਮ ਨਹੀਂ ਕਰੇਗਾ ਤ ਫੇਰ ਸੰਤਾਨ ਹੀ ਨ ਹੋਵੇਗੀ, ਜਦ ਸੰਨਯਾਸ ਆਸ਼੍ਰਮ ਹੀ ਮੁੱਖ ਹੈ, ਅਰ ਸਾਰੇ ਮਨੁੱਸ਼ ਕਰਨ ਲਗਨ ਤਾਂ ਮਨੁੱਸ਼ਾਂ ਦਾ ਵੰਸ਼ ਹੀ ਨ ਰਹੇਗਾ (ਉੱਤਰ) ਅੱਛਾ ਵਿਆਹ ਕਰਕੇ ਭੀ ਬਹੁਤਿਆਂ ਦੇ ਸੰਤਾਨ ਨਹੀਂ ਹੁੰਦੀ ਅਥਵਾ ਹੋਕੇ ਛੇਤੀ ਹੀ ਨਸ਼ਟ ਹੋ ਜਾਂਦੀ ਹੈ, ਫੇਰ ਓਹ ਭੀ ਈਸ਼੍ਵਰ ਦੇ ਅਭਿਪ੍ਰਾਯ ਤੋਂ ਵਿਰੁੱਧ ਕਰਨ ਵਾਲਾ ਹੋਇਆ ਕਿ ਨਹੀਂ; ਜੇ ਤੁਸੀਂ ਇਹ ਕਹੋ ਕਿ "ਯਤ੍ਨੇ ਕ੍ਰਿਤੇ ਯਦਿ ਨ ਸਿਧ੍ਯਤਿ ਕੋਅਤ੍ਰ ਦੋਸ਼ਃ" ਇਹ ਕਿਸੇ ਕਵੀ ਦਾ ਵਚਨ ਹੈ (ਅਰਥ) ਜੇ ਯਤਨ ਕਰਨ ਨਾਲ ਭੀ ਕਾਰਯ ਸਿੱਧ ਨ ਹੋਵੇ ਤਾਂ ਏਸ ਵਿਚ ਕੀ ਦੋਸ਼ ? ਅਰਥਾਂਤ ਕੋਈ ਭੀ ਨਹੀਂ, ਅੱਛਾ ਅਸੀਂ ਤੁਹਾਡੇ ਕੋਲੋਂ ਪੁਛਦੇ ਹਾਂ ਕਿ ਜੇ ਗ੍ਰਿਹਸਥ ਆਸ਼੍ਰਮ ਕਰਨ ਨਾਲ ਬਹੁਤ ਸੰਤਾਨ ਹੋਕੇ ਅਪਸ ਵਿਚ ਵਿਰੁੱਧ ਕੰਮ ਕਰਕੇ ਲੜ ਮਰਨ ਤਾਂ ਹਾਨੀ ਕਿੰਨੀ ਬੜੀ ਹੁੰਦੀ

ਹੈ। ਉਲਟੀਆਂ ਸਮਝਾਂ ਹੋਨ ਕਰਕੇ ਲੜਾਈ ਬਹੁਤ ਹੁੰਦੀ ਹੈ, ਜਦ ਸੰਨਜਾਸੀ ਇਕ ਵੇਦਾਂ ਵਿੱਚ ਕਹੇ ਹੋਏ ਧਰਮ ਦੇ ਉਪਦੇਸ਼ ਨਾਲ ਇਕ ਦੂਜੇ ਨਾਲ ਪ੍ਰੀਤੀ ਉਤਪੰਨ ਕਰਾਵੇਗਾ ਤਾਂ ਲੱਖਾਂ ਮਨੁਸ਼ਾਂ ਨੂੰ ਬਚਾ ਦੇਵੇਗਾ, ਹਜ਼ਾਰਾਂਗ੍ਰਿਹਸਥੀਆਂ ਵਾਂਙਣ ਮਨੁੱਸ਼ ਦਾ ਵਾਧਾ ਕਰੇਗਾ, ਹੋਰ ਇਹ ਗੱਲ ਹੈ ਕਿ ਸਾਰੇ ਮਨੁੱਸ਼ ਤਾਂ ਸੰਨਜਾਸ ਲੈਹੀ ਨਹੀਂ ਸਕਦੇ, ਕਿਉਂ ਜੋ ਸਭਨਾਂ ਦੀ ਵਿਸ਼ਯਾਸਕਤੀ ਕਦੀ ਨਹੀਂ ਛੁਟ ਸਕੇਗੀ, ਜੇਹੜੇ ਸੰਨਜਾਸੀਆਂ ਦੇ ਉਪਦੇਸ਼ਾਂ ਥੋਂ ਧਰਮ ਤੇ ਚਲਨ ਵਾਲੇ ਮਨੁੱਸ਼ ਹੋਨਗੇ ਓਹ ਸਭ ਜਾਨੋ ਸਨਜਾਸੀ ਦੇ ਸੰਤਾਨ ਵਰਗੇ ਹਨ ॥

(ਪ੍ਰਸ਼ਨ) ਸੰਨਜਾਸੀ ਲੋਗ ਕਹਿੰਦੇ ਹਨ ਕਿ ਸਾਨੂੰ ਕੁਝ ਨਹੀਂ ਕਰਨਾ ਚਾਹੀਏ, ਅੰਨ ਵਸਤ੍ਰ ਲੈਕੇ ਮਜ਼ੇ ਵਿੱਚ ਰਹਨਾ ਅਵਿਦਿਆ ਰੂਪੀ ਸੰਸਾਰ ਨਾਲ ਸਿਰ ਕਿਉਂ ਦੁਖਾਨਾ ? ਅਪਨੇ ਨੂੰ ਬ੍ਰਹਮ ਮੰਨਕੇ ਸੰਤੁਸ਼ਟ ਰਹਨਾ, ਕੋਈ ਆਨਕੇ ਪੁੱਛੇ ਤਾਂ ਉਸਨੂੰ ਭੀ ਓਹੋ ਜੇਹਾ ਉਪਦੇਸ਼ ਕਰਨਾ ਕਿ ਤੂੰ ਭੀ ਬ੍ਰਹਮ ਹੈ, ਤੈਨੂੰ ਪਾਪ ਪੁੰਨ ਨਹੀਂ ਲਗਦਾ, ਕਿਉਂਕਿ ਸਰਦੀ ਗਰਮੀ ਸ਼ਰੀਰ ਦਾ, ਭੁਖ ਪਿਆਸ ਪ੍ਰਾਣਾਂ ਦਾ, ਅਰ ਸੁਖ ਦੁਖ, ਮਨ ਦਾ ਧਰਮ ਹੈ, ਜਗਤ ਮਿਥਜਾਹੈ, ਅਰ ਜਗਤ ਦੇ ਵਿਹਾਰ ਭੀ ਸਭ ਕਲਪਿਤ ਅਰਥਾਤ ਝੂਠੇ ਹਨ, ਏਸ ਲਈ ਇਸ ਵਿੱਚ ਫਸਨਾ ਬੁੱਧੀਮਾਨਾਂ ਦਾ ਕੰਮ ਨਹੀਂ, ਜੋ ਕੁਝ ਪਾਪ ਪੁੰਨ ਹੁੰਦਾ ਹੈ, ਓਹ ਦੇਹ ਅਤੇ ਇੰਦ੍ਰੀਆਂ ਦਾ ਧਰਮ ਹੈ, ਆਤਮਾ ਦਾ ਨਹੀਂ, ਏਹੋ ਜੇਹੇ ਉਪਦੇਸ਼ ਕਰਦੇ ਹਨ, ਅਰ ਤੁਸਾਂ ਨੇ ਕੁਝ ਵਿਲਖਛਣ ਸੰਨਜਾਸ ਦਾ ਧਰਮ ਕਹਿਆ ਹੈ, ਹੁਨ ਅਸੀਂ ਕਿਸ ਦੀ ਬਾਤ ਸੱਚੀ ਅਤੇ ਕਿਸਦੀ ਝੂਠੀ ਮੰਨੀਏ ?

(ਉੱਤਰ) ਕੀ ਉਨਾਂ ਨੂੰ ਅੱਛੇ ਕੰਮ ਭੀ ਕਰਨੇ ਨਹੀਂ ਚਾਹੀਦੇ? ਵੇਖੋ "ਬੈਦਿਕੈਸ਼ਚੈਵ ਕਰਮਭਿ:" ਮਨੂ ਜੀ ਨੇ ਵੈਦਿਕ ਕਰਮ ਜੇਹੜੇ ਧਰਮ ਦੇ ਸੱਚੇ ਹਨ, ਸੰਨਜਾਸੀਆਂ ਨੂੰ ਭੀ ਜ਼ਰੂਰ ਕਰਨੇ ਲਿਖੇ ਹਨ, ਖਾਨਾ, ਪਹਰਨਾ ਆਦੀ ਕੰਮ ਕੀ ਓਹ ਛੱਡ ਸੱਕਨਗੇ ? ਜੇ ਇਹ ਕੰਮ ਨਹੀਂ ਛੁੱਟ ਸਕਦੇ ਤਾਂ ਉੱਤਮ ਕਰਮ ਛੱਡਨ ਕਰਕੇ ਓਹ ਪਤਿਤ ਅਤਿਪਾਪੀ ਨਹੀਂ ਹੋਨਗੇ ? ਜਦ ਗ੍ਰਿਹਸਥੀਆਂ ਤੋਂ ਅੰਨ ਵਸਤ੍ਰ ਆਦੀ ਲੈਂਦੇ ਹਨ ਅਰ ਉਨਾਂ ਦਾ ਉਸਦੇ ਬੱਦਲ ਉਪਕਾਰ ਨਹੀਂ ਕਰਦੇ ਤਾਂ ਕੀ ਓਹ ਮਹਾਪਾਪੀ ਨਹੀਂ ਹੋਨਗੇ ? ਜੀਕਨ ਅੱਖਾਂ ਤੋਂ ਵੇਖਿਆ ਅਤੇ ਕੰਨਾਂ ਤੋਂ ਸੁਨਿਆ ਨ ਜਾਵੇ ਤਾਂ ਅੱਖਾਂ ਅਤੇ ਕੰਨਾਂ ਦਾ ਹੋਨਾ ਵਿਅਰਥ ਹੈ, ਉਸੇ ਤਰਾਂ ਜੇਹੜੇ ਸੰਨਜਾਸੀ ਸੱਚਾ ਉਪਦੇਸ਼ ਅਤੇ ਵੇਦ ਆਦੀ ਸੱਚੇ ਸ਼ਾਸਤ੍ਰਾਂ ਦਾ ਵਿਚਾਰ ਅਤੇ ਪ੍ਰਚਾਰ ਨਹੀਂ ਕਰਦੇ, ਤਾਂ ਓਹ ਜਗਤ ਵਿਚ ਵਿਅਰਥ ਭਾਰ ਹਨ, ਅਰ ਜੇਹੜੇ ਇਹ ਲਿਖਦੇ ਅਤੇ ਕਹਿੰਦੇ ਹਨ ਕਿ ਅਵਿਦਜਾ ਰੂਪੀ ਸੰਸਾਰ ਨਾਲ ਮੱਥਾ ਪੱਚੀ ਕਿਉਂ ਕਰਨੀ, ਅਜੇਹਾ ਉਪਦੇਸ਼ ਕਰਨ ਵਾਲੇ ਹੀ ਆਪ ਝੂਠੇ ਅਤੇ ਪਾਪ ਦੇ ਵਧਾਨ ਵਾਲੇ ਪਾਪੀ ਹਨ, ਜੋ ਕੁਝ ਸ਼ਰੀਰ ਆਦੀ ਤੋਂ ਕੰਮ ਕੀਤਾ ਜਾਂਦਾ ਹੈ ਓਹ ਸਬ ਆਤਮਾ ਦਾ ਹੀ ਹੈ ਅਤੇ

ਉਸਦੇ ਫਲ ਦਾ ਭੋਗਨ ਵਾਲਾ ਭੀ ਆਤਮਾ ਹੈ, ਜੇਹੜੇ ਜੀਵ ਨੂੰ ਬ੍ਰਹਮ ਦੱਸਦੇ ਹਨ ਉਹ ਅਵਿਦਯਾ ਦੀ ਨੀਂਦਰ ਵਿੱਚ ਸੌਂਦੇ ਹਨ,ਕਿਉਂਕਿ ਜੀਵ ਤਾਂ ਅਲਪ ਅਤ ਅਲਪੱਗ ਹੈ, ਅਰ ਬ੍ਰਹਮ ਸਰਵਵਯਾਪਕ, ਸਰਵਗਯ, ਨਿੱਤ,ਸ਼ੁੱਧ, ਬੁੱਧ, ਮੁਕਤ ਸੁਭਾਵ ਵਾਲਾ ਹੈ ਅਰ ਜੀਵ ਕਦੀ ਬੰਧਨ ਵਿਚ ਅਤੇ ਕਦੀ ਮੁਕਤ ਰਹਿੰਦਾ ਹੈ, ਬ੍ਰਹਮ ਨੂੰ ਸਰਵਵਿਆਪਕ, ਸਰਵੱਗਯ ਹੋਨ ਕਰਕੇ ਭ੍ਰਮ ਵਾ ਅਵਿਦਯਾ ਕਦੀ ਨਹੀਂ ਹੋ ਸਕਦੀ, ਅਰ ਜੀਵ ਨੂੰ ਕਦੀ ਅਵਿਦਯਾ ਅਤੇ ਕਦੇ ਵਿਦਯਾ ਹੁੰਦੀਹੈ,ਬ੍ਰਹਮ ਜਨਮ,ਮਰਨਦੇ ਦੁੱਖ ਨੂੰ ਕਦੀ ਪ੍ਰਾਪਤ ਨਹੀਂ ਹੁੰਦਾ ਅਰ ਜੀਵ ਪ੍ਰਾਪਤ ਹੁੰਦਾ ਹੈ, ਏਸ ਲਈ ਉਨ੍ਹਾਂ ਦਾ ਇਹ ਉਪਦੇਸ਼ ਮਿਥਯਾ ਹੈ॥

(ਪ੍ਰਸ਼ਨ) ਸੰਨਯਾਸੀ ਸਭਨਾਂ ਕੰਮਾਂ ਤੋਂ ਛੁੱਟ ਜਾਂਦਾ ਹੈ, ਅਰ ਅੱਗ ਜਲ ਧਾਤ ਦਾ ਸਪਰਸ਼ ਨਹੀਂ ਕਰਦਾ ਇਹ ਬਾਤ ਸੱਚੀ ਹੈ ਵਾ ਨਹੀਂ।

(ਉੱਤਰ) ਨਹੀ "ਸਮਜਞ ਨਿਤ੍ਯਮਾਸਤੇ ਯਸਮਿਨ ਯਦ੍ਵਾ ਸਮਜਞ ਨਯਸਯੰਤਿ ਦੁ ਖਾਨਿ ਕਰ੍ਮਾਣਿ ਯੇਨ ਸ ਸੰਨਯਾਸਃ ਸ ਪ੍ਰਸ਼ਸ੍ਤੋ ਵਿੱਦਜ ਤੇ ਯਸਜ ਸ ਸੰਨਯਾਸੀ" ॥

ਜੇਹੜਾ ਬ੍ਰਹਮ ਦਾ ਉਪਾਸਕ ਅਤੇ ਜਿਸਨੇ ਖੋਟੇ ਕੰਮਾਂ ਦਾ ਤ੍ਯਾਗ ਕੀਤਾ ਹੋਵੇ, ਏਹੋ ਜਿਹਾ ਉੱਤਮ ਸੁਭਾਵ ਜੇਹਦੇ ਵਿੱਚ ਹੋਵੇ ਓਹ ਸੰਨਯਾਸੀ ਕਹਾਉਂਦਾ ਹੈ, ਇਸ ਲਈ ਚੰਗੇ ਕੰਮਾਂ ਦਾ ਕਰਨੇ ਵਾਲਾ ਅਤੇ ਖੋਟੇ ਕੰਮਾਂ ਦਾ ਨਾਸ਼ ਕਰਨ ਵਾਲਾ ਸੰਨਯਾਸੀ ਕਹਾਉਂਦਾ ਹੈ॥

(ਪ੍ਰਸ਼ਨ) ਪੜ੍ਹਨ ਅਤੇ ਉਪਦੇਸ਼ ਦਾ ਕੰਮ ਗ੍ਰਿਹਸਥੀ ਕਰਦੇ ਹਨ, ਫੇਰ ਸੰਨਯਾਸੀ ਦਾ ਕੀ ਪ੍ਰਯੋਜਨ ਹੈ। (ਉੱਤਰ) ਸੱਚਾ ਉਪਦੇਸ਼ ਸਭ ਆਸ਼੍ਰਮਾਂ ਵਾਲੇ ਕਰਨ ਅਤੇ ਸੁਨਨ, ਪਰੰਤੂ ਜਿੱਨੀ ਵੇਹਲ ਅਤੇ ਨਿਰਪਖਛਤਾ ਸੰਨਯਾਸੀ ਨੂੰ ਹੁੰਦੀ ਹੈ ਉੱਨੀ ਗ੍ਰਿਹਸ਼ਥੀਆਂ ਨੂੰ ਨਹੀਂ, ਹਾਂ ਜੇਹੜੇ ਬ੍ਰਾਹਮਣ ਹਨ ਉਨਾਂ ਦਾ ਏਹੋ ਕੰਮ ਹੈ ਕਿ ਪੁਤ੍ਰਂ ਪੁਰੁਸ਼ਾਂ ਨੂੰ, ਅਤੇ ਇਸਤ੍ਰੀ ਇਸਤ੍ਰੀਆਂ ਨੂੰ ਸੱਚਾ ਉਪਦੇਸ਼ ਦੇਨ ਅਤੇ ਪੜ੍ਹਾਂਦੇ ਰਹਿਨ, ਜਿੱਨਾਂ ਫਿਰਨ ਦਾ ਵੇਲਾ ਸੰਨਯਾਸੀ ਨੂੰ ਮਿਲਦਾ ਹੈ ਉੱਨਾਂ ਗ੍ਰਿਹਸਥੀ ਬ੍ਰਾਹਮਣ ਆਦੀ ਨੂੰ ਕਦੀ ਨਹੀਂ ਮਿਲ ਸਕਦਾ, ਜਦ ਬ੍ਰਾਹਮਣ ਵੇਦ ਤੋਂ ਵਿਰੁੱਧ ਕੰਮ ਕਰਨ ਤਦ ਉਨਾਂ ਨੂੰ ਨਿਯਮ ਵਿੱਚ ਚਲਾਨ ਵਾਲਾ ਸੰਨਯਾਸੀ ਹੁੰਦਾ ਹੈ, ਏਸ ਲਈ ਸੰਨਯਾਸੀ ਦਾ ਹੋਨਾ ਉਚਿਤ ਹੈ॥

(ਪ੍ਰਸ਼ਨ) "ਏਕਰਾਤ੍ਰੰ ਵਸੇਦ ਗ੍ਰਾਮੇ" ਇਨ੍ਹਾਂ ਵਚਨਾਂ ਦੇ ਅਨੁਕੂਲ ਸੰਨਯਾਸੀ ਨੂੰ ਇਕ ਜਗਾ ਵਿਚ ਇੱਕੋ ਰਾਤ ਰਹਨਾ ਚਾਹੀਏ ਜ਼ਿਆਦਾ ਠਹਰਨਾ ਨਹੀਂ ਚਾਹੀਏ। (ਉੱਤਰ) ਇਹ ਗੱਲ ਥੋੜੇ ਅੰਸ਼ ਵਿਚ ਤਾਂ ਚੰਗੀ ਹੈ,ਕਿਉਂਕਿ

ਇਕੋ ਜਗਾ ਰਹਨ ਨਾਲ ਦੁਨੀਆਂਦਾ ਭਲਾ ਵਧੀਕ ਨਹੀਂ ਹੋਸਕਦਾ * ਦੂਜੀ ਜਗਾ ਜਾਨ ਦਾ ਘਮੰਡ ਹੋ ਜਾਂਦਾ ਹੈ, ਰਾਗ ਦ੍ਵੇਸ਼ ਭੀ ਵਧੀਕ ਹੁੰਦਾ ਹੈ, ਪਰੰਤੂ ਜੇ ਵਿਸ਼ੇਸ਼ ਉਪਕਾਰ ਇੱਕੋ ਜਗਾ ਰਹਨ ਕਰਕੇ ਹੁੰਦਾ ਹੋਵੇ ਤਾਂ ਰਹੇ, ਜਿਸ ਤਰਾਂ ਜਨਕ ਰਾਜੇ ਦੇ ਚਾਰਚਾਰ ਮਹੀਨੇ ਤਕ ਪੰਚਸ਼ਿਖ ਆਦੀ ਅਰ ਹੋਰ ਸੰਨਿਆਸੀ ਕਿੰਨੇਆਂ ਹੀ ਵਰ੍ਹੇਆਂ ਤਕ ਠਹਿਰਦੇ ਸਨ, ਅਰ 'ਇਕ ਜਗਾ ਵਿੱਚ ਨ ਰਹਨਾ ਇਹ ਬਾਤ ਅੱਜ ਕੱਲ ਦੇ ਪਾਖੰਡੀ ਸੰਪ੍ਰਦਾਯ ਵਾਲਿਆਂ ਨੇ ਬਨਾਈ ਹੈ, ਕਿਉਂ ਕਿ ਜੇ ਸੰਨਯਾਸੀ ਇਕ ਜਗਾ ਵਧੀਕ ਰਹੇਗਾ ਤਾਂ ਸਾਡਾ ਪਾਖੰਡ ਟੁੱਟਕੇ ਵਧੀਕ ਨਹੀਂ ਵਧ ਸੱਕੇਗਾ। (ਪ੍ਰਸ਼ਨ)

ਯਤੀਨਾਂ ਕਾਂਚਨੰ ਦਦਜ਼ੱਾਤਾਂਬੂਲੰ ਬ੍ਰਹਮਚਾਰਿਣਾਮ।
ਚੌਰਾਣਾਮਭਯੰ ਦੱਦਜ਼ਾਤਸਨਰੋ ਨਰਕੰ ਵ੍ਰਜੇਤ॥

ਇਨਾਂ ਵਚਨਾਂ ਦਾ ਅਭਿਪ੍ਰਾਯ ਇਹ ਹੈ ਕਿ ਸੰਨਯਾਸੀਆਂ ਨੂੰ ਜਿਹੜਾ ਸੋਨਾ ਦਾਨ ਦੇਵੇ ਤਾਂ ਦਾਤਾ ਨਰਕ ਨੂੰ ਜਾਂਦਾ ਹੈ। (ਉੱਤਰ) ਇਹ ਗੱਲ ਭੀ ਵਰਣ ਆਸ਼੍ਰਮ ਦੇ ਵਿਰੁੱਧ ਹੀ ਸੰਪ੍ਰਦਾਯੀ ਅਤੇ ਸ੍ਵਾਰਥੀ ਪੁਰਾਣਕਾਂ ਦੀ ਘੜੀ ਹੋਈ ਹੈ, ਕਿਉਂਕਿ (ਉਹ ਜਾਨਦੇ ਹਨ) ਕਿ ਸੰਨਯਾਸੀਆਂ ਨੂੰ ਧਨ ਮਿਲੇਗਾ ਤਾਂ ਓਹ ਸਾਡਾ ਖੰਡਨ ਬਹੁਤ ਕਰਨਗੇ, ਅਰ ਸਾਡੀ ਹਾਨੀ ਹੋਵੇਗੀ, ਤਥਾ ਓਹ ਸਾਡੇ ਅਧੀਨ ਨ ਰਹਨਗੇ, ਅਰ ਜਦ ਭਿਖਛਾ ਆਦੀ ਵਿਹਾਰ ਸਾਡੇ ਅਧੀਨ ਰਹੇਗਾ ਤਾਂ ਓਹ ਡਰਦੇ ਰਹਨਗੇ, ਜਦ ਮੂਰਖ ਅਤੇ ਸ੍ਵਾਰਥੀਆਂ ਨੂੰ ਦਾਨ ਦੇਨ ਵਿੱਚ ਅੱਛਾ ਸਮਝਦੇ ਹਨ ਤਦ ਵਿਦਵਾਨ ਅਰ ਪਰਉਪਕਾਰੀ ਸੰਨਯਾਸੀਆਂ ਨੂੰ ਦੇਨ ਵਿੱਚ ਕੁਝ ਦੋਸ਼ ਨਹੀਂ ਹੋ ਸਕਦਾ। ਵੇਖੋ

ਵਿਵਿਧਾਨਿ ਚ ਰਤ੍ਨਾਨਿ ਵਿਵਿਕ੍ਤੇਸ਼ੂਪਪਾਦਯੇਤ॥†

ਨਾਨਾ ਪ੍ਰਕਾਰ ਦੇ ਰਤਨ ਸੁਰਣ ਆਦੀ ਧਨ ਵਿਵਿਕਤ ਅਰਥਾਤ ਸਨਯਾਸੀਆਂ ਨੂੰ ਦੇਨ, ਅਰ ਓਹ ਸ਼ਲੋਕ ਭੀ ਅਨਰਥਕ ਹੈ, ਕਿਉਂਕਿ ਜੇ

---

*ਅਰਥਾਤ ਇਹ ਘਮੰਡ ਹੋ ਜਾਂਦਾ ਹੈ ਕਿ ਅਸੀਂ ਸਾਧੂ ਹਾਂ, ਸਾਧੂ ਕਿਸੇ ਦੇ ਪਾਸ ਨਹੀਂ ਜਾਂਦੇ ਕਿੰਤੂ ਰਾਜਾ ਲੋਗ ਆਪ ਸਾਧੂਆਂਦੇ ਪਾਸ ਆਕੇ ਦਰਣਾ ਤੇ ਡਿੱਗਦੇ ਹਨ। (ਅਨੁਵਾਦ ਕਰਤਾ)

† ਇਹ ਮਨੁਸਮ੍ਰਿਤੀ ਅਧਯਾਯ ੧੧ ਦੇ ਇਸ ਛੀਵੇਂ ਸ਼ਲੋਕ ਦਾ ਆਸ਼ਾ ਹੈ—"ਧਨਾਨਿ ਤੁ ਯਥਾਸ਼ਕਤਿ ਵਿਪ੍ਰੇਸ਼ੂਪਪਾਦਯੇਤ। ਵੇਦਵਿਤਸੁ ਵਿਵਕਤੇਸੂ ਪ੍ਰੇਤਯ ਸੁਰਗੀ ਸਮਸ਼ਨੁਤੇ॥" (ਧਰਮਦੇਵ)

ਸੰਨਯਾਸੀ ਨੂੰ ਸੋਨਾ ਦੇਨ ਕਰਕੇ ਯਜਮਾਨ ਨਰਕ ਨੂੰ ਜਾਵੇ ਤਾਂ ਚਾਂਦੀ, ਮੋਤੀ, ਹੀਰਾ ਆਦੀ ਦੇਨ ਕਰਕੇ ਓਹ ਸ੍ਵਰਗ ਨੂੰ ਜਾਏਗਾ।

(ਪ੍ਰਸ਼ਨ) ਇਹ ਪੰਡਿਤ ਜੀ ਏਸ ਦਾ ਪਾਠ ਬੋਲਦੇ ਹੋਏ ਭੁੱਲ ਗਏ, ਇਹ ਪਾਠ ਤਾਂ ਇਉਂ ਹੈ। "ਯਤਿਹਸਤੇ ਧਨੰ ਦੱਦਜ਼ਾਤ" ਅਰਥਾਤ ਜਿਹੜਾ ਸੰਨਯਾਸੀਆਂ ਦੇ ਹੱਥ ਵਿੱਚ ਧਨ ਦਿੰਦਾ ਹੈ ਓਹ ਨਰਕ ਵਿੱਚ ਜਾਂਦਾ ਹੈ। (ਉੱਤਰ) ਇਹ ਭੀ ਵਚਨ ਕਿਸੇ ਅਵਿਦਵਾਨ ਨੇ ਮਨੋ ਘੜਕੇ ਬਨਾਇਆ ਹੈ, ਕਿਉਂਕਿ ਜੇ ਹੱਥ ਵਿੱਚ ਧਨ ਦੇਨ ਕਰਕੇ ਦਾਤਾ ਨਰਕ ਨੂੰ ਜਾਵੇ ਤਾਂ ਪੈਰ ਉੱਤੇ ਰਖ ਦੇਨ ਨਾਲ ਵਾ ਰੀਢ ਥੱਨ੍ਹਕੇ ਦੇਨ ਨਾਲ ਕੀ ਓਹ ਸ੍ਵਰਗ ਨੂੰ ਜਾਵੇਗਾ? ਏਸ ਲਈ ਅਜੇਹੀ ਘੜਿਤ ਮੰਨਨ ਦੇ ਯੋਗ ਨਹੀਂ, ਹਾਂ ਇਹ ਗੱਲ ਤਾਂ ਠੀਕ ਹੈ ਕਿ ਜਿਹੜਾ ਸੰਨਯਾਸੀ ਜ਼ਰੂਰਤ ਤੋਂ ਵਧੀਕ ਰੱਖੇਗਾ ਤਾਂ ਚੋਰ ਆਦੀ ਦੇ ਹੱਥੋਂ ਦੁਖ ਪਾਵੇਗਾ ਅਰ ਓਸਦੇ ਮੋਹ ਵਿੱਚ ਭੀ ਫਸ ਜਾਵੇਗਾ, ਪਰੰਤੂ ਜਿਹੜਾ ਵਿਦਵਾਨ ਹੈ ਓਹ ਅਯੋਗ ਵਿਹਾਰ ਕਦੇ ਨ ਕਰੇਗਾ, ਨ ਮੋਹ ਵਿੱਚ ਫਸੇਗਾ, ਕਿਉਂਕਿ ਓਹ ਪਹਲੇ ਗ੍ਰਿਹਸਥ ਆਸ਼੍ਰਮ ਵਿੱਚ ਅਥਵਾ ਬ੍ਰਹਮਚਰਯ ਵਿੱਚ ਸਭ ਭੋਗ ਚੁੱਕਿਆ ਵਾ ਸਭ ਵੇਖ ਚੁੱਕਿਆ ਹੈ, ਅਰ ਜਿਹੜਾ ਬ੍ਰਹਮਚਰਯ ਤੋਂ ਹੀ ਸੰਨਯਾਸੀ ਹੁੰਦਾ ਹੈ, ਓਹ ਪੂਰਾ ਵੈਰਾਗੀ ਹੋਨ ਕਰਕੇ ਕਦੀ ਨਹੀਂ ਫਸਦਾ।

(ਪ੍ਰਸ਼ਨ) ਲੋਕ ਕਹਿੰਦੇ ਹਨ ਕਿ ਸ਼੍ਰਾਧ ਵਿੱਚ ਸੰਨਯਾਸੀ ਆਵੇ ਵਾ ਭੋਜਨ ਪਾਵੇ ਤਾਂ ਓਹਦੇ ਪਿਤਰ ਨੱਠ ਜਾਂਦੇ ਹਨ ਅਰ ਨਰਕ ਵਿੱਚ ਡਿਗਦੇ ਹਨ।

(ਉੱਤਰ) ਪਹਲੇ ਤਾਂ ਮੋਏ ਪਿਤਰ ਦਾ ਆਉਨਾ ਅਰ ਖੀਤਾ ਹੋਇਆ ਸ਼੍ਰਾਧ ਮੋਏ ਪਿਤਰਾਂ ਨੂੰ ਪਹੁੰਚਨਾ ਹੀ ਅਸੰਭਵ ਹੈ, ਅਰ ਵੇਦਾਂ ਅਤੇ ਯੁਕਤੀ ਤੋਂ ਵਿਰੁੱਧ ਹੋਨ ਕਰਕੇ ਝੂਠਾ ਹੈ, ਅਰ ਜਦ ਆਉਂਦੇ ਹੀ ਨਹੀਂ ਤਾਂ ਨੱਠ ਕੌਨ ਜਾਨਗੇ? ਜਦ ਅਪਨੇ ਪਾਪ ਪੁੰਨ ਦੇ ਅਨੁਸਾਰ ਈਸ਼੍ਵਰ ਦੀ ਵਿਵਸਥਾ ਥੀਂ ਮਰਨ ਤੋਂ ਪਿੱਛੋਂ ਜੀਵ ਜਨਮ ਲੈਂਦੇ ਹਨ, ਤਾਂ ਉਨ੍ਹਾਂ ਦਾ ਆਉਨਾ ਕੀਕਨ ਹੋ ਸਕਦਾ ਹੈ? ਏਸ ਲਈ ਇਹ ਗਲ ਭੀ ਲੋਭੀ ਪੁਰਾਣੀ ਅਤੇ ਵੈਰਾਗੀਆਂ ਦੀ ਝੂਠੀ ਘੜੀ ਹੋਈ ਹੈ, ਹਾਂ ਇਹਤਾਂ ਠੀਕ ਹੈ ਕਿ ਜਿੱਥੇ ਸੰਨਯਾਸੀ ਜਾਨਗੇ ਓਥੇ ਇਹ ਮੁਰਦੇ ਦਾ ਸ਼੍ਰਾਧ ਕਰਨਾ ਜਿਹੜਾ ਆਖੰਡ ਵੇਦ ਆਦਿ ਸ਼ਾਸਤ੍ਰਾਂ ਥੀਂ ਵਿਰੁੱਧ ਹੈ ਦੂਰ ਨੱਠ ਜਾਵੇਗਾ।

(ਪ੍ਰਸ਼ਨ) ਜਿਹੜਾ ਬ੍ਰਹਮਚਰਯ ਤੋਂ ਸੰਨਯਾਸ ਲਵੇਗਾ ਓਹਨੂੰ ਨਿਭਾਉਨਾ ਔਖਾ ਹੋਊਗਾ, ਅਰ ਕਾਮ ਦਾ ਰੋਕਨਾ ਭੀ ਬਹੁਤ ਔਖਾ ਹੈ, ਏਸ ਲਈ ਗ੍ਰਿਹਸਥੀ ਬਾਨਪ੍ਰਸਥ ਕਰਕੇ ਜਦ ਬੁੱਢਾ ਹੋ ਜਾਵੇ ਤਦੇ ਹੀ ਸੰਨਯਾਸ ਲੈਨਾ ਚੰਗਾ ਹੈ। (ਉੱਤਰ) ਜਿਹੜਾ ਨਾ ਨਿਭਾ ਸੱਕੇ, ਇੰਦ੍ਰੀਆਂ ਨੂੰ ਰੋਕ ਨ ਸੱਕੇ ਓਹ ਬ੍ਰਹਮਚਰਯ ਤੋਂ ਸੰਨਯਾਸ ਨ ਲਵੇ, ਪਰੰਤੂ ਜਿਹੜਾ ਰੋਕ ਸੱਕੇ ਓਹ ਕਿਉਂ ਨ ਲਵੇ, ਜਿਸ ਆਦਮੀ ਨੇ ਦੇਸ਼ ਦੇ ਦੇਸ਼ ਅਰ ਵੀਰਯ ਦੀ ਰਖਛਾ ਕਰਨ ਦੇ ਗੁਣ

ਜਾਨ ਲੀਤੇ ਹਨ, ਓਹ ਵਿਸ਼ਯਾਸਕਤ ਕਦੀ ਨਹੀਂ ਹੁੰਦਾ ਅਰ ਉਸਦਾ ਵੀਰਜ ਵਿਚਾਰ ਰੂਪੀ ਅਗ ਦੇ ਬਾਲਨ ਦੀ ਨਿਆਂਈਂ ਹੋ ਜਾਂਦਾ ਹੈ ਅਰਥਾਤ ਉਸੇ ਵਿੱਚ ਖਰਚ ਹੋ ਜਾਂਦਾ ਹੈ, ਜਿਸ ਤਰਾਂ ਵੈਦ ਅਤੇ ਔਸ਼ਧੀਆਂ ਦੀ ਜ਼ਰੂਰਤ ਰੋਗੀ ਦੇ ਵਾਸਤੇ ਹੁੰਦੀ ਹੈ ਨਿਰੋਗ ਵਾਸਤੇ ਨਹੀਂ, ਏਸ ਲਈ ਜਿਸ ਪੁਰੁਸ਼ ਦਾ ਇਸਤ੍ਰੀ ਨੂੰ ਵਿਦਯਾ, ਧਰਮ ਦਾ ਫੈਲਾਵਾ ਅਤੇ ਸਭ ਸੰਸਾਰ ਦਾ ਉਪਕਾਰ ਕਰਨਾ ਪ੍ਰਯੋਜਨ ਹੋਵੇ ਓਹ ਵਿਆਹ ਨ ਕਰੇ, ਜਿਸ ਤਰਾਂ ਨਾਲ ਕਿ ਪੰਚਸ਼ਿਖ ਆਦੀ ਪੁਰੁਸ਼ ਅਤੇ ਗਾਰਗੀ ਆਦੀ ਇਸਤ੍ਰੀਆਂ ਹੋਈਆਂ ਹਨ, ਏਸ ਲਈ ਸੰਨਯਾਸੀ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ ਜੋ ਉਸ ਦੇ ਅਧਿਕਾਰੀ ਹੋਨ, ਅਰ ਜਿਹੜਾ ਅਨਅਧਿਕਾਰੀ ਸੰਨਯਾਸ ਲਵੇਗਾ ਓਹ ਆਪ ਡੁੱਬੇਗਾ ਹੋਰਨਾਂ ਨੂੰ ਭੀ ਡੁਬਾਵੇਗਾ ਜਿਸ ਤਰਾਂ 'ਸ਼ਸਤ੍ਰਾਟ' ਚਕ੍ਰਵਰਤੀ ਰਾਜਾ ਹੁੰਦਾ ਹੈ ਉਸੇ ਤਰਾਂ 'ਪਰੀਵਰਾਟ' ਸੰਨਯਾਸੀ ਹੁੰਦਾ ਹੈ, ਰਾਜਾ ਆਪਨੇ ਦੇਸ਼ ਵਿੱਚ ਵਾ ਆਪਨੇ ਸੰਥੀ ਤੀਆਂ ਵਿੱਚ ਸਤਕਾਰ ਪਾਉਂਦਾ ਹੈ ਅਰ ਸੰਨਯਾਸੀ ਸਭ ਥਾਂ ਮਾਨ ਪਾਉਂਦਾ ਹੈ।

ਵਿਦ੍ਵੱਤ੍ਵੇ ਚ ਨ੍ਰਿਪਤ੍ਵੇ ਚ ਨੈਵ ਤੁਲ੍ਯੰ ਕਦਾਚਨ।
ਸ੍ਵਦੇਸ਼ੇ ਪੂਜ੍ਯਤੇ ਰਾਜਾ ਵਿਦ੍ਵਾਨ ਸਰ੍ਵਤ੍ਰ ਪੂਜ੍ਯਤੇ ॥

ਇਹ ਚਾਨਕਯ ਜੀ ਸ਼ਾਸਤ੍ਰ ਦਾ ਸ਼ਲੋਕ ਹੈ-ਵਿਦ੍ਵਾਨ ਅਤੇ ਰਾਜਾ ਕਦੀ ਇੱਕੋ ਜਹੇ ਨਹੀਂ ਹੋ ਸਕਦੇ, ਕਿਉਂ ਜੋ ਰਾਜੇ ਦਾ ਤਾਂ ਆਪਨੇ ਰਾਜ ਵਿੱਚ ਹੀ ਮਾਨ ਅਤੇ ਸਤਕਾਰ ਹੁੰਦਾ ਹੈ ਅਰ ਵਿਦਵਾਨ ਸਭ ਥਾਂ ਮਾਨ ਅਤੇ ਪ੍ਰਤਿਸ਼ਠਾ ਨੂੰ ਪ੍ਰਾਪਤ ਹੁੰਦਾ ਹੈ।

ਇਸ ਲਈ ਵਿਦਯਾ ਪੜ੍ਹਨੇ ਸੁਸਿਖਿਆ ਲੈਨੇ, ਅਤੇ ਬਲਵਾਨ ਹੋਨੇ ਆਦੀ ਦੇ ਲਈ ਬ੍ਰਹਮਚਰਯ, ਸਭ ਪ੍ਰਕਾਰ ਦੇ ਉੱਤਮ ਵਿਹਾਰ ਸਿੱਧ ਕਰਨ ਦੇ ਵਾਸਤੇ ਗ੍ਰਿਹਸ਼ਥ, ਵਿਚਾਰ, ਧਯਾਨ ਅਤੇ ਵਿਗ੍ਯਾਨ ਦਾ ਵਾਧਾ, ਅਤੇ ਤਪੱਸਿਆ ਕਰਨ ਦੇ ਵਾਸਤੇ ਬਾਨਪ੍ਰਸ਼ਥ, ਅਤੇ ਵੇਦ ਆਦੀ ਸੱਚੇ ਸ਼ਾਸਤ੍ਰਾਂ ਦਾ ਪ੍ਰਚਾਰ, ਧਰਮ ਵਿਹਾਰ ਦ ਗ੍ਰਹਣ ਅਤੇ ਦੁਸ਼ ਵਿਹਾਰ ਦੇ ਤਿਆਗ, ਸੱਚੇ ਉਪਦੇਸ਼ ਅਰ ਸਭ ਦੇ ਸੰਸ਼ੇ ਮਿਟਾਨ ਆਦੀ ਦ ਲਈ ਸੰਨਯਾਸ ਆਸ਼੍ਰਮ ਹੈ, ਪਰੰਤੂ ਜਿਹੜੇ ਏਸ ਸੰਨਯਾਸ ਦੇ ਮੁਖਯ ਧਰਮ ਸੱਚੇ ਉਪਦੇਸ਼ ਆਦੀ ਨਹੀਂ ਕਰਦੇ ਓਹ ਪਤਿਤ ਅਰ ਨਰਕਗਾਮੀ ਹਨ, ਏਸ ਲਈ ਸੰਨਿਆਸੀਆਂ ਨੂੰ ਉਚਿਤ ਹੈ ਕਿ ਸੱਚਾ ਉਪਦੇਸ਼ ਸਿਖਿਆਂ ਦੀ ਨਿਰਿਤੀ ਕਰਨੀ, ਵੇਦ ਆਦੀ ਸਤ ਸ਼ਾਸਤ੍ਰਾਂ ਦਾ ਪੜ੍ਹਾਨਾ, ਅਰ ਵੇਦੋਕਤ ਧਰਮ ਦਾ ਵਾਧਾ ਜਤਨ ਨਾਲ ਕਰਕੇ ਸਾਰੇ ਸੰਸਾਰ ਦੀ ਉੱਨਤੀ ਕੀਤਾ ਕਰਨ।

(ਪ੍ਰਸ਼ਨ) ਜਿਹੜੇ ਸੰਨਯਾਸੀਆਂ ਨੂੰ ਛੱਡਕੇ ਹੋਰ ਸਾਧੂ, ਵੈਰਾਗੀ, ਗੁਸਾਈਂ,

ਆਖੀ ਆਦੀ ਹਨ ਓਹ ਭੀ ਸੰਨਆਸ ਆਸ਼੍ਰਮ ਵਿੱਚ ਗਿਨੇ ਜਾਣਗੇ ਕਿ ਨਹੀਂ?

(ਉੱਤਰ) ਨਹੀਂ, ਕਿਉਂ ਜੋ ਉਨ੍ਹਾਂ ਵਿੱਚ ਸੰਨਆਸ ਦਾ ਇਕ ਭੀ ਲਖਛਣ ਨਹੀਂ, ਓਹ ਵੇਦ ਵਿਰੁੱਧ ਮਾਰਗ ਵਿੱਚ ਚਲਦੇ, ਅਪਨੇ ਮਿਪਦਾਯ ਦੇ ਆਦਮੀਆਂ ਦੇ ਵਚਨਾਂ ਨੂੰ ਵੇਦ ਦੀ ਥਾਂ ਮੰਨਦੇ ਅਰ ਅਪਨੇ ਹੀ ਮਤ ਦੀ ਪ੍ਰਸੰਸ਼ਾ ਕਰਦੇ ਅਰ ਮਿਥਯਾ ਪ੍ਰਪੰਚ ਵਿੱਚ ਫਸਕੇ ਸ੍ਵਾਰਥ ਦੇ ਵਾਸਤੇ ਦੂਸਿਆਂ ਨੂੰ ਆਪੋ ਅਪਨੇ ਮਤ ਵਿਚ ਫਸਾਂਦੇ ਹਨ, ਸੁਧਾਰ ਕਰਨਾ ਤਾਂ ਦੂਰ ਰਿਹਾ ਉਸਦੇ ਬੱਦਲ ਦੁਨੀਆਂ ਨੂੰ ਵਹੁਕਾ ਕੇ ਅਧੋਗਤੀ ਵਿੱਚ ਪਾਉਂਦੇ, ਅਰ ਅਪਨਾ ਪ੍ਰਯੋਜਨ ਸਿੱਧ ਕਰਦੇ ਹਨ, ਏਸ ਲਈ ਇਨਾਂ ਨੂੰ ਸੰਨਆਸ਼੍ਰਮ ਵਿੱਚ ਨਹੀਂ ਗਿਨ ਸਕੀਦੇ ਕਿੰਤੂ ਇਹ ਸ੍ਵਾਰਥ ਆਦਮੀ ਤਾਂ ਪੱਕੇ ਹਨ ਏਸ ਵਿੱਚ ਕੁਝ ਸੰਦੇਹ ਨਹੀਂ ॥

ਜੋ ਜੋ ਆਪ ਧਰਮ ਵਿੱਚ ਚਲਦੇ ਅਤੇ ਸਭ ਸੰਸਾਰ ਨੂੰ ਚਲਾਂਦੇ ਹਨ, ਜੋ ਜੋ ਏਸ ਲੋਕ ਅਰਥਾਤ ਏਸ ਜਨਮ ਵਿੱਚ ਅਰ ਪਰਲੋਕ ਅਰਥਾਤ ਦੂਜੇ ਜਨਮ ਵਿੱਚ ਸ੍ਵਰਗ ਅਰਥਾਤ ਸੁਖ ਦਾ ਆਪ ਭੋਗ ਕਰਦੇ ਅਤੇ ਸਭ ਦੁਨੀਆਂ ਨੂੰ ਕਰਾਂਦੇ ਹਨ ਓਹੋ ਧਰਮਾਤਮਾ ਜਨ ਸੰਨਆਸੀ ਅਤੇ ਮਹਾਤਮਾ ਹਨ ॥

ਏਹ ਸੰਖਛੇਪ ਕਰਕੇ ਸੰਨਆਸ ਆਸ਼੍ਰਮ ਦੀ ਸਿਖ੍ਯਾ ਲਿਖੀ, ਹੁਨ ਏਸ ਤੋਂ ਅੱਗੇ ਰਾਜ ਪ੍ਰਜਾ ਧਰਮ ਦਾ ਵਿਸ਼ਯ ਲਿਖਿਆ ਜਾਵੇਗਾ ॥

ਇਤਿ ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮੀਕ੍ਰਿਤੇ ਸਤ੍ਯਾਰ੍ਥਪ੍ਰਕਾਸ਼ੇ ਸੁਭਾਸ਼ਾਵਿਭੂਸ਼ਿਤੇ ਸਮਾਵ੍ਰਤ੍ਤਨ ਵਾਨਪ੍ਰਸਥਸੰਨਆਸਾਸ਼੍ਰਮਵਿਸ਼ਯੇ ਚਤੁਰਥਃ ਸਮੁੱਲਾਸਃ ਸੰਪੂਰ੍ਣਃ ॥ ੫ ॥

ਸ਼੍ਰੀ ਸੁਆਮੀ ਦਯਾਨੰਦ ਸਰਸ੍ਵਤੀ ਸ੍ਵਾਮੀ ਕ੍ਰਿਤ ਸਤ੍ਯਾਰ੍ਥਪ੍ਰਕਾਸ਼
ਭਾਸ਼ਾਭੂਸ਼ਿਤ ਏ ਵਾਨਪ੍ਰਸਥ, ਸੰਨਆਸ ਆਸ਼੍ਰਮ ਵਿਸ਼ਯ
ਦਾ ਪੰਜਵਾਂ ਸਮੁੱਲਾਸ ਸਮਾਪਤ ਹੋਇਆ ॥

ਛੇਵਾਂ ਸਮੁੱਲਾਸ

ਰਾਜ ਧਰਮ ਦੇ ਵਿਸ਼ੇ ਵਿਚ

ਰਾਜਧਰਮਾਨ ਪ੍ਰਵਖਛਯਾਮਿ ਯਥਾਵ੍ਰਿੱਤੋ ਭਵੇਂਨ੍ਨ੍ਰਿਪਃ ।
ਸੰਭਵਸ਼ਚ ਯਥਾ ਤਸਯ ਸਿੱਧਿਸ਼ਚ ਪਰਮਾ ਯਥਾ ॥੧॥
ਬ੍ਰਾਹਮੰ ਪ੍ਰਾਪਤੇਨ ਸੰਸਕਾਰੰ ਖਛਤ੍ਰਿਯੇਣ ਯਥਾਵਿਧਿ ।
ਸਰਵਸਯਾਸਯਯਥਾਨਯਾਯੰ ਕਰਤਵਯੰ ਪਰਿਰੇਖਛਣਮ।

ਮਨੁਸਮ੍ਰਿਤੀ ੭. ਥੋੜ ਯ ੨ । ਸ਼ਲੋਕ ੧ । ੨ ॥

ਹੁਨ ਮਨੂ ਜੀ ਮਹਾਰਾਜ ਰਿਸ਼ੀਆਂ ਨੂੰ ਕਹਿੰਦੇ ਹਨ ਕਿ ਚੌਹਾਂ ਵਰਣਾਂ ਅਰ ਚੌਹਾਂ ਆਸ਼੍ਰਮਾਂ ਦੇ ਵਿਹਾਰ ਕਥਨ ਦੇ ਪਿੱਛੇ ਰਾਜ ਦੇ ਧਰਮਾਂ ਨੂੰ ਕਹਾਂਗੇ, ਕਿਸ ਪ੍ਰਕਾਰ ਦਾ ਰਾਜਾ ਹੋਨਾ ਚਾਹੀਏ, ਅਰ ਜੀਕਨ ਏਸਦਾ ਹੋਨਾ ਸੈਭਵ ਤਥਾ ਜੀਕਨ ਏਸ ਨੂੰ ਪ੍ਰਸਿਧੀ ਪ੍ਰਾਪਤ ਹੋਵੇ ਉਸ ਨੂੰ ਸਬ ਪ੍ਰਕਾਰ ਕਹਿਨੇ ਹਾਂ, ਜੀਕਨ ਪਰਮ ਵਿਦ੍ਵਾਨ ਬ੍ਰਾਹੰਮਣ ਹੁੰਦਾ ਹੈ ਉਕਨ ਵਿਦਵਾਨ ਸੁਸ਼ਿਖਛਿਤ ਹੋਕੇ ਖਤ੍ਰੀ ਨੂੰ ਯੋਗ ਹੈ ਕਿ ਏਸ ਸਬ ਰਾਜ ਦੀ ਰਖਛਾ ਨਿਆਯ ਨਾਲ ਠੀਕ ਠੀਕ ਕਰੇ ਉਸ ਦਾ ਪ੍ਰਕਾਰ ਇਹ ਹੈ :—

ਤ੍ਰੀਣਿ ਰਾਜਾਨਾ ਵਿਦਥੇ ਪੁਰੂਣਿ ਪਰਿ ਵਿਸ਼੍ਵਾਨਿ ਭੂਸ਼ਥਃ ਸਦਾਂਸਿ ॥ ਰਿਗਵੇਦ ਮੰਡਲ ੩ । ਸੂਕਤ ੩੮ । ਮੰਤ੍ਰ ੬ ॥

ਈਸ਼੍ਵਰ ਉਪਦੇਸ਼ ਕਰਦਾ ਹੈ ਕਿ ਰਾਜਾ ਅਰ ਪ੍ਰਜਾ ਦੇ ਲੋਗ ਮਿਲਕੇ ਸੁਖ ਪ੍ਰਾਪਤੀ, ਅਰ ਵਿਗਿਆਨ ਵ੍ਰਿੱਧੀਕਾਰਕ ਰਾਜਾ ਪ੍ਰਜਾ ਦੇ ਸੰਬੰਧ ਰੂਪੀ ਵਿਹਾਰ ਵਿੱਚ ਤਿੰਨ ਸਭਾ ਅਰਥਾਤ (੧) ਵਿਦਜਾ ਆਰਯ ਸਭਾ, (੨) ਧਰਮ ਆਰਯ ਸਭਾ, (੩) ਰਾਜ ਆਰਯ ਸਭਾ ਬਨਾਕੇ ਬਹੁਤ ਪ੍ਰਕਾਰ ਦੇ ਸਾਰੇ ਪ੍ਰਜਾ ਸੰਬੰਧੀ ਮਨੁੱਸ਼ ਆਦੀ ਪ੍ਰਾਣੀਆਂ ਨੂੰ ਸਬ ਤਰਾਂ ਨਾਲ ਵਿਦਿਆ, ਸ੍ਰੇਸ਼੍ਠਾ ਧਰਮ, ਸੁਸ਼ਿਖਛਾ ਅਰ ਧਨ ਆਦੀ ਕਰਕੇ ਅਲੰਕ੍ਰਿਤ ਕਰਨ ॥

ਤੈ ਸਭਾ ਚ ਸਮਿਤਿਸ਼ਚ ਸੇਨਾ ਚ ॥੧॥

ਅਥਰਵਵੇਦ ਕਾਂਡ ੧੫। ਅਨੁਵਾਕ ੨। ਵਰਗ ੯। ਮੰਤ੍ਰ ੨॥

ਸਭਜ ਸਭਾ ਮੈ ਪਾਹਿ ਯੇ ਚ ਸਭਜਾਃ ਸਭਾਸਦਃ ॥੨॥

ਅਥਰਵਵੇਦ ਕਾਂਡ ੧੯। ਅਨੁਵਾਕ ੭। ਵਰਗ ੫੫। ਮੰਤ੍ਰ ੬॥

ਉਸ ਰਾਜਧਰਮ ਨੂੰ ਤਿੰਨੇ ਸਭਾ ਮਿਰਗ੍ਰਮ ਆਦੀ ਵਿਵਸਥਾ ਅਰ ਸੈਨਾਂ ਮਿਲਕੇ ਪਾਲਨ ਕਰਨ, ਸਭਾਸਦ ਅਰ ਰਾਜਾ ਨੂੰ ਯੋਗ ਹੈ ਕਿ ਰਾਜਾ ਸਭਨ ਸਭਾਸਦਾਂ ਨੂੰ ਆਗਿਆ ਦੇਵੇ ਕਿ ਹੇ ਸਭਾ ਦੇ ਯੋਗ, ਮੁਖ ਸਭਾਸਦ ਤੂੰ ਮੇਰੀ ਸਭਾ ਦੀ ਧਰੰਮ ਯੁਕੇਤ ਵਿਵਸਥਾ ਦਾ ਪਾਲਨ ਕਰ, ਅਰ ਜੋ ਸਭਾ ਦੇ ਯੋਗ ਸਭਾਸਦ ਹੋਨ ਓਹ ਭੀ ਸਭਾ ਦੀ ਵਿਵਸਥਾ ਦਾ ਪਾਲਨ ਕੀਤਾ ਕਰਨ, ਏਸਦਾ ਅਭਿਪ੍ਰਾਯ ਇਹ ਹੈ ਕਿ ਇਕ ਨੂੰ ਸੁਤੰਤ੍ਰ ਰਾਜ ਦਾ ਅਧਿਕਾਰ ਨਹੀਂ ਦੇਨਾ ਚਾਹੀਏ ਕਿੰਤੂ ਰਾਜਾ ਜੋ ਸਭਾਪਤੀ ਉਸਦੇ ਅਧੀਨ ਸਭਾ, ਸਭਾ ਦੇ ਅਧੀਨ ਰਾਜਾ, ਰਾਜਾ ਅਰ ਸਭਾ ਪ੍ਰਜਾ ਦੇ ਅਧੀਨ, ਅਰ ਪ੍ਰਜਾ ਰਾਜ ਸਭਾ ਦੇ ਅਧੀਨ ਰਹੇ, ਜੇਕਰ ਈਕਨ ਨਾ ਕਰੇਗੇ ਤਾਂ :—

ਰਾਸ਼ਟ੍ਰਮੇਵ ਵਿਸ਼ਜਾਹੈਤਿ ਤਸਮਾਦ੍ਰਾਸ਼ਟ੍ਰੀ ਵਿਸ਼ੈਘਾਤੁਕਃ। ਵਿਸ਼ਮੇਵ ਰਾਸ਼ਟ੍ਰ ਯਦਜਾਂ ਕਰੋਤਿ ਤਸਮਾਦ੍ਰਾਸ਼ਟ੍ਰੀ ਵਿਸ਼ਮੱਤਿ ਨ ਪੁਸ਼ਟਿ ਪਸ਼ੁੰ ਮਨਜਤ ਇਤਿ ॥

ਸ਼ਤਪਥ ਕਾਂਡ ੧੩। ਪ੍ਰਪਾਠਕ ੨। ਬ੍ਰਾਹਮਣ ੩। ਕੰਡਿਕਾ ੭–੮॥

ਜੇ ਪ੍ਰਜਾ ਤੋਂ ਸੁਤੰਤ੍ਰ ਸ੍ਵਾਧੀਨ ਰਾਜਵਰਗ ਰਹੇ ਤਾਂ ਰਾਜ ਵਿਚ ਪ੍ਰਵੇਸ਼ ਕਰਕੇ ਪ੍ਰਜਾ ਦਾ ਨਾਸ਼ ਕੀਤਾ ਕਰਨ, ਏਸ ਕਰਕੇ ਇਕੱਲਾ ਰਾਜਾ ਸ੍ਵਾਧੀਨ ਦਾ ਮਗਰੂਰ ਹੋਕੇ ਪ੍ਰਜਾ ਦਾ ਨਾਸ਼ ਕਰਨ ਵਾਲਾ ਹੁੰਦਾ ਹੈ ਅਰਥਾਤ ਓਹ ਰਾਜਾ ਪ੍ਰਜਾ ਨੂੰ ਖਾ ਜਾਂਦਾ ਹੈ, ਏਸ ਵਾਸਤੇ ਕਿਸੇ ਇਕ ਨੂੰ ਰਾਜ ਵਿਚ ਸ੍ਵਾਧੀਨ ਨਾ ਕਰਨਾ ਚਾਹੀਏ, ਜੀਕਨ ਸ਼ੇਰ, ਵਾ ਮਾਂਸਾਹਾਰੀ, ਮੋਟੇ ਤਾਜ਼ੇ ਪਸ਼ੂ ਨੂੰ ਮਾਰਕੇ ਖਾ ਲੈਂਦੇ ਹਨ ਉਕਨ ਸੁਤੰਤ੍ਰ ਰਾਜਾ ਪ੍ਰਜਾ ਦਾ ਨਾਸ਼ ਕਰਦਾ ਹੈ ਅਰਥਾਤ ਕਿਸੇ ਨੂੰ ਅਪਨੇ ਤੋਂ ਵਧੀਕ ਨਾ ਹੋਨ ਦੇਂਦਾ, ਧਨ ਵਾਲੇ ਨੂੰ ਲੂਟ ਮਾਰ ਕਰਦਾ, ਅਨਿਆਯ ਨਾਲ ਖੋਹ ਦੇਕੇ ਅਪਨਾ ਮਤਲਬ ਪੂਰਾ ਕਰੇਗਾ ॥

ਇੰਦ੍ਰੋ ਜਯਾਤਿ ਨ ਪਰਾ ਜਯਾਤਾ ਅਧਿਰਾਜੋ ਰਾਜਸੁ ਰਾਜਯਾਤੈ। ਚਰ੍ਸ਼ਤਜ ਈਡਜੋ ਵੰਦਜ਼ਸ਼ਚੋਪਸ਼ਦਜੋ

ਨਮਸਜੋ ਭਵੇਹ ॥ ਅਥਰਃ। ਕਾਂਡ ੬। ਅਨੁਵਾਕ ੧੦। ਵਃ੯੯। ਮੰਤ੍ਰ ੧।

ਹੇ ਮਨੁੱਸ਼ ਲੋਗੋ ਜੇਹੜਾ ਮਨੁੱਸ਼ਾਂ ਦੇ ਵਿਚ ਪਰਮ ਐਸ਼੍ਵਰਯ ਦਾ ਕਰਤਾ ਦੁਸ਼ਮਨਾਂ ਨੂੰ ਜਿਤ ਸਕੇ, ਜੇਹੜਾ ਦੁਸ਼ਮਨਾਂ ਥੀਂ ਨਾ ਹਾਰੇ, ਰਾਜਿਆਂ ਦੇ ਵਿਚ ਅਧਿਰਾਜਾ ਪ੍ਰਕਾਸ਼ਮਾਨ ਹੋਵੇ, ਸਭਾਪਤੀ ਹੋਨ ਦੇ ਅਤੀ ਯੋਗ, ਚੰਗੇ ਗੁਣ, ਕਰਮ ਸੁਭਾਵ ਵਾਲਾ, ਸਤਕਰਮਾਂ ਦਾ ਕਰਨ ਵਾਲਾ, ਸਮੀਪ ਜਾਨੇ ਅਰ ਸ਼ਰਣ ਲੈਨ ਦੇ ਯੋਗ, ਸਬ ਦੇ ਮਾਨ ਯੋਗ ਹੋਵੇ ਉਸਨੂੰ ਸਭਾਪਤੀ ਅਰਥ ਤ ਰਾਜਾ ਕਰੇ ॥

ਇਮੰ ਦੇਵਾ ਅਸਪਤਨਗੁਅੰ ਸੁਵਧ੍ਵੰ ਮਹਤੇ ਖਛਤ੍ਰਾਯ ਮਹਤੇ ਜਜੈਸ਼ਠਜਾਯ ਮਹਤੇ ਜਾਨਰਾਜਜਾਯੇਂ ਦ੍ਰਸਜੇਂ ਦ੍ਰਿਯਾਯ ॥

ਯਜੁਰਵੇਦ ਅਧਯਾਯ ੯। ਮੰਤ੍ਰ ੪੦।

ਹੇ ਵਿਦਵਾਨ ਰਾਜ ਪ੍ਰਜਾ ਜਨੋ, ਤੁਸੀਂ ਏਸ ਪ੍ਰਕਾਰ ਦੇ ਪੁਰੁਸ਼ ਨੂੰ ਬੜੇ ਚਕ੍ਰਵਰਤੀ ਰਾਜਸਭਾ ਤੋਂ ਵੱਡਾ ਹੋਨ ਵਾਲੇ ਵਡੇ ਵਡੇ ਵਿਦਵਾਨਾਂ ਥੀਂ ਯੁਕਤ ਰਾਜ ਪਾਲਨੇ, ਅਰ ਪਰਮ ਐਸ਼੍ਵਰਯ ਯੁਕਤ ਰਾਜ ਅਰ ਧਨ ਦੇ ਪਾਲਨ ਦੇ ਵਾਸਤੇ ਸੱਮਤੀ ਕਰਕੇ ਸਰਵਤ੍ਰ ਪਖਛਪਾਤ ਰਹਿਤ ਪੂਰਣ ਵਿਦਿਆ ਵਿਨਯ ਯੁਕਤ, ਸਭਦੇ ਮਿਤ੍ਰ ਸਭਾਪਤੀ ਰਾਜਾ ਨੂੰ ਸਰਵਾਧੀਸ਼ ਮੰਨ ਕੇ ਸਾਰੀ ਪ੍ਰਿਥਿਵੀ ਸ਼ਤ੍ਰਆਂ ਥੀਂ ਰਹਿਤ ਕਰੋ ॥

ਸਥਿਰਾ ਵਃ ਸੰਤ੍ਵਾਯੁਧਾ ਪਰਾਣੁਦੇਵੀਲੂਉਤਪ੍ਰਤਿਸ਼ਕਭੇ। ਯੁਸ਼ਮਾਕਮਸਤੁ ਤਵਿਸ਼ੀ ਪਨੀਯਸੀ ਮਾ ਮਰਤਜਸਜ ਮਾਯਿਨਃ ॥ ਰਿਗਵੇਦ ਮੰਡਲ ੧। ਸੂਕਤ ੩੯। ਮੰਤ੍ਰ ੨॥

ਈਸ਼੍ਵਰ ਉਪਦੇਸ਼ ਕਰਦਾ ਹੈ ਕਿ ਹੇ ਰਾਜਪੁਰੁਸ਼ੋ, ਤੁਹਾਡੇ ਆਗਨੇਯ ਆਦੀ ਅਸਤ੍ਰ ਅਰ ਸ਼ਤਘਨੀ (ਤੋਪ) ਭੁਸੁੰਡੀ (ਬੰਦੂਕ) ਧਨੁਸ਼, ਬਾਣ ਤਲਵਾਰ ਆਦੀ ਸ਼ਸਤ੍ਰ ਸ਼ਤ੍ਰਆਂ ਦੇ ਪਰਾਜੈ ਕਰਨੇ ਅਰ ਰੋਕਨ ਦੇ ਵਾਸਤੇ ਉੱਤਮ ਅਰ ਦ੍ਰਿੜ੍ਹ ਹੋਨ, ਅਰ ਤੁਹਾਡੀ ਸੇਨਾ ਪ੍ਰਸੰਸ਼ਾ ਦੇ ਯੋਗ ਹੋਵੇ, ਜਿਸ ਕਰਕੇ ਤੁਸੀਂ ਸਦਾ ਜਿੱਤ ਪਾਓ, ਪਰੰਤੂ ਜੋ ਖੋਟੇ ਅਨਯਾਯ ਰੂਪੀ ਕਰਮ ਕਰਦਾ ਹੈ ਉਸਦੇ ਵਾਸਤੇ ਏਹ ਗੱਲਾਂ ਨਾਂ ਹੋਨ ਅਰਥਾਤ ਜਦ ਤਕ ਮਨੁੱਸ਼ ਧਾਰਮਿਕ ਰਹਿੰਦੇ ਹਨ ਤਦ ਤਕ ਹੀ ਰਾਜ ਵਧਦਾ ਰਹਿੰਦਾ ਹੈ, ਅਰ ਜਦ ਦੁਸ਼ਟਾਚਾਰੀ ਹੁੰਦੇ ਹਨ ਤਦ ਨਸ਼ਟ ਭ੍ਰਸ਼ਟ ਹੋਜਾਂਦਾ ਹੈ। ਮਹਾਵਿਦਵਾਨਾਂ ਨੂੰ ਵਿਦਿਆ ਸਭਾ ਦਾ ਅਧਿਕਾਰੀ, ਧਾਰਮਿਕ ਵਿਦਵਾਨਾਂ ਨੂੰ ਧਰਮਸਭਾ ਦਾ ਅਧਿਕਾਰੀ, ਪ੍ਰਸੰਸ਼ਾ

ਯੋਗ ਧਾਰਮਿਕ ਪੁਰੁਸ਼ਾਂ ਨੂੰ ਰਾਜਸਭਾ ਦੇ ਸਭਾਸਦ, ਅਰ ਜੋ ਉਨਾਂ ਸਭਨਾਂ ਵਿਚ ਸਰਵੋੱਤਮ ਗੁਣ, ਕਰਮ, ਸੁਭਾਵ ਵਾਲਾ ਮਹਾਪੁਰੁਸ਼ ਹੋਵੇ ਉਸਨੂੰ ਰਾਜ ਸਭਾ ਦਾ ਪਤੀ ਰੂਪ ਮੰਨ ਕੇ ਸ ਤ੍ਰ ਪ੍ਰਕਾਰ ਥੀਂ ਉੱਨਤੀ ਕਰਨ, ਤਿੰਨੇ ਸਭਾ ਦੀ ਸੱਮਤੀ ਲੈਕੇ ਰਾਜਨੀਤੀ ਦੇ ਉੱਤਮ ਨਿਯਮ, ਅਰ ਨਿਯਮਾਂ ਦੇ ਅਧੀਨ ਸਬ ਲੋਕ ਵਰਤਨ, ਸਬ ਦੇ ਹਿਤਕਾਰਕ ਕੰਮਾਂ ਵਿੱਚ ਸੱਮਤੀ ਕਰਨ, ਸਰਵਹਿਤ ਕਰਨ ਦੇ ਵਾਸਤੇ ਖਰਤੰਤ੍ਰ, ਅਰ ਧਰਮ ਯੁਕਤ ਕੰਮਾਂ ਵਿਚ ਅਰਥਾਤ ਜੋ ਜੋ ਨਿਜ ਦੇ ਕੰਮ ਹਨ ਉਨਾਂ ਉਨਾਂ ਵਿਚ ਸ੍ਵਤੰਤ੍ਰ ਰਹਿਨ, ਫਿਰ ਉਸ ਸਭਾਪਤੀ ਦੇ ਗੁਣ ਕਿਹੋ ਜਹੇ ਹੋਨੇ ਚਾਹੀਦੇ ਹਨ :—

ਇੰਦ੍ਰਾਅਨਿਲਯਮਾਰਕਾਣਾਮਗਨੇਸ਼ਚ ਵਰੁਣਸਯ ਚ।
ਚੰਦ੍ਰਵਿੱਤੇਸ਼ਯੋਸ਼ਚੈਵ ਮ ਤ੍ਰਾ ਨਿਰਹ੍ਰਿਤਯ ਸ਼ਾਸ਼੍ਵਤੀਃ ॥ ੧ ॥
ਭਪਤਯਾਦਿਤਯਵੱਚੈਸ਼ ਚਖਛ੍ਵੇਸ਼ਿ ਚ ਮਨਾਂਸਿ ਚ।
ਨ ਚੈਨੰ ਭੁਵਿ ਸ਼ਕਨੋਤਿ ਕਸ਼ਚਿਦਪਜਿਘੀਖਛਿਤੁਮ ॥ ੨ ॥
ਸੋਅਗਨਿਰਭਵਤਿ ਵਾਯੁਸ਼ਚ ਸੋਅਰਕਃ ਸੋਮਃ ਸ ਧਰਮਰਾਟ ।
ਸ ਕੁਵੇਰਃ ਸ ਵਰੁਣਃ ਸ ਮਹੇਂਦ੍ਰਃ ਪ੍ਰਭਾਵਤਃ ॥ ੩ ॥
ਮਨੁਸਮ੍ਰਿਤੀ ਅਧਜਾਯ ੭। ਸ਼ਲੋਕ ੪। ੬। ੭॥

ਓਹ ਸਭਾਪਤੀ ਰਾਜਾ ਇੰਦ੍ਰ ਅਰਥਾਤ ਬਿਜਲੀ ਦੇ ਸਮਾਨ ਸ਼ੀਘ੍ਰ ਐਸ਼੍ਵਰਯ ਕਰਤਾ, ਵਾਯੂ ਦੇ ਸਮਾਨ ਸਬ ਨੂੰ ਪ੍ਰਾਣਵਤ ਪਿਆਰਾ ਅਰ ਹਿਦੇ ਦੀ ਬਾਤ ਜਾਨਨਹਾਰਾ, (ਯਮ) ਅਰਥਾਤ ਪਖਛਪਾਤ ਰਹਿਤ, ਨਿਆਯਾਧੀਸ਼ ਦੇ ਸਮਾਨ ਵਰਤਨ ਵਾਲਾ, ਸੂਰਯ ਦੇ ਸਮਾਨ ਨਿਆਯ ਧਰਮ, ਵਿਦ੍ਯਾ ਦਾ ਪ੍ਰਕਾਸ਼ਕ, ਅੰਧਕਾਰ ਅਰਥਾਤ ਅਵਿਦਿਆ, ਅਨਿਆਯ ਦਾ ਵਿਰੋਧ ਕਰਨੇ ਵਾਲਾ, ਅਗਨੀ ਦੇ ਸਮਾਨ ਦੁਸ਼ਟਾਂ ਨੂੰ ਭਸਮ ਕਰਨੇਹਾਰਾ, ਵਰੁਣ ਅਰਥਾਤ ਬਨ੍ਹਨੇ ਵਾਲੇ ਦੇ ਸਦ੍ਰਿਸ਼ ਦੁਸ਼ਟਾਂਨੂੰ ਅਨੇਕ ਪ੍ਰਕਾਰ ਥੀਂ ਬਨ੍ਹਨੇ ਵਾਲਾ, ਚੰਦ੍ਰਮਾਂ ਦੇ ਤੁੱਲ ਚੰਗੇ ਮਨੁਸ਼ਾਂ ਨੂੰ ਆਨੰਦ ਦੇਨ ਵਾਲਾ, ਧਨਾਧ੍ਯਖਛ ਦੇ ਸਮਾਨ ਖਜ਼ਾਨਿਆਂਦਾ ਪੂਰਣ ਕਰਨ ਵਾਲਾ ਸਭਾਪਤੀ ਹੋਵੇ॥੧॥ਜੋ ਸੂਰਯਵਤ ਪ੍ਰਤਾਪੀ, ਸਬਦੇ ਬਾਹਰ ਅਰ ਅੰਦਰ ਮਨਾਂ ਨੂੰ ਅਪਨੇ ਤੇਜ ਨਾਲ ਤਪ ਨਹਾਰਾ, ਜਿਸ ਨੂੰ ਪ੍ਰਿਥਵੀ ਤੇ ਕਰੜੀ ਦ੍ਰਿਸ਼ਟੀਨਾਲ ਵੇਖਨਦਾ ਸਮਰਥ ਕਿਸੇਨੂੰ ਨਾ ਹੋਵੇ॥੨॥ ਅਰ ਜੋ ਅਗਨੀ, ਵਾਯੂ, ਸੂਰਯ, ਸੋਮ ਧਰਮਪ੍ਰਕਾਸ਼, ਧਨਵਰਧਕ, ਦੁਸ਼ਟਾਂ ਦਾ ਬੰਧਨ ਕਰਤਾ, ਵੱਡੇ ਐਸ਼੍ਵਰਯ ਵਾਲਾ ਹੋਵੇ ਓਹੋ ਸਭਾਧ੍ਯਖਛ ਸਭਾਪਤੀ ਹੋਨ ਦੇ ਯੋਗ੍ਯ ਹੋਵੇ ॥ ੩ ॥ ਸੱਚਾ ਰਾਜਾ ਕੌਨ ਹੈ :—

ਸ ਰਾਜਾਪੁਰੁਸ਼ੋ ਦੰਡਃ ਸ਼ ਨੇਤਾ ਸ਼ਾਸਿਤਾ ਚ ਸਃ।
ਚਤੁਰਣਾਮਾਸ਼੍ਰਮਾਣਾਂ ਚ ਧਰਮਸਯ ਪ੍ਰਤਿਭੂਃ ਸਮ੍ਰਿਤਃ ॥ ੧ ॥
ਦੰਡਃ ਸ਼ਾਸ੍ਤਿ ਪ੍ਰਜਾਃ ਸ਼ਰਵਾ ਦੰਡ ਏਵਾਭਿਰਖਛਤਿ।

ईक्षः सुप्तेषु जागर्त्ति दण्डोधर्मं विदुर्बुधाः॥ २॥
समीक्ष्यधृतः समृतः समर्थ्य सर्वा रञ्जयति प्रजाः।
असमीक्ष्यधृतः पुनीतमपि विनाशयति सर्वतः॥ ३॥
दुष्यन्येयुः सर्ववर्णाश्च भिद्येरन्सर्वसेतवः।
सर्वलोकप्रकोपश्च भवेदण्डस्य विभ्रमात्॥ ४॥
यत्र श्यामो लोहिताक्षो दण्डश्चरति पापहा।
प्रजास्तत्र न मुह्यन्ति नेता चेत्साधु पश्यति॥ ५॥
तस्याहुः संप्रणेतारं राजानं सत्यवादिनम।
समीक्ष्यकारिणंप्राज्ञं धर्मकामार्थकोविदम॥ ६॥
तं राजा प्रणयान्समृक्त्वा त्रिवर्गेणाभिवर्धते।
कामात्मा विषमः क्षुद्रो दण्डेनैव निहन्यते॥ ७॥
दण्डो हि सुमहत्तेजो दुरधरश्चाकृतात्मभिः।
धर्माद्विचलितं हन्ति नृपमेव सबान्धवम॥ ८॥
सो असहायेन मूढेन लुब्धेनाकृतबुद्धिना।
न शक्यो न्यायतो नेतुं सक्तेन विषयेषु च॥ ९॥
शुचिना सत्यसन्धेन यथा शास्त्रानुसारिणा।
प्रणेतुं शक्यते दण्डः सुसहायेन धीमता॥ १०॥

ਮਨੁਸਮ੍ਰਿਤੀ ਅਧ੍ਯਾਯ ੭। ਸ਼ਲੋਕ ੧੭–੧੯। ੨੪–੨੯। ੩੦। ੩੧॥

ਜੋ ਦੰਡ ਹੈ ਉਹੋ ਪੁਰੁਸ਼ ਰਾਜਾ, ਉਹੋ ਨਿਆਯ ਦਾ ਪ੍ਰਚਾਰ ਕਰਨ ਵਾਲਾ, ਅਰ ਸਬਦਾ ਸ਼ਾਸਨ ਕਰਨ ਵਾਲਾ, ਉਹੋ ਚਾਰ ਵਰਣ ਅਰ ਆਸ਼੍ਰਮਾਂ ਦਾ (ਪ੍ਰਤੀਕ੍ਸ਼) ਅਰਥਾਤ ਸ਼ਾਮਨ ਹੈ॥੧॥ ਉਹੋ ਪ੍ਰਜਾ ਦਾ ਸ਼ਾਸਨਾ ਕਰਨੇ ਵਾਲਾ, ਸਬ ਪ੍ਰਜਾ ਦੀ ਰਖਛਾ ਕਰਨ ਵਾਲਾ, ਸੁੱਤੇ ਹੋਏ ਪ੍ਰਜਾ ਦੇ ਮਨੁਸ਼ਾਂ ਵਿੱਚ ਜਾਗਦਾ ਹੈ ਏਸ ਕਰਕੇ ਬੁਧਵਾਨ ਲੋਕ ਦੰਡ ਹੀ ਨੂੰ ਧਰਮ ਕਹਿੰਦੇ ਹਨ॥੨॥ ਜੇ ਦੰਡ ਚੰਗੀ ਤਰਾਂ ਵਿਚਾਰ ਨਾਲ ਧਾਰਣ ਕੀਤਾ ਜਾਵੇ ਤਾਂ ਓਹ ਸਬ ਪ੍ਰਜਾ ਨੂੰ ਆਨੰਦ ਵਿਚ ਕਰ ਦਿੰਦਾ ਹੈ, ਅਰ ਜੇ ਬਿਨਾ ਵਿਚਾਰੇ ਵਰਤਿਆ ਜਾਵੇ ਤਾਂ ਸਬ ਤਰਾਂ ਨਾਲ ਰਾਜਾ ਦਾ ਨਾਸ਼ ਕਰ ਦਿੰਦਾਹੈ॥੩॥ ਬਗੈਰ ਦੰਡ ਦੇ ਸਬ ਵਰਣ ਦੋਸ਼ ਵਾਲੇ, ਅਰ ਸਬ ਮਰਯਾਦਾ ਛਿੰਨ ਭਿੰਨ ਹੋ ਜਾਨ, ਦੰਡ ਦੇ ਯਥਾਵਤ ਨਾ ਹੋਨ ਕਰਕੇ ਸਬ ਲੋਗਾਂ ਦਾ ਗਦਰ ਮਚ ਜਾਵੇ॥੪॥ ਜਿੱਥੇ ਕਾਲੇ ਰੰਗ, ਲਹੂ ਦੇ ਰੰਗ ਵਾਲੀਆਂ ਅੱਖਾਂ ਅਰ ਡਰਾਵਨ ਵਾਲੇ ਪੁਰੁਸ਼ ਦੀ ਨਿਆਈਂ ਪਾਪਾਂ ਦਾ ਨਾਸ਼ ਕਰਨ ਹਾਰਾ ਦੰਡ ਵਿਚਰਦਾ ਹੈ ਉਥੇ ਪ੍ਰਜਾ ਮੋਹ ਨੂੰ ਨਾ ਪ੍ਰਾਪਤ ਹੋਕੇ ਆਨੰਦ ਪਾਂਦੀ ਹੈ, ਪਰੰਤੂ ਏਹ ਤਦ ਜਦ ਦੰਡ ਦਾ ਚਲਾਨ ਵਾਲਾ ਪਖਪਾਤ ਤੋਂ ਰਹਿਤ ਵਿਦਵਾਨ ਹੋਵੇ॥੫॥ ਜੇਹੜਾ

ਉਸ ਦੰਡ ਨੂੰ ਚਲਾਨ ਵਾਲਾ, ਸਤਵਾਦੀ, ਵਿਚਾਰ ਕਰਨ ਵਾਲਾ, ਬੁਧਵਾਨ ਧਰਮ, ਅਰਥ, ਅਰ ਕਾਮ ਦੀ ਸਿੱਧੀ ਕਰਨੇ ਵਾਲਾ ਪੰਡਿਤ ਰਾਜਾ ਹੈ ਉੱਸੇ ਨੂੰ ਉਸ ਦੰਡ ਦਾ ਚਲਾਨ ਹਾਰਾ ਵਿਦਵਾਨ ਲੋਗ ਕਹਿੰਦੇ ਹਨ ॥੬॥ ਜੇਹੜਾ ਦੰਡ ਨੂੰ ਚੰਗੀ ਤਰਾਂ ਰਾਜਾ ਚਲਾਂਦਾ ਹੈ ਓਹ ਧਰਮ, ਅਰਥ, ਅਰ ਕਾਮ ਦੀ ਸਿੱਧੀ ਨੂੰ ਵਧਾਂਦਾ ਹੈ, ਅਰ ਜੇਹੜਾ ਵਿਸ਼ਯ ਵਿਚ ਲੰਪਟ, ਈਰਸ਼ਾ ਕਰਣ ਵਾਲਾ, ਚਦਰਾ, ਨੀਚ ਬੁੱਧ, ਨਿਆਯਾਧੀਸ਼ ਰਾਜਾ ਹੁੰਦਾ ਹੈ ਓਹ ਦੰਡ ਨਾਲ ਹੀ ਮਾਰਿਆ ਜਾਂਦਾ ਹੈ ॥੭॥ ਜਦ ਦੰਡ ਏਡਾ ਤੇਜ ਵਾਲਾ ਹੈ ਉਸਨੂੰ ਅਵਿਦਵਾਨ, ਅਧਰਮਾਤਮਾ ਧਾਰਣ ਨਹੀਂ ਕਰ ਸਕਦਾ ਤਦ ਓਹ ਦੰਡ ਧਰਮ ਥੀਂ ਰਹਿਤ ਰਾਜਾ ਦਾ ਹੀ ਨਾਸ਼ ਕਰ ਦਿੰਦਾ ਹੈ ॥੮॥ ਕਿਉਂ ਕਿ ਜੇਹੜਾ ਆਪਤ ਪੁਰੁਸ਼ਾਂ ਦੀ ਸਹਾਯਤਾ, ਵਿਦਿਆ, ਸੁਸ਼ਿਖਛਾ ਥੀਂ ਰਹਿਤ, ਵਿਸ਼ਯਾਂ ਵਿੱਚ ਆਸਕਤ ਮੂੜ੍ਹ ਹੈ ਓਹ ਨਿਆਯ ਨਾਲ ਦੰਡ ਚਲਾਨ ਵਿਚ ਸਮਰਥ ਕਦੀ ਨਹੀਂ ਹੋ ਸਕਦਾ ॥੯॥ ਅਰ ਜੇਹੜਾ ਪਵਿਤ੍ਰ ਆਤਮਾ, ਸਤ ਆਚਾਰ, ਅਰ ਸਤ ਪੁਰੁਸ਼ਾਂ ਦਾ ਸੰਗੀ, ਯਥਾਵਤ ਨੀਤੀ ਸ਼ਾਸਤ੍ਰ ਦੇ ਅਨੁਕੂਲ ਚਲਨਹਾਰਾ, ਭਲੇ ਪੁਰੁਸ਼ਾਂ ਦੀ ਸਹਾਯਤਾ ਥੀਂ ਯੁਕਤ ਬੁਧਵਾਨ ਹੈ ਓਹ ਨਿਆਯ ਰੂਪੀ ਦੰਡ ਨੂੰ ਚਲਾਨ ਵਿਚ ਸਮਰਥ ਹੁੰਦਾ ਹੈ ॥੧੦॥ ਇਸ ਲਈ:

ਸੈਨਾਪਤਯੰ ਚ ਰਾਜਯੰ ਚ ਦੰਡਨੇਤ੍ਰਿਤ੍ਵਮੇਵ ਚ।
ਸਰਵਲੋਕਾਧਿਪਤਯੰ ਚ ਵੇਦਸ਼ਾਸਤ੍ਰਵਿਦਰਹਤਿ ॥ ੧ ॥
ਦਸ਼ਾਵਰਾ ਵਾ ਪਰਿਸ਼ਦਯੰ ਧਰਮੰ ਪਰਿਕਲਪਯੇਤ।
ਤ੍ਰਯਵਰਾ ਵਾਪਿ ਵ੍ਰਿਤਸਥਾ ਤੰ ਧਰਮੰ ਨ ਵਿਚਾਲਯੇਤ ॥ ੨ ॥
ਤ੍ਰੋਵਿਦਯੋ ਹੈਤੁਕਸਤਰਕੀ ਨੈਰੁਕਤੋ ਧਰਮਪਾਠਕਃ।
ਤ੍ਰਯਸ਼੍ਵਾਸ਼੍ਰਮਿਣਃ ਪੂਰਵੇ ਪਰਿਸ਼ਤਸਯੋਦਸ਼ਾਵਰਾ ॥ ੩ ॥
ਰਿਗਵੇਦਵਿਦਯਯੁਰਵਿੱਚ ਸਾਮਵੇਦਵਿਦੇਵ ਚ।
ਤ੍ਰਯਵਰਾ ਪਰਿਸ਼ੱਜਵੇਯਾ ਧਰਮਸੰਸ਼ਯਨਿਰਣਯੇ ॥ ੪ ॥
ਏਕੋਪਿ ਵੇਦਵਿੱਧਰਮੰ ਯੰ ਵਯਵਸਯੇਦ ਦ੍ਵਿਜੋੱਤਮਃ।
ਸ ਵਿਜਵੇਯਃ ਪਰੋ ਧਰਮੋ ਨਾਜਵਾਨਾਮੁਦਿਤੋਅਯੁਤੈਃ ॥ ੫ ॥
ਅਵ੍ਰਤਾਨਾਮਮੰਤ੍ਰਾਣਾਂ ਜਾਤਿਮਾਤ੍ਰੋਪਜੀਵਿਨਾਮ।
ਸਹਸ੍ਰਸ਼ਃ ਸਮੇਤਾਨਾਂ ਪਰਿਸ਼ੱਤ੍ਵੰ ਨ ਵਿਦਯਤੇ ॥ ੬ ॥
ਯੰ ਵਦੰਤਿ ਤਮੋਭੂਤਾ ਮੂਰਖਾ ਧਰਮਮਤਦ੍ਵਿਦਃ।
ਤਤਪਾਪੰ ਸ਼ਤਧਾ ਭੂਤ੍ਵਾ ਤਦ੍ਵਕਤ੍ਰੀਨਨੁਗੱਛਤਿ ॥ ੭ ॥
ਮਨੁਸਮ੍ਰਿਤੀ ਅਧਯਾਯ ੧੨। ਸ਼ਲੋਕ ੧੦੦। ੧੧੦–੧੧੫ ॥

ਸਾਰੀ ਸੈਨਾ, ਅਰ ਸੈਨਾਪਤੀਆਂ ਦੇ ਉੱਤੇ ਰਾਜ ਅਧਿਕਾਰ, ਦੰਡ ਦੇਨੇ ਦੀ ਵਿਵਸਥਾ ਦੇ ਸਬ ਕਾਰਯਾਂ ਦਾ ਅਧਿਪਤੀ, ਅਰ ਸਬਦੇ ਉੱਪਰ ਵਰਤਮਾਨ

ਸਰਵਾਧੀਸ਼ ਰਾਜ ਅਧਿਕਾਰ, ਇਨਾਂ ਚੌਹਾਂ ਅਧਿਕਾਰਾਂ ਵਿਚ ਸੰਪੂਰਣ ਵੇਦ ਸ਼ਾਸਤ੍ਰਾਂ ਵਿਚ ਪ੍ਰਵੀਨ, ਪੂਰੀ ਵਿਦਿਆ ਵਾਲੇ ਧਰਮਾਤਮਾ, ਜਿਤੇਂਦ੍ਰੀ, ਸੁਸ਼ੀਲ ਰਾਜਾ ਨੂੰ ਸਥਾਪਨ ਕਰਨਾ ਚਾਹੀਏ ਅਰਥਾਤ ਮੁੱਖ ਸੈਨਾਪਤੀ, ਮੁਖਰਾਜ ਅਧਿਕਾਰੀ, ਮੁੱਖ ਨਿਆਯਾਧੀਸ਼ ਪ੍ਰਧਾਨ ਅਰ ਰਾਜਾ ਏਹ ਚਾਰ ਸਬ ਵਿਦਿਆ ਵਿਚ ਪੂਰਣ ਵਿਦਵਾਨ ਹੋਨੇ ਚਾਹੀਏ ॥੧॥ ਘੱਟ ਤੋਂ ਘੱਟ ਦਸ ਵਿਦਵਾਨਾਂਦੀ ਅਥਵਾ ਬਹੁਤ ਹੀ ਘੱਟ ਹੋਨ ਤਾਂ ਤਿੱਨ ਵਿਦਵਾਨਾਂ ਦੀ ਸਭਾ ਜੇਹੋ ਜੇਹੀ ਵਿਵਸਥਾ ਕਰੇ ਉਸ ਧਰਮ ਅਰਥਾਤ ਵਿਵਸਥਾ ਦਾ ਉਲੰਘਨ ਕੋਈ ਭੀ ਨਾ ਕਰੇ ॥ ੨ ॥ ਏਸ ਸਭਾ ਵਿਚ ਚਾਰੇ ਵੇਦ, ਨਿਆਯ ਸ਼ਾਸਤ੍ਰ, ਨਿਰੁਕਤ, ਧਰਮ ਸ਼ਾਸਤ੍ਰ ਆਦੀ ਦੇ ਜਾਨਨ ਵਾਲੇ ਵਿਦਵਾਨ ਸਭਾਸਦ ਹੋਨ ਪਰੰਤੂ ਓਹ ਬ੍ਰਹਮਚਾਰੀ, ਗ੍ਰਿਹਸਥੀ, ਅਰ ਬਾਨਪ੍ਰਸਥੀ ਹੋਨ ਤਦ ਓਹ ਸਭਾ ਹੋਵੇ ਕਿ ਜਿਸਦੇ ਵਿਚ ਦਸ ਵਿਦਵਾਨਾਂ ਥੀਂ ਘੱਟ ਨਾ ਹੋਨੇ ਚਾਹੀਏ॥੩॥ ਅਰ ਜਿਸ ਸਭਾ ਵਿਚ ਰਿਗਵੇਦ, ਯਜੁਰਵੇਦ, ਸਾਮਵੇਦ ਦੇ ਜਾਨਨ ਵਾਲੇ ਤਿੰਨ ਸਭਾਸਦ ਹੋਕੋ ਵਿਵਸਥਾ ਕਰਨ ਉਸ ਸਭਾ ਦੀ ਕੀਤੀ ਹੋਈ ਵਿਵਸਥਾ ਦਾ ਕੋਈ ਭੀ ਉਲੰਘਨ ਨਾ ਕਰੇ॥੪॥ ਜੇਇਕ ਇਕੱਲਾ, ਸਬ ਵੇਦਾਂ ਦੇ ਜਾਨਨ ਵਾਲਾ ਦ੍ਵਿਜਾਂ ਵਿਚ ਉੱਤਮ ਸੰਨਯਾਸੀ ਜਿਸ ਧਰਮ ਦੀ ਵਿਵਸਥਾ ਕਰੇ ਉਹੋ ਹੀ ਉੱਤਮ ਧਰਮ ਹੈ, ਕਿਉਂਕਿ ਅਗਿਆਨੀ ਹਜ਼ਾਰਾਂ ਲੱਖਾਂ ਕ੍ਰੋੜਾਂ ਮਿਲਕੇ ਜੋ ਕੁਝ ਵਿਵਸਥਾ ਕਰਨ ਉਸਨੂੰ ਕਦੀ ਨਾ ਮੰਨਨਾ ਚਾਹੀਏ ॥੫॥ ਜੇਹੜੇ ਬ੍ਰਹਮਚਰਯ, ਸੱਤਭਾਸ਼ਣ ਆਦੀ ਬ੍ਰਤ, ਵੇਦ ਵਿਦਿਆ ਦੇ ਵਿਚਾਰ ਥੀਂ ਰਹਿਤ ਜਨਮਮਾਤ੍ਰ ਕਰਕੇ ਸ਼ੂਦ੍ਰ ਦੀ ਨਿਆਈਂ ਬਨੇ ਹੋਏ ਹਨ ਉਨ੍ਹਾਂ ਹਜ਼ਾਰਾਂ ਮਨੁੱਸ਼ਾਂ ਦੇ ਮਿਲਨ ਕਰਕੇ ਭੀ ਸਭਾ ਨਹੀਂ ਕਹਾਂਵਦੀ॥੬॥ ਜੇਹੜੇ ਅਵਿਦਿਆ ਯੁਕਤ ਮੂਰਖ ਵੇਦਾਂ ਦੇ ਨਾ ਜਾਨਨ ਵਾਲੇ ਮਨੁੱਸ਼ ਜਿਸ ਧਰਮ ਨੂੰ ਕਹਿੰਦੇ ਹਨ ਉਸ ਧਰਮ ਨੂੰ ਕਦੀ ਨਹੀਂ ਮੰਨਨਾ ਚਾਹੀਏ, ਕਿਉਂਕਿ ਜੇਹੜੇ ਮੂਰਖਾਂ ਦੇ ਕਹੇ ਹੋਏ ਧਰਮ ਦੇ ਅਨੁਸਾਰ ਚੱਲਦੇ ਹਨ ਉਨ੍ਹਾਂ ਦੇ ਪਿੱਛੇ ਸੈਂਕੜੇ ਪ੍ਰਕਾਰ ਦੇ ਪਾਪ ਲੱਗ ਜਾਂਦੇ ਹਨ ॥੭॥ ਏਸ ਵਾਸਤੇ ਤਿੰਨੇ ਅਰਥਾਤ ਵਿਦਿਆ ਸਭਾ, ਧਰਮਸਭਾ, ਅਰ ਰਾਜਸਭਾ ਵਿੱਚ ਮੂਰਖਾਂ ਨੂੰ ਕਦੀ ਭਰਤੀ ਨਾ ਕਰੇ ਕਿੰਤੂ ਸਦਾ ਵਿਦਵਾਨ, ਅਰ ਧਰਮਾਤਮਾ ਪੁਰੁਸ਼ਾਂ ਨੂੰ ਸਥਾਪਨ ਕਰੇ ਹੋਰ ਸਬ ਲੋਕ ਈਕਨ :—

ਤ੍ਰੈਵਿਦਜੇਭਜਸਤ੍ਰਯੀਂ ਵਿਦਜਾਂ ਦੰਡਨੀਤਿੰ ਚ ਸ਼ਾਸ਼੍ਵਤੀਮ ।
ਆਨ੍ਵੀਖਛਿਕੀਂ ਚਾਤਮਵਿਦਜਾਂ ਵਾਰਤਾਰੰਭਾਸ਼ਚ ਲੋਕਤਃ ॥ ੧ ॥
ਇੰਦ੍ਰਿਯਾਣਾਂ ਜਯੇ ਯੋਗੰ ਸਮਾਤਿਸ਼ਠੇਦਦਿਵਾਨਿਸ਼ਮ ।
ਜਿਤੇਂਦ੍ਰਿਯੋ ਹਿ ਸ਼ਕਨੋਤਿ ਵਸ਼ੇ ਸਥਾਪਯਿਤੁੰ ਪ੍ਰਜਾਃ ॥ ੨ ॥
ਦਸ਼ ਕਾਮਸਮੁਥਾਨਿ ਤਬਾਸ਼ਟੌ ਕ੍ਰੋਧਜਾਨਿ ਚ ।
ਵਜਸਨਾਨਿ ਦੁਰੰਤਾਨਿ ਪ੍ਰਯਤਨੇਨ ਵਿਵਰਜਯੇਤ ॥ ੩ ॥

ਕਾਮਜੇਸ਼ੁ ਪ੍ਰਸਕਤੋ ਹਿ ਵਜਸਨੇਸ਼ੁ ਮਹੀਪਤਿਃ।
ਵਿਯੁਜਜਤੇ ਅਰਥਧਰਮਾਭਜਾਂ ਕ੍ਰੋਧਜੇਸ਼ੁਾਤਮਨੈਵ ਤੁ ॥ ੪ ॥
ਮ੍ਰਿਗਯਾਥਛੋ ਦਿਵਾਸ਼ੁਪਨਃ ਪਰੀਵਾਦਃ ਸਤ੍ਰਿਯੋਮਦਃ।
ਤੈਰੱਯਤ੍ਰਿਕੰ ਬ੍ਰਿਥਾਟਯਾ ਚ ਕਾਮਜੋ ਦਸ਼ਕੋ ਗਣਃ ॥ ੫॥
ਪੈਸ਼ੁਨਯੰ ਸਾਹਸੰ ਦ੍ਰੋਹ ਈਰਸ਼ਯਾਸੂਯਾਰਥਦੂਸ਼ਣਮ।
ਵਾਗਦੰਡਜੰ ਚ ਪਾਰੁਸ਼ਯੰ ਕ੍ਰੋਧਜੋ ਅਪਿ ਗਣੋਅਸ਼ਟਕਃ ॥੬॥
ਦ੍ਵਯੋਰਪਯੇਤਯੋਰਮੂਲੰ ਯੰ ਸਰਵੇ ਕਵਯੋ ਵਿਦੁਃ।
ਤੰ ਯਤਨੇਨ ਜਯੇਲੋਭੰ ਤੱਜਾਵੇਤਾਵੁਭੌ ਗਣੌ ॥ ੭ ॥
ਪਾਨਮਥਛਾਃ ਸਤ੍ਰਿਯਸ਼ਚੈਵ ਮ੍ਰਿਗਯਾ ਚ ਯਥਾਕ੍ਰਮਮ।
ਏਤਤਕਸ਼ਟਤਮੰ ਵਿਦਜਾਤਚਤੁਸ਼ਕੰ ਕਾਮਜੇ ਗਣੇ ॥ ੮ ॥
ਦੰਡਸਯ ਪਾਤਨੰ ਚੈਵ ਵਾਕਪਾਰੁਸ਼ਯਾਰਥਦੂਸ਼ਣੇ।
ਕ੍ਰੋਧਜੇ ਅਪਿ ਗਣੇ ਵਿਦਜਾਤ ਕਸ਼ਟਮੇਤਤ੍ਰਿਕੰ ਸਦਾ ॥ ੯ ॥
ਸਪਤਕਸਯਾਸਯ ਵਰਗਸਯ ਸਰਵਤ੍ਰੈਵਾਨੁਸ਼ੰਗਿਣਃ।
ਪੂਰਵੰ ਪੂਰਵੰ ਗੁਰੁਤਰੰ ਵਿਦਜਾਦ੍ਵਯਸਨਮਾਤਮਵਾਨ ॥ ੧੦ ॥
ਵਯਸਨਸਯ ਚ ਮ੍ਰਿਤਯੋਸ਼ਚ ਵਯਸਨੰ ਕਸ਼ਟਮੁਚਯਤੇ।
ਵਯਸਨੰਯਧੋਅਧੋ ਵ੍ਰਜਤਿ ਸ੍ਵਰਯਾਤਯਵਯਸਨੀ ਮ੍ਰਿਤਃ ॥ ੧੧ ॥
ਮਨੁਸਮ੍ਰਿਤੀ ਅਧਯਾਯ ੭। ਸ਼ਲੋਕ ੪੩–੫੩ ॥

ਰਾਜਾ ਅਰ ਰਾਜਸਭਾ ਦੇ ਸਭਾਸਦ ਤਦ ਹੋ ਸਕਦੇ ਹਨ ਕਿ ਜਦ ਓਹ ਚੌਹਾਂ ਵੇਦਾਂ ਦੀ ਕਰਮ ਉਪਾਸਨਾ, ਗਿਆਨ ਵਿਦਿਆਓਂ ਦੇ ਜਾਨਨ ਵਾਲਿਆਂ ਕੋਲੋਂ ਤਿੱਨੇ ਵਿਦਿਆ ਸਨਾਤਨ ਦੰਡਨੀਤੀ, ਨਿਆਯ ਵਿਦਿਆ, ਆਤਮ ਵਿਦਿਆ ਅਰਥਾਤ ਪਰਮਾਤਮਾ ਦੇ ਗੁਣ, ਕਰਮ, ਸੁਭਾਵ ਰੂਪ ਨੂੰ ਜਾਨਨ ਵਾਲੀ ਬ੍ਰਹਮਵਿਦਿਆ, ਅਰ ਲੋਕਾਂ ਨਾਲ ਗੱਲ ਬਾਤ ਕਰਨੀ ਸਿਖ ਕੇ ਸਭਾ-ਸਦ, ਵਾ ਸਭਾਪਤੀ ਹੋ ਸਕਨ ॥੧॥ ਸਬ ਸਭਾਸਦ, ਅਰ ਸਭਾਪਤੀ ਇੰਦ੍ਰੀਆਂ ਨੂੰ ਜਿੱਤਕੇ ਅਪਨੇ ਵੱਸ ਵਿਚ ਰਖਕੇ ਸਦਾ ਧਰਮ ਵਿਚ ਵਰਤਨ,ਅਰਅਧਰਮ ਥੀਂ ਹਟੇ ਹਟਾਏ ਰਹਿਨ। ਏਸ ਕਰਕੇ ਰਾਤ ਦਿਨ ਨਿਯਤ ਸਮੇ ਵਿਚ ਯੋਗਾ-ਭਿਆਸ ਭੀ ਕਰਦੇ ਰਹਨ ਕਿਉਂ ਕਿ ਜੇਹੜਾ ਜਿਤੇਂਦ੍ਰੀ ਹੋਵੇ ਅਪਨੀ ਇੰਦ੍ਰੀਆਂ ਜੇਹੜੀ ਮਨ, ਪ੍ਰਾਣ, ਅਰ ਸ਼ਰੀਰ ਪ੍ਰਜਾ ਹੈ ਏਸਨੂੰ ਜਿਤੇ ਬਗੈਰ ਬਾਹਿਰ ਦੀ ਪ੍ਰਜਾ ਨੂੰ ਅਪਨੇ ਵੱਸ਼ ਵਿਚ ਕਰਨ ਨੂੰ ਸਮਰਥ ਕਦੀ ਨਹੀਂ ਹੋ ਸਕਦਾ ॥ ੨ ॥ ਡਾਢਾ ਚਾਹਵਾਲਾ ਹੋਕੇ ਜੇਹੜੇ ਕਾਮ ਦੇ ੧੦ ਦਸ਼ ਅਰ ਕ੍ਰੋਧ ਦੇ ਅੱਠ ੮ ਬੁਰੇ ਠਰਕ ਹਨ ਕਿ ਜਿਨਾਂ ਵਿਚਫਸਿਆ ਹੋਇਆ ਮਨੁੱਸ਼ ਔਖਾ ਨਿਕਲ ਸਕੇ ਉਨਾਂ ਨੂੰ ਯਤਨ ਕਰਕੇ ਛੱਡ ਅਰ ਛੁਡਾ ਦੇਵੇ॥੩॥ਕਿਉਂ ਕਿ ਜੇਹੜਾ ਰਾਜਾ ਕਾਮ ਥੀਂ ਉਤਪੰਨ ਹੋਏ ੧੦ ਦਸਾਂ ਖੋਟਿਆਂ ਠਰਕਾਂ ਵਿਚ ਫਸਦਾ ਹੈ ਓਹ ਅਰਥ

ਅਰਥਾਤ ਰਾਜ ਧਨ ਆਦੀ ਅਰ ਧਰਮ ਥੀਂ ਰਹਿਤ ਹੋ ਜਾਂਦਾ ਹੈ, ਅਰ ਜੇਹੜਾ ਕ੍ਰੋਧ ਥੀਂ ਉਤਪੰਨ ਹੋਏ ਅੱਠ ੮ ਮੰਦੇ ਠਰਕਾਂ ਵਿਚ ਫਸਦਾ ਹੈ ਓਹ ਸ਼ਰੀਰ ਥੀਂ ਭੀ ਰਹਿਤ ਹੋ ਜਾਂਦਾ ਹੈ ॥ ੪॥ ਕਾਮ ਤੋਂ ਉਤਪੰਨ ਹੋਏ ਠਰਕ ਗਿਨਨੇ ਹਾਂ, ਵੇਖੋ ਸ਼ਿਕਾਰ ਖੇਡਨਾ, ਚੌਪਟ, ਜੂਆ ਖੇਡਨਾਂ ਆਦੀ, ਦਿਨ ਵਿਚ ਸੌਨਾ, ਕਾਮ ਕਥਾ ਵਾ ਦੂਸਰੇ ਦੀ ਨਿੰਦਿਆ ਕਰਨੀ, ਇਸਤ੍ਰੀਆਂ ਦੀ ਅਤੀ ਸੰਗਤ ਕਰਨੀ, ਮਾਦਕ ਦ੍ਰਵਜ ਅਰਥਾਤ ਸ਼ਰਾਬ ਅਫ਼ੀਮ, ਭੰਗ, ਗਾਂਜਾ, ਚਰਸ ਆਦੀ ਦਾ ਪੀਨਾ, ਗਾਨਾ, ਨਚਨਾ ਵਾ ਨਾਚ ਕਰਾਨਾ, ਸੁਨਨਾ, ਅਰ ਵੇਖਨਾ ਏਵੇਂ ਏਧਰ ਓਧਰ ਟੱਕਰਾਂ ਮਾਰਨੀਆਂ, ਏਹ ੧੦ ਕਾਮ ਥੀਂ ਉਤਪੰਨ ਹੋਏ ਠਰਕ ਹਨ ॥ ੫ ॥ ਕ੍ਰੋਧ ਥੀਂ ਉਤਪੰਨ ਹੋਏ ਠਰਕਾਂ ਨੂੰ ਗਿਨਨੇ ਹਾਂ ਚੁਗਲੀ ਕਰਨਾ, ਬਗੈਰ ਵਿਚਾਰ ਦੇ ਬਦੋਬਦੀ ਕਿਸੇ ਦੀ ਇਸਤ੍ਰੀ ਨਾਲ ਬੂਰਾ ਕੰਮ ਕਰਨਾ, ਵਿਰੋਧ ਰਖਨਾ, ਈਰਸ਼ਾ ਅਰਥਾਤ ਦੂਜੇ ਦੀ ਵਡਿਆਈ ਵਾ ਉੱਨਤੀ ਵੇਖਕੇ ਸੜ ਜਾਨਾ, ਦੋਸ਼ਾਂ ਵਿਚ ਗੁਣ, ਗੁਣਾਂ ਵਿਚ ਦੋਸ਼ ਲਗਾਨੇ, ਅਧਰਮ ਯੁਕਤ ਬੁਰੇ ਕੰਮਾਂ ਵਿਚ ਧਨ ਆਦੀ ਦਾ ਖਰਚ ਕਰਨਾ, ਕਠੋਰ ਵਚਨ ਬੋਲਨਾ ਅਰ ਬਿਨਾ ਅਪਰਾਧ ਦੇ ਕੌੜਾ ਵਚਨ ਕਹਿਨਾ ਵਾ ਬਹੁਤ ਦੰਡ ਦੇਨਾ, ਏਹ ੮ ਅੱਠ ਦੁਰਗੁਣ ਕ੍ਰੋਧ ਥੀਂ ਉਤਪੰਨ ਹੁੰਦੇ ਹਨ॥੬॥ ਸਬ ਵਿਦਵਾਨ ਲੋਗ ਕਾਮਜ ਅਰ ਕ੍ਰੋਧਜ ਦਾ ਮੂਲ ਜਾਨਦੇ ਹਨ ਕਿ ਜਿਸ ਕਰਕੇ ਏਹ ਸਬ ਦੁਰਗੁਣ ਮਨੁੱਸ਼ ਨੂੰ ਪ੍ਰਾਪਤ ਹੁੰਦੇ ਹਨ ਉਸ ਲੋਭ ਨੂੰ ਪ੍ਰਯਤਨ ਕਰਕੇ ਛੱਡ ਦੇਵੇ॥੭॥ ਕਾਮ ਦੇ ਠਰਕਾਂ ਵਿਚ ਵਡੇ ਦੁਰਗੁਣ, ਇਕ ਮਦ ਆਦੀ ਅਰਥਾਤ ਨਸ਼ੇ ਵਾਲੀਆਂ ਚੀਜ਼ਾਂ ਦਾ ਖਾਨਾ, ਪੀਨਾ, ਦੂਜਾ ਪਾਸਿਆਂ ਨਾਲ ਜੂਆ ਖੇਡਨਾ, ਤੀਜਾ ਇਸਤ੍ਰੀਆਂ ਦਾ ਵਿਸ਼ੇਸ਼ ਸੰਗ, ਚੌਥਾ ਸ਼ਿਕਾਰ ਖੇਡਨਾ, ਏਹ ਚਾਰ ਮਹਾਦੁਸ਼ਟ ਠਰਕ ਹਨ ॥੮॥ ਅਰ ਕ੍ਰੋਧ ਜਾਂ ਵਿਚੋਂ ਬਗੈਰ ਅਪਰਾਧ ਦੇ ਦੰਡ ਦੇਨਾ, ਕਠੋਰ ਵਚਨ ਬੋਲਨਾ, ਅਰ ਧਨ ਆਦੀ ਦਾ ਅਨਿਆਯ ਵਿਚ ਖ਼ਰਚ ਕਰਨਾ, ਏਹ ਤਿੰਨ ਕ੍ਰੋਧ ਥੀਂ ਉਤਪੰਨ ਹੋਏ ਵਡੇ ਦੁਖਦਾਯਕ ਦੋਸ਼ ਹਨ ॥੯॥ ਜੋ ਏਹ ੭ ਸੱਤ ਦੁਰਗੁਣ ਦੋਨੋਂ ਕਾਮਜ ਅਰ ਕ੍ਰੋਧਜ ਦੋਸ਼ਾਂ ਵਿਚ ਗਿਨੇ ਹਨ. ਇਨ੍ਹਾਂ ਵਿਚੋਂ ਪਹਿਲੇ ਪਹਿਲੇ ਅਰਥਾਤ ਵਿਅਰਥ ਖਰਚ ਤੋਂ ਕਠੋਰ ਵਚਨ, ਕਠੋਰ ਵਚਨ ਤੋਂ ਅਨਜਾਯ, ਅਨਜਾਯ ਤੋਂ ਦੰਡ ਦੇਨਾ, ਏਸ ਤੋਂ ਸ਼ਿਕਾਰ ਖੇਡਨਾ, ਏਸ ਤੋਂ ਇਸਤ੍ਰੀਆਂ ਦਾ ਅਤੀ ਸੰਗ, ਏਸ ਤੋਂ ਜੂਆ ਖੇਡਨਾ ਅਰ ਏਸ ਤੋਂ ਭੀ ਸ਼ਰਾਬ ਆਦੀ ਦਾ ਪੀਨਾ ਵਡਾ ਖੋਟਾ ਠਰਕ ਹੈ ॥੧੦॥ ਇਸ ਵਿੱਚ ਏਹ ਨਿਸ਼ਚੇ ਹੈ ਕਿ ਖੋਟੇ ਠਰਕਾਂ ਵਿਚ ਫਸਨ ਤੋਂ ਮਰਜਾਨਾ ਚੰਗਾ ਹੈ ਕਿਉਂਕਿ ਜੇਹੜਾ ਦੁਸ਼ਟਾਚਾਰੀ ਪੁਰੁਸ਼ ਹੈ ਓਹ ਜ਼ਿਆਦਾ ਜੀਵੇਗਾ ਤਾਂ ਜ਼ਿਆਦਾ ਜ਼ਿਆਦਾ ਪਾਪ ਕਰਕੇ ਨੀਚ ਨੀਚ ਗਤੀ ਅਰਥਾਤ ਜ਼ਿਆਦਾ ਜ਼ਿਆਦਾ ਦੁਖ ਨੂੰ ਪ੍ਰਾਪਤ ਹੁੰਦਾ ਜਾਵੇਗਾ, ਅਰ ਜੇਹੜਾ ਕਿਸੇ ਠਰਕ ਵਿਚ ਨਹੀਂ ਫਸਿਆ ਓਹ ਮਰਭੀ ਜਾਵੇਗਾ ਤਾਂ ਭੀ ਸੁਖ ਨੂੰ ਪ੍ਰਾਪਤ ਹੁੰਦਾ ਜਾਵੇਗਾ, ਏਸ ਕਰਕੇ ਵਿਸ਼ੇਸ਼ ਰਾਜਾ ਅਰ ਸਬ

ਮਨੁੱਸ਼ਾਂ ਨੂੰ ਉਚਿਤ ਹੈ ਕਿ ਕਦੀ ਸ਼ਿਕਾਰ ਅਰ ਸ਼ਰਾਬ ਪੀਵਨ ਆਦੀ ਦੁਸ਼ਟ ਕੰਮਾਂ ਵਿਚ ਨਾ ਫਸਨ, ਅਰ ਖੋਟੇ ਠਰਕਾਂ ਤੋਂ ਹਟਕੇ ਧਰਮ ਯੁਕਤ ਗੁਣ, ਕਰਮ, ਸੁਭਾਵ ਵਿਚ ਸਦਾ ਵਰਤ ਕੇ ਅੱਛੇ ਕੰਮ ਕੀਤਾ ਕਰਨ॥ ੧੧॥ ਰਾਜੇ ਸਭਾਸਦ ਅਰ ਮੰਤ੍ਰੀ ਕੇਹੇ ਜੇਹੇ ਹੋਨੇ ਚਾਹੀਏ :—

ਮੈਲਾਨ ਸ਼ਾਸਤ੍ਰਵਿਦਃ ਸ਼ੂਰਾਂਲਬਧਲਖਛਾਨ ਕੁਲੋਦਗਤਾਨ।
ਸਚਿਵਾਨਸਪਤ ਚਾਸ਼ਟੌ ਵਾ ਪ੍ਰਕੁਰਵੀਤ ਪਰੀਖਛਿਤਾਨ॥ ੧॥
ਅਪਿ ਯਤਸੁਕਰੰ ਕਰਮ ਤਦਪਜੇਕੇਨ ਦੁਸ਼ਕਰਮ।
ਵਿਸ਼ੇਸ਼ਤੋਅਸਹਾਯੇਨਕਿੰਤੁ ਰਾਜਨੈ ਮਹੋਦਯਮ॥ ੨॥
ਤੈਃ ਸਾਰਧੰ ਚਿੰਤਯੇਤਨਿਤ੍ਯੰ ਸਾਮਾਨਯੰ ਸੰਧਿਵਿਗ੍ਰਹਮ।
ਸਥਾਨੰ ਸਮੁਦਯੰ ਗੁਪਤਿੰ ਲਬਧਪ੍ਰਸ਼ਮਨਾਨਿ ਚ॥ ੩॥
ਤੇਸ਼ਾਂ ਸ੍ਵੰ ਸ੍ਵਮਭਿਪ੍ਰਾਯਮੁਪਲਭ੍ਯ ਪ੍ਰਿਥਕ ਪ੍ਰਿਥਕ।
ਸਮਸਤਾਨਾਂਚ ਕਾਰਯੇਸ਼ੁ ਵਿਦਧਜਾਤਹਿਤਮਾਤ੍ਮਨਃ॥ ੪॥
ਅਨਜਾਨਪਿ ਪ੍ਰਕੁਰਵੀਤ ਸ਼ੁਚੀਨ ਪ੍ਰਾਜ੍ਞਵਾਨਵਮਖਿਤਾਨ।
ਸਮਨਗਰਥਸਮਾਹਰਤ੍ਰੀਨਮਾਤ੍ਯਜਾਨਸੁਪਰੀਖਛਿਤਾਨ॥ ੫॥
ਨਿਵਰਤੇਤਾਸਜ ਯਾਵਦਭਿਹਿਤਿਕਰਤਵਜਤਾ ਨ੍ਰਿਭਿਃ।
ਤਾਵਤੋਅਤੰਦ੍ਰਿਤਾਨ ਦਖਛਾਨ ਪ੍ਰਕੁਰਵੀਤ ਵਿਚਖਛਣਾਨ॥ ੬॥
ਤੈਸ਼ਾਮਰਥੇ ਨਿਯੁੰਜੀਤ ਸ਼ੂਰਾਨ ਦਖਛਾਨ ਕੁਲੋਦਗਤਾਨ।
ਸ਼ੁਚੀਨਾਕਰਕਰਮਾਂਤੇ ਭੀਰੂਨੰਤਰਨਿਵੇਸ਼ਨੇ॥ ੭॥
ਦੂਤੰ ਚੈਵ ਪ੍ਰਕੁਰਵੀਤ ਸਰਵਸ਼ਾਸਤ੍ਰਵਿਸ਼ਾਰਦਮ।
ਇੰਗਤਾਕਾਰਚੇਸ਼ਟਜਵੰ ਸ਼ੁਚਿੰ ਦਖਛੰ ਕੁਲੋਦਗਤਮ॥ ੮॥
ਅਨੁਰਕਤਃ ਸ਼ੁਚਿਰਦਖਛਃਸਮ੍ਰਿਤਿਮਾਨ ਦੇਸ਼ਕਾਲਵਿਤ।
ਵਪ੍ਰੁਸ਼ਮਾਨਵੀਤਭੀਰਵਾਗਮੀ ਦੂਤੋ ਰਾਜ੍ਞਃ ਪ੍ਰਸ਼ਸਯਤੇ॥ ੯॥
ਮਨੁਸਮ੍ਰਿਤੀ ਅਧਜਾਯ ੭। ਸ਼ਲੋਕ ੫੪–੫੭। ੬੦–੬੪॥

ਅਪਨੇ ਰਾਜ ਅਪਨੇ ਦੇਸ਼ ਵਿਚ ਉਤਪੰਨ ਹੋਏ ਵੇਦ ਆਦੀ ਸ਼ਾਸਤ੍ਰਾਂਦੇ ਜਾਨਨ ਵਾਲੇ, ਸ਼ੂਰਬੀਰ, ਜਿਨਾਂ ਦਾ ਵਿਚਾਰ ਨਿਸ਼ਫਲ ਨਾ ਹੋਵੇ, ਅਰ ਕੁਲੀਨ ਚੰਗੀ ਤਰਾਂ ਪਰੀਖਛਾ ਕੀਤੇ ਹੋਏ, ਸਤ ਵਾ ਅੱਠ ਉੱਤਮ ਧਾਰਿਮਕ ਚਤੁਰ ਮੰਤ੍ਰੀ ਕਰੇ॥ ੧॥ ਕਿਉਂਕਿ ਵਿਸ਼ੇਸ਼ ਸਹਾਯਤਾ ਤੋਂ ਬਗੈਰ ਜੇਹੜਾ ਸੁਖਾਲਾ ਕੰਮ ਹੈ ਓਹ ਭੀ ਇੱਕ ਦੇ ਕਰਨ ਵਿੱਚ ਕਠਿਨ ਹੋ ਜਾਂਦਾ ਹੈ, ਜਦੋਂ ਏਹ ਗੱਲ ਹੈ ਤਾਂ ਮਹਾਨਰਾਜਕਰਮ ਇਕ ਕੋਲੋਂ ਕੀਕਨ ਹੋਸਕਦਾਹੈ ਏਸ ਲਈ ਇਕਨੂੰ ਰਾਜਾ ਅਰ ਇਕ ਦੀ ਬੁੱਧੀ ਉੱਤੇ ਰਾਜ ਦੇ ਕਾਰਯ ਦਾ ਭਰੋਸਾ ਰੱਖਨਾ ਬਹੁਤ ਹੀ ਬੁਰਾ ਕੰਮ ਹੈ॥੨॥ ਏਸ ਕਰਕੇ ਸਭਾਪਤੀ ਨੂੰ ਉਚਿਤ ਹੈ ਕਿ ਨਿੱਤ ਪ੍ਰਤੀ ਇਨਾਂ ਰਾਜ ਦੇ ਕਰਮਾਂ ਵਿਚ ਪੂਰੇ ਵਿਦਵਾਨ ਮੰਤ੍ਰੀਆਂ ਦੇ ਨਾਲ ਸਾਮਾਨਜ ਕਰਕੇ

ਕਿਸੇ ਨਾਲ ਮਿਤ੍ਰਭਾ, ਕਿਸੇ ਨਾਲ ਵਿਰੋਧ, ਇਸਥਿਤੀ ਸਮੇਂ ਨੂੰ ਵੇਖਕੇ ਚੁੱਪ ਚਾਪ ਰਹਨਾ, ਅਪਨੇ ਰਾਜ ਦੀ ਰਖਛਾ ਕਰਕੇ ਬੈਠ ਰਹਨਾ, ਸਦ ਅਪਨਾ ਉਦੈ ਅਰਥਾਤ ਬ੍ਰਿੱਧੀ ਹੋਵੇ ਤਦ ਦੁਸ਼ਦ ਵੈਰੀਉੱਤੇ ਚੜ੍ਹਾਈ ਕਰਨਾ,ਮੂਲ,ਰਾਜ ਸੈਨਾ, ਖਜ਼ਾਨੇ ਆਦੀ ਦੀ ਰਖਛਾ, ਜੇਹੜੇ ਜੇਹੜੇ ਦੇਸ਼ ਪ੍ਰਾਪਤ ਹੋਨ ਉਨਾਂ ਉਨ੍ਹਾਂ ਵਿਚ ਸ਼ਾਂਤੀ ਸਥਾਪਨ, ਉਪਦ੍ਰਵ ਰਹਿਤ ਕਰਨਾ,ਇਨਾਂ ਛੀਆਂ ਗੁਣਾਂ ਦਾ ਵਿਚਾਰ ਨਿਤਪ੍ਰਤੀ ਕੀਤਾ ਕਰੇ ॥ ੩ ॥ ਵਿਚਾਰ ਨਾਲ ਕਰਨਾ,ਉਨ੍ਹਾਂ ਸਭਾਸਦਾਂ ਦਾ ਵੱਖੋ ਵੱਖਰਾ ਅਪਨਾ ਅਪਨਾ ਵਿਚਾਰ ਅਰ ਮਤਲਬ ਨੂੰ ਸੁਨਕੇ ਬਹੁਪਖਛ ਅਨੁਸਾਰ ਕਾਰਯਾਂ ਵਿਚ ਜੇਹੜਾਕਾਰਯ ਅਪਨਾ ਅਰ ਦੂਜੇਦਾ ਹਿਤਕਾਰਕ ਹੋਵੇ ਓਹ ਕਰਨੇ ਲਗਨਾ॥੪॥ ਹੋਰ ਭੀ ਪਵਿਤ੍ਰ ਆਤਮਾ,ਬੁੱਧੀਮਾਨ, ਦ੍ਰਿੜ ਵਿਚਾਰ ਵਾਲੇ, ਪਦਾਰਥਾਂ ਨੂੰ ਇਕੱਠੇ ਕਰਨ ਵਿਚ ਅਤੀਚਤੁਰ ਪਰੀਖਛਾ ਕੀਤੇ ਹੋਏ ਮੰਤ੍ਰੀ ਕਰੇ ॥੫॥ਜਿੰਨੇ ਮਨੁਸ਼ਾਂਕੋਲੋਂ ਕਾਰਯ ਸਿੱਧ ਹੋਸਕੇ ਉੱਨੇ ਆਲਸ ਰਹਿਤ ਬਲਵਾਨ ਅਰ ਬੜੇ ਬੜੇ ਚਤੁਰ ਪ੍ਰਧਾਨ ਪੁਰੁਸ਼ਾਂ ਨੂੰ ਅਧਿਕਾਰੀ ਅਰਥਾਤ ਨੌਕਰ ਰੱਖੇ ॥੬॥ ਏਸਦੇ ਅਧੀਨ ਸ਼ੂਰਵੀਰ, ਬਲਵਾਨ ਕੁਲ ਵਿਚ ਉਤਪੰਨ ਹੋਏ ਪਵਿਤ੍ਰ ਨੌਕਰਾਂ ਨੂੰ ਵਡੇ ਵਡੇ ਕੰਮਾਂ ਵਿਚ ਅਰ ਭਰਨ ਵਾਲਿਆਂ ਨੂੰ ਅੰਦਰ ਦੇ ਕੰਮਾਂ ਵਿਚ ਲਾਵੇ॥੭॥ਜੇਹੜਾ ਚੰਗੇ ਕੁਲ ਵਿਚ ਉਤਪੰਨ,ਚਤੁਰ, ਪਵਿਤ੍ਰ, ਹਾਉ ਭਾਉ ਅਰ ਚੇਸ਼ਟਾ ਥੀਂ ਅੰਦਰ ਦੀ ਹ੍ਰਿਦੇ ਅਰ ਭਵਿਸ਼ੱਤ ਵਿਚ ਹੋਨ ਵਾਲੀ ਬਾਤ ਨੂੰ ਜਾਨਨ ਹਾਰਾ, ਸਭਨਾਂ ਸ਼ਾਸਤ੍ਰਾਂ ਵਿਚ (ਵਿਸ਼ਾਰਦ) ਚਤੁਰ ਹੈ ਉਸ ਦੂਤ ਨੂੰ ਭੀ ਰੱਖੇ॥੮॥ਓਹ ਅਜੇਹਾ ਹੋਵੇ ਕਿ ਰਾਜ ਦੇ ਕੰਮ ਵਿਚ ਛਾਛੇ 'ਚਾ' ਅਤ ਪ੍ਰੀਤੀ ਵਾਲਾ, ਨਿਸ਼ਕਪਟੀ, ਪਵਿਤ੍ਰ ਆਤਮਾ, ਚਤੁਰ, ਬਹੁਤ ਸਮਯ ਦੀ ਬਾਤ ਨੂੰ ਭੀ ਨਾ ਭੁਲਨ ਵਾਲਾ, ਦੇਸ਼ ਅਰ ਕਾਲ ਦੇ ਅਨੁਕੂਲ ਵਰਤਨ ਵਾਲਾ, ਸੁੰਦਰ ਰੂਪ ਵਾਲਾ, ਨਿਟਭੈ ਅਰ ਵਡਾ ਵਜਾਖਿ-ਆਨ ਕਰਨ ਵਾਲਾ ਹੋਵੇ ਓਹੋ ਰਾਜਾ ਦਾ ਦੂਤ ਹੋਨਾ ਚੰਗਾ ਹੈ ॥ ੯ ॥ ਕਿਸ ਕਿਸ ਨੂੰ ਕੀ ਕੀ ਅਧਿਕਾਰ ਦੇਨਾ ਯੋਗ ਹੈ :—

ਅਮਾਤਜੋ ਦੰਡ ਆਯੱਤੋ ਦੰਡੇ ਵੈਨਯਿਕੀ ਕ੍ਰਿਯਾ ।
ਨ੍ਰਿਪਤੌ ਕੋਸ਼ਰਾਸ਼ਟ੍ਰੇ ਚ ਦੂਤੇ ਸੰਧਿਵਿਪਰਯਯੌ ॥ ੧ ॥
ਦੂਤ ਏਵ ਹਿ ਸੰਧੱਤੇ ਭਿਨੱਤਜੇਵ ਚ ਸੰਹਤਾਨ ।
ਦੂਤਸਤਤਕੁਰੁਤੇ ਕਰਮ ਭਿਦਯੰਤੇ ਯੇਨ ਵਾ ਨ ਵਾ ॥ ੨ ॥
ਬੁੱਧ੍ਯਾ ਚ ਸਰਵੰਤੱਤ੍ਵੈਨ ਪਰਰਾਜਚਿਕੀਰਸ਼ਿਤਮ ।
ਤਥਾ ਪ੍ਰਯਤਨਮਾਤਿਸ਼ਠੇਦਜਾਬਾਤਮਾਨੰ ਨ ਪੀਡਯੇਤ ॥ ੩ ॥
ਧਨੁਰਦੁਰਗੀ ਮਹੀਦੁਰਗਮਬਦੁਰਗੀ ਵਾਰਖਛਮੇਵਵਾ
ਨ੍ਰਿ ਦੁਰਗੰਗਿਰਿਦੁਚਰੀ ਵਾ ਸਮਾਸ਼੍ਰਿਤਜ ਵਮੇਤਪੁਰਮ ॥ ੪ ॥
ਏਕਃ ਸ਼ਤੰ ਯੋਧਯਤਿ ਪ੍ਰਾਕਾਰਥੋ ਧਨੁਰਧਰਃ ।

ਸ਼ਤੈ ਦਸ਼ ਸਹਸ੍ਰਾਣਿ ਤਸਮੱਾਦੁਰਗੀ ਵਿਧੀਯਤੇ॥ ੫॥
ਤਤਸਜ਼ਾਦਾਯੁਧਸੰਪਨੰ ਧਨਧਾਨਯੈਨ ਵਾਹਨੈਃ।
ਬ੍ਰਾਹਮਣੈਃ ਸ਼ਿਲਪਿਭਿਰਯੰਤ੍ਰੈਰਯਵਸੇਨੋਦਕੇਨ ਚ ॥ ੬॥
ਤਸਜ ਮਧਜੇ ਸੁਪਰਯਾਪਤੰ ਕਾਰਯੇਦਗ੍ਰਿਹਮਾਤਮਨਃ।
ਗੁਪਤੰ ਸਰਵਰਤੁਕੰ ਸੁਖੰ੍ ਜਲਵ੍ਰਿਖਛਸਮਨ੍ਵਿਤਮ ॥ ੭ ॥
ਤਦਧਜ਼ਾਸਜੋਦ੍ਵਹੇਦਭਾਰਯਾਂ ਸਵਰ੍ਣਾਂ ਲਖਛਣਾਨ੍ਵਿਤਾਮ ।
ਕੁਲੇ ਮਹਤਿ ਸੰਭੂਤਾਂ ਹ੍ਰਿਦਜਾਂ ਰੂਪਗੁਣਾਨ੍ਵਿਤਾਮ ॥ ੮॥
ਪੁਰੋਹਿਤੰ ਪ੍ਰਕੁਰਵੀਤ ਵ੍ਰਿਣੁਯਾਦੇਵ ਚਰਤ੍ਵਿਜਮ ।
ਤੇ ਅਸਜ ਗ੍ਰਿਹਜਾਣਿ ਕਰਮਾਣਿ ਕੁਰਯੁਰਵੈ ਤਾਨਿ ਕਾਨਿ ਚ ॥ ੯ ॥
ਮਨੁਸਮ੍ਰਿਤੀ ਅਧਜਾਯ ੭। ਸ਼ਲੋਕ ੬੫। ੬੬। ੬੮। ੭੦। ੭੪–੭੮ ॥

ਅਮਾਤਜ ਨੂੰ ਦੰਡ ਅਧਿਕਾਰ, ਦੰਡ ਵਿਚ ਵਿਨੈ ਕ੍ਰਿਆ ਅਰਥਾਤ ਜਿਸ ਕਰਕੇ ਅਨਿਆਯ ਰੂਪ ਦੰਡ ਨਾ ਹੋਨੇ ਪਾਵੇ, ਰਾਜਾ ਦੇ ਅਧੀਨ ਖ਼ਜ਼ਾਨਾ ਅਰ ਰਾਜਕਾਰਯ, ਤਥਾ ਸਭਾ ਦੇ ਅਧੀਨ ਸਬ ਕਾਰਯ ਅਰ ਦੂਤ ਦੇ ਅਧੀਨ ਕਿਸੇ ਨਾਲ ਮੇਲ ਵਾ ਵਿਰੋਧ ਦੇ ਕਰਨ ਦਾ ਅਧਿਕਾਰ ਦੇਵੇ। ੧॥ਦੂਤ ਉਸਨੂੰ ਕਹਿੰਦੇ ਹਨ ਜੋਹੜਾ ਫੁੱਟ ਵਿੱਚ ਮੇਲ ਕਰ ਮਿਲੇ ਹੋਏ ਦੁਸ਼ਟਾਂ ਨੂੰ ਫੋੜ ਤੋੜ ਦੇਵੇ, ਦੂਤ ਓਹ ਕਰਮ ਕਰੇ ਜਿਸ ਕਰਕੇ ਸ਼ਤ੍ਰੂਆਂ ਵਿਚ ਫੁਟ ਪਵੇ॥੨॥ਓਹਸਭਾਪਤੀ ਅਰ ਸਭਾਸਦ ਦਾ ਦੂਤ ਆਦੀ ਯਥਾਰਥ ਕਰਕੇ ਦੂਜੇ ਵਿਰੋਧੀ ਰਾਜੇ ਦਾ ਮਤਲਬ ਜਾਨਕੇ ਅਜੇਹਾ ਯਤਨ ਕਰੇ ਕਿ ਜਿਸ ਕਰਕੇ ਅਪਨੇ ਨੂੰ ਪੀੜਾ ਨ ਹੋਵੇ ॥ ੩ ॥ ਸੁੰਦਰ ਜੰਗਲ,ਧਨ, ਧਾਨਜ ਵਾਲੇ ਦੇਸ਼ ਵਿਚ ਧਨੁਰਧਾਰੀ ਪੁਰੁਸ਼ਾਂ ਥੀਂ ਭਰਪੂਰ, ਮਿੱਟੀ ਦਾ ਬਨਿਆ ਹੋਇਆ, ਜਲ ਕਰਕੇ ਵਲਿਆ ਹੋਇਆ, ਅਰ ਚੌਹਾਂ ਪਾਸੇ ਬਨ, ਚੌਹਾਂ ਪਾਸੇ ਸੈਨਾ ਰਹੇ, ਚੌਹਾਂ ਪਾਸੇ ਪਹਾੜਾਂ ਦੇ ਵਿਚ ਕੋਟ ਬਨਾਕੇ ਉਸਦੇ ਮੱਧ ਵਿਚ ਨਗਰ ਬਨਾਵੇ ॥੪ ॥ ਅਰ ਨਗਰ ਦੇ ਚੌਹਾਂ ਪਾਸੇ ਪ੍ਰਕੋਟ ਬਨਾਵੇ, ਕਿਉਂਕਿ ਉਸ ਵਿਚ ਸਥਿਤ ਹੋਇਆ ਇਕ ਵੀਰ ਧਨੁਰਧਾਰੀ ਸ਼ਸਤ੍ਰ ਵਾਲਾ ਪੁਰੁਸ਼ ੧੦੦ ਸੌਦੇ ਨਾਲ, ਅਰ ਸੌ ੧੦੦੦ ਇਕਹਜ਼ਾਰ ਦੇਨਾਲ ਯੁੱਧ ਕਰ ਸਕਦੇ ਹਨ, ਏਸ ਕਰਕੇ ਜ਼ਰੂਰ ਦੁਰਗ (ਕਿਲੇ) ਦਾ ਬਨਵਾਨਾ ਉਚਿਤ ਹੈ ॥੫॥ਓਹ ਦੁਰਗ ਸ਼ਸਤ੍ਰ ਅਸਤ੍ਰ ਧਨ, ਧਾਨਜ,ਵਾਹਨ(ਗੱਡੀ ਆਦੀ) ਬ੍ਰਾਹਮਣ ਜੇਹੜੇ ਪੜ੍ਹਾਨ ਅਰ ਉਪਦੇਸ਼ ਕਰਨ ਹਾਰੇ ਹੋਨ, ਸ਼ਿਲਪੀ ਅਰਥਾਤ ਕਾਰੀਗਰ, ਯੰਤ੍ਰ ਨਾਨਾਪ੍ਰਕਾਰ ਦੀਆਂ ਕਲਾਂ, ਚਾਰਾ, ਘਾਹ ਅਰ ਪਾਨੀ ਆਦੀ ਥੀਂ ਪਰੀਪੂਰਣ ਹੋਵੇ ॥੬॥ਓਹਦੇ ਮੱਧ ਵਿੱਚ ਪਾਨੀ ਰੁੱਖ,ਫੁਲ ਆਦਿਕ ਸਬ ਪ੍ਰਕਾਰ ਨਾਲ ਰਖਛਾ ਕੀਤੇ ਹੋਏ ਸਬ ਰੁੱਤਾਂ ਵ੍ਰਿਚ ਸੁਖ ਦੇ ਦੇਨ ਵਾਲੇ, ਚਿੱਟੇ ਰੰਗ ਦਾ ਅਪਨੇ ਵਾਸਤੇ ਘਰ ਜਿਸ ਵਿਚ ਸਬ ਰਾਜ ਕਾਰਯ ਦਾ ਨਿਰਵਾਹ ਹੋਵੇ ਓਸੋ ਜੇਹਾ ਬਨਾਵੇ ॥੭॥ ਇੰਨਾਂ ਅਰਥਾਤ ਬ੍ਰਹਮਚਰਯ ਦੀ

ਵਿਦਿਆ ਪੜ੍ਹਕੇ ਏਂਥੋਂ ਝਕ ਰਾਜ ਕੰਮ ਕਰਕੇ ਫਿਰ ਸੁੰਦਰ ਰੂਪ ਗੁਣ ਵਾਲੀ ਧ੍ਰਿਦੇ ਨੂੰ ਅਤੀ ਪਿਆਰੀ ਵੱਡੇ ਉਤਮ ਕੁਲ ਵਿਚ ਉਤਪੰਨ ਹੋਈ ਸੁੰਦਰ ਲਖਛਣਾਂ ਵਾਲੀ ਅਪਨੇ ਖਛਤ੍ਰੀ ਕੁਲ ਦੀ ਕੰਨਿਆ ਜੇਹੜੀ ਅਪਨੇ ਵਰਗੀ ਵਿਦਿਆ ਆਦੀ ਗੁਣ, ਕਰਮ, ਸੁਭਾਵ ਵਿਚ ਹੋਵੇ ਉਸ ਇੱਕੋ ਹੀ ਇਸਤ੍ਰੀ ਨਾਲ ਵਿਆਹ ਕਰੇ, ਦੂਜੀ ਇਸਤ੍ਰੀਆਂ ਨੂੰ ਅਗਮਜ ਸਮਝਕੇ ਅੱਖ ਨਾਲ ਭੀ ਨਾ ਵੇਖੇ ॥੮॥ ਪੁਰੋਹਿਤ ਅਰ ਰਿਤ੍ਵਜ ਦਾ ਸ੍ਵੀਕਾਰ ਏਸ ਲਈ ਕਰੇ ਕਿ ਓਹ ਅਗਨੀਹੋਤ੍ਰ ਅਰ ਪ੍ਰਖਛੇਸ਼ਟੀ ਯੱਗ ਆਦੀ ਸਭ ਰਾਜ ਘਰ ਦੇ ਕੰਮ ਕੀਤਾ ਕਰਨ, ਅਰ ਆਪ ਸਰਵਦਾ ਰਾਜ ਦੇ ਕੰਮ ਵਿਚ ਲਗਿਆ ਰਹੇ ਅਰਥਾਤਏਹੋ ਹੀ ਰਾਜਾ ਦਾ ਸੰਧਿਆ ਉਪਾਸਨ ਆਦੀ ਕਰਮ ਹੈ ਜੇਹੜਾ ਰਾਤ ਦਿਨ ਕਾਰਯ ਵਿਚ ਲਗੇ ਰਹਿਨਾ ਅਰ ਕੋਈ ਰਾਜ ਦਾ ਕੰਮ ਵਿਗੜਨ ਨ ਦੇਨਾ ॥੯॥

ਸ਼ਾਂਵਤ੍ਸਰਿਕਮਾਪਤੈਸ਼ਚ ਰਾਸ਼ਟ੍ਰਾਦਾਹਾਰਯੇਦ੍ਬਲਿਮ ।
ਸਮ੍ਯੱਾਚਾਮਨਾਯਪਰੋ ਲੋਕੇ ਵਰਤੇਤ ਪਿਤ੍ਰੇਵਤ੍ਤਾਨ੍ ਸ਼ੁ ॥ ੧ ॥
ਅਧਯਖਛਾਨ ਵਿਵਿਧਾਨ ਕੁਰੁਯਾਤ ਤਤ੍ ਤਤ੍ ਵਿਪਸ਼ਚਿਤਃ ।
ਤੇ ਅਸਯ ਸਰਵਾਣਯਵੇਖਛੇਰਨਨ੍ਵਿਤਾਂ ਕਾਰਯਾਣਿ ਕੁਰਵਤਾਮ ॥ ੨ ॥
ਆਵ੍ਰਿੱਤਾਨਾਂ ਗੁਰੁਕੁਲਾਦ੍ਵਿਪ੍ਰਾਣਾਂ ਪ੍ਰਤ੍ਯਕੱ ਭਵੇਤ ।
ਨ੍ਰਿਪਾਣਾਮਖਛਯੋ ਹਯੇਸ਼ ਨਿਧਿਰਬ੍ਰਾਹਮੋ ਵਿਧੀਯਤੇ ॥ ੩ ॥
ਸਮੋੱਤਮਾਧਮੈਃ ਰਾਜਾ ਤ੍ਰਾਹੁਤਃ ਪਾਲਯਨ ਪ੍ਰਜਾਃ ।
ਨ ਨਿਵਰਤੇਤ ਸੰਗ੍ਰਾਮਾਤ ਖਛਾਤ੍ਰੰ ਧਰਮਮਨੁਸਮਰਨ ॥ ੪ ॥
ਆਹਵੇਸ਼ੁ ਮਿਥੋਅਨਯੋਅਨਯੰ ਜਿਘਾਂਸਤੋ ਮਹੀਖਛਿਤਃ ।
ਯੁਧਯਮਾਨਾਃ ਪਰੰ ਸ਼ਕਤ੍ਯਾ ਸ੍ਵਰ੍ਗੀ ਯਾਂਤ੍ਯਪਰਾਙ੍ਮੁਖਾਃ ॥ ੫ ॥
ਨ ਚ ਹਨਯਾਤ ਸਥਾਲਾਰੂਢੰ ਨ ਕਲੀਵੰ ਨ ਕ੍ਰਿਤਾਂਜਲਿਮ ।
ਨ ਮੁਕਤਕੇਸ਼ੰ ਨਾਸੀਨੰ ਨ ਤਵਾਸਮੀਤਿਵਾਦਿਨਮ ॥ ੬ ॥
ਨ ਸੁਪਤੰ ਨ ਵਿਸੱਨਾਹੰ ਨ ਨਗਨੰ ਨ ਨਿਰਾਯੁਧਮ ।
ਨਾ ਯੁਧ੍ਯਮਾਨੰ ਪਸ਼ਯਨ੍ਤੰ ਨ ਪਰੇਣ ਸਮਾਗਤਮ ॥ ੭ ॥
ਨਾਯੁਧਵ੍ਯਸਨੰ ਪ੍ਰਾਪ੍ਤੰ ਨਾਰ੍ਤੰ ਨਾਤ੍ਤਿਪਰਿਖਛਤਮ ।
ਨ ਭੀਤੰ ਨ ਪਰਾਵ੍ਰਿੱਤੰ ਸਤਾਂ ਧਰਮਮਨੁਸਮਰਨ ॥ ੮ ॥
ਯਸਤੁ ਭੀਤਃ ਪਰਾਵ੍ਰਿੱਤਃ ਸੰਗ੍ਰਾਮੇ ਹਨਯਤੇ ਪਰੈਃ।
ਭਰਤੁਰਯੱਦੁਸ਼ਕ੍ਰਿਤੰ ਕਿੰਚਿੱਤਤ੍ਤਸ੍ਯ ਵੈ ਪ੍ਰਤਿਪਦ੍ਯਤੇ ॥ ੯ ॥
ਯੱਚਾਸਯ ਸੁਕ੍ਰਿਤੰ ਕਿੰਚਿਦਮੁਤ੍ਰਾਰਥਮੁਪਾਰਜਿਤਮ ।
ਭਰਤਾ ਭਤਸਰਵਮਾਦੱਤੇ ਪਰਾਵ੍ਰਿਤਹਤਸਯ ਤੁ ॥ ੧੦ ॥
ਰਥਾਸ਼੍ਵ ਹਸਤਿਨੰ ਛਤ੍ਰੰ ਧਨੰ ਧਾਨ੍ਯੰ ਪਸ਼ੂਨ ਸਤ੍ਰਿਯਃ ।

ਸਰਵਦ੍ਰਵਜਾਣਿ ਕੁਪਜੰ ਚ ਯੋਯੱਜਯਤਿ ਤਸਜ ਤਤ ॥ ੧੧ ॥
ਰਾਜਵਸ਼ਚ ਦਦਯੁਰੂ ਧਾਂਭਾਰਮਿਤਯੇਸ਼ਾ ਵੈਦਿਕੀ ਸ੍ਰੁਤਿਃ।
ਰਾਜਵਾ ਚ ਸਰਵਯੋਧੇਭਯੋ ਦਾਤਵਜਮਪ੍ਰਿਥਕਜਿੱਤਮ ॥ ੧੨ ॥
ਮਨੁਸਮ੍ਰਿਤੀ ਅਧਯਾਯ ੭। ਸ਼ਲੋਕ ੮੦-੮੨। ੮੭। ੮੯। ੯੧-੯੭ ॥

ਵਰ੍ਹੇ ਦਾ 'ਕਰ' (ਟਿਕਸ) ਆਪਤ ਪੁਰੁਸ਼ਾਂ ਦੇ ਦ੍ਵਾਰਾ ਗ੍ਰਹਣ ਕਰੇ, ਅਰ ਜਿਹੜੇ ਸਭਾਪਤੀ ਰੂਪ ਰਾਜਾ ਆਦੀ ਪ੍ਰਧਾਨ ਪੁਰੁਸ਼ ਹਨ ਓਹ ਸਭ ਸਭਾ ਵੇਦ ਅਨੁਕੂਲ ਹੋਕੇ ਪ੍ਰਜਾ ਦੇ ਨਾਲ ਪਿਤਾ ਦੀ ਨਿਆਈਂ ਵਰਤਨ ॥ ੧ ॥ ਉਸ ਰਾਜ ਕਾਰਯ ਵਿਚ ਤਰਾਂ ਤਰਾਂ ਦੇ ਅਧਯਖਛਾਂ ਨੂੰ ਸਭਾ ਨਿਯਤ ਕਰੇ, ਇਨ੍ਹਾਂ ਦਾ ਏਹੋ ਕੰਮ ਹੈ ਜਿੰਨੇ ਜਿਸ ਜਿਸ ਕੰਮ ਵਿਚ ਰਾਜ ਪੁਰੁਸ਼ ਹੋਨ ਓਹ ਨਿਯਮ ਅਨੁਸਾਰ ਵਰਤ ਕੇ ਯਥਾਵਤ ਕੰਮ ਕਰਦੇ ਹਨ ਯਾ ਨਹੀਂ, ਜੇ ਯਥਾਵਤ ਕਰਨ ਤਾਂ ਉਨ੍ਹਾਂ ਦਾ ਸਤਕਾਰ, ਅਰ ਜੇ ਵਿਰੁੱਧ ਕਰਨ ਤਾਂ ਉਨ੍ਹਾਂ ਨੂੰ ਯਥਾਵਤ ਦੰਡ ਦਿੱਤਾ ਕਰੇ ॥ ੨ ॥ ਸਦਾ ਜੇਹੜਾ ਰਾਜਿਆਂ ਦਾ ਵੇਦ ਪ੍ਰਚਾਰ ਰੂਪ ਅਖਛੈ ਖਜ਼ਾਨਾ ਹੈ ਏਸ ਦੇ ਪ੍ਰਚਾਰ ਦੇ ਵਾਸਤੇ ਕੋਈ ਯਥਾਵਤ ਬ੍ਰਹਮਚਰਯ ਕਰਕੇ ਵੇਦ ਆਦੀ ਸ਼ਾਸਤ੍ਰਾਂ ਨੂੰ ਪੜ੍ਹਕੇ ਗੁਰੂਕੁਲ ਤੋਂ ਆਵੇ ਉਸਦਾ ਸਤਕਾਰ ਰਾਜਾ ਅਰ ਸਭਾ ਯਥਾਵਤ ਕਰਨ, ਤਥਾ ਉਨ੍ਹਾਂ ਦਾ ਭੀ ਜਿਨ੍ਹਾਂ ਦੇ ਪੜ੍ਹਾਏ ਹੋਏ ਵਿਦਵਾਨ ਹੋਨ ॥ ੩ ॥ ਏਸ ਬਾਤ ਦੇ ਕਰਨ ਨਾਲ ਰਾਜ ਵਿਚ ਵਿਦਿਆ ਦਾ ਵਾਧਾ ਹੋਕੇ ਬਹੁਤ ਉੱਨਤੀ ਹੁੰਦੀ ਹੈ। ਜਦ ਕਦੀ ਪ੍ਰਜਾ ਦੇ ਪਾਲਨ ਕਰਨ ਵਾਲੇ ਰਾਜਾ ਨੂੰ ਕੋਈ ਅਪਨੇ ਤੋਂ ਛੋਟਾ, ਤੁੱਲ, ਅਰ ਉੱਤਮ ਸੰਗ੍ਰਾਮ ਵਿਚ ਬੁਲਾਵੇ ਤਾਂ ਖਛਤ੍ਰੀਆਂ ਦੇ ਧਰਮ ਦਾ ਸਮਰਣ ਕਰਕੇ ਸੰਗ੍ਰਾਮ ਵਿਚ ਜਾਨ ਤੋਂ ਕਦੀ ਨ ਹਟੇ ਅਰਥਾਤ ਵਡੀ ਚਤੁਰਾਈ ਦੇ ਨਾਲ ਉਨ੍ਹਾਂ ਦੇ ਨਾਲ ਯੁੱਧ ਕਰੇ ਜਿਸ ਕਰਕੇ ਅਪਨੀ ਹੀ ਜਿੱਤ ਹੋਵੇ ॥੪॥ ਜੇਹੜੇ ਸੰਗ੍ਰਾਮਾਂ ਵਿਚ ਇਕ ਦੂਜੇ ਦੇ ਮਾਰਨ ਦੀ ਇਛਿਆ ਕਰਦੇ ਹੋਏ ਰਾਜਾ ਲੋਗ ਅਪਨੀ ਸਾਮਰਥ ਦੇ ਅਨੁਕੂਲ ਬਗੈਰ ਡਰਨ ਦੇ ਪਿੱਠ ਨਾ ਵਿਖਾਕੇ ਯੁੱਧ ਕਰਦੇ ਹਨ ਓਹ ਸੁਖ ਨੂੰ ਪ੍ਰਾਪਤ ਹੁੰਦੇ ਹਨ, ਏਸ ਤੋਂ ਕਦੀ ਨਾ ਮੂੰਹ ਮੋੜੇ ਕਿੰਤੂ ਕਦੀ ਕਦੀ ਸ਼ਤ੍ਰੂ ਦੇ ਜਿੱਤਨ ਦੇ ਵਾਸਤੇ ਉਨ੍ਹਾਂ ਦੇ ਸਾਮਨੇ ਤੋਂ ਲੁਕ ਜਾਨਾ ਉਚਿਤ ਹੈ, ਕਿਉਂਕਿ ਜਿਸ ਤਰਾਂ ਦੇ ਨਾਲ ਸ਼ਤ੍ਰੂ ਨੂੰ ਜਿੱਤ ਸਕੇ ਓਹੋ ਜੇਹੇ ਕੰਮ ਕਰਨ, ਜੀਕਨ ਸ਼ੇਰ ਕ੍ਰੋਧ ਦਾ ਮਾਰਿਆ ਸਾਂਮਨੇ ਆਕੇ ਸ਼ਸਤ੍ਰ ਦੀ ਅੱਗ ਵਿਚ ਝਟ ਪਟ ਭਸਮ ਹੋ ਜਾਂਦਾ ਹੈ ਉਸੇ ਤਰਾਂ ਮੂਰਖਤਾ ਨਾਲ ਨਸ਼ਟ ਭ੍ਰਸ਼ਟ ਨਾ ਹੋ ਜਾਨ ॥ ੫ ॥ ਯੁੱਧ ਸਮੇ ਵਿਚ ਨਾ ਏਧਰ ਓਧਰ ਖਲੋਤੇ, ਨ ਨਪੁੰਸਕ (ਹਿਜੜੇ) ਨਾ ਹਥ ਜੋੜੇ ਹੋਏ ਨਾ ਜਿਸਦੇ ਸਿਰਦੇ ਵਾਲ ਖੁਲ ਗਏ ਹੋਨ, ਨਾ ਬੈਠੇ ਹੋਏ, ਨਾ ਮੈਂ ਤੇਰੀ ਸ਼ਰਣ ਹਾਂ, ਅਜੇਹੇ ਆਦਮੀ ਨੂੰ ॥੬॥ ਨਾ ਸੁਤੇ ਹੋਏ, ਨਾ ਮੂਰਛਾ ਨੂੰ ਪ੍ਰਾਪਤ ਹੋਏ, ਨਾ ਨੰਗੇ, ਨਾ ਸ਼ਸਤ੍ਰ ਤੋਂ ਰਹਿਤ, ਨਾ

युॱध करदे होऐ वेखन वाले, ना शत्रू दे साथी ॥७॥ ना शसत्र दे मारन नाल पीड़ा नूँ प्रापत होऐ, ना दुखी, ना अतयंत घाइल, ना छरे होऐ अर ना दौड़दे होऐ पुरुश नूँ सत पुरुशां दे धरम दा समरण करदे होऐ योॱधा लोग कदी मारन, किंतू उनांनूँ पकड़के जेहड़े चंगी होन बंदीगृह विच रख देवे अर भोजन वसत्र यथावत देवे, अर जेहड़े घाइल होऐ होन उनुं दा दवादारु विधिपूरवक करन, उनुं नूँ ना चिड़ावे ना दुख देवे, जो उनुं दे योगय कंम होवे करावे,विशेश ऐस तो धिआन रॱखे कि इसत्री बालक, बिॱध, अर आतुर, तथा सोग वाले पुरुशां उॱते शसत्र कदी ना चलावे उनुं दे लड़कियां बालिआं नूँ अपनी मंतान वाङण पाले,अर इसत्रीआं नूँ भी पाले उनुं नूँ अपनी भैन अर कंनिआं दे समान समझे कदी खोटी दृशटी नाल भी ना डॱके, जद राज चंगी तरां नाल जॱम जावे अर जिनां नाल मुड़ मुड़ युॱध करन दी शंका न होवे उनां नूँ सतकार दे नाल छॱडके अपने अपने घर या देश नूँ भेज देवे अर जिनां थीं कॱल कलोतर नूँ विघन दा संभव होवे उनुं नूँ सदा कारागार (कैदखाने) विच रॱखे ॥ ८ ॥ अर जेहड़ा पलायन अरथात नॱस जावे अर छरिआ होइआ नौकर वैरीआं थीं मारिआ जावे ओह उस सामी दे अपराध नूँ प्रापत होके दंड दे योगय होवे ॥९॥ अर जेहड़ी प्रतिशठा है जिस करके एसलोक अर परलोक विच सुख होन वाला सी उसदा सामी लै लैंदा है जेहड़ा नॱसदा होइआ मारिआ जावे उसनूँ कुझ भी सुख नहीं हुंदा उसदा पुंन फल सब नशट होजांदा अज उस प्रतिशठा नूँ ओह प्रापत होवे जिसने धरम दे नाल यथावत युॱध कीता होवे ॥ १० ॥ एस विदसथानूँ कदी ना तोड़े कि जो जो लड़ाई दे विच जिस जिस सिपाही वा अधयकश ने रथ, घोड़े, हाथी, छतर, धन, धानज गऊ आदी पशू अर इसत्रीआं तथा होर तरां दे सब पदारथ, अर घिउ तेल आदी दे कूँपे जिॱते होन ओहो ही उस उसदा गरहण करे परंतू फौजी लोग भी उनां जिॱते होऐ पदारथां विचों सोलवां हिॱसा राजा नूँ देन अर राजा भी सैना दे लड़न वालिआं नूँ उस धन विचों जो सब ने मिलके जितिआ है सोलवां हिॱसा देवे अर जेहड़ा युॱध विच मरगिआ होवे उसदी इसत्री अर संतान नूँ उसदा भाग देवे अर उसदी इसत्री तथा असमरथ लड़कियां दा यथावत पालन करे, जद उसदे लड़के समरथ हो जान तद उनुं नूँ यथायोगय अधिकार देवे, जेहड़ा अपने राज दी बिॱधी, प्रतिशठा, जै, अर

ਆਨੰਦੇ ਬ੍ਰਿੱਧੀ ਦੀ ਇਛਿਆ ਰਖਦਾ ਹੋਵੇ ਓਹ ਏਸ ਮਰਯਾਦਾ ਦਾ ਉਲੰਘਨ ਕਦੀ ਨ ਕਰੇ :—

ਅਲਬਧੰ ਚੈਵ ਲਿਪਸੇਤ ਲਬਧੰ ਰਖਛੇਤ ਪ੍ਰਯਤੱਨਤਃ।
ਰਖਛਿਤੰ ਵਰਧਯੇਤਚੈਵ ਵ੍ਰਿੱਧੰ ਪਾਤ੍ਰੇਸ਼ੁ ਨਿਃਖਛਿਪੇਤ ॥ ੧ ॥
ਅਲਬਧਮਿੱਛੇਤਦੰਡੇਨ ਲਬਧੰ ਰਖਛੇਦਵੇਖਛਯਾ।
ਰਖਛਿਤੰ ਵਰਧਯੇਦ ਵ੍ਰਿੱਧਯਾ ਵ੍ਰਿੱਧੰ ਦਾਨੇਨ ਨਿਃਖਛਿਪੇਤ ॥ ੨ ॥
ਅਮਾਯਯੈਵ ਵਰਤੇਤ ਨ ਕਥੰਚਨ ਮਾਯਯਾ।
ਬੁਧਯੇਤਾਰਿਪ੍ਰਯੁਕਤਾਂ ਚ ਮਾਯਾਨਿਤਯੰ ਸ੍ਵਸੰਵ੍ਰਿਤਃ ॥ ੩ ॥
ਨਾਸਯ ਛਿਦ੍ਰੰ ਪਰੋ ਵਿਦਯਾਤ ਛਿਦ੍ਰੰ ਵਿਦਯਾਤਪਰਸਯ ਤੁ।
ਗੂਹੇਤ ਕੂਰਮ ਇਵਾਂਗਾਨਿ ਰਖਛੇਦ੍ਵਿਵਰਮਾਤਮਨਃ ॥ ੪ ॥
ਵਕਵੱਚਿੰਤਯੇਦਰਥਾਨ ਸਿੰਹਵੱਚ ਪਰਾਕ੍ਰਮੇਤ।
ਵ੍ਰਿਕਵੱਚਾਵਲੁੰਪੇਤ ਸ਼ਸ਼ਵੱਚ ਵਿਨਿਸ਼ਪਤੇਤ ॥ ੫ ॥
ਏਵੈ ਵਿਜਯਮਾਨਸਯ ਯੇ ਅਸਯ ਸਮੁਃ ਪਰਿਪੰਥਿਨਃ।
ਤਾਨਾਨਯੇਦ ਵਸ਼ੰ ਸਰ੍ਵਾਨ ਸਾਮਾਦਿਭਿਰੁਪਕ੍ਰਮੈਃ ॥੬ ॥
ਯਥੋੱਧਰਤਿ ਨਿਰਦਾਤਾ ਕਖਛੰ ਧਾਨਯੰ ਚ ਰਖਛਤਿ।
ਤਥਾ ਰਖਛੇਤਨ੍ਰਿਪੋ ਰਾਸ਼ਟ੍ਰੰ ਹਨਯੱਾਚ ਪਰਿਪੰਥਿਨਃ ॥ ੭ ॥
ਮੋਹਾਦ੍ਰਾਜਾ ਸ੍ਵਰਾਸ਼ਟ੍ਰੰ ਯਃ ਕਰਸ਼ਯਤੱਮਨਵੇਖਛਯਾ।
ਸੋਅਚਿਰਾਦ ਭ੍ਰਸ਼ਯਤੇ ਰਾਜਯੱਾਤਜੀਵਿਤੱ ਚ ਸਬਾਂਧਵਃ ॥ ੮ ॥
ਸ਼ਰੀਰਕਰਸ਼ਣਾਤ੍ਪ੍ਰਾਣਾਃ ਖਛੀਯੰਤੇ ਪ੍ਰਾਣਿਨਾਂ ਯਥਾ।
ਤਥਾਰਾਜਵਾਮਪਿ ਪ੍ਰਾਣਾਃ ਖਛੀਯੰਤੇ ਰਾਸ਼ਟ੍ਰਕਰਸ਼ਣਾਤ ॥ ੯ ॥
ਰਾਸ਼ਟ੍ਰਸਯ ਸੰਗ੍ਰਹੇ ਨਿਤਯੰ ਵਿਧਾਨਮਿਦਮਾਚਰੇਤ।
ਸੁਸੰਗ੍ਰਿਹੀਤਰਾਸ਼ਟ੍ਰੋ ਹਿ ਪਾਰਥਿਵਃ ਸੁਖਮੇਧਤੇ ॥ ੧੦ ॥
ਦ੍ਵਯੋਸਤ੍ਰਯਾਣਾਂ ਪੰਚਾਨਾਂ ਮਧਯੇ ਗੁਲਮਮਧਿਸ਼ਠਿਤਮ।
ਤਥਾ ਗ੍ਰਾਮਸ਼ਤਾਨਾਂ ਚ ਕੁਰਯਾਦ੍ਰਾਸ਼ਟ੍ਰਸਯ ਸੰਗ੍ਰਹਮ ॥ ੧੧ ॥
ਗ੍ਰਾਮਸਯਾਧਿਪਤਿੰ ਕੁਰਯਾਤਦਸ਼ਗ੍ਰਾਮਪਤਿੰ ਤਥਾ।
ਵਿੰਸ਼ਤੀਸ਼ੰ ਸ਼ਤੇਸ਼ੰ ਚ ਸਹਸ੍ਰਪਤਿਮੇਵ ਚ ॥ ੧੨ ॥
ਗ੍ਰਾਮੇ ਦੋਸ਼ਾਨਸਮੁਭਪੰਨਾਨ ਗ੍ਰਾਮਿਕਃ ਸ਼ਨਕੈਃ ਸ੍ਵਯਮ।
ਸ਼ੰਸੇਦ ਗ੍ਰਾਮਦਸ਼ੇਸ਼ਾਯ ਦਸ਼ੇਸ਼ੋ ਵਿੰਸ਼ਤੀਸ਼ਿਨਮ ॥ ੧੩ ॥
ਵਿੰਸ਼ਤੀਸ਼ਸਤੁ ਤਤ ਸਰ੍ਵੰ ਸ਼ਤੇਸ਼ਾਯ ਨਿਵੇਦਯੇਤ।
ਸ਼ੰਸੇਦ ਗ੍ਰਾਮਸ਼ਤੇਸ਼ਸਤੁ ਸਹਸ੍ਰਪਤਯੇ ਸ੍ਵਯਮ ॥ ੧੪ ॥
ਤੇਸ਼ਾਂ ਗ੍ਰਾਮਜਾਣਿ ਕਾਰਯਾਣਿ ਪ੍ਰਿਥਕ੍ਤਾਰਯਾਣਿ ਚੈਵ ਹਿ।
ਰਾਜਵੇਅਨਨ੍ਯਃ ਸਚਿਵਃ ਸਨਿਗਧਸਤਾਨਿ ਪਸ਼ਯੇਦਤੰਦ੍ਰਿਤਃ ॥ ੧੫ ॥

ਨਗਰੇ ਨਗਰੇ ਚੈਕੰ ਕੁਰਯਾਤ ਸਰਵਾਰਥਚਿੰਤਕਮ।
ਉੱਚੈਃਸਥਾਨੰ ਘੋਰਰੂਪੰ ਨਖਛਤ੍ਰਾਣਾਮਿਵ ਗ੍ਰਹਮ ॥ ੧੬ ॥
ਸ ਤਾਨਨੁਪਰਿਕ੍ਰਾਮੰਤ ਸਰਵਾਨੇਵ ਸਦਾ ਸ੍ਵਯਮ।
ਤੇਸ਼ਾਂ ਵ੍ਰਿੱਤੰ ਪਰਿਣਯੇਤ ਸਮਜਗ੍ਰਸ਼ਟ੍ਰੇਸ਼ੁ ਤੱਚਰੇਃ ॥ ੧੭ ॥
ਰਾਜਵੋ ਹਿ ਰਖਛਾਧਿਕ੍ਰਿਤਾਃ ਪਰਸ੍ਵਾਦਾਯਿਨਃ ਸ਼ਠਾਃ।
ਭ੍ਰਿਤਜਾ ਭਵੰਤਿ ਪ੍ਰਾਯੇਣ ਤੇਭਜੋ ਰਖਛੇਦਿਮਾਃ ਪ੍ਰਜਾਃ ॥ ੧੯ ॥
ਯੇ ਕਾਰਯਿਕੇਭਜੋਅਰਥਮੇਵ ਗ੍ਰਿਹਵੀਯੁਃ ਪਾਪਚੇਤਸਃ।
ਤੇਸ਼ਾਂ ਸਰਵਸ੍ਵਮਾਦਾਯ ਰਾਜਾ ਕੁਰਯਾਤਪ੍ਰਵਾਸਨਮ ॥ ੧੯ ॥

ਮਨੁ ਅਃ ੭ ਸ਼ਲੋਕ ੯੯।੧੦੧।੧੦੪–੧੦੭।੧੧੦–੧੧੭।੧੨੦–੧੨੪

ਰਾਜਾ ਅਰ ਰਾਜਸਭਾ ਅਲਬਧ ਵਸਤੂ ਦੀ ਪ੍ਰਾਪਤੀ ਦੀ ਇਛਿਆ, ਪ੍ਰਾਪਤ ਵਸਤੂ ਦੀ ਯਤਨ ਨਾਲ ਰਖਛਾ, ਰਖਛਿਤ ਵਸਤੂ ਨੂੰ ਵਧਾਨ, ਅਰ ਵਧਾਏ ਹੋਏ ਧਨ ਨੂੰ ਵੇਦ ਵਿਦਿਆ, ਧਰਮ ਦੇ ਪ੍ਰਚਾਰ, ਵਿਦਜਾਰਥੀ, ਵੇਦ ਮਾਰਗ ਦਾ ਉਪਦੇਸ਼ ਕਰਨ ਵਾਲੇ ਤਥਾ ਅਸਮਰਥ ਅਨਾਥਾਂ ਦੇ ਪਾਲਨ ਵਿਚ ਲਗਾਵੇ ॥ ੧ ॥ ਏਸ ਚਾਰ ਪ੍ਰਕਾਰ ਦੇ ਪੁਰੁਸ਼ਾਰਥ ਦੇ ਮਤਲਬ ਨੂੰ ਜਾਨਕੇ ਆਲਸ ਛਡਕੇ ਏਸ ਦਾ ਭਲੀ ਭਾਂਤੀ ਨਿਤ ਅਨੁਸ਼ਠਾਨ ਕਰੇ, ਦੰਡ ਥੀਂ ਅਪ੍ਰਾਪਤ ਦੀ ਪ੍ਰਾਪਤੀ ਦੀ ਇਛਿਆ, ਨਿੱਤ ਵੇਖਨ ਕਰਕੇ ਪ੍ਰਾਪਤ ਦੀ ਰਖਛਾ ਰਖਛਿਤ ਦੀ ਬ੍ਰਿਧੀ ਅਰਥਾਤ ਵਿਆਜ ਆਦੀ ਥੀਂ ਵਧਾਵੇ, ਅਰ ਵਧੇ ਹੋਏ ਧਨ ਨੂੰ ਉਪਰਲੇ ਮਾਰਗ ਵਿਚ ਨਿੱਤ ਖ਼ਰਚ ਕਰੇ ॥ ੨ ॥ ਕਦੀ ਭੀ ਕਿਸੇ ਦੇ ਨਾਲ ਛਲ ਨਾਲ ਨ ਵਰਤੇ, ਕਿੰਤੂ ਨਿਸ਼ਕਪਟ ਹੋਕੇ ਸਬ ਨਾਲ ਵਰਤੇ ਅਰ ਨਿੱਤਪ੍ਰਤੀ ਅਪਨੀ ਰਖਛਾ ਕਰਕੇ ਸ਼ਤ੍ਰੂ ਦੇ ਕੀਤੇ ਹੋਏ ਛਲ ਨੂੰ ਜਾਨਕੇ ਦੂਰ ਕਰੇ ॥ ੩ ॥ ਕੋਈ ਵੈਰੀ ਅਪਨੇ ਛਿੱਦ੍ਰ ਅਰਥਾਤ ਨਿਰਬਲਤਾ ਨੂੰ ਜਾਨ ਨ ਸੱਕੇ, ਅਰ ਆਪ ਵੈਰੀ ਦੇ ਛਿਦ੍ਰਾਂ ਨੂੰ ਜਾਨਦਾ ਰਹੇ, ਜਿਸ ਤਰਾਂ ਕੱਛੂ ਕੁੱਮਾਂ ਅਪਨੇ ਅੰਗਾਂ ਨੂੰ ਗੁਪਤ ਰਖਦਾ ਹੈ ਊਕਨ ਸ਼ਤ੍ਰੂ ਦੇ ਪ੍ਰਵੇਸ਼ ਕਰਨ ਦੇ ਛਿੱਦ੍ਰ ਨੂੰ ਲੁਕਾ ਰੱਖੇ ॥ ੪ ॥ ਜੀਕਨ ਬਗਲਾ ਤਾੜੀ ਲਾਕੇ ਮੱਛੀ ਪਕੜਨ ਨੂੰ ਤੱਕਦਾ ਹੈ ਊਕਨ ਧਨ ਦੇ ਇਕੱਠਾ ਕਰਨ ਦਾ ਵਿਚਾਰ ਕੀਤਾ ਕਰੇ, ਧਨ ਆਦੀ ਪਦਾਰਥ ਅਰ ਬਲਦਾ ਵਾਧਾ ਕਰਕੇ ਵੈਰੀ ਨੂੰ ਜਿੱਤਨ ਦੇ ਵਾਸਤੇ ਸ਼ੇਰ ਦੀ ਨਿਆਈਂ ਜ਼ੋਰ ਕਰੇ, ਚਿਤ੍ਰੇ ਦੀ ਨਿਆਈਂ ਲੁਕ ਛਿਪਕੇ ਸ਼ਤ੍ਰਆਂ ਨੂੰ ਪਕੜੇ ਅਰ ਕੋਲ ਆਏ ਬਲਵਾਨ ਵੈਰੀਆਂ ਥੀਂ ਸਹੇ ਦੀ ਨਿਆਈਂ ਦੂਰ ਦੌੜ ਜਾਵੇ ਅਰ ਪਸ਼ਚਾਤ ਉਨ੍ਹਾਂ ਨੂੰ ਛਲ ਕਰਕੇ ਪਕੜੇ ॥ ੫ ॥ ਏਸ ਪ੍ਰਕਾਰ ਯਤਨ ਵਾਲੇ ਸਭਾਪਤੀ ਦੇ ਰਾਜ ਵਿਚ ਜੇਹੜੇ ਪਰੀਪੰਥੀ ਅਰਥਾਤ ਡਾਕੂ ਲੁਟੇਰੇ ਹੋਨ ਉਨ੍ਹਾਂ ਨੂੰ (ਸਾਮ) ਮਿਲਾ ਲੈਨਾ (ਦਾਮ) ਕੁਛ ਦੇਰੇ (ਭੇਦ) ਫੋੜ ਫੋੜ ਕੇ ਵਸ਼ ਵਿਚ ਕਰੇ ਅਰ ਜੋ ਇਨ੍ਹਾਂ ਕਰਕੇ ਵਸ਼ ਵਿਚ ਨ ਹੋਨ ਤਾਂ ਅਤਿ

ਕਠਿਨ ਦੰਡ ਦੇਕੇ ਵਸ਼ ਵਿਚ ਕਰੇ ॥ ੬ ॥ ਜੀਕਨ ਧਾਨ ਦਾ ਕੱਢਨ ਵਾਲਾ ਛਿਲੜਾਂ ਨੂੰ ਵਖਰਾ ਕਰਕੇ ਧਾਨ ਦੀ ਰਖਛਾ ਕਰਦਾ ਅਰਥਾਤ ਟੁੱਟਨ ਨਹੀਂ ਦੇਂਦਾ ਹੈ ਉਸੇ ਤਰਾਂ ਰਾਜਾ ਡਾਕੂ ਚੋਰਾਂ ਨੂੰ ਮਾਰੇ ਅਰ ਰਾਜ ਦੀ ਰਖਛਾ ਕਰੇ ॥ ੭ ॥ ਜੇਹੜਾ ਰਾਜਾ ਮੋਹ ਕਰਕੇ ਅਥਵਾ ਬਿਨਾ ਵਿਚਾਰੇ ਅਪਨੇ ਰਾਜ ਨੂੰ ਦੁਰਬਲ ਕਰਦਾ ਹੈ ਓਹ ਰਾਜਾ ਅਰ ਅਪਨੇ ਬੰਧੂ ਸਮੇਤ ਮਰਨ ਤੋਂ ਪਹਿਲੇ ਹੀ ਝੱਟ ਪਟ ਨਸ਼ਟ ਭ੍ਰਸ਼ਟ ਹੋ ਜਾਂਦਾ ਹੈ ॥ ੮ ॥ ਜੀਕਨ ਪ੍ਰਾਣੀਆਂ ਦੇ ਪ੍ਰਾਣ ਸ਼ਰੀਰਾਂ ਨੂੰ ਪਤਲੇ ਕਰਨ ਨਾਲ ਖਛੀਣ ਹੋ ਜਾਂਦੇ ਹਨ ਉਸੇ ਤਰਾਂ ਪ੍ਰਜਾ ਨੂੰ ਦੁਰਬਲ ਕਰਨ ਨਾਲ ਰਾਜਿਆਂ ਦੇ ਪ੍ਰਾਣ ਅਰਥਾਤ ਬਲ ਆਦੀ ਬੰਧੂ ਸਮੇਤ ਨਸ਼ਟ ਹੋ ਜਾਂਦੇ ਹਨ ॥ ੯ ॥ ਏਸ ਲਈ ਰਾਜਾ ਅਰੱ ਰਾਜਸਭਾ ਰਾਜਕਾਰਯ ਦੀ ਸਿੱਧੀ ਦੇ ਵਾਸਤੇ ਅਜੇਹਾ ਯਤਨ ਕਰਨ ਕਿ ਜਿਸ ਕਰਕੇ ਰਾਜ ਕਾਰਯ ਯਥਾਵਤ ਸਿੱਧ ਹੋਨ । ਜੇਹੜਾ ਰਾਜਾ ਰਾਜ ਪਾਲਨ ਵਿਚ ਸਥ ਤਰਾਂ ਨਾਲ ਤੱਤਪਰ ਰਹਿੰਦਾ ਹੈ, ਉਸਦਾ ਸੁਖ ਸਦਾ ਵਧਦਾ ਹੈ ॥ ੧੦ ॥ ਏਸ ਲਈ ਦੋ, ਤਿੰਨ, ਪੰਜ, ਅਰ ਸੌ ਪਿੰਡਾਂ ਵਿਚ ਇਕ ਰਾਜਸਥਾਨ ਰੱਖਕੇ ਜਿਸ ਵਿਚ ਯਥਾਯੋਗ ਭ੍ਰਿਤ੍ਯ ਅਰਥਾਤ ਕਾਮਦਾਰ ਆਦੀ ਰਾਜ ਪੁਰੁਸ਼ਾਂ ਨੂੰ ਰੱਖਕੇ ਸਥ ਰਾਜ ਦੇ ਕਾਰਯਾਂ ਨੂੰ ਪੂਰਾ ਕਰੇ ॥ ੧੧ ॥ ਇਕ ਇਕ ਪਿੰਡ ਵਿਚ ਇਕ ਇਕ ਪ੍ਰਧਾਨ ਪੁਰੁਸ਼ ਨੂੰ ਰੱਖੇ ਉਨ੍ਹਾਂ ਹੀ ਦਸਾਂ ਪਿੰਡਾਂ ਉੱਤੇ ਦੂਜਾ, ਉਨ੍ਹਾਂ ਹੀ ਵੀਹਾਂ ਪਿੰਡਾਂ ਉੱਤੇ ਤੀਜਾ, ਉਨ੍ਹਾਂ ਹੀ ਸੌਆਂ ਪਿੰਡਾਂ ਦੇ ਉੱਤੇ ਚੌਥਾ, ਅਰ ਉਨ੍ਹਾਂ ਹੀ ਹਜ਼ਾਰ ਪਿੰਡਾਂ ਦੇ ਉੱਤੇ ਪੰਜਵਾਂ ਪੁਰੁਸ਼ ਰਖੇ ਅਰਥਾਤ ਜੀਕਨ ਅਜ ਕਲ ਇਕ ਪਿੰਡ ਵਿਚ ਇਕ ਪਟਵਾਰੀ, ਉਨ੍ਹਾਂਦਸਾਂ ਪਿੰਡਾਂ ਵਿਚ ਇਕ ਥਾਨਾ, ਅਰ ਦੋ ਥਾਨਿਆਂ ਉੱਤੇ ਇਕ ਵਡਾ ਥਾਨਾ ਅਰ ਉਨ੍ਹਾਂ ਪੰਜਾਂ ਥਾਨਜਾਂ, ਉੱਤੇ ਇਕ ਤਸੀਲ, ਅਰ ਦਸਾਂ ਤਸੀਲਾਂ ਉਤੇ ਇਕ ਜ਼ਿਲਾ ਨਿਯਤ ਕੀਤਾ ਹੈ। ਏਹ ਉਹੋ ਅਪਨੇ ਮਨੂੰ ਆਦੀ ਧਰਮ ਸ਼ਾਸਤ੍ਰ ਥੀਂ ਰਾਜ ਨੀਤੀ ਦਾ ਪ੍ਰਕਾਰ ਲੀਤਾ ਹੈ ॥ ੧੨ ॥ ਈਕਨ ਪ੍ਰਬੰਧ ਕਰੇ ਅਰ ਆਗਿਆ ਦੇਵੇ ਕਿ ਓਹ ਇਕ ਇਕ ਪਿੰਡਾਂ ਦਾ ਪਤੀ ਪਿੰਡਾਂ ਵਿਚ ਨਿਤਪ੍ਰਤੀ ਜੇਹੜੇ ਦੋਸ਼ ਉਤਪੰਨ ਹੋਨ ਉਨਾਂ ਉਨਾਂ ਨੂੰ ਗੁਪਤ ਰੀਤੀ ਨਾਲ ਦਸਾਂ ਪਿੰਡਾਂ ਦੇ ਪਤੀ ਨੂੰ ਜ਼ਾਹਿਰ ਕਰ ਦੇਵੇ ਅਰ ਓਹ ਦਸਾਂ ਪਿੰਡਾਂ ਦਾ ਪਤੀ ਉਕਨ ਹੀ ਵੀਹਾਂ ਪਿੰਡਾਂ ਦੇ ਸ੍ਵਾਮੀ ਨੂੰ ਦਸਾਂ ਪਿੰਡਾਂ ਦਾ ਹਾਲ ਨਿਤਪ੍ਰਤੀ ਜਨਾ ਦੇਵੇ ॥ ੧੩ ॥ ਅਰ ਵੀਹਾਂ ਪਿੰਡਾਂ ਦਾ ਅਧਿਪਤੀ ਵੀਹਾਂ ਪਿੰਡਾਂ ਦੇ ਹਾਲ ਨੂੰ ਸੌ ਪਿੰਡਾਂ ਦੇ ਅਧਿਪਤੀ ਨੂੰ ਨਿਤ੍ਯਪ੍ਰਤੀ ਨਿਵੇਦਨ ਕਰੇ, ਈਕਨ ਹੀ ਸੌ ਸੌ ਪਿੰਡਾਂ ਦੇ ਪਤੀ ਆਪ ਸਹਸ੍ਰਾਧੀਪਤੀ ਅਰਥਾਤ ਹਜ਼ਾਰ ਪਿੰਡਾਂ ਦੇ ਸ੍ਵਾਮੀ ਨੂੰ ਸੌ ਸੌ ਪਿੰਡਾਂ ਦੇ ਬ੍ਰਿਤਾਂਤ ਨੂੰ ਰੋਜ਼ ਰੋਜ਼ ਦਸਿਆ ਕਰਨ ਅਰ ਵੀਹ ਵੀਹ ਪਿੰਡਾਂ ਦੇ ਪੰਜ ਅਧੀਪਤੀ ਸੌ ਸੌ ਪਿੰਡਾਂ ਦੇ ਅਧਜਖਛ ਨੂੰ ਅਰ ਓਹ ਹਜ਼ਾਰ ਹਜ਼ਾਰ ਦੇ ਦਸ ਅਧੀਪਤੀ ਵਸੀ

ਹਜ਼ਾਰ ਦੇ ਅਧੀਪਤੀ ਨੂੰ ਅਰ ਲੱਖ ਗ੍ਰਾਮਾਂ (ਪਿੰਡਾਂ) ਦੀ ਰਾਜਸਭਾ ਨੂੰ ਰੋਜ਼ ਰੋਜ਼ ਦਾ ਬ੍ਰਿਤਾਂਤ ਦਸਿਆ ਕਰਨ, ਅਰ ਓਹ ਸਬ ਰਾਜਸਭਾ, ਮਹਾਰਾਜਸਭਾ, ਅਰਥਾਤ ਸਬ ਦੇਸ਼ਾਂ ਦੀ ਚਕ੍ਰਵਰਤੀ ਮਹਾਰਾਜਸਭਾ ਵਿਚ ਸਾਰੀ ਪ੍ਰਿਥਿਵੀ ਦਾ ਬ੍ਰਿੱਤਾਂਤ ਜਨਾਇਆ ਕਰਨ ॥ ੧੪ ॥ ਅਰ ਇਕ ਇਕ ਦਸ ਦਸ ਹਜ਼ਾਰ ਪਿੰਡਾਂ ਉੱਤੇ ਦੋ ਸਭਾਪਤੀ ਰੱਖਨ ਜਿਨ੍ਹਾਂ ਵਿਚੋਂ ਇਕ ਰਾਜਸਭਾ ਵਿਚ ਅਰ ਦੂਜਾਂ ਅਧਰਖਛ ਆਲਸ ਛੱਡਕੇ ਸਾਰੇ ਨਿਆਯਾਧੀਸ਼ ਆਦੀ ਰਾਜਪੁਰੁਸ਼ਾਂ ਦੇ ਕੰਮਾਂ ਨੂੰ ਸਦਾ ਦੌਰਾ ਕਰਕੇ ਵੇਖਦੇ ਰਹਿਨ॥੧੫॥ਵਡੇ ਵਡੇ ਨਗਰਾਂ ਵਿਚ ਇਕ ਇਕ ਵਿਚਾਰ ਕਰਨ ਵਾਲੀ ਸਭਾ ਦਾ ਸੁੰਦਰ ਉੱਚਾ ਅਰ ਚੌੜਾ ਜੀਕਨ ਕਿ ਚੰਦ੍ਰਮਾ ਹੈ ਊਕਨ ਇਕ ਇਕ ਘਰ ਬਨਾਉਨ ਉਸ ਵਿਚ ਵਡੇ ਵਡੇ ਵਿਦਿਆ ਬ੍ਰਿਧ ਕਿ ਜਿਨ੍ਹਾਂ ਨੇ ਵਿਦਿਆ ਥੀਂ ਸਬ ਪ੍ਰਕਾਰ ਦੀ ਪਰੀਖਛਾ ਕੀਤੀ ਹੋਵੇ ਓਹ ਬੈਠਕੇ ਵਿਚਾਰ ਕੀਤਾ ਕਰਨ, ਜਿਨ੍ਹਾਂ ਨਿਯਮਾਂ ਕਰਕੇ ਰਾਜਾ ਅਰ ਪ੍ਰਜਾ ਦੀ ਉੱਨਤੀ ਹੋਵੇ ਅਜੇਹੇ ਨਿਯਮ ਅਰ ਵਿਦਿਆ ਦਾ ਪ੍ਰਕਾਸ਼ ਕੀਤਾ ਕਰਨ ॥ ੧੬ ॥ ਜੇਹੜਾ ਨਿੱਤ ਦੌਰਾ ਕਰਨ ਵਾਲਾ ਸਭਾਪਤੀ ਹੋਵੇ ਉਸਦੇ ਅਧੀਨ ਸਬ ਗੁਪਤਚਰ ਅਰਥਾਤ ਦੂਤਾਂ ਨੂੰ ਰੱਖੇ, ਜੇਹੜੇ ਰਾਜਪੁਰੁਸ਼ ਅਰ ਭਿੰਨ ਭਿੰਨ ਜਾਤਿ ਦੇ ਰਹਿਨ ਉਨਾਂ ਥੀਂ ਸਬ ਰਾਜ, ਅਰ ਪ੍ਰਜਾ ਪੁਰੁਸ਼ਾਂ ਦੇ ਸਬ ਦੇਸ਼, ਅਰ ਗੁਣ ਗੁਪਤ ਰੀਤੀ ਨਾਲ ਜਾਨਿਆ ਕਰਨ, ਜਿਨਾਂ ਦਾ ਅਪਰਾਧ ਹੋਵੇ ਉਨਾਂ ਨੂੰ ਦੰਡ ਅਰ ਜਿਨਾਂ ਦਾ ਗੁਣ ਹੋਵੇ ਉਨਾਂ ਦੀ ਪ੍ਰਤਿਸ਼ਠਾ ਸਦਾ ਕੀਤਾ ਕਰਨ ॥ ੧੭ ॥ ਰਾਜਾ ਜਿਨਾਂ ਨੂੰ ਪ੍ਰਜਾ ਦੀ ਰਖਛਾ ਦਾ ਅਧਿਕਾਰ ਦੇਵੇ ਓਹ ਧਰਮ ਉੱਤੇ ਚਲਨ ਵਾਲੇ ਚੰਗੇ ਪ੍ਰਕਾਰ ਪਰੀਖਛਾ ਕੀਤੇ ਹੋਏ ਵਿਦਵਾਨ ਕੁਲੀਨ ਹੋਨ ਉਨਾਂ ਦੇ ਅਧੀਨ ਪ੍ਰਾਯਃ ਸ਼ਠ (ਜ਼ਿੱਦੀ) ਅਰ ਦੂਜੇ ਦਾ ਮਾਲ ਖੋਨ ਵਾਲੇ ਚੋਰ ਡਾਕੂਆਂ ਨੂੰ ਭੀ ਨੌਕਰ ਰੱਖਕੇ ਉਨਾਂ ਨੂੰ ਖੋਟੇ ਕਰਮ ਥੀਂ ਬਚਾਵਨ ਦੇ ਲਈ ਰਾਜਾ ਦੇ ਨੌਕਰ ਕਰਕੇ ਉਨਾਂ ਦੀ ਰਖਛਾ ਕਰਨ ਵਾਲੇ ਵਿਦਵਾਨ ਦੇ ਅਧੀਨ ਕਰਕੇ ਉਨਾਂ ਥੀਂ ਏਸ ਪ੍ਰਜਾ ਦੀ ਰਖਛਾ ਯਥਾਵਤ ਕਰੇ ॥ ੧੮ ॥ ਜੋ ਰਾਜਪੁਰੁਸ਼ ਅਨਿਆਯ ਕਰਕੇ ਵਾਦੀ ਪ੍ਰਤੀਵਾਦੀ ਕੋਲੋਂ ਗੁਪਤ ਧਨ ਲੈਕੇ ਪਖਛਪਾਤ ਕਰਕੇ ਅਨਿਆਯ ਕਰੇ ਉਸਦਾ ਮਾਲ ਖੋਹਕੇ ਯਥਾਯੋਗ ਦੰਡ ਦੇਕੇ ਏਹੋ ਜੇਹੇ ਦੇਸ਼ ਵਿਚ ਰੱਖੇ ਕਿ ਜਿਥੋਂ ਫੇਰ ਮੁੜਕੇ ਨਾ ਆ ਸੱਕੇ ਕਿਉਂਕਿ ਜੇ ਉਸਨੂੰ ਦੰਡ ਨਾ ਦਿੱਤਾ ਜਾਵੇ ਤਾਂ ਉਸਨੂੰ ਵੇਖਕੇ ਹੋਰ ਰਾਜਪੁਰੁਸ਼ ਭੀ ਏਹੋ ਜੇਹੇ ਖੋਟੇ ਕਰਮ ਕਰਨਗੇ, ਅਰ ਦੰਡ ਦਿੱਤਾ ਜਾਵੇ ਤਾਂ ਬਚੇ ਰਹਿਨਗੇ, ਪਰੰਤੂ ਜਿੰਨੇ ਨਾਲ ਉਨ੍ਹਾਂ ਰਾਜਪੁਰੁਸ਼ਾਂ ਦਾ ਗੁਜ਼ਾਰਾ ਚੰਗੀ ਤਰਾਂ ਨਾਲ ਹੋਵੇ ਓਹ ਭਲੀ ਭਾਂਤੀ ਧਨ ਵਾਲੇ ਭੀ ਹੋਜਾਨ ਉੱਨਾ ਧਨ ਵਾ ਜ਼ਮੀਨ ਰਾਜਾ ਵੱਲੋਂ ਮਹੀਨੇ ਪਿਛੋਂ ਯਾਂ ਵਰ੍ਹੇ ਪਿਛੋਂ ਅਥਵਾ ਇਕ ਵਾਰੀ ਮਿਲਿਆ ਕਰੇ, ਅਰ ਜੇਹੜੇ ਬੁੱਢੇ ਹੋਨ ਉਨਾਂ ਨੂੰ ਭੀ ਅੱਧਾ ਮਿਲਿਆ ਕਰੇ,

ਪਰੰਤੂ ਏਹ ਧਿਆਨ ਵਿਚ ਰੱਖੇ ਕਿ ਜਦ ਤਕ ਓਹ ਜੀਵਨ ਤਦ ਤਕ ਓਹ ਜੀਵਿਕਾ ਬਨੀ ਰਹੇ ਪਿਛੋਂ ਨਹੀਂ ਪਰੰਤੂ ਇਨਾਂ ਦੀ ਸੰਤਾਨਾਂ ਦਾ ਸਭਕਾਰ ਯਾ ਨੌਕਰੀ ਉਨਾਂ ਦੇ ਗੁਣ ਅਨੁਸਾਰ ਜ਼ਰੂਰ ਦੇਵੇ ਅਰ ਜਿਸਦੇ ਬਾਲਕ ਜਦ ਤਕ ਸਮਰਥ ਹੋਨ ਅਰ ਉਨਾਂ ਦੀ ਇਸਤ੍ਰੀ ਜੀਉਂਦੀ ਹੋਵੇ ਤਾਂ ਉਨਾਂ ਸਭਨਾਂ ਦੇ ਨਿਰਵਾਹ ਦੇ ਵਾਸਤੇ ਰਾਜ ਵਲੋਂ ਯਥਾਯੋਗ ਧਨ ਮਿਲਿਆ ਕਰੇ, ਪਰੰਤੂ ਜੇ ਉਸਦੀ ਇਸਤ੍ਰੀ ਯਾ ਪੁਤ੍ਰ ਕੁਕਰਮੀ ਹੋ ਜਾਨ ਤਾਂ ਕੁਝ ਭੀ ਨਾ ਮਿਲੇ ਅਜੇਹੀ ਨੀਤੀ ਰਾਜਾ ਬਰਾਬਰ ਰੱਖੇ ॥੧੯॥

ਯਥਾ ਫਲੇਨ ਯੁਜਯੇਤ ਰਾਜਾ ਕਰਤਾ ਚ ਕਰਮਣਾਮ।
ਤਥਾਵੇਖਛਜ ਨ੍ਰਿਪੋ ਰਾਸ਼ਟ੍ਰੇ ਕਲਪਯੇਤ ਸਤਤੰ ਕਰਾਨ ॥ ੧ ॥
ਯਥਾ ਲਪਾਲਪਮਦੈਤਜਾਆ ਦਨੰ ਵਾਰਯੋਕਯੋਵਤਸਸ਼ਟਪਦਾਃ।
ਤਥਾਲਪਾਲਪੋ ਗ੍ਰਹੀਤਵਯੋਰਾਸ਼ਟ੍ਰਾਦ੍ਰਾਜਵਾਬਦਿਕਃ ਕਰਃ ॥ ੨ ॥
ਨੋੱਛਿੰਦਜਾਦਾਤਮਨੋ ਮੂਲੰ ਪਰੇਸ਼ਾਂ ਚਾਤਿਤ੍ਰਿਸ਼ਣਯਾ।
ਉੱਛਿੰਦਨਹਜਾਤਮਨੋ ਮੂਲਮਾਤਮਾਨੰ ਤਾਂਸ਼ਚ ਪੀਡਯੇਤ ॥ ੩ ॥
ਤੀਖਛਣਸ਼ਚੈਵ ਮ੍ਰਿਦੁਸ਼ਚ ਸਜਾਤਕਾਰਯੰ ਵੀਖਛਜਮਹੀਪਤਿਃ।
ਤੀਖਛਣਸ਼ਚੈਵ ਮ੍ਰਿਦੁਸ਼ਚੈਵ ਰਾਜਾ ਭਵਤਿ ਸੰਮਤਃ ॥ ੪ ॥
ਏਵੰ ਸਰਵੰ ਵਿਧਾਯੈਦਮਿਤਿਕਰਤਵਜਮਾਤਮਨਃ।
ਯੁਕਤਸ਼ਚੈਵਾਪ੍ਰਮੱਤਸ਼ਚ ਪਤਿਰਖਛੈਦਿਮਾਃ ਪ੍ਰਜਾਃ ॥ ੫ ॥
ਵਿਕ੍ਰੋਸ਼ੰਤਜੋ ਯਸਜ ਰਾਸ਼ਟ੍ਰਾਦਧ੍ਰਿਯੰਤੇ ਦਸਯੁਭਿਃ ਪ੍ਰਜਾਃ।
ਸੰਪਸ਼ਜਤਃ ਸਭ੍ਰਿਤਜਸਜ ਮ੍ਰਿਤਃ ਸ ਨ ਤੁ ਜੀਵਤਿ ॥ ੬ ॥
ਖਛਤ੍ਰਿਯਸਜ ਪਰੋ ਧਰਮਃ ਪ੍ਰਜਾਨਾਮੇਵ ਪਾਲਨਮ।
ਨਿਰਦਿਸ਼ਟਫਲਭੋਕਤਾ ਹਿ ਰਾਜਾ ਧਰਮੇਣ ਯੁਜਜਤੇ ॥ ੭ ॥

ਮਨੁਸਮ੍ਰਿਤੀ ਅਧਜਾਯ ੭। ਸ਼ਲੋਕ ੧੨੮।੧੨੯।੧੩੯।੧੪੦।੧੪੨–੧੪੪।

ਜੀਕਨ ਰਾਜਾ ਅਰ ਕਰਮਾਂ ਦਾ ਕਰਤਾ ਥਾਜਪੁਰੁਸ਼ ਵਾ ਪ੍ਰਜਾਜਨਸੁਖ ਰੂਪੀ ਛਲ ਕਰਕੇ ਯੁਕਤ ਹੋਨ ਉਕਨ ਵਿਚਾਰ ਕਰਕੇ ਰਾਜਾ ਤਥਾ ਰਾਜਸਭਾ ਰਾਜ ਵਿਚ 'ਕਰ' ਅਰਥਾਤ(ਟਿਕਸ) ਥਥਾ ਨ ਕਰੇ ॥੧ ॥ ਜੀਕਨ ਜੋਕ,ਵੱਛਾ ਅਰ ਭੌਰਾ ਥੋੜਾ ਥੋੜਾ ਭੋਗ ਪਦਾਰਥਾਂ ਨੂੰ ਗ੍ਰਹਣ ਕਰਦੇ ਹਨ ਉਕਨ ਰਾਜਾ ਪ੍ਰਜਾ ਕੋਲੋਂ ਥੋੜਾ ਥੋੜਾ ਵਰ੍ਹੇ ਪਿਛੋਂ 'ਕਰ' ਲਵੇ ॥ ੨ ॥ ਅਤਿ ਲੋਭ ਦੇ ਮਾਰੇ ਅਪਨੇ ਅਰ ਦੂਜਿਆਂ ਦੇ ਸੁਖ ਦੇ ਮੂਲ ਨੂੰ ਨਸ਼ਟ ਕਦੀ ਭੀ ਨ ਕਰੇ, ਕਿਉਂਕਿ ਜੇਹੜਾ ਵਿਹਾਰ ਅਰ ਸੁਖ ਦੇ ਮੂਲ ਨੂੰ ਕੱਟਦਾ ਹੈ ਓਹ ਅਪਨੇ ਆਪ ਅਰ ਉਨਾਂ ਨੂੰ ਪੀੜਾ ਹੀ ਦੇਂਦਾ ਹੈ ॥ ੩ ॥ ਜੇਹੜਾ ਰਾਜਾ ਕਾਰਯ ਨੂੰ ਵੇਖਕੇ ਤਿੱਖਾ ਅਰ ਕੋਮਲ ਭੀ ਹੋਵੇ ਓਹ ਦੁਸ਼ਟਾਂ ਉੱਤੇ ਤਿੱਖਾ ਅਰ ਭਲੇ ਲੋਕਾਂ ਉੱਪਰ ਕੋਮਲ ਰਹਨ ਕਰਕੇ ਰਾਜਾ ਅਤੀ ਮਾਨ

ਦੇ ਯੋਗ ਹੁੰਦਾ ਹੈ ॥ ੪ ॥ ਏਸ ਪ੍ਰਕਾਰ ਸਭ ਰਾਜ ਦਾ ਪ੍ਰਬੰਧ ਕਰਕੇ ਸਦਾ ਏਸ ਵਿਚ ਯੁਕਤ ਅਰ ਆਲਸ ਰਹਿਤ ਹੋਕੇ ਆਪਨੀ ਪ੍ਰਜਾ ਦੀ ਪਾਲਨਾ ਨਿੱਤ ਕਰੇ ॥ ੫ ॥ ਜੇਹੜੇ ਨੌਕਰਾਂ ਦੇ ਸਮੇਤ ਵੇਖਦੇ ਹੋਏ ਰਾਜਾ ਦੇ ਰਾਜ ਵਿਚੋਂ ਡਾਕ ਲੋਗ ਰੋਂਦੀ ਪਿੱਟਦੀ ਪ੍ਰਜਾ ਦੇ ਪਦਾਰਥ ਅਰ ਪ੍ਰਾਣਾਂ ਨੂੰ ਲੁੱਟਦੇ ਰਹਿੰਦੇ ਹਨ ਓਹ ਜਾਨੋ ਨੌਕਰਾਂ ਅਤੇ ਦੰਡ ਦੀ ਟਕਟੀ ਸਮੇਤ ਮੋਇਆ ਹੋਇਆ ਹੈ ਜੀਉਂਦਾ ਨਹੀਂ ਅਰ ਮਹਾਦੁਖ ਦਾ ਪਾਨ ਵਾਲਾ ਹੈ ॥ ੬॥ ਏਸ ਲਈ ਰਾਜਿਆਂ ਦਾ ਪ੍ਰਜਾ ਪਾਲਨ ਕਰਨਾ ਹੀ ਪਰਮ ਧਰਮ ਹੈ ਅਰ ਜੇਹੜਾ ਮਨੁਸਮ੍ਰਿਤੀ ਦੇ ਸਤਵੇਂ ਅਧਯਾਯ ਵਿਚ 'ਕਰ' ਲੈਨਾ ਲਿਖਿਆ ਹੈ ਅਰ ਜੀਕਨ ਸਭਾ ਨਿਯਤ ਕਰੇ ਉਸਦਾ ਭੋਗਨ ਵਾਲਾ ਰਾਜ ਧਰਮ ਥੀਂ ਯੁਕਤ ਹੋਕੇ ਸੁਖ ਪਾਂਦਾ ਹੈ, ਏਸ ਤੋਂ ਉਲਟਾ ਚਲਨੇ ਵਾਲਾ ਦੁੱਖ ਨੂੰ ਪ੍ਰਾਪਤ ਹੁੰਦਾ ਹੈ ॥ ੭ ॥

ਉੱਥਾਯ ਪਸ਼ਚਿਮੇ ਯਾਮੇ ਕ੍ਰਿਤਸ਼ੌਚਃਸਮਾਹਿਤਃ ।
ਹੁਤਾਗਨਿਰਬ੍ਰਾਹਮਣਾਂਸ਼ਚਾਰਚਯ ਪ੍ਰਵਿਸ਼ੇਤ ਸ ਮੁਭਾਂ ਸਭਾਮ ॥ ੧ ॥
ਤਤ੍ਰ ਸਥਿਤਾਃ ਪ੍ਰਜਾਃ ਸਰਵਾਃ ।ਤਿਨੰਦਯ ਵਿਸਰਜਯੇਤ ।
ਵਿਸ੍ਰਿਜਯ ਚ ਪ੍ਰਜਾਃ ਸਰਵਾ ਮਤ੍ਰਯੇਤ ਸਹ ਮੰਤ੍ਰਿਭਿਃ ॥ ੨ ॥
ਗਿਰਿਪ੍ਰਿਸ਼ਠੰ ਸਮਾਰੁਹਯ ਪ੍ਰਾਸਾਦੰ ਵਾ ਰਹੋਗਤਃ ।
ਅਰਣਯੇ ਨਿਃਸ਼ਲਾਕੇ ਵਾ ਮੰਤ੍ਰਯੇਦਵਿਭਾਵਿਤਃ ॥ ੩ ॥
ਯਸਯ ਮੰਤ੍ਰੰ ਨ ਜਾਨੰਤਿ ਸਮਾਗਮਯ ਪ੍ਰਿਥਗਜਨਾਃ ।
ਸ ਕ੍ਰਿਤਸਨਾਂ ਪ੍ਰਿਥਿਵੀਂ ਭੁੰਕਤੇ ਕੋਸ਼ਹੀਨੋਅਪਿ ਪਾਰਥਿਵਃ ॥ ੪ ॥

ਮਨੁਸਮ੍ਰਿਤੀ ਅਧਯਾਯ ੭ । ਸ਼ਲੋਕ ੧੪੫–੧੪੯ ॥

ਜਦ ਪਿਛਲੇ ਪਹਿਰ ਰਾਤ ਰਹੇ ਤਦ ਉਠਕੇ ਸ਼ੌਚ ਕਰੇ ਅਰ ਸਾਵਧਾਨ ਹੋਕੇ ਪਰਮੇਸ਼ੁਰ ਦਾ ਧਿਆਨ, ਅਗਨੀਹੋਤ੍ਰ, ਧਾਰਮਿਕ ਵਿਦਵਾਨਾਂ ਦਾ ਸਤਕਾਰ, ਅਰ ਭੋਗਨ ਕਰਕੇ ਅੰਦਰ ਸਭਾ ਵਿਚ ਜਾਵੇ ॥ ੧ ॥ ਉਥੇ ਖਲੋਕੇ ਜੇਹੜੇ ਪ੍ਰਜਾ ਦੇ ਲੋਗ ਹਾਜ਼ਰ ਹੋਨ ਉਨ੍ਹਾਂ ਦਾ ਮਾਨ ਕਰੇ ਅਰ ਉਨਾਂ ਨੂੰ ਛਡਕੇ ਮੁੱਖ ਮੰਤ੍ਰੀ ਦੇ ਨਾਲ ਵਿਵਸਥਾ ਦਾ ਵਿਚਾਰ ਕਰੇ ॥ ੨ ॥ ਪਿਛੋਂ ਉਸ ਦੇ ਨਾਲ ਫਿਰਨ ਨੂੰ ਚਲਿਆ ਜਾਵੇ ਪਰਬਤ ਦੇ ਸ਼ਿਖਰ ਅਥਵਾ ਇਕੱਲੇ ਮਕਾਨ ਜਾ ਜੰਗਲ ਵਿਚ ਜਿਸ ਵਿਚ ਇਕ ਸ਼ਲਾਕਾ ਭੀ ਨਾ ਹੋਵੇ ਅਜੇਹੀ ਏਕਾਂਤ ਜਗਹ ਵਿਚ ਬੈਠਕੇ ਵਿਰੋਧ ਭਾਵਨਾ ਨੂੰ ਛੱਡਕੇ ਮੰਤ੍ਰੀ ਦੇ ਨਾਲ ਵਿਚਾਰ ਕਰੇ ॥ ੩ ॥ ਜਿਸ ਰਾਜਾ ਦੇ ਗੂੜ੍ਹ ਵਿਚਾਰ ਨੂੰ ਹੋਰ ਪੁਰੁਸ਼ ਮਿਲਕੇ ਨਹੀਂ ਜਾਨ ਸਕਦੇ ਅਰਥਾਤ ਜਿਸਦਾ ਵਿਚਾਰ ਗੰਭੀਰ, ਸ਼ੁੱਧ, ਪਰਉਪਕਾਰ ਦੇ ਅਰਥ ਸਦਾ ਲੁਕਿਆ ਰਹੇ ਓਹ ਧਨ ਹੀਨ ਭੀ ਰਾਜਾ ਸਭ ਪ੍ਰਿਥਿਵੀ ਦੇ ਰਾਜ ਕਰਨ ਵਿਚ ਸਮਰਥ ਹੁੰਦਾ ਹੈ, ਏਸ ਲਈ ਅਪਨੇ ਮਨੋ ਇਕ ਭੀ

ਕੰਮ ਨਾ ਕਰੇ ਕਿ ਜਦ ਦੁਕ ਸਭਾਸਦਾਂ ਦੀ ਸਲਾਹ ਨ ਹੋਵੇ ॥ ੪ ॥

ਆਸਨੰ ਚੈਵ ਯਾਨੰ ਚ ਸੰਧਿੰ ਵਿਗ੍ਰਹਮੇਵ ਚ।
ਕਾਰਯੰ ਵੀਖਛਜ ਪ੍ਰਯੁੰਜੀਤ ਦ੍ਵੈਧੰ ਸੰਸ੍ਰਯਮੇਵ ਚ ॥ ੧ ॥
ਸੰਧਿੰ ਤੁ ਦ੍ਵਿਵਿਧੰ ਵਿਦਜਾਦ੍ਰਾਜਾ ਵਿਗ੍ਰਹਮੇਵ ਚ।
ਉਭੇ ਯਾਨਾਸਨੇ ਚੈਵ ਦ੍ਵਿਵਿਧਃ ਸੰਸ੍ਰਯਃ ਸਮ੍ਰਿਤਃ ॥ ੨ ॥
ਸਮਾਨਯਾਨਕਰਮਾ ਚ ਵਿਪਰੀਤਸਤਥੈਵ ਚ।
ਤਥਾ ਤ੍ਰਾਯਤਿ ਸੰਯੁਕਤਃ ਸੰਧਿਰਸਵੈਯੋ ਦ੍ਵਿਲਖਛਣਃ ॥ ੩ ॥
ਸ੍ਵਯੰਕ੍ਰਿਤਸ਼ਚ ਕਾਰਯਾਰਥਮਕਾਲੇ ਕਾਲ ਏਵ ਵਾ।
ਮਿਤ੍ਰਸਜ ਚੈਵਾਪਕ੍ਰਿਤੇ ਦ੍ਵਿਵਿਧੋ ਵਿਗ੍ਰਹਃ ਸਮ੍ਰਿਤਃ ॥ ੪ ॥
ਏਕਾਕਿਨਸ਼ਚਾਤਜਯਿਕੇ ਕਾਰਯੇ ਪ੍ਰਾਪਤੇ ਯੱਦ੍ਰਛਯਾ।
ਸੰਹਤਸਜ ਚ ਨਿਰ੍ਣੇ ਦ੍ਵਿਵਿਧੰ ਯਾਨਮੁਚਜਤੇ ॥ ੫ ॥
ਖਛੀਣਸਜ ਚੈਵ ਕ੍ਰਮਸ਼ੋ ਦੈਵਾਭਪ੍ਰੁਰਵਕ੍ਰਿਤੇਨ ਵਾ।
ਮਿਤ੍ਰਸਜ ਚਾਨੁਰੋਧੇਨ ਦ੍ਵਿਧੈ ਸਮ੍ਰਿਤਮਾਸਨਮ ॥ ੬ ॥
ਖਲਸਜ ਸ੍ਵਾਮਿਨਸ਼ਚੈਵ ਸਵਿਤਿਃ ਕਾਰਯਾਰਥਸਿੱਧਯੇ।
ਦ੍ਵਿਵਿਧੰ ਕੀਰਤਜਤੇ ਦ੍ਵੈਧੰ ਸ਼ਾਡਗੁਣਜਗੁਣਵੇਦਿਭਿਃ ॥ ੭ ॥
ਅਰਥਸੰਪਾਦਨਾਰਥੰ ਚ ਪੀਛਜਮਾਨਃ ਸ ਸ਼ਤ੍ਰੁਭਿਃ।
ਸਾਧੁਸ੍ਤੁ ਵਜਪਦੇਸ਼ਾਰਥੰ ਦ੍ਵਿਵਿਧਃ ਸੰਸ੍ਰਯਃ ਸੰਮ੍ਰਿਤਃ ॥ ੮॥
ਯਦਾਵ੍ਰਗੱਛੇਦਾਯਤਜਾਮਾਧਿਕਜੰ ਧ੍ਰੁਵਮਾਤਮਨਃ।
ਤਦਾਤ੍ਰੈ ਚਾਲਪਿਕਾਂ ਪੀਛਾਂ ਤਦਾ ਸੰਧਿੰ ਸਮਾਸ੍ਰਯੇਤ ॥ ੯ ॥
ਯਦਾ ਪ੍ਰਹ੍ਰਿਸ਼ਟਾ ਮਨਜੇਤ ਸਰਵਾਸਤੁ ਪ੍ਰਕ੍ਰਿਤੀਰਭ੍ਰਿਸ਼ਮ।
ਅਤਯੁੱਛ੍ਰਿਤੰ ਤਥਾਤਮਾਨੰ ਤਦਾ ਕੁਰ੍ਵੀਤ ਵਿਗ੍ਰਹਮ ॥ ੧੦ ॥
ਯਦਾ ਮਨਜੇਤ ਭ੍ਰਾਵੇਨ ਹ੍ਰਿਸ਼ਟੰ ਪੁਸ਼ਟੰ ਬਲੰ ਸ੍ਵਕਮ।
ਪਰਸਜ ਵਿਪਰੀਤੰ ਚ ਤਦਾ ਯਾਯਾਦ੍ਰਿਪੁੰ ਪ੍ਰਤਿ ॥ ੧੧ ॥
ਯਦਾ ਤੁ ਸਨਾਭੈਪਰਿਖਛੀਣੋ ਵਾਹਨੇਨ ਬਲੇਨ ਚ।
ਤਦਾਸੀਤ ਪ੍ਰਯਤ੍ਨੇਨ ਸ਼ਨਕੈਃ ਸਾਂਤ੍ਵਯੱਨਰੀਨ ॥ ੧੨ ॥
ਮਨਜੇਤਾਰਿੰ ਯਦਾ ਰਾਜਾ ਸਰਵਥਾ ਬਲਵੱਤਰਮ।
ਤਦਾ ਦ੍ਵਿਧਾ ਬਲੰ ਕ੍ਰਿਤ੍ਵਾ ਸਾਧਯੇਤ ਕਾਰਯਮਾਤਮਨਃ ॥ ੧੨ ॥
ਯਦਾ ਪਰਬਲਾਨਾਂ ਤੁ ਗਮਨੀਯਤਮੋ ਭਵੇਤ ।
ਤਦਾ ਤੁ ਸੰਸ਼ਯੇਤ ਖਛਿਪ੍ੰ ਧਾਰਮਿਕੰ ਬਲਿਨੰ ਨ੍ਰਿਪਮ ॥ ੧੪ ॥
ਨਿਗ੍ਰਹੰ ਪ੍ਰਕ੍ਰਿਤੀਨਾਂ ਚ ਕੁਰਜਾਦਜੋਰਿਬਲਸਜ ਚ।
ਉਪਸੇਵੇਤ ਤੰ ਨਿਤਜੰ ਸਰਵਯਤ੍ਨੈਰਗੁਰੁੰ ਯਥਾ ॥ ੧੫ ॥
ਯਦਿ ਤ੍ਵਾਪਿ ਸੰਪਸ਼ਜੇਦਦੋਸ਼ੰ ਸੰਸ੍ਰਯਕਾਰਿਤਮ।

ਸੁਯੁੱਧਮੇਵ ਭਤ੍ਰਾਪਿਨਿਰਵਿਸ਼ੰਕਃ ਸਮਾਚਰੇਤ॥ ੧੬ ॥

ਮਨੁਸਮ੍ਰਿਤੀ ਅਧਜ਼ਾਯ ੭। ਸ਼ਲੋਕ੧੬੧–੧੭੬॥

ਸਥ ਰਾਜਾ ਆਦੀ ਰਾਜਪੁਰੁਸ਼ਾਂ ਨੂੰ ਇਹ ਥਾਤ ਧਿਆਨ ਰਖਨੀ ਚਾਹੀਏ ਕਿ (ਆਸਨ) ਸਥਿਰਤਾ (ਯਾਨ) ਸ਼ਤ੍ਰੂ ਨਾਲ ਲੜਨ ਦੇ ਵਾਸਤੇ ਜਾਨਾ (ਸੰਧੀ) ਉਨਾਂ ਨਾਲ ਮੇਲ ਕਰਲੈਨਾ (ਵਿਗ੍ਰਹ) ਦੁਸ਼ਟ ਵੈਰੀਆਂ ਨਾਲ ਲੜਾਈ ਕਰਨਾ, (ਦ੍ਵੈ) ਦੋ ਪ੍ਰਕਾਰ ਦੀ ਸੈਨਾ ਕਰਕੇ ਅਪਨੀ ਜਿਤ ਕਰ ਲੈਨੀ, ਅਰ (ਸੰਸ਼੍ਰਯ) ਨਿਰਬਲਤਾ ਵਿਚ ਦੂਜੇ ਪ੍ਰਥਲ ਰਾਜਾ ਦਾ ਆਸ਼੍ਰਯ ਲੈਨਾ, ਏਹ ਛੇ ਪ੍ਰਕਾਰ ਦੇ ਕਰਮ ਯਥਾਯੋਗ ਕਾਰਯ ਨੂੰ ਵਿਚਾਰ ਕਰਕੇ ਕਰਨੇ ਚਾਹੀਏ ॥ ੧ ॥ ਰਾਜਾ ਜੋ ਸੰਧੀ, ਵਿਗ੍ਰਹ, ਯਾਨ, ਆਸਨ, ਦ੍ਵੈਧੀਭਾਵ, ਅਰ ਸੰਸ਼੍ਰਯ ਦੇ ਦੋ ਪ੍ਰਕਾਰ ਦੇ ਹੁੰਦੇ ਹਨ ਉਨਾਂ ਨੂੰ ਯਥਾਵਤ ਜਾਨੇ ॥ ੨ ॥ (ਸੰਧੀ) ਵੈਰੀ ਨਾਲ ਮੇਲ ਅਥਵਾ ਉਸ ਨਾਲ ਉਲਟ ਕਰੇ ਪਰੰਤੂ ਏਸ ਵੇਲੇ ਦੇ ਅਰ ਅੱਗੇ ਕਰਨ ਦੇ ਕੰਮ ਬਰਾਬਰ ਕਰਦਾ ਜਾਵੇ, ਏਹ ਦੋ ਪ੍ਰਕਾਰ ਦਾ 'ਮੇਲ' ਕਹਾਂਦਾ ਹੈ ॥ ੩ ॥ (ਵਿਗ੍ਰਹ) ਕਾਰਯਸਿੱਧੀ ਦੇ ਵਾਸਤੇ ਉਚਿਤ ਸਮੇ ਵਾ ਅਨੁਚਿਤ ਸਮੇ ਵਿਚ ਆਪ ਕੀਤਾ ਵਾ ਮਿਤ੍ਰ ਦੇ ਅਪਰਾਧ ਕਰਨ ਵਾਲੇ ਵੈਰੀ ਦੇ ਨਾਲ ਵਿਰੋਧ ਦੋ ਪ੍ਰਕਾਰ ਨਾਲ ਕਰਨਾ ਚਾਹੀਏ ॥ ੪ ॥ (ਯਾਨ) ਅਚਨਚੇਤੀ ਕੋਈ ਕਾਰਯ ਪ੍ਰਾਪਤ ਹੋ ਜਾਨ ਤੇ ਇਕੱਲੇ ਵਾ ਮਿਤ੍ਰ ਦੇ ਨਾਲ ਮਿਲਕੇ ਵੈਰੀ ਵਲ ਜਾਨਾ ਏਹ ਦੋ ਪ੍ਰਕਾਰ ਦਾ 'ਗਮਨ' ਕਹਾਂਦਾ ਹੈ ॥ ੫ ॥ ਆਪ ਕਿਸੇ ਤਰਾਂ ਹੌਲੀ ਹੌਲੀ ਖਛੀਣ ਹੋ ਜਾਵੇ ਅਰਥਾਤ ਨਿਰਬਲ ਹੋ ਜਾਵੇ ਅਥਵਾ ਮਿਤ੍ਰ ਦੇ ਟੋਕਨ ਨਾਲ ਅਪਨੇ ਸਥਾਨ ਵਿਚ ਬੈਠ ਰਹਨਾ ਏਹ ਦੋ ਪ੍ਰਕਾਰ ਦਾ 'ਆਸਨ' ਕਹਾਂਦਾ ਹੈ ॥ ੬ ॥ ਕਾਰਯ ਸਿੱਧੀ ਦੇ ਲਈ ਸੈਨਾਪਤੀ ਅਰ ਸੈਨਾ ਦੇ ਦੋ ਭਾਗ ਕਰਕੇ ਜਿੱਤਨਾ ਦੋ ਪ੍ਰਕਾਰ ਦਾ 'ਦ੍ਵੈਧ' ਕਹਾਂਦਾ ਹੈ ॥ ੭ ॥ ਇਕ ਕਿਸੇ ਅਰਥ ਦੀ ਸਿੱਧੀ ਦੇ ਲਈ ਕਿਸੇ ਬਲਵਾਨ ਰਾਜਾ ਵਾ ਕਿਸੇ ਮਹਾਤਮਾ ਦੀ ਸ਼ਰਣ ਲੈਨਾ ਜਿਸ ਕਰਕੇ ਵੈਰੀ ਥੀਂ ਪੀੜਾ ਨਾ ਪਹੁੰਚੇ ਦੋ ਪ੍ਰਕਾਰ ਦਾ ਆਸ਼੍ਰਯ ਲੈਨਾ ਕਹਾਂਦਾ ਹੈ ॥ ੮ ॥ ਜਦ ਇਹ ਜਾਨ ਲਬੇ ਕਿ ਏਸ ਵੇਲੇ ਯੁੱਧ ਕਰਨੇ ਨਾਲ ਥੋੜੀ ਪੀੜਾ ਪਹੁੰਚੇਗੀ ਅਰ ਪਿਛੋਂ ਕਰਨ ਨਾਲ਼ ਅਪਨੀ ਬ੍ਰਿੱਧੀ ਅਰ ਜਿੱਤ ਜਰੂਰ ਹੋਵੇਗੀ ਤਦ ਵੈਰੀ ਨਾਲ ਮੇਲ ਕਰਕੇ ਉਚਿਤ ਸਮੇ ਤਕ ਧੀਰਯਕਰੇ ॥ ੯ ॥ ਜਦ ਅਪਨੀ ਸਥ ਪ੍ਰਜਾ ਵਾ ਸੈਨਾ ਅਤਯੰਤ ਪ੍ਰਸੰਨ, ਉੱਨਤੀਸ਼ੀਲ, ਅਰ ਸ੍ਰੇਸ਼ਠ ਜਾਨੇ ਉਕਨ ਅਪਨੇ ਨੂੰ ਭੀ ਸਮਝੇ ਤਦੇ ਵੈਰੀ ਨਾਲ ਵਿਗ੍ਰਹ ਯੁੱਧ ਕਰ ਲਵੇ॥੧੦॥ ਜਦ ਅਪਨੇ ਬਲ ਅਰਥਾਤ ਸੈਨਾ ਨੂੰ ਖੁਸ਼ ਅਰ ਪੁਸ਼ਟ, ਪ੍ਰਸੰਨ ਭਾਵ ਵਾਲੀ ਜਾਨੇ ਅਰ ਵੈਰੀ ਦਾ ਬਲ ਅਪਨੇ ਤੋਂ ਉਲਟਾ ਨਿਰਬਲ ਹੋ ਜਾਵੇ ਤਦ ਵੈਰੀ ਦੀ ਵੱਲ ਯੁੱਧ ਕਰਨ ਨੂੰ ਜਾਵੇ ॥ ੧੧ ॥ ਜਦ ਸੈਨਾ,ਥਲ, ਵਾਹਨ,ਤੋਂ ਖਛੀਣ

ਹੋ ਜਾਵੇ ਭਦ ਵੈਰੀਆਂ ਨੂੰ ਧੀਰੇ ਧੀਰੇ ਯਤਨ ਨਾਲ ਸ਼ਾਂਤ ਕਰਦਾ ਹੋਇਆ ਅਪਨੇ ਸਥਾਨ ਵਿਚ ਬੈਠਾ ਰਹੇ ॥ ੧੨ ॥ ਜਦ ਰਾਜਾ ਵੈਰੀ ਨੂੰ ਅਤਯੰਤ ਬਲਵਾਨ ਜਾਨੇ ਭਦ ਦੂਨਾ ਦਾ ਦੋ ਪ੍ਰਕਾਰ ਦੀ ਸੈਨਾ ਕਰਕੇ ਅਪਨਾ ਕਾਰਯ ਸਿੱਧ ਕਰੇ ॥ ੧੩ ॥ ਜਦ ਆਪ ਸਮਝ ਲਵੇ ਕਿ ਹੁਨ ਸ਼ਭਾਬੀ ਵੈਰੀਆਂ ਦੀ ਚੜ੍ਹਾਈ ਮੇਰੇ ਉੱਤੇ ਹੋਵੇਗੀ ਭਦ ਹੀ ਕਿਸੇ ਧਰਮ ਵਾਲੇ ਬਲਵਾਨ ਰਾਜਾ ਦਾ ਆਸ਼੍ਰਯ ਛੇਤੀ ਲੈ ਲਵੇ ॥ ੧੪ ॥ ਜੇਹੜਾ ਪ੍ਰਜਾ ਅਰ ਅਪਨੀ ਸੈਨਾ ਅਰ ਵੈਰੀ ਦੇ ਬਲ ਦਾ ਨਿਗ੍ਰਹ ਕਰੈ ਅਰਥਾਤ ਰੋਕੇ ਉਸਦੀ ਸੇਵਾ ਸਭ ਯਤਨਾਂ ਨਾਲ ਗੁਰੂ ਵਟਗੀ ਨਿੱਤ ਕੀਤਾ ਕਰੇ ॥ ੧੫ ॥ ਜੇਹਦਾ ਆਸ਼੍ਰਯ ਲਵੇ ਉਸ ਪੁਰੁਸ਼ ਦੇ ਕੰਮਾਂ ਵਿਚ ਦੋਸ਼ ਵੇਖੇ ਭਾਂ ਉਥੇ ਭੀ ਚੰਗੀ ਤਰਾਂ ਯੁੱਧ ਨੂੰ ਨਿਸ਼ੰਗ ਹੋਕੇ ਕਰੈ ॥ ੧੬ ॥ ਜੇਹੜਾ ਧਰਮ ਤੇ ਚੱਲਨ ਵਾਲਾ ਰਾਜਾ ਹੋਵੇ ਉਸ ਨਾਲ ਵਿਰੋਧ ਕਦੀ ਨਾ ਕਰੇ ਕਿੰਤੂ ਉਸ ਨਾਲ ਸਦਾ ਮੇਲ ਰਖੇ ਅਰ ਜੇ ਦੁਸ਼ਟ ਪ੍ਰਬਲ ਹੋਵੇ ਭਾਂ ਉਸਦੇ ਜਿੱਤਨ ਲਈ ਉਪਰ ਕਹੇ ਹੋਏ ਪ੍ਰਯੋਗ ਕਰਨੇ ਉਚਿਤ ਹਨ ॥

ਸਰਵੋਪਾਯੈਸਤਥਾ ਕੁਰਯਾਤਨੀਤਿਜ੍ਞਃ ਪ੍ਰਿਥਿਵੀਪਤਿਃ।
ਯਥਾ ਸਜਾਤਜਧਿਕਾ ਨ ਸਯੁਰਮਿਤ੍ਰੋਦਾਸੀਨਸ਼ਤ੍ਰਵਃ ॥ ੧ ॥
ਆਯਤਿੰ ਸਰਵਕਾਰਯਾਣਾਂ ਤਦਾਤ੍ਵੰ ਚ ਵਿਚਾਰਯੇਤ।
ਅਤੀਤਾਨਾਂ ਸਰਵੇਸ਼ਾਂ ਗੁਣਦੋਸ਼ੌ ਚ ਤੱਤ੍ਵਤਃ ॥ ੨ ॥
ਆਯਤਜਾਂ ਚ ਗੁਣਦੋਸ਼ਜਵਸਤਦਾਤ੍ਵੇ ਖਛਿਪ੍ਰਨਿਸ਼ਚਯਃ।
ਅਤੀਤੇ ਕਾਰਯਸ਼ੇਸ਼ਸਵਾ ਸ਼ਤ੍ਰੁਭਿਰਨਾਭਿਭੂਯਤੇ ॥ ੩ ॥
ਯਥੈਨੰ ਨਾਭਿਸੰਦਧਯੁਰਮਿਤ੍ਰੋਦਾਸੀਨਸ਼ਤ੍ਰਵਃ।
ਤਥਾ ਸਰਵੰ ਸੰਵਿਦਧਜਾਦੇਸ਼ ਸਾਮਾਸਿਕੋ ਨਯਃ ॥ ੪ ॥

ਮਨੁਸਮ੍ਰਿਤੀ ਅਧਜਾਯ ੭। ਸ਼ਲੋਕ ੧੭੭–੧੮੦ ॥

ਨੀਤੀ ਦਾ ਜਾਨਕ ਵਾਲਾ ਪ੍ਰਿਥਿਵੀਪਤੀ ਰਾਜਾ ਜਿਸ ਪ੍ਰਕਾਰ ਏਸ ਦੇ ਮਿਤ੍ਰ, ਉਦਾਸੀਨ ਅਰ ਵੈਰੀ ਬਹੁਤ ਨਾ ਹੋਨ ਏਹੋ ਜੇਹੇ ਸਭ ਉਪਾਵਾਂ ਨਾਲ ਵਰਤੇ ॥੧॥ ਸਭ ਕੰਮਾਂ ਦਾ ਵਰਤਮਾਨ ਸਮਯ ਵਿਚ ਕਰਤਵਯ ਅਰ ਭਵਿੱਖ ਵਿਚ ਜੋ ਜੋ ਕਰਨਾ ਚਾਹਿਯੇ ਅਰ ਜੋ ਜੋ ਕੰਮ ਕਰ ਚੁੱਕੇ ਉਨ੍ਹਾਂ ਸਭਨਾਂ ਦੇਯਥਾਰਥਤਾ ਨਾਲ ਗੁਣ ਦੋਸ਼ਾਂਦਾ ਵਿਚਾਰ ਕਰੇ ॥੨॥ਪਸ਼ਚਾਤ ਦੋਸ਼ਾਂਦੇ ਨਿਵਾਰਣ ਅਰ ਗੁਣਾਂ ਦੀ ਸਥਿਰਤਾ ਵਿਚ ਯਤਨ ਕਰੇ, ਜੇਹੜਾ ਰਾਜਾ ਅਗੇ ਕਰਨ ਵਾਲੇ ਕੰਮਾਂ ਵਿੱਚ ਗੁਣ ਦੋਸ਼ਾਂ ਦਾ ਗਿਆਤਾ, ਵਰਤਮਾਨ ਵਿਚ ਤੁਰਤ ਨਿਸ਼ਚੇ ਦਾ ਕਰਨ ਵਾਲਾ ਅਰ ਕੀਤੇ ਹੋਏ ਕੰਮਾਂ ਵਿਚ ਬਾਕੀ ਕਰਨੇ ਯੋਗ ਨੂੰ ਜਾਨਦਾ ਹੈ ਓਹ ਵੈਰੀਆਂ ਥੀਂ ਹਾਰਦਾ ਕਦੀ ਨਹੀਂ ॥ ੩ ॥ ਸਭ ਪ੍ਰਕਾਰ ਥੀਂ ਰਾਜਪੁਰੁਸ਼,ਵਿਸ਼ੇਸ਼ ਸਭਾਪਤੀ ਰਾਜਾ ਅਜੇਹਾ ਯਤਨ ਕਰੇ

ਕਿ ਜਿਸ ਪ੍ਰਕਾਰ ਰਾਜਾ ਆਦੀ ਦੇ ਮਿਤ੍ਰ, ਉਦਾਸੀਨ ਅਰ ਸ਼ਤ੍ਰੂ ਨੂੰ ਵਸ਼ ਵਿਚ ਕਰਕੇ ਹੋਰਦਾ ਹੋਰ ਨਾ ਕ ਤ ਥੈਠਨ ਅਜੈਹੇ ਮੋਹ ਵਿਚ ਕਦੀ ਨਾ ਫਸੇ, ਏਹ ਸੰਖਛੇਪ ਕਰਕੈ 'ਵਿਨਯ' ਅਰਥਾਤ ਰਾਜਨੀਤੀ ਕਹਾਉਂਦੀ ਹੈ ॥ ४ ॥

ਕ੍ਰਿਤ੍ਵਾ ਵਿਧਾਨੰ ਮੂਲੇ ਤੁ ਯਾਤ੍ਰਿਕੰ ਚ ਯਥਾਵਿਧਿ।
ਉਪਗ੍ਰਿਹ੍ਯਾਸਪਦੰ ਚੈਵ ਚਾਰਾਨ ਸੰਮਯਗਵਿਧਾਯ ਚ ॥ १ ॥
ਸੰਸ਼ੋਧਯ ਤ੍ਰਿਵਿਧੰ ਮਾਰਗੰ ਸ਼ਡਵਿਧੰ ਚ ਬਲੰ ਸ੍ਮਰੰ।
ਸੰਪਰਾਯਿਕਕਲ੍ਪੇਨ ਯਾਯਾਦਰਿਪੁਰੰ ਸ਼ਨੈਃ ॥ २ ॥
ਸ਼ਤ੍ਰੁਸੇਵਿਨਿ ਮਿਤ੍ਰੇ ਚ ਗੂਢ੍ਰੇ ਯੁਕ੍ਤਤਰੋ ਭਵੇਤ।
ਜਡਪ੍ਰਤਜ ਗਤੇ ਚੈਵ ਸਹਿ ਕਸ੍ਮਤਰੋ ਰਿਪੁਃ ॥ ३ ॥
ਦੰਡਵ੍ਯੂਹੇਨ ਤਨਮਾਰਗੰ ਯਾਯੋੱਤੁ ਸ਼ਕਟੇਨ ਵਾ।
ਵਰਾਹਮਕਰਾਭ੍ਯਾਂ ਵਾ ਸੂਚ੍ਯਾ ਵਾ ਗਰੁੜੇਨ ਵਾ ॥ ४ ॥
ਯਤ੍ਤਸ੍ਯ ਭਯਮਾਸ਼ੰਕੇਤ੍ਤਤੋ ਵਿਸ੍ਤਾਰਯੇਦਬਲਮ।
ਪਦਾਤੇਨ ਚੈਵ ਵ੍ਯੂਹੇਨ ਨਿਵਿਸ਼ੇਤ ਸਦਾ ਸ੍ਵਯੰ ॥ ५ ॥
ਸੈਨਾਪਤਿਬਲਾਧ੍ਯਕ੍ਸ਼ੌ ਸਰਵੈਦਿਕ੍ਸ਼ੁ ਨਿਵੇਸ਼ਯੇਤ।
ਯਤਸ੍ਯੰ ਭਯਮਾਸ਼ੰਕੇਤ ਪ੍ਰਾਚੀਂ ਤਾਂ ਕਲਪਯੇਦਦਿਸ਼ਮ ॥ ६ ॥
ਗੁਲ੍ਮਾਂਸ੍ਚ ਸ੍ਥਾਪਯੇਦਾਪਤਾਨ ਕ੍ਰਿਤਸੰਜਵਾਨ ਸਮੰਤਤਃ।
ਸ੍ਥਾਨੇ ਯੁਧੇ ਚ ਕੁਸ਼ਲਾਨਭੀਰੂਨਵਿਕਾਰਿਣਃ ॥ ७ ॥
ਸੈਹਤਾਨ ਯੋਧਯੇਦਲ੍ਪਾਨ ਕਾਮੰ ਵਿਸਤਾਰਯੇਦ ਬਹੂਨ।
ਸੂਚ੍ਯਾਵ੍ਯੂਹੇਨ ਚੈਵੈਤਾਨ ਵ੍ਯੂਹੇਨ ਵ੍ਯੂਹਜ ਯੋਧਯੇਤ ॥ ८ ॥
ਸਮੰਦਨਾਸ਼ੈਃ ਸਮੇ ਯੁੱਧਯੇਦਨੂਪੇ ਨੌਦ੍ਵਿਪੈਸਤਥਾ।
ਵ੍ਰਿਖਛਗੁਲ੍ਮਾਵ੍ਰਿਤੇ ਚਾਪੈਰਸਿਚਰਮਾਯੁਧੈਃ ਸਥਲੈ ॥ ९ ॥
ਪ੍ਰਹੋਰਸ਼ਯੇਦਬਲੰ ਵ੍ਯੂਹਜ ਭਾਂਸ਼ਚ ਸਮਜਕ ਪਰੀਖਛਯੇਤ।
ਚੈਸ਼੍ਰਾਸ਼ਚੈਵ ਵਿਜਾਨੀਯਾਦਰੀਨ ਯੋਧਯਤਾਮਪਿ ॥ १० ॥
ਉਪਰੁਧ੍ਯਾਰਿਮਾਸੀਤ ਰਾਸ਼ਟ੍ਰੰ ਚਾਸਯੋਪਯੀਡਯੇਤ।
ਦੂਸ਼ਯੇਤਚਾਸਜ ਸਤਤੰ ਯਵਸਾੱਨੋਦਕੇਂਧਨਮ ॥ ११ ॥
ਭਿੰਦਯੱਚੈਵ ਤਡਾਗਾਨਿ ਪ੍ਰਾਕਾਰਪਰਿਖਾਸਤਥਾ।
ਸਸਵਸਕੰਦਯੇਤਚੈਨੰ ਰਾਤ੍ਰੌ ਵਿਤ੍ਰਾਸਯੇਤਤਥਾ ॥ १२ ॥
ਪ੍ਰਮਾਣਾਨਿ ਚ ਕੁਰਵੀਤ ਤੇਸ਼ਾਂ ਧਰਮਜਾਨਜਥੋਦਿਤਾਨ।
ਰਤ੍ਨੈਸ਼ਚ ਪੂਜਯੇਦੈਨੰ ਪ੍ਰਧਾਨਪੁਰੁਸ਼ੈਃ ਸਹ ॥ १३ ॥
ਆਦਾਨਮਪ੍ਰਿਯਕਰੰ ਦਾਨੰ ਚ ਪ੍ਰਿਯਕਾਰਕਮ।
ਅਭੀਪਸਿਤਾਨਾਮਰਥਾਨਾਂ ਕਾਲੇ ਯੁਕ੍ਤੰ ਪ੍ਰਸਜਤੇ ॥ १४ ॥
ਮਨੁ० ७ ॥ १८४–१९२। १९४–१९६। २०३। २०४ ॥

ਜਦ ਰਾਜਾ ਵੈਰੀਆਂ ਦੇ ਨਾਲ ਯੁੱਧ ਕਰਨ ਨੂੰ ਜਾਵੇ ਤਦ ਅਪਨੇ ਰਾਜ ਦੀ ਰਖਛਾ ਦਾ ਪ੍ਰਬੰਧ ਅਰ ਯਾਤ੍ਰਾ ਦੀ ਸਬ ਸਾਮਗ੍ਰੀ ਯਥਾਵਿਧੀ ਕਰਕੇ ਸਾਰੀ ਸੈਨਾ, ਯਾਨੇ ਵਾਹਨ, ਸ਼ਸਤ ਆਦੀ ਪੂਰੇ ਲੈਕੇ ਸਬ ਜਗਹ ਦੂਤਾਂ ਅਰਥਾਤ ਚਹੁੰ ਪਾਸਿਆਂ ਦੀ ਖ਼ਬਰਾਂ ਨੂੰ ਦੇਨ ਵਾਲੇ ਪੁਰੁਸ਼ਾਂ ਨੂੰ ਗੁਪਤ ਰਖਕੇ ਵੈਰੀਆਂ ਵੱਲ ਯੁੱਧ ਕਰਨ ਨੂੰ ਜਾਵੇ ॥ ੧ ॥ ਤਿੱਨ ਪ੍ਰਕਾਰ ਦੇ ਮਾਰਗ ਅਰਥਾਤ ਸਥਲ (ਜ਼ਮੀਨ) ਉੱਤੇ, ਦੂਜਾ ਜਲ (ਸਮੁਦ੍ਰ ਵਾ ਨਦੀਆਂ) ਵਿੱਚ, ਤੀਜਾ ਆਕਾਸ਼ ਮਾਰਗਾਂ ਨੂੰ ਸ਼ੁੱਧ ਬਨਾਕੇ, ਭੂਮੀ ਮਾਰਗ ਵਿੱਚ ਰਥ, ਘੋੜੇ, ਹਾਥੀ, ਜਲ ਵਿੱਚ ਜਹਾਜ਼, ਅਰ ਆਕਾਸ਼ ਵਿੱਚ ਵਿਮਾਨ ਆਦੀ ਯਾਨਾਂ ਦੇ ਦੁਆਰਾ ਜਾਵੇ ਅਰ ਪੈਦਲ, ਰਥ, ਹਾਥੀ, ਘੋੜੇ, ਸ਼ਸਤ੍ਰ ਅਰ ਅਸਤ੍ਰ, ਖਾਨ, ਪਾਨ ਆਦੀ ਸਾਮਗ੍ਰੀ ਨੂੰ ਯਥਾਵਤ ਨਾਲ ਲੈਕੇ ਬਲ ਕਰਕੇ ਯੁਕਤ ਪੂਰਣ ਕਰਕੇ ਕਿਸੇ ਨਿਮਿੱਤ ਨੂੰ ਪ੍ਰਸਿੱਧ ਕਰਕੇ ਵੈਰੀ ਦੇ ਨਗਰ ਦੇ ਕੋਲ ਹੌਲੀ ਹੌਲੀ ਜਾਵੇ ॥ ੨ ॥ ਜੇਹੜਾ ਅੰਦਰੋਂ ਵੈਰੀ ਨਾਲ ਮਿਲਿਆ ਹੋਇਆ ਹੋਵੇ, ਅਰ ਅਪਨੇ ਨਾਲ ਭੀ ਉਪਰੋਂ ਮਿਤ੍ਰਤਾ ਰੱਖੇ, ਅੰਦਰੋ ਅੰਦਰ ਵੈਰੀ ਨੂੰ ਭੇਟ ਦੇਵੇ ਉਸਦੇ ਆਉਨ ਜਾਨ ਵਿੱਚ ਉਸਦੇ ਬਾਤ ਕਰਨ ਵਿੱਚ ਅਤਸੰਤ ਖ਼ਬਰਦਾਰੀ ਰੱਖੇ, ਕਿਉਂਕਿ ਅੰਦਰ ਦੇ ਦੁਸ਼ਮਨ, ਉੱਪਰ ਦੇ ਮਿਤ੍ਰ ਪੁਰੁਸ਼ ਨੂੰ ਵੱਡਾ ਵੈਰੀ ਸਮਝਨਾ ਚਾਹੀਏ ॥ ੩ ॥ ਸਬ ਰਾਜ ਪੁਰੁਸ਼ਾਂ ਨੂੰ ਯੁੱਧ ਕਰਨ ਦੀ ਵਿਦਿਆ ਸਿਖਾਵੇ ਅਰ ਆਪ ਸਿੱਖੇ, ਤਥਾ ਹੋਰ ਪ੍ਰਜਾ ਦੇ ਮਨੁਸ਼ਾਂ ਨੂੰ ਭੀ ਸਿਖਾਵੇ, ਜਿਹੜੇ ਪਹਲੇ ਤੋਂ ਹੀ ਸਿੱਖੇ ਹੋਏ ਯੋਧਾ ਹੁੰਦੇ ਹਨ ਉਹੋ ਹੀ ਚੰਗੀ ਤਰਾਂ ਲੜਨਾ ਲੜਾਨਾ ਜਾਨਦੇ ਹਨ। ਜਦ ਸ਼ਿਖਛਾ ਕਰੇ ਤਦ (ਦੰਡਵਜੂਹ) ਡੰਡੇਵਾਂਗਨ ਸੈਨਾ ਨੂੰ ਚਲਾਵੇ (ਸ਼ਕਟਵਜੂਹ) ਜੀਕਨਸ਼ਕਟ ਚੱਲਦਾ ਹੈ ਅਰਥਾਤ ਗੱਡੀ ਵਾਂਗਨ (ਵਰਾਹਵਜੂਹ) ਜੀਕਨ ਸੂਰ ਇਕ ਦੂਜੇ ਦੇ ਪਿੱਛੇ ਦੌੜਦੇ ਜਾਂਦੇ ਹਨ ਅਰ ਕਦੀ ਕਦੀ ਸਾਰੇ ਮਿਲਕੇ ਝੁੰਡ ਹੋ ਜਾਂਦੇ ਹਨ ਉੱਸੇ ਤਰਾਂ (ਮਕਰਵਜੂਹ) ਜੀਕਨ ਮਗਰਮੱਛ ਪਾਨੀ ਵਿੱਚ ਚੱਲਦੇ ਹਨ ਊਕਨ ਸੈਨਾ ਨੂੰ ਬਨਾਵੇ (ਸੂਚੀਵਜੂਹ) ਜਿਸ ਤਰਾਂ ਸੂਈ ਦਾ ਅਗਲਾ ਭਾਗ ਮਹੀਨ ਪਿਛਲਾ ਮੋਟਾ ਅਰ ਉਸ ਥੀਂ ਸੂਤ੍ਰ ਸਥੂਲ ਹੁੰਦਾ ਹੈ ਊਕਨ ਸ਼ਿਖਛਾ ਕਰਕੇ ਸੈਨਾ ਨੂੰ ਬਨਾਵੇ। (ਨੀਲਕੰਠਵਜੂਹ) ਜੀਕਨ ਗਰੁੜ ਉਪਰ ਹੇਠਾਂ ਝਪਟਾਂ ਮਾਰਦਾ ਹੈ ਏਸ ਪ੍ਰਕਾਰ ਸੈਨਾ ਨੂੰ ਬਨਾਕੇ ਲੜਾਵੇ ॥ ੪ ॥ ਜਿਸ ਪਾਸੇ ਭੈ ਨਜ਼ਰ ਆਵੇ ਉੱਸੇ ਪਾਸੇ ਸੈਨਾ ਨੂੰ ਖਿੰਡਾਵੇ, ਸਾਰੀ ਸੈਨਾ ਦੇ ਸ੍ਵਾਮੀਆਂ ਨੂੰ ਚਹੁੰ ਪਾਸੇ ਰੱਖਕੇ (ਪਦਮਵਜੂਹ) ਅਰਥਾਤ ਪਦਮ ਦੇ ਰੂਪ ਵਾਙਨ ਚਹੁੰ ਪਾਸੇ ਸੈਨਾ ਨੂੰ ਰਖਕੇ ਮੱਧ ਵਿੱਚ ਆਪ ਰਹੇ ॥ ੫॥ ਸੈਨਾਪਤੀ ਅਰ ਬਲਾ-ਧਸਖਛ ਅਰਥਾਤ ਆਗਿਆ ਦੇ ਦੇਨ ਅਤੇ ਸੈਨਾ ਦੇ ਨਾਲ ਲੜਨ ਲੜਾਨ ਵਾਲੇ ਵੀਰਾਂ ਨੂੰ ਅੱਠਾਂ ਪਾਸਿਆਂ ਵਿੱਚ ਰੱਖੇ, ਜਿਸ ਪਾਸੇ ਲੜਾਈ ਹੁੰਦੀ ਹੋਵੇ ਉਸੇ ਪਾਸੇ ਸਾਰੀ ਸੈਨਾ ਦਾ ਮੂੰਹ ਰੱਖੇ ਪਰੰਤੂ ਦੂਜੇ ਪਾਸੇ ਭੀ ਪੱਕਾ ਪ੍ਰਬੰਧ ਰੱਖੇ

ਨਹੀਂ ਤਾਂ ਪਿਛਲੇ ਪਾਸਿਓਂ ਵੱਖੀ ਵੱਲੋਂ ਵੈਰੀਦੇ ਦਾਉ ਦਾ ਲਗਨਾ ਸੰਭਵ ਹੁੰਦਾ ਹੈ ॥੬॥ ਜੋਹੜੇ ਗੁਲਮ ਅਰਥਾਤ ਗੱਡੇ ਹੋਏ ਬੰਮਾਂ ਵਾਂਙਣ ਯੁਧ ਵਿਦਿਆ ਦੀ ਸ਼ਿਖਛਾ ਪਾਏ ਹੋਏ ਧਾਰਮਿਕ, ਟਿਕਨਵਾਲੇ ਅਰ ਯੁੱਧ ਕਰਨਵਿੱਚਚਤੁਰ, ਭੈਤੋਂ ਰਹਿਤ ਅਰ ਜਿਨ੍ਹਾਂ ਦੇ ਮਨ ਵਿਚ ਕਿਸੇ ਤਰਾਂ ਦਾ ਵਿਕਾਰ ਨਾ ਹੋਵੇ ਉਨ੍ਹਾਂ ਨੂੰ ਚੌਹ ਪਾਸੇ ਸੈਨਾਂ ਦੇ ਰਖੇ ॥ ੭ ॥ ਜੇ ਥੋੜੇ ਪੁਰੁਸ਼ ਹੋਨ ਅਤੇ ਬਹੁਤਿਆਂ ਨਾਲ ਯੁੱਧ ਕਰਨਾ ਹੋਵੇ ਤਾਂ ਮਿਲਕੇ ਲੜਾਵੇ, ਕੰਮ ਪਵੇ ਤਾਂ ਝੱਟ ਉਨ੍ਹਾਂ ਨੂੰ ਖਿੰਡਾ ਦੇਵੇ, ਜਦ ਨਗਰ ਦੁਰਗ ਯਾਂ ਵੈਰੀ ਦੀ ਸੈਨਾਂ ਵਿੱਚ ਵੜਕੇ ਯੁੱਧ ਕਰਨਾਹੋਵੇ ਤਦ (ਸੂਚੀਵ੍ਯੂਹ)ਅਥਵਾ(ਥਜ੍ਰਵ੍ਯੂਹ)ਨੀਕਨ ਦੋ ਧਾਰੀ ਤਲਵਾਰ ਦੋਨੋਂ ਪਾਸੇ ਕਾਟ ਕਰਦੀ ਹੈ ਉਕਨ ਯੁੱਧ ਕਰਦੇ ਜਾਨ ਅਤ ਖੱ ਦੇ ਚਲੇ ਜਾਨ, ਈਕਨ ਅਨੇਕ ਪਕਾਰ ਦੇ (ਵ੍ਯੂਹ) ਅਰਥਾਤ ਸੈਨਾ ਨੂੰ ਬਨਾਕੇ ਲੜਾਨ, ਜੇ ਸਾਮਨੇ ਫਤਪ੍ਹੀ (ਤੋਪ) ਵਾ ਭੁਸ਼ੁੰਡੀ (ਬੰਦੂਕ) ਛੁੱਟ ਰਹੀ ਹੋਵੇ ਤਾਂ (ਸਰਪਵ੍ਯੂਹ) ਅਰਥਾਤ ਸੱਪ ਦੀ ਨਿਆਈਂ ਸਉਂਦੇ ਸਉਂਦੇ ਚਲੇ ਜਾਨ, ਜਦ ਤੋਪਾਂ ਦੇ ਪਾਸ ਪਹੁੰਚਨ ਤਦ ਉਨ੍ਹਾਂ ਨੂੰ ਮਾਰ ਵਾ ਪਕੜ ਤੋਪਾਂ ਦਾ ਮੂੰਹ ਵੈਰੀ ਦੇ ਵਲ ਮੋੜ ਉਨ੍ਹਾਂ ਤੋਪਾਂ ਦੇ ਮੂੰਹ ਦੇ ਸਾਮਨੇ ਘੋੜਿਆਂ ਉੱਪਰ ਸਵਾਰ ਕਰਾ ਦੂੜਾਨ ਅਰ ਮਾਂਚਨ ਵਿਚ ਤਕੜੇ ਤਕੜੇ ਸਵਾਰ ਰਹਿਨ, ਇਕ ਵੇਰੀ ਧਾਵਾ ਕਰਕੇ ਵੈਰੀ ਦੀ ਸੈਨਾ ਨੂੰ ਤਿਤਰ ਬਿਤਰ ਕਰ ਪਕੜ ਲੈਂਨ ਅਥਵਾ ਨਠਾ ਦੇਨ ॥੮॥ ਜੇ ਚੌਰਸ ਜ਼ਮੀਨ ਉੱਤੇ ਯੁੱਧ ਕਰਨਾ ਹੋਵੇ ਤਾਂ ਰਥ, ਘੋੜੇ, ਅਰ ਪਿਆਦਿਆਂ ਨਾਲ, ਅਰ ਜੇ ਸਮੁੰਦ੍ ਵਿਚ ਯੁੱਧ ਕਰਨਾ ਹੋਵੇ ਤਾਂ ਜਹਾਜ਼ ਅਰ ਥੋੜੇ ਜਲ ਵਿਚ ਹਾਥੀਆਂ ਤੇ, ਦ੍ਰਖਤਾਂ ਅਰ ਝਾੜੀਆਂ ਵਿਚ ਬਾਨਾਂ ਨਾਲ ਤਥਾ ਮੋਟੀ ਰੇਤ ਵਿਚ ਤਲਵਾਰ ਅਰ ਢਾਲ ਨਾਲ ਯੁੱਧ ਕਰਨ ਅਰ ਕਰਾਨ ॥ ੯ ॥ ਜਿਸ ਵੇਲੇ ਯੁੱਧ ਹੁੰਦਾ ਹੋਵੇ ਉਸ ਵੇਲੇ ਲੜਨ ਵਾਲਿਆਂ ਨੂੰ ਹੌਸਲਾ ਦੇਨ ਅਰ ਪ੍ਰਸੰਨ ਕਰਨ, ਜਦ ਯੱਧ ਬੰਦ ਹੋ ਜਾਵੇ ਤਦ ਜਿੱਨੀ ਵੀਰਤਾ ਅਰ ਯੁੱਧ ਵਿਚ ਉਤਸਾਹ ਵਿਖਾਇਆ ਹੋਵੇ ਓਹੋ ਜੇਹੀ ਵਕਤ੍ਰਿਤਾ ਕਰਕੇ ਸਬ ਦੇ ਚਿੱਤ ਨੂੰ ਖਾਨ, ਪਾਨ, ਅਸਤ੍ਰ ਸ਼ਸਤ੍ਰ, ਸਹਾਇਤਾ, ਦਵਾ ਦਾਰੂ ਕਰਕੇ ਪ੍ਰਸੰਨ ਰੱਖਨ, ਵ੍ਯੂਹ (ਕਵਾਇਦ) ਦੇ ਬਗੈਰ ਲੜਾਈ ਨਾ ਕਰੇ ਨਾ ਕਰਾਵੇ, ਲੜਦੀ ਹੋਈ ਅਪਨੀ ਸੈਨਾ ਦੀ ਚੇਸ਼ਟਾ ਨੂੰ ਵੇਖਿਆ ਕਰੇ ਕਿ ਠੀਕ ਠੀਕ ਲੜਦੀ ਹੈ ਯਾ ਕਪਟ ਰਖਦੀ ਹੈ ॥ ੧੦ ॥ ਕਿਸੇ ਵੇਲੇ ਉਚਿਤ ਸਮਝੇ ਤਾਂ ਵੈਰੀ ਨੂੰ ਚਹੁੰ ਪਾਸਿਆਂ ਤੋਂ ਘੇਰਾ ਪਾਕੇ ਰੋਕ ਰੱਖੇ ਅਰ ਉਸਦੇ ਰਾਜ ਨੂੰ ਪੀੜਾ ਦੇਕੇ ਵੈਰੀ ਦੇ ਚਾਰਾ, ਅੰਨ, ਜਲ ਅਰ ਈਂਧਨ ਨੂੰ ਨਸ਼ਟ ਖਰਾਬ ਕਰ ਦੇਵੇ ॥ ੧੧ ॥ ਵੈਰੀ ਦੇ ਤਲਾਬ, ਨਗਰ ਦੇ ਪ੍ਰਕੋਟ (ਫਸੀਲ) ਅਰ ਖਾਈ ਨੂੰ ਤੋੜ ਫੋੜ ਦੇਵੇ, ਰਾਤ ਵੇਲੇ ਉਨਾਂ ਨੂੰ (ਤ੍ਰਾਸ) ਡਰ ਦੇਵੇ, ਅਰ ਜਿੱਤਨ ਦਾ ਉਪਾਯ ਕਰੇ ॥ ੧੨ ॥ ਜਿੱਤਕੇ ਉਨਾਂ ਕੋਲੋਂ ਪ੍ਰਮਾਣ ਅਰਥਾਤ ਪ੍ਰਤਗਿਆ ਆਦੀ ਲਿਖਾ ਲਵੇ ਅਰ ਜੇ ਉਚਿਤ

ਸਮਾ ਸਮਝੇ ਤਾਂ ਉਸਦੇ ਵੰਸ ਵਿਚੋਂ ਕਿਸੇ ਧਾਰਮਿਕ ਪੁਰੁਸ਼ ਨੂੰ ਰਾਜਾ ਕਰ ਦੇਵੇ ਅਰ ਉਸ ਕੋਲੋਂ ਲਿਖਵਾ ਲਵੇ ਕਿ ਤੁਹਾਨੂੰ ਸਾਡੀ ਆਗਿਆਦੇ ਅਨੁਕੂਲ ਅਰਥਾਤ ਜਿਸ ਤਰਾਂ ਦੀ ਧਰਮ ਵਾਲੀ ਰਾਜਨੀਤੀ ਹੈ ਉਸਦੇ ਅਨੁਸਾਰ ਚਲਕੇ ਨਿਆਯ ਦੇ ਨਾਲ ਪ੍ਰਜਾ ਦਾ ਪਾਲਨ ਕਰਨਾ ਹੋਵੇਗਾ, ਏਸ ਤਰਾਂ ਦੇ ਉਪਦੇਸ਼ ਦੇਵੇ ਅਜੇਹੇ ਪੁਰੁਸ਼ ਉਨਾਂ ਦੇ ਪਾਸ ਰਖੇ ਕਿ ਜਿਸ ਕਰਕੇ ਫੇਰ ਉਪਦ੍ਰਵ ਨ ਹੋਵੇ ਅਰ ਜੇਹੜਾ ਹਾਰ ਜਾਵੇ ਉਸਦਾ ਆਦਰ ਪ੍ਰਧਾਨ ਪੁਰੁਸ਼ਾਂ ਦੇ ਨਾਲ ਮਿਲਕੇ ਰਤਨ ਆਦੀ ਉੱਤਮ ਪਦਾਰਥ ਦੇਕੇ ਕਰੇ ਅਰ ਅਜੇਹਾ ਨਾ ਕਰੇ ਕਿ ਜਿਸ ਕਰਕੇ ਉਸਦਾ ਗੁਜ਼ਾਰਾ ਭੀ ਨਾ ਹੋਵੇ ਜੇ ਉਸਨੂੰ ਕੈਦ ਖਾਨੇ ਵਿਚ ਰੱਖੇ ਤਾਂ ਭੀ ਉਸਦਾ ਆਦਰ ਯਥਾਯੋਗ ਰੱਖੇ ਜਿਸ ਕਰਕੇ ਓਹ ਹਾਰ ਜਾਨਦੇ ਸ਼ੋਕ ਨੂੰ ਭੁਲਕੇ ਆਨੰਦ ਵਿਚ ਰਹੇ ॥ ੧੩ ॥ ਕਿਉਂਕਿ ਸੰਸਾਰ ਵਿਚ ਦੂਜੇ ਦਾ ਪਦਾਰਥ ਗ੍ਰਹਣ ਕਰਨਾ ਅਪ੍ਰੀਤੀ ਅਰ ਦੇਨਾ ਪ੍ਰੀਤੀ ਦਾ ਕਾਰਣ ਹੈ ਅਰ ਵਿਸ਼ੇਸ਼ ਕਰਕੇ ਸਮੇ ਪਰ ਉਚਿਤ ਕੀਤਾ ਕਰੇ ਅਰ ਉਸ ਹਾਰੇ ਹੋਏ ਨੂੰ ਮਨ ਭਾਉਨੇ ਪਦਾਰਥਾਂ ਦਾ ਦੇਨਾ ਬਹੁਤ ਉੱਤਮ ਹੈ ਅਰ ਕਦੀ ਉਸਨੂੰ ਚਿੜਾਵੇ ਨਹੀਂ, ਨਾ ਹਾਸਾ ਠੱਠਾ ਕਰੇ, ਨਾ ਉਸਦੇ ਸਾਮਨੇ ਤੈਨੂੰ ਜਿੱਤਿਆ ਹੈ ਅਜੇਹਾ ਕਹੇ ਕਿੰਤੂ ਤੁਸੀਂ ਸਾਡੇ ਭਰਾ ਹੋ ਇਤਿਆਦੀ ਮਾਨ ਪ੍ਰਤਿਸ਼ਠਾ ਸਦਾ ਕੀਤਾ ਕਰੇ ॥ ੧੪ ॥

ਹਿਰਣਯਭੂਮਿਸੰਪ੍ਰਾਪਤਯਾ ਪਾਰਥਿਵੋ ਨ ਤਥੈਧਤੇ ।
ਯਥਾ ਮਿਤ੍ਰੰ ਧ੍ਰੁਵੰ ਲਬਧ੍ਵਾ ਕ੍ਰਿਸ਼ਮਪਯਾਯਤਿਖਛਮਮ ॥ ੧ ॥
ਧਰਮਜਵੰ ਚ ਕ੍ਰਿਤਜਵੰ ਚ ਤੁਸ਼ਟ ਪ੍ਰਕ੍ਰਿਤਿਮੇਵ ਚ ।
ਅਨੁਰਕਤੰ ਸਥਿਰਾਰੰਭੰ ਲਘੁਮਿਤ੍ਰੰ ਪ੍ਰਸ਼ਸਯਤੇ ॥ ੨ ॥
ਪ੍ਰਾਜਵੰ ਕੁਲੀਨੰ ਸ਼ੂਰੰ ਚ ਦਖਛੰ ਦਾਤਾਰਮੇਵ ਚ ।
ਕ੍ਰਿਤਜਵੰ ਸ੍ਰਿਤਿਮੰਤੰ ਚ ਕਸ਼ਟਮਾਹੁਰਰਿੰਸੁਧਃ ॥ ੩ ॥
ਆਰਯਤਾ ਪੁਰੁਸ਼ਜਵਾਨੰ ਸ਼ੌਰਯੰ ਕਰੁਣਵੇਦਿਤਾ ।
ਸਥੌਲਲਖਛਯੰ ਚ ਸਤਤਮੁਦਾਸੀਨਗੁਲੋਦਯਃ ॥ ੪ ॥

ਮਨੁਸਮ੍ਰਿਤੀ ਅਧਯਾਯ ੭। ਸ਼ਲੋਕ ੨੦੯–੨੧੧ ॥

ਮਿਤ੍ਰ ਦਾ ਲਖਛਣ ਇਹ ਹੈ ਕਿ ਰਾਜਾ ਸੋਨੇ ਅਤੇ ਜ਼ਮੀਨ ਦੀ ਪ੍ਰਾਪਤੀ ਕਰਕੇ ਇੱਨਾ ਨਹੀਂ ਵਧਦਾ ਕਿ ਜੀਕਨ ਨਿਸ਼ਚਲ ਪ੍ਰੇਮ ਵਾਲੇ ਅੱਗੇ ਹੋਨ ਵਾਲੀਆਂ ਬਾਤਾਂ ਨੰ ਸੋਚਨ ਅਰ ਕਾਰਯਸਿੱਧੀ ਕਰਨ ਵਾਲੇ ਸਮਰਥ ਮਿਤ੍ਰ ਅਥਵਾ ਦੁਰਬਲ ਮਿਤ੍ਰ ਨੂੰ ਭੀ ਪ੍ਰਾਪਤ ਹੋਕੇ ਵਧਦਾ ਹੈ ॥ ੧ ॥ ਧਰਮ ਦੇ ਜਾਨਨੇ ਅਰ ਕ੍ਰਿਤਗਯ ਅਰਥਾਤ ਕੀਤੇ ਹੋਏ ਉਪਕਾਰ ਨੂੰ ਸਦਾ ਮੰਨਨ ਵਾਲੇ ਪ੍ਰਸੰਨ ਸੁਭਾਵ, ਅਨੁਰਾਗੀ, ਸਥਿਰਾਰੰਭੀ, ਲਘੂ ਛੋਟੇ ਭੀ ਮਿਤ੍ਰ ਨੂੰ ਪ੍ਰਾਪਤ

ਹੋਕੇ ਪ੍ਰਸ਼ੰਸਾ ਪਾਂਦਾ ਹੈ ॥ ੨ ॥ ਸਦਾ ਏਸ ਬਾਤ ਨੂੰ ਦ੍ਰਿੜ੍ਹ ਰੱਖੇ ਕਿ ਕਦੀ ਬੁੱਧਵਾਨ, ਕੁਲੀਨ, ਸ਼ੂਰਵੀਰ, ਚਤੁਰ, ਦਾਤਾ, ਕੀਤ ਹੋਏ ਨੂੰ ਜਾਨਨ ਹਾਰੇ ਅਟ ਧੀਰਯਵਾਨ ਪੁਰੁਸ਼ ਨੂੰ ਸ਼ਤ੍ਰੂ ਨਾ ਬਨਾਵੇ, ਕਿਉਂਕਿ ਜੇਹੜਾ ਏਹੋ ਜਹੇ ਨੂੰ ਸ਼ਤ੍ਰੂ ਬਨਾਵੇਗਾ ਓਹ ਦੁਖ ਪਾਵੇਗਾ ॥ ੩ ॥ ਉਦਾਸੀਨ ਦਾ ਲਖਛਣ—ਜਿਸ ਵਿਚੋਂ ਪ੍ਰਸ਼ੰਸਿਤ ਗੁਣ ਯੁਕਤ ਅੱਛੇ ਅਰ ਬੁਰੇ ਮਨੁੱਸ਼ਾਂ ਦਾ ਗਿਆਨ, ਸ਼ੂਰਵੀਰਤਾ ਅਰ ਕਰੁਣਾ ਭੀ ਸਥੂਲ ਲਖਛਜ ਅਰਥਾਤ ਉਪਰ ਉਪਰ ਦੀਆਂ ਬਾਤਾਂ ਨੂੰ ਸਦਾ ਸੁਨਾਇਆ ਕਰੇ ਓਹ ਉਦਾਸੀਨ ਕਹਾਂਦਾ ਹੈ ॥ ੪ ॥

ਏਵੰ ਸਰਵਮਿਦੰ ਰਾਜਾ ਸਹ ਸੈਮਤ੍ਰੈ ਮੰਤ੍ਰਿਭਿਃ।
ਵਜ਼ਾਯਾਮਜ਼ਾਪਲੁਤਜ ਮਧਜ ਨ੍ਹੇ ਭੋਕਤੁਮੰਤਃ ਪੁਰੰ ਵਿਸ਼ੇਤ ॥
ਮਨੁਸਮ੍ਰਿਤੀ ਅਧਜ਼ਾਯ ੭। ਸ਼ਲੋਕ ੨੧੯ ॥

ਜੀਕਨ ਲਿਖਿਆ ਹੈ ਊਕਨ ਸਵੇਰ ਵੇਲੇ ਉਠਕੇ ਸ਼ੌਚ ਆਦੀ ਸੰਧਜਾ ਉਪਾਸਨਾ ਅਗਨੀਹੋਤ੍ਰ, ਕਰ ਵਾ ਕਰਾ, ਸਬਨਾਂ ਮੰਤ੍ਰੀਆਂ ਨਾਲ ਵਿਚਾਰ ਕੇ ਸਭਾ ਵਿਚ ਜਾ, ਸਬ ਨੌਕਰਾਂ ਅਰ ਸੈਨਾ ਅਧਜਖਛਾਂ ਦੇ ਨਾਲ ਮਿਲ ਉਨਾਂ ਨੂੰ ਪ੍ਰਸੰਨ ਕਰ, ਤਰਾਂ ਤਰਾਂ ਦੀ ਵਯੂਹ ਸ਼ਿਖਛਾ ਅਰਥਾਤ (ਕਵਾਇਦ) ਕਰ ਕਰਾ ਸਬ ਘੋੜੇ ਹਾਥੀ ਗਊ ਆਦੀ ਸਥਾਨ, ਸ਼ਸਤ੍ਰ ਅਰ ਅਸਤ੍ਰ ਦਾ ਕੋਸ਼ ਤਥਾ ਵੈਦਜ਼ਾਲਯ, ਧਨ ਦੇ ਕੋਸ਼ਾਂ ਨੂੰ ਵੇਖ ਸਾਰਿਆਂ ਉਪਰ ਨਜ਼ਰ ਰਿੱਤ ਪ੍ਰਤੀ ਦੇਕੇ ਜੋ ਕੁਝ ਉਨਾਂ ਵਿਚ ਖੋਟ ਹੋਵੇ ਉਸਨੂੰ ਕੱਢਕੇ (ਵਜ਼ਾਯਾਮਸ਼ਾਲਾ) ਅਖਾੜੇ ਆਦੀ ਸਥਾਨ ਵਿਚ ਜਾ (ਵਜ਼ਾਯਾਮ) ਕਸਰਤ ਕਰ ਅਰ ਸਨਾਨ ਕਰ ਦੁਪਹਿਰ ਵੇਲੇ ਭੋਜਨ ਦੇ ਲਈ ਅੰਤਹਪੁਰ ਅਰਥਾਤ ਪਤ੍ਨੀ ਆਦੀ ਦੇ ਰਹਿਨ ਦੀ ਜਗਹ ਜਾਵੇ ਅਰ ਭੋਜਨ ਚੰਗੀ ਤਰਾਂ ਪਰੀਖਛਾ ਕੀਤਾ ਹੋਇਆ ਬੁੱਧਿ, ਬਲ, ਪਰਾਕ੍ਰਮ, ਦੇ ਵਧਾਉਨ ਵਾਲਾ, ਰੋਗਦੇ ਨਾਸ਼ ਕਰਨ ਵਾਲਾ, ਅਨੇਕ ਪ੍ਰਕਾਰ ਦੇ ਅੰਨ, ਦਾਲ, ਸਾਗ, ਪੀਨ ਦੀ ਆਂ ਚੀਜ਼ਾਂ, ਸੁਰੀਧੀ ਵਾਲੇ ਮਿਠਾਸ ਆਦੀ ਅਨੇਕ ਰੈਸਯੁਕਤ ਉੱਤਮ ਕਰੇ ਕਿ ਜਿਸ ਕਰਕੇ ਸਦਾ ਸੁਖੀ ਰਹੇ ਏਸ ਪ੍ਰਕਾਰ ਸਬ ਰਾਜ ਦ ਕਾਰਯਾਂ ਦੀ ਉੱਨਤੀ ਕੀਤਾ ਕਰੇ ॥ ਪ੍ਰਜਾ ਕੋਲੋਂ ਕਰ' (ਟਿਕਸ) ਲੈਨ ਦਾ ਪ੍ਰਕਾਰ :—

ਪੰਚਾਸ਼ਦਭਾਗ ਆਦੇਯੋ ਰਾਜ੍ਞਾ ਪਸ਼ੁਹਿਰਣਜ਼ਯੋਃ।
ਧਾਨਜ਼ਾਨਾਮਸ਼ਟਮੋ ਭਾਗਃ ਸ਼ਸ਼ਠੋ ਦ੍ਵਾਦਸ਼ ਏਵ ਵਾ ॥
ਮਨੁਸਮ੍ਰਿਤੀ ਅਧਜ਼ਾਯ ੭। ਸ਼ਲੋਕ ੧੩੦ ॥

ਵਜ਼ਾਪਾਰ ਕਰਨ ਵਾਲੇ ਵਾ ਕਾਰੀਗਰ ਲੋਕਾਂ ਨੂੰ ਸੋਨੇ ਅਰ ਚਾਂਦੀ ਦਾ ਜਿੰਨਾ ਲਾਭ ਹੋਵੇ ਉਸ ਵਿਚੋਂ ਪੰਜਾਹਵਾਂ ਹਿੱਸਾ ਚਾਵਲ ਆਦੀ ਅਨਾਜਾਂ ਵਿਚੋਂ ਛੀਵਾਂ, ਅਠਵਾਂ ਵਾ ਵਾਰ੍ਹਵਾਂ ਹਿੱਸਾ ਲੀਤਾ ਕਰੇ ਅਰ ਜੇਹੜਾ ਧਨ ਲਵੇ ਤਾਂ ਭੀ ਉਸ ਪ੍ਰਕਾਰ ਨਾਲ ਲਵੇ ਕਿ ਜਿਸ ਕਰਕੇ ਕਿਸਾਨ ਆਦੀ ਖਾਨ ਪੀਨ

ਅਰ ਧਨਤੇਂ ਰਹਿਤ ਹੋਕੇ ਦੁਖ ਨਾ ਪਾਨ, ਕਿਉਂਕਿ ਪ੍ਰਜਾ ਦੇ ਧਨਵਾਨ ਅਰੋਗ ਖਾਨ ਪੀਨ ਆਦੀਥੀਂ ਸੈਪੰਨ ਰਹਿਨਤੇ ਰਾਜਾ ਦੀ ਬੜੀ ਉੱਨਤੀ ਹੁੰਦੀਹੈ, ਪ੍ਰਜਾ ਨੂੰ ਅਪਨੀ ਸੰਤਾਨ ਦੀ ਨਿਆਈਂ ਸੁਖ ਦੇਵੇ, ਅਰ ਪ੍ਰਜਾ ਅਪਨੇ ਪਿਤਾ ਵਰਗਾ ਰਾਜਾ ਅਰ ਰਾਜ ਪੁਰੁਸ਼ਾਂ ਨੂੰ ਜਾਨੇ, ਏਹ ਬਾਤ ਭੀ ਠੀਕ ਹੈ ਕਿ ਰਾਜਿਆਂ ਦੇ ਰਾਜਾ ਕਿਸਾਨ (ਖੇਤੀ ਵਾਹਨਵਾਲੇ) ਆਦੀ ਮੇਹਨਤ ਕਰਨ ਵਾਲੇ ਹਨ ਅਰ ਰਾਜਾ ਉਨ੍ਹਾਂ ਦੀ ਰਖਛਾ ਕਰਨ ਵਾਲਾ ਹੈ ਜੇ ਪ੍ਰਜਾ ਨਾ ਹੋਵੇ ਤਾਂ ਰਾਜਾ ਕਿਸਦਾ, ਅਰ ਰਾਜਾ ਨਾ ਹੋਵੇ ਤਾਂ ਪ੍ਰਜਾ ਕਿਸਦੀ ਕਹਾਵੇ, ਦੋਵੇਂ ਅਪਨੇ ਅਪਨੇ ਕੰਮ ਵਿਚ ਸ੍ਰੰਤੁਸ਼ਟ ਅਰ ਮਿਲੇ ਹੋਏ ਪ੍ਰੀਤੀ ਯੁਕਤ ਕੰਮ ਵਿਚ ਪਰਤੰਤ੍ਰ ਰਹਨ ਪ੍ਰਜਾ ਦੀ ਸਾਧਾਰਣ ਸੱਮਤੀ ਦੇ ਵਿਰੁਧ ਰਾਜਾ ਵਾ ਰਾਜਪੁਰੁਸ਼ ਨਾ ਹੋਨ, ਰਾਜਾ ਦੀ ਆਗਿਆ ਦੇ ਵਿਰੁੱਧ ਰਾਜਪੁਰੁਸ਼ ਵਾ ਪ੍ਰਜਾ ਨਾ ਚਲੇ ਏਹ ਰਾਜਾ ਦਾ 'ਰਾਜਕੋਯ' ਨਿਜ ਕੰਮ ਅਰਥਾਤ ਜੇਹਨੂੰ ਪੋਲੀਟੀਕਲ ਕਹਿੰਦੇ ਹਨ ਸੰਖਛੇਪ ਨਾਲ ਕਹ ਦਿੱਤਾ, ਹੁਨ ਜੋ ਵਿਸ਼ੇਸ਼ ਵੇਖਨਾ ਚਾਹੇ ਓਹ ਚਾਰੇ ਵੇਦ, ਮਨੁਸਮ੍ਰਿਤੀ, ਸ਼ੁਕ੍ਰਨੀਤੀ, ਮਹਾਭਾਰਤ ਆਦੀ ਵਿਚ ਵੇਖਕੇ ਨਿਸ਼ਚਾ ਕਰੇ, ਅਰ ਜੋ ਪ੍ਰਜਾ ਦਾ ਨਿਆਯ ਕਰਨਾ ਹੈ ਓਹ ਵਿਹਾਰ ਮਨੁਸਮ੍ਰਿਤੀ ਦੇ ਅਠਵੇਂ ਅਰ ਨਾਵੇਂ ਅਧਯਾਯ ਆਦੀ ਦੀ ਰੀਤੀ ਨਾਲ ਕਰਨਾ ਚਾਹੀਏ ਪਰੰਤੂ ਏਹ ਭੀ ਸੰਖੇਪ ਨਾਲ ਲਿਖਨੇ ਹਾਂ :—

ਪ੍ਰਤਯਹੰ ਦੇਸ਼ਦ੍ਰਿਸ਼ਟੈਸ਼ਚ ਸ਼ਾਸਤ੍ਰਦ੍ਰਿਸ਼ਟੈਸ਼ਚ ਹੇਤੁਭਿਃ ।
ਅਸ਼ਟਾਦਸ਼ਸੁ ਮਾਰਗੇਸ਼ੁ ਨਿਬੱਧਾਨਿ ਪ੍ਰਥਕ ਪ੍ਰਥਕ ॥ ੧ ॥
ਤੇਸ਼ਾਮਾਦਯਮ੍ਰਿਣਾਦਾਨੰ ਨਿਖਛੇਪੋਅਸ੍ਵਾਮਿਵਿਕ੍ਰਯਃ ।
ਸੰਭੂਯ ਚ ਸਮੁਥਾਨੰ ਦੱਤਸ੍ਯਾਨਪਕਰਮ ਚ ॥ ੨ ॥
ਵੇਤਨਸ੍ਯੈਵ ਚਾਦਾਨੰ ਸੰਵਿਦਸ਼ਚ ਵ੍ਯਤਿਕ੍ਰਮਃ ।
ਕ੍ਰਯਵਿਕ੍ਰਯਾਨੁਸ਼ਯੋ ਵਿਵਾਦਃ ਸ੍ਵਾਮਿਪਾਲਯੋਃ ॥ ੩ ॥
ਸੀਮਾਵਿਵਾਦਧਰਮਸ਼ਚ ਪਾਰੁਸ਼੍ਯੇ ਦੰਡਵਾਚਿਕੇ ।
ਸਤੇਯੰ ਚ ਸਾਹਸੰ ਚੈਵ ਸਤ੍ਰੀਸੰਗ੍ਰਹਣਮੇਵ ਚ ॥ ੪ ॥
ਸਤ੍ਰੀਪੁੰਧਰਮੋ ਵਿਭਾਗਸ਼ਚ ਦ੍ਯੂਤਮਾਤ੍ਹਯ ਏਵ ਚ ।
ਪਦਾਨਯਸ਼ਟਾਦਸ਼ੈਤਾਨਿ ਵ੍ਯਵਹਾਰਸਥਿਤਾਵਿਹ ॥ ੫ ॥
ਏਸ਼ੁ ਸਥਾਨੇਸ਼ੁ ਭੂਯਿਸ਼ਠੰ ਵਿਵਾਦੰ ਚਰਤਾਂ ਨ੍ਰਿਣਾਮ ।
ਧਰਮੰ ਸ਼ਾਸ਼੍ਵਤਮਾਸ਼੍ਰਿਤ੍ਯ ਕੁਰਯਾਤ੍ਕਾਰਯਵਿਨਿਰ੍ਣਯਮ ॥ ੬ ॥
ਧਰਮੋ ਵਿੱਧਸਤ੍ਰ੍ਯਧਰਮੇਣ ਸਭਾਂ ਯਤ੍ਰੋਪਤਿਸ਼ਠਤੇ ।
ਸ਼ਲਯੰ ਚਾਸ੍ਯ ਨ ਕ੍ਰਿੰਤੰਤਿ ਵਿੱਧਾਸਤ੍ਰ ਸਭਾਸਦਃ ॥ ੭ ॥
ਸਭਾ ਵਾ ਨ ਪ੍ਰਵੇਸ਼ਟਵ੍ਯਾ ਵਕ੍ਤਵ੍ਯੰ ਵਾਸਮੰਜਸਮ ।
ਅਬ੍ਰੁਵਨ੍ਵਿਬ੍ਰੁਵਨ੍ਵ ਪਿ ਨਰੋ ਭਵਤਿ ਕਿਲ੍ਬਿਸ਼ੀ॥ ੮ ॥

ਯਤ੍ਰ ਧਰਮੋ ਹਜਧਰਮੇਣ ਸਤਜੰ ਯਤ੍ਰਾਨ੍ਰਿਤੇਨ ਚ।
ਹਨਜਤੇ ਪ੍ਰੇਖਛਮਾਣਾਨਾਂ ਹਤਾਸਤਤ੍ਰ ਸਭਾਸਦਃ॥ ੯॥
ਧਰਮ ਏਵ ਹਤੋ ਹੰਤਿ ਧਰਮੋ ਰਖਛਤਿ ਰਖਛਿਤਃ।
ਤਸਮਾਦਧਰਮੋ ਨ ਹੰਤਵਜੋ ਮਾ ਨੋ ਧਰਮੋ ਹਤੋਅਵਧੀਤ॥ ੧੦॥
ਵ੍ਰਿਸ਼ੋ ਹਿ ਭਗਵਾਨ ਧਰਮਸਤਸਜ ਯਃ ਕੁਰੁਤੇ ਹਜਲਮ।
ਵ੍ਰਿਸ਼ਲੰ ਤੰ ਵਿਦੁਰਦੇਵਾਸਤਸਮਾਦਧਰਮੰ ਨ ਲੋਪਯੇਤ॥ ੧੧॥
ਏਕ ਏਵਸੁਹ੍ਰਿਧਰਮੋ ਨਿਧਨੇਪਜਨੁਯਾਤਿ ਯਃ।
ਸ਼ਰੀਰੇਨ ਸਮੰ ਨਾਸੰ ਸਰਵਮਨਜੱਧਿ ਗੱਛਤਿ॥ ੧੨॥
ਪਾਦੋਅਧਰਮਸਜ ਕਰਤਾਰੰ ਪਾਦਃ ਸਾਖਛਿਣਮ੍ਰਿਛਤਿ।
ਪਾਦਃ ਸਭਾਸਦਃ ਸਰਵਾਨ ਪਾਦੋ ਰਾਜਾਨਮ੍ਰਿਛਤਿ॥ ੧੩॥
ਰਾਜਾ ਭਵਤਜਨੇਨਾਸਤੁ ਮੁਚਜੰਤੇ ਚ ਸਭਾਸਦਃ।
ਏਨੋ ਗੱਛਤਿ ਕਰਤ ਰੰ ਨਿੰਦਾ ਹੋ ਯਤ੍ਰ ਨਿੰਦਜਤੇ॥ ੧੪॥

ਮਨੁਸਮ੍ਰਿਤੀ ਅਧਜਾਯ ੮। ਸ਼ਲੋਕ ੩-੮। ੧੨-੧੯॥

ਸਭਾ, ਰਾਜਾ ਅਰ ਰਾਜ ਪੁਰੁਸ਼, ਸਬ ਲੋਕ, ਦੇਸ਼ਾਚਾਰ ਅਰ ਸ਼ਾਸਤ੍ਰ ਵਿਹਾਰ ਹੇਤੂਆਂ ਕਰਕੇ ਹੇਠਾਂ ਲਿਖੇ ਅਠਾਰਾਂ 'ਵਿਵਾਦਾਸਪਦ' ਮਾਰਗਾਂ ਵਿਚ ਵਿਵਾਦ ਯੁਕਤ ਦਾ ਨਿਰਣੇ ਰੋਜ਼ ਕੀਤਾ ਕਰਨ ਅਰ ਜੇਹੜੇ ਜੇਹੜੇ ਨਿਯਮ ਸ਼ਾਸਤ੍ਰ ਵਿਚ ਲਿਖੇ ਹੋਏ ਨਾ ਪਾਨ ਅਰ ਉਨ੍ਹਾਂ ਦੇ ਹੋਨਦੀ ਜ਼ਰੂਰਤ ਜਾਨਨ ਤਾਂ ਉੱਤਮ ਉੱਤਮ ਨਿਯਮ ਬੰਨ੍ਹਨ ਕਿ ਜਿਸ ਕਰਕੇ ਰਾਜਾ ਅਰ ਪ੍ਰਜਾ ਦੀ ਉੱਨਤੀ ਹੋਵੇ॥੧॥ ਅਠਾਰਾਂ ਮਾਰਗ ਏਹ ਹਨ, ਉਨ੍ਹਾਂ ਵਿਚੋਂ ੧ (ਰਿਣਦਾਨ) ਕਿਸੇ ਕੋਲੋਂ ਰਿਣ (ਕਰਜ਼ਾ) ਲੈਨ ਦੇਨ ਦਾ ਵਿਵਾਦ(ਝਗੜਾ)। ੨ (ਨਿਖਛੇਪ) ਧਰਾਵਟ ਅਰਥਾਤ ਕਿਸੇ ਨ ਕਿਸੇ ਦੇ ਪਾਸ ਪਦਾਰਥ ਧਰਿਆ ਹੋਵੇ ਅਰ ਮੰਗਣ ਉੱਤੇ ਨਾ ਦੇਨਾ। ੩ (ਅਸ੍ਵਾਮਿਵਿਕ੍ਰਯ) ਦੂਜੇ ਦੇ ਪਦਾਰਥ ਨੂੰ ਦੂਜਾ ਵੇਚ ਲਵੇ। ੪ (ਸੰਭੂਯ ਚ ਸਮੁਥਾਨੰ) ਮਿਲ ਮਿਲਾਕੇ ਕਿਸੇ ਉੱਤੇ ਅਤਜਾਚਾਰ ਕਰਨਾ ੫ (ਦੱਤਸਜਾਨਪਕਰਮ ਚ) ਦਿੱਤੇ ਹੋਏ ਪਦਾਰਥ ਦਾ ਨ ਦੇਨਾ॥੨॥ ੬ (ਵੇਤਨਸਜੈਵ ਚਾਦਨੰ) ਵੇਤਨ ਅਰਥਾਤ ਕਿਸੇਦੀ ਨੌਕਰੀ ਵਿਚੋਂ ਲੈਲੈਨਾ ਵਾ ਘੱਟ ਦੇਨਾ। ੭ (ਪ੍ਰਤਿਗਜਾ) ਪ੍ਰਤਿਗਜਾ ਦੇ ਵਿਰੁੱਧ ਵਰਤਨਾ। ੮ (ਕ੍ਰਯਵਿਕ੍ਰਯਾਨੁਸ਼ਯ) ਅਰਥਾਤ ਲੈਨ ਦੇਨ ਵਿੱਚ ਝਗੜਾ ਹੋਨਾ। ੯ ਪਸ਼ੂ ਦੇ ਸ੍ਵਾਮੀ ਅਰ ਪਾਲਨ ਵਾਲੇ ਦਾ ਝਗੜਾ॥ ੩ ॥੧੦ (ਸੀਮਾ) ਜ਼ਮੀਨ ਦੀ ਹੱਦ ਦਾ ਝਗੜਾ। ੧੧ ਕਿਸੇ ਨੂੰ ਕਠੋਰ ਦੰਡ ਦੇਨਾ। ੧੨ ਕਠੋਰ ਵਚਨ ਬੋਲਨਾ। ੧੩ ਚੋਰੀ ਡਾਕਾ ਮਾਰਨਾ। ੧੪ ਕਿਸੇ ਕੰਮ ਨੂੰ ਜੋਰਾ ਜੋਰੀ ਕਰਨਾ। ੧੫ ਕਿਸੇ ਦੀ ਇਸਤ੍ਰੀ ਵਾ ਪੁਰੁਸ਼ ਦਾ ਵਜਭਿਚਾਰ ਹੋਨਾ॥੪॥ ੧੬ ਇਸਤ੍ਰੀ ਅਰ ਪੁਰੁਸ਼ ਦੇ ਧਰਮ ਵਿਚ ਵਜਤਿਕ੍ਰਮ ਹੋਨਾ। ੧੭ ਵਿਭਾਗ ਅਰਥਾਤ ਜਾਇਦਾਦ ਦਾ

ਝਗੜੇ ਉੱਠਨਾ। ੧੮ ਦਯੂਤ ਅਰਥਾਤ ਜੜ ਪਦਾਰਥ ਅਰ ਚੇਤਨ ਨੂੰ ਦਾਉ ਵਿਚ ਰਖਕੇ ਜੂਆ ਖੇਲਨਾ ਏਹ ਅਠਾਰਾਂ ਪ੍ਰਕਾਰ ਦੀਆਂ ਇਕ ਦੂਜੇ ਨਾਲ ਲੜਾਈ ਦੀਆਂ ਗੱਲਾਂ ਹਨ ॥੫॥ ਇਨਾਂ ਵਿਹਾਰਾਂ ਵਿਚ ਬਹੁਤ ਸਾਰੇ ਝਗੜਾ ਕਰਨ ਵਾਲੇ ਪੁਰੁਸ਼ਾਂ ਦੇ ਨਿਆਯ ਨੂੰ ਸਨਾਤਨ ਧਰਮ ਦਾ ਆਸ਼੍ਰਯ ਲੈਕੇ ਕੀਤਾ ਕਰੇ ਅਰਥਾਤ ਕਿਸੇ ਦਾ ਪਖਛਪਾਤ ਕਦੀ ਨਾ ਕਰੇ ॥ ੬ ॥ ਜਿਸ ਸਭਾ ਵਿਚ ਅਧਰਮ ਥੀਂ ਘਾਇਲ ਹੋਕੇ ਧਰਮ ਰਹਿੰਦਾ ਹੈ ਜੇਹੜੇ ਉਸਦਾ 'ਸ਼ਲਯ' ਅਰਥਾਤ ਭੀਰ ਦੀ ਨਿਆਈਂ ਧਰਮ ਦੇ ਕਲੰਕ ਨੂੰ ਕੱਢਨਾ ਅਰ ਅਧਰਮ ਦਾ ਛੇਦਨ ਨਹੀਂ ਕਰਦੇ ਅਰਥਾਤ ਧਰਮੀ ਦਾ ਮਾਨ ਅਧਰਮੀ ਨੂੰ ਦੰਡ ਨਹੀਂ ਮਿਲਦਾ ਉਸ ਸਭਾ ਵਿਚ ਜਿੰਨੇ ਸਭਾਸਦ ਹਨ ਓਹ ਸਭ ਘਾਇਲਦੀ ਨਿਆਈਂ ਸਮਝੇ ਜਾਂਦੇ ਹਨ ॥੭॥ ਧਾਰਮਿਕ ਮਨੁੱਸ਼ ਨੂੰ ਯੋਗ ਹੈ ਕਿ ਸਭਾ ਵਿਚ ਕਦੀ ਨਾ ਜਾਵੇ ਅਰ ਜੇ ਜਾਵੇ ਭਾਂ ਸੱਤ ਹੀ ਬੋਲੇ ਜੇ ਕੋਈ ਸਭਾ ਵਿਚ ਅਨਿਆਯ ਹੁੰਦੇ ਹੋਏ ਨੂੰ ਵੇਖਕੇ ਚੁੱਪ ਰਹੇ ਅਥਵਾ ਸੱਚੇ ਨਿਆਯ ਦੇ ਵਿਰੁੱਧ ਬੋਲੇ ਓਹ ਮਹਾਪਾਪੀ ਹੁੰਦਾ ਹੈ ॥ ੮ ॥ ਜਿਸ ਸਭਾ ਵਿਚ ਅਧਰਮ ਥੀਂ ਧਰਮ, ਅਸੱਤ ਥੀਂ ਸੱਤ ਸਭਨਾਂ ਸਭਾਸਦਾਂ ਦੇ ਵੇਖਦੇ ਮਾਰਿਆ ਜਾਂਦਾ ਹੈ ਓਹ ਸਭਾ ਵਿਚ ਸਭ ਮੁਰਦਜਾਂ ਦੇ ਸਮਾਨ ਹਨ ਜਾਨੋ ਉਨ੍ਹਾਂ ਵਿਚ ਕੋਈ ਭੀ ਨਹੀਂ ਜੀਉਂਦਾ ॥ ੯॥ ਮੋਇਆ ਹੋਇਆ ਧਰਮ ਮਾਰਨ ਵਾਲੇ ਦਾ ਨਾਸ਼ ਅਰ ਰਖਛਾ ਕੀਤਾ ਹੋਇਆ ਧਰਮ ਰਖਛਾ ਕਰਨ ਵਾਲੇ ਦੀ ਰਖਛਾ ਕਰਦਾ ਹੈ। ਏਸ ਲਈ ਧਰਮ ਦਾ ਹਨਨ ਕਦੀ ਨਾ ਕਰਨਾ, ਏਸ ਬਾਤਤੋਂ ਡਰਕੇ ਕਿ ਮਾਰਿਆ ਹੋਇਆ ਧਰਮ ਕਦੀ ਸਾਨੂੰ ਨਾ ਮਾਰ ਦੇਵੇ ॥੧੦॥ ਜੇਹੜਾ ਸਭ ਐਸ਼੍ਵਰਯ ਦਾ ਦੇਨ ਵਾਲਾ ਅਰ ਸੁਖਾਂ ਦੀ ਵਰਸ਼ਾ ਕਰਨ ਵਾਲਾ ਧਰਮ ਹੈ ਜੋ ਉਸ ਦਾ ਲੋਪ ਕਰਦਾ ਹੈ ਉੱਸੇ ਨੂੰ ਵਿਦਵਾਨ ਲੋਕ 'ਬ੍ਰਿਸ਼ਲ' ਅਰਥਾਤ ਸ਼ੂਦ੍ਰ ਅਰ ਨੀਚ ਜਾਨਦੇ ਹਨ ਏਸ ਲਈ ਕਿਸੇ ਮਨੁੱਸ਼ ਨੂੰ ਧਰਮ ਦਾ ਲੋਪ ਕਰਨਾ ਉਚਿਤ ਨਹੀਂ ॥ ੧੧ ॥ ਏਸ ਸੰਸਾਰ ਵਿਚ ਇੱਕ ਧਰਮ ਹੀ ਸੁਹ੍ਰਿਦ ਹੈ ਜੇਹੜਾ ਮੌਤ ਦੇ ਪਿਛੋਂ ਭੀ ਨਾਲ ਚੱਲਦਾ ਹੈ ਅਰ ਸਭ ਪਦਾਰਥ ਵਾ ਸੰਗੀ ਸ਼ਰੀਰ ਦੇ ਨਾਸ਼ ਹੋਨ ਦੇ ਨਾਲ ਹੀ ਨਾਸ਼ ਨੂੰ ਪ੍ਰਾਪਤ ਹੁੰਦੇ ਹਨ ਅਰਥਾਤ ਸਭ ਸੰਗ ਥੀਂ ਛੁੱਟ ਜਾਂਦਾ ਹੈ ॥੧੨॥ਪਰੰਤੂ ਧਰਮ ਦਾ ਸੰਗ ਕਦੀ ਨਹੀਂ ਛੁੱਟਦਾ, ਜਦ ਰਾਜਸਭਾ ਵਿੱਚ ਪਖਛਪਾਤ ਕਰਕੇ ਅਨਿਆਯ ਕੀਤਾ ਜਾਂਦਾ ਹੈ ਉਥੇ ਅਧਰਮ ਦੇ ਚਾਰ ਹਿੱਸੇ ਹੋਜਾਂਦੇ ਹਨ। ਉਨ੍ਹਾਂ ਵਿਚੋਂ ਇੱਕ ਅਧਰਮ ਦਾ ਕਰਤਾ, ਦੂਜਾ ਸਾਖਛੀ (ਉਗਾਹੀ ਦੇਨਵਾਲਾ)ਤੀਜਾ ਸਭਾਸਦਾਂ ਅਰ ਚੌਥਾ ਹਿੱਸਾ ਅਧਰਮੀ ਸਭਾ ਦੇ ਸਭਾਪਤੀ ਰਾਜਾ ਨੂੰ ਪ੍ਰਾਪਤ ਹੁੰਦਾਹੈ॥੧੩॥ ਜਿਸ ਸਭਾ ਵਿਚ ਨਿੰਦਿਆ ਦੇ ਯੋਗ ਦੀ ਨਿੰਦਿਆ, ਉਸਤੁਤੀ ਦੇ ਯੋਗ ਦੀ ਉਸਤੁਤੀ, ਦੰਡ ਦੇ ਯੋਗ ਨੂੰ ਦੰਡ, ਅਰ ਮਾਨ ਦੇ ਯੋਗ ਦਾ ਮਾਨ ਹੁੰਦਾ ਹੈ, ਉਥੇ ਰਾਜਾ ਅਰ ਸਾਰੇ ਸਭਾਸਦ ਪਾਪ ਤੋਂ ਰਹਿਤ ਅਰ ਪਵਿਤ੍ਰ ਹੋ ਜਾਂਦੇ ਹਨ

ਪਾਪ ਦੇ ਕਰਤਾ ਹੀ ਨੂੰ ਪਾਪ ਪ੍ਰਾਪਤ ਹੁੰਦਾ ਹੈ ॥ ੧੪॥ਹੁਨ ਸਾਖਛੀ (ਉਗਾਹ) ਕਿਹੋ ਜੇਹੇ ਕਰਨੇ ਚਾਹੀਏ:—

ਆਪਤਾਃ ਸਰਵੇਸ਼ੁ ਵਰਣੇਸ਼ੁ ਕਾਰਯਾਃ ਕਾਰਯੇਸ਼ੁ ਸਾਖਛਿਣਃ।
ਸਰਵਧਰਮਵਿਦੋਅਲੁਬਧਾ ਵਿਪਰੀਤਾਂਸਤੁ ਵਰਜਯੇਤ ॥ ੧ ॥
ਸਤ੍ਰੀਣਾਂ ਸਾਖਛਯੰ ਸਤ੍ਰਿਯਃ ਕੁਰਯੁਰਦ੍ਵਿਜਾਨਾਂ ਸਦ੍ਰਿਸ਼ਾ ਦ੍ਵਿਜਾਃ।
ਸ਼ੂਦ੍ਰਾਸ਼ਚ ਸੰਤਃ ਸ਼ੂਦ੍ਰਾਣਾਮੰਤਯਾਨਾਮਤਯੋਨਯਃ ॥ ੨ ॥
ਸਾਹਸੇਸ਼ੁ ਚ ਸਰਵੇਸ਼ੁ ਸਤੇਯਸੰਗ੍ਰਹਣੇਸ਼ੁ ਚ।
ਵਾਗਦੰਡਯੋਸ਼ਚ ਪਾਰੁਸ਼ਯੇ ਨ ਪਰੀਖਛੇਤ ਸਾਖਛਿਣਃ ॥ ੩ ॥
ਬਹੁਤ੍ਵੰਪਰਿਗ੍ਰਿਹਣੀਯਾਤ ਸਾਖਛਿਦ੍ਵੈਧੇ ਨਰਾਧਿਪਃ।
ਸਮੇਸ਼ੁ ਤੁ ਗੁਣੋਤਕ੍ਰਿਸ਼ਟਾਨ ਗੁਣਦ੍ਵੈਧੇ ਦ੍ਵਿਜੋੱਤਮਾਨ ॥ ੪ ॥
ਸਮਖਛਦਰਸ਼ਨਾਤਸਾਖਛਯੰ ਸ਼੍ਰਵਣੋਂਚੈਵ ਸਿਧਯਤਿ।
ਤਤ੍ਰ ਸਤਯੰ ਬ੍ਰਵਨਸਾਖਛੀ ਧਰਮਾਰਥਾਤਯਾਂ ਨ ਹੀਯਤੇ ॥ ੫ ॥
ਸਾਖਛੀ ਦ੍ਰਿਸ਼ੋਟਸ਼੍ਰਤਾਦਨਯਦਵਿਬ੍ਰਵਨਾਰਯਸੰਸਦਿ।
ਅਵਾਙਨਰ ਕਮਭੋਜੇਤਿ ਪ੍ਰੇਤਯ ਸ੍ਵਰੋਗੋਚ ਹੀਯਤੇ ॥ ੬ ॥
ਸ੍ਵਭਾਵੇਨੈਵ ਯਦ ਬ੍ਰਾਯੁਸਤਦ ਗ੍ਰਾਹਯੰ ਵਯਾਵਹਾਰਿਕਮ।
ਅਤੋ ਯਦਨਯਦਵਿਬ੍ਰਾਯੁਰਧਰਮਾਰਥੰ ਤਦਪਾਰਥਕਮ ॥ ੭ ॥
ਸਭਾਂਤਃ ਸਾਖਛਿਣਃ ਪ੍ਰਾਪਤਾਨਰਥਿਪ੍ਰਤਯਰਥਿਸੰਨਿਪੌ।
ਪ੍ਰਾਡਵਿਵਾਕੋਅਨੁਯੁੰਜੀਤ ਵਿਧਿਨਾ ਅਨੇਨ ਸਾਂਤ੍ਵਯਨ ॥ ੮ ॥
ਯਦ ਦ੍ਵਯੋਰਨਯੋਰਵੇੱਥ ਕਾਰਯੇਅਸਮਿਨ ਚੇਸ਼ਟਿਤੰ ਮਿਥਃ।
ਤਦ ਬ੍ਰੂਤੰ ਸਰਵੰ ਸਤਯੇਨ ਯੁਸ਼ਮਾਕੰ ਹਯਤ੍ਰ ਸਾਖਛਿਤਾ ॥ ੯ ॥
ਸੱਤਯੰ ਸੋਾਖਛਯੇ ਬ੍ਰਵਨ ਸਾਖਛੀ ਲੋਕਾਨਾਪਨੋਤਿ ਪੁਸ਼ਕਲਾਨ।
ਇਹ ਚਾਨੁੱਤਮਾਂ ਕੀਰਤਿੰ ਵਾਗੇਸ਼ਾ ਬ੍ਰਹਮਪੂਜਿਤਾ ॥ ੧੦ ॥
ਸਤਯੇਨ ਪੂਯਤੇ ਸਾਖਛੀ ਧਰਮਃ ਸਤਯੇਨ ਵਰਧਤੇ।
ਤਸਮਾਤਸਤਯੰ ਹਿ ਵਕਤਵਯੰ ਸਰਵਵਰਣੇਸ਼ੁ ਸਾਖਛਿਭਿਃ ॥੧੧ ॥
ਆਤਮਵ ਹਯਾਤਮਨਃ ਸਾਖਛੀ ਗਤਿਰਾਤਮਾ ਤਥਾਤਮਨਃ।
ਨਾਵਮੰਸਥਾਃ ਸ੍ਵਮਾਤਮਾਨੰ ਨ੍ਰਿਣਾਂ ਸਾਖਛਿਣਮੁੱਤਮਮ ॥ ੧੨ ॥
ਯਸਯ ਵਿਦ੍ਵਾਨ ਹਿ ਵਦਤਃ ਖਛੇਤ੍ਰਜਵੋ ਨਾਭਿਸ਼ੰਕਤੇ।
ਤਸਮਾਂਨ ਦੇਵਾਃ ਸ਼੍ਰੇਯਾਂਸੰ ਲੋਕੇਨਯੰ ਪੁਰੁਸ਼ੰ ਵਿਦੁਃ ॥ ੧੩ ॥
ਏਕੋਅਹਮਸਮੀਤਯਾਮਾਨੰ ਯੱਤ੍ਵੇ ਕਲਯਾਣੰ ਮਨਯਸੇ।
ਨਿਤਯੰ ਸਥਿਤਸਤੇ ਹ੍ਰਿਦਯੇਸ਼ ਪੁਣਯਪਾਪੇਖਛਿਤਾ ਮੁਨਿਃ ॥

ਮਨੁਃ ਅਃ ੮ । ਸ਼ਲੋਕ ੬੩।੬੮।੭੨–੭੫।੭੮–੮੧।੮੩।੮੪।੯੬।੯੧ ॥

ਸਬ ਵਰਣਾਂ ਵਿਚ ਧਾਰਮਿਕ, ਵਿਦਵਾਨ, ਨਿਸ਼ਕਪਟੀ, ਸਬ ਪ੍ਰਕਾਰ

ਵੈ ਧਰਮ ਦੇ ਜਾਨਨ ਵਾਲੇ, ਲੋਭ ਰਹਿਤ, ਸੱਤਵਾਦੀ ਨੂੰ ਨਿਆਯ ਵਿਵਸਥਾ ਵਿਚ ਸਾਖਛੀ (ਉਗਾਹ) ਕਰੇ, ਏਸ ਤੋਂ ਉਲਟ ਚਲਨ ਵਾਲਿਆਂ ਨੂੰ ਕਦੀ ਨਾ ਕਰੈ ॥ ੧ ॥ ਇਸਤ੍ਰੀਆਂ ਦੀ ਸਾਖਛੀ ਇਸਤ੍ਰੀ, ਦ੍ਵਿਜਾਂ ਦੀ ਦ੍ਵਿਜ, ਸ਼ੂਦ੍ਰਾਂ ਦੀ ਸ਼ੂਦ੍ਰ, ਅਰ ਚੰਡਾਲਾਂ ਦੇ ਚੰਡਾਲ ਸਾਖਛੀ ਹੋਨ ॥ ੨ ॥ ਜਿੱਨੇ ਜ਼ਬਰਦਸਤੀ, ਚੋਰੀ, ਵੇਸ਼ਭਿਚਾਰ, ਕਠੋਰ ਵਚਨ, ਦੰਡਨਿਪਾਤ ਰੂਪ ਅਪਰਾਧ ਹਨ ਉਨ੍ਹਾਂ ਵਿਚ ਸਾਖਛੀ ਦੀ ਪਰੀਖਛਾ ਨਾ ਕਰੇ ਅਰ ਅਜੇਹਾ ਜ਼ਰੂਰੀ ਭੀ ਸਮਝੇ ਕਿਉਂ ਕਿ ਏਹ ਕੰਮ ਸਬ ਗੁਪਤ ਹੁੰਦੇ ਹੋਨ ॥ ੩ ॥ ਦੋਹਾਂ ਪਾਸਿਆਂ ਦੇ ਸਾਖਛੀਆਂ ਵਿਚੋਂ ਬਹੁਪਖਛ ਅਨੁਸਾਰ (ਜਿੱਧਰ ਬਹੁਤੇ ਹੋਨ) ਜੋ ਬਰਾਬਰ ਉਗਾਹੀਆਂ ਹੋਨ ਤਾਂ ਉੱਤਮ ਗੁਣੀ ਪੁਰੁਸ਼ ਦੀ ਸਾਖਛੀ ਦੇ ਅਨੁਕੂਲ, ਅਰ ਦੋਹਾਂ ਦੇ ਸਾਖਛੀ ਉੱਤਮ ਗੁਣੀ ਭੁਲ ਹੋਨ ਤਾਂ ਦ੍ਵਿਜਾਂ ਵਿਚ ਉੱਤਮ ਅਰਥਾਤ ਰਿਸ਼ੀ ਮਹਾਰਿਸ਼ੀ, ਅਰ ਯਤੀਆਂ ਦੀ ਸਾਖਛੀ ਦੇ ਅਨੁਸਾਰ ਨਿਆਯ ਕਰੇ ॥ ੪ ॥ ਦੋ ਪ੍ਰਕਾਰ ਥੀਂ ਸਾਖਛੀ ਹੋਨਾ ਸਿੱਧ ਹੁੰਦਾ ਹੈ, ਇਕ ਸਾਖਛਾਤ ਦੇਖਨੇ ਅਰ ਦੂਜਾ ਸੁਨਨ ਥੀਂ, ਸਦ ਸਭਾ ਵਿਚ ਪੂਛਨ ਤਦ ਜੇਹੜੇ ਉਗਾਹ ਸੱਚ ਬੋਲਨ ਓਹ ਧਰਮ ਤੋਂ ਹੀਨ ਅਰ ਦੰਡ ਦੇ ਯੋਗ ਨਾ ਹੋਨ ਅਰ ਜੇਹੜੇ ਸਾਖਛੀ ਝੂਠ ਬੋਲਨ ਓਹ ਯਥਾਯੋਗ ਦੰਡ ਪਾਨ ॥ ੫ ॥ ਜੇਹੜਾ ਰਾਜ ਸਭਾ ਵਾ ਕਿਸੇ ਉੱਤਮ ਪੁਰੁਸ਼ਾਂ ਦੀ ਸਭਾ ਵਿੱਚ ਸਾਖਛੀ ਦੇਖਨ ਅਰ ਸੁਨਨ ਤੋਂ ਵਿਰੁੱਧ ਬੋਲੇ ਓਹ (ਅਵਾਕ-ਨਰਕ) ਅਰਥਾਤ ਬਾਨੰ ਦੇ ਛੇਦਨ ਕਰਕੇ ਦੁਖ ਰੂਪ ਨਰਕ ਨੂੰ ਵਰਤਮਾਨ ਸਮੇ ਵਿਚ ਪ੍ਰਾਪਤ ਹੋਵੇ ਅਰ ਮਰਨ ਤੋਂ ਪਿੱਛੇ ਸੁਖ ਤੋਂ ਹੀਨ ਹੋ ਜਾਵੇ ॥ ੬ ॥ ਸਾਖਛੀ ਦੇ ਉਸ ਵਚਨ ਨੂੰ ਮੰਨਨਾ ਕਿ ਜੇਹੜਾ ਸ੍ਵਭਾਵਿਕ ਹੀ ਵਿਹਾਰ ਸੰਬੰਧੀ ਬੋਲੇ ਅਰ ਏਸ ਤੋਂ ਭਿੰਨ ਸਿਖਾਏ ਹੋਏ ਜੇਹੜੇ ਵਚਨ ਬੋਲੇ ਉਸ ਉਸ ਨੂੰ ਨਿਆਯਾਧੀਸ਼ ਵਜਰਥ ਸਮਝੇ ॥੭॥ ਜਦ ਅਰਥੀ (ਮੁਦਈ) ਅਰ ਪ੍ਰਤੀਅਰਥੀ (ਮੁੱਦਾਲੈਹ) ਦੇ ਸਾਮ੍ਹਨੇ ਸਭਾ ਦੇ ਸਮੀਪ ਪ੍ਰਾਪਤ ਹੋਏ ਸਾਖਛੀਆਂ ਨੂੰ ਸ਼ਾਂਤੀ ਪੂਰਵਕ ਨਿਆਯਾਧੀਸ਼ ਅਰ ਪ੍ਰਾਡਵਿਵਾਕ ਅਰਥਾਤ ਵਕੀਲ ਵਾ ਬੈਰਿਸਟਰ ਏਸ ਪ੍ਰਕਾਰ ਥੀਂ ਪੁੱਛਨ ॥੮॥ ਹੇ ਸਾਖਛੀ ਲੋਗੋ। ਏਸ ਕਾਰਯ ਵਿਚ ਇਨ੍ਹਾਂ ਦੋਹਾਂ ਦੇ ਪਰਸਪਰ ਕ੍ਰੇਮਾਂ ਵਿਚ ਜੋ ਤੁਸੀਂ ਜਾਨਦੇ ਹੋ ਉਸ ਨੂੰ ਸੱਚ ਬੋਲੋ ਕਿਉਂ ਕਿ ਤੁਹਾਡੀ ਏਸ ਕਾਰਯ ਵਿਚ ਸਾਖਛੀ ਹੈ ॥੯॥ ਜੇਹੜਾ ਸਾਖਛੀ ਸੱਤ ਬੋਲਦਾ ਹੈ ਓਹ ਅਗਲੇ ਜਨਮ ਵਿਚ ਉੱਤਮ ਜਨਮ ਅਰ ਉੱਤਮ ਲੋਕਾਂਤਰਾਂ ਵਿੱਚਜਨਮ ਨੂੰ ਪ੍ਰਾਪਤ ਹੋਕੇ ਸੁਖ ਭੋਗਦਾ ਹੈ, ਏਸ ਜਨਮ ਵਾ ਪਰਜਨਮ ਵਿੱਚ ਉੱਤਮ ਕੀਰਤੀ ਨੂੰ ਪ੍ਰਾਪਤ ਹੁੰਦਾ ਹੈ, ਕਿਉਂਕਿ ਜੇਹੜੀ ਏਹ ਬਾਣੀ ਹੈ ਉਹੋ ਹੀ ਵੇਦਾਂ ਵਿਚ ਆਦਰ ਅਰ ਨਿਰਾਦਰ ਦਾ ਕਾਰਣ ਲਿਖਿਆ ਹੈ, ਜੇਹੜਾ ਸੱਤ ਬੋਲਦਾ ਹੈ ਓਹ ਇੱਜ਼ਤ ਵਾਲਾ ਅਰ ਝੂਠ ਬੋਲਨ ਵਾਲਾ ਨਿੰਦਿਆ ਨੂੰ ਪਾਂਵਦਾ ਹੈ॥੧੦॥ ਸੱਚ ਬੋਲਨ ਥੀਂ ਸਾਖਛੀ ਪਵਿਤ੍ਰ ਹੁੰਦਾ ਅਰ ਸੱਚ ਹੀ ਬੋਲਨਾ

ਥੀਂ ਧਰਮ ਵਧਦਹੈ ਏਸ ਵਾਸਤੇ ਸਭਨਾਂ ਵਰਣਾਂ ਵਿਚ ਸਾਖਛੀਆਂ ਨੂੰ ਸੱਚ ਹੀ ਬੋਲਨਾ ਯੋਗਹੈ ॥੧੧॥ ਆਤਮਾ ਦਾ ਸਾਖਛੀ ਆਤਮਾ ਅਰ ਆਤਮਾ ਦੀ ਗਤੀ ਆਤਮਾ ਹੈ ਏਸ ਨੂੰ ਜਾਨਕੇ ਹੇ ਪੁਰੁਸ਼ ਤੂੰ ਸਭ ਮਨੁਸ਼ਾਂ ਦਾ ਉੱਤਮ ਸਾਖਛੀ ਅਪਨੇ ਆਤਮਾ ਦਾ ਅਪਮਾਨ ਮਤ ਕਰ ਅਰਥਾਤ ਸੱਚ ਬੋਲਨਾ ਜੋ ਤ੍ਰਿ ਤੇਰੇ ਆਤਮਾ ਮਨ ਬਾਣੀ ਵਿਚ ਹੈ ਓਹ ਸੱਚ, ਅਰ ਜੋ ਏਸ ਤੋਂ ਉਲਟ ਹੈ ਓਹ ਝੂਠ ਬੋਲਨਾ ਹੈ ॥੧੨॥ ਜਿਹਦੇ ਬੋਲਦੇ ਹੋਏ ਪੁਰੁਸ਼ ਦਾ ਵਿਦਵਾਨ ਖਛੇਤ੍ਰਜ੍ਞ ਅਰਥਾਤ ਸ਼ਰੀਰ ਦਾ ਜਾਨਨਹਾਰਾ ਆਤਮਾ ਅੰਦਰ ਸ਼ੰਕਾ ਨੂੰ ਪ੍ਰਾਪਤ ਨਹੀਂ ਹੁੰਦਾ ਉਸ ਤੋਂ ਭਿੰਨ ਵਿਦਵਾਨ ਲੋਗ ਕਿਸੇ ਨੂੰ ਉੱਤਮ ਪੁਰੁਸ਼ ਨਹੀਂ ਜਾਨਦੇ ॥੧੩॥ ਹੇ ਕਲਿਆਣ ਦੀ ਇਛਿਆ ਕਰਨ ਵਾਲੇ ਪੁਰੁਸ਼! ਜੋ ਤੂੰ 'ਮੈ ਇਕੱਲਾ ਹਾਂ' ਅਜੇਹਾ ਅਪਨੇ ਆਤਮਾ ਵਿਚ ਜਾਨਕੇ ਮਿਥਿਆ ਬੋਲਦਾ ਹੈਂ ਸੋ ਠੀਕ ਨਹੀਂ ਹੈ ਕਿੰਤੂ ਜੋ ਦੂਜਾ ਤੇਰੇ ਹਿਰਦੇ ਵਿਚ ਅੰਤਰਜਾਮੀ ਰੂਪ ਵਾਲਾ ਪਰਮੇਸ਼੍ਵਰ ਪੁੰਨ ਪਾਪ ਦਾ ਵੇਖਨ ਵਾਲਾ ਮੁਨੀ ਸਹਿਤ ਹੈ ਉਸ ਪਰਮੇਸ਼੍ਵਰ ਥੀਂ ਭਟਕੋ ਹਦਾ ਸਚ ਬੋਲਿਆ ਕਰ ॥੧੪॥

ਲੋਭ ਨਮੋਹਾਦਭਯਾਨਮੈਤ੍ਰੁਤਕਾਮਾਤ੍ਕ੍ਰੋਧਾਤਤ੍ਥੈਵ ਚ।
ਅਜ੍ਞਾਨਾਦਬਾਲਭਾਵਾੱਚ ਸਾਖਛ੍ਯੰ ਵਿਤਥਮ੍ਰੁਚ੍ਯਤੇ ॥ ੧ ॥
ਏਸ਼ਾਮਨ੍ਯਤਮੇ ਸਥਾਨੇ ਯਃ ਸਾਖਛ੍ਯਮ੍ਰੁਤੰ ਵ੍ਰਦੇਤ।
ਤਸ੍ਯ ਦੰਡਵਿਸ਼ੇਸ਼ਾਂਸ੍ਤ੍ਵ ਪ੍ਰਵਖਛ੍ਯਾਮ੍ਯਨੁਪੂਰਵਸ਼ਃ ॥ ੨ ॥
ਲੋਭਾਤ੍ਸਹਸ੍ਰੰਦੰਡ੍ਯਸ੍ਤੁ ਮੋਹਾਤ੍ਪੂਰਵੰਤੁ ਸਾਹਸ੍ਰਮ ।
ਭਯਾਦ੍ਦ੍ਵੇ ਮਧ੍ਯਮੇ ਦੰਡ੍ਯੌ ਮੈਤ੍ਰਾਤ੍ਪੂਰਵ ਚਤੁਰ੍ਗੁਣਮ ॥ ੩ ॥
ਕਾਮਾੱਦਸ਼ਗੁਣੰ ਪੂਰਵੰ ਕ੍ਰੋਧਾੱਤੁ ਤ੍ਰਿਗੁਣੰ ਪਰਮ ।
ਅਜ੍ਞਾਨਾੱਦ੍ਦ੍ਵੇ ਸ਼ਤੇ ਪੂਰਣੇ ਬਾਲਿਸ਼ਾੱਛਤਮੇਵ ਤੁ ॥ ੪ ॥
ਉਪਸਥਮੁਦਰੰ ਜਿਹ੍ਵਾ ਹਸ੍ਤੌ ਪਾਦੌ ਚ ਪੰਚਮਮ ।
ਚਖਛ੍ਰੁਰਨਾਸਾ ਚ ਕਰ੍ਣੌ ਚ ਧਨੰ ਦੇਹਸ੍ਤਥੈਵ ਚ ॥ ੫ ॥
ਅਨੁਬੰਧੰ ਪਰਿਜ੍ਞਾਯ ਦੇਸ਼ਕਾਲੌ ਚ ਤੱਤ੍ਵਤਃ ।
ਸਾਰਾਪਰਾਧੌ ਚਾਲੋਕ੍ਯ ਦੰਡੰ ਦੰਡ੍ਯੇਸ਼ੁ ਪਾਤਯੇਤ ॥ ੬ ॥
ਅਧਰ੍ਮਦੰਡਨੰ ਲੋਕੇ ਯਸ਼ੋਘ੍ਨੰ ਕੀਰ੍ਤਿਨਾਸ਼ਨਮ ।
ਅਸ੍ਵਰ੍ਗ੍ਯੰ ਚ ਪਰਤ੍ਰਾਪਿ ਤਸ੍ਮਾੱਤ੍ਤਪਰਿਵਰ੍ਜਯੇਤ ॥ ੭ ॥
ਅਦੰਡ੍ਯਾਨ੍ਦੰਡ੍ਯਯਨ ਰਾਜਾ ਦੰਡ੍ਯਾਂਸ਼੍ਚੈਵਾਪ੍ਯਦੰਡ੍ਯਯਨ ।
ਅਯਸ਼ੋ ਮਹਦਾਪਨੋਤਿ ਨਰਕੰ ਚੈਵ ਗੱਛਤਿ ॥ ੮ ॥
ਵਾਗਦੰਡੰ ਪ੍ਰਥਮੰ ਕੁਰਯਾਤ੍ਧਿਗਦੰਡੰ ਤਦਨੰਤਰਮ ।
ਤ੍ਰਿਤੀਯੰ ਧਨਦੰਡੰ ਤੁ ਬਧਦੰਡਮਤਃ ਪਰਮ ॥ ੯ ॥

ਮਨੁਸਮ੍ਰਿਤੀ ਅਧ੍ਯਾਯ ੮। ਸ਼ਲੋਕ ੧੧੮–੧੨੧। ੧੨੫–੧੨੯ ॥

ਜੇਹੜਾ ਲੋਭ, ਮੋਹ, ਭੈ,ਮਿਤ੍ਰਤਾ, ਕਾਮ,ਕ੍ਰੋਧ, ਅਗਿਆਨ ਅਰ ਬਾਲਕਪਨ ਕਰਕੇ ਸਾਖਛੀ ਦੇਵੇ ਓਹ ਸਾਰੀ ਝੂਠੀ ਸਮਝੀ ਜਾਵੇ ॥ ੧ ॥ ਇਨ੍ਹਾਂ ਵਿਚੋਂ ਕਿਸੇ ਜਗਹ ਉਤੇ ਸਾਖਛੀ ਝੂਠ ਬੋਲੇ ਉਸ ਨੂੰ ਵਖਛਮਾਨ ਕਈ ਤਰਾਂ ਦਾ ਦੰਡ ਦਿੱਤਾ ਕਰੇ ॥ ੨ ॥ ਜੇਹੜਾ ਲੋਭ ਕਰਕੇ ਝੂਠੀ ਸਾਖਛੀ ਦੇਵੇ ਤਾਂ ਉਸ ਕੋਲੋਂ ੧੫॥=) ਪੰਦ੍ਰਾਂ ਰੁਪਏ ਦਸ ਆਨੇ ਦੰਡ ਲਵੇ । ਜੇਹੜਾ ਮੋਹ ਕਰਕੇ ਝੂਠੀ ਸ ਖਛੀ ਦੇਵੇ ਉਸ ਕੋਲੋਂ ੩=) ਤਿੰਨ ਰੁਪਏ ਦੋ ਆਨੇ ਦੰਡ ਲਵੇ। ਜ ਹੜਾ ਭੈ ਕਰਕੇ ਝੂਠੀ ਸਾਖਛੀ ਦੇਵੇ ਤੁਸ ਕੋਲੋਂ ੬।) ਸਵਾ ਛੇ ਰੁਪਏ ਦੰਡ ਲਵੇ । ਅਰ ਜੇਹੜਾ ਪੁਰੁਸ਼ ਮਿਤ੍ਰਤਾ ਕਰਕੇ ਝੂਠੀ ਸਾਖਛੀ ਦੇਵੇ ਉਸ ਕੋਲੋਂ ੧੨॥) ਸਾਡੇ ਬਾਰਾਂ ਰੁਪਏ ਦੰਡ ਲਵੇ ॥ ੩ ॥ ਜੇਹੜਾ ਪੁਰੁਸ਼ ਕਾਮਨਾ ਕਰਕੇ ਝੂਠੀ ਸਾਖਛੀ ਦੇਵੇ ਉਸ ਕੋਲੋਂ ੨੫) ਪੰਜੀ ਰੁਪਏ ਦੰਡ ਲਵੇ । ਜੇਹੜਾ ਪੁਰੁਸ਼ ਕ੍ਰੋਧ ਕਰਕੇ ਝੂਠੀ ਸਾਖਛੀ ਦੇਵੇ ਉਸ ਕੋਲੋਂ ੪੬॥=) ਛਤਾਲੀ ਰੁਪਏ ਚੌਦਾਂ ਆਨੇ ਦੰਡ ਲਵੇ । ਜੇਹੜਾ ਪੁਰੁਸ਼ ਅਗਿਆਨਤਾ ਕਰਕੇ ਝੂਠੀ ਸਾਖਛੀ ਦੇਵੇ ਉਸ ਕੋਲੋਂ ੬) ਛੇ ਰੁਪਏ ਦੰਡ ਲਵੇ । ਅਰ ਜੇਹੜਾ ਬਾਲਕਪਨ ਕਰਕੇ ਝੂਠੀ ਸਾਖਛੀ ਦੇਵੇ ਤਾਂ ਉ ਸ ਕੋਲੋਂ ੧॥–) ਇਕ ਰੁਪਯਾ ਨੌ ਆਨੇ ਦੰਡ ਲਵੇ ॥੪ ॥ ਉਪਸਥ ।ਇੰਦ੍ਰੀ, ਪੇਟ, ਜ਼ਬਾਨ, ਹੱਥ, ਪੈਰ, ਅੱਖ, ਨੱਕ, ਕੰਨ, ਧਨ ਅਰ ਦੇਹ, ਦੰਡ ਦੇ ਏਹ ਦਸ ਸਥਾਨ ਹਨ ਕਿ ਜਿਨ੍ਹਾਂ ਉੱਤੇ ਦੰਡ ਦਿਤਾ ਜਾਂਦਾ ਹੈ ॥ ੫ ॥ ਪਰੰਤੂ ਜੇਹੜਾ ਜੇਹੜਾ ਦੰਡ ਲਿਖ ਾ ਹੈ ਅਰ ਲਿਖਾਂਗੇ ਜੀਕਨ ਲੋਭ ਕਰਕੇ ਸਾਖਛੀ ਦੇਨ ਵਿਚ ਪੰਦ੍ਰਾਂ ਰੁਪਏ ਦਸ ਆਨੇ ੧੫॥=) ਦੰਡ ਲਿਖਾ ਹੈ, ਪਰੰਤੂ ਜੇਹੜਾ ਅਤਯੰਤ ਨਿਰਧਨ ਹੋਵੇ ਤਾਂ ਉਸ ਵੀਂ ਘੱਟ ਅਰ ਧਨਾਢਜ ਹੋਵੇਤਾਂ ਉਸ ਵੀਂ ਦੂਨਾ ਤੀਨਾ ਅਰ ਚੌਨੇ ਤਕ ਭੀ ਲਵੇ ਅਰਥਾਤ ਜੈਹਾ ਦੇਸ਼, ਜੈਹਾ ਕਾਲ ਅਰ ਜੇਹਾ ਪੁਰੁਸ਼ ਹੋਵੇ ਉਸਦਾ ਜੈਹਾ ਅਪਰਾਧ ਹੋਵੇ ਓਹੋ ਜੇਹਾ ਹੀ ਦੰਡ ਕਰੇ ॥ ੬ ॥ ਕਿਉਂਕਿ ਏਸ ਸੰਸਾਰ ਵਿਚ ਜੇਹੜਾ ਅਧਰਮ ਕਰਕੇ ਦੰਡ ਕਰਨਾ ਹੈ ਓਹ ਪਿਛਲੀ ਇੱਜ਼ਤ, ਏਸ ਵੇਲੇ ਅਰ ਅੱਗੇ ਨੂੰ ਅਰ ਪਰਜਨਮ ਵਿਚ ਹੋਨ ਵਾਲੀ ਕੀਰਤੀ ਦਾ ਨਾਸ਼ ਕਰਨ ਵਾਲਾ ਹੈ ਅਰ ਪਰਜਨਮ ਵਿੱਚ ਭੀ ਦੁਖ ਦੇ ਦੇਨ ਵਾਲਾ ਹੁੰਦਾ ਹੈ ਏਸ ਲਈ ਅਧਰਮ ਯੁਕਤ ਦੰਡ ਕਿਸੇ ਉੱਤੇ ਨਾ ਕਰੇ ॥ ੭ ॥ ਜੇਹੜਾ ਰਾਜਾ ਦੰਡ ਦੇ ਯੋਗ ਨੂੰ ਨਾ ਦੰਡ ਅਰ ਦੰਡ ਦੇ ਨਾ ਯੋਗ ਨੂੰ ਦੰਡ ਦਿੰਦਾ ਹੈ ਅਰਥਾਤ ਦੰਡ ਦੇਨੇ ਯੋਗ ਨੂੰ ਛੱਡ ਦਿੰਦਾ ਅਰ ਜਿਸਨੂੰ ਦੰਡ ਦੇਨਾ ਨਾ ਚਾਹੀਏ ਉਸਨੂੰ ਦੰਡ ਦਿੰਦਾ ਹੈ ਓਹ ਜੀਂਵਦਾ ਹੋਇਆ ਬੜੀ ਨਿੰਦਿਆ ਨੂੰ ਅਰ ਮਰਕੇ ਪਿੱਛੋਂ ਵੱਡੇ ਦੁੱਖ ਨੂੰ ਪ੍ਰਾਪਤ ਹੁੰਦਾ ਹੈ । ਏਸ ਲਈ ਜੇਹੜਾ ਅਪਰਾਧ ਕਰੇ ਉਸਨੂੰ ਸਦਾ ਦੰਡ ਦੇਵੇ ਅਰ ਅਨਅਪਰਾਧੀ ਨੂੰ ਦੰਡ ਕਦੀ ਨਾ ਦੇਵੇ ॥ ੮ ॥ ਪ੍ਰਥਮ ਬਾਣੀ ਦਾ ਦੰਡ ਅਰਥਾਤ ਉਸਦੀ ਨਿੰਦਿਆ, ਦੂਜਾ ਧਿੱਕਾਰ ਦੰਡ ਅਰਥਾਤ ਤੈਨੂੰ ਧਿੱਕਾਰ ਹੈ ਤੂੰਨੇ ਅਜੇਹਾ ਬੁਰਾ ਕੰਮ ਕਿਉ

ਕੀਤਾ। ਤੀਜਾ ਉਸਕੋਲੋਂ ਧਨ ਲੈਨਾ ਅਰ ਚੌਥਾ ਬਧ ਦੰਡ ਅਰਥਾਤ ਉਸਨੂੰ ਕੋਰੜੇ ਵਾ ਬੈਂਤ ਮਾਰਨੇ ਵਾ ਸਿਰ ਕੱਟ ਦੇਨਾ ॥ ੯ ॥

ਯੇਨ ਯੇਨ ਯਥਾਂਗੇਨ ਸ਼ਤੇਨੋ ਨ੍ਰਿਸ਼ੁ ਵਿਚੇਸ਼ਟਤੇ।
ਤੱਤਦੇਵ ਹਰੇਦਸਯ ਪ੍ਰਤਯਾਦੇਸ਼ਾਯ ਪਾਰਥਿਵਃ ॥ ੧ ॥
ਪਿਤਾਚਾਰਯਃ ਸੁਹ੍ਰਿਨਮਾਤਾ ਭ੍ਰਾਰਯਾ ਪੁਤ੍ਰਃ ਪੁਰੋਹਿਤਃ।
ਨਾਦੰਡਯੋ ਨਾਮ ਰਾਜਵੋਅਸਤਿ ਯਃ ਸ੍ਵਧਰਮੇ ਨ ਤਿਸ਼ਠਤਿ ॥ ੨ ॥
ਕਾਰਸ਼ਾਪਣੰ ਭਵੇੱਦੰਡਯੋ ਯਤ੍ਰਾਨਯਃ ਪ੍ਰਾਕ੍ਰਿਤੋ ਜਨਃ।
ਤਤ੍ਰ ਰਾਜਾ ਭਵੇੱਦੰਡਯਃ ਸਹਸ੍ਰਮਿਤਿ ਧਾਰਣਾ ॥ ੩ ॥
ਅਸ਼ਟਾਪਾਦਸ੍ਤੈ ਤੁ ਸ਼ੂਦ੍ਰਸਯ ਸਤੇਯੇ ਭਵਤਿ ਕਿਲਵਿਸ਼ਮ।
ਸ਼ੋਡਸ਼ੈਵ ਤੁ ਵੈਸ਼ਯਸਯ ਦ੍ਵਾਤ੍ਰਿੰਸ਼ਤ ਖਡ੍ਗਿਯਸਯ ਚ॥ ੪ ॥
ਬ੍ਰਾਹਮਣਸਯ ਚਤੁਃਸ਼ਸ਼ਟਿਃ ਪੂਰਣੰ ਵਾਪਿ ਸ਼ਤੰ ਭਵੇਤ।
ਦ੍ਵਿਗੁਣਾ ਵਾ ਚਤੁਃਸ਼ਸ਼ਟਿਸਤੱਦੋਸ਼ਗੁਣਵਿੱ ਧਿ ਸਃ ॥ ੫ ॥
ਐਂਦ੍ਰੰ ਸਥਾਨਮਭਿਪ੍ਰੇਪਸੁਰਯਸ਼ਸ਼ਚਾਖਛਯਮਵ੍ਯਯਮ।
ਨੋਪੇਖੇਤ ਖਛਣਮਪਿ ਰਾਜਾ ਸਾਹਸਿਕੰ ਨਰਮ ॥ ੬ ॥
ਵਾਗਦੁਸ਼ਟੱਤਸਕਰੱਚੈਵ ਦੰਡੇ ਨੈਵ ਚ ਹਿੰਸਤਃ।
ਸਾਹਸਸਯ ਨਰਃ ਕਰ੍ਤਾ ਵਿਜ੍ਞੇਯਃ ਪਾਪਕ੍ਰਿੱਤਮਃ ॥ ੭ ॥
ਸਾਹਸੇ ਵਰੱਤਮਾਨੰ ਤੁ ਯੋ ਮਰਸ਼ਯਤਿ ਪਾਰਥਿਵਃ।
ਸ ਵਿਨਾਸ਼ੰ ਬ੍ਰਸ਼ਤਯਾਸੁ ਵਿਦ੍ਵੇਸ਼ੰ ਚਾਧਿਗੱਛਤਿ ॥ ੮ ॥
ਨ ਮਿਤ੍ਰਕਾਰਣਾਦ੍ ਰਾ ਵਿਪੁਲਾਦ੍ਰਾ ਧਨਾਗਮਾਤ੍ ।
ਸਮੁਤਸ੍ਰਿਜੇਤ ਸਾਹਸਿਕਾਨ ਸਰਵ੍ਭੂਤਭਯਾਵਹਾਨ ॥ ੯ ॥
ਗੁਰੁੰ ਵਾ ਬਾਲਵ੍ਰਿੱਧੌ ਵਾ ਬ੍ਰਾਹਮਣੰ ਵਾ ਬਹੁਸ਼੍ਰੁਤਮ।
ਆਤਤਾਯਿਨਮਾਯਾਂਤੰ ਹਨਯਾਦੇਵਾਵਿਚਾਰਯਨ੍ ॥ ੧੦ ॥
ਨਾਤਤਾਯਿਵ੍ਧੇ ਦੋਸ਼ੋ ਹੰਤੁਰਭਵਤਿ ਕਸ਼ਚਨ।
ਪ੍ਰਕਾਸ਼ੰ ਵਾਪ੍ਰਕਾਸ਼ੰ ਵਾ ਮਨਯੁਸਤਨਮਨਯੁਮ੍ਰਿੱਛਤਿ ॥ ੧੧ ॥
ਯਸਯ ਸਤੇਨਃ ਪੁਰੇ ਨਾਸਤਿ ਨਾਨਯਸਤ੍ਰੀਗੋ ਨ ਦੁਸ਼ਟਵਾਕ।
ਨ ਸਾਹਸਿਕਦੰਡਘਨੌ ਸ ਰਾਜਾ ਸ਼ਕ੍ਰਲੋਕਭਾਕ ॥ ੧੨ ॥

ਮਨੁਃ ਅਃ੮। ਸ਼ਲੋਕ ੩੩੪–੩੩੮। ੩੪੪–੩੪੭।੩੫੦।੩੫੧। ੩੮੬॥

ਚੋਰ ਜਿਸ ਪ੍ਰਕਾਰ ਜਿਸ ਜਿਸ ਅੰਗ ਨਾਲ ਮਨੁਸ਼ਾਂ ਵਿੱਚ ਵਿਰੋਧ ਚੇਸ਼ਟਾ ਕਰਦਾ ਹੈ ਉਸ ਉਸ ਅੰਗ ਨੂੰ ਸਭ ਮਨੁੱਸ਼ਾਂ ਦੀ ਸ਼ਿਖਛਾ ਦੇ ਵਾਸਤੇ ਰਾਜਾ ਹਰਣ ਅਰਥਾਤ ਛੇਦਨ ਕਰ ਦੇਵੇ ॥੧॥ ਭ੍ਰਾਵੇਂ ਪਿਉ, ਆਚਾਰਯ, ਮਿਤ੍ਰ, ਇਸਤ੍ਰੀ, ਪੁਤ੍ਰ ਅਰ ਪੁਰੋਹਿਤ ਕਿਉਂ ਨਾ ਹੋਵੇ ਜੇਹੜਾ ਅਪਨੇ ਧਰਮ ਵਿਚ ਟ੍ਰਿਕਿਆ ਨਹੀਂ ਰਹਿੰਦਾ ਓਹ ਰਾਜਾ ਦਾ ਅਦੰਡ ਨਹੀਂ ਹੁੰਦਾ ਅਰਥਾਤ ਜਦ

ਰਾਜਾ ਨਿਆਯਦੇ ਆਸਨ ਉੱਤੇ ਬੈਠਕੇ ਨਿਆਯ ਕਰੇ ਤਦ ਕਿਸੇਦਾ ਪਖਛਪਾਤ ਨਾ ਕਰੇ ਕਿੰਤੂ ਜੇਹਾ ਚਾਹੀਏ, ਤੈਹਾ ਦੰਡ ਦੇਵੇ ॥ ੨ ॥ ਜਿਸ ਅਪਰਾਧ ਪਿੱਛੇ ਸਾਧਾਰਣ ਮਨੁੱਸ਼ ਉੱਤੇ ਇੱਕ ਪੈਸਾ ਦੰਡ ਹੋਵੇ ਉਸੇ ਅਪਰਾਧ ਵਿੱਚ ਰਾਜਾ ਨੂੰ ਹਜ਼ਾਰ ਪੈਸਾ ਦੰਡ ਹੋਵੇ ਅਰਥਾਤ ਸਾਧਾਰਣ ਮਨੁੱਸ਼ ਥੀਂ ਰਾਜਾ ਨੂੰ ਹਜ਼ਾਰ ਗੁਣਾ ਦੰਡ ਹੋਨਾ ਚਾਹੀਏ, ਮੰਤ੍ਰੀ ਅਰਥਾਤ ਰਾਜਾ ਦੇ ਦੀਵਾਨ ਨੂੰ ਅੱਠ ਸੌ ਗੁਣਾ, ਉਸਥੀਂ ਘੱਟ ਨੂੰ ਸਭ ਸੌ ਗੁਣਾ ਅਰ ਉਸ ਥੀਂ ਭੀ ਘਟ ਨੂੰ ਛੀ ਸੌ ਗੁਣਾ, ਇਸੇ ਪ੍ਰਕਾਰ ਹੇਠਾਂ ਹੇਠਾਂ ਅਰਥਾਤ ਜੇਹੜਾ ਇਕ ਛੋਟੇ ਤੋਂ ਛੋਟਾ ਭ੍ਰਿਤਜ ਅਰਥਾਤ ਚਪੜਾਸੀ ਹੈ ਉਸਨੂੰ ਅਠ ਗੁਣਾ ਦੰਡ ਥੀਂ ਘੱਟ ਨਾ ਹੋਨਾ ਚਾਹੀਏ ਕਿਉਂ ਜੋ ਪ੍ਰਜਾ ਪੁਰੁਸ਼ ਥੀਂ ਰਾਜਪੁਰੁਸ਼ਾਂ ਨੂੰ ਵਧੀਕ ਦੰਡ ਨਾ ਹੋਵੇ ਤਾਂ ਰਾਜ ਪੁਰੁਸ਼ ਪ੍ਰਜਾ ਪੁਰੁਸ਼ਾਂ ਦਾ ਨਾਸ਼ ਕਰਦੇਵਨ, ਜੀਕਨ ਸ਼ੇਰ ਵਧੀਕ ਅਰ ਬਕਰੀ ਥੋੜੇ ਦੰਡ ਨਾਲ ਹੀ ਵਸ਼ ਵਿੱਚ ਆਜਾਂਦੀ ਹੈ ਉਸੇ ਤਰਾਂ ਰਾਜਾ ਥੀਂ ਲੈਕੇ ਛੋਟੇ ਥੀਂ ਛੋਟੇ ਭ੍ਰਿਤਜ ਤਕ ਰਾਜਪੁਰੁਸ਼ ਨੂੰ ਅਪਰਾਧ ਪਿਛੇ ਪ੍ਰਜਾ ਦੇ ਪੁਰੁਸ਼ਾਂ ਥੀਂ ਵਧੀਕ ਦੰਡ ਹੋਨਾ ਚਾਹੀਏ ॥੩॥ ਅਰ ਇਸੇ ਤਰਾਂ ਜੇਹੜਾ ਜਾਨਬੁੱਝਕੇ ਚੋਰੀ ਕਰ ਉਸ ਸ਼ੂਦ੍ਰ ਨੂੰ ਚੋਰੀ ਥੀਂ ਅਠ ਗੁਣਾਂ,ਵੈੱਸ਼ਨੂੰ ਸੌਲਾਂ ਗੁਣਾ,ਖਛਤ੍ਰੀਨੂੰ ਵੀਹ ਗੁਨਾ॥੪॥ ਬ੍ਰਾਹਮਣ ਨੂੰ ਚੌਹਠ ਗੁਣਾ, ਵਾ ਸੌ ਗੁਣਾ, ਅਥਵਾ ਏਕ ਸੌ ਅਠਾਈਗੁਣਾ ਹੋਨਾ ਚਾਹੀਏ ਅਰਥਾਤ ਜਿਹਦਾ ਜਿੱਨਾ ਗਿਆਨ ਅਰ ਜਿੱਨੀ ਪ੍ਰਤਿਸ਼ਠਾ ਵਧੀਕ ਹੋਵੇ ਉਸਨੂੰ ਅਪਰਾਧ ਪਿੱਛੇ ਉੱਨਾ ਹੀ ਵਧੀਕ ਦੰਡ ਹੋਨਾ ਚਾਹੀਏ ॥੫॥ ਰਾਜ ਦਾ ਅਧਿਕਾਰੀ,ਧਰਮ ਅਰ ਐਸ਼ੵਰਯਦੀ ਇਛਿਆ ਕਰਨ ਵਾਲਾ ਰਾਜਾ ਜ਼ਬਰ-ਦਸਤੀ ਕੰਮ ਕਰਨ ਵਾਲੇ ਡਾਕੂਆਂ ਨੂੰ ਦੰਡ ਦੇਨ ਵਿਚ ਇਕ ਖਛਣ ਭੀ ਦੇਰ ਨਾ ਕਰੇ ॥੬॥ਸਾਹਸਿਕਡਾਕੂ ਪੁਰੁਸ਼ ਦਾ ਲਖਛਣ—ਜੇਹੜਾ ਖੋਟੇ ਵਚਨ ਬੋਲਨੇ, ਚੋਰੀ ਕਰਨੇ, ਬਗੈਰ ਅਪਰਾਧ ਥੀਂ ਦੰਡ ਦੇਨ ਵਾਲੇ ਥੀਂ 'ਸਾਹਸਿਕ' ਜਬਰ-ਦਸਤੀ ਕੰਮ ਕਰਨ ਵਾਲਾ ਹੈ ਓਹ ਅਤੀਪਾਪੀ ਦੁਸ਼ਟ ਹੈ ॥੭॥ ਜੇਹੜਾ ਰਾਜਾ ਸਹਸਕ ਵਿਚ ਵਰਤਮਾਨ ਪੁਰੁਸ਼ ਨੂੰ ਨਾ ਦੰਡ ਦੇਕੇ ਸਹਿਨ ਕਰਦਾ ਹੈ ਓਹ ਜਲਦੀ ਹੀ ਨਾਸ਼ ਨੂੰ ਪ੍ਰਾਪਤ ਹੁੰਦਾ ਹੈ ਅਰ ਰਾਜ ਵਿਚ ਦ੍ਵੇਸ਼ ਉਠਦਾ ਹੈ ॥ ੮ ॥ ਨਾ ਮਿਤ੍ਰਤਾ ਅਰ ਨਾ ਬਹੁਤੇ ਧਨ ਦੀ ਪ੍ਰਾਪਤੀ ਥੀਂ ਭੀ ਰਾਜਾ ਸਬ ਪ੍ਰਾਣੀਆਂ ਨੂੰ ਦੁਖ ਦੇਨ ਵਾਲੇ ਸਾਹਸਿਕ ਮਨੁੱਸ਼ ਨੂੰ ਬੰਧਨ ਛੇਦਨ ਕੀਤੇ ਬਗੈਰ ਕਦੀ ਛੱਡੇ ॥ ੯ ॥ ਭਾਵੇਂ ਗੁੰਰੁ ਹੋਵੇ ਭਾਵੇਂ ਪੁਤ੍ਰ ਆਦੀ ਬਾਲਕ ਹੋਨ ਭਾਵੇਂ ਪਿਤਾ ਆਦੀ ਬ੍ਰਿੱਧ, ਭਾਵੇਂ ਬ੍ਰਾਹਮਣ ਅਰ ਭਾਵੇਂ ਬਹੁਤ ਸ਼ਾਸਤ੍ਰ ਆਦੀ ਦਾ ਨ੍ਹੋਤਾ ਕਿਉਂ ਨਾ ਹੋਵੇ ਜੇਹੜੇ ਧਰਮ ਨੂੰ ਛੱਡ, ਅਧਰਮ ਵਿੱਚ ਵਰਤਮਾਨ, ਦੂਜੇ ਨੂੰ ਬਗੈਰ ਅਪਰਾਧ ਥੀਂ ਮਾਰਨ ਵਾਲੇ ਹਨ ਉਨ੍ਹਾਂ ਨੂੰ ਬਗੈਰ ਵਿਚਾਰ ਕੀਤੇ ਮਾਰ ਸੁਟਨਾ ਅਰਥਾਤ ਮਾਰਕੇ ਪਿੱਛੋਂ ਵਿਚਾਰ ਕਰਨਾ ਚਾਹੀਏ ॥੧੦॥ ਦੁਸ਼ਟ ਪੁਰੁਸ਼ਾਂ ਦੇ ਮਾਰਨ ਵਿਚ ਮਾਰਨ ਵਾਲੇ ਨੂੰ ਪਾਪ ਨਹੀਂ ਹੁੰਦਾ,ਭਾਵੇਂ ਪ੍ਰਸਿੱਧ ਮਾਰੇ,

ਭਾਵੇਂ ਅਪ੍ਰਸਿੱਧ, ਕਿਉਂਕਿ ਕ੍ਰੋਧੀ ਨੂੰ ਕ੍ਰੋਧ ਨਾਲ ਮਾਰਨਾ ਜਾਨੋ ਕ੍ਰੋਧ ਨਾਲ ਕ੍ਰੋਧ ਦੀ ਲੜਾਈ ਹੈ॥ ੧੧ ॥ ਜਿਸ ਰਾਜਾ ਦੇ ਰਾਜ ਵਿੱਚ ਨਾ ਚੋਰ, ਨਾ ਪਰ-ਇਸਤ੍ਰੀਗਾਮੀ (ਯਾਰ) ਨਾ ਦੁਸ਼ਟ ਵਚਨ ਦਾ ਬੋਲਨ ਹਾਰਾ, ਨਾ ਸਾਹਸਿਕ ਡਾਕੂ, ਅਰ ਨ 'ਦੰਡਘਨ' ਅਰਥਾਤ ਰਾਜਾ ਦੀ ਆਗਿਆ ਦਾ ਭੰਗ ਕਰਨੇ ਵਾਲਾ ਹੈ ਓਹ ਰਾਜਾ ਅਤੀਸ੍ਰੇਸ਼ਠ ਹੈ॥ ੧੨ ॥

ਭਰੱਤਾਰੰ ਲੰਘਯੇਦਜਾ ਸਤ੍ਰੀ ਸ੍ਵਜਵਾਤਿਗੁਣਦਰਪਿਤਾ।
ਤਾਂ ਸ਼੍ਵਭਿਃ ਖਾਦਯੇਦ੍ਰਾਜਾ ਸੰਸਥਾਨੇ ਬਹੁਸੰਸਥਿਤੇ ॥ ੧ ॥
ਪੁਮਾਂਸੰ ਦਾਹਯੇਤਪਾਪੰ ਸ਼ਯਨੇ ਤਪਤ ਆਯਸੇ।
ਅਭਜਾਦਧਜੁਸ਼ਚ ਕਾਸ਼ਠਾਨਿ ਤਤ੍ਰ ਦਹਯੇਤ ਪਾਪਕ੍ਰਿਤ ॥ ੨ ॥
ਦੀਰਘਾਧ੍ਵਨਿ ਯਥਾਦੇਸ਼ੇ ਯਥਾਕਾਲੰਕਰੋ ਭਵੇਤ।
ਨਦੀਤੀਰੇਸ਼ੁ ਤਦ੍ਵਿਦਜਾਤ ਸਮੁੱਦ੍ਰੇ ਨਾਸਤਿ ਲਖਛਣਮ ॥ ੩ ॥
ਅਹਨਜਹਨਜਵੇਖਛੇਤ ਕਰਮਾਨਤਾਨ ਵਾਹਨਾਨਿ ਚ।
ਆਯਵਜਯੌ ਚ ਨਿਯਤਾਵਾਕਰਾਨਕੋਸ਼ਮੇਵ ਚ ॥ ੪ ॥
ਏਵੰ ਸਰਵਾਨਿਮਾਨ੍ਰਾਜਾ ਵਜਵਹਾਰਾਨਸਮਾਪਯਨ ॥
ਵਜਪੋਹਜ ਕਿਲਵਿਸ਼ੰ ਸਰਵੰ ਪ੍ਰਾਪਨੋਤਿ ਪਰਮਾਂ ਗਤਿਮ ॥ ੫ ॥

ਮਨੁਸਮ੍ਰਿਤੀ ਅਧਜਾਯ ੮। ਸ਼ਲੋਕ ੩੭੧। ੩੭੨। ੪੦੬। ੪੧੯। ੪੨੦॥

ਜੇਹੜੀ ਇਸਤ੍ਰੀ ਅਪਨੇ ਜਾਤੀ ਗੁਣ ਦੇ ਘਮੰਡ ਕਰਕੇ ਪਤੀ ਨੂੰ ਛੱਡਕੇ ਵਜਭਿਚਾਰ ਕਰੇ ਉਸਨੂੰ ਬਹੁਤ ਇਸਤ੍ਰੀ ਅਰ ਪੁਰੁਸ਼ਾਂ ਦੇਸਾਮ੍ਹਨੇਜੀਂਵਦੀ ਹੋਈ ਨੂੰ ਕੁੱਤੇਆ ਕੋਲੋਂ ਰਾਜਾ ਫੜਵਾਕੇ ਮਰਵਾ ਸੁਟੇ ॥ ੧ ॥ ਉਸੇ ਤਰਾਂ ਜੇਹੜਾ ਅਪਨੀ ਇਸਤ੍ਰੀ ਨੂੰ ਛੱਡਕੇ ਪਰਾਈ ਇਸਤ੍ਰੀ ਵਾ ਕੰਜਰੀ ਦੇ ਪਾਸ ਜਾਵੇ ਉਸ ਪਾਪੀ ਮਨੁੱਸ਼ ਨੂੰ ਲੋਹੇ ਦੇ ਮੰਜੇ ਉੱਤੇ ਜਿਹਨੂੰ ਅੱਗ ਨਾਲ ਤਪਾਕੇ ਲਾਲ ਕੀਤਾ ਹੋਵੇ ਉਸ ਉੱਤੇ ਸੁਆਕੇ ਜੀਉਂਦੇ ਹੋਏ ਨੂੰ ਬਹੁਤੇ ਮਨੁੱਸ਼ਾਂਦੇ ਸਾਮਨੇ ਭਸਮ ਕਰ ਦੇਵੇ ॥੨ ॥

(ਪ੍ਰਸ਼ਨ) ਜੇਹੜਾ ਰਾਜਾ ਵਾ ਰਾਣੀ ਅਥਵਾ ਨਿਆਯਾਧੀਸ਼ ਵਾ ਉਸਦੀ ਇਸਤ੍ਰੀ, ਵਿਯਭਿਚਾਰ ਆਦੀ ਕੁਕਰਮ ਕਰੇ ਤਾਂ ਉਸਨੂੰ ਕੌਨ ਦੰਡ ਦੇਵੇ ?

(ਉੱਤਰ) ਸਭਾ ਦੇਵੇ ਅਰ ਉਨ੍ਹਾਂ ਨੂੰ ਤਾਂ ਪ੍ਰਜਾ ਦੇ ਪੁਰੁਸ਼ਾਂ ਥੀਂ ਭੀ ਵਧੀਕ ਦੰਡ ਹੋਨਾ ਚਾਹੀਏ ॥

(ਪ੍ਰਸ਼ਨ) ਰਾਜਾ ਆਦੀ ਉਨ੍ਹਾਂ ਥੀਂ ਦੰਡ ਕਿਉਂ ਲੈਨਗੇ ?

(ਉੱਤਰ) ਰਾਜਾ ਭੀ ਇਕ ਪੂੰਨ ਆਤਮਾ ਭਾਗਵਾਨ ਮਨੁੱਸ਼ ਹੈ ਜਦ ਉਸ ਨੂੰ ਦੰਡ ਨਾ ਦਿੱਤਾ ਜਾਵੇ ਅਰ ਓਹ ਦੰਡ ਗ੍ਰਹਣ ਨਾ ਕਰੇ ਤਾਂ ਦੂਜੇ ਮਨੁੱਸ਼ ਦੰਡ ਨੂੰ ਕਿਸਤਰਾਂ ਮੰਨਨਗੇ ਅਰ ਜਦ ਸਬ ਪ੍ਰਜਾ ਅਰ ਪ੍ਰਧਾਨ, ਰਾਜ ਅਧਿਕਾਰੀ ਅਰ ਸਭਾ ਧਰਮ ਪੂਰਵਕ ਦੰਡ ਦੇਨਾ ਚਾਹੁਨ ਤਾਂ ਇਕੱਲਾ

ਰਾਜਾ ਕੀ ਕਰ ਸਕਦਾ ਹੈ, ਜੇ ਅਜਹਾ ਵਿਵਸਥਾ ਨਾ ਹੋਵੇ ਤਾਂ ਰਾਜਾ ਪ੍ਰਧਾਨ ਅਰ ਸਬ ਸਮਰਥ ਪੁਰੁਸ਼ ਅਨਿਆਯ ਵਿਚ ਫੁਣਕੇ ਨਿਆਯ ਧਰਮ ਨੂੰ ਛੁਥਾਕੇ ਸਬ ਪ੍ਰਜਾ ਦਾ ਨਾਸ਼ ਕਰ ਆਪ ਭੀ ਨਸ਼ਟ ਹੀ ਹੋ ਜਾਨ ਅਰਥਾਤ ਉਸ ਸ਼ਲੋਕ ਦੇ ਅਰਥਦਾ ਸਮਰਣ ਕਰੋ ਕਿ ਨਿਆਯਯੁਕਤ ਦੰਡਹੀ ਦਾ ਨਾਮ ਰਾਜਾ ਅਰ ਧਰਮ ਹੈ, ਜੇਹੜਾ ਉਸਦਾ ਲੋਪ ਕਰਦਾਹੈ ਉਸਥੀਂ ਨੀਚ ਪੁਰੁਸ਼ ਦੂਜਾ ਕੇਹੜਾ ਹੋਵੇਗਾ।

(ਪ੍ਰਸ਼ਨ) ਏਹ ਕਰੜਾ ਦੰਡ ਉਚਿਤ ਨਹੀਂ ਹੈ ਕਿਉਂਕਿ ਮਨੁੱਸ਼ ਕਿਸੇ ਅੰਗ ਦਾ ਬਨਾਨ ਵਾਲਾ ਵਾ ਜੁਆਨ ਵਾਲਾ ਨਹੀਂ ਹੈ ਏਸ ਲਈ ਅਜੇਹਾ ਦੰਡ ਨਾ ਦੇਨਾ ਚਾਹੀਏ ॥

(ਉੱਤਰ) ਜੋ ਏਸਨੂੰ ਕਰੜਾ ਦੰਡ ਜਾਨਦੇ ਹਨ ਓਹ ਰਾਜਨੀਤੀ ਨੂੰ ਨਹੀਂ ਸਮਝਦੇ, ਕਿਉਂਕਿ ਇਕ ਪੁਰੁਸ਼ ਨੂੰ ਏਸ ਪ੍ਰਕਾਰ ਦੰਡ ਹੋਨ ਕਰਕੇ ਸਬ ਲੋਗ ਬੁਰੇ ਕੰਮ ਕਰਨ ਥੀਂ ਬਚੇ ਰਹਿਨਗੇ ਅਰ ਬੁਰੇ ਕੰਮ ਨੂੰ ਛਡਕੇ ਧਰਮ ਮਾਰਗ ਵਿਚ ਸਥਿਤ ਰਹਿਨਗੇ, ਸੱਚ ਪੁੱਛੋ ਤਾਂ ਏਹ ਹੈ ਕਿ ਇਕ ਰਾਈ ਭਰ ਭੀ ਏਹ ਦੰਡ ਸਭਦੇ ਜਿਸੇ ਨਾ ਆਵੇਗਾ ਅਰ ਜੇ ਹਲਕਾ ਦੰਡ ਦਿੱਤਾ ਜਾਵੈ ਤਾਂ ਦੁਸ਼ਟ ਕੰਮ ਬਹੁਤ ਵਧਕੇ ਹੋਨ ਲੱਗਨ। ਓਹ ਜਿਸਨੂੰ ਤੁਸੀਂ ਹਲਕਾ ਦੰਡ ਕਹਿੰਦੇ ਹੋ ਓਹ ਕ੍ਰੋੜਾਂ ਗੁਣਾ ਵਧੀਕ ਹੋਨ ਕਰਕੇ ਕ੍ਰੋੜਾਂ ਗੁਣਾ ਕਠਿਨ ਹੁੰਦਾ ਹੈ, ਕਿਉਂ ਜਦ ਬਹੁਤ ਮਨੁਸ਼ ਦੁਸ਼ਟ ਕੰਮ ਕਰਨਗੇ ਤਦ ਥੋੜਾ ਥੋੜਾ ਦੰਡ ਭੀ ਦੇਨਾ ਪਵੇਗਾ ਅਰਥਾਤ ਜੀਕਨ ਇਕਨੂੰ ਮਨ ਭਰ ਦੰਡ ਹੋਇਆ ਅਰ ਦੂਜੇਨੂੰ ਪਾਉਭਰ ਤਾਂਪਾਉ ਭਰ ਉੱਤੇ ਇਕ ਮਨ ਦੰਡ ਹੁੰਦਾ ਹੈ ਤਾਂ ਪ੍ਰਤਜੇਕ ਮਨੁਸ਼ ਦੇ ਭਾਗ ਵਿੱਚ ਅੱਧ ਪਾਉ ਤੇ ਵੀਹ ਸੇਰ ਦੰਡ ਆਇਆ ਤਾਂ ਅਜੇਹੇ ਹਲਕੇ ਦੰਡ ਨੂੰ ਦੁਸ਼ਟ ਲੋਕ ਕ੍ਯੀ ਸਮਝਦੇ ਹਨ, ਜੀਕਨ ਇਕ ਨੂੰ ਮਨ, ਹਜ਼ਾਰ ਮਨੁਸ਼ਾਂ ਨੂੰ ਪਾਉ ਪਾਉ ਦੰਡ ਹੋਇਆ ਤਾਂ ਸਵਾ ਛੇ ਮਨ ਮਨੁੱਸ਼ ਜਾਤੀ ਉੱਤੇ ਦੰਡ ਹੋਨ ਕਰਕੇ ਵਧੀਕ ਅਰ ਏਹੋ ਕਰੜਾ ਤਥਾ ਉਹ ਇਕ ਮਨ ਦੰਡ ਘਟ ਅਰ ਹਲਕਾ ਹੁੰਦਾ ਹੈ, ਲੰਬੇ ਮਾਰਗ ਵਿਚ ਸਮੁੰਦ੍ਰ ਦੀਆਂ ਖਾਡੀਆਂ ਵਾ ਨਦੀ ਤਥਾ ਵਡੇ ਦਰਯਾਵਾਂ ਵਿਚ ਜਿੱਨਾ ਲੰਬਾ ਦੇਸ਼ ਹੋਵੇ ਉੱਨਾ 'ਕਰ' ਲੰਗਾਵੇ। ਅਰ ਮਹਾਸਮੁਦ੍ ਵਿੱਚ ਠੀਕ ਠੀਕ 'ਕਰ' ਲਗ ਨਹੀਂ ਸੱਕਦਾ ਕਿੰਤੂ ਜਿਸਤਰਾਂ ਅਨੁਕੂਲ ਵੇਖੇ ਕਿ ਜਿਸ ਕਰਕੇ ਰਾਜਾ ਅਰ ਵਡ ਵਡੇ ਜਹਾਜ਼ਾਂ ਦੇ ਸਮੁਦ੍ ਵਿਚ ਚਲਾਨ ਵਾਲੇ ਦੋਨੋਂ ਲਾਭ ਕਰਕੇ ਯੁਕਤ ਹੋਨ ਏਹੋ ਜਿਹੀ ਵਿਵਸਥਾ ਕਰੇ, ਪਰੰਤੂ ਏਹ ਧਿਆਨ ਵਿਚ ਰਖਨਾ ਚਾਹੀਏ ਕਿ ਜੇਹੜੇ ਕਹਿੰਦੇ ਹਨ ਕਿ ਪਹਿਲੇ ਜਹਾਜ਼ ਨਹੀਂ ਚੱਲਦੇ ਸਨ ਓਹ ਝੂਠੇ ਹਨ ਅਰ ਦੇਸ਼ ਦਸਾਵਰ ਦੀਪ ਦੀਪਾਤਰਾਂ ਵਿਚ ਥੋੜੀ ਕਰਕੇ ਜਾਨ ਵਾਲੇ ਆਪਨੇ ਪੋ ਜਾ ਦੇ ਪੁਰੁਸ਼ਾਂ ਨੂੰ ਸਬ ਥਾਂ ਰਖਿਆਕਰ ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਦੁਖ ਨਾ ਹੋਨ ਦੇਵੇ ॥੩॥ ਰਾਜਾ ਰੋਜ਼ ਰੋਜ਼ ਕੰਮਾਂ ਦੇ ਮੁੱਕਨ ਨੂੰ ਹਾਥੀ ਘੋੜੇ ਆਦੀ ਵਾਹਨਾਂ ਨੂ ਲਾਭ ਅਰ ਖਰਚ ਰਤਨ ਆਦਕਾਂ ਦੀ ਖਾਨਾਂ ਅਰ ਖਜ਼ਾਨੇ ਨੂੰ

ਵੇਖਿਆ ਕਰੇ ॥੪॥ ਏਸ ਪ੍ਰਕਾਰ ਸਭ ਵਿਹਾਰਾਂ ਨੂੰ ਯਥਾਵਤ ਸਮਾਪਤ ਕਰਦਾ ਕਰਾਂਦਾ ਹੋਇਆ ਸਭ ਪਾਪਾਂ ਨੂੰ ਛੁਡਾਕੇ ਪਰਮਗਤੀ ਮੁਕਤੀ ਦੇ ਸੁਖ ਨੂੰ ਪ੍ਰਾਪਤ ਹੁੰਦਾ ਹੈ ॥ ੫ ॥

(ਪ੍ਰਸ਼ਨ) ਸੰਸਕ੍ਰਿਤ ਵਿਦਿਆ ਵਿਚ ਪੂਰੀ ਪੂਰੀ ਰਾਜਨੀਤੀ ਹੈ ਵਾ ਅਧੂਰੀ?

(ਉੱਤਰ) ਪੂਰੀ ਹੈ, ਕਿਉਂਕਿ ਜੇਹੜੀ ਪ੍ਰਿਥਵੀ ਉੱਤੇ ਰਾਜਨੀਤੀ ਚਲੀ ਅਰ ਚਲੇਗੀ ਓਹ ਸਭ ਸੰਸਕ੍ਰਿਤ ਵਿਦਿਆ ਵਿਚੋਂ ਲੀਤੀ ਹੈ ਅਰ ਜਿਨ੍ਹਾਂ ਦਾ ਪ੍ਰਤਖਛ ਲੇਖ ਨਹੀਂ ਹੈ ਉਨ੍ਹਾਂ ਦੇ ਵਾਸਤੇ:—

ਪ੍ਰਤਜਹੰਲੌਕਦ੍ਰਿਸ਼ਟੈਸ਼ਚ ਸ਼ਾਸਤ੍ਰਦ੍ਰਿਸ਼ਟੈਸ਼ਚ ਹੇਤੁਭਿ:॥ ਮਨੁ ਅ:੮ਸ਼ਲੋਕ੩॥

ਜੇਹੜੇ ਨਿਯਮ ਰਾਜਾ ਅਰ ਪ੍ਰਜਾ ਦੇ ਸੁਖਕਾਰੀ ਅਰ ਧਰਮ ਯੁਕਤ ਸਮਝਣ ਉਨ੍ਹਾਂ ਉਨ੍ਹਾਂ ਨਿਯਮਾਂ ਨੂੰ ਪੂਰੇ ਵਿਦ੍ਵਾਨਾਂ ਦੀ ਰਾਖਾ ਬਨਾਇਆ ਕਰੇ ਪਰੰਤੂ ਏਸ ਉੱਤੇ ਨਿੱਤ ਧਿਆਨ ਰੱਖਨ ਕਿ ਜਿੱਥੋਂ ਤੁਕ ਬਨ ਸਕੇ ਉਥੋਂ ਤੁਕ ਬਾਲ ਅਵਸਥਾ ਵਿਚ ਵਿਆਹ ਨਾ ਕਰਨ ਦੇਨ, ਜੁਆਨੀ ਦੀ ਅਵਸਥਾ ਵਿੱਚ ਭੀ ਬਗੈਰ ਪ੍ਰਸੱਨਤਾ ਦੇ ਵਿਆਹ ਨ ਕਰਨਾ ਕਰਾਨਾ ਅਰ ਨਾ ਕਰਨ ਦੇਨਾ, ਬ੍ਰਹਮਚਰਯ ਦਾ ਯਥਾਵਤ ਪਾਲਨ ਕਰਨਾ, ਵ੍ਯਭਿਚਾਰ, ਅਰ ਬਹੁਤੇ ਵਿਆਹਵਾਂ ਨੂੰ ਬੰਦ ਕਰਨਾ ਕਿ ਜਿਸ ਕਰਕੇ ਸ਼ਰੀਰ ਅਰ ਆਤਮਾ ਵਿਚ ਪੂਰਾ ਬਲ ਸਦਾ ਰਹੇ, ਕਿਉਂਕਿ ਜੇ ਨਿਰਾ ਆਤਮਾ ਦਾ ਬਲ ਅਰਥਾਤ ਵਿਦਿਆ ਗਿਆਨ ਵਧਾਂਦੇ ਜਾਨ ਅਰ ਸ਼ਰੀਰ ਦਾ ਬਲ ਨਾ ਵਧਾਨ ਤਾਂ ਇੱਕੋ ਹੀ ਬਲਵਾਨ ਪੁਰੁਸ਼, ਗਿਆਨੀ ਅਰ ਸੈਂਕੜੇ ਵਿਦਵਾਨਾਂ ਨੂੰ ਜਿੱਤ ਸਕਦਾ ਹੈ, ਅਰ ਜੇ ਨਿਰਾ ਸ਼ਰੀਰ ਦਾ ਹੀ ਬਲ ਵਧਾਇਆ ਜਾਵੇ ਆਤਮਾ ਦਾ ਨਹੀਂ ਤਾਂ ਭੀ ਰਾਜ ਪਾਲਨ ਦੀ ਉੱਤਮ ਵਿਵਸਥਾ ਬਗੈਰ ਵਿਦਿਆ ਦੇ ਕਦੀ ਨਹੀਂ ਹੋਸਕਦੀ ਵਿਵਿਸਥਾ ਤੋਂ ਬਗੈਰ ਸਭ ਆਪਸ ਵਿਚ ਹੀ ਫੁੱਟ, ਟੁੱਟ, ਵਿਰੋਧ, ਲੜਾਈ ਝਗੜਾ ਕਰਕੇ ਨਸ਼ਟ ਭ੍ਰਸ਼ਟ ਹੋ ਜਾਨ, ਏਸ ਕਰਕੇ ਸਦਾ ਸ਼ਰੀਰਅਰ ਆਤਮਾ ਦੇ ਬਲ ਨੂੰ ਵਧਾਂਦੇ ਰਹਿਨਾ ਚਾਹੀਏ, ਜਿੱਨਾ ਬਲ ਅਰ ਬੁੱਧੀ ਦਾ ਨਾਸ਼ ਕਰਨ ਵਾਲਾ ਵਿਹਾਰ ਵ੍ਯਭਿਚਾਰ ਅਰ ਅਤੀ ਵਿਸ਼ਯਾਸਕਤੀ ਹੈ ਉੱਨਾ ਹੋਰ ਕੋਈ ਨਹੀਂ ਹੈ, ਵਿਸ਼ੇਸ਼ ਕਰਕੇ ਖਛਤ੍ਰੀਆਂ ਨੂੰ ਦ੍ਰਿੜ ਅੰਗ ਅਰ ਬਲ ਕਰਕੇ ਯੁਕਤ ਹੋਨਾ ਚਾਹੀਏ ਕਿਉਂਕਿ ਜਦ ਓਹੋ ਹੀ ਵਿਸ਼ਯਾਸਕਤ ਹੋਨਗੇ ਤਾਂ ਰਾਜ ਧਰਮ ਹੀ ਨਸ਼ਟ ਹੋ ਜਾਵੇਗਾ, ਅਰ ਏਸ ਉੱਤੇ ਭੀ ਧਿਆਨ ਰਖਨਾ ਚਾਹੀਏ "ਯਥਾ ਰਾਜਾ ਤਥਾ ਪ੍ਰਜਾ" ਜਿਸ ਤਰਾਂ ਦਾ ਰਾਜਾ ਹੁੰਦਾ ਹੈ ਓਹੋ ਜਹੀ ਹੀ ਉਸ ਦੀ ਪ੍ਰਜਾ ਹੁੰਦੀ ਹੈ ਇਸ ਵਾਸਤੇ ਰਾਜਾ ਅਰ ਰਾਜ ਪੁਰੁਸ਼ਾਂ ਨੂੰ ਭੀ ਉਚਿਤ ਹੈ ਕਿ ਕਦੀ ਦੁਸ਼ਟਾਚਾਰ ਨਾ ਕਰਨ ਕਿੰਤੂ ਨਿੱਤ ਧਰਮ ਨਿਆਯ ਦੇ ਨਾਲ ਵਰਤਕੇ ਸਭ ਦੇ ਸੁਧਾਰ ਦਾ ਦ੍ਰਿਸ਼ਟਾਂਤ ਬਨਨ ॥

ਏਹ ਸੰਖੇਪ ਕਰਕੇ ਰਾਜਧਰਮ ਦਾ ਵਰਣਨ ਏਥੇ ਕੀਤਾ ਹੈ ਵਿਸ਼ੇਸ਼ ਵੇਦ, ਮਨੁਸੰਮ੍ਰਿਤੀ ਦੇ ਸਤਵੇਂ, ਅਠਵੇਂ, ਨਾਵੇਂ ਅਧਯਾਯ ਵਿਚ ਅਰ ਸ਼ੁਕ੍ਰਨੀਤੀ ਤਥਾ ਵਿਦੁਰਪ੍ਰਜਾਗਰ ਅਰ ਮਹਾਭਾਰਤ ਸ਼ਾਂਤੀਪਰਵ ਦੇ ਰਾਜੱ ਧਰਮ ਅਰ ਆਪਤਧਰਮ ਆਦੀ ਪੁਸਤਕਾਂ ਵਿਚ ਵੇਖਕੇ ਪੂਰੀ ਰਾਜਨੀਤੀ ਨੂੰ ਧਾਰਣ ਕਰਕੇ ਮਾਂਡਲਿਕ ਅਥਵਾ ਸਾਰਵਭੌਮਚਕ੍ਰਵਰਤੀ ਰਾਜ ਕਰਨ ਅਰ ਏਹੋ ਹੀ ਸਮਝਣ ਕਿ "ਵਯੰ ਪ੍ਰਜਾਪਤੇਃ ਪ੍ਰਜਾਅਭੂਮ" ਏਹ ਯਜੁਰਵੇਦ ਦਾ ਵਚਨ ਹੈ ਅਸੀਂ ਪ੍ਰਜਾਪਤੀ ਅਰਥਾਤ ਪਰਮੇਸ਼ੁਰ ਦੀ ਪ੍ਰਜਾ ਅਰ ਪਰਮਾਤਮਾ ਸਾਡਾ ਰਾਜਾ, ਅਸੀਂ ਉਸਦੇ ਕਿੰਕਰ ਭ੍ਰਿਤਯਵਤ ਹੈਗੇ ਹਾਂ ਓਹ ਕ੍ਰਿਪਾ ਕਰਕੇ ਅਪਨੇ ਸੱਚੇ ਨਿਆਯ ਦੀ ਪ੍ਰਵਿੰਰਤੀ ਕਰਾਵੇ, ਹੁਨ ਅਗੇ ਈਸ਼ੁਰ ਅਰ ਵੇਦ ਵਿਸ਼ਯ ਵਿਚ ਲਿਖਿਆ ਜਾਵੇਗਾ ॥

ਇਤਿ ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮੀਕ੍ਰਿਤੇ ਸਤ੍ਯਾਰਥਪ੍ਰਕਾਸ਼ੇ ਸੁਭਾਸ਼ਾਵਿਭੂਸ਼ਿਤੇ
ਰਾਜਧਰਮਵਿਸ਼ਯੇ ਸ਼ਸ਼ਟਃ ਸਮੁੱਲਾਸਃ ਸੰਪੂਰਣਃ ॥ ੬ ॥

ਸ਼੍ਰੀ ਸੁਆਮੀ ਦਯਾਨੰਦ ਸਰਸ੍ਵਤੀ ਸ੍ਵਾਮੀ ਕ੍ਰਿਤ ਸਤ੍ਯਾਰਥਪ੍ਰਕਾਸ਼ ਭਾਸ਼ਾਭੂਸ਼ਿਤ
ਏ ਰਾਜਧਰਮ ਵਿਸ਼ਯ ਦਾ ਛੀਵਾਂਸਮੁੱਲਾਸ ਸੰਸਾਪਤ ਹੋਇਆ ॥੬॥

ਸਤਵਾਂ ਸਮੁੱਲਾਸ

ਈਸ਼੍ਵਰ ਅਰ ਵੇਦ ਵਿਸ਼ੇ ਵਿਚ।

ਰਿਚੋ ਅਖਛਰੇ ਪਰਮੇ ਵ੍ਯੋਮਨ੍ਯਸ੍ਮਿਨ ਦੇਵਾ ਅਧਿ-
ਵਿਸ਼੍ਵੇ ਨਿਸ਼ੇਦੁਃ । ਯਸ੍ਤੰਨ ਵੇਦ ਕਿਮ੍ਰਿਚਾ ਕਰਿਸ਼੍ਯਤਿ
ਯ ਇੱਤਦ੍ਵਿਦੁਸ੍ਤ ਇਮੇ ਸਮਾਸਤੇ ॥ ੧ ॥

ਰਿਗਵੇਦ ਮੰਡਲ ੧ । ਸੂਕਤ ੮੬੪ । ਮੰਤ੍ਰ ੩੯ ॥

ਈਸ਼ਾਵਾਸ੍ਯਮਿਦਗੁਂ ਸਰ੍ਵੰ ਯਤ੍ਕਿੰਚ ਜਗਤ੍ਯਾਂ ਜਗਤ੍।
ਤੇਨ ਤ੍ਯਕ੍ਤੇਨ ਭੁੰਜੀਥਾ ਮਾ ਗ੍ਰਿਧਃ ਕਸ੍ਯ ਸ੍ਵਿੱਦ੍ਧਨਮ ॥੨

ਯਜੁਰ੍ਵੇਦ ਅਧ੍ਯਾਯ ੪੦ । ਮੰਤ੍ਰ ੧ ॥

ਅਹੰਭੁਵੰ ਵਸੁਨਃ ਪੂਰ੍ਵ੍ਯਸ੍ਪਤਿਰਹੰ ਧਨਾਨਿ ਸੰਜ-
ਯਾਮਿ ਸ਼ਸ਼੍ਵਤਃ । ਮਾਂ ਹਵੰਤੇ ਪਿਤਰੰ ਨ ਜੰਤਵੋ ਅਹੰ
ਦਾਸ਼ੁਸ਼ੇ ਵਿਭ੍ਯਾਮਿ ਭੋਜਨਮ ॥ ੩ ॥

ਅਹਮਿੰਦ੍ਰੋ ਨ ਪਰਾਜਿਗ੍ਯ ਇੱਧਨੰ ਨ ਮ੍ਰਿਤ੍ਯਵੇਅਵ-
ਤਸ੍ਥੇ ਕਦਾਚਨ। ਸੋਮਮਿਨਮਾਸੁਨ੍ਵੰਤੋ ਯਾਚਤਾ ਵਸੁ ਨ
ਮੇ ਪੂਰਵਃ ਸਖ੍ਯੋਰਿਸ਼ਾਧਨ ॥ ੪ ॥

ਰਿਗਵੇਦ ਮੰਡਲ ੧੦ । ਸੂਕਤ ੪੯ । ਮੰਤ੍ਰ ੧ । ੫ ॥

(ਰਿਚੋ ਅਖਛਰੇ) ਏਸ ਮੰਤ੍ਰ ਦਾ ਅਰਥ ਬ੍ਰਹਮਚਰ੍ਯ ਆਸ਼੍ਰਮ ਦੀ ਸ਼ਿਖਛਾ ਵਿਚ ਲਿਖ ਚੁਕੇ ਹਾਂ ਅਰਥਾਤ ਜੇਹੜਾ ਸਾਰੇ ਦਿਵ੍ਯਗੁਣ, ਕਰ੍ਤਮ, ਸੁਭਾਵ, ਵਿਦਿਆ ਯੁਕਤ ਅਰ ਜਿਸ ਵਿਚ ਪ੍ਰਿਥਵੀ, ਸੂਰ੍ਯ ਆਦੀ ਲੋਕ ਸਥਿਤ ਹਨ ਅਰ ਜੇਹੜਾ ਆਕਾਸ਼ ਦੀ ਨ੍ਯਾਈਂ ਵ੍ਯਾਪਕ ਸਭ ਦੇਵਾਂ ਦਾ

ਦੇਵ ਪਰਮੇਸ਼ੁਰ ਹੈ ਉਸਨੂੰ ਜੇਹੜੇ ਮਨੁੱਸ਼ ਨਹੀਂ ਜਾਨਦੇ ਅਰਨ ਮੰਨਦੇ ਅਰ ਉਸਦਾ ਧਯਾਨ ਨਹੀਂ ਕਰਦੇ ਓਹ ਨਾਸਤਿਕ ਮੰਦਮਤੀ ਸਦਾ ਦੁਖ ਸਾਗਰ ਵਿਚ ਡੁਬੇਹੀ ਰਹਿੰਦੇ ਹਨ, ਏਸ ਲਈ ਸਰਵਦਾ ਉਸੇਨੂੰ ਜਾਨਕੇ ਸਬ ਮਨੁੱਸ਼ ਸੁਖੀ ਹੁੰਦੇ ਹਨ॥

(ਪ੍ਰਸ਼ਨ) ਵੇਦ ਵਿਚ ਈਸ਼ੁਰ ਅਨੇਕ ਹਨ ਏਸ ਬਾਤ ਨੂੰ ਤੁਸੀਂ ਮੰਨਦੇ ਹੋ ਵਾ ਨਹੀਂ ?

(ਉੱਤਰ) ਨਹੀਂ ਮੰਨਦੇ ਕਿਉਂਕਿ ਦੌਹਾਂ ਵੇਦਾਂ ਵਿਚ ਏਹ ਗਲ ਕਿਤੇ ਨਹੀ ਲਿਖੀ ਜਿਸਤੋਂ ਅਨੇਕ ਈਸ਼ੁਰ ਸਿੱਧ ਹੋਨ ਕਿਤੂ ਏਹ ਤਾਂ ਲਿਖਿਆ ਹੈ ਕਿ ਈਸ਼ੁਰ ਇਕ ਹੈ॥

(ਪ੍ਰਸ਼ਨ) ਵੇਦਾਂ ਵਿੱਚ ਜੇਹੜੇ ਅਨੇਕ ਦੇਵਤਾ ਲਿਖੇ ਹਨ ਉਸਦਾ ਕੀ ਅਭਿਪ੍ਰਾਯ ਹੈ ?

(ਉੱਤਰ) ਦੇਵਤਾ ਦਿਵਯਗੁਣਾਂ ਵਾਲੇ ਹੋਨਥੀਂ ਕਹਾਂਦੇ ਹਨ, ਜੀਕਨ ਕਿ 'ਪ੍ਰਿਥਵੀ' ਪਰੰਤੂ ਏਸਨੂੰ ਕਿਦੇ ਈਸ਼ੁਰ ਦੇ ਤੁਲ ਉਪਾਸਨਾ ਕਰਨਦ ਯੋਗਯ ਨਹੀਂ ਮੰਨਿਆਂ ਹੈ, ਵੇਖੋ ਏਸ ਮੰਤ੍ਰ ਵਿੱਚ ਕਿ ਜਿਸ ਵਿਚ ਸਾਰੇ ਦੇਵਤਾ ਸਥਿਤ ਹਨ ਓਹ ਜਾਨਨ ਅਰ ਉਪਾਸਨਾ ਕਰਨ ਦੇ ਯੋਗਯ ਈਸ਼ੁਰ ਹੈ, ਏਹ ਉਨ੍ਹਾਂ ਦੀ ਭੁੱਲ ਹੈ ਜੇਹੜੇ ਦੇਵਤਾ ਸ਼ਬਦ ਕਰਕੇ ਈਸ਼ੁਰ ਦਾ ਗ੍ਰਹਣ ਕਰਦੇ ਹਨ ਪਰਮੇਸ਼ੁਰ ਦੇਵਾਂ ਦਾ ਦੇਵ ਹੋਨ ਕਰਕੇ ਮਹਾਦੇਵ ਏਸੇ ਲਈ ਕਹਾਉਂਦਾ ਹੈ ਕਿ ਓਹੋ ਸਬ ਜਗਤ ਦੀ ਉਤਪੱਤੀ, ਸਥਿਤੀ, ਪ੍ਰਲਯ ਦਾ ਕਰਤਾ, ਨਿਆਯਾਧੀਸ਼, ਅਧਿਸ਼ਠਾਤਾ ਹੈ ਜੇਹੜਾ "ਤ੍ਰਯਸਤ੍ਰਿੰਸ਼ਤ੍ਰਿਸ਼ਤਾ" ਇਤਿਆਦੀ ਵੇਦਾਂ ਵਿਚ ਪ੍ਰਮਾਣ ਹੈ ਉਸਦੀ ਵਿਆਖਿਆ ਸਤਪਥ (ਗ੍ਰੰਥ) ਵਿਚ ਕੀਤੀ ਹੈ ਕਿ ਤੇਤੀ ੩੩ ਦੇਵ ਅਰਥਾਤ ਪ੍ਰਿਥਵੀ, ਜਲ, ਅਗਨੀ, ਵਾਯੂ, ਆਕਾਸ਼, ਚੰਦ੍ਰਮਾ, ਸੂਰਯ ਅਰ ਨਖਛਤ੍ਰ ਸਬ ਸ੍ਰਿਸ਼ਟੀ ਦੇ ਨਿਵਾਸ ਦੇ ਸਥਾਨ ਹੋਨ ਕਰਕੇ ਏਹ ਅੱਠ ਵਸੂ। ਪ੍ਰਾਣ, ਅਪਾਨ, ਵਿਆਨ, ਉਦਾਨ, ਸਮਾਨ, ਨਾਗ, ਕੂਰਮ, ਕ੍ਰਿਕਲ, ਦੇਵਦੱਤ, ਧਨੰਜਯ ਅਰ ਜੀਵਾਤਮਾ ਏਹ ਯਾਰਾਂ ਰੁਦ੍ਰ ਏਸ ਲਈ ਕਹਾਂਦੇ ਹਨ ਕਿ ਜਦ ਸ਼ਰੀਰ ਨੂੰ ਛਡਦੇ ਹਨ ਤਦ ਰੁਆਨ ਵਾਲੇ ਹੁੰਦੇ ਹਨ। ਵਰ੍ਹੇ ਦੇ ਬਾਰਾਂ ੧੨ ਮਹੀਨੇ ਬਾਰ੍ਹਾਂ ੧੨ ਆਦਿਤਯ ਏਸ ਲਈ ਹਨ ਕਿ ਏਹ ਸਬ ਦੀ ਆਯੂ ਨੂੰ ਲੈਂਦੇਜਾਂਦੇ ਹਨ, ਬਿਜਲੀ ਦਾ ਨਾਉਂ ਇੰਦ੍ਰ ਏਸ ਵਾਸਤੇ ਹੈ ਕਿ ਪਰਮ ਐਸ਼ੁਰਯ ਦਾ ਹੇਤੂ ਹੈ, ਯੱਗ ਨੂੰ ਪ੍ਰਜਾਪਤੀ ਕਹਿਨ ਦਾ ਕਾਰਣ ਏਹ ਹੈ ਕਿ ਏਸ ਥੀਂ ਹਵਾ ਵਰਸ਼ਾ, ਪਾਨੀ, ਜੜੀ ਬੂਟੀ ਦੀ ਸ਼ੁਧੀ, ਵਿਦਵਾਨਾਂ ਦਾ ਸਤਕਾਰ, ਅਰ ਨਾਨਾਪ੍ਰਕਾਰ ਦੀ ਸ਼ਿਲਪ ਵਿਦਿਆ ਕਰਕੇ ਪ੍ਰਜਾ ਦਾ ਪਾਲਨ ਹੁੰਦਾ ਹੈ। ਏਹ ਤੇਤੀ ੩੩ ਉਪਰ ਕਹੇ ਹੋਏ ਗੁਣਾਂ ਦੇ ਹੋਨ ਕਰਕੇ ਦੇਵ ਕਹਾਂਦੇ ਹਨ ਇਨਾਂ ਦਾ ਮਾਲਕ ਅਰ ਸਬ ਥੀਂ ਵਡਾ ਹੋਨ ਕਰਕੇ ਪਰਮੇਸ਼ੁਰ ਚੌਤੀਵਾਂ ੩੪ ਵਾਂ ਉਪਾਸਨਾ ਦੇ ਯੋਗਯ ਦੇਵਤਾ ਸਤਪਥ (ਗ੍ਰੰਥ) ਦੇ ਚੌਦਵੇਂ ੧੪ ਕਾਂਡ ਵਿਚ ਸਵਾ

लखिआ है, इसे तरां होर जगह भी लिखिआ है जे एह लोग इनां शास्त्रां नूं वेखदे तां वेदां विच अनेक ईश्वर मंनण रूपी भ्रम जाल विच डिग के किउं भरमदे ॥ १ ॥

हे मनुॱशे! जो कुझ एस संसार विच जगत है उस सब विच जेहड़ा विआपक होके निधीआ है ओह ईश्वर कहाउंदा है, उस थीं डरके तूं अनिआय नाल किसेदे धन दी इछिआ ना कर,उस अनिआय दे त्याग,अर निआय आचरण रूपी धरम थीं अपने आतमा नाल अनंद नूं भोग॥२॥ईश्वर सब नूं उपदेश करदा है कि हे मनुशे मैं ईश्वर सब तों पहिले विॱदमान,सब जगत दा पती हां मैं सनातन जगत दा कारण अर सब धनां दा विजै करन वाला अर दाता हां मैनूं ही सारे जीव जिसतरां पिउनूं संतान याद करदे हन उसेतरांयाद करन,मैंसबनूं सुख देन हारे जगत दे लई नाना प्रकार दे भोजनां दा विभाग पालन दे वासते करनां हां॥३॥मैं परम ऐश्वरयवान सूरयदीनजाईं सब जगत दा प्रकाश करन वाला हां कदीपराजय नूं प्रापत नहीं हुंदा अर नां कदी मौत नूं प्रापत होना हां, मैं ही जगत रूपी धन दा निरमाण करन वाला हां सभ जगत दीउतपॱती करन वाला मैनूं ही जानो। हे जीवे ! ऐशवरय प्रापती दे जतन करदे होए तुसी लोग विगिआन आदी धन नूं मेरे कोलों मंगो अर तुमीं मेरी मित्राईं वखरे ना होवे, हे मनुॱशे ! मैं सॱत भाशण रूपी उसतती करन वाले मनुॱश नूं सनातन गिआन आदी धन देना हां, मैं ब्रहम अरथात वेद दा प्रकाश करन हारा अर मैनूं ओह वेद यथावत कहिंदा उस दी सब दे गिआन नूं मैं वधांदा हां,मैं सॱत पुरुश दा प्रेरना करने हारा यॱग करन वाले नूं फल दा देन वाला अर एस विशव विच जो कुझ है उस सब कारज दा थनाने अर धारण करन वाला हां, एस लई तुमीं लोग मैनूं छडके किसे दूजे नूं मेरे सथानं विच ना पुजो ना मंनों अर ना जानो ॥ ४ ॥

हिरण्यगर्भः समवर्त्तताग्रे भूतस्य जातः पतिरेक आसीत । स दाधार पृथिवीं द्यामुतेमां कस्मै देवाय हविषा विधेम ॥ यजुः अधयाय १३ । मंत्र ४ ॥

एह यजुरवेद दा मंत्र है । हे मनुॱशे जेहड़ा सृशटी दे पहिले सब सुरज आदी तेज वाले लोकां दा उतपॱती सथान, आधार अर जो

ਆਰਯਾਵਰਤ ਦੇਸ਼ ਤੋਂ ਭਿੱਨ ਜਿਹੜੇ ਦੇਸ਼ ਹਨ । ਓਹ ਦਸ੍ਯੂ ਦੇਸ਼ ਅਰ ਮਲੇੱਛ ਦੇਸ਼ ਕਹਾਉਂਦੇ ਹਨ, ਏਸ ਤੋਂ ਭੀ ਇਹ ਸਿੱਧ ਹੁੰਦਾ ਹੈ ਕਿ ਆਰਯਾਵਰਤ ਨੂੰ ਛਡਕੇ ਪੂਰਵ ਦੇਸ਼ਤੋਂ ਲੈਕੇ ਈਸ਼ਾਨ,ਉੱਤਰ ਵਾਯਵ੍ਯ ਅਰ ਪਸ਼ਚਿਮ ਦੇਸ਼ਾਂ ਵਿਚ ਰਹਨ ਵਾਲਿਆਂ ਦਾ ਨਾਉਂ ਦਸ੍ਯੂ ਅਰ ਮਲੇੱਛ ਤਥਾ ਅਸੁਰ ਹੈ,ਅਰ ਨੈਰਿਤ੍ਯ ਦਖਛਿਣ ਤਥਾ ਆਗਨੇਯ ਦਿਸ਼ਾ ਵਿਚ ਆਰਯਾਵਰਤ ਦੇ ਰਹਨ ਵਾਲਿਆਂ ਨੂੰ ਛੱਡ ਕੇ ਬਾਹਰ ਰਹਨਵਾਲੇ ਲੋਗਾਂ ਦਾ ਨਾਉਂ ਰਾਖਛਸ ਹੈ, ਹੁਨ ਭੀ ਵੇਖ ਲੌ ਹਬਸ਼ੀ ਲੋਗਾਂ ਦਾ ਸ੍ਵਰੂਪ ਅਜੇਹਾ ਭਰਾਉਨਾ ਦਿੱਸਦਾ ਹੈ ਜੇਹੋ ਜਿਹਾ ਰਾਖਛਸਾਂ ਦਾ ਵਰਣਨ ਕੀਤਾ ਹੈ, ਅਰ ਆਰਯਾਵਰਤ ਦੀ ਸੀਧ ਵਿੱਚ ਹੇਠਾਂ ਰਹਨ ਵਾਲਿਆਂ ਦਾ ਨਾਉਂ ਨਾਗ ਅਰ ਉਸ ਦੇਸ਼ਦਾਪਾਤਾਲ ਨਾਉਂ ਹੋਨ ਦਾ ਇਹ ਕਾਰਣ ਹੈ ਕਿ ਉਹ ਦੇਸ਼ ਆਰਯਾਵਰਤੀ ਮਨੁਸ਼ਾਂ ਦੇ ਪਾਦ ਅਰਥਾਤ ਪੈਰਾਂ ਦੇ ਤਲੇ ਅਰ ਉਨ੍ਹਾਂ ਦੇ ਨਾਗਵੰਸ਼ੀ ਅਰਥਾਤ ਨਾਗ ਨਾਉਂਵਾਲੇ ਪੁਰੁਸ਼ ਦੇ ਵੰਸ਼ਦੇ ਰਾਜਾ ਹੁੰਦੇ ਸਨ ਉਸੇ ਵੰਸ਼ਦੀ ਅਲੋਪੀ ਰਾਜਕੰਨਿਆਂ ਨਾਲ ਅਰਜੁਨ ਦਾ ਵਿਆਹ ਹੋਇਆ ਸੀ, ਇਖਛਵਾਕੂ ਥੀਂ ਲੈਕੇ ਕੈਰੋਪਾਂਡੂ ਤੀਕਨ ਸਾਰੀ ਪ੍ਰਿਥਿਵੀ ਉੱਤੇ ਆਰਯਾਂ ਦਾ ਰਾਜ ਅਤੇ ਵੇਦਾਂ ਦਾ ਥੋੜਾ ਥੋੜਾ ਪ੍ਰਚਾਰ ਆਰਯਾਵਰਤ ਨੂੰ ਛਡਕੇ ਹੋਰ ਦੇਸ਼ਾਂ ਵਿਚ ਭੀ ਰਿਹਾ, ਤਥਾ ਏਸ ਵਿਚ ਏਹ ਪ੍ਰਮਾਣ ਹੇ ਕਿ ਬ੍ਰਹਮਾਦਾ ਪੁਤ੍ਰ ਵਿਰਾਟ,ਵਿਰਾਟ ਦਾ ਮਨੂ,ਮਨੂ ਦੇ ਮਰੀਚੀ ਆਦੀ ਦੱਸ ਪੁੱਤ੍ਰ ਅਰ ਉਨ੍ਹਾਂਦੇ ਸ੍ਵਯੰਭੂ ਆਦੀ ਸੱਤ ਰਾਜੇ,ਅਰ ਉਨ੍ਹਾਂਦੀ ਸੰਤਾਨ ਇਖਛਵਾਕੂਆਦੀ ਰਾਜਾਜੇਹੜੇ ਆਰਯਾਵਰਤਦੇ ਪਹਲੇ ਰਾਜਾ ਹੋਏ ਜਿਨ੍ਹਾਂਨੇਇਹ ਆਰਯਾਵਰਤ ਵਸਾਇਆ ਹੈ, ਹੁਨ ਮੰਦੇ ਭਾਗਾਂ ਅਤੇ ਆਰਯਾਂ ਦੇ ਆਲਸ,ਪ੍ਰਮਾਦ ਅਰੱ ਪਰਸਪਰ ਦੀ ਫੁਟ ਹੋਨ• ਕਰਕੇ ਹੋਰਨਾਂ ਦੇਸ਼ਾਂ ਵਿਚ ਰਾਜ ਕਾਜ ਦੀ ਤਾਂ ਗੱਲ ਹੀ ਕੀ ਕਹਨੀ, ਕਿੰਤੂ ਆਰਯਾਵਰਤ ਵਿੱਚ ਭੀ ਆਰਯਾਂ ਦਾ ਅਖੰਡ ਸ੍ਵਤੰਤ੍ਰ ਸ੍ਵਾਧੀਨ, ਨਿਰਭੈ ਰਾਜ ਏਸ ਵੇਲੇ ਨਹੀਂ ਹੈ, ਜੋ ਕੁਝ ਹੈਸੋਭੀ ਪ੍ਰਦੇ-

ਸ਼ੀਆਂ ਦੇ ਪੈਰਾਂ ਦੇ ਹੇਠਾਂ ਰੁਲਰਹਿਆ ਹੈ,ਕੁਝ ਥੋੜੇ ਜੇਹੇਰਾਜੇ ਸ੍ਵਤੰਤ੍ਰ ਹਨ। ਭੈੜੇ ਦਿਨ ਜਦ ਆਉਂਦੇ ਹਨ ਤਦ ਦੇਸ਼ ਵਾਸੀਆਂ ਨੂੰ ਅਨੇਕਪ੍ਰਕਾਰ ਦੇ ਦੁੱਖ ਭੋਗਨੇ ਪੈਂਦੇ ਹਨ ਭਾਵੇਂ ਕੋਈ ਕਿੱਨਾ ਕਰੇ ਪਰੰਤੂ ਜਿਹੜਾ ਸ੍ਵਦੇਸ਼ੀ ਰਾਜ ਹੁੰਦਾ ਹੈ ਓਹ ਸਭਨਾਂ ਤੋਂ ਵਧੀਕ ਉੱਤਮ ਹੁੰਦਾ ਹੈ, ਮਤ ਮਤਾਂਤਰਾਂ ਦੇ ਹਠ ਤੋਂ ਰਹਿਤ ਅਰ ਪਰਾਏ ਦਾ ਪਖਛਪਾਤ ਰਹਿਤ ਪ੍ਰਜਾ ਉੱਤੇ ਪਿਉ ਮਾਂ ਵਾਙ੍ਹਣ ਕ੍ਰਿਪਾ ਨਜ਼ਾਯ ਅਰ ਦਯਾ ਦੇ ਨਾਲ ਭੀ ਰਾਜ ਹੋਵੇ ਤਾਂ ਭੀ ਓਹ ਪਰਦੇਸ਼ੀਆਂਦਾ ਰਾਜ ਪੂਰਣ ਸੁਖਦਾਯਕ ਨਹੀਂ ਹੈ, ਪਰੰਤੂ ਭਿੰਨ ਭਿੰਨ ਭਾਸ਼ਾ ਵੱਖੋ ਵੱਖਰੀ ਸ਼ਿਖਛਾ ਵੱਖੋ ਵੱਖਰੇ ਵਿਹਾਰਾਂ ਦਾ ਵਿਰੋਧ ਛੁੱਟਨਾ ਅਤੀ ਕਠਿਨਹੈ, ਅਰ ਇਸਦੇ ਛੁੱਟੇ ਬਗੈਰ ਇਕ ਦੂਜੇ ਦਾ ਪੂਰਾ ਉਪਕਾਰ ਅਰ ਅਭਿਪ੍ਰਾਯ ਸਿੱਧ ਹੋਨਾ ਕਠਿਨ ਹੈ,ਏਸ ਲਈ ਜੋ ਕੁਝ ਵੇਦ ਆਦੀ ਸ਼ਾਸਤ੍ਰਾਂ ਵਿਚ ਵ੍ਯਵਸਥਾ ਯਾ ਇਤਿਹਾਸ ਲਿਖੇ ਹਨ ਉਸੇ ਦਾ ਮਾਨ ਕਰਨਾ ਭਲੇ ਮਨੁੱਸ਼ਾਂਦਾ ਕੰਮ ਹੈ ॥

(ਪ੍ਰਸ਼ਨ) ਜਗਤ ਨੂੰ ਬਨਿਆਂ ਕਿੱਨਾਂ ਸਮਯ ਹੋਇਆ ਹੈ ?

(ਉੱਤਰ)ਇਕ ਅਰਬ ਛਿਆਨਵੇਂ ਕ੍ਰੋੜ ਕਈ ਲੱਖ ਅਰ ਕਈ ਹਜ਼ਾਰ ਵਰ੍ਹੇ ਜਗਤ ਦੀ ਉਤਪੱਤੀ ਅਰ ਵੇਦਾਂ ਦੇ ਪ੍ਰਕਾਸ਼ ਹੋਏ ਨੂੰ ਹੋ ਚੁਕੇ ਹਨ, ਏਸਦਾ ਪੂਰਾ ਵ੍ਰਤਾਂਤ ਮੇਰੀ ਬਨਾਈ *ਭੂਮਿਕਾ ਵਿਚ ਲਿਖਯਾ ਹੈ, ਵੇਖ ਲੌ। ਇਤਯਾਦੀ ਪ੍ਰਕਾਰ ਸ੍ਰਿਸ਼ਟੀ ਦੇ ਬਨਾਨੇ ਅਰ ਬਨਨ ਦਾ ਹੈ, ਅਰ ਇਹ ਭੀ ਹੈ ਕਿ ਸਭ ਤੋਂ ਸੂਖਛਮ ਭਾਗ ਅਰਥਾਤ ਜਿਹੜਾ ਕੱਟਿਆ ਨਹੀਂ ਜਾਂਦਾ ਉਸਦਾ ਨਾਉਂ ਪ੍ਰਮਾਣੂ, ਸੱਠ ਪ੍ਰਮਾਣੂਆਂ ਦੇ ਮਿਲੇ ਹੋਏ ਦਾ ਨਾਉਂ ਅਣੂ,ਦੋਹਾਂ ਅਣੂਆਂ ਦਾ ਇਕ ਦ੍ਵਯਣੁਕ ਜਿਹੜੀ ਸਥੂਲ ਵਾਯੂ ਹੈ,ਤਿੰਨ ਦ੍ਵਯਣੁਕ ਦੀ ਅਗਨੀ, ਚਾਰ ਦ੍ਵਯਣੁਕ ਦਾ ਜਲ, ਪੰਜ ਦ੍ਵਯਣੁਕ ਦੀ ਪ੍ਰਿਥਿਵੀ ਅਰਥਾਤ ਤਿੰਨ ਦ੍ਵਯਣੁਕ ਦਾ ਤ੍ਰਸਰੇਣੁ ਅਰ ਉਸਦਾ ਦੂਨਾ ਹੋਨ ਕਰਕੇ ਪ੍ਰਿਥਿਵੀ ਆਦੀ ਨਜ਼ਰ ਆਉਨ ਵਾਲੀਆਂ ਚੀਜ਼ਾਂ ਹੁੰਦੀਆਂ ਹਨ, ਇਸੇ ਪ੍ਰਕਾਰ ਕ੍ਰਮ ਨਾਲ ਮੇਲ ਕਰਕੇ ਪ੍ਰਿਥਿਵੀ ਆਦੀ ਪਰਮੇਸ਼੍ਵਰ ਨੇ ਬਨਾਏ ਹਨ ॥

(ਪ੍ਰਸ਼ਨ) ਏਸ ਦਾ ਧਾਰਣ ਕੌਨ ਕਰਦਾ ਹੈ ? ਕੋਈ ਕਹਿੰਦਾ ਹੈ ਕਿ ਸ਼ੇਸ਼ ਅਰਥਾਤ ਹਜ਼ਾਰੋ ਫਣ ਵਾਲੇ ਸੱਪ ਦ ਸਿਰ ਉੱਤੇ ਪ੍ਰਿਥਿਵੀ ਹੈ, ਦੂਜਾ ਕਹਿੰਦਾ ਹੈ ਬੈਲ ਦੇ ਸਿੰਗ ਉੱਤੇ, ਤੀਜਾ ਕਹਿੰਦਾ ਹੈ ਕਿ ਕਿਸੇ ਤੇ ਨਹੀਂ, ਚੌਥਾ ਕਹਿੰਦਾ ਹੈ ਕਿ ਹਵਾ ਦੇ ਆਸ਼ਰੇ, ਪੰਜਵਾਂ ਕਹਿੰਦਾ ਹੈ ਕਿ ਸੂਰਯ ਦੇ ਆਕਰਸ਼ਣ ਕਰਕੇ ਖਿਚੀ ਹੋਈ ਅਪਨੇ ਠਿਕਾਨੇ ਠਹਿਰੀ ਹੋਈ ਹੈ, ਛੇਵਾਂ ਕਹਿੰਦਾ ਹੈ, ਕਿ ਪ੍ਰਿਥਿਵੀ ਭਾਰੀ ਹੋਨ ਕਰਕੇ ਹੇਠਾਂ ਹੇਠਾਂ ਆਕਾਸ਼ ਵਿੱਚ ਚਲੀ ਜਾਂਦੀ ਹੈ,ਇਨ੍ਹਾਂ ਸਭਨਾਂ ਵਿਚੋਂ ਕਿਸ ਦੀ ਗੱਲ ਨੂੰ ਸੱਚਾ ਮੰਨੀਏ ?

*, ਰਿਗਵੇਦਾਦੀਭਾਸ਼ਯਭੂਮਿਕਾ ਦੇ ਵੇਦ ਉਤਪੱਤੀ ਵਿਸ਼ਯ ਨੂੰ ਵੇਖ ॥

(ਉੱਤਰ) ਜੇਹੜਾ ਜ਼ਮੀਨ ਨੂੰ ਸ਼ੇਸ਼, ਸੱਪ ਅਰ ਬਲਦ ਦੇ ਸਿੰਗ ਉੱਤੇ ਟਿਕੀ ਹੋਈ ਦੱਸਦਾ ਹੈ, ਉਸ ਨੂੰ ਪੁਛਨਾ ਚਾਹੀਏ ਕਿ ਸੱਪ ਅਰ ਬਲਦ ਦੇ ਮਾਂ ਪਿਉ ਦੇ ਜਨਮ ਵੇਲੇ ਕਿਸਦੇ ਉੱਤੇ ਸੀ ? ਤਥਾ ਸੱਪ ਅਰ ਬਲਦ ਆਦੀ ਕਿਸ ਉੱਤੇ ਹਨ? ਬਲਦ ਵਾਲੇ ਮੁਸਲਮਾਂਨ ਤਾਂ ਚੁਪ ਹੀ ਕਰ ਜਾਨਗੇ, ਪਰੰਤੂ ਸੱਪ ਵਾਲੇ ਕਹਨਗੇ ਕਿ ਸੱਪ ਕੱਛੂ ਉੱਤੇ, ਕੱਛੂ ਪਾਨੀ ਉੱਤੇ, ਪਾਨੀ ਅੱਗ ਉੱਤੇ ਅੱਗ ਹਵਾ ਉੱਤੇ ਅਰ ਹਵਾ ਆਕਾਸ਼ ਵਿਚ ਠਹਰੀ ਹੋਈ ਹੈ ਉਨ੍ਹਾਂ ਤੋਂ ਪੁੱਛਨਾ ਚਾਹੀਏ ਕਿ ਸਬ ਕਿਸ ਉੱਤੇ ਹਨ ਤਾਂ ਜ਼ਰੂਰ ਕਹਨਗੇ ਕਿ ਪਰਮੇਸ਼੍ਵਰ ਉੱਤੇ, ਜਦ ਉਨ੍ਹਾਂ ਤੋਂ ਕੋਈ ਪੁੱਛੇਗਾ ਕਿ ਸ਼ੇਸ਼ ਅਰ ਬਲਦ ਕਿਸਦਾ ਬੱਚਾ ਹੈ ਤਾਂ ਕਹਨਗੇ ਕਿ (ਸ਼ੇਸ਼) ਕਸ਼ਜਪ ਕਦ੍ਰੂ ਦਾ ਅਰ (ਬਲਦ) ਗਊ ਬੈਲ ਦਾ ਕਸ਼ਜਪ ਮਰੀਚੀ ਦਾ, ਮਰੀਚੀ ਮਨੂ ਦਾ. ਮਨੂ ਵਿਰਾਟ ਦਾ ਅਰ ਵਿਰਾਟ ਬ੍ਰਹਮਾ ਦਾ ਪੁਤ੍ਰ ਸੀ, ਅਤੇ ਬ੍ਰਹਮਾ ਆਦਿ ਸ੍ਰਿਸ਼ਟੀ ਦਾ ਸੀ, ਜਦ ਸ਼ੇਸ਼ ਦਾ ਜਨਮ ਨਹੀਂ ਹੋਇਆ ਸੀ, ਅਰ ਉਸ ਤੋਂ ਪਹਲੋਂ ਪੰਜ ਪੀਹੜੀਆਂ ਹੋ ਚੁੱਕੀਆਂ ਹਨ ਤਦ ਕਿਸ ਨੇ ਧਾਰਣ ਕੀਤੀ ਸੀ? ਅਰਥਾਤ ਕਸ਼ਜਪ ਦੇ ਜੱਮਨ ਵੇਲੇ ਪ੍ਰਿਥਿਵੀ ਕਿਸ ਉੱਤੇ ਸੀ, ਤਾਂ 'ਤੇਰੀ ਚੁੱਪ ਮੇਰੀ ਭੀ ਚੁੱਪ' ਅਰ ਲੜਨ ਲਗ ਜਾਨਗੇ। ਏਸਦਾ ਸੱਚਾ ਮਤਲਬ ਇਹ ਹੈ ਜੇਹੜਾ 'ਬਾਕੀ' ਰਹਿੰਦਾ ਹੈ ਉਸਨੂੰ ਸ਼ੇਸ਼ ਕਹਿੰਦੇ ਹਨ ਸੋ ਕਿਸੇ ਕਵੀ ਨੇ "ਸ਼ੇਸ਼ਾਧਾਰਾ ਪ੍ਰਿਥਿਵੀਤਜੁਕਤਮ" ਇਹ ਕਹਿਆ ਕਿ ਸ਼ੇਸ਼ ਦੇ ਆਧਾਰ ਜ਼ਮੀਨ ਹੈ। ਦੂਜੇ ਨੇ ਉਸਦੇ ਅਭਿਪ੍ਰਾਯ ਨੂੰ ਨ ਸਮਝਕੇ ਸੱਪਦੀ ਝੂਠੀ ਕਲਪਨਾ ਕਰ ਲੀਤੀ ਪਰੰਤੂ ਜਿਸ ਲਈ ਪਰਮੇਸ਼੍ਵਰ ਉਤਪੱਤੀ ਅਰ ਪ੍ਰਲੈ ਥੋਂ ਬਾਕੀ ਅਰਥਾਤ ਵੱਖਰਾ ਰਹਿੰਦਾ ਹੈ, ਏਸ ਕਾਰਣ ਉਸ ਨੂੰ ਸ਼ੇਸ਼ ਕਹਿੰਦੇ ਹਨ ਅਰ ਉੱਸੇ ਦੇ ਆਧਾਰ ਪ੍ਰਿਥਿਵੀ ਹੈ:—

ਸਤਜੇਨੋੱਤਭਿਤਾ ਭੂਮਿਃ ॥ ਅਥਰਵਵੇਦ ਕਾਂਡ ੧੪। ਵਰਗ। ਮੰਤ੍ਰ ੧॥

(ਸਤਜ) ਅਰਥਾਤ ਜੇਹੜਾ ਤ੍ਰੈਕਾਲਾਬਾਧਜ ਜਿਸਦਾ ਕਦੇ ਨਾਸ਼ ਨਹੀਂ ਹੁੰਦਾ, ਉਸਪਰਮੇਸ਼੍ਵਰ ਨੇ ਜ਼ਮੀਨਸੂਰਯ, ਅਰ ਸਬ ਲੋਕਾਂ ਨੂੰ ਧਾਰਣ ਕੀਤਾ ਹੈ ॥

ਉਖਛਾਦਾਧਾਰ ਪ੍ਰਿਥਿਵੀਮੁਤ ਦਜਾਮ ॥

ਇਹ ਰਿਗਵੇਦ ਦਾ ਵਚਨ ਹੈ, ਇਸੇ (ਉਖਛਾ) ਸ਼ਬਦ ਨੂੰ ਵੇਖਕੇ ਕਿਸੇ ਨੇ ਬਲਦ ਸਮਝ ਲਿਆ ਹੋਵੇਗਾ ਕਿਉਂਕਿ ਉਖਛਾ ਬੈਲ ਦਾ ਭੀ ਨਾਉਂ ਹੈ, ਪਰੰਤੂ ਉਸ ਮੂੜ੍ਹ ਨੂੰ ਇਹ ਸਮਝ ਨ ਆਈ ਕਿ ਇੱਨੀ ਵੱਡੀ ਜ਼ਮੀਨ ਦੇ ਧਾਰਣ ਕਰਨ ਦਾ ਸਾਮਰਥ ਬੈਲ ਵਿਚ ਕਿਥੋਂ ਆਵੇਗਾ? ਏਸ ਲਈ ਵਰਸ਼ਾ ਦੁਆਰਾ ਜ਼ਮੀਨ ਨੂੰ ਸੀਂਚਨੇ ਦੇ ਕਾਰਣ ਉਖਛਾ ਸੂਰਯ ਦਾ ਨਾਉਂ ਹੈ, ਉਸ ਨੇ ਅਪਨੀ ਆਕਰਸ਼ਣ ਦੁਆਰਾ ਪ੍ਰਿਥਿਵੀ ਨੂੰ ਧਾਰਣ ਕੀਤਾ ਹੈ, ਪਰੰਤੂ ਸੂਰਯ ਆਦੀ ਦਾ ਧਾਰਣ ਕਰਨ ਵਾਲਾ ਪਰਮੇਸ਼੍ਵਰ ਦੇ ਬਗੈਰ ਦੂਜਾ ਕੋਈ ਭੀ ਨਹੀਂ ਹੈ ।

(ਪ੍ਰਸ਼ਨ) ਏਡੀਆਂ ਏਡੀਆਂ ਵਡੀਆਂ ਜ਼ਮੀਨਾਂ ਨੂੰ ਪਰਮੇਸ਼ੁਰ ਕੀਕਨ ਧਾਰਣ ਕਰ ਸਕਦਾ ਹੋਵੇਗਾ ?

(ਉੱਤਰ) ਜਿਸਤਰਾਂ ਅਨੰਤ ਆਕਾਸ਼ ਦੇ ਸਾਮਨੇ ਵੱਡੀਆਂ ਵੱਡੀਆਂ ਜ਼ਮੀਨਾਂ ਕੁਝ ਭੀ ਨਹੀਂ ਅਰਥਾਤ ਸਮੁਦ੍ ਦੇ ਅੱਗੇ ਜਲ ਦੀ ਛੋਟੀ ਬੂੰਦ ਵਰਗੀਆਂ ਭੀ ਨਹੀਂ ਹਨ, ਉੱਸੇ ਤਰਾਂ ਅਨੰਤ ਪਰਮੇਸ਼ੁਰ ਦੇ ਸਾਮਨੇ ਅਸੰਖਯਾਤ ਲੋਕ ਇਕ ਪ੍ਰਮਾਣੁ ਦੇ ਤੁੱਲ ਭੀ ਨਹੀਂ ਕਹ ਸਕ਼ਦੇ, ਓਹ ਬਾਹਰ ਅੰਦਰ ਸਬ ਜਗਾ ਵਿਆਪਕ ਅਰਥਾਤ "ਵਿਭੁਃ ਪ੍ਰਜਾਸੁ" ਇਹ ਯਜੁਰਵੇਦ ਦਾ ਵਚਨ ਹੈ ॥ ਓਹ ਪਰਮੇਸ਼ੁਰ ਸਭਨਾਂ ਜੀਵਾ ਵਿੱਚਵ੍ਯਾਪਕ ਹੋਕੇ ਸਬਦਾਧਾਰਣ ਕਰ ਰਹਿਆ ਹੈ,ਜੇ ਓਹ ਈਸਾਈ ਮੁਸਲਮਾਨ ਪੁਰਾਣੀਆਂ ਦੇ ਕਥਨ ਅਨੁਸਾਰ ਵਿਭੂ ਨ ਹੁੰਦਾ ਤਾ ਏਸ ਸਾਰੀ ਸ੍ਰਿਸ਼ਟੀ ਦਾ ਧਾਰਣ ਕਦੀ ਨ ਕਰ ਸਕਦਾ ਕਿਉਂਕਿ ਵਿਆਪਕ ਹੋਨ ਦੇ ਬਗੈਰ ਕਿਸੇ ਨੂੰ ਕੋਈ ਧਾਰਣ ਨਹੀਂ ਕਰ ਸਕਦਾ,ਜੇ ਕੋਈ ਕਹੇ ਕਿ ਸਾਰੇ ਲੋਕ ਇਕ ਦੂਜੇ ਦੇ ਆਕਰਸ਼ਣ ਕਰਕੇ ਧਾਰੇ ਹੋਏ ਹੋਨਗੇ ਫੇਰ ਪਰਮੇਸ਼ੁਰ ਦੇ ਧਾਰਣ ਕਰਨ ਦੀ ਕੀ ਜ਼ਰੂਰਤ ਹੈ ? ਉਸਨੂੰ ਇਹ ਉੱਤਰ ਦੇਨਾ ਚਾਹੀਏ ਕਿ ਸਾਰੀ ਸ੍ਰਿਸ਼ਟੀ ਅਨੰਤ ਹੈ ਯਾ ਸਾਂਤ? ਜੇ ਅਨੰਤ ਆਖੋ ਤਾਂ ਆਕਾਰ ਵਾਲੀ ਵਸਤੁ ਅਨੰਤ ਕਦੀ ਨਹੀਂ ਹੋ ਸਕਦੀ ਅਰ ਜੇ ਸਾਂਤ ਕਹੋ ਤਾਂ ਉਨ੍ਹਾਂ ਦੇ ਪਰਭਾਗ ਸੀਮਾਂ ਅਰਥਾਤ ਜਿਸਥੀਂ ਪਰੇ ਕੋਈ ਭੀ ਦੂਜਾ ਲੋਕ ਨਹੀਂ ਹੈ ਓਥੇ ਕਿਸਦੀ ਆਕਰਸ਼ਣ ਕਰਕੇ ਧਾਰਣ ਹੋਵੇਗਾ?ਜੀਕਨ ਸਮਸ਼ਟੀ ਅਰ ਵ੍ਯਸ਼ਟੀ ਅਰਥਾਤ ਜਦ ਸਬ 'ਸਮੁਦਾਯ' ਦਾ ਨਾਉਂ ਬਨ ਰੱਖਦੇ ਹਨ ਤਦ ਸਮਸ਼ਟੀ ਕਹਾਉਂਦੀ ਹੈ, ਅਰ ਇਕ ਇਕ ਦ੍ਰਖਤ ਆਦੀ ਦੀ ਭਿੰਨ ਭਿੰਨ ਗਿਨਤੀ ਕਰੀਏ ਤਾਂ ਵ੍ਯਸ਼ਟੀ ਕਹਾਉਂਦੀ ਹੈ, ਉਕਨ ਸਬ ਜ਼ਮੀਨਾਂ ਨੂੰ ਸਮ-ਸ਼ਟੀ ਗਿਨਕੇ ਜਗਤ ਕਹੀਏ ਤਾਂ ਸਬ ਜਗਤ ਦਾ ਧਾਰਣ ਅਰ ਆਕਰਸ਼ਣ ਦਾ ਕਰਤਾ ਬਿਨਾ ਪਰਮੇਸ਼ੁਰ ਦੇ ਦੂਜਾ ਕੋਈ ਭੀ ਨਹੀਂ, ਏਸ ਲਈ ਜੇਹੜਾ ਸਾਰੇ ਜਗਤ ਨੂੰ ਰਚਦਾ ਹੈ ਓਹੋ :—

ਸਦਾਧਾਰ ਪ੍ਰਿਥਿਵੀਂ ਦਜਾਮੁਤੇਮਾਮ ॥ ਯਜੁ०ਅ० १३ ।ਮੰ०४ ।

ਜਿਹੜਾ ਪਰਮੇਸ਼ੁਰ ਪ੍ਰਿਥਿਵੀ ਆਦੀ ਪ੍ਰਕਾਸ਼ ਰਹਿਤ ਲੋਕ ਲੋਕਾਂਤਰ ਅਰ ਪਦਾਰਥ ਤਥਾ ਸੂਰਜ ਆਦੀ ਪ੍ਰਕਾਸ਼ਸਹਿਤ ਲੋਕ ਅਰ ਪਦਾਰਥਾਂ ਨੂੰ ਰਚਦਾ ਅਰ ਧਾਰਣ ਕਰਦਾ ਹੈ, ਅਰ ਜੇਹੜਾ ਸਬ ਵਿਚ ਵਿਆਪਕ ਹੋ ਰਿਹਾ ਹੈ ਉਹੋ ਸਬ ਜਗਤ ਦਾ ਕਰਤਾ ਅਰ ਧਾਰਣ ਕਰਨ ਵਾਲਾ ਹੈ ॥

(ਪ੍ਰਸ਼ਨ) ਪ੍ਰਿਥਿਵੀ ਆਦੀ ਲੋਗ ਭੌਂਦੇ ਹਨ ਯਾ ਥਲੋਂਤੇ ਹਨ ?

(ਉੱਤਰ) ਭੌਂਦੇ ਹਨ ॥

(ਪ੍ਰਸ਼ਨ) ਕਿੱਨੇ ਲੋਕ ਕਹਿੰਦੇ ਹਨ ਕਿ ਸੂਰਜ ਭੌਂਦਾ ਹੈ ਅਰ ਪ੍ਰਿਥਿਵੀ

ਨਹੀਂ ਭੌਂਦੀ, ਹੋਰ ਕਹਿੰਦੇ ਹਨ ਕਿ ਪ੍ਰਿਥਿਵੀ ਭੌਂਦੀ ਹੈ ਸੂਰਯ ਨਹੀਂ ਭੌਂਦਾ, ਇਨਾਂ ਵਿਚੋਂ ਸੱਚ ਕੀ ਮੰਨਿਆ ਜਾਵੇ ?

(ਉੱਤਰ)ਇਹ ਦੋਨੋਂ ਅੱਧੇ ਝੂਠੇ ਹਨ ਕਿਉਂਕਿ ਵੇਦ ਵਿੱਚ ਲਿਖਜਾ ਹੈਕਿ:

ਆਯੰ ਗੌਃ ਪ੍ਰਸ਼ਨਿਰਕ੍ਰਮੀਦਸਦਨਮਾਤਰੰ ਪੁਰਃਪਿਤਰੰ ਚ ਪ੍ਰਯੰਤਸ੍ਵਃ ॥ ਯਜੁਰਵੇਦ ਅਧਜਾਯ ੩ । ਮੰਤ੍ਰ ੬ ॥

ਅਰਥਾਤ ਇਹ ਪ੍ਰਿਥਿਵੀ ਪਾਨੀ ਦੇ ਸਮੇਤ ਸੂਰਯ ਦੇ ਚੌਹਾਂ ਪਾਸੇ ਘੁੱਮਦੀ ਜਾਂਦੀ ਹੈ ਏਸ ਲਈ ਜ਼ਮੀਨ ਭੌਂਦੀ ਹੈ ॥

ਆਕ੍ਰਿਸ਼ਣੇਨ ਰਜਸਾ ਵਰਤਮਾਨੋ ਨਿਵੇਸ਼ਯਨੱਮ੍ਰਿਤੰ ਮਰਤੰਜ ਚ। ਹਿਰਣਯਯੇਨ ਸਵਿਤਾ ਰਥੇਨਾ ਦੇਵੋ ਯਾਤਿ ਭੁਵਨਾਨਿ ਪਸ਼ਯਨ ॥ ਯਜੁਰਵੇਦ ਅਧਜਾਯ ੩੩ ਮੰਤ੍ਰ ੪੩ ॥

ਜੇਹੜਾ ਸਵਿਤਾ ਅਰਥਾਤ ਵਰਸ਼ਾ ਆਦੀ ਦਾ ਕਰਨ ਵਾਲਾ, ਪ੍ਰਕਾਸ਼ਰੂਪ ਤੇਜਵਾਨ, ਸੁੰਦਰ, ਸਭਨਾਂ ਪ੍ਰਾਣੀਆਂ ਅਰ ਅਪ੍ਰਾਣੀਆਂ ਵਿਚ ਅੰਮ੍ਰਿਤ ਰੂਪੀ ਵਰਸ਼ਾ ਯਾ ਕਿਰਣਾਂ ਦੁਆਰਾ ਅੰਮ੍ਰਿਤ ਦਾ ਪ੍ਰਵੇਸ਼ ਕਰਦਾ ਅਰ ਸਬ ਮੂਰਤੀਮਾਨ ਚੀਜ਼ਾਂ ਨੂੰ ਦਿਖਾਉਂਦਾ ਹੋਇਆ ਸਭਨਾਂ ਲੋਕਾਂ ਨੂੰ ਆਕਰਸ਼ਣ ਕਰਦਾ ਹੋਇਆ ਅਪਨੀ ਪਰਿਧੀ ਵਿਚ ਭੌਂਦਾ ਰਹਿੰਦਾ ਹੈ ਕਿੰਤੂ ਕਿਸੇ ਲੋਕ ਦੇ ਚੌਹਾਂ ਪਾਸੇ ਨਹੀਂ ਘੁੱਮਦਾ, ਊਕਨ ਹੀ ਇਕ ਇਕ ਬ੍ਰਹਮਾਂਡ ਵਿੱਚ ਇਕ ਸੂਰਯ ਪ੍ਰਕਾਸ਼ ਦਾ ਕਰਨਵਾਲਾ ਅਰ ਹੋਰ ਸਬ ਲੋਕਾਂਤਰ ਉਸ ਤੋਂ ਪ੍ਰਕਾਸ਼ ਪਾਂਦੇ ਹਨ ਜੀਕਨ :—

ਦਿਵਿ ਸੋਮੋ ਅਧਿਸ਼੍ਰਿਤਃ ॥ ਅਥਰਵ੦ ਕਾਂ੦੧੪।ਅਨੁ ੦੧ । ਮੰ੦ ੧ ॥

ਜੀਕਨ ਇਹ ਚੰਦ੍ਰਮਾ ਸੂਰਯਥੀਂ ਪ੍ਰਕਾਸ਼ਿਤ ਹੁੰਦਾ ਹੈ, ਊਕਨ ਹੀ ਪ੍ਰਿਥਿਵੀ ਆਦੀ ਲੋਕ ਭੀ ਸੂਰਯ ਦੇ ਪ੍ਰਕਾਸ਼ਹੀ ਤੋਂ ਪ੍ਰਕਾਸ਼ਿਤ ਹੁੰਦੇ ਹਨ, ਪਰੰਤੂ ਰਾਤ ਅਰ ਦਿਨ ਸਰਵਦਾ ਬਨੇ ਰਹਿੰਦੇ ਹਨ, ਕਿਉਂਕਿ ਪ੍ਰਿਥਿਵੀ ਆਦੀ ਲੋਕਾਂ ਦੇ ਫਿਰਨ ਕਰਕੇ ਜਿੱਨਾਂ ਭਾਗ ਸੂਰਯ ਦੇ ਸਾਮਨੇ ਆਉਂਦਾ ਹੈ, ਉੱਨੇ ਵਿਚ ਦਿਨ ਅਰ ਜਿੱਨਾਂ ਪਿੱਠ ਦੇ ਪਾਸੇ ਅਰਥਾਤ ਓਹਲੇ ਵਿੱਚ ਹੁੰਦਾ ਜਾਂਦਾ ਹੈ ਉੱਨੇ ਵਿਚ ਰਾਤ ਅਰਥਾਤ ਸੂਰਯ ਚੜ੍ਹਨਵੇਲਾ, ਸੂਰਯ ਡੁੱਬਨਵੇਲਾ, ਸੰਧਜਾ, ਦੋਪਹਰ, ਅੱਧੀ ਰਾਤ ਆਦੀ ਜਿੱਨੇ ਸਮੇ ਦੇ ਭਾਗ ਹਨ ਓਹ ਦੇਸ਼ ਦੇਸ਼ਾਂਤਰਾਂਵਿੱਚ ਸਦਾ ਬਨੇ ਰਹਿੰਦੇ ਹਨ, ਅਰਥਾਤ ਜਦ ਆਰਯਾਵਰਤ ਵਿੱਚ ਸੂਰਯ ਚੜ੍ਹਦਾ ਹੈ ਉਸ ਵੇਲੇ ਪਾਤਾਲ ਅਰਥਾਤ 'ਅਮਰੀਕਾ' ਵਿਚ ਲੈਂਹਦਾ ਹੁੰਦਾ ਹੈ, ਅਰ ਜਦ

ਆਰਯਾਵਰਤ ਵਿਚ ਲੈਂਹਦਾ ਹੈ ਤਦ ਪਾਤਾਲ ਦੇਸ਼ ਵਿੱਚ ਚੜ੍ਹਦਾ ਹੈ ਜਦ ਆਰਯਾਵਰਤ ਵਿੱਚ ਦੋਪਹਰ ਯਾ ਅੱਧੀ ਰਾਤ ਹੈ ਉਸੇ ਵੇਲੇ ਪਾਤਾਲ ਦੇਸ਼ ਵਿਚ ਅੱਧੀ ਅਰ ਦੋਪਹਰ ਦਿਨ ਦੀ ਹੁੰਦੀ ਹੈ। ਜੇਹੜੇ ਲੋਗ ਕਹਿੰਦੇ ਹਨ ਕਿ ਸੂਰਯ ਭੌਂਦਾ ਅਰ ਪ੍ਰਿਥਿਵੀ ਨਹੀਂ ਭੌਂਦੀ ਓਹ ਸਾਰੇ ਅਗਯਾਨੀ ਹਨ, ਕਿਉਂਕਿ ਜੇ ਏਸ ਤਰਾਂ ਹੁੰਦਾ ਤਾਂ ਕਈ ਹਜ਼ਾਰ ਵਰ੍ਹੇ ਦੇ ਦਿਨ ਅਰ ਰਾਤ ਹੁੰਦੇ। ਸੂਰਯ ਦਾ ਨਾਉਂ "ਬ੍ਰਧ ਨ:" ? ਹੈ ਅਰਥਾਤ ਓਹ ਜ਼ਮੀਨ ਥੀਂ ਲੱਖਾਂ ਗੁਣਾਂ ਵੱਡਾ ਅਰ ਕ੍ਰੋੜਾਂ ਕੋਹਾਂ ਦੂਰ ਹੈ, ਜਿਸਤਰਾਂ ਰਾਈ ਦੇ ਸਾਮਨੇ ਪਹੋੜ ਭਵੇਂ ਤਾਂ ਬਹੁਤ ਦੇਰ ਲਗਦੀ ਅਰ ਰਾਈ ਦੇ ਭੌਂਨ ਵਿਚ ਬਹੁਤ ਸਮਾ ਨਹੀਂ ਲਗਦਾ, ਉਕਨ ਪ੍ਰਿਥਿਵੀ ਦੇ ਘੁੱਮਣ ਥੀਂ ਠੀਕ ਠੀਕ ਦਿਨ ਰਾਤ ਹੁੰਦਾ ਹੈ, ਸੂਰਯ ਦੇ ਘੁਮਨ ਥੀਂ ਨਹੀਂ, ਅਰ ਜੇਹੜੇ ਸੂਰਯ ਨੂੰ ਸਥਿਰ ਦੱਸਦੇ ਹਨ ਓਹ ਭੀ ਜ੍ਯੋਤਿਸ਼ ਸ਼ਾਸਤ੍ਰ ਦੇ ਜਾਨਨ ਵਾਲੇ ਨਹੀਂ, ਕਿਉਂਕਿ ਜੇ ਸੂਰਯ ਨਾ ਭੌਂਦਾ ਹੁੰਦਾ ਤਾਂ ਇਕ ਰਾਸ ਦੇ ਸਥਾਨ ਤੋਂ ਦੂਜੇ ਰਾਸ ਅਰਥਾਤ ਸਥਾਨ ਨੂੰ ਪ੍ਰਾਪਤ ਨ ਹੁੰਦਾ ਅਰ ਭਾਰੀ ਪਦਾਰਥ ਭਵੇਂ ਬਗੈਰ ਆਕਾਸ਼ ਵਿੱਚ ਨਿਯਤਸਥਾਨ ਉੱਪਰਕਦੀ ਨਹੀਂ ਰਹਿ ਸਕਦਾ, ਅਰ ਜੋ ਜੈਨੀ ਕਹਿੰਦੇ ਹਨ ਕਿ ਪ੍ਰਿਥਿਵੀ ਭੌਂਦੀ ਨਹੀਂ ਕਿੰਤੂ ਹਿਠਾਂ ਹਿਠਾਂ ਚਲੀ ਜਾਂਦੀ ਹੈ ਅਰ ਦੋ ਸੂਰਯ ਅਰ ਦੋ ਚੰਦ੍ਰਮਾ ਜੰਬੂਦੀਪ ਵਿਚ ਹੈਗੇਨੇ, ਓਹ ਤਾਂ ਗਾਹੜੀ ਭੰਗ ਦੇ ਨਸ਼ੇ ਵਿਚ ਡੁੱਬੇ ਹੋਏ ਹਨ, ਕਿਉਂ ਜੋ ਹੇਠਾਂ ਹੇਠਾਂ ਚਲੀ ਜਾਂਦੀ ਤਾਂ ਚਵਾਂ ਪਾਸੇ ਹਵਾ ਦੇ ਚਕ੍ਰ ਨ ਬਨਨ ਕਰਕੇ ਪ੍ਰਿਥਿਵੀ ਛਿੰਨ ਭਿੰਨ ਹੁੰਦੀ, ਅਰ ਉਪਰਲੀ ਜਗਾ ਵਿਚ ਰਹਨ ਵਾਲਿਆਂ ਨੂੰ ਹਵਾ ਦਾ ਸਪਰਸ਼ ਨ ਹੁੰਦਾ, ਹੇਠਾਂ ਵਾਲਿਆਂ ਨੂੰ ਵਧੀਕ ਹੁੰਦਾ, ਅਰ ਇਕੋ ਜਹੀ ਹਵਾ ਦੀ ਗਤੀ ਹੁੰਦੀ, ਜੇ ਦੋ ਸੂਰਯ ਅਰ ਚੰਦ੍ਰਮਾ ਹੁੰਦੇ ਤਾਂ ਰਾਤ ਅਰ ਕ੍ਰਿਸ਼ਣ ਪਖ਼ਛ ਦਾ ਹੋਨਾ ਹੀ ਟੁੱਟ ਫੁੱਟ ਜਾਂਦਾ ਏਸ ਲਈ ਇਕ ਜ਼ਮੀਨ ਦੇ ਕੋਲ ਇਕ ਚੰਦ੍ਰਮਾ ਅਰ ਅਨੇਕ ਜ਼ਮੀਨਾਂ ਦੇ ਵਿਚ ਇਕ ਸੂਰਯ ਰਹਿੰਦਾ ਹੈ॥

(ਪ੍ਰਸ਼ਨ) ਸੂਰਯ, ਚੰਦ੍ਰਮਾ ਅਰ ਤਾਰੇ ਕੀ ਵਸਤੂ ਹਨ ਅਰ ਉਨ੍ਹਾਂ ਵਿਚ ਮਨੁਸ਼ ਆਦੀ ਦੀ ਸ੍ਰਿਸ਼ਟੀ ਹੈ ਕਿ ਨਹੀਂ ?

(ਉੱਤਰ)ਇਹ ਸਭੇ ਭੂਗੋਲ ਲੋਕ ਅਰ ਇਨਾਂ ਵਿੱਚ ਮਨੁਸ਼ ਆਦੀ ਪ੍ਰਜਾ ਭੀ ਰਹਿੰਦੀ ਹੈ ਕਿਉਂਕਿ:–

ਏਤੇਸ਼ੁ ਹੀਦਗੁਅੰ ਸਰਵੰਵਸੁਹਿਤਮੌਤੇ ਹੀਦਗੁਅੰਸ-ਰਵੰਵਾਸਯੰਤੇ ਤਦਜਦਿਦਗੁਅੰ ਸਰਵੰਵਾਸ੍ਯਯੰਤੇ ਤਸ੍ਮਾ-ਦ੍ਵਸਵ ਇਤਿ॥ ਸ਼ਤਪਥ ਕਾਂਡ ੧੪। ਪ੍ਰਪਾ੦ ੬। ਬ੍ਰਾ੦ ੭। ਕੰਡਿਕਾ ੪॥

ਪ੍ਰਿਥਿਵੀ, ਜਲ, ਅਗਨੀ, ਹਵਾ, ਆਕਾਸ਼, ਚੰਦਮਾ, ਤਾਰੇ, ਅਰ ਸੂਰਯ

ਇਨ੍ਹਾਂ ਦਾ ਵਸੂ ਨਾਉਂ ਏਸ ਲਈ ਹੈ ਕਿ ਇਨ੍ਹਾਂ ਦੇ ਵਿੱਚ ਸਬ ਪਦਾਰਥ ਅਰ ਪ੍ਰਜਾ ਵਸਦੀਆਂ ਹਨ ਅਰ ਇਹ ਹੀ ਸਬ ਨੂੰ ਵਸਾਂਦੇ ਹਨ, ਜਿਸ ਕਰਕੇ ਨਿਵਾਸ ਕਰਨੇ ਦੇ ਘਰ ਹਨ ਏਸ ਕਰਕੇ ਇਨਾਂ ਦਾ ਨਾਉਂ ਵਸੂ ਹੈ ਜਦ ਸੂਰਯ ਚੰਦ੍ਰਮਾ ਅਰ ਤਾਰੇ ਭੀ ਜ਼ਮੀਨ ਵਾਙਣ ਵਸੂ ਹਨ ਤਾਂ ਫੇਰ ਇਨਾਂ ਵਿਚ ਇਸੇ ਪ੍ਰਕਾਰ ਵੱਸੋਂ ਦੇ ਹੋਨ ਵਿਚ ਸੰਦੇਹ ਕੀ ਹੈ ?ਅਰ ਜਿਸਤਰਾਂ ਪਰਮੇਸ਼੍ਵਰ ਦੀ ਇਹ ਛੋਟੀ ਜਹੀ ਦੁਨੀਆਂ ਮਨੁਸ਼ ਆਦੀ ਦੀ ਸ੍ਰਿਸ਼ਟੀ ਨਾਲ ਭਰਪੂਰ ਹੈ ਤਾਂ ਕੀਇਹ ਸਾਰੇ ਲੋਕ ਸ਼ੂਨਯ ਹੋਨਗੇ ? ਪਰਮੇਸ਼੍ਵਰ ਦਾ ਕੋਈ ਭੀ ਕੰਮ ਨਿਸ਼ਪ੍ਰਯੋਜਨ ਨਹੀਂ ਹੁੰਦਾ, ਤਾਂ ਕੀ ਇੰਨੇ ਅਸੰਖ ਲੋਕਾਂ ਵਿਚ ਮਨੁਸ਼ ਆਦੀ ਸ੍ਰਿਸ਼ਟੀ ਨ ਹੋਵੇ ਤਾਂ ਈਸ਼੍ਵਰ ਦਾ ਕੰਮ ਸਫਲ ਕਦੀ ਹੋ ਸਕਦਾ ਹੈ ? ਏਸ ਲਈ ਸਬ ਜਗਾ ਮਨੁਸ਼ ਆਦੀ ਦੀ ਸ੍ਰਿਸ਼ਟੀ ਹੈ ॥

(ਪ੍ਰਸ਼ਨ) ਜਿਸਤਰਾਂ ਏਸ ਦੇਸ਼ ਵਿਚ ਮਨੁਸ਼ ਆਦੀ ਸ੍ਰਿਸ਼ਟੀ ਦੀ ਸ਼ਕਲ ਅਰ ਅਵੈਵ ਹਨ ਉਸੇ ਤਰਾਂ ਹੋਰ ਲੋਕਾਂ ਵਿਚ ਹੋਨਗੇ ਯਾ ਏਸਤੋਂ ਉਲਟ?

(ਉੱਤਰ)ਕੁਝ ਕੁਝ ਸ਼ਕਲ ਵਿੱਚ ਭੇਦ ਹੋਨਾ ਸੰਭਵ ਹੈ,ਜਿਸਤਰਾਂ ਏਸ ਪ੍ਰਿਥਿਵੀ ਉੱਤੇ ਚੀਨੀ, ਹਬਸ਼ੀ, ਅਰ ਆਰਯਾਵਰਤ ਅਰ ਯੂਰਪ ਵਾਲਿਆਂ ਦੇ ਅੰਗ ਅਰ ਰੰਗ, ਰੂਪ ਅਰ ਸ਼ਕਲ ਵਿਚ ਥੋੜਾ ਥੋੜਾ ਭੇਦ ਹੁੰਦਾ ਹੈ ਉਸੇਤਰਾਂ ਲੋਕ ਲੋਕਾਂਤਰਾਂ ਵਿਚ ਭੀ ਭੇਦ ਹੁੰਦਾ ਹੈ, ਪਰੰਤੂ ਜਿਸ ਜਾਤੀ ਦੀਜੇਹੋਜਹੀ ਸ੍ਰਿਸ਼ਟੀ ਏਸ ਦੁਨੀਆਂ ਵਿਚ ਹੈ ਉਹੋ ਜਿਹੀ ਜਾਤੀ ਦੀ ਸ੍ਰਿਸ਼ਟੀ ਹੋਰਨਾਂ ਲੋਕਾਂ ਵਿਚ ਭੀ ਹੈ ਸ਼ਰੀਰ ਦੀ ਜਿਹੜੀ ਜੇਹੜੀ ਥਾਂ ਵਿਚ ਨੇਤ੍ਰ ਆਦੀ ਅੰਗ ਹਨ ਉਸੇ ਉਸੇ ਥਾਂ ਵਿਚਹੋਰਨਾਂ ਲੋਕਾਂ ਵਿਚ ਭੀ ਉਸੇ ਜਾਤੀ ਦੇ ਅਵੈਵ ਭੀ ਓਹੋ ਜਹੇ ਹੁੰਦੇ ਹਨ ਕਿਉਕਿ:–

सूरयाचंद्रमसौ धाता यथापूर्वमकल्पयत ।
दिवं च पृथिवीं चांतरिक्षमथो सूः॥

ऋगवेद । मंडल १०। सूकत १९० ॥

(धाता) ਪਰਮੇਸ਼੍ਵਰ ਨੇ ਜਿਸ ਪ੍ਰਕਾਰ ਦੇ ਸੂਰਯ, ਚੰਦ੍ਰਮਾ,ਦ੍ਯੌ, ਜ਼ਮੀਨ, ਆਕਾਸ਼ ਅਰ ਉਨ੍ਹਾਂ ਦੇਅੰਦਰ ਸੁਖ ਭੋਗਨ ਦੇ ਪਦਾਰਥਾਂ ਨੂੰ ਪਿਛਲੇ ਕਲਪ ਵਿਚ ਰਚਿਆ ਸੀ ਉਹੋ ਜਿਹੇ ਹੀ ਏਸ ਅਲਪ ਅਰਬਾਂ ਇਸ ਸ੍ਰਿਸ਼ਟੀ ਵਿੱਚ ਭੀ ਰਚੇ ਹਨ, ਤਥਾ ਸਭਨਾਂ ਲੋਕ ਲੋਕਾਂਤਰਾਂ ਵਿਚ ਭੀ ਬਨਾਏ ਹਨ, ਭੇਦ ਜ਼ਰਾ ਭੀ ਨਹੀਂ ਹੁੰਦਾ ॥

(ਪ੍ਰਸ਼ਨ)ਜਿਨ੍ਹਾਂ ਵੇਦਾਂ ਦਾ ਏਸ ਲੋਕ ਵਿੱਚ ਪ੍ਰਕਾਸ਼ ਹੈ ਉਨ੍ਹਾਂ ਦਾ ਹੀ ਲੋਕਾਂ ਵਿਚ ਭੀ ਪ੍ਰਕਾਸ਼ ਹੈ ਯਾ ਨਹੀਂ ?

ਉਨ੍ਹਾਂ ਲ(ਉੱਤਰ) ਉਨ੍ਹਾਂ ਦਾ ਹੀ ਹੈ, ਜਿਸਤਰਾਂ ਇੱਕ ਰਾਜਾ ਦੀ ਰਜਵਸਭਾ

ਨੀਤੀ ਸਭਨਾਂ ਦੇਸ਼ਾਂ ਵਿਚ ਸਮਾਨ ਹੁੰਦੀ ਹੈ, ਉੱਸੇ ਤਰਾਂ ਪਰਮੇਸ਼ੁਰ ਰਾਜਰਾਜੇਸ਼ੁਰ ਦੀ ਵੇਦ ਕਰਕੇ ਕਹੀ ਹੋਈ ਨੀਤੀ ਅਪਨੇ ਅਪਨੇ ਸ੍ਰਿਸ਼ਟੀ ਰੂਪੀ ਸਭ ਰਾਜ ਵਿੱਚ ਇੱਕੋ ਜੇਹੀ ਹੈ।

(ਪ੍ਰਸ਼ਨ)ਜਦ ਇਹ ਜੀਵ ਅਰ ਪ੍ਰਕ੍ਰਿਤੀ ਦੇ ਤੱਤ ਅਨਾਦੀ ਅਰ ਈਸ਼ੁਰ ਦੇ ਬਨਾਏ ਹੋਏ ਨਹੀਂ ਹਨ ਤਾਂ ਪਰਮੇਸ਼ੁਰ ਦਾ ਅਧਿਕਾਰ ਭੀ ਇਨ੍ਹਾਂ ਉੱਤੇ ਨਹੀਂ ਹੋਨਾ ਚਾਹੀਏ ਕਿਉਂਕਿ ਸਭ ਸ੍ਵਤੰਤ੍ਰ ਹੋਏ।

(ਉੱਤਰ) ਜੀਕਨ ਰਾਜਾ ਅਰ ਪ੍ਰਜਾ ਇੱਕੋ ਵੇਲੇ ਹੀ ਹੁੰਦੇ ਹਨ ਅਰ ਰਾਜਾ ਦੇ ਅਧੀਨ ਪ੍ਰਜਾ ਹੁੰਦੀ ਹੈ, ਉਸ ਤਰਾਂ ਪਰਮੇਸ਼ੁਰ ਦੇ ਅਧੀਨ ਜੀਵ ਅਰ ਜੜ ਪਦਾਰਥ ਹਨ। ਜਦ ਪਰਮੇਸ਼ੁਰ ਸਭ ਸ੍ਰਿਸ਼ਟੀ ਦਾ ਬਨਾਨ ਅਰ ਜੀਵਾਂ ਦੇ ਕਰਮ ਫਲਾਂ ਦਾ ਦੇਨ ਵਾਲਾ, ਸਭ ਦੀ ਠੀਕ ਠੀਕ ਰਖਛਾ ਕਰਨ ਵਾਲਾ, ਅਰ ਅਨੰਤ ਸਾਮਰਥ ਵਾਲਾ ਹੈ ਤਾਂ ਅਲਪ ਸਾਮਰਥ ਵਾਲੇ ਜੀਵ ਅਰ ਜੜ ਪਦਾਰਥ ਉਸਦੇ ਅਧੀਨ ਕਿਉਂ ਨ ਹੋਨ? ਏਸ ਲਈ ਜੀਵ ਕਰਮ ਕਰਨ ਵਿਚ ਸ੍ਵਤੰਤ੍ਰ,ਪਰੰਤੂ ਕਰਮਾਂ ਦੇ ਫਲ ਭੋਗਨ ਵਿਚ ਈਸ਼ੁਰ ਦੀ ਵਜਵਸਥਾ ਵਿਚ ਪਰਤੰਤ੍ਰ ਹਨ, ਇਸੇ ਤਰਾਂ ਸਰਵਸ਼ਕਤੀਮਾਨ ਪਰਮੇਸ਼ੁਰ ਉਤਪੱਤੀ,, ਪ੍ਰਲਯ, ਅਰ ਪਾਲਨਾ ਕਰਨੇ ਵਾਲਾ ਅਰ ਸਾਰੇ ਸੰਸਾਰ ਦਾ ਬਨਾਨ ਵਾਲਾ ਹੈ।

ਏਸਤੋਂ ਅਗੇ ਵਿਦ੍ਯਾ, ਅਵਿਦ੍ਯਾ,ਬੰਧ ਅਰ ਮੁਕਤੀ ਦੇ ਵਿਸ਼ਯ ਵਿਚ ਲਿਖਨ ਜਾਵੇਗਾ।

———o———

ਇਤਿ ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮੀਕ੍ਰਿਤੇ ਸਤ੍ਯਾਰਥਪ੍ਰਕਾਸ਼ੇ
ਸੁਭਾਸ਼ਾਵਿਭੂਸ਼ਿਤੇ ਸ੍ਰਿਸ਼ਟ੍ਯੁੱਤਪੱਤ੍ਯਾਦਿਸਥਿਤਿਪ੍ਰਲਯ
ਵਿਸ਼ਯੇ ਅਸ਼ਟਮਃ ਸਮੁੱਲਾਸਃ ਸੰਪੂਰਣਃ ॥੮॥

——o——

ਸ਼੍ਰੀ ਸੁਆਮੀਦਯਾਨੰਦਸਰਸ੍ਵਤੀਸ੍ਵਾਮੀ ਕ੍ਰਿਤ ਸਤ੍ਯਾਰਥਪ੍ਰਕਾਸ਼
ਸੁਭਾਸ਼ਾਭੂਸ਼ਿਤ ਦੇ ਸ੍ਰਿਸ਼ਟੀ ਉਤਪੱਤੀ ਸਥਿਤੀ ਪ੍ਰਲਯ
ਵਿਸ਼ਯ ਦਾ ਅੱਠਵਾਂਸਮੁੱਲਾਸ
ਸਮਾਪਤ ਹੋਇਆ ॥੮॥

ਨੌਵਾਂ ਸਮੁੱਲਾਸ

ਵਿਦਯਾ ਅਵਿਦਯਾ ਬੰਧ ਮੋਖਛ ਦੇ ਵਿਸ਼ੇ ਵਿਚ

—+ः✍ः+—

ਵਿਦਯਾਂ ਚਾਵਿਦਯਾਂ ਚ ਯਸਤਦ੍ਵੇਦੋਭਯਗੁਅੰ ਸਹ।
ਅਵਿਦਯਯਾ ਮ੍ਰਿਤਯੁੰ ਤੀਰਤ੍ਵਾ ਵਿਦਯਯਾਮ੍ਰਿਤਮਸ਼ਨੁਤੇ॥

ਯਜੁਰਵੇਦ ਅਧਯਾਯ ੪੦। ਮੰਤ੍ਰ ੧੪॥

ਜੇਹੜਾ ਮਨੁੱਸ਼ ਵਿਦਯਾ ਅਰ ਅਵਿਦਯਾ ਦੇ ਸ੍ਵਰੂਪ ਨੂੰ ਸੰਗਹੀ ਸੰਗ ਜਾਨਦਾ ਹੈ ਓਹ ਅਵਿਦਯਾ ਅਰਥਾਤ ਕਰਮ ਉਪਾਸਨਾ ਦ੍ਵਾਰਾ ਮੌਤ ਨੂੰ ਤਰਕੇ ਵਿਦਿਆ ਅਰਥਾਤ ਯਥਾਰਥ ਗਿਅਨ ਦੁਆਰਾ ਮੌਖਛ ਨੂੰ ਪ੍ਰਾਪਤ ਹੁੰਦਾ ਹੈ। ਅਵਿਦਯਾ ਦਾ ਲਖਛਣ:—

ਅਨਿਤਯਾਸ਼ੁਚਿਦੁਃਖਾਨਾਤਮਸੁਨਿਤਯਸ਼ੁਚਿਸੁਖਾਤਮ-ਖਯਾਤਿਰਵਿਦਯਾ। ਪਾਤੰਜਲ ਦਰਸ਼ਨ ਸਾਧਨਪਾਦ ਸੂਤ੍ਰ ੫॥

ਏਹਯੋਗਸੂਤ੍ਰ ਦਾ ਵਚਨ ਹੈ ਜੋ ਅਨਿੱਤ ਸੰਸਾਰ ਅਰ ਦੇਹ ਆਦੀ ਵਿੱਚ ਨਿੱਤ ਅਰਥਾਤ ਜੋ ਕਾਰਯ ਜਗਤ ਵੇਖਿਆ ਸੁਨਿਆ ਜਾਂਦਾ ਹੈ ਸਦਾ ਰਹੇਗਾ, ਸਦਾ ਤੋਂ ਹੈ, ਅਰਯੋਗ ਬਲ ਕਰਕੇ ਏਹੋ ਦੇਵਾਂ ਦਾ ਸ਼ਰੀਰ ਸਦਾ ਰਹਿੰਦਾ ਹੈ ਉਹੋ ਜੇਹੀ ਉਲਟੀ ਬੁੱਧ ਹੋਨੀ ਅਵਿਦਿਆ ਦਾ ਪਹਲਾ ਭਾਗ ਹੈ। ਅਸ਼ੁਚੀ ਅਰਥਾਤ ਮਲਮੈ ਇਸਤ੍ਰੀਆਦੀਦੇ ਅਰ ਮਿਥਿਆ ਭਾਸ਼ਣ ਚੋਰੀ ਆਦੀ ਅਪਵਿਤ੍ਰ ਵਿਚ ਪਵਿਤ੍ਰ ਬੁੱਧੀ, ਦੂਜਾ ਅਤਸੰਤ ਵਿਸ਼ਯਸੇਵਨ ਰੂਪੀ ਦੁੱਖ ਵਿਚ ਸੁਖ ਬੁੱਧੀ ਆਦੀ, ਤੀਜਾ ਅਨਾਤਮਾ ਵਿਚ ਆਤਮ ਬੁੱਧੀ ਕਰਨਾ ਅਵਿਦਯਾ ਦਾ ਚੌਥਾ ਭਾਗ ਹੈ।

ਏਹ ਚਹੁੰ ਪ੍ਰਕਾਰਾਂ ਦਾ ਉਲਟਾ ਗਿਆਨ ਅਵਿਦਯਾ ਕਹਾਂਦੀ ਹੈ, ਏਸਤੋਂ ਉਲਟ ਅਰਥਾਤ ਅਨਿੱਤਵਿਚ ਅਨਿੱਤ, ਅਰ ਨਿੱਤਵਿਚਨਿੱਤ, ਅਪਵਿਤ੍ਰ ਵਿਚ ਅਪਵਿਤ੍ਰ, ਅਰ ਪਵਿਤ੍ਰ ਵਿਚ ਪਵਿਤ੍ਰ, ਦੁੱਖ ਵਿਚ ਦੁੱਖ, ਸੁਖ ਵਿਚ ਸੁਖ, ਅਨਾਤਮਾ ਵਿਚ ਅਨਾਤਮਾ, ਅਰ ਆਤਮਾ ਵਿਚ ਆਤਮਾ ਦਾ ਗਿਆਨ ਹੋਨਾ ਵਿਦਿਆ ਹੈ ਅਰਥਾਤ "ਵੇੱਤੀ ਯਥਾ ਵੱਤਤ੍ਵਪਦਾਰਥਸ੍ਵਰੂਪੰ ਯਯਾ ਸਾ ਵਿਦਯਾ। ਯਯਾ ਤਤ੍ਵਸ੍ਵਰੂਪੰ ਨ ਜਾਨਾਤਿ ਭ੍ਰਮਾਦਨਯਸਮਿਨੱਨਯੱਾਨਿਸ਼ਚਿਨੋਤਿ ਯਯਾ ਸਾ ਅਵਿਦਯਾ" ਜਿਸ ਕਰਕੇ ਪਦਾਰਥਾਂਦਾ ਯਥਾਰਥ ਸ੍ਵਰੂਪ ਬੋਧ ਹੋਵੇ ਓਹ ਵਿਦਯਾ, ਅਰ ਜਿਸ ਕਰਕੇ ਤਤ੍ਵ ਸ੍ਵਰੂਪ ਨਾ ਜਾਨ ਪਵੇ ਹੋਰ ਵਿਚ ਹੋਰ ਬੁੱਧੀ ਹੋਵੇ

ਓਭ ਅਵਿਦਜ਼ਾ ਕਹਾਂਦੀ ਹੈ,ਅਰਥਾਤ ਕਰਮ ਉਪਾਸਨਾ ਅਵਿਦਜ਼ਾਏਸ ਲਈਹੈ ਕਿ ਇਹ ਵਾਹਜ ਅਰ ਅੰਤਰਕ੍ਰਿਯਾ ਵਿਸ਼ੇਸ਼ ਦਾ ਨਾਮ ਹੈ ਗਜ਼ਾਨ ਵਿਸ਼ੇਸ਼ ਨਹੀਂ ਇਸੇ ਕਰਕੇ ਮੰਤ੍ਰ ਵਿਚ ਕਹਿਆ ਹੈ ਕਿ ਬਗੈਰ ਸ਼ੁੱਧ ਕਰਮ, ਅਰ ਪਰਮੇਸ਼ੁਰ ਦੀ ਉਪਾਸਨਾ ਦੇ ਮੌਤ ਦੇ ਦੁੱਖ ਤੋਂ ਪਾਰ ਕੋਈ ਨਹੀਂ ਹੁੰਦਾ ਅਰਥਾਤ ਪਵਿਤ੍ਰ ਕਰਮ, ਪਵਿਤ੍ਰ ਉਪਾਸਨਾ, ਅਰ ਪਵਿਤ੍ਰ ਗਿਆਨ ਕਰਕੇ ਮੁਕਤੀ, ਅਰ ਅਪਵਿਤ੍ਰ ਮਿਥਿਆ ਭਾਸ਼ਣ ਆਦੀ ਕਰਮ, ਪਾਸ਼ਾਣ ਮੂਰਤੀ ਆਦੀ ਦੀ ਉਪਾਸਨਾ ਅਰ ਮਿਥਜ਼ਾ ਗਜ਼ਾਨ ਥੀਂ ਬੰਧ ਹੁੰਦਾ ਹੈ,ਕੋਈ ਭੀ ਮਨੁੱਸ਼ ਛਿਨਮਾਤ੍ਰ ਭੀ ਕਰਮ ਉਪਾਸਨਾ ਅਰ ਗਿਆਨ ਥੀਂ ਰਹਿਤ ਨਹੀਂ ਹੁੰਦਾ,ਏਸ ਲਈਧਰਮ ਯੁਕਤ ਸਤ ਭਾਸ਼ਣ ਆਦੀ ਕਰਮ ਕਰਨਾ, ਅਤ ਮਿਥਿਆ ਭਾਸ਼ਣ ਆਦੀ ਅਧਰਮ ਨੂੰ ਛੱਡ ਦੇਨਾ ਹੀ ਮੁਕਤੀ ਦਾ ਸਾਧਨ ਹੈ॥

(ਪ੍ਰਸ਼ਨ)ਮੁਕਤੀ ਕਿਸ ਨੂੰ ਪ੍ਰਾਪਤ ਨਹੀਂ ਹੁੰਦੀ ?

(ਉੱਤਰ) ਜੇਹੜਾ ਬੱਧ ਹੈ।

(ਪ੍ਰਸ਼ਨ) ਬੱਧ ਕੌਨ ਹੈ ?

(ਉੱਤਰ) ਜੇਹੜਾ ਅਧਰਮ ਅਗਿਆਨ ਵਿਚ ਫਸਿਆ ਹੋਇਆ ਜੀਵ ਹੈ

(ਪ੍ਰਸ਼ਨ) ਬੰਧ ਅਰ ਮੋਖਛਸ੍ਵਭਾਵ ਥੀਂ ਹੁੰਦਾ ਹੈ ਵਾਨਿਮਿੱਤ ਕਰਕੇ ?

(ਉੱਤਰ) ਨਿਮਿੱਤ ਥੀਂ ਕਿਉਂਕਿ ਜੇ ਸ੍ਵਭਾਵ ਥੀਂ ਹੁੰਦਾ ਤਾਂ ਬੰਧ ਅਰ ਮੁਕਤੀ ਦੀ ਨਿਵ੍ਰਿੱਤੀ ਕਦੀ ਨਾ ਹੁੰਦੀ ॥ (ਪ੍ਰਸ਼ਨ) :—

ਨ ਨਿਰੋਧੋ ਨ ਚੋਤਪੱਤਿਰਨ ਬੱਧੋ ਨ ਚ ਸਾਧਕਃ ॥
ਨ ਮੁਮੁਖਛੁਰਨ ਵੈ ਮੁਕਤ ਇਤਜ਼ੇਸ਼ਾ ਪਰਮਾਰਥਤਾ ॥

ਗੌਜ਼ਪਾਦੀਯਕਾਰਿਕਾ ਪ੍ਰਪਾਠਕ ੨। ਕਾਰਿਕਾ ੩੨ ॥

ਏਹ ਸ਼ਲੋਕ ਮਾਂਡੂਕ੍ਯੋਪਨਿਸ਼ਦ ਉਤੇਹੈ ਜੀਵਬ੍ਰਹਮ ਹੋਨ ਕਰਕੇ ਸੱਚਮੁੱਚ ਜੀਵ ਦਾ ਨਿਰੋਧ ਅਰਥਾਤ ਨਾ ਕਦੀ ਆਵਰਣ ਵਿਚ ਆਇਆ, ਨਾ ਜਨਮ ਲੈਂਦਾ, ਨਾ ਬੰਧ ਹੈ, ਅਰ ਨਾ ਸਾਧਕ ਅਰਥਾਤ ਨਾ ਕੁਝ ਸਾਧਨਾਕਰਨੇ ਹਾਰਾ ਹੈ, ਨਾ ਛੁੱਟਨ ਦੀ ਇਛਿਆ ਕਰਦਾ, ਅਰ ਨਾ ਏਸਦੀ ਕਦੀ ਮੁਕਤੀ ਹੈ ਕਿਉਂ ਕਿ ਜਦ ਪਰਮਾਰਥ ਥੀਂ ਬੰਧ ਹੀ ਨਹੀਂ ਹੋਇਆ ਤਾਂ ਮੁਕਤੀ ਕੀ ?

(ਉੱਤਰ) ਏਹ ਨਵੀਨ ਵੇਦਾਂਤੀਆਂ ਦਾ ਕਹਿਨਾ ਸੱਚ ਨਹੀਂ ਕਿਉਂਕਿ ਜੀਵਦਾ ਸ੍ਵਰੂਪ ਅਲਪ ਹੋਨ ਕਰਕੇ ਆਵਰਣ ਵਿਚ ਆਂਵਦਾ, ਸ਼ਰੀਰ ਦੇ ਨਾਲ ਪ੍ਰਗਟ ਹੋਨਾ ਰੂਪੀ ਜ਼ਨਮ ਲੈਂਦਾ, ਪਾਪ ਰੂਪੀ ਕਰਮਾਂਦੇ ਫਲ ਭੋਗਰੂਪੀ ਬੰਧਨ ਵਿਚ ਫਸਦਾ, ਉਸਨੂੰ ਛੁਡਾਨ ਦਾ ਸਾਧਨ ਕਰਦਾ, ਦੁੱਖ ਤੋਂ ਛੁੱਟਨਦੀ ਇਛਿਆ ਕਰਦਾ, ਅਰ ਦੁਖਾਂ ਥੀਂ ਛੁੱਟਕੇ ਪਰਮਾਨੰਦ ਖਰਮੇਸ਼ੁਰ ਨੂੰ ਪ੍ਰਾਪਤ ਹੋਕੇ ਮੁਕਤੀ ਨੂੰ ਭੀ ਭੋਗਦਾ ਹੈ॥

(प्रश्न) ऐह सब धरम देह अर अंतहकरणदे हन जीव दे नहीं, किउंकि जीव तां पाप पुंन तों रहित साखछी मात्र है। सरदी गरमी आदी शरीर आदीदे धरम हन, आतमा निरलेप है ॥

(उत्तर) देह अर अंतहकरण जड़ हन उनां नूं सरदी गरमी दी प्रापती अर भोग नहीं है। जेहड़ा चैतन मनुश आदी प्राणी उसनूं सपरश करदा है उसेनूं सरदी गरमी दा भान अर भोग हुंदा है। उस तरां प्राण भी जड़ हन, ना उनां नूं भुख ना तेह, किंतू प्राण वालेजीव नूं भुख तेह लगदी है उसेतरा मनभी जड़ है ना उसनूं हरश, ना शोक हो सकदा है। किंतू मन दारा हरश शोक दुख सुख दा भोग जीव करदा है, जिसतरां वहिशकरण शोत्र आदी इंदीआं थीं अछे बुरे शबद आदी विशिआं दा गरहण करके जीव सुखी दुखी हुंदा है, उसेतरां अंतहकरण अरथात मन, बुधि, चित अहंकार थीं संकलप, विकलप, निशचे, सिमरण अर अभिमान दा करन वाला दंड अर मानदा भागी हुंदा है. जिसतरां तलवार थीं मारनेवाला दंडदे जोग हुंदा है, तलवार नहीं हुंदी, उसेतरां देह इंदीआं अंतहकरण अर प्राणरूपी साधनां थीं चंगे बुरे केमां दा करनवाला जीव सुख दुख दा भुगन वाला है, जीव करमां दा साखछी नहीं किंतू करता भोगता है, करमां दा साखछीतां इक अदवितीय परमेशूर है। जो करम करने वाला जीवहै उहोहीकरमां विच लिपत हुंदा है, ओह जीव साखछी नहीं ॥

(प्रश्न) जीव बरहम दा प्रतिबिंब है जिसतरां शीशे दे टुटन भजन नाल बिंबदी कुश हानी नहीं हुंदी, इसेतरां अंतहकरण विच बरहम दा प्रतीबिंब जीव तद तक है कि जद तक ओह अंतहकरण उपाधी है, जद अंतहकरण नशट होगिआ तद जीव मुकत है ॥

(उत्तर) ऐह बालपने दी गॱल है किउं कि प्रतीबिंब साकार दा साकार विच हुंदा है, जीकन मुंह अर शीशा आकार वाले हन अर वखरे भी हन, जे वखरे ना होन तांभी प्रतीबिंब नहीं होसकदा, बरहम दे निराकार सरव विअपक होंन करके उसदाप्रतोबिंब हो ही नहींसकदा

(प्रश्न) वेखो डुंघे निरमल जल विच निराकार अर विअपक आकाश दा प्रतीबिंब पैंदा है, इसेतरां निरमल अंतहकरण विचपरमेशूरदा आभास है। ऐस लई ऐसनूं चिदाभास कहिंदे हन ॥

(उत्तर) ऐह बालबुॱधदा मिथिआ प्रलाप है, किउंकि आकाश दिशता नहीं तां उसनूं अॱख नाल कोई भी नहीं देख सकदा जद

ਆਕਾਸ਼ ਤੋਂ ਸਥੂਲ ਵਾਯੂ ਨੂੰ ਅੱਖ ਨਾਲ ਨਹੀਂ ਦੇਖ ਸਕਦਾ ਤਾਂ ਆਕਾਸ਼ ਨੂੰ ਕਿਉਂਕਰ ਵੇਖ ਸੱਕੇਗਾ ॥

(ਪ੍ਰਸ਼ਨ) ਏਹ ਜੇਹੜਾ ਉੱਪਰ ਵੱਲ ਨੀਲਾ ਅਰ ਧੁੰਧਲਾਪਨ ਨਜ਼ਰ ਆਂਵਦਾ ਹੈ ਓਹ ਆਕਾਸ਼ ਹੈ ਵਾ ਨਹੀਂ ?

(ਉੱਤਰ) ਨਹੀਂ ॥

(ਪ੍ਰਸ਼ਨ) ਤਾਂ ਓਹ ਕੀ ਹੈ ?

(ਉੱਤਰ) ਵਖੋ ਵਖਰੇ ਪ੍ਰਿਥਿਵੀ,ਜਲ,ਅਰ ਅਗਨੀ ਦੇਤ੍ਰਿਸਰੇਣੂ ਨਜ਼ਰ ਆਂਵਦੇ ਹਨ, ਉਸ ਵਿਚ ਜੋ ਨੀਲਾਪਨ ਨਜ਼ਰ ਆਂਵਦਾ ਹੈ ਓਹ ਵਧੀਕ ਜਲ ਹੈ ਜੇਹੜਾ ਵੱਸਦਾ ਹੈ, ਜੇਹੜਾ ਧੁੰਧਲਾਪਨ ਨਜ਼ਰ ਆਂਵਦਾ ਹੈ, ਓਹ ਪ੍ਰਿਥਿਵੀ ਥੀਂ ਧੂੜ ਉੱਡਕੇ ਹਵਾ ਵਿਚ ਭੌਂਦੀ ਹੈ ਓਹ ਨਜ਼ਰਆਉਂਦੀ ਹੈ ਅਰ ਉੱਸੇ ਦਾ ਪ੍ਰਤੀਬਿੰਬ ਜਲ ਵਾ ਸ਼ੀਸ਼ੇ ਵਿਚ ਨਜ਼ਰ ਆਉਂਦਾ ਹੈ ਆਕਾਸ਼ਦਾ ਕਦੀ ਨਹੀਂ ॥

(ਪ੍ਰਸ਼ਨ) ਜਿਸਤਰਾਂ ਘਟਾਕਾਸ਼, ਮਠਾਕਾਸ਼, ਮੇਘਾਕਾਸ਼ ਮਹਾਕਾਸ਼ ਦੇ ਭੇਦ ਵਿਹਾਰਵਿਚ ਹੁੰਦੇ ਹਨ,ਉਸੇਤਰਾਂ ਹੀ ਬ੍ਰਹਮਦੇ ਬ੍ਰਹਮਾਂਡ ਅਰ ਅੰਤਹਕਰਣ ਉਪਾਧੀਦੇ ਭੇਦ ਕਰਕੇ ਈਸ਼੍ਵਰ ਅਰ ਜੀਵ ਨਾਮ ਹੁੰਦਾ ਹੈ, ਜਦ ਘਟ ਆਦੀ ਨਸ਼ਟ ਹੋ ਜਾਂਦੇ ਹਨ ਤਦ ਮਹਾਕਾਸ਼ ਹੀ ਕਹਾਂਦਾ ਹੈ ॥

(ਉੱਤਰ) ਏਹ ਭੀ ਗੱਲ ਅਵਿਦਵਾਨਾਂ ਦੀ ਹੈ, ਕਿਉਂਕਿ ਆਕਾਸ਼ ਕਦੀ ਛਿੰਨ ਭਿੰਨ ਨਹੀਂ ਹੁੰਦਾ ਵਿਹਾਰ ਵਿਚ ਭੀ "ਘੜਾ ਲੈ ਆਓ" ਇਤਿਆਦੀ ਵਿਹਾਰ ਹੁੰਦੇ ਹਨ, ਕੋਈ ਨਹੀਂ ਕਹਿੰਦਾ ਕਿ ਘੜੇਦਾ ਆਕਾਸ਼ ਲੈ ਆਓ,ਏਸ ਲਈ ਏਹ ਬਾਤ ਠੀਕ ਨਹੀਂ ॥

(ਪ੍ਰਸ਼ਨ) ਜਿਸਤਰਾਂ ਸਮੁਦ੍ ਦੇ ਵਿਚ ਮੱਛੀ ਕੋੜੇ ਅਰ ਆਕਾਸ਼ ਦੇ ਵਿਚ ਪੰਛੀ ਆਦੀ ਉੱਡਦੇ ਹਨ ਉਸੇਤਰਾਂ ਚਿਦਾਕਾਸ਼ ਬ੍ਰਹਮ ਵਿਚ ਸਥ ਅੰਤਹ-ਕਰਣ ਭੌਂਦੇਹਨ ਓਹ ਆਪੋ ਤਾਂ ਜੜ ਹਨ ਪਰੰਤੂ ਸਰਵਵਿਆਪਕ ਪਰ-ਮੇਸ਼੍ਵਰ ਦੀ ਸੱਤਾ ਥੀਂ ਜਿਸਤਰਾਂ ਕਿ ਅੱਗ ਕਰਕੇ ਲੋਹਾ ਉੱਸੇਤਰਾਂ ਚੈਤਨ ਹੋ ਰਹੇ ਹਨ। ਜੀਕਨ ਓਹ ਚਲਦੇ ਫਿਰਦੇ ਅਰ ਆਕਾਸ਼ ਤਥਾ ਬ੍ਰਹਮ ਨਿਸ਼ਚਲ ਹਨ ਉੱਸੇ ਤਰਾਂ ਜੀਵਨੂੰ ਬ੍ਰਹਮ ਮੰਨਨ ਵਿਚ ਕੋਈ ਦੋਸ਼ ਨਹੀਂ ਆਉਂਦਾ ॥

(ਉੱਤਰ) ਏਹ ਭੀ ਤੁਹਾਡਾ ਦ੍ਰਿਸ਼ਟਾਂਤ ਸੱਚਾ ਨਹੀਂ ਕਿਉਂਕਿ ਜੋ ਸਰਵ ਵਿਆਪੀ ਬ੍ਰਹਮ ਅੰਤਹਕਰਣਾਂ ਵਿਚ ਪ੍ਰਕਾਸ਼ਮਾਨ ਹੋਕੇ ਜੀਵ ਹੁੰਦਾ ਹੈ ਤਾਂ ਸ-ਰਵੱਗ ਆਦੀ ਗੁਣ ਉਸ ਵਿਚ ਹੁੰਦੇ ਹਨ ਵਾ ਨਹੀਂ ? ਜੇ ਕਹੋ ਕਿ ਆਵਰਣ ਹੋਨ ਕਰਕੇ ਸਰਵੱਗਤਾ ਨਹੀਂ ਹੁੰਦੀ ਤਾਂ ਦੱਸੋ ਕਿ ਬ੍ਰਹਮ ਢੱਕਿਆ ਹੋਇਆ ਅਰ ਖੰਡਿਤ ਹੈ ਵਾ ਅਖੰਡਿਤ? ਜੇ ਆਖੋ ਕਿ ਅਖੰਡਿਤ ਹੈ ਤਾਂ ਵਿਚਕਾਰ ਕੋਈ ਭੀ ਪਰਦਾ ਨਹੀਂ ਸੁੱਟ ਸਕਦਾ ਜਦ ਪਰਦਾ ਨਹੀਂ ਤਾਂ ਸਰਵੱਗਤਾ ਕਿਉਂਨਹੀਂ? ਜੇ ਆਖੋ ਕਿ ਅਪਨੇ ਸ੍ਵਰੂਪ ਨੂੰ ਭੁੱਲਕੇ ਅੰਤਹਕਰਣ ਦੇ ਨਾਲ ਚਲਦਾ ਜੇਹਾ

है स्वरूप करके नहीं जद आपे नहीं चलदा भां अंतहकरण जिॅना जिॅना पहिले मिली होेई जगह छॅडदा अर अॅगे अॅगे जिॅथे जिॅथे खिसकदा जावेगा उथोें उथोें दा ब्रहम ब्रूमवाला अगिआनी हो जावेगा अर जिॅना जिॅना छुॅटदा जावेगा उथोें उथोें दा गिआनी पवित्र अर मुकत हुंदा जावेगा। इसे प्रकारसब थां सृिशटी दे ब्रहमनूॅ अंतहकरण विगाड़िआ करनगे अर बंध मुकती भी छिन छिन विच होेइआ करेगी, तुहाडे कहिन दे अनुसार जे एसतरां दा हुंदा भां किसे जीव नूॅ पहिलां वेखे सुने दी यादगीरी ना हुंदी किउंकि जिस ब्रहम ने वेखिआ ओह नहीं रहिआ एस लई ब्रहम जीव अर जीव ब्रहम इक कदी नहीं हुंदे, सदा वॅखो वखरे हन॥

(प्रशन) एह सब अधिआरोपमात्र है अरथात होर वसतू विच होर वसतू दा सथापन करना अधिआरोप कहांदा है। उॅसेतरां ब्रहम वसतू विच सब जगत अर एसदे विहार दा अधिआरोप करन नाल जिगासू नूॅ बोध कराना हुंदा है वासतव विच सब ब्रहम ही हन।

(प्रशन)अधिआरोप दा करन वाला कौन है?

(उॅतर) जीव।

(प्रशन) जीव किस नूॅ कहिंदे हन?

(उॅतर) अंतहकरणावछिंन चैतन नूॅ॥

(प्रशन) अंतहकरणावछिंन चैतन दूजा है वा उहो ब्रहम?

(उॅतर) उहो ब्रहम है॥

(प्रशन)भां की ब्रहम ही ने अपने विच जगत दी झूठी कलपन कर लीती?(उॅतर) होवे, ब्रहम दी एस करके की हानी॥

(प्रशन)·जेहड़ा मिथिआ कलपना करदा है कि ओह झूठा नहीं हुंदा?(उॅतर) नहीं,किउंकि जो मन बाणी करं कलपित वा किहा होेइआ है ओह सब झूठा है॥

(प्रशन)फेर मन बाणी करके झूठी कलपना करने अर मिथिआ बोलन वाला ब्रहम कलपित, अर मिथिआवादी होेइआ वा नहीं?

(उॅतर) होवे, सानूॅ अपनी गॅल सिॅध करनी है। वाहरे झूठे वेदांतीओ तुसां ने सत सवरूप. सतकाम, सतसंकलप, परमातमा नूॅ मिथिआचारी कर दिॅता, की इह तुहाडी दुरगती दा कारण नहीं है? केहड़ी उपनिशद, सूत्र वा वेद विच लिखिआ है कि परमेशर मिथिआ संकलप अर मिथिआवादी है जिसतरां किसे चोर ने कटवाल

ਨੂੰ ਦੰਡ ਦਿੱਤਾ ਅਰਥਾਤ "ਉਲਟਾ ਚੋਰ ਕਰਵਾਲ ਨੂੰ ਡਾਂਟੇ" ਏਸ ਕਹਾਨੀ ਵਰਗੀ ਤੁਹਾਡੀ ਬਾਤ ਹੋਈ ਏਹ ਤਾਂ ਬਾਤ ਉਚਿਤ ਹੈ ਕਿ ਕਟਵਾਲ ਚੋਰ ਨੂੰ ਦੰਡ ਦੇਵੇ,ਪਰੰਤੂ ਇਹ ਬਾਤ ਉਲਟੀ ਹੈ ਕਿ ਚੋਰ ਕਟਵਾਲ ਨੂੰ ਦੰਡ ਦੇਵੇ,ਉੱਸੇ ਤਰਾਂ ਤੁਸੀਂ ਮਿਥਿਆ ਸੰਕਲਪ ਅਰ ਮਿਥਿਆਵਾਦੀ ਹੋਕੇ ਉਹੋ ਅਪਨਾ ਦੋਸ਼ ਬ੍ਰਹਮ ਨੂੰ ਵਿਅਰਥ ਲਗਾਉਂਦੇ ਹੋ, ਜੇ ਬ੍ਰਹਮ ਮਿਥਿਆ ਗਿਆਨੀ, ਮਿਥਿਆ ਵਾਦੀ, ਮਿਥਿਆਕਾਰੀ ਹੋਵੇ ਤਾਂ ਸਥ ਅਨੰਤ ਬ੍ਰਹਮ ਉੱਸੇ ਤਰਾਂ ਦਾ ਹੀ ਹੋ ਜਾਵੇ, ਕਿਉਂਕਿ ਓਹ ਇੱਕ ਰਸ ਹੈ.ਸਤਸ੍ਵਰੂਪ, ਸਤਮਾਨੀ, ਸਤਵਾਦੀ, ਅਰ ਸਤਕਾਰੀ ਹੈ ਏਹ ਸਥ ਦੋਸ਼ ਤੁਹਾਡੇ ਹਨ ਬ੍ਰਹਮ ਦੇ ਨਹੀਂ, ਜਿਸ ਨੂੰ ਤੁਸੀਂ ਵਿਦਿਆ ਕਹਿੰਦੇ ਹੋ ਓਹ ਅਵਿਦਜਾ ਹੈ ਅਰ ਤੁਹਾਡਾ ਅਧਿਆਰੋਪ ਭੀ ਮਿਥਿਆ ਹੈ ਕਿਉਂਕਿ ਆਪ ਬ੍ਰਹਮ ਨਾ ਹੋਕੇ ਅਪਨੇ ਨੂੰ ਬ੍ਰਹਮ, ਅਰ ਬ੍ਰਹਮ ਨੂੰ ਜੀਵ ਮੰਨਨਾ ਏਹ ਮਿਥਿਆ ਗਿਆਨਨਹੀਂ ਤਾਂ ਕੀ ਹੈ? ਜੇਹੜਾ ਸਰਵਵਿਆਪਕ ਹੈ ਓਹ ਪਰੀਛਿੰਨ, ਅਗਿਆਨ ਅਰ ਬੰਧ ਵਿਚ ਕਦੀ ਨਹੀਂ ਭਿੱਗਦਾ, ਕਿਉਂਕਿ ਅਗਿਆਨ ਪਰੀਛਿੰਨ, ਇਕਦੇਸ਼ੀ, ਅਲਪ, ਅਲਪਗਜ ਜੀਵ ਹੁੰਦਾ ਹੈ ਸਰਵਗਜ, ਸਰਵਵਿਆਪੀ ਬ੍ਰਹਮ ਨਹੀਂ ॥

ਹੁਣ ਮੁਕਤੀ ਅਤੇ ਬੰਧ ਦਾ ਵਰਣਨ ਕਰਦੇ ਹਾਂ।

(ਪ੍ਰਸ਼ਨ)ਮੁਕਤੀ ਕਿਸ ਨੂੰ ਕਹਿੰਦੇ ਹਨ? (ਉੱਤਰ) "ਮੁੱਚੈਤਿ ਪ੍ਰਿਥਗ ਭਵੈਤਿ ਜਨਾ ਯਸਜਾਂ ਸਾ ਮੁਕਤਿਃ" ਜਿਸ ਵਿਚ ਛੁੱਟ ਜਾਨਾ ਹੋਵੇ ਉਸਦਾ ਨਾਉਂ ਮੁਕਤੀ ਹੈ।

(ਪ੍ਰਸ਼ਨ)ਕਿਸ ਕੋਲੋਂ ਛੁਟ ਜਾਨਾ ?

(ਉੱਤਰ) ਜਿਸਥੀਂ ਛੁਟਨੇ ਦੀ ਇੱਛਾ ਸਥ ਜੀਵ ਕਰਦੇ ਹਨ।

(ਪ੍ਰਸ਼ਨ)ਕਿਸਥੀਂ ਛੁੱਟਨੇ ਦੀ ਇੱਛਾ ਕਰਦੇ ਹਨ ?

(ਉੱਤਰ)ਜਿਸਥੀਂ ਛੁੱਟਨਾ ਚਾਹੁੰਦੇ ਹਨ।

(ਪ੍ਰਸ਼ਨ)ਕਿਸਥੀਂ ਛੁੱਟਨਾ ਚਾਹੁੰਦੇ ਹਨ ?

(ਉੱਤਰ) ਦੁੱਖ ਥੀਂ ॥

(ਪ੍ਰਸ਼ਨ)ਛੁਟਕੇ ਕਿਸ ਨੂੰ ਪ੍ਰਾਪਤ ਹੁੰਦੇ ਅਰ ਕਿੱਥੇ ਰਹਿੰਦੇ ਹਨ ?

(ਉੱਤਰ) ਸੁਖ ਨੂੰ ਪ੍ਰਾਪਤ ਹੁੰਦੇ ਅਰ ਬ੍ਰਹਮ ਵਿਚ ਰਹਿੰਦੇ ਹਨ ॥

(ਉੱਤਰ) ਮੁਕਤ ਅਰ ਬੰਧ ਕਿਨਾਂ ਕਿਨਾਂ ਬਾਤਾ ਕਰਕੇ ਹੁੰਦਾ ਹੈ ?

(ਉੱਤਰ)ਪਰਮੇਸ਼ੁਰ ਦੀ ਆਗਿਆ ਪਾਲਨੇ,ਅਧਰਮ, ਅਵਿਦਜਾਕੁਸੰਗ ਕੁਸੰਸਕਾਰ ਬੁਰੇ ਠਰਕਾਂ ਥੀਂ ਪਰੇ ਰਹਿਨੇ ਅਰ ਸੱਤ ਬੋਲਨੇ ਪਰਉਪਕਾਰ, ਵਿਦਜਾ, ਪਖਛਪਾਤ ਤੋਂ ਰਹਿਤ ਨਿਆਯ ਧਰਮ ਦੀ ਬ੍ਰਿੱਧੀ ਕਰਨੇ, ਉੱਪਰ ਕਹੇ ਹੋਏ ਪ੍ਰਕਾਰ ਕਰਕੇ ਪਰਮੇਸ਼ੁਰ ਦੀ ਉਸਤਤੀ, ਪ੍ਰਾਰਥਨਾ, ਉਪਾਸਨਾ

ਅਰਥਾਤ ਯੋਗਾਭਿਆਸ ਕਰਨੇ, ਵਿਦਯਾ ਪੜ੍ਹਾਨੇ,ਪੜ੍ਹਾਣੇ ਅਰ ਧਰਮ ਨਾਲ ਪੁਰੁਸ਼ਾਰਥ ਕਰਕੇ ਗਿਆਨ ਦੀ ਉੱਨਤੀ ਕਰਨੇ ਸਭ ਥੀਂ ਉੱਤਮ ਸਾਧਨਾਂ ਨੂੰ ਕਰਨੇ ਅਰ ਜੋ ਕੁਝ ਕਰੇ ਓਹ ਸਭ ਪਖਛਪਾਤ ਤੋਂ ਰਹਿਤ ਹੋਕੇ ਨਿਆਯਧਰਮ ਅਨੁਸਾਰ ਹੀ ਕਰੇ ਇਤਿਆਦੀ ਸਾਧਨਾਂ ਕਰਕੇ ਮੁਕਤੀ ਅਰ ਇਨ੍ਹਾਂਥੀਂ ਉਲਟ ਈਸ਼੍ਵਰ ਆਗਿਆ ਭੰਗ ਕਰਨੇ ਆਦੀ ਕੰਮਾਂ ਥੀਂ ਬੰਧ ਹੁੰਦਾ ਹੈ ॥

(ਪ੍ਰਸ਼ਨ)ਮੁਕਤੀ ਵਿਚ ਜੀਵਦਾ ਲੈ ਹੁੰਦਾ ਹੈ ਵਾ ਵਿਦਯਮਾਨ ਰਹਿੰਦਾ ਹੈ ।

(ਉੱਤਰ)ਵਿਦਯਮਾਨ ਰਹਿੰਦਾ ਹੈ ॥

(ਪ੍ਰਸ਼ਨ) ਕਿੱਥੇ ਰਹਿੰਦਾ ਹੈ ?

(ਉੱਤਰ) ਬ੍ਰਹਮ ਵਿਚ ॥

(ਪ੍ਰਸ਼ਨ)ਬ੍ਰਹਮ ਕਿੱਥੇ ਹੈ ਅਰ ਓਹ ਮੁਕਤ ਜੀਵ ਇਕ ਠਿਕਾਨੇ ਰਹਿੰਦਾ ਹੈ ਅਰ ਅਪਨੀ ਮਰਜ਼ੀ ਵਾਲਾ ਹੋਕੇ ਸਰਵਤ੍ਰ ਵਿਚਰਦਾ ਹੈ ?

(ਉੱਤਰ)ਜੋ ਬ੍ਰਹਮ ਸਰਵਤ੍ਰ ਪੂਰਣਹੈ ਉਸ ਵਿਚ ਮੁਕਤ ਜੀਵ ਅਵ੍ਯਾਹਤਗਤੀ ਅਰਥਾਤ ਉਸ ਨੂੰ ਕਦੇ ਰੋਕ ਨਹੀਂ, ਵਿਗਿਆਨ ਆਨੰਦ ਪੂਰਵਕ ਅਪਨੀ ਮਰਜ਼ੀ ਨਾਲ ਵਿਚਰਦਾ ਹੈ ॥

(ਪ੍ਰਸ਼ਨ) ਮੁਕਤ ਜੀਵ ਦਾ ਸਥੂਲ ਸ਼ਰੀਰ ਹੁੰਦਾ ਹੈ ਵਾ ਨਹੀਂ ?

(ਉੱਤਰ) ਨਹੀਂ ਰਹਿੰਦਾ ॥

(ਪ੍ਰਸ਼ਨ)ਫੇਰ ਓਹ ਸੁਖ ਅਰ ਆਨੰਦ ਭੋਗ ਕਿਸਤਰਾਂ ਕਰਦਾ ਹੈ ?

(ਉੱਤਰ)ਉਸ ਦੇ ਸਤਸੰਕਲਪ ਆਦੀ ਸ੍ਵਾਭਾਵਿਕ ਗੁਣ ਸਾਮਰਥ ਸਭ ਰਹਿੰਦੇ ਹਨ, ਭੌਤਿਕ ਸੰਗ ਨਹੀਂ ਰਹਿੰਦਾ, ਜਿਸ ਤਰਾਂ :—

ਸ਼ਿਣ੍ਵਨ ਸ਼੍ਰੋਤ੍ਰੰਭਵਤਿ, ਸਪਰਸ਼ਯਨ ਤ੍ਵਗਭਵਤਿ, ਪਸ਼ਯਨ ਚਖਛੁਰਭਵਤਿ, ਰਸਯਨ ਰਸਨਾ ਭਵਤਿ, ਜਿਘ੍ਰਨ ਘ੍ਰਾਣੰ ਭਵਤਿ, ਮਨ੍ਵਾਨੋਮਨੋ ਭਵਤਿ, ਏਧਯਨ ਬੁੱਧਿਰਭਵਤਿ । ਚੇਤਯੰਸ਼ਚਿੱਤੰਭਵਤਯਹੰਕੁਰਵਾਣੋ ਅਹੰਕਾਰੋ ਭਵਤਿ ॥ ਸ਼ਥਪਥ ਬ੍ਰਾਹਮਣ ਕਾਂਡ ੧੪ ॥

ਮੁਕਤੀ ਵਿਚ ਭੌਤਿਕ ਸ਼ਰੀਰ ਵਾ ਇੰਦ੍ਰੀਆਂ ਦੇ ਗੋਲਕ ਜੀਵਾਤਮਾ ਦੇ ਨਾਲ ਨਹੀਂ ਰਹਿੰਦੇ, ਕਿੰਤੂ ਅਪਨੇ ਸ੍ਵਾਭਾਵਿਕ ਸ਼ੁੱਧ ਗੁਣ ਰਹਿੰਦੇ ਹਨ, ਜਦ ਸੁਨਨਾ ਚਾਹੁੰਦਾ ਹੈ ਤਦ ਕੰਨ, ਸਪਰਸ਼ ਕਰਨਾ ਚਾਹੁੰਦਾ ਹੈ, ਤਦ ਖਲੜੀ, ਵੇਖਨ ਦੇ ਸੰਕਲਪ ਕਰਕੇ ਅੱਖਾਂ, ਸ੍ਵਾਦ ਦੇ ਵਾਸਤੇ ਜ਼ਬਾਨ, ਗੰਧ ਦੇ ਵਾਸਤੇ ਨੱਕ, ਸੰਕਲਪ ਵਿਕਲਪ ਕਰਨ ਦੇ ਸਮੇ ਮਨ, ਨਿਸ਼ਚੇ ਕਰਨ ਦੇ ਸਮੇਂ

ਬੁੱਧੀ,ਯਾਦ ਕਰਨਦੇ ਲਈ ਚਿੱਤ,ਅਰ ਅਹੰਕਾਰ ਦੇ ਅਰਥ ਅਹੰਕਾਰ ਰੂਪ,ਅਪਨੀਸ਼ਕਤੀ ਵਾਲਾ ਜੀਵਾਤਮਾ ਮੁਕਤੀ ਵਿਚ ਹੋਜਾਂਦਾ ਹੈ,ਅਰ ਸੰਕਲਪ ਮਾਤ੍ਰ ਸ਼ਰੀਰ ਹੁੰਦਾ ਹੈ, ਜਿਸ ਤਰਾਂ ਸ਼ਰੀਰ ਦੇ ਆਸ਼ਰੇ ਰਹਿਕੇ ਇੰਦ੍ਰੀਆਂ ਦੇ ਗੋਲਕ ਦ੍ਵਾਰਾ ਜੀਵ ਅਪਨਾ ਕਾਰਯ ਕਰਦਾ ਹੈ ਉੱਸੇ ਤਰਾਂ ਅਪਨੀ ਸ਼ਕਤੀ ਨਾਲ ਮੁਕਤੀ ਵਿਚ ਸਬ ਆਨੰਦ ਭੋਗ ਲੈਂਦਾ ਹੈ॥

(ਪ੍ਰਸ਼ਨ) ਉਸਦੀ ਸ਼ਕਤੀ ਕਿੱਨੇ ਪ੍ਰਕਾਰ ਦੀ ਅਰ ਕਿੱਨੀ ਹੈ ?

(ਉੱਤ੍ਰਰ) ਮੁੱਖ ਇਕ ਪ੍ਰਕਾਰ ਦੀ ਸ਼ਕਤੀ ਹੈ, ਪਰੰਤੂ ਬਲ, ਪਰਾਕ੍ਰਮ, ਆਕਰਸ਼ਣ, ਪ੍ਰੇਰਣਾ,ਗਤੀ, ਭੀਸ਼ਣ ਵਿਵੇਚਨ, ਕ੍ਰਿਆ, ਉਤਸਾਹ, ਸਮਰਣ, ਨਿਸ਼ਚਾ, ਇੱਛਾ, ਪ੍ਰੇਮ, ਦ੍ਵੇਸ਼, ਸੰਯੋਗ, ਵਿਭਾਗ, ਸੰਯੋਜਕ, ਵਿਭਾਜਕ, ਸ਼੍ਰਵਣ, ਸਪਰਸ਼ਣ,ਦਰਸ਼ਨ, ਸ੍ਵਾਦਨ, ਅਰ ਗੰਧ ਗ੍ਰਹਣ ਤਥਾਗਿਆਨ, ਇਨਾਂ ਚੌਂਹੀ ਪ੍ਰਕਾਰ ਦੀ ਸਾਮਰਥ ਯੁਕਤ ਜੀਵ ਹੈ ਏਸ ਥੀਂ ਮੁਕਤੀ ਵਿਚ ਭੀ ਆਨੰਦ ਦੀ ਪ੍ਰਾਪਤੀ ਭੋਗ ਕਰਦਾ ਹੈ, ਜੇ ਮੁਕਤੀ ਵਿਚ ਜੀਵ ਦਾ ਲੈ ਹੁੰਦਾ ਤਾਂ ਮੁਕਤੀ ਦਾ ਸੁਖ ਕੌਨ ਭੋਗਦਾ ਅਰ ਜੇਹੜੇ ਜੀਵ ਦੇ ਨਾਸ਼ ਨੂੰ ਹੀ ਮੁਕਤੀ ਸਮਝਦੇ ਹਨ ਓਹ ਤਾਂ ਮਹਾਂ ਮੂੜ੍ਹ ਹਨ, ਕਿਉਂਕਿ ਮੁਕਤੀ ਜੀਵ ਦੀ ਏਹ ਹੈ ਕਿ ਦੁੱਖਾਂ ਤੋਂ ਛੁੱਟਕੇ ਆਨੰਦ ਸਰੂਪ ਸਰਵਵਿਆਪਕ, ਅਨੰਤ ਪਰਮੇਸ਼੍ਵਰ ਵਿਚ ਜੀਵਦਾ ਆਨੰਦ ਵਿਚ ਰਹਿਨਾ, ਵੇਖੋ ਵੇਦਾਂਤ ਸ਼ਾਰੀਰਕ ਸੂਤ੍ਰਾਂ ਵਿਚ :–

ਅਭਾਵੰ ਵਾਦਰਿਰਾਹ ਹਜੈਵਮ ॥ ਵੇਦਾਂਤਦਰਸ਼ਨ ੪। ੪। ੧੦॥

ਜੋਵਾਦਰੀ ਵਿਆਸ ਜੀਦੇ ਪਿਤਾ ਹਨ ਓਹ ਮੁਕਤੀ ਵਿਚ ਜੀਵਦਾ ਅਰ ਉਸ ਦੇ ਨਾਲ ਮਨਦਾ ਭਾਵ ਮੰਨਦੇ ਹਨ ਅਰਥਾਤ ਜੀਵ ਅਰ ਮਨ ਦਾ ਲੈ ਪਰਾਸ਼ਰ ਜੀ ਨਹੀਂ ਮੰਨਦੇ ਉਸੇ ਤਰਾਂ:—

ਭਾਵੰ ਜੈਮਿਨਿਰਵਿਕਲਪਾਮਨਨਾਤ ॥ ਵੇਦਾਂਤਦਃ ੪।੪।੧੧॥

ਅਰ ਜੈਮੁਨੀ ਆਚਾਰਯ ਮੁਕਤ ਪੁਰੁਸ਼ ਦਾ ਮਨ ਦੇ ਸਮਾਨ ਸੂਖਛਮਸ਼ਰੀਰ ਇੰਦ੍ਰੀਆਂ ਅਰ ਪ੍ਰਾਣ ਆਦੀ ਨੂੰ ਭੀ ਵਿਦਜਮਾਨ ਮੰਨਦੇ ਹਨ ਅਭਾਵ ਨਹੀਂ:—

ਦ੍ਵਾਦਸ਼ਾਹਵਦੁਭਯਵਿਧੰ ਵਾਦਰਾਯਣੋਅਤਃ ॥ਵੇਃ ੪।੪।੧੨।

ਵਿਆਸਮੁਨੀ ਮੁਕਤੀ ਵਿਚ ਭਾਵ ਅਰ ਅਭਾਵ, ਇਨਾਂ ਦੋਹਾਂ ਨੂੰ ਮੰਨਦੇ ਹਨ ਅਰਥਾਤ ਸ਼ੁੱਧ ਸਾਮਰਥ ਕਰਕੇ ਯੁਕਤ ਜੀਵ ਮੁਕਤੀ ਵਿਚ ਬਨਿਆ ਰਹਿੰਦਾ ਹੈ। ਅਪਵਿਤ੍ਰਤਾ, ਪਾਪਾਚਰਣ, ਦੁਖ, ਅਗਿਆਨ ਆਦੀ ਦਾ ਅਭਾਵ ਮੰਨਦੇ ਹਨ ?

ਯਦਾ ਪੰਚਾਵਤਿਸ਼ਠੰਤੇ ਜਞਾਨਾਨਿ ਮਨਸਾ ਸਹ ।

ਬੁੱਧਿਸ਼ਚ ਨ ਵਿਚੇਸ਼ਟਤੇ ਤਾਮਾਹੁ: ਪਰਮਾਂ ਗਤਿਮ ॥

ਕਠੋਪਨਿਸ਼ਦ ਅ: ੨ । ਵ: ੬ । ਮੰਤ੍ਰ ੧੦ ॥

ਜਦ ਸ਼ੁੱਧ ਮਨ ਯੁਕਤ ਪੰਜ ਗਿਆਨ ਇੰਦ੍ਰੀਆਂ ਜੀਵਦੇ ਨਾਲ ਰਹਿੰਦੀ-ਆਂ ਹਨ ਅਰ ਬੁੱਧਿਦਾ ਨਿਸ਼ਚੇ ਸਥਿਰ ਹੁੰਦਾ ਹੈ ਉਸ ਨੂੰ ਪਰਮਗਤੀ ਅਰਥਾਤ ਮੋਖਛ ਕਹਿੰਦੇ ਹਨ :—

ਯ ਆਤਮਾ ਅਪਹਤਪਾਪਮਾ ਵਿਜਰੋ ਵਿਮ੍ਰਿਤਜੁ-ਰਵਿਸ਼ੋਕੋਅਵਿਜਿਘਤਸੋਅਪਿਪਾਸ: ਸਤਜਕਾਮ: ਸਤਜ-ਸੰਕਲਪ: ਸੋ ਅਨ੍ਵੇਸ਼ਟਵਜ: ਸ ਵਿਜਿਜਵਾਸਿਤਵਜ: ਸਰਵਾਂਸ਼ਚ ਲੋਕਾਨਾਪਨੋਤਿ ਸਰਵਾਂਸ਼ਚ ਕਾਮਾਨ ਯਸਤਮਾਤਮਾਨਮਨੁਵਿਦਜ ਵਿਜਾਨਾਤੀਤਿ ॥

ਛਾਂਦੋਗਜਉਪਨਿਸ਼ਦ ਪ੍ਰਪਾਠਕ ੮ । ਖੰਡ ੭ । ਮੰਤ੍ਰ ੧ ॥

ਸ ਵਾ ਏਸ਼ ਏਤੇਨ ਦੈਵੇਨ ਚਖਛੁਸ਼ਾ ਮਨਸੈਤਾਨ ਕਾਮਾਨ ਪਸ਼ਜਨ ਰਮਤੇ । ਯ ਏਤੇ ਬ੍ਰਹਮਲੋਕੇਤੰ ਵਾ ਏਤੰ ਦੇਵਾ ਆਤਮਾਨਮੁਪਾਸਤੇ ਤਸਮੱਾਤੇਸ਼ਾਗੁਅੰ ਸਰਵੇ ਚ ਲੋਕਾ ਅੱਾਤਾ: ਸਰਵੇ ਚ ਕਾਮਾ: ਸ ਸਰਵਾਗੁਅੰਸ਼ਚਲੋਕਾ-ਨਾਪਨੋਤਿ ਸਰਵਾਗੁਅੰਸ਼ਚ ਕਾਮਾਨਜਸਤਮਾਤਮਾਨਮਨੁ ਵਿਦਜ ਵਿਜਾਨਾਤੀਤਿ ॥ਛਾਂਦੋ:ਪ੍ਰ:੮ ।ਖੰਡ ੧੨ ।ਮੰਤ੍ਰ ੫।੬ ।

ਮਘਵਨਮਰਤਜਵਾਇਦਗੁਅੰਸ਼ਰੀਰਮੱਾਤੰਮ੍ਰਿਤਜੁਨਾ ਤਦਸਜਾਮ੍ਰਿਤਸਜਾਸ਼ਰੀਰਸਜਾਤਮਨੋਧਿਸ਼ਠਾਨਮੱਾਤੋ ਵੈ ਸਸ਼ਰੀਰ: ਪ੍ਰਿਯਾਪ੍ਰਿਯਾਭਜਾਂ ਨ ਵੈ ਸਸ਼ਰੀਰਸਜ ਸਤ: ਪ੍ਰਿਯਾਪ੍ਰਿਯਯੋਰਪਹਤਿਰਸਤਜਸ਼ਰੀਰੰ ਵਵਸੰਤੰ ਨ ਪ੍ਰਿਯਾਪ੍ਰਿਯੇ ਸਪ੍ਰਿਸ਼ਤ: ॥ਛਾਂਦੋ: ਪ੍ਰ:੮ । ਖੰਡ ੧੨ । ਮੰਤ੍ਰ ੧ ॥

ਜੋ ਪਰਮਾਤਮਾ 'ਅਪਹਤਪਾਪਮਾ' ਸਬ ਪਾਪਾਂ, ਬੁਢੇਪਾ, ਮੌਤ, ਸ਼ੋਕ, ਭੁੱਖ, ਤੇਹ ਥੀਂ ਰਹਿਤ, ਸੱਤਕਾਮ, ਸੱਤਸੰਕਲਪ ਹੈ ਉਸਦੀ ਖੋਜ ਅਰ ਉਸ ਦੀ ਜਾਨਨ ਦੀ ਇੱਛਾ ਕਰਨੀ ਚਾਹੀਏ,ਜਿਸ ਪਰਮਾਤਮਾ ਦੇ ਸੰਬੰਧਥੀਂ ਮੁਕਤ ਜੀਵ ਸਬ ਲੋਕਾਂ ਅਰ ਸਬ ਕਾਮਨਾ ਨੂੰ ਪ੍ਰਾਪਤ ਹੁੰਦਾ ਹੈ, ਜੋ ਪਰਮਾਤਮਾ ਨੂੰ ਜਾਨਕੇ ਮੁਕਤੀ ਦੇ ਸਾਧਨ ਅਰ ਅਪਨੇ ਨੂੰ ਸੁਧਾਰ ਕਰਨਾ ਜਾਨਦਾ ਹੈ ਸੋ ਇਹ ਮੁਕਤੀ ਨੂੰ ਪ੍ਰਾਪਤ ਜੀਵ ਸ਼ੁੱਧ ਦਿਵ੍ਯ ਨੇਤ੍ਰ ਅਰ ਸ਼ੁੱਧ ਮਨ ਥੀਂ ਕੰਮਾਂ ਨੂੰ ਵੇਖਦਾ, ਪ੍ਰਾਪਤ ਹੁੰਦਾ ਹੋਇਆ ਰਮਣ ਕਰਦਾ ਹੈ, ਜੋ ਏਹ ਬ੍ਰਹਮਲੋਕ ਅਰਥਾਤ ਦਰਸ਼ਨੀਯ ਪਰਮਾਤਮਾ ਵਿਚ ਸਥਿਤ ਹੋਕੇ ਮੁਕਤੀ ਸੁਖਨੂੰ ਭੋਗਦੇ ਹਨ ਅਰ ਇਸੇ ਪਰਮਾਤਮਾ ਦਾ ਜੋ ਕਿ ਸਬ ਦਾ ਅੰਤਰਯਾਮੀ ਆਤਮਾ ਹੈ ਉਸਦੀ ਉਪਾਸਨਾ ਮੁਕਤੀ ਦੀ ਪ੍ਰਾਪਤੀ ਕਰਨ ਵਾਲੇ ਵਿਦਵਾਨ ਲੋਗ ਕਰਦੇ ਹਨ, ਉਸ ਥੀਂ ਉਨ੍ਹਾਂ ਨੂੰ ਸਬ ਲੋਕ ਅਰ ਸਬ ਕਾਮਨਾ ਪ੍ਰਾਪਤ ਹੁੰਦੀਆਂ ਹਨ ਅਰਥਾਤ ਜੋ ਜੋ ਸੰਕਲਪ ਕਰਦੇ ਹਨ ਓਹ ਓਹ ਲੋਕ ਅਰ ਓਹ ਓਹ ਕਾਮਨਾ ਪ੍ਰਾਪਤ ਹੁੰਦੀ ਹੈ, ਅਰ ਓਹ ਮੁਕਤ ਜੀਵ ਸਥੂਲ ਸ਼ਰੀਰ ਛੱਡਕੇ ਸੰਕਲਪ ਮੇਂ ਸ਼ਰੀਰ ਨਾਲ ਆਕਾਸ਼ ਵਿਚ ਪਰਮੇਸ਼ੁਰ ਵਿਚ ਵਿਚਰਦੇ ਹਨ,ਕਿਉਂ ਕਿ ਜੋ ਸ਼ਰੀਰ ਵਾਲੇ ਹੁੰਦੇ ਹਨ ਓਹ ਸੰਸਾਰਿਕ ਦੁੱਖਾਂ ਥੀਂ ਰਹਿਤ ਨਹੀਂ ਹੋ ਸਕਦੇ, ਜਿਸਤਰਾਂ ਇੰਦ੍ਰ ਨੂੰ ਪ੍ਰਜਾਪਤੀ ਨੇ ਕਹਿਆਹੈ ਕਿ ਹੇ ਪਰਮ ਆਦਰ ਯੋਗ ਧਨਵਾਨ ਪੁਰੁਸ਼, ਏਹ ਸਥੂਲ ਸ਼ਰੀਰ ਮਰਣਧਰਮਾ ਹੈ। ਅਰ ਜਿਸਤਰਾਂ ਸ਼ੇਰਦੇ ਮੂੰਹ ਵਿਚ ਬਕਰੀ ਹੋਵੇ ਉਸੇ ਤਰਾਂ ਏਹ ਸ਼ਰੀਰ ਮੌਤ ਦੇ ਮੂੰਹ ਵਿਚ ਹੈ, ਸੋ ਸ਼ਰੀਰ ਏਸ ਮਰਣ ਅਰ ਸ਼ਰੀਰ ਰਹਿਤ ਜੀਵਾਤਮਾ ਦੇ ਰਹਨ ਦਾ ਠਿਕਾਨਾ ਹੈ, ਏਸ ਲਈ ਏਹ ਜੀਵ ਸੁਖ ਅਰ ਦੁਖ ਥੀਂ ਸਦਾ ਗ੍ਰਸਤ ਰਹਿੰਦਾ ਹੈ, ਕਿਉਂ ਕਿ ਸ਼ਰੀਰ ਸਹਿਤ ਜੀਵ ਦੀ ਸੰਸਾਰਕ ਪ੍ਰਸੰਨਤਾ ਦੀ ਨਿਵ੍ਰਿੱਤੀ ਹੁੰਦੀ ਹੈ, ਅਰ ਜੋ ਸ਼ਰੀਰ ਰਹਿਤ ਮੁਕਤ ਜੀਵਾਤਮਾ ਬ੍ਰਹਮ ਵਿਚ ਰਹਿੰਦਾ ਹੈ ਉਸ ਨੂੰ ਸੰਸਾਰਿਕ ਸੁਖ ਦੁਖ ਦਾ ਸਪਰਸ਼ ਭੀ ਨਹੀਂ ਹੁੰਦਾ ਕਿੰਤੂ ਸਦਾ ਆਨੰਦ ਵਿਚ ਰਹਿੰਦਾ ਹੈ।

(ਪ੍ਰਸ਼ਨ) ਜੀਵ ਮੁਕਤੀ ਨੂੰ ਪ੍ਰਾਪਤ ਹੋਕੇ ਫੇਰ ਜਨਮ ਮਰਣ ਰੂਪ ਦੁੱਖ ਵਿਚ ਕਦੀ ਆਉਂਦੇ ਹਨ ਵਾ ਨਹੀਂ ਕਿਉਂਕਿ:—

ਨ ਚ ਪੁਨਰਾਵਰਤਤੇ ਨ ਚ ਪੁਨਰਾਵਰਤਤ ਇਤਿ।

ਛਾਂਦੋਗ੍ਯਉਪਨਿਸ਼ਦ ਪ੍ਰਪਾਠਕ ੮ ਖੰਡ ੧੫॥

ਅਨਾਵ੍ਰਿੱਤਿਃਸ਼ਬਦਾਨਾਵ੍ਰਿੱਤਿਃ ਸ਼ਬਦਾਤ॥

ਵੇਦਾਂਤਦਰਸ਼ਨ ਅਧ੍ਯਾਯ ੪। ਪਾਦ ੪। ਸੂਤ੍ਰ ੨੨॥

ਯਦਗਤ੍ਵਾ ਨ ਨਿਵਰਤੰਤੇ ਤੱਧਾਮਪਰਮੰਮਮ। ਭਗਵਤਗੀਤਾ

ਇਤਿਆਦੀ ਵਚਨਾਂ ਥੀਂ ਮਲੂਮ ਹੁੰਦਾ ਹੈ ਕਿ ਮੁਕਤੀ ਓਹੋ ਹੈ ਕਿ ਜਿਸ ਥੀਂ ਹਟ ਕੇ ਫਿਰ ਸੰਸਾਰ ਵਿਚ ਕਦੀ ਨਹੀਂ ਆਉਂਦਾ ॥

(ਉੱਤਰ) ਏਹ ਬਾਤ ਠੀਕ ਨਹੀਂ ਕਿਉਂਕਿ ਵੇਦ ਵਿਚ ਏਸ ਬਾਤ ਦਾ ਨਿਸ਼ੇਧ ਕੀਤਾ ਹੈ:—

ਕਸਜ ਨੂਨੰ ਕਤਮਸਜਾ ਮ੍ਰਿਤਾਨਾਂ ਮਨਾਮਹੇ ਚਾਰੁਦੇਵਸਜ ਨਾਮ। ਕੋ ਨੋ ਮਹਜਾ ਅਦਿਤਯੇ ਪੁਨਰਦਾਤ ਪਿਤਰੰ ਚ ਦ੍ਰਿਸ਼ੇਯੰ ਮਾਤਰੰ ਚ ॥੧॥ ਅਗਨੇਰਵਯੰ ਪ੍ਰਥਮਸਜਾ-ਮ੍ਰਿਤਾਨਾਂ ਮਨਾਮਹੇ ਚਾਰੁ ਦੇਵਸਜ ਨਾਮ। ਸ ਨੋ ਮਹਜਾ ਅਦਿਤਯੇ ਪੁਨਰਦਾਤਪਿਤਰੰ ਚ ਦ੍ਰਿਸ਼ੇਯੰ ਮਾਤਰੰ ਚ ॥੨॥

ਰਿਗਵੇਦ ॥ ਮੰਡਲ ੧ ਸੂਕਤ ੨੪। ਮੰ੦ ੧। ੨ ॥

ਇਦਾਨੀਮਿਵ ਸਰਵਤ੍ਰ ਨਾਤਜੰਤੋੱਛੇਦਃ ॥੩॥

ਸਾਂਖਜ੦ ਅਧਜਾਯ ੧। ਸੂਤ੍ਰ ੧੫੯॥

(ਪ੍ਰਸ਼ਨ) ਅਸੀਂ ਲੋਗ ਕਿਸਦਾ ਨਾਮ ਪਵਿਤ੍ਰ ਜਾਨੀਏ, ਕੌਨ ਨਾਸ਼ ਰਹਿਤ ਪਦਾਰਥਾਂ ਵਿਚ ਵਰਤਮਾਨ ਦੇਵ, ਸਦਾ ਪ੍ਰਕਾਸ਼ਕ ਸ੍ਵਰੂਪ ਹੈ ਜੋ ਸਾਨੂੰ ਮੁਕਤੀ ਦੇ ਸੁਖਦਾ ਭੋਗ ਕਰਾਕੇ ਫੇਰ ਏਸ ਸੰਸਾਰ ਵਿਚ ਜਨਮ ਦੇਂਦਾ ਹੈ ਅਰ ਮਾਤਥਾ ਪਿਉ ਦਾ ਦਰਸ਼ਨ ਕਰਾਂਦਾ ਹੈ ? ॥੧॥

(ਉੱਤਰ) ਅਸੀਂ ਏਸ ਸ੍ਵਪ੍ਰਕਾਸ਼ ਸ੍ਵਰੂਪ ਅਨਾਦੀ, ਸਦਾ ਮੁਕਤ ਪਰਮਾਤਮਾ ਦਾ ਨਾਮ ਪਵਿਤ੍ਰ ਜਾਨੀਏ ਜੋ ਸਾਨੂੰ ਮੁਕਤੀ ਵਿਚ ਆਨੰਦ ਦਾ ਭੋਗ ਕਰਾਕੇ ਪ੍ਰਿਥਿਵੀ ਵਿਚ ਫੇਰ ਮਾਂ ਪਿਉਦੇ ਸੰਬੰਧ ਵਿਚ ਜਨਮ ਦੇਕੇ ਮਾਂ, ਪਿਉ ਦਾ ਦਰਸ਼ਨ ਕਰਾਂਦਾ ਹੈ ਓਹੋ ਪਰਮਾਤਮਾ ਮੁਕਤੀ ਦੀ ਵਿਵਸਥਾ ਕਰਦਾ ਸਬਦਾ ਸ੍ਵਾਮੀ ਹੈ ॥ ੨ ॥ ਜੀਕਨ ਏਸ ਸਮੇਂ ਬੰਧ ਮੁਕਤ ਜੀਵ ਹੈਂਨ ਉੱਸੇ ਤਰਾਂ ਹੀ ਸਦਾ ਰਹਿੰਦੇ ਹਨ, ਅਤਜੰਤ ਵਿੱਛੇਦ ਬੰਧ ਮੁਕਤੀ ਦਾ ਕਦੀ ਨਹੀਂ ਹੁੰਦਾ ਕਿੰਤੂ ਬੰਧ ਅਰ ਮੁਕਤੀ ਸਦਾ ਨਹੀਂ ਰਹਿੰਦੇ ॥ ੩ ॥ (ਪ੍ਰਸ਼ਨ):—

ਤਦਤਜੰਤਵਿਮੋਖਛੋਅਪਵਰਗਃ । ਦੁਖਜਨਮਪ੍ਰਵ੍ਰਿੱਤਿਦੋਸ਼ਮਿਥਜਾਗਜਾਨਾਨਾਮੁੱਤਰੋੱਤਰਾ ਪਾਯੇਤਦਨੰਤਰਾ-ਪਾਯਾ ਦਪਵਰਗਃ। ਨਜਾਯਦਰਸ਼ਨ ਅ੦੧। ਸੂਤ੍ਰ ੨੨। ੨ ॥

ਜੋ ਦੁੱਖ ਦਾ ਅਤਯੰਤ ਵਿੱਛੇਦ ਹੁੰਦਾ ਹੈ ਉਹੋ ਮੁਕਤੀ ਕਹਾਂਦੀ ਹੈ, ਕਿਉਂਕਿ ਜਦ ਮਿਥਿਆ ਗਿਆਨ, ਅਵਿਦਯਾ, ਲੋਭ ਆਦੀ ਦੋਸ਼, ਵਿਸ਼ਯ ਦੁਸ਼ਟ ਠਰਕਾਂ ਵਿਚ ਪ੍ਰਵ੍ਰਿਤੀ, ਜਨਮ ਅਰ ਦੁੱਖਦਾ, ਉੱਤਰ ਉੱਤਰਦੇ ਛੁੱਟਨਕਰਕੇ ਪੂਰਵਪੂਰਵ ਦੇ ਦੂਰ ਹੋਨ ਕਰਕੇ ਹੀ ਮੁਕਤੀ ਹੁੰਦੀ ਹੈ ਜੇਹੜੀ ਕਿ ਸਦਾ ਬਨੀ ਰਹਿੰਦੀ ਹੈ।

(ਉੱਤਰ) ਏਹ ਜ਼ਰੂਰੀ ਨਹੀਂ ਹੈ ਕਿ ਅਤਯੰਤ ਸ਼ਬਦ ਅਛਯੰਤਾਭਾਵ ਹੀ ਦਾ ਨਾਮ ਹੋਵੇ ਜਿਸਤਰਾਂ "ਅਤਯੰਤੰ ਦੁਖਮਤਯੰਤੰ ਸੁਖੰ ਚਾਸਨ ਵਰਤਤੇ" ਬਹੁਤ ਦੁੱਖ ਅਰ ਬਹੁਤ ਸੁੱਖ ਏਸ ਮਨੁਸ਼ ਨੂੰ ਹੈ ਏਸ ਤੋਂ ਇਹ ਵਿਦਿਤ ਹੁੰਦਾ ਹੈ ਕਿ ਏਸ ਨੂੰ ਬਹੁਤ ਸੁਖ ਵਾ ਦੁਖ ਹੈ ਇਸੇ ਪ੍ਰਕਾਰ ਏਥੇ ਭੀ ਅਤਯੰਤ ਸ਼ਬਦ ਦਾ ਅਰਥ ਜਾਨਨਾ ਚਾਹੀਏ ॥

(ਪ੍ਰਸ਼ਨ) ਜੋ ਮੁਕਤੀ ਥੀਂ ਭੀ ਜੀਵ ਫਿਰ ਆਉਂਦਾ ਹੈ ਤਾਂ ਓਹ ਕਿੱਨੇ ਸਮੇ ਤਕ ਮੁਕਤੀ ਵਿਚ ਰਹਿੰਦਾ ਹੈ ? (ਉੱਤਰ):—

ਤੇ ਬ੍ਰਹਮਲੋਕੇਸ਼ੁ ਪਰਾਂਤਕਾਲੇ ਪਰਾਮ੍ਰੁਤਾਃ ਪਰਿਮੁਚੰਤਿ ਸਰਵੇ ॥ ਮੁੰਡਕ ਉਪਨਿਸ਼ਦ ੩ ਖੰਡ ੨। ਮੰਤ੍ ੬ ॥

ਓਹ ਮੁਕਤ ਜੀਵ ਮੁਕਤੀ ਵਿਚ ਪ੍ਰਾਪਤ ਹੋਕੇ ਬ੍ਰਹਮ ਵਿਚ ਆਨੰਦ ਨੂੰ ਤਦ ਤਕ ਭੋਗ ਕੇ ਫੇਰ ਮਹਾਕਲਪ ਦੇ ਪਿਛੋਂ ਮੁਕਤੀ ਸੁਖ ਨੂੰ ਛੱਡਕੇ ਸੰਸਾਰ ਵਿਚ ਆਉਂਦੇ ਹਨ, ਏਸਦੀ ਸੰਖਿਆ ਏਹ ਹੈ ਕਿ ਤ੍ਰਿਤਾਲੀ ਲੱਖ ਵੀਹ ਹਜ਼ਾਰ ਵਰੇਹਾਂ ਦੀ ਇੱਕ ਚਤੁਰਯੁਗੀ, ਦੋ ਹਜ਼ਾਰ ਚਤੁਰਯੁਗੀਆਂ ਦਾ ਇਕ ਅਹੋਰਾਤ੍ ਅਜੇਹੇ ਤੀਹ ਅਹੋਰਾਤ੍ਰਾਂ ਦਾ ਇਕ ਮਹੀਨਾ, ਅਜੇਹੇ ਬਾਰਾਂ ਮਹੀਨਿਆਂ ਦਾ ਇਕ ਵਰ੍ਹਾ, ਅਜੇਹੇ ਸੌ ਵਰਿਹਾਂ ਦਾ ਪ੍ਰਾਂਤਕਾਲ ਹੁੰਦਾ ਹੈ, ਏਸ ਨੂੰ ਗਣਿਤ (ਹਿਸਾਬ) ਦੀ ਰੀਤੀ ਨਾਲ ਠੀਕ ਸਮਝ ਲੌ, ਇੱਨਾਂ ਸਮਯ ਮੁਕਤੀ ਵਿਚ ਸੁਖ ਭੋਗਨ ਦਾ ਹੈ ॥

(ਪ੍ਰਸ਼ਨ) ਸਬ ਸੰਸਾਰ ਅਰ ਗ੍ਰੰਥਕਾਰਾਂ ਦਾ ਇਹ ਮਤ ਹੈ ਕਿ ਜਿਸ ਥੀਂ ਫੇਰ ਜਨਮ ਮਰਨ ਵਿਚ ਕਦੀ ਨ ਆਉਂਨ ॥

(ਉੱਤਰ) ਏਹ ਬਾਤ ਕਦੀ ਨਹੀਂ ਹੋ ਸਕਦੀ ਕਿਉਂਕਿ ਪਹਲੇ ਤਾਂ ਜੀਵਦਾ ਸਾਮਰਥ ਸ਼ਰੀਰ ਆਦੀ ਪਦਾਰਥ, ਅਰ ਸਾਧਨ ਅੰਤ ਵਾਲੇ ਹਨ, ਫੇਰ ਉਸਦਾ ਫਲ ਅਨੰਤ ਕਿਸਤਰਾਂ ਹੋ ਸਕਦਾ ਹੈ ? ਅਨੰਤ ਆਨੰਦ ਨੂੰ ਭੋਗਨ ਦਾ ਅਸੀਮ ਸਾਮਰਥ, ਕਰਮ, ਅਰ ਸਾਧਨ ਜੀਵਾਂ ਵਿੱਚ ਨਹੀਂ, ਏਸ ਲਈ ਅਨੰਤ ਸੁਖ ਨਹੀਂ ਭੋਗ ਸਕਦਾ। ਜਿਨ੍ਹਾਂ ਦੇ ਸਾਧਨ ਅਨਿੱਤ ਹਨ ਉਨਾਂ ਦਾ ਫਲ ਨਿੱਤ ਕਦੀ ਨਹੀਂ ਹੋ ਸਕਦਾ, ਅਰ ਜੇ ਮੁਕਤੀ ਵਿਚੋਂ ਕੋਈ ਭੀ ਮੁੜਕੇ ਜੀਵ ਏਸ ਸੰਸਾਰ ਵਿਚ ਨਾ ਆਵੇ ਤਾਂ ਸੰਸਾਰ ਦਾ ਉੱਛੇਦ ਅਰਥਾਤ ਜੀਵ ਨਿਃਤੇਸ (ਬਾਕੀ ਨਾ ਰਹਿਨ) ਹੋ ਜਾਨੇ ਚਾਹੀਏ ॥

(ਪ੍ਰਸ਼ਨ) ਜਿੱਨੇ ਜੀਵ ਮੁਕਤ ਹੁੰਦੇ ਹਨ ਉੱਨੇ ਈਸ਼ੁਰ ਨਵੇਂ ਉਤਪੰਨ ਕਰਕੇ ਸੰਸਾਰ ਵਿਚ ਰਖ ਦੇਂਦਾ ਹੈ ਏਸ ਲਈ ਮੁੱਕਦੇ ਨਹੀਂ ॥

(ਉੱਤਰ) ਜੇ ਏਸ ਤਰਾਂ ਹੋਵੇ ਤਾਂ ਜੀਵ ਅਨਿੱਤ ਹੋ ਜਾਨ ਕਿਉਂਕਿ ਜਿਸਦੀ ਉਤਪੱਤੀ ਹੁੰਦੀ ਹੈ ਉਸਦਾ ਨਾਸ਼ ਜ਼ਰੂਰ ਹੁੰਦਾ ਹੈ ਫੇਰ ਤੁਹਾਡੇ ਮਤ ਅਨੁਸਾਰ ਮੁਕਤੀ ਪਾਕੇ ਹੀ ਨਾਸ਼ ਹੋਜਾਨ, ਮੁਕਤੀ ਅਨਿੱਤ ਹੋਗਈ ਅਰ ਮੁਕਤੀ ਦੇ ਸਥਾਨ ਵਿਚ ਬਹੁਤ ਸਾਰਾ ਭੀੜਭੜੱਕਾ ਹੋ ਜਾਵੇਗਾ, ਕਿਉਂਕਿ ਉਥੇ ਆਮਦਨ ਬਹੁਤੀ ਅਰ ਖਰਚ ਕੁਝ ਭੀ ਨਹੀਂ ਹੋਨ ਕਰਕੇ ਵਾਧੇ ਦਾ ਪਾਰਾਵਾਰ ਨਾ ਰਹੇਗਾ, ਅਰ ਦੁੱਖ ਦੇ ਅਨੁਭਵ ਦੇ ਬਗੈਰ ਸੁਖ ਕੁਝ ਭੀ ਨਹੀਂ ਹੋ ਸਕਦਾ ਜੀਕਨ ਕੌੜਾ ਨਾ ਹੋਵੇ ਤਾਂ ਮਿੱਠਾ ਕੀ ਹੋਵੇ, ਜੇ ਮਿੱਠਾ ਨ ਹੋਵੇ ਤਾਂ ਕੌੜਾ ਕੀ ਕਹਾਵੇ, ਕਿਉਂਕਿ ਇਕ ਸ੍ਵਾਦ ਦੇ ਇਕ ਰਸ ਦੇ ਵਿਰੋਧ ਹੋਨ ਥੀਂ ਦੋਹਾਂ ਦੀ ਪਰੀਖਛਾ ਹੁੰਦੀ ਹੈ,ਜਿਸ ਤਰਾਂ ਕੋਈ ਮਨੁੱਸ਼ ਮਿੱਠਾ ਮਧੁਰ ਹੀ ਖਾਂਦਾ ਪੀਂਦਾ ਜਾਵੇ ਉਸ ਨੂੰ ਅਜੇਹਾ ਸੁਖ ਨਹੀਂ ਹੁੰਦਾ ਜਿਸਤਰਾਂ ਸਬ ਪ੍ਰਕਾਰ ਦੇ ਰਸਾਂ ਦੇ ਭੋਗਨ ਵਾਲੇ ਨੂੰ ਹੁੰਦਾ ਹੈ,ਅਰ ਜੇ ਈਸ਼ੁਰ ਅੰਤ ਵਾਲੇ ਕਰਮਾਂ ਦਾ ਅਨੰਤ ਫਲ ਦੇਵੇ ਤਾਂ ਉਸਦਾ ਨਿਆਯ ਨਸ਼ਟ ਹੋ ਜਾਵੇ, ਜੋ ਜਿੱਨਾ ਭਾਰ ਚੁੱਕ ਸਕੇ ਉੱਨਾ ਉਸ ਦੇ ਉੱਤੇ ਰੱਖਨਾ ਬੁੱਧੀਮਾਨਾਂ ਦਾ ਕੰਮ ਹੈ, ਜਿਸ ਤਰਾਂ ਇਕ ਮਨ ਭਾਰ ਉਠਾਨ ਵਾਲੇ ਦੇ ਸਿਰ ਉੱਤੇ ਦਸ ਮਨ ਧਰਨ ਕਰਕੇ ਭਾਰ ਧਰਨ ਵਾਲੇ ਦੀ ਨਿੰਦਿਆ ਹੁੰਦੀ ਹੈ ਉੱਸੇ ਤਰਾਂ ਅਲਪ, ਅਲਪੱਗਯ ਸਾਮਰਥ ਵਾਲੇ ਜੀਵ ਉੱਤੇ ਅਨੰਤ ਸੁਖ ਦਾ ਭਾਰ ਧਰਨਾ ਈਸ਼ੁਰ ਦੇ ਲਈ ਠੀਕ ਨਹੀਂ, ਅਰ ਜੇ ਪਰਮੇਸ਼ੁਰ ਨਵੇਂ ਜੀਵ ਉਤਪੰਨ ਕਰਦਾ ਹੈ ਤਾਂ ਜਿਸ ਕਾਰਣ ਥੀਂ ਉਤਪੰਨ ਹੁੰਦੇ ਹਨ ਓਹ ਮੁੱਕ ਜਾਵੇ-ਗਾ, ਕਿਉਂਕਿ ਭਾਵੇਂ ਕਿੱਨਾ ਹੀ ਵੱਡਾ ਧਨ ਦਾ ਖਜ਼ਾਨਾ ਹੋਵੇ ਪਰੰਤੂ ਜਿਸ ਵਿਚ ਖਰਚ ਹੈ ਅਰ ਆਮਦਨ ਨਹੀਂ ਉਸਦਾ ਕਦੀ ਨਾ ਕਦੀ ਦਿਵਾਲਾ ਨਿਕਲ ਹੀ ਜਾਂਦਾ ਹੈ ਏਸ ਲਈ ਏਹ ਵਿਵਸਥਾ ਠੀਕ ਹੈ ਕਿ ਮੁਕਤੀ ਵਿਚ ਜਾਨਾ ਉੱਥੋਂ ਮੁੜਕੇ ਆਉਨਾ ਹੀ ਚੰਗਾ ਹੈ, ਕੀ ਥੋੜੇ ਜੇਹੇ ਕੈਦ ਥੀਂ ਜਨਮ ਕੈਦ ਦੰਡ ਵਾਲੇ ਪ੍ਰਾਣੀ ਅਥਵਾ ਫਾਂਸੀ ਨੂੰ ਕੋਈ ਚੰਗਾ ਮੰਨਦਾ ਹੈ?ਜਦ ਉਥੋਂ ਆਉਨਾ ਹੀ ਨਾ ਹੋਵੇ ਤਾਂ ਜਨਮਕੈਦ ਥੀਂ ਇੱਨਾ ਹੀ ਫਰਕ ਹੈ ਕਿ ਉੱਥੇ ਮਜ਼ੂਰੀ ਨਹੀਂ ਕਰਨੀਪੈਂਦੀ,ਅਰ ਬ੍ਰਹਮਵਿਚ ਲੈ ਹੋਨਾ ਸਮੁਦ੍ਰ ਵਿੱਚ ਡੁੱਬ ਮਰਨਾ ਹੈ।

(ਪ੍ਰਸ਼ਨ) ਜਿਸਤਰਾਂ ਪਰਮੇਸ਼ੁਰ ਨਿੱਤ ਮੁਕਤ ਪੂਰਣ ਸੁਖੀ ਹੈ ਉਸੇਤਰਾਂ ਜੀਵ ਭੀ ਨਿੱਤ ਮੁਕਤ,ਅਰ ਸੁਖੀ ਰਹੇਗਾ ਤਾਂ ਕੋਈ ਭੀ ਦੋਸ਼ ਨਾ ਆਵੇਗਾ।

(ਉੱਤਰ)ਪਰਮੇਸ਼ੁਰ ਅਨੰਤ ਸਰੂਪ, ਸਾਮਰਥ, ਗੁਣ, ਕਰਮ, ਸੁਭਾਵ ਵਾਲਾ ਹੈ ਏਸ ਲਈ ਓਹ ਕਦੀ ਅਵਦਿਆ ਅਰ ਦੁੱਖ ਬੰਧਨ ਵਿਚ ਨਹੀਂ ਪੈਸਕਦਾ। ਜੀਵ ਮੁਕਤ ਹੋਕੇ ਭੀ ਸੁੱਧ ਸਰੂਪ,ਅਲਪੱਗ,ਅਰ ਪਰੀਮਿਤਗੁਣ,

ਕਰਮ, ਸੁਭਾਵ ਵਾਲਾ ਰਹਿੰਦਾ ਹੈ ਪਰਮੇਸ਼ੁਰ ਵਰਗਾ ਕਦੀ ਨਹੀਂ ਹੁੰਦਾ।

(ਪ੍ਰਸ਼ਨ) ਅਜੇਹੀ ਤਾਂ ਮੁਕਤੀ ਭੀ ਜਨਮ ਮਰਣ ਦੀ ਨਿਆਈਂ ਹੈ, ਏਸ ਲਈ ਪੁਰੁਸ਼ਾਰਥ ਕਰਨਾ ਵਿਅਰਥ ਹੈ॥

(ਉੱਤਰ)ਮੁਕਤੀ ਜਨਮ ਮਰਣ ਵਰਗੀ ਨਹੀਂ,ਕਿਉਂਕਿ ਜਦ ਤਕ ਛੱਤੀ ਹਜ਼ਾਰ ਵੇਰੀ ਉਤਪੱਤੀ ਅਰ ਪਰਲੈ ਦਾ ਜਿੱਨਾ ਸਮਯ ਹੁੰਦਾ ਹੈ ਉੱਨੇ ਸਮੇਂ ਤਕ ਜੀਵਾਂ ਨੂੰ ਮੁਕਤੀ ਦੇ ਆਨੰਦ ਵਿਚ ਰਹਿਨਾ ਦੁੱਖਦਾ ਨਾ ਹੋਨਾ ਕੀ ਥੋੜੀ ਜਹੀ ਗੱਲ ਹੈ? ਜਦ ਅੱਜ ਖਾਂਦੇ ਪੀਂਦੇ ਹੋ ਕਲ ਭੁੱਖ ਲੱਗਨ ਵਾਲੀ ਹੈ ਫੇਰ ਏਸਦਾ ਉਪਾਯਕਿਉਂ ਕਰਦੇ ਹੋ, ਜਦ ਭੁੱਖ ਤੇਹ ਥੋੜਾ ਜੇਹਾ ਧਨ, ਰਾਜ, ਪ੍ਰਤਿਸ਼ਠਾ, ਇਸਤ੍ਰੀ, ਸੰਤਾਨ ਆਦੀ ਦੇ ਵਾਸਤੇ ਉਪਾਯ ਕਰਨਾ ਜ਼ਰੂਰ ਹੈ ਤਾਂ ਮੁਕਤੀਦੇ ਵਾਸਤੇ ਕਿਉਂ ਨਾ ਕਰਨਾ,ਜਿਸਤਰਾਂ ਮਰਨਾ ਜ਼ਰੂਰ ਹੈ ਤਾਂ ਭੀਜੀਉਂਦੇ ਰਹਿਨ ਦਾ ਉਪਾਯ ਕੀਤਾ ਜਾਂਦਾ ਹੈ,ਉੱਸੇ ਤਰਾਂ ਹੀ ਮੁਕਤੀ ਥੀਂ ਹਟਕੇ ਜਨਮ ਵਿੱਚ ਆਉਨਾ ਹੈ ਤਾਂ ਭੀ ਉਸਦਾ ਉਪਾਯ ਕਰਨਾ ਬਹੁਤ ਜ਼ਰੂਰੀ ਹੈ।

(ਪ੍ਰਸ਼ਨ) ਮੁਕਤੀ ਦੇ ਕੀ ਸਾਧਨ ਹਨ?

(ਉੱਤਰ)ਕੁਝ ਸਾਧਨ ਤਾਂ ਪਹਿਲੋਂ ਲਿਖ ਚੁੱਕੇ ਹਾਂ ਪਰੰਤੂ ਵਿਸ਼ੇਸ਼ ਉਪਾਯ ਏਹ ਹਨ, ਜੇਹੜਾ ਮੁਕਤੀ ਚਾਹੇ ਓਹ ਜੀਵਨ ਮੁਕਤ ਅਰਥਾਤ ਜਿੱਨਾਂ ਝੂਠ ਬੋਲਨ ਆਦੀ ਪਾਪ ਕਰਮਾਂ ਦਾ ਫਲ ਦੁਖ ਹੈ ਉਨ੍ਹਾਂ ਨੂੰ ਛਡਕੇ ਸੁਖ ਰੂਪੀ ਫਲ ਨੂੰ ਦੇਨ ਵਾਲੇ ਸੱਚ ਬੋਲਨ ਆਦੀ ਧਰਮਾਚਰਣ ਜ਼ਰੂਰ ਕਰੇ, ਜੋ ਕੋਈ ਦੁਖ ਨੂੰ ਛੁਡਾਨਾ ਅਰ ਸੁਖ ਨੂੰ ਪ੍ਰਾਪਤ ਹੋਨਾ ਚਾਹੇ ਓਹ ਅਧਰਮ ਨੂੰ ਛੱਡ ਧਰਮ ਜ਼ਰੂਰ ਕਰੇ, ਕਿਉਂਕਿ ਦੁਖਦਾ ਪਾਪਾਚਰਣ ਅਰ ਸੁਖਦਾ ਧਰਮਾਚਰਣ ਮੂਲ ਕਾਰਣ ਹੈ, ਸਤ ਪੁਰੁਸ਼ਾਂ ਦੇ ਸੰਗ ਥੀਂ ਵਿਵੇਕ ਅਰਥਾਤ ਸੱਤ ਅਸੱਤ, ਧਰਮ, ਅਧਰਮ, ਕਰਤਵ ਅਕਰਤਵ ਦਾ ਨਿਸ਼ਚਾ ਜ਼ਰੂਰ ਕਰੇ, ਵੱਖੋ ਵੱਖਰਾ ਜਾਨੇ, ਅਰ ਸ਼ਰੀਰ ਅਰਥਾਤ ਜੀਵ ਪੰਜਾਂ ਕੋਸ਼ਾਂ ਦਾ ਵਿਵੇਚਨ ਕਰੇ, ਇਕ 'ਅੰਨਮਯ' ਜੋ ਖਲੜੀ ਥੀਂ ਲੈਕੇ ਹੱਡੀਆਂ ਤਕ ਜਿੱਨਾ ਸਮੁਦਾਯ ਪ੍ਰਿਥਵੀਮਯ ਹੈ। ਦੂਜਾ 'ਪ੍ਰਾਣਮਯ'ਜਿਸ ਵਿਚ'ਪ੍ਰਾਣ'ਅਰਥਾਤਜੋ ਅੰਦਰਥੀਂ ਬਾਹਿਰ ਜਾਂਦਾ,'ਅਪਾਨ' ਜੋ ਬਾਹਿਰ ਥੀਂ ਅੰਦਰ ਆਉਂਦਾ, 'ਸਮਾਨ' ਜੋ ਧੁੰਨੀ ਵਿਚ ਹੋਕੇ ਸਾਰੇ ਸ਼ਰੀਰ ਵਿਚ ਰਸ ਪਹੁੰਚਾਂਦਾ, 'ਉਦਾਨ' ਜਿਸ ਕਰਕੇ ਕੰਠ ਵਿਚ ਅੰਨਪਾਨ ਖਿੱਚਿਆ ਜਾਂਦਾ, ਅਰ ਬਲ, ਪਰਾਕ੍ਰਮ ਹੁੰਦਾ ਹੈ,'ਵਿਆਨ'ਜਿਸਕਰਕੇ ਸਬ ਸ਼ਰੀਰ ਵਿਚ ਚੇਸ਼ਟਾਆਦੀ ਕਰਮ ਜੀਵ ਕਰਦਾ ਹੈ। ਤੀਜਾ"ਮਨੋਮਯ"ਜਿਸ ਵਿਚ ਮਨ ਦੇ ਨਾਲ ਅਹੰਕਾਰ ਵਾਕ, ਪੈਰ ਹੱਥ, ਗੁਦਾ ਅਰ ਉਪਸਥ, ਪੰਚਕਰਮ ਇੰਦ੍ਰੀਆਂ ਹਨ। ਚੌਥਾ "ਵਿਗਿਆਨਮਯ" ਜਿਸ ਵਿਚ ਬੁੱਧ, ਚਿੱਤ, ਕੰਨ, ਖਲੜੀ, ਅੱਖਾਂ, ਜ਼ਬਾਨ ਅਰ ਨੱਕ, ਇਹ ਪੰਜ ਗਿਆਨ ਇੰਦ੍ਰੀਆਂ ਜਿਨ੍ਹਾਂ ਕਰਕੇ ਜੀਵ ਗਿਆਨ ਆਦੀ ਵਿਹਾਰ ਕਰਦਾ ਹੈ। ਪੰਜਵਾਂ "ਆਨੰਦਮਯਕੋਸ਼" ਜਿਸ ਵਿਚ

ਪ੍ਰੀਤੀ ਪ੍ਰਸੰਨਤਾ, ਥੋੜ੍ਹਾ ਆਨੰਦ, ਅਧਿਕ ਆਨੰਦ,ਅਰ ਆਧਾਰ ਕਾਰਣ ਰੂਪੀ ਪ੍ਰਕ੍ਰਿਤੀ ਹੈ।ਇਹ ਪੰਜ ਕੋਸ਼ ਕਹਾਂਦੇ ਹਨ। ਇਨ੍ਹਾਂ ਕਰਕੇ ਜੀਵ ਸਥ ਪ੍ਰਕਾਰ ਦੇ ਕਰਮ ਉਪਾਸਨਾ ਅਰ ਗਿਆਨ ਆਦੀ ਵਿਹਾਰਾਂ ਨੂੰ ਕਰਦਾ ਹੈ। ਤਿੰਨ ਅਵਸਥਾ–ਇਕ 'ਜਾਗ੍ਰਤ' ਦੂਜੀ 'ਸ੍ਵਪਨ' ਅਰ ਤੀਜੀ 'ਸੁਸ਼ੁਪਤੀ' ਅਵਸਥਾ ਕਹਾਂਦੀ ਹੈ। ਤਿੰਨ ਸ਼ਰੀਰ ਹਨ ਇਕ 'ਸਥੂਲ' ਜੋ ਏਹ ਨਜ਼ਰ ਆਂਵਦਾ ਹੈ। ਦੂਜਾ ਪੰਜ ਪ੍ਰਾਣ ਪੰਜ ਗਿਆਨ ਇੰਦ੍ਰੀਆਂ, ਪੰਜ ਸੂਖਛਮ ਭੂਤ ਅਰ ਮਨ ਤਥਾ ਬੁੱਧਿ ਇਨਾਂ ਸਤਾਰਾਂ ਤੱਤਾਂ ਦਾ ਅਤੱਠਾ 'ਸੂਖਛਮਸ਼ਰੀਰ' ਕਹਾਂਦਾ ਹੈ, ਏਹ ਸੂਖਛਮ ਸ਼ਰੀਰ ਜਨਮ ਮਰਣ ਆਦੀ ਵਿਚ ਭੀ ਜੀਵਦੇ ਨਾਲ ਰਹਿੰਦਾ ਹੈ। ਏਸਦੇ ਦੋ ਭੇਦ ਹਨ ਇਕ ਭੌਤਿਕ ਅਰਥ ਤ ਜੋ ਸੂਖਛਮ ਭੂਤਾਂ ਦੇ ਅੰਸ਼ਾਂ ਥੀਂ ਥਨਿਆ ਹੈ, ਦੂਸਾ ਸੁਭਾਵਿਕ ਜੋ ਜੀਵਦੇ ਸੁਭਾਵਿਕ ਗੁਣ ਰੂਪ ਹਨ, ਏਹ ਦੂਜਾ ਅਰ ਭੌਤਿਕ ਸ਼ਰੀਰ ਮੁਕਤੀ ਵਿਚ ਭੀ ਰਹਿੰਦਾ ਹੈ ਏਸਥੀਂ ਜੀਵ ਮੁਕਤੀ ਵਿਚ ਸੁਖ ਨੂੰ ਭੋਗਦਾ ਹੈ ॥ ਤੀਜਾ "ਕਾਰਣ" ਜਿਸ ਵਿਚ ਸੁਸ਼ੁਪਤੀ ਅਰਥਾਤ ਗਾਢੀ ਨੀਂਦ ਹੁੰਦੀ ਹੈ ਓਹ ਪ੍ਰਕ੍ਰਿਤੀ ਰੂਪ ਹੋਨ ਕਰਕੇ ਸਰਵਤ੍ ਵਿਭੂ ਅਰ ਸਥ ਜੀਵਾਂਦੇ ਲਈ ਇੱਕੋ ਹੈ। ਚੌਥਾ"ਤੁਰਯਾ ਸ਼ਰੀਰ" ਓਹ ਕਹਾਂਦਾ ਹੈ ਜਿਸ ਵਿਚ ਸਮਾਧੀ ਥੀਂ ਪਰਮਾਤਮਾ ਦੇ ਆਨੰਦ ਸ੍ਵਰੂਪ ਵਿਚ ਜੀਵ ਮਗਨ ਹੁੰਦੇ ਹਨ ਇੱਸੇ ਸਮਾਧੀ ਦੇ ਸੰਸਕਾਰ ਤੋਂ ਹੋਨ ਵਾਲੇ ਸ਼ੁੱਧ ਸ਼ਰੀਰ ਦਾ ਪਰਾਕ੍ਰਮ ਮੁਕਤੀ ਵਿਚ ਭੀ ਯਥਾਵਤ ਸਹਾਇਕ ਰਹਿੰਦਾ ਹੈ। ਇਨ੍ਹਾਂ ਸਥ ਕੋਸ਼ਾਂ, ਅਵਸਥਾ ਥੀਂ ਜੀਵ ਵੱਖਰਾ ਹੈ। ਕਿਉਂਕਿ ਏਹ ਸਾਰਿਆਂ ਨੂੰ ਮਲੂਮ ਹੈ ਕਿ ਅਵਸਥਾ ਥੀਂ ਜੀਵ ਵਖਰਾ ਹੈ ਕਿਉਂ ਜਦ ਮੌਤ ਹੁੰਦੀ ਹੈ ਤਾਂ ਸਥ ਕੋਈ ਕਹਿੰਦੇ ਹਨ ਕਿ ਜੀਵ ਨਿਕਲਗਿਆ। ਏਹੋ ਜੀਵ ਸਥ ਦਾ ਪ੍ਰੇਰਕ ਸਥ ਦਾ ਧਰਤਾ ਸਾਖਛੀ, ਕਰਤਾ, ਭੋਗਤਾ, ਕਹਾਂਦਾ ਹੈ ਜੋ ਕੋਈ ਏਹ ਕਹੇ ਕਿ ਜੀਵ ਕਰਤਾ ਭੋਗਤਾ ਨਹੀਂ ਤਾਂ ਉਸਨੂੰ ਜਾਨੋ ਕਿ ਓਹ ਅਗਿਆਨੀ ਅਵਿਵੇਕੀ ਹੈ ਕਿਉਂਕਿ ਬਿਨਾ ਜੀਵ ਦੇ ਜੋ ਏਹ ਸਥ ਜੜ ਪਦਾਰਥ ਹਨ ਉਨਾਂ ਨੂੰ ਸੁਖ ਦੁਖ ਦਾ ਭੋਗ ਵਾ ਪਾਪ ਪੁੰਨ ਕਰਨਾ ਕਦੀ ਨਹੀਂ ਹੋ ਸਕਦਾ ਹਾਂ ਇਨਾਂ ਦੇ ਸੰਬੰਧ ਨਾਲ ਜੀਵ ਪਾਪ ਪੁੱਨਾਂ ਦਾ ਕਰਤਾ ਅਰ ਸਥ ਦੁੱਖਾਂ ਦਾ ਭੋਗਤਾ ਹੈ, ਜਦ ਇੰਦ੍ਰੀਆਂ ਅਰਥਾਂ ਵਿੱਚ, ਮਨ, ਇੰਦ੍ਰੀਆਂ ਅਰ ਆਤਮਾ, ਮਨ ਦੇ ਨਾਲ ਸੰਯੁਕਤ ਹੋਕੇ ਪ੍ਰਾਣਾਂ ਨੂੰ ਪ੍ਰੇਰਣਾ ਕਰਕੇ ਅੱਛੇ ਵਾ ਬੁਰੇ ਕਰਮਾਂ ਵਿਚ ਲਗਾਂਦਾ ਹੈ ਤਦ ਹੀ ਓਹ ਬਹਿਰਮੁਖ ਹੋ ਜਾਂਦਾ ਹੈ,ਉਸ ਵੇਲੇ ਅੰਦਰੋਂ ਆਨੰਦ, ਉਤਸਾਹ ਨਿਰਭੈਤਾ, ਅਰ ਬੁਰੇ ਕਰਮਾਂ ਵਿਚ ਭੈ, ਸ਼ੰਕਾ, ਲੱਜਾ ਉਤਪੰਨ ਹੁੰਦੀ ਹੈ, ਓਹ ਅੰਤਰਯਾਮੀ ਪਰਮਾਤਮਾ ਦੀ ਸ਼ਿਖਛਾ ਹੈ, ਜੇਹੜਾ ਕੋਈ ਏਸ ਸ਼ਿਖਛਾ ਦੇ ਅਨੁਕੂਲ ਵਰਤਦਾ ਹੈ ਮੁਕਤੀ ਤੋਂ ਹੋਨ ਵਾਲੇ ਸੁਖਾਂ ਨੂੰ ਪ੍ਰਾਪਤ ਹੁੰਦਾ ਹੈ, ਅਰ ਜੋ ਉਲਟਾ ਚਲਦਾ ਹੈ ਓਹੋ ਬੰਧ ਤੋਂ ਹੋਨ ਵਾਲੇ ਦੁਖ ਭੋਗਦਾ ਹੈ, ਦੂਜਾ ਸਾਧਨ

ਵੈਰਾਗ ਅਰਥਾਤ ਜੋ ਵਿਵੇਕ ਥੀਂ ਸੱਤ ਅਸੱਤ ਨੂੰ ਜਾਨਦਾ ਹੋਵੇ ਉਸ ਵਿੱਚੋਂ ਸੱਤ ਆਚਰਣ ਦਾ ਗ੍ਰਹਣ ਅਰ ਅਸੱਤ ਆਚਰਣ ਦਾ ਤਿਆਗ ਕਰਨਾ ਵਿਵੇਕਹੈ, ਜੋ ਪ੍ਰਿਥਿਵੀ ਥੀਂ ਲੈਕੇ ਪਰਮੇਸ਼ੁਰ ਤਕ ਪਦਾਰਥਾਂ ਨੂੰ ਗੁਣ ਕਰਮ ਸੁਭਾਵ ਥੀਂ ਜਾਨਕੇ ਉਸਦੀ ਆਗਿਆ ਪਾਲਨੀ, ਅਰ ਉਪਾਸਨਾ ਵਿੱਚ ਤਤਪਰ ਹੋਨਾ, ਉਸ ਥੀਂ ਵਿਰੁੱਧ ਨਾ ਚਲਨਾ, ਸ੍ਰਿਸ਼ਟੀ ਥੀਂ ਉਪਕਾਰ ਲੈਨਾ ਵਿਵੇਕ ਕਹਾਂਦਾ ਹੈ, ਤਿਸਤੇ ਪਿਛੋਂ ਤੀਜਾ ਸਾਧਨ "ਸ਼ਟਕਸੰਪੱਤੀ" ਅਰਥਾਤ ਛੇ ਪ੍ਰਕਾਰ ਦੇ ਕਰਮ ਕਰਨਾ। ਇਕ "ਸ਼ਮ" ਜਿਸ ਥੀਂ ਅਪਨੇ ਆਤਮਾ ਅਰ ਅੰਤਹਕਰਣ ਨੂੰ ਅਧਰਮਾਚਰਣ ਥੀਂ ਹਟਾਕੇ ਧਰਮਾਚਰਣ ਵਿਚ ਸਦਾ ਪ੍ਰਵ੍ਰਿੱਤ ਰਖਨਾ, ਦੂਜਾ "ਦਮ" ਜਿਸ ਥੀਂ ਕੰਨ ਆਦੀ ਇੰਦ੍ਰੀਆਂ ਅਰ ਸ਼ਰੀਰ ਨੂੰ ਵਜਭਿਚਾਰ ਆਦੀ ਬੁਰੇ ਕਰਮਾਂ ਥੀਂ ਹਟਾਕੇ ਜਿਤੇਂਦ੍ਰੀਪਨਾ ਆਦੀ ਸ਼ੁਭ ਕਰਮਾਂ ਵਿਚ ਲਗਾ ਰਖਨਾ। ਤੀਜਾ "ਉਪਰਤੀ" ਜਿਸ ਕਰਕੇ ਦੁਸ਼ਟ ਕਰਮ ਕਰਨ ਵਾਲੇ ਪੁਰੁਸ਼ਾਂ ਥੀਂ ਸਦਾ ਦੂਰ ਰਹਿਣਾ। ਚੌਥਾ"ਤਿਤਿਖਛਾ"ਭਾਵੇਂ ਨਿੰਦਿਆ,ਉਸਤਤੀ ਹਾਨੀ ਅਰ ਲਾਭ ਕਿੱਨਾ ਹੀ ਕਿਉਂ ਨ ਹੋਵੇ ਪਰੰਤੂ ਹਰਸ਼ ਸ਼ੋਕ ਨੂੰ ਛੱਡ ਕੇ ਮੁਕਤੀਦੇ ਸਾਧਨਾਂ ਵਿਚ ਸਦਾ ਲਗੇ ਰਹਿਨਾ। ਪੰਜਵਾਂ"ਸ਼ਰੱਧਾ"ਜੋ ਵੇਦ ਆਦੀ ਸੱਤ ਸ਼ਾਸਤ੍ਰ ਅਰ ਇਨ੍ਹਾਂ ਦੇ ਬੋਧ ਥੀਂ ਪੂਰਣ ਆਪਤ ਵਿਦਵਾਨ ਸਤ ਉਪ-ਦੇਸ਼ਟਾ ਮਹਾਸ਼ਿਆਂ ਦੇ ਵਚਨਾਂ ਉਪਰ ਵਿਸ਼੍ਵਾਸ ਕਰਨਾ ਛੇਵਾਂ ਸਮਾਧਾਨ ਚਿੱਤ ਦੀ ਇਕਾਗ੍ਰਤਾ,ਏਹ ਛੇ ਮਿਲਕੇ ਇਕ'ਸਾਧਨ'ਤੀਜਾ ਕਹਾਂਦਾਹੈਚੌਥਾ"ਮੁਮੁਖਛਤ੍ਵ" ਅਰਥਾਤ ਜੀਕਨ ਭੁੱਖੇ ਤਿਹਾਏ ਨੂੰ ਬਿਨਾ ਅੰਨ ਜਲਦੇ ਦੂਜਾ ਕੁਝਭੀ ਅੱਛਾ ਨਹੀਂ ਲਗਦਾ ਉਸੇ ਤਰਾਂ- ਬਗੈਰ ਮੁਕਤੀ ਦੇ ਸਾਧਨ ਅਰ ਮੁਕਤੀ ਦੇ ਦੂਜੇ ਵਿਚ ਪ੍ਰੀਤੀ ਨਾ ਹੋਨੀ ਏਹ ਚਾਰ ਸਾਧਨ, ਅਰ ਚਾਰ ਅਨੁਬੰਧ ਅਰਥਾਤ ਸਾਧਨਾਂ ਦੇ ਪਿੱਛੋਂ ਏਹੁ ਕਰਮ ਕਰਨੇ ਹੁੰਦੇ ਹਨ, ਇਨਾਂ ਵਿਚੋਂ ਜੋ ਇਨ੍ਹਾਂ ਚੌਹਾਂ ਸਾਧਨਾਂ ਥੀਂ ਯੁਕਤ ਪੁਰੁਸ਼ ਹੁੰਦਾ ਹੈ ਉਹੋ ਮੁਕਤੀ ਦਾ ਅਧਿਕਾਰੀ ਹੁੰਦਾ ਹੈ। ਦੂਜਾ"ਸੰਬੰਧ" ਬ੍ਰਹਮ ਦੀ ਪ੍ਰਾਪਤੀ ਰੂਪ ਮੁਕਤੀ ਪ੍ਰਤੀਪਾਦਜ ਅਰ ਵੇਦ ਆਦੀ ਸ਼ਾਸਤ੍ਰ ਪ੍ਰਤੀਪਾਦਕ ਨੂੰ ਯਥਾਵਤ ਸਮਝਕੇ ਅਨ੍ਵਿਤ ਕਰਨਾ। ਤੀਜਾ"ਵਿਸ਼ਯੀ" ਸਬ ਸ਼ਾਸਤ੍ਰਾਂ ਦਾ ਪ੍ਰਤੀਪਾਦਨ ਵਿਸ਼ੇ ਬ੍ਰਹਮ, ਉਸ ਦੀ ਪ੍ਰਾਪਤੀ ਰੂਪੀ ਵਿਸ਼ੇ ਵਾਲੇ ਪੁਰੁਸ਼ ਦਾ ਨਾਮ ਵਿਸ਼ਯੀ ਹੈ।ਚੌਥਾ "ਪ੍ਰਯੋਜਨ" ਸਬ ਦੁੱਖਾਂ ਦੀ ਨਿਵ੍ਰਿੱਤੀ ਅਰ ਪਰਮਾਨੰਦ ਨੂੰ ਪ੍ਰਾਪਤ ਹੋਕੇ ਮੁਕਤੀ ਸੁਖ ਦਾ ਹੋਨਾ ਏਹ ਚਾਰ ਅਨੁਬੰਧ ਕਹਾਂਦੇ ਹਨ,ਉਸਦੇ ਪਿਛੋਂ"ਸ਼੍ਰਵਣ ਚਤੁਸ਼ਟਯ"ਇਕ"ਸ਼੍ਰਵਣ"ਜਦ ਕੋਈ ਵਿਦਵਾਨ ਉਪਦੇਸ਼ ਕਰੇ ਤਾਂ ਸ਼ਾਂਤ ਧਿਆਨ ਦੇਕੇ ਸੁਨਨਾ ਵਿਸ਼ੇਸ਼ ਬ੍ਰਹਮ ਵਿਦਿਆ ਦੇ ਸੁਨਨ ਵਿਚ ਅਤਯੰਤ ਧਿਆਨ ਦੇਨਾ ਚਾਹੀਏ, ਕਿ ਇਹ ਸਬਨਾਂ ਵਿਦਿਆਂ ਥੀਂ ਸੂਖਛਮ ਵਿਦਿਆ ਹੈ। ਸੁਨਕੇ ਦੂਜਾ"ਮਨਨ"ਇਕਾਂਤ ਦੇਸ਼ ਵਿਚ ਬੈਠਕੇ ਸੁਨੇ ਹੋਏ ਦਾ ਵਿਚਾਰ ਕਰਨਾ, ਜਿਸ ਬਾਤ ਵਿਚ ਸ਼ੰਕਾ ਹੋਵੇ ਫੇਰ

ਪੁੱਛਨਾ ਅਰ ਸੁਨਦੇ ਸਮੇਂ ਭੀ ਵਕਤਾ ਅਰ ਸ਼੍ਰੋਤਾ ਉਚਿਤ ਸਮਝਨ ਤਾਂ ਪੁੱਛਨਾ ਅਰ ਸਮਾਧਾਨ ਕਰਨਾ। ਤੀਜਾ "ਨਿਦਿਧਯਾਸਨ" ਜਦ ਸੁਨਨ ਅਰ ਮੰਨਨ ਕਰਕੇ ਸੰਦੇਹ ਰਹਿਤ ਹੋ ਜਾਵੇ ਤਦ ਸਮਾਧਿ ਲਾਕੇ ਉਸ ਬਾਤ ਨੂੰ ਵੇਖਨਾ, ਸਮਝਨਾ, ਕਿ ਓਹ ਜਿਸ ਤਰਾਂ ਸੁਨਿਆ ਸੀ, ਵਿਚਾਰਿਆ ਸੀ, ਉਹੋ ਜੈਹਾ ਹੀ ਹੈ ਵਾ ਨਹੀਂ?ਧਿਆਨਯੋਗ ਕਰਕੈ ਵੇਖਨਾ। ਚੌਥਾ "ਸਾਖਛਾਤਕਾਰ" ਅਰਥਾਤ ਜਿਸਤਰਾਂ ਦਾ ਪਦਾਰਥ ਦਾ ਸ੍ਵਰੂਪ, ਗੁਣ ਅਰ ਸ੍ਵਭਾਵ ਹੋਵੇ ਉਸ ਤਰਾਂ ਠੀਕ ਠੀਕ ਜਾਨ ਲੈਨਾ ਸ਼੍ਰਵਣਚਤੁਸ਼ਟਯ ਕਹਾਂਦਾ ਹੈ। ਸਦਾ ਤਮੋਗੁਣ ਅਰਥਾਤ ਕ੍ਰੋਧ, ਮਲੀਨਤਾ, ਆਲਸ, ਪ੍ਰਮਾਦ ਆਦੀ। ਰਜੋਗੁਣ ਅਰਥਾਤ ਈਰਸ਼ਾ, ਦ੍ਵੇਸ਼, ਕਾਮ, ਅਭਿਮਾਨ ਵਿਖਛੇਪ ਆਦੀ ਦੋਸ਼ਾਂ ਥੀਂ ਵਖਰਾ ਹੋਕੇ ਸਤ ਅਰਥਾਤ **ਸ਼ਾਂਤਪ੍ਰਕ੍ਰਿਤੀ, ਪਵਿਤ੍ਰਤਾ, ਵਿਦਿਆ, ਵਿਚਾਰ ਆਦੀ** ਗੁਣਾਂ ਨੂੰ ਧਾਰਣ ਕਰੇ। **(ਮੈਤ੍ਰੀ)** ਸੁਖੀਜਨਾਂ ਨਾਲ ਮਿਤ੍ਰਤਾ, (ਕਰੁਣਾ) ਦੁਖੀਜਨਾਂ ਤੇ ਦਇਆ (ਮੁਦਿਤਾ) ਪੁੰਨ ਆਤਮਾ ਥੀਂ ਖੁਸ਼ ਹੋਨਾ। (ਉਪੇਖਛਾ) ਦੁਸ਼ਟ ਆਤਮਾ ਨਾਲ ਨਾ ਪ੍ਰੀਤੀ ਅਰ ਨਾ ਵੈਰ ਕਰਨਾ, ਨਿੱਤ ਪ੍ਰਤੀ ਘੱਟੋਘੱਟ ਦੋ ਘੰਟੇ ਤਕ ਮੁਮੁਖ਼ੁ ਧਿਆਨ ਜ਼ਰੂਰ ਕਰੇ ਜਿਸ ਥੀਂ ਅੰਦਰ ਦੇ ਮਨ ਆਦੀ ਪਦਾਰਥ ਸਾਖਛਾਤ ਹੋਨ, ਵੇਖੋ ਅਸੀਂ ਚੈਤਨ ਸ੍ਵਰੂਪ ਹਾਂ ਏਸ ਕਰਕੇ ਗਿਆਨ ਸ੍ਵਰੂਪ ਅਰ ਮਨਦੇ ਸਾਖਛੀ ਹਾਂ,ਕਿਉਂਕਿ ਜਦ ਮਨ ਸ਼ਾਂਤ,ਚੰਚਲ, ਆਨੰਦਿਤ,ਵਾ ਦੁਖੀ ਹੁੰਦਾ ਹੈ ਉਸ ਨੂੰ ਯਥਾਵਤ ਵੇਖਨੇ ਹਾਂ, ਉੱਸੇ ਤਰਾਂ ਇੰਦ੍ਰੀਆਂ ਪ੍ਰਾਣ ਆਦੀ ਦੇ ਜਾਨਨ ਵਾਲੇ, ਪਹਲਾਂ ਵੇਖੇ ਦੇ ਯਾਦ ਕਰਨ ਵਾਲੇ, ਅਰ ਇਕ ਕਾਲ ਵਿਚ ਅਨੇਕ ਪਦਾਰਥਾਂ ਦੇ ਜਾਨਨ ਵਾਲੇ ਧਾਰਣ ਆਕਰਸ਼ਣ ਕਰਨ ਵਾਲੇ, ਅਰ ਸਬ ਤੋਂ ਵਖਰੇ ਹਾਂ,ਜੇ ਵਖਰੇ ਨਾ ਹੁੰਦੇ ਤਾਂ ਸ੍ਰਿਸ਼ਟਿਤਾ ਨਾਲ ਕਰਨ ਵਾਲੇ ਇਨਾਂ ਦੇ ਪ੍ਰੇਰਣਾ ਕਰਨ. ਵਾਲੇ ਸ੍ਵਾਮੀ ਕਦੀ ਨਾ ਹੋ ਸਕਦੇ।

ਅਵਿਦ੍ਯਾਸ੍ਮਿਤਾਰਾਗਦ੍ਵੇਸ਼ਾਭਿਨਿਵੇਸ਼ਾਃ ਪੰਚ ਕਲੇਸ਼ਾਃ ।

ਯੋਗਸ਼ਾਸਤ੍ਰ ਪਾਦ੨ ਸੂਤ੍ਰ ੩।

ਇਨਾਂ ਵਿਚੋਂ ਅਵਿਦ੍ਯਾ ਦਾ ਸ੍ਵਰੂਪ ਆਖ ਚੁੱਕੇ,ਪ੍ਰਿਥਕ ਵਰਤਮਾਨ (ਵਖਰੀ ਰਹਿਨ ਵਾਲੀ)ਬੁੱਧੀਨੂੰ ਆਤਮਾ ਥੀਂ ਭਿੰਨ ਨਾ ਸਮਝਨਾ ਅਸ੍ਮਿਤਾ ਹੈ, ਸੁਖ ਵਿਚ ਪ੍ਰੀਤੀ ਰਾਗ, ਦੁਖ ਵਿਚ ਅਪ੍ਰੀਤੀ ਦ੍ਵੇਸ਼, ਅਰ ਸਬ ਪ੍ਰਾਣੀ ਮਾਤ੍ਰ ਨੂੰਇਹ ਇਛਿਆ ਸਦਾ ਰਹਿੰਦੀ ਹੈ ਕਿ ਮੈਂ ਸਦਾ ਸ਼ਰੀਰ ਵਿਚ ਰਹਾਂ ਮਰਾਂ ਨਾਂ, ਮੌਤ ਦੇ ਦੁੱਖ ਥੀਂ ਤ੍ਰਾਸ (ਡਰ) ਅਭੀਨਿਵੇਸ਼ ਅਖਾਂਦਾ ਹੈ, ਇਨ੍ਹਾਂ ਪੰਜਾਂ ਕਲੇਸ਼ਾਂ ਨੂੰ ਯੋਗਾਭਿਆਸ ਵਿਗਿਆਨ ਨਾਲ **ਛੁਡਾਕੇ ਬ੍ਰਹਮ** ਨੂੰ ਪ੍ਰਾਪਤ ਹੋਕੇ ਮੁਕਤੀ ਦੇ **ਪਰਮਾਨੰਦ** ਨੂੰ ਭੋਗਨਾ ਚਾਹੀਏ ॥

(ਪ੍ਰਸ਼ਨ) ਜਿਸਤਰਾਂ ਦੀ ਮੁਕਤੀ ਆਪ ਮੰਨਦੇ ਹੋ ਓਹੋ ਸਹੀ ਹੋਰਕੋਈ

ਨਹੀਂ ਮੰਨਦੇ, ਵੇਖੋ ਜੈਨੀ ਲੋਗ ਮੋਖਛਸ਼ਿਲਾ, ਸ਼ਿਵਪੁਰ ਵਿਚ ਜਾਕੇ ਚੁੱਪ ਚਾਪ ਬੈਠ ਰਹਿਨਾ, ਈਸਾਈ ਚੌਥਾ ਅਸਮਾਨ, ਜਿਸ ਵਿਚ ਵਿਆਹ ਲੜਾਈ, ਬਾਜੇ ਗਾਜੇ, ਵਸਤ੍ਰ ਆਦੀ ਧਾਰਣ ਥੀਂ ਆਨੰਦ ਭੋਗਨਾ. ਉੱਸੇਤਰਾਂ ਮੁਸਲਮਾਨ ਸੱਤਵੇਂ ਅਸਮਾਨ, ਵਾਮਮਾਰਗੀ ਸ਼੍ਰੀਪੁਰ, ਸ਼ੈਵ ਕੈਲਾਸ਼, ਵੈਸ਼ਨਵ ਵੈਕੁੰਠ ਅਰ ਗੋਕੁਲੀਏ ਗੁਸਾਈਂ ਗੋਲੋਕਆਦੀ ਵਿਚ ਜਾਕੇ,ਉੱਤਮ ਇਸਤ੍ਰੀ, ਅੰਨ, ਪਾਨ ਵਸਤ੍ਰ, ਸਥਾਨ ਆਦੀ ਨੂੰ ਪ੍ਰਾਪਤ ਹੋਕੇ ਆਨੰਦ ਵਿਚ ਰਹਿਨ ਨੂੰ ਮੁਕਤੀਮੰਨਦੇ ਹਨ, ਪੌਰਾਣਿਕ ਲੋਗ (ਸਾਲੋਕਜ) ਈਸ਼ੁਰ ਦੇ ਲੋਕ ਵਿਚ ਨਿਵਾਸ, (ਸਾਨੁਜਜ) ਛੋਟੇ ਭਰਾ ਵਾਂਙਣ ਈਸ਼ੁਰ ਦੇ ਨਾਲ ਰਹਿਨਾ, (ਸਾਰੂਪਜ) ਜਿਸਤਰਾਂ ਉਪਾਸਕਦੇਵਦੀਆਕ੍ਰਿਤੀ ਹੈ ਉੱਸੇਤਰਾਂ ਬਨ ਜਾਨਾ, (ਸਾਮੀਪਜ) ਸੇਵਕ ਦੇ ਸਮਾਨ ਈਸ਼ੁਰਦੇ ਸਮੀਪ ਰਹਿਨਾ, (ਸਾਯੁਜਜ) ਈਸ਼ੁਰ ਨਾਲ ਸੰਯੁਕਤ ਹੋ ਜਾਨਾ ਇਹ ਚਾਰ ਪ੍ਰਕਾਰ ਦੀ ਮੁਕਤੀ ਮੰਨਦੇ ਹਨ, ਵੇਦਾਂਤੀ ਲੋਗ ਬ੍ਰਹਮ ਵਿਚ ਲੈ ਹੋਨ ਨੂੰ ਮੁਕਤੀ ਸਮਝਦੇ ਹਨ ॥

(ਉੱਤਰ)ਜੈਨੀ(੧੨)ਬਾਹਰਵੇਂ ਈਸਾਈ (੧੩) ਤੇਹਰਵੇਂ ਅਰ (੧੪) ਚੌਦਵੇਂ ਸਮੁੱਲਾਸ ਵਿਚ ਮੁਸਲਮਾਨਾਂ ਦੀ ਮੁਕਤੀ ਆਦੀ ਵਿਸ਼ੇ ਵਿਸ਼ੇਸ਼ ਕਰ ਲਿਖਾਂਗੇ। ਜੋ ਵਾਮਮਾਰਗੀ ਸ਼੍ਰੀਪੁਰ ਵਿਚ ਜਾਕੇ ਲਖਛਮੀ ਵਰਗੀ ਇਸਤ੍ਰੀਆਂ, ਸ਼ਰਾਬ, ਮਾਂਸ ਆਦੀ ਖਾਨਾ ਪੀਨਾ ਰੰਗ ਰਾਗ, ਭੋਗ ਕਰਨਾ ਮੰਨਦੇ ਹਨ ਓਹ ਏਥੋਂ ਤੋਂ ਕੁਝ ਵਿਸ਼ੇਸ਼ ਨਹੀਂ, ਉਸੇ ਤਰਾਂ ਮਹਾਦੇਵ ਅਰ ਵਿਸ਼ਨੂ ਦੀ ਨਿਆਈਂ ਆਕ੍ਰਿਤੀ ਵਾਲੇ ਪਾਰਬਤੀ ਅਰ ਲਖਛਮੀ ਦੇ ਸਦ੍ਰਿਸ਼ ਇਸਤ੍ਰੀ ਯੁਕਤ ਹੋਕੇ ਆਨੰਦ ਭੋਗਨਾ, ਏਥੋਂ ਦੇ ਧਨਵਾਨ ਰਾਜਿਆਂ ਤੋਂ ਵਧੀਕ ਇੱਨਾਂ ਲਿਖਦੇ ਹਨ ਕਿ ਉਥੇ ਰੋਗ ਨਾ ਹੋਨਗੇ, ਅਰ ਜੁਆਨੀ ਸਦਾ ਰਹੇਗੀ ਇਹ ਉਨ੍ਹਾਂ ਦੀ ਬਾਤ ਮਿਥਿਆ ਹੈ ਕਿਉਂਕਿ ਜਿੱਥੇ ਭੋਗ, ਉੱਥੇ ਰੋਗ ਅਰ ਜਿੱਥੇ ਰੋਗ ਉਥੇ ਬੁਢੇਪਾ ਜ਼ਰੂਰ ਹੁੰਦਾ ਹੈ। ਅਰ ਪੌਰਾਣਿਕਾਂ ਥੀਂ ਪੁਛਨਾ ਚਾਹੀਏ ਕਿ ਜਿਸ ਤਰਾਂ ਤੁਹਾਡੀ ਚਾਰ ਤਰਾਂ ਦੀ ਮੁਕਤੀ ਹੈ ਓਹੋ ਜਹੀ ਤਾਂ ਕੀੜੇ. ਮਕੌੜੇ, ਪਤੰਗੇ, ਪਸ਼ੂ ਆਦਿਕਾਂ ਦੀ ਭੀ ਸ੍ਵਤਃਸਿੱਧ ਪ੍ਰਾਪਤ ਹੈ ਕਿਉਂਕਿ ਇਹ ਜਿੱਨੇ ਲੋਕ ਹਨ ਓਹ ਈਸ਼ੁਰ ਦੇ ਹਨ ਇਨਾਂ ਵਿਚ ਸਬ ਜੀਵ ਰਹਿੰਦੇ ਹਨ, ਏਸ ਵਾਸਤੇ ਸਾਲੋਕਜ ਮੁਕਤੀ ਆਪੇਹੀ ਪ੍ਰਾਪਤ ਹੈ।"ਸਾਮੀਪਜ"ਈਸ਼ੁਰ ਸਰਵਤ੍ਰ ਵਿਆਪਕ ਹੋਨ ਕਰਕੇ ਸਬ ਉਸਦੇ ਸਮੀਪ ਹਨ ਏਸ ਲਈ "ਸਾਮੀਪਜ" ਮੁਕਤੀ ਭੀ ਸ੍ਵਤਃ ਸਿੱਧ ਹੈ "ਸਾਨੁਜਜ" ਜੀਵ ਈਸ਼ੁਰ ਥੀਂ ਸਬ ਪ੍ਰਕਾਰ ਛੋਟਾ ਅਰ ਚੈਤਨ ਹੋਨ ਕਰਕੇ ਸ੍ਵਤਃ ਬੰਧ ਦੀ ਨਿਆਈਂ ਹੈ ਏਸ ਲਈ ਸਾਨੁਜਜ ਮੁਕਤੀ ਭੀ ਬਗੇਰ ਯਤਨ ਦੇ ਸਿੱਧ ਹੈ, ਅਰ ਸਬ ਜੀਵ ਸਰਵ ਵਿਆਪਕ ਪਰਮਾਤਮਾ ਵਿਚ ਵਿਆਪਜ ਹੋਨ ਤੇ ਸੰਯੁਕਤ ਹਨ ਏਸ ਥੀਂ ਸਾਯੁਜਜ ਮੁਕਤੀ ਭੀ ਸ੍ਵਤਃ ਸਿੱਧ ਹੈ ਅਰ ਜੋ ਹੋਰ ਸਾਧਾਰਣ ਨਾਸਤਿਕ ਲੋਕ ਮਰਨ ਕਰਕੇ ਭੱਤਾਂ ਵਿਚ ਭੱਤ ਮਿਲਕੇ

परममुकती मंनदे हन ओह भां कुंउे गये आदी नूं भी प्राप्त है, इह मुकतीआं नहीं हन किंतु इक प्रकार दा बंधन है, किउंकि एह लोग शिवपुर मोखछशिला, चौथे आसमान, सतवें असमान, शीपुर, कैलाश वैकुंठ गोलोक नूं इक देश विच सथान विशेश मंनदे हन जो ओह उनुं सथानां थीं वखरे होन तां मुकती छुट जावे इसे तरां जिसतरां थारां पथर दे अंदर नशर बंद हुंदे हन उस दे समान बंधन विच होनगे? मुकती भां इहो है कि जिथे इछिआ होवे उिथे विचरे किदे अटके नहीं नां भै ना शंका, ना दुख हुंदा है, जो जनम है ओह उतपती, अर मरना परलै कहिआ है, सभे उुतु जनम लैंदे हन।

(प्रशन) जनम इक है वा अनेक?

(उुतर) अनेक।

(प्रशन) जे अनेक होन तां पिछले जनम अर मौत दीआं थातां दा समरण किउं नहीं?

(उुतर) जीव अलपग है इंनां समिआं दी जानन वाला नहीं एस लई समरण नहीं रहिंदा। अर जिस मन नाल गिआन करदा है ओह भी इक समें विच दो गिआन नहीं कर सकदा। भला पिछले जनम दी थात भां दूर रहिन देओ इसे देह विच जद गरभ विच जीव सी, शरीर थनिआं पिछों जमिआं पंजवें वरे तों पहिले पहिले जो जो थातां होईआं हन उनुं दा समरण किउं नहीं कर सकदा? अर जागत वा सुपने विच बहुत सारा विहार परतखछ विच करके जद सुशुपती अरथात गाढ़ी नींद हुंदी है तद जागत आदी विहारदा समरण किउं नहीं कर सकदा? अर तुहानूं कोई पुछे कि थारां वरिआं तों पिछों तेहरवें वरहे दे पंजवें महीने दे नवें दिन दस वजे तों पहिले मिंट विच तुसां ने की कीता सी तुहाडा मुंह हथ कंन अख शरीर किस रंग ढंग दा सी? अर मन विच की विचार सी? जद इसे शरीर विच इह हाल है तां पिछले जनम दीआं थातां दे समरण विच शंका करनी केवल थालपन दी थात है अर जो समरण नहीं हुंदा है इसे करके जीव सुखी है नहीं तां सब जनमां दे दुखां नूं वेख वेख दुखी होके मर जांदा जो कोई अगले अर पिछले जनम दे बृतांत नूं जानना चाहे तांभी नहीं जान सकदा किउंकि जीवदा गिआन अर सरूप अलप है। एह थात ईशर दे जानन जोग है जीव दे नहीं॥

(प्रशन) जद जीव नूं पुरव दा गिआन नहीं अर ईशर एस

ਨੂੰ ਦੰਡ ਦੇਂਦਾ ਹੈ ਤਾਂ ਜੀਵ ਦਾ ਸੁਧਾਰ ਨਹੀਂ ਹੋ ਸਕਦਾ ਕਿਉਂਕਿ ਜਦ ਉਸ ਨੂੰ ਗਿਆਨ ਹੋਵੇ ਕਿ ਅਸਾਂਨੇ ਫਲਾਨਾ ਕੰਮ ਕੀਤਾ ਸੀ ਉਸੇ ਦਾ ਇਹ ਫਲ ਹੈ ਤਦ ਹੀ ਓਹ ਪਾਪ ਕਰਮਾਂ ਥੀਂ ਬਚ ਸੱਕਨ।

(ਉੱਤਰ) ਤੁਸੀਂ ਗਿਆਨ ਕਿੱਨੇ ਪ੍ਰਕਾਰ ਦਾ ਮੰਨਦੇ ਹੋ?

(ਪ੍ਰਸ਼ਨ) ਪ੍ਰਤਖਛ ਆਦੀ ਪ੍ਰਮਾਣਾਂ ਥੀਂ ਅੱਠ ਪ੍ਰਕਾਰ ਦਾ।

(ਉੱਤਰ) ਤਾਂ ਜਦ ਤੁਸੀਂ ਜਨਮ ਤੋਂ ਲੈਕੇ ਸਮੇਂ ਸਮੇਂ ਉੱਤੇ ਰਾਜ ਧਨ ਬੁੱਧੀ ਵਿਦਿਆ ਗਰੀਬੀ, ਨਿਰਬੁੱਧੀ ਮੂਰਖਤਾ ਆਦੀ ਸੁਖ ਦੁਖ ਸੈਸਾਰ ਵਿਚ ਵੇਖਕੇ ਪੂਰਵ ਜਨਮ ਦਾ ਗਿਆਨ ਕਿਉਂਨਹੀਂ ਕਰਦੇ? ਜਿਸਤਰਾਂ ਇਕ ਅਵੈਦ ਅਰ ਇਕ ਵੈਦ ਨੂੰ ਕੋਈ ਰੋਗ ਹੋਵੇ ਉਸਦਾ ਨਿਦਾਨ ਅਰਥਾਤ ਕਾਰਣ ਵੈਦ ਜਾਨ ਲੈਂਦਾ ਅਰ ਅਵਿਦ੍ਯਾਨ ਨਹੀਂ ਜਾਨ ਸਕਦਾ ਉਸਨੇਵੈਦਕ ਵਿਦ੍ਯਾ ਪੜ੍ਹੀ ਹੈ ਅਰ ਦੂਜੇ ਨੇ ਨਹੀਂ ਪਰੰਤੂ ਜ੍ਵਰ (ਬੁਖ਼ਾਰ) ਆਦੀ ਰੋਗ ਦੇ ਹੋਨ ਕਰਕੇ ਅਵੈਦ ਭੀ ਇੱਨਾਂ ਜਾਨ ਸਕਦਾ ਹੈਕਿ ਮੇਰੇ ਪਾਸੋਂ ਕੋਈ ਕੁਪੱਥ ਹੋਗਿਆ ਹੈ ਜਿਸ ਕਰਕੇ ਮੈਨੂੰ ਇਹ ਰੋਗ ਹੋਇਆ ਹੈ ਉੱਸੇ ਤਰਾਂ ਜਗਤ ਵਿਚ ਵਿਚਿਤ੍ਰ ਸੁਖ ਦੁਖ ਆਦੀ ਦਾ ਘਾਟਾ ਵਾਧਾ ਵੇਖਕੇ ਪੂਰਵ ਜਨਮ ਦਾ ਅਨੁਮਾਨ ਕਿਉਂ ਨਹੀਂ ਜਾਨ ਲੈਂਦੇ, ਅਰ ਜੇ ਪੂਰਵ ਜਨਮ ਨੂੰ ਨਾਂ ਮੰਨੋਗੇ ਤਾਂ ਪਰਮੇਸ਼੍ਵਰ ਪਖਛਪਾਤੀ ਹੋ ਜਾਂਦਾ ਹੈ, ਕਿਉਂਕਿ ਬਗੈਰ ਪਾਪਦੇ ਗਰੀਬੀ ਆਦੀ ਦੁੱਖ, ਅਰ ਬਗੈਰ ਪੂਰਵ ਸੰਚਿਤ ਪੁੰਨਦੇ ਰਾਜ, ਧਨਾਢਜਤਾ ਅਰ ਨਿਰਬੁੱਧਤਾ ਉਸਨੂੰ ਕਿਉਂ ਦਿੱਤੀ। ਅਰ ਪੂਰਵ ਜਨਮ ਦੇ ਪਾਪ ਪੁੰਨ ਦੇ ਅਨੁਸਾਰ ਦੁੱਖ ਸੁਖ ਦੇ ਦੇਨ ਨਾਲ ਪਰਮੇਸ਼੍ਵਰ ਨਿਆਯਕਾਰੀ ਯਥਾਵਤ ਰਹਿੰਦਾ ਹੈ॥

(ਪ੍ਰਸ਼ਨ) ਇਕ ਜਨਮ ਹੋਨ ਕਰਕੇ ਭੀ ਪਰਮੇਸ਼੍ਵਰ ਨਿਆਯਕਾਰੀ ਹੋ ਸਕਦਾ ਹੈ ਜਿਸਤਰਾਂ ਮਾਲਿਆਂ ਨਾਲੋਂਉੱਚਾ ਤਾਜਾ ਜੋ ਕਰੇ ਸੋ ਨਿਆਯ ਜਿਸਤਰਾਂ ਮਾਲੀ ਅਪਨੇ ਬਗੀਚੇ ਵਿੱਚ ਛੋਟੇ ਅਰ ਵੱਡੇ ਦ੍ਰਖਤ ਲਗਾਂਦਾ ਕਿਸੇ ਨੂੰ ਕੱਟਦਾ ਪੁੱਟਦਾ ਅਰ ਕਿਸੇ ਦੀ ਰਖਛਾ ਕਰਦਾ ਵਧਾਂਦਾ ਹੈ ਜਿਸਦੀ ਜੋ ਵਸਤੁ ਹੈ ਉਸ ਨੂੰ ਓਹ ਜਿਸਤਰਾਂ ਚਾਹੇ ਰੱਖੇ ਉਸਦੇ ਉੱਤੇ ਕੋਈ ਭੀ ਦੂਜਾ ਨਿਆਯ ਕਰਨ ਵਾਲਾ ਨਹੀਂ ਜੋ ਉਸ ਨੂੰ ਦੰਡ ਦੇ ਸੱਕੇ ਵਾ ਈਸ਼੍ਵਰ ਕਿਸੇ ਕੋਲੋਂ ਡਰੇ॥

(ਉੱਤਰ) ਪਰਮਾਤਮਾ ਜਿਸ ਲਈ ਨਿਆਯ ਚਾਹੁੰਦਾ ਕਰਦਾ ਅਨਿਆਯ ਕਦੀ ਨਹੀਂ ਕਰਦਾ ਏਸ ਲਈ ਓਹ ਪੂਜਾ ਦੇ ਯੋਗ ਅਰ ਵੱਡ, ਹੈ ਜੋ ਨਿਆਯ ਤੋਂ ਵਿਰੁੱਧ ਕਰੇ ਓਹ ਈਸ਼੍ਵਰ ਹੀ ਨਹੀਂ ਜਿਸਤਰਾਂ ਮਾਲੀ ਯੁਕਤੀ ਦੇ ਬਗੈਰ ਮਾਰਗ ਵਾ ਸਥਾਨ ਵਿੱਚ ਦ੍ਰਖਤ ਲਗਾਨੇ ਨਾ ਕੱਟਨ ਯੋਗ ਨੂੰ ਕੱਟਨੇ, ਅਯੋਗ ਨੂੰ ਵਧਾਨ ਯੋਗ ਨੂੰ ਨਾ ਵਧਾਨ ਕਰਕੇ ਦੋਸ਼ ਵਾਲਾ ਹੁੰਦਾ ਹੈ ਇਸੇ ਪ੍ਰਕਾਰ ਬਿਨਾ ਕਾਰਣ ਦੇ ਕਰਨ ਕਰਕੇ ਈਸ਼੍ਵਰ ਨੂੰ ਦੋਸ਼ ਲਗੇ, ਪਰਮੇਸ਼੍ਵਰ ਨੂੰ ਨਿਆਯ ਕਰਕੇ ਯੁਕਤ ਕੰਮ ਕਰਨਾ ਜ਼ਰੂਰੀ ਹੈ ਕਿਉਂਕਿ ਓਹ ਸ੍ਵਭਾਵ ਥੀਂ

ਪਵਿਤ੍ਰ ਅਰ ਨਿਆਯਕਾਰੀ ਹੈ, ਜੇ ਪਾਰਲ਼ ਦੀ ਨਿਆਈਂ ਕੰਮ ਕਰੇ ਤਾਂ ਜਗਤ ਦੇ ਚੰਗੇ ਨਿਆਯਾਧੀਸ਼ ਕੋਲੋਂ ਭੀ ਘਟ ਅਰ ਅਪ੍ਰਤਿਸ਼ਠਿਤ ਹੋਵੇ । ਕੀ ਏਸ ਜਗਤ ਵਿਚ ਖਿਨਾ ਯੋਗਤਾ ਦੇ ਉੱਤਮ ਕੰਮ ਕੀਤੇ ਪ੍ਰਤਿਸ਼ਠਾ ਅਰ ਦੁਸ਼ਟ ਕੰਮ ਕੀਤੇ ਬਗੈਰ ਦੰਡ ਦੇਨ ਵਾਲਾ ਨਿੰਦਿਆ ਦੇ ਯੋਗ, ਅਪ੍ਰਤਿਸ਼ਠਿਤ ਨਹੀਂ ਹੁੰਦਾ ? ਏਸ ਲਈ ਈਸ਼ੁਰ ਅਨਿਆਯ ਨਹੀਂ ਕਰਦਾ ਇਸੇ ਕਰਕੇ ਕਿਸੇ ਕੋਲੋਂ ਨਹੀਂ ਡਰਦਾ ॥

(ਪ੍ਰਸ਼ਨ) ਪਰਮਾਤਮਾ ਨੇ ਪਹਿਲੇ ਤੋਂ ਹੀ ਜਿਸ ਦੇ ਵਾਸਤੇ ਜਿੱਨਾਦੇਨਾ ਵਿਗਰਿਆ ਹੈ ਉੱਨਾ ਦੇਂਦਾ ਅਰ ਜਿੱਨਾ ਕੰਮ ਕਰਨਾ ਹੈ ਉੱਨਾ ਕਰਦਾ ਹੈ ॥

(ਉੱਤਰ) ਉਸਦਾ ਵਿਚਾਰ ਜੀਵਾਂਦੇ ਕਰਮ ਅਨੁਸਾਰ ਹੁੰਦਾ ਹੈ ਹੋਰ ਤਰਾਂ ਨਹੀਂ, ਜੇ ਹੋਰ ਤਰਾਂ ਹੋਵੇ ਤਾਂ ਓਹੋ ਅਪਰਾਧੀ ਅਨਿਆਯਕਾਰੀ ਹੋਵੇ ॥

(ਪ੍ਰਸ਼ਨ) ਵੱਡੇ ਛੋਟਿਆਂ ਨੂੰ ਇੱਕੋ ਜੇਹਾ ਹੀ ਸੁਖ ਦੁੱਖ ਹੈ, ਵੱਡਿਆਂ ਨੂੰ ਵੱਡੀ ਚਿੰਤਾ, ਅਰ ਛੋਟਿਆਂ ਨੂੰ ਛੋਟੀ, ਜਿਸ ਤਰਾਂ ਕਿਸੇ ਸਾਹੂਕਾਰ ਦਾ ਝਗੜਾ ਕਚੈਹਰੀ ਵਿਚ ਲੱਖ ਰੁਪਯੇ ਦਾ ਹੋਵੇ ਤਾਂ ਓਹ ਆਪਨੇ ਘਰੋਂ ਪਾਲਕੀ ਵਿਚ ਬੈਠਕੇ ਕਚੈਹਰੀ ਵਿਚ ਗਰਮੀ ਦੇ ਮੌਸਮ ਵਿਚ ਜਾਂਦਾ ਹੋਵੇ, ਬਾਜ਼ਾਰ ਵਿਚ ਹੋਕੇ ਉਸ ਨੂੰ ਜਾਂਦਾ ਦੇਖਕੇ ਅਗਿਆਨੀ ਲੋਗ ਕਹਿੰਦੇ ਹਨ ਕਿ ਦੇਖੋ ਪੰਨ ਪਾਪ ਦਾ ਫਲ ਇਕ ਪਾਲਕੀ ਵਿਚ ਆਨੰਦ ਪੂਰਵਕ ਬੈਠਾ ਹੈ ਅਰ ਦੂਜੇ ਬਗੈਰ ਜੁੱਤੀ ਪਾਏ ਹੋਏ ਉਪਰੋਂ ਹੇਠੋਂ ਸੜਦੇ ਹੋਏ ਪਾਲਕੀ ਨੂੰ ਚੁਕਕੇ ਲੈ ਜਾਂਦੇ ਹਨ ਪਰੰਤੂ ਬੁੱਧੀਮਾਨ ਲੋਗ ਏਸ ਵਿਚ ਏਹ ਜਾਨਦੇ ਹਨ ਕਿ ਜਿਉਂ ਜਿਉਂ ਕਚੈਹਰੀ ਪਾਸ ਆਉਂਦੀ ਜਾਂਦੀ ਹੈ ਤਿਉਂ ਤਿਉਂ ਸਾਹੂਕਾਰ ਨੂੰ ਥੜਾ ਸ਼ੋਕ ਅਰ ਸੰਦੇਹ ਵਧਦਾ ਜਾਂਦਾ ਹੈ ਅਰ ਮੈਹਰਿਆਂ ਨੂੰ ਆਨੰਦ ਹੁੰਦਾ ਜਾਂਦਾ ਹੈ ਜਦ ਕਚੈਹਰੀ ਵਿਚ ਪਹੁੰਚਦੇ ਹਨ ਤਦ ਸੇਠ ਜੀ ਇੱਦੇ ਉਦੇ ਜਾਨਦਾ ਵਿਚਾਰ ਕਰਦੇ ਹਨ ਕਿ ਪ੍ਰਾਡਵਿਵਾਕ(ਵਕੀਲ)ਦੇ ਪਾਸ ਜਾਵਾਂ ਵਾ ਸਰਿਸ਼ਤੇਦਾਰ ਦੇ ਪਾਸ.ਅੱਜ ਹਾਰਾਂਗਾ ਵਾ ਜਿੱਤਾਂਗਾ, ਨਾ ਜਾਨੇ ਕੀ ਹੋਵੇਗਾ,ਅਰ ਮੈਹਰੇ ਤਮਾਕੂ ਪੀਂਦੇ ਇਕ ਦੂਜੇ ਨਾਲ ਬਾਤਚੀਤ ਕਰਦੇ ਹੋਏ ਪ੍ਰਸੰਨ ਹੋਕੇ ਆਨੰਦ ਵਿਚ ਸੋਂ ਜਾਂਦੇ ਹਨ । ਜੇ ਉਹ ਜਿਤ ਜਾਵੇ ਤਾਂ ਕੁਝ ਸੁਖ, ਅਰ ਹਾਰ ਜਾਵੇ ਤਾਂ ਸੇਠ ਜੀ ਦੁਖਸਾਗਰ ਵਿਚ ਡੂਬ ਜਾਵੇ ਅਰ ਉਹ ਮੈਹਰੇ ਜਿਉਂਦੇ ਫਿਰੇਂ ਰਹਿਦੇ ਹਨ.ਇੱਸੇਤਰਾਂ ਜਦ ਰਾਜਾ ਸ਼ੈਦਤ ਕੋਮਲ ਬਿਛੋਨੇ ਵਿਚਹੁੰਦਾ ਹੈ ਤਾਂ ਭੀ ਜਲਦੀ ਨੀਂਦ ਨਹੀਂ ਆਉਂਦੀ ਅਰ ਮਜੂਰ ਕੰਕਤ ਪੱਥਰ ਅਰ ਮਿੱਟੀ ਉੱਚੀ ਨੀਵੀਂ ਜ਼ਮੀਨ ਉੱਤੇ ਸੋਂਦਾ ਹੈ ਉਸ ਨੂੰ ਝੱਟ ਹੀ ਨੀਂਦ ਆਉਂਦੀ ਹੈ ਇਸੇ ਤਰਾਂ ਸਰਵਤ੍ਰ ਸਮਝੋ ॥

(ਉੱਤਰ) ਇਹ ਸਮਝ ਅਗਿਆਨੀਆਂਦੀਹੈ ਕੀ ਕਿਸੇ ਸਾਹੂਕਾਰ ਨੂੰ ਆਖੀਏ ਕਿਤੂ ਮੈਹਰਾ ਬਨਜਾ ਅਰ ਮੈਹਰੇ ਨੂੰ ਕਹੀਏ ਕਿ ਤੂ ਸਾਹੂਕਾਰ ਬਨਜਾ ਤਾਂ ਸਾਹੂਕਾਰ ਕਦੀ ਮੈਹਰਾ ਬਨਨ ਨਹੀਂ ਚਾਹੁਦਾ ਅਰ ਮੈਹਰੇ ਸਾਹੂਕਾਰਬਨਨਾ

